# ਡਾ. ਮੋਹਨ ਸਿੰਘ ਦੀਵਾਨਾ

## ਜੀਵਨ ਤੇ ਰਚਨਾ

ਪਰਮਪਾਲ ਸਿੰਗਲ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਡਾ. ਮੋਹਨ ਸਿੰਘ ਦੀਵਾਨਾ

# ਡਾ. ਮੋਹਨ ਸਿੰਘ ਦੀਵਾਨਾ

## ਜੀਵਨ ਤੇ ਰਚਨਾ

ਡਾ. ਧਰਮਪਾਲ ਸਿੰਗਲ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji Elibrary NamdhariElibrary@gmail.com

©
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

DR. MOHAN SINGH DIWANA : JIWAN TE RACHNA *(Punjabi)*

*by*

**Dr. DHARAMPAL SINGHAL**
**Professor & Chairman, Guru Ravi Dass Chair**
**Panjab University, Chandigarh**

**ISBN 81-7380-087-1**

**1994**
ਪਹਿਲੀ ਵਾਰ : 550
ਮੁੱਲ : 85-00 ਰੁਪਏ

ਸਰਦਾਰ ਤੀਰਥ ਸਿੰਘ ਐਮ.ਏ., ਐਲ-ਐਲ.ਐਮ., ਰਾਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਵੱਲੋਂ ਪ੍ਰਕਾਸ਼ਿਤ ਅਤੇ ਮੈ/ਸ. ਐਡਵਿਨ ਪ੍ਰਿੰਟਰਜ਼, ਨਾਮਦਾਰ ਖ਼ਾਂ ਰੋਡ, ਪਟਿਆਲਾ ਵਿਖੇ ਛਪੀ।

Sri Satguru Jagjit Singh Ji Elibrary NamdhariElibrary@gmail.com

## ਦੋ ਸ਼ਬਦ

ਡਾ. ਮੋਹਨ ਸਿੰਘ ਦੀਵਾਨਾ (17 ਮਾਰਚ, 1899–25 ਮਈ, 1984) ਵੀਹਵੀਂ ਸਦੀ ਦੇ ਮਹਾਨ ਚਿੰਤਕ, ਪਰਬੁੱਧ ਕਵੀ, ਗੰਭੀਰ ਖੋਜੀ, ਆਲੋਚਕ, ਕਹਾਣੀਕਾਰ ਅਤੇ ਯੋਗ–ਸਾਧਕ ਸਨ। ਉਹ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਦੇ ਉਚ–ਕੋਟੀ ਦੇ ਵਿਦਵਾਨ ਸਨ। ਆਪਣਾ ਸਾਹਿਤਕ ਜੀਵਨ ਪੱਤਰਕਾਰੀ ਤੋਂ ਅਰੰਭ ਕਰਕੇ ਉਹਨਾਂ ਨੇ ਸੰਨ 1928 ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਓਰੀਐਂਟਲ ਕਾਲਜ ਵਿਚ ਪੰਜਾਬੀ ਅਤੇ ਅੰਗਰੇਜ਼ੀ ਦੇ ਅਧਿਆਪਕ ਲਗਣ ਨਾਲ ਪੰਜਾਬੀ ਸਾਹਿਤ–ਜਗਤ ਵਿਚ ਪਰਵੇਸ਼ ਕੀਤਾ। ਉਹਨਾਂ ਨੇ ਸੰਨ 1931 ਵਿਚ ਪੀ.-ਐਚ. ਡੀ. ਅਤੇ ਸੰਨ 1933 ਵਿਚ ਪੰਜਾਬ ਯੂਨੀਵਰਸਿਟੀ ਤੋਂ ਡੀ. ਲਿਟ. ਦੀ ਡਿਗਰੀ ਪਰਾਪਤ ਕੀਤੀ। ਪੰਜਾਬੀ ਸਾਹਿਤ ਵਿਚ ਡੀ. ਲਿਟ. ਦੀ ਡਿਗਰੀ ਪਰਾਪਤ ਕਰਨ ਵਾਲੇ ਉਹ ਪ੍ਰਥਮ ਵਿਦਵਾਨ ਸਨ। ਡਾ. ਮੋਹਨ ਸਿੰਘ ਦੀਵਾਨਾ ਨੇ ਵਖ-ਵਖ ਭਾਸ਼ਾਵਾਂ ਵਿਚ ਅਨੇਕ ਪੁਸਤਕਾਂ ਅਤੇ ਖੋਜ-ਪੱਤਰ ਪਰਕਾਸ਼ਤ ਕਰਵਾਏ। ਇਕ ਸਾਹਿਤਕਾਰ ਤੋਂ ਛੁੱਟ ਉਹਨਾਂ ਨੂੰ ਇਕ ਯੋਗ-ਸਾਧਕ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ।

ਬਹੁਪੱਖੀ ਪਰਤਿਭਾ ਦੇ ਮਾਲਕ ਅਤੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੇ ਪਿਤਾਮਾ ਡਾ. ਮੋਹਨ ਸਿੰਘ ਦੀਵਾਨਾ ਦੁਆਰਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਵਲ ਪਾਏ ਯੋਗਦਾਨ ਨੂੰ ਮੁਖ ਰਖਦਿਆਂ, ਉਹਨਾਂ ਬਾਰੇ ਇਹ ਪੁਸਤਕ ਲਿਖਵਾਈ ਗਈ ਹੈ। ਆਸ ਹੈ ਇਸ ਪੁਸਤਕ ਦੀ ਪਰਕਾਸ਼ਨਾ ਡਾ. ਦੀਵਾਨਾ ਦੇ ਜੀਵਨ ਅਤੇ ਉਹਨਾਂ ਦੀਆਂ ਰਚਨਾਵਾਂ ਨੂੰ ਵਧੇਰੇ ਚੰਗੀ ਤਰ੍ਹਾਂ ਜਾਣਨ ਅਤੇ ਸਮਝਣ ਵਿਚ ਸਹਾਈ ਹੋਵੇਗੀ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

**ਜੋਗਿੰਦਰ ਸਿੰਘ ਪੁਆਰ**
ਵਾਈਸ-ਚਾਂਸਲਰ

Sri Satguru Jagjit Singh Ji Elibrary NamdhariElibrary@gmail.com

# ਭੂਮਿਕਾ

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਅਤੇ ਇਸ ਦਾ ਸਹੀ ਮੁਲਾਂਕਣ ਕਰਨ ਦੇ ਉਦੇਸ਼ ਹਿਤ ਹੀ ਸੰਨ 1967 ਵਿਚ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਇਸ ਵਿਭਾਗ ਵਲੋਂ ਸਾਹਿਤ-ਸਿਧਾਂਤਾਂ ਸੰਬੰਧੀ ਪੁਸਤਕ ਲੜੀ, ਪੰਜਾਬੀ ਸਾਹਿਤ-ਰੂਪਾਂ ਬਾਰੇ ਪੁਸਤਕ ਲੜੀ, ਸਾਹਿਤਿਕ ਸ੍ਵੈ-ਜੀਵਨੀ ਲੜੀ, ਮੇਰੀ ਪ੍ਰਤਿਨਿਧ ਰਚਨਾ ਲੜੀ, ਪੁਰਾਤਨ ਹੱਥ-ਲਿਖਤ ਸੰਪਾਦਨ ਲੜੀ ਆਦਿ ਯੋਜਨਾਵਾਂ ਅਧੀਨ ਅਨੇਕਾਂ ਪੁਸਤਕਾਂ ਤਿਆਰ ਕਰਵਾਈਆਂ ਗਈਆਂ ਹਨ। ਇਸੇ ਤਰ੍ਹਾਂ ਵਿਭਾਗ ਵਲੋਂ ਪੰਜਾਬੀ ਸਾਹਿਤ-ਕੋਸ਼, ਅੰਗਰੇਜ਼ੀ-ਪੰਜਾਬੀ ਕੋਸ਼, ਭਾਈ ਵੀਰ ਸਿੰਘ ਸਾਹਿਤ-ਕੋਸ਼ ਆਦਿ ਵੀ ਪਰਕਾਸ਼ਤ ਕੀਤੇ ਗਏ ਹਨ। ਇਨ੍ਹਾਂ ਤੋਂ ਇਲਾਵਾ ਵਿਭਾਗ ਦੁਆਰਾ ਅੰਗਰੇਜ਼ੀ ਦੀ 'ਇੰਗਲਿਸ਼ ਮੈੱਨ ਆਫ਼ ਲੈਟਰਜ਼ ਸੀਰੀਜ਼' ਦੇ ਸਮਾਨਾਂਤਰ 'ਪੰਜਾਬੀ ਲੇਖਕ ਲੜੀ' ਸ਼ੁਰੂ ਕੀਤੀ ਗਈ ਜਿਸ ਅਧੀਨ ਸੌ ਦੇ ਕਰੀਬ ਮੋਨੋਗਰਾਫ਼ ਲਿਖਵਾਏ ਗਏ, ਜਿਨ੍ਹਾਂ ਵਿਚ ਗੋਰਖ ਨਾਥ, ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਤਾਰਨ ਸਿੰਘ ਅਤੇ ਨਵਤੇਜ ਸਿੰਘ ਆਦਿ ਸ਼ਾਮਲ ਹਨ। ਇਸੇ ਲੜੀ ਅਧੀਨ ਹੱਥਲੀ ਪੁਸਤਕ "ਡਾ. ਮੋਹਨ ਸਿੰਘ ਦੀਵਾਨਾ : ਜੀਵਨ ਤੇ ਰਚਨਾ" ਲਿਖਵਾਈ ਗਈ ਹੈ।

ਡਾ. ਮੋਹਨ ਸਿੰਘ ਉਬਰ੍ਹਾ ਦਾ ਜਨਮ ਰਾਵਲਪਿੰਡੀ ਜ਼ਿਲੇ ਦੇ ਪਿੰਡ ਦੇਵੀ ਵਿਖੇ 17 ਮਾਰਚ, 1899 ਨੂੰ ਮੁਨਸ਼ੀ ਸ਼ੇਰ ਸਿੰਘ ਦੇ ਘਰ ਹੋਇਆ। ਹਾਲਾਂ ਆਪ ਦੀ ਆਯੂ ਛੇ ਕੁ ਮਹੀਨੇ ਹੀ ਸੀ ਕਿ ਆਪ ਦੀ ਮਾਤਾ ਸ੍ਰੀਮਤੀ ਮੂਲਾ ਦੇਵੀ ਜੀ ਅਕਾਲ ਚਲਾਣਾ ਕਰ ਗਏ ਅਤੇ ਆਪ ਦੇ ਪਾਲਣ-ਪੋਸਣ ਦੀ ਜ਼ੁੰਮੇਵਾਰੀ, ਪਿਤਾ ਸਿਰ ਆ ਪਈ। ਵਧੇਰੇ ਸਮਾਂ ਪਿਤਾ ਦੇ ਸੰਪਰਕ ਵਿਚ ਰਹਿਣ ਕਰਕੇ ਉਹਨਾਂ ਉਤੇ ਮੁਨਸ਼ੀ ਸ਼ੇਰ ਸਿੰਘ, ਜੋ ਫ਼ਾਰਸੀ, ਉਰਦੂ, ਹਿੰਦੀ ਤੇ ਸੰਸਕ੍ਰਿਤ ਦੇ ਫ਼ਾਜ਼ਲ ਸਨ, ਦੇ ਵਿਅਤਿਤਵ ਦਾ ਪਰਭਾਵ ਪੈਣਾ ਸੁਭਾਵਕ ਹੀ ਸੀ।

ਆਪ ਨੇ ਮੁਢਲੀ ਸਿਖਿਆ ਆਪਣੇ ਪਿੰਡ ਦੇਵੀ ਵਿਖੇ ਹੀ ਪਰਾਪਤ ਕੀਤੀ। ਮਿਡਲ ਆਪਣੇ ਜੱਦੀ ਪਿੰਡ ਸੱਯਦ ਕਸਰ ਤੇ, ਮੈਟਰਿਕ ਸਰਕਾਰੀ ਹਾਈ ਸਕੂਲ ਸਿਆਲਕੋਟ ਤੋਂ 1914 ਵਿਚ, ਇੰਟਰਮੀਡੀਏਟ ਦਿਆਲ ਸਿੰਘ ਕਾਲਜ ਲਾਹੌਰ ਤੋਂ 1916 ਵਿਚ ਅਤੇ ਬੀ. ਏ. (ਇੰਗਲਿਸ਼ ਆਨਰਜ਼ ਨਾਲ) ਸੰਨ 1918 ਵਿਚ ਸਰਕਾਰੀ ਕਾਲਜ ਲਾਹੌਰ ਤੋਂ ਪਾਸ ਕੀਤੀ।

ਉਹਨਾਂ ਨੇ ਆਪਣਾ ਸਾਹਿਤਿਕ ਜੀਵਨ ਪਤਰਕਾਰੀ ਨਾਲ ਅਰੰਭ ਕੀਤਾ ਅਤੇ ਲਾਹੌਰ

Sri Satguru Jagjit Singh Ji Elibrary NamdhariElibrary@gmail.com

ਤੋਂ 'ਦ ਮੈਸੇਜ ਆਫ਼ ਹਿੰਦੂਇਜ਼ਮ' ਨਾਂ ਦਾ ਅਰਧ-ਮਾਸਿਕ ਪਰਚਾ ਕਢਣਾ ਸ਼ੁਰੂ ਕੀਤਾ। ਇਸ ਖੇਤਰ ਵਿਚ ਆਪ ਅੰਗਰੇਜ਼ੀ, ਉਰਦੂ ਅਤੇ ਪੰਜਾਬੀ ਦੀਆਂ ਕਈ ਪਰਕਾਸ਼ਨਾਵਾਂ ਨਾਲ ਸੰਬੰਧਤ ਰਹੇ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਪਿਤਾ ਵਾਲਾ ਕਿੱਤਾ ਭਾਵ ਅਧਿਆਪਨ-ਕਾਰਜ ਅਪਣਾ ਲਿਆ। ਸੰਨ 1922-25 ਵਿਚ ਜਦੋਂ ਆਪ ਖ਼ਾਲਸਾ ਸਕੂਲ ਰੰਗੂਨ ਵਿਖੇ ਮੁਖ ਅਧਿਆਪਕ ਲਗੇ ਹੋਏ ਸਨ ਤਾਂ ਆਪ ਨੇ ਕਲਕਤਾ ਯੂਨੀਵਰਸਿਟੀ ਤੋਂ ਐਮ. ਏ. (ਅੰਗਰੇਜ਼ੀ) ਕੀਤੀ। ਆਪ ਨੇ ਸੰਨ 1925-28 ਦੌਰਾਨ ਐਸ. ਡੀ. ਕਾਲਜ ਆਫ਼ ਕਾਮਰਸ, ਕਾਨਪੁਰ ਵਿਖੇ ਬਤੌਰ ਲੈਕਚਰਾਰ ਸੇਵਾ ਨਿਭਾਈ। ਪੰਜਾਬੀ ਸਾਹਿਤ ਨਾਲ ਆਪ ਦਾ ਨਾਤਾ ਸੰਨ 1928 ਵਿਚ ਜੁੜਿਆ ਜਦੋਂ ਆਪ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਵਿਚ ਪੰਜਾਬੀ-ਅੰਗਰੇਜ਼ੀ ਦੇ ਲੈਕਚਰਾਰ ਨਿਯੁਕਤ ਹੋਏ। ਇਸੇ ਦੌਰਾਨ 1931 ਵਿਚ ਆਪ ਨੇ 'ਮਾਡਰਨ ਉਰਦੂ ਪੋਇਟਰੀ' ਵਿਸ਼ੇ 'ਤੇ ਥੀਸਿਸ ਲਿਖ ਕੇ ਪੀ-ਐਚ. ਡੀ. ਦੀ ਡਿਗਰੀ ਪਰਾਪਤ ਕੀਤੀ ਅਤੇ ਸੰਨ 1933 ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ 'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਵਿਸ਼ੇ 'ਤੇ ਡੀ. ਲਿਟ. ਦੀ ਡਿਗਰੀ ਪਰਾਪਤ ਕੀਤੀ। ਦੇਸ਼-ਵੰਡ ਤੋਂ ਬਾਅਦ ਕੁਝ ਸਮੇਂ ਲਈ ਯੂ. ਪੀ. ਰਹੇ ਅਤੇ ਸੰਨ 1948 ਵਿਚ ਮੁੜ ਪੰਜਾਬ ਯੂਨੀਵਰਸਿਟੀ, ਸ਼ਿਮਲਾ ਵਿਖੇ ਅਤੇ ਬਾਅਦ ਵਿਚ ਅੰਮ੍ਰਿਤਸਰ ਵਿਖੇ ਬਤੌਰ ਮੁਖੀ, ਪੰਜਾਬੀ ਵਿਭਾਗ ਨਿਯੁਕਤ ਹੋਏ ਅਤੇ ਰਿਟਾਇਰਮੈਂਟ ਤਕ ਇਸੇ ਪਦਵੀ ਤੇ ਕਾਇਮ ਰਹੇ। ਭਾਵੇਂ ਆਪ ਧਰਮ ਅਤੇ ਯੋਗ ਸੰਬੰਧੀ ਅਨੇਕ ਕਾਨਫਰੰਸਾਂ ਵਿਚ ਭਾਗ ਲੈਣ ਲਈ ਵਿਦੇਸ਼ ਜਾਂਦੇ ਰਹੇ ਪਰ 1959 ਵਿਚ ਰਿਟਾਇਰ ਹੋਣ ਉਪਰੰਤ ਅਧਿਕ ਸਮਾਂ ਉਹ ਚੰਡੀਗੜ੍ਹ ਵਿਖੇ ਸਥਿਤ "ਅਕੈਡਮੀ ਆਫ਼ ਸਪਿਰਚੂਅਲ ਕਲਚਰ ਐਂਡ ਯੂਨੀਵਰਸਲ ਮੈਡੀਟੇਸ਼ਨ ਟੈਂਪਲ" ਦੀ ਅਗਵਾਈ ਕਰਦੇ ਰਹੇ ਅਤੇ ਇਥੇ ਹੀ 25 ਮਈ, 1984 ਨੂੰ ਉਹਨਾਂ ਦਾ ਦੇਹਾਂਤ ਹੋ ਗਿਆ।

ਡਾ. ਦੀਵਾਨਾ ਇਕ ਅਜਿਹੇ ਸਾਹਿਤ-ਸਾਧਕ ਸਨ ਜਿਨ੍ਹਾਂ ਨੂੰ ਧਰਮ, ਇਤਿਹਾਸ, ਦਰਸ਼ਨ, ਭਾਸ਼ਾ, ਕਾਵਿ-ਸ਼ਾਸਤਰ, ਸਭਿਆਚਾਰ ਆਦਿ ਅਨੇਕ ਖੇਤਰਾਂ ਬਾਰੇ ਵਿਸਤ੍ਰਿਤ ਅਤੇ ਗੰਭੀਰ ਗਿਆਨ ਪਰਾਪਤ ਸੀ ਅਤੇ ਆਪ ਇਹਨਾਂ ਦਾ ਪਰਸਪਰ ਤੁਲਨਾਤਮਕ ਅਧਿਐਨ ਵੀ ਪੂਰੇ ਅਧਿਕਾਰ ਨਾਲ ਕਰਨ ਦੇ ਸਮਰਥ ਸਨ। ਡਾ. ਦੀਵਾਨਾ ਦੀਆਂ ਅੰਗਰੇਜ਼ੀ, ਪੰਜਾਬੀ, ਹਿੰਦੀ ਤੇ ਉਰਦੂ ਵਿਚ ਰਚਨਾਵਾਂ ਦੀ ਗਿਣਤੀ ਇਤਨੀ ਜ਼ਿਆਦਾ ਹੈ ਕਿ ਉਹਨਾਂ ਸਾਰੀਆਂ ਦਾ ਇਥੇ ਵਰਣਨ ਕਰਨਾ ਸੰਭਵ ਨਹੀਂ। ਆਪ ਦਾ ਅਧਿਐਨ-ਖੇਤਰ ਕਵਿਤਾ, ਕਹਾਣੀ, ਨਾਟਕ, ਆਲੋਚਨਾ, ਖੋਜ ਆਦਿ ਵੱਖ ਵੱਖ ਸਾਹਿਤ-ਰੂਪਾਂ ਤਕ ਹੀ ਸੀਮਤ ਨਹੀਂ ਸੀ, ਇਹਨਾਂ ਸਾਹਿਤਿਕ ਰਚਨਾਵਾਂ ਤੋਂ ਇਲਾਵਾ ਯੋਗ ਅਤੇ ਅਧਿਆਤਮ ਬਾਰੇ ਵੀ ਉਹਨਾਂ ਨੇ ਕਾਫ਼ੀ ਕੁਝ ਲਿਖਿਆ ਅਤੇ ਇਹੀ ਕਾਰਨ ਹੈ ਕਿ ਆਪ ਨੂੰ ਦੇਸ਼ ਦੇ ਕੋਨੇ ਕੋਨੇ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਮਾਨਤਾ ਪਰਾਪਤ ਹੋਈ।

ਡਾ. ਮੋਹਨ ਸਿੰਘ ਦੀਵਾਨਾ ਦੁਆਰਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਬਹੁ-ਪੱਖੀ ਵਿਕਾਸ ਵਲ ਪਾਏ ਯੋਗਦਾਨ ਨੂੰ ਮੁਖ ਰਖਦਿਆਂ, ਆਪ ਬਾਰੇ ਇਹ

Sri Satguru Jagjit Singh Ji Elibrary NamdhariElibrary@gmail.com

ਮੌਨੋਗਰਾਫ਼ ਡਾ. ਧਰਮ ਪਾਲ ਸਿੰਗਲ, ਪਰੋਫ਼ੈਸਰ ਤੇ ਚੇਅਰਮੈਨ, ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਲਿਖਵਾਇਆ ਗਿਆ ਹੈ। ਲੇਖਕ ਨੇ ਬੜੀ ਮਿਹਨਤ ਅਤੇ ਲਗਨ ਨਾਲ ਆਪਣੀ ਨਿਜੀ ਜਾਣਕਾਰੀ ਅਤੇ ਵੱਖ ਵੱਖ ਸਰੋਤਾਂ ਤੋਂ ਇਕਤੱਰਤ ਸਾਮਗਰੀ ਦੇ ਆਧਾਰ 'ਤੇ ਇਹ ਪੁਸਤਕ ਤਿਆਰ ਕੀਤੀ। ਇਸ ਪੁਸਤਕ ਨੂੰ ਯੂਨੀਵਰਸਿਟੀ ਵਲੋਂ ਪਰਕਾਸ਼ਤ ਕਰਨ ਬਾਰੇ ਵਿਸ਼ੇਸ਼ਗ ਰਾਏ ਡਾ. ਆਤਮਜੀਤ ਸਿੰਘ, ਪਰੋਫ਼ੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਪਾਸੋਂ ਲਈ ਗਈ। ਅਸੀਂ ਇਹਨਾਂ ਦੋਹਾਂ ਵਿਦਵਾਨਾਂ ਦੇ ਰਿਣੀ ਹਾਂ।

ਇਹ ਪੁਸਤਕ ਵਿਭਾਗ ਦੇ ਭੂਤ-ਪੂਰਵ ਮੁੱਖੀ ਡਾ. ਅਜਮੇਰ ਸਿੰਘ ਨੇ ਪਬਲੀਕੇਸ਼ਨ ਬਿਊਰੋ ਨੂੰ ਭਿਜਵਾਈ।

ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

**ਰਾਜਿੰਦਰ ਸਿੰਘ ਲਾਂਬਾ**
ਮੁੱਖੀ

Sri Satguru Jagjit Singh Ji Elibrary NamdhariElibrary@gmail.com

# ਵਿਸ਼ੇ–ਸੂਚੀ


| | | |
|---|---|---|
| (i) | ਦੋ ਸ਼ਬਦ (ਵਾਈਸ–ਚਾਂਸਲਰ ਸਾਹਿਬ ਵਲੋਂ) | (iii) |
| (ii) | ਭੂਮਿਕਾ | (v) |
| 1. | ਜੀਵਨ, ਸ਼ਖ਼ਸੀਅਤ ਅਤੇ ਰਚਨਾ | 1 |
| 2. | ਇਕ ਕਵੀ ਦੇ ਰੂਪ ਵਿਚ | 16 |
| 3. | ਕਹਾਣੀਕਾਰ ਡਾ. ਮੋਹਨ ਸਿੰਘ ਦੀਵਾਨਾ | 60 |
| 4. | ਨਾਟਕਕਾਰ ਡਾ. ਮੋਹਨ ਸਿੰਘ ਦੀਵਾਨਾ | 89 |
| 5. | ਇਤਿਹਾਸਕਾਰ ਡਾ. ਮੋਹਨ ਸਿੰਘ ਦੀਵਾਨਾ | 95 |
| 6. | ਆਲੋਚਕ ਅਤੇ ਨਿਬੰਧਕਾਰ ਡਾ. ਮੋਹਨ ਸਿੰਘ ਦੀਵਾਨਾ | 110 |
| 7. | ਅਧਿਆਤਮ–ਸਰੂਪੀ ਡਾ. ਮੋਹਨ ਸਿੰਘ ਦੀਵਾਨਾ | 146 |
| 8. | ਡਾ. ਮੋਹਨ ਸਿੰਘ ਦੀਵਾਨਾ : ਕੁਝ ਸੰਸਮਰਨ | 155 |


Sri Satguru Jagjit Singh Ji Elibrary NamdhariElibrary@gmail.com

ਅਧਿਆਇ ਪਹਿਲਾ

# ਜੀਵਨ, ਸ਼ਖ਼ਸੀਅਤ ਅਤੇ ਰਚਨਾ ਸੰਸਾਰ

ਪੰਜਾਬੀ ਸਾਹਿੱਤ ਜਗਤ ਦੇ ਆਪਣੇ ਲੰਮੇ ਸੰਪਰਕ ਵਿਚ ਇਕ ਅਦਭੁਤ ਸ਼ਖ਼ਸੀਅਤ, ਜਿਸਨੇ ਮੈਨੂੰ ਸਦਾ ਪ੍ਰਭਾਵਿਤ ਕੀਤਾ, ਅਤੇ ਜਿਸਨੂੰ ਜਿੰਨਾ ਵੀ ਸਮਝਣ ਦਾ ਯਤਨ ਕੀਤਾ ਉੱਨਾ ਹੀ ਉਹ ਜਟਿਲ ਤੇ ਨਿੱਤ-ਨਵੀਨ ਭਾਸਦਾ ਰਿਹਾ ਹੈ। ਇਹ ਸ਼ਖਸੀਅਤ ਹੈ, ਡਾ. ਮੋਹਨ ਸਿੰਘ ਦੀਵਾਨਾ ਉਬਰਾਇ ਦੀ ਜੋ ਅੰਗ੍ਰੇਜ਼ੀ ਦਾ ਐਮ. ਏ., ਉਰਦੂ ਦਾ ਪੀ. ਐਚ. ਡੀ. ਅਤੇ ਪੰਜਾਬੀ ਦਾ ਡੀ. ਲਿਟ ਹੈ।

ਡਾ. ਮੋਹਨ ਸਿੰਘ ਇਕ ਸ੍ਵੈ-ਅਭਿਮਾਨੀ ਵਿਅਕਤੀ ਸੀ ਜਿਸਨੇ ਜ਼ਿੰਦਗੀ ਵਿਚ ਕਿਸੇ ਵੀ ਵਿਸ਼ੇ ਤੇ ਸਮਝੌਤਾ ਕਰਨਾ ਸਿਖਿਆ ਹੀ ਨਹੀਂ ਸੀ। ਪੰਜਾਬੀ ਸਾਹਿੱਤਕ ਜਗਤ ਦੇ ਤਤਕਾਲੀ ਖ਼ੁਦਾ ਚਾਹੁੰਦੇ ਸਨ ਕਿ ਮੋਹਨ ਸਿੰਘ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਵੇ, ਉਨ੍ਹਾਂ ਦੇ ਕਹਿਣੇ ਵਿਚ ਚੱਲੇ ਤੇ ਉਨ੍ਹਾਂ ਦੇ ਘਰ-ਦਫ਼ਤਰ ਦੇ ਫੇਰੇ ਮਾਰੇ। ਪਰ ਡਾ. ਮੋਹਨ ਸਿੰਘ ਤਾਂ ਪਿਛਲੇ ਜਨਮ ਦਾ ਕੋਈ ਸਿੱਧ ਜੋਗੀ ਰਿਹਾ ਹੋਵੇਗਾ ਜਿਹੜਾ ਕਿਸੇ ਅਪੂਰਨ ਇੱਛਾ ਦੀ ਪੂਰਤੀ ਲਈ ਆਪਣੇ ਕਿਸੇ ਪ੍ਰਾਰਬਧ-ਕਰਮ ਦਾ ਭੋਗ ਕਰਨ ਲਈ ਮੁੜ ਮਨੁਖੀ ਜਾਮੇ ਵਿਚ ਇਥੇ ਆਇਆ ਸੀ। ਇਸ ਲਈ ਉਸਨੇ ਕਿਸੇ ਦੀ ਪਰਵਾਹ ਨਾ ਕੀਤੀ, ਨਾ ਆਪਣੀ 'ਦੀਵਾਨਗੀ' ਹੀ ਛੱਡੀ। ਫਲਸਰੂਪ ਐਨੀ ਵੱਡੀ ਯੋਗਤਾ ਰੱਖਦਾ ਹੋਇਆ ਵੀ ਉਹ ਆਪਣੇ 30 ਵਰ੍ਹਿਆਂ ਦੇ ਪੰਜਾਬ ਯੂਨੀਵਰਸਿਟੀ ਦੇ ਕਾਰਜ-ਕਾਲ ਵਿਚ ਮਸਾਂ ਰੀਡਰ ਦੀ ਪਦਵੀ ਤਕ ਪੁੱਜ ਸਕਿਆ, ਡਾ. ਦੀਵਾਨਾ ਪੰਜਾਬੀ ਦੇ ਪਹਿਲੇ ਡੀ. ਲਿਟ ਹਨ।

ਅਜਿਹਾ ਕਿਹੜਾ ਵਿਅਕਤੀ ਹੋਵੇਗਾ ਜਿਸਨੇ ਪੰਜਾਬੀ ਦੇ ਕਿਸੇ ਵੀ ਵਿਸ਼ੇ ਤੇ ਕੁਝ ਪੜ੍ਹਿਆ ਹੋਵੇ ਅਤੇ ਉਸਨੇ ਦੀਵਾਨਾ ਦਾ ਨਾਂ ਨ ਸੁਣਿਆ ਹੋਵੇ। ਉਹ ਇਕ ਪ੍ਰਤਿਭਾਸ਼ਾਲੀ ਸਾਹਿੱਤਕਾਰ, ਮੌਲਿਕ ਚਿੰਤਕ, ਦਰਸ਼ਨ-ਵੇਤਾ, ਪ੍ਰਗਿਆਵਾਨ ਤੇ ਸੁਹਿਰਦ ਸਮਾਲੋਚਕ, ਮੰਨਿਆ ਪਰਮੰਨਿਆ ਦਾਰਸ਼ਨਿਕ ਕਵੀ, ਸਫਲ ਕਹਾਣੀਕਾਰ, ਨਿਰਪੱਖ ਪੱਤਰਕਾਰ, ਤੀਜੀ ਅੱਖ ਰੱਖਣ ਵਾਲਾ ਟੀਕਾਕਾਰ-ਵਿਆਖਿਆਕਾਰ ਅਤੇ ਸੁਚੱਜਾ ਨਾਟਕਕਾਰ ਤੇ ਗੱਦਕਾਰ ਸੀ, ਅਤੇ ਸਭ ਤੋਂ ਵਧਕੇ ਇਕ ਆਦਰਸ਼ ਅਧਿਆਪਕ, ਸਿਖਿਆ ਸ਼ਾਸਤਰੀ ਅਤੇ ਸ਼ਰਧਾਲੂ ਸਿਦਕਵਾਨ ਗੁਰਮੁਖ ਸੀ। ਡਾ. ਦੀਵਾਨਾ ਇਕ ਮੁਕਤ-ਭੋਗੀ ਜੋਗੀ ਸੀ, ਕਿਸੇ ਅਤ੍ਰਿਪਤ ਇੱਛਾ ਦੀ ਪੂਰਤੀ ਲਈ ਸਾਹਿੱਤ ਸਿਰਜਣ ਦੇ ਰਾਹ ਤੇ ਪਿਆ ਸੀ। ਉਸਨੇ ਦੀਨ ਤੇ ਦੁਨੀਆਂ ਦੋਹਾਂ ਤੋਂ ਬੇਨਿਆਜ਼ ਹੋਕੇ ਅੰਗ੍ਰੇਜ਼ੀ, ਪੰਜਾਬੀ, ਹਿੰਦੀ ਤੇ ਉਰਦੂ ਭਾਸ਼ਾ ਦੇ ਸਾਹਿੱਤ ਵਿਚ ਬੇਓੜਕ ਤੇ ਉੱਚ ਪਾਏ ਦਾ ਕੰਮ ਕੀਤਾ, ਨਾਂ ਖੱਟਿਆ ਅਤੇ ਸਦਾ ਸਦਾ ਲਈ ਆਪਣਾ ਨਾਮ ਅਮਰ ਕਰ ਗਿਆ। ਡਾਕਟਰ ਸਾਹਿਬ ਨੂੰ ਪੜ੍ਹਦੇ ਤਾਂ ਬਹੁਤ ਚਿਰਾਂ ਤੋਂ

ਰਹੇ ਸਾਂ, ਪਰ ਸਾਡਾ ਵਾਹ ਡਾ. ਮੋਹਨ ਸਿੰਘ ਦੀਵਾਨਾ ਨਾਲ 1965 ਈ. ਵਿਚ ਚੰਡੀਗੜ੍ਹ ਵਿਚ ਪਿਆ ਜਦ ਉਹ ਅੰਮ੍ਰਿਤਸਰ ਨੂੰ ਸਦਾ ਸਦਾ ਲਈ ਛੱਡਕੇ ਇਥੇ ਆ ਵਸੇ ਸਨ। ਉਨ੍ਹਾਂ ਬਾਰੇ ਸੁਣ ਰਖਿਆ ਸੀ ਕਿ ਜਦ ਕੌਈ ਉਨ੍ਹਾਂ ਨੂੰ ਮਿਲਦਾ ਹੈ ਤਾਂ ਉਹ ਆਪਣੀ ਨਿਹੰਗਤਾ ਵਿਚ ਲੋਗੋਂਵਾਲੀਏ ਸਾਧ ਵਾਂਗ ਗਾਲਾਂ ਦੀ ਵਰਖਾ ਕਰ ਦਿੰਦਾ ਹੈ, ਜਿਹੜਾ ਉਸਨੂੰ ਝੱਲ ਜਾਏ ਸਿਰਫ਼ ਉਹੋ ਉਸਦੇ ਨੇੜੇ ਆ ਸਕਦਾ ਹੈ। ਪਰ ਇਹ ਸਾਰੀਆਂ ਗੱਲਾਂ ਸਿਰਫ਼ ਈਰਖਾ ਤੇ ਜਲਨ ਵਿਚ ਦੁਸ਼ਮਣਾਂ ਵਲੋਂ ਪਰਸਾਰੀਆਂ ਗ਼ਲਤ-ਫਹਿਮੀਆਂ ਦਾ ਇਕ ਹਿੱਸਾ ਸਾਬਤ ਹੋਈਆਂ। ਜਦ ਅਸੀਂ ਉਨ੍ਹਾਂ ਨੂੰ ਮਿਲੇ ਤਾਂ ਪਹਿਲੀ ਹੀ ਮੁਲਾਕਾਤ ਵਿਚ ਉਹ ਇਕ ਬੜੇ ਹੀ ਸੱਜਣ ਪੁਰਸ਼, ਉੱਚ ਕੋਟੀ ਦੇ ਵਿਦਵਾਨ ਅਤੇ ਸਾਹਿੱਤ ਦੇ ਖਜ਼ਾਨੇ ਜਾਪੇ।

ਚੰਡੀਗੜ੍ਹ ਵਿਚ ਡਾ. ਦੀਵਾਨਾ ਨੇ ਪੰਦਰਾਂ ਸੈਕਟਰ ਵਿਚ ਇਕ ਆਪਣਾ ਮਕਾਨ ਲੈ ਲਿਆ ਜਿਥੇ ਉਨ੍ਹਾਂ ਨੇ ਧਿਆਨ ਜੋਗ ਮੰਦਰ ਖੋਲ੍ਹ ਰਖਿਆ ਸੀ ਜਿਸਨੂੰ ਉਨ੍ਹਾਂ ਨੇ ਮਗਰੋਂ ਅਕਾਡਮੀ ਆਫ਼ ਸਪਿਰਿਚੂਅਲ ਕਲਚਰ ਐਂਡ ਯੂਨੀਵਰਸਲ ਮੈਡੀਟੇਸ਼ਨ ਟੈਂਪਲ ਦਾ ਨਾਂ ਦੇ ਦਿੱਤਾ ਸੀ। ਧਰਮ ਵਿਚ ਅਨੁਰਾਗ ਰੱਖਣ ਤੇ ਆਤਮਿਕ ਜਗਤ ਵਿਚ ਪ੍ਰਵੇਸ਼ ਪਾਉਣ ਦੇ ਚਾਹਵਾਨ ਜਿਗਿਆਸੂਆਂ ਦਾ ਇਥੇ ਬਰਾਬਰ ਆਉਣ-ਜਾਣ ਬਣਿਆ ਰਹਿੰਦਾ ਸੀ। ਦੇਸ਼-ਵਿਦੇਸ਼ ਵਿਚ ਉਨ੍ਹਾਂ ਦੇ ਦਰਸ਼ਨ, ਯੋਗ ਤੇ ਧਰਮ ਦੇ ਸੈਂਕੜੇ ਸ਼ਿਸ਼ ਸਨ ਜੋ ਅਕਸਰ ਇਥੇ ਆਉਂਦੇ ਰਹਿੰਦੇ ਤੇ ਗੁਰੂ ਚਰਨਾਂ ਵਿਚ ਬੈਠ ਕੇ ਸਾਧਨਾ ਕਰਦੇ ਰਹਿੰਦੇ ਸਨ। ਡਾ. ਦੀਵਾਨਾ ਦਾ ਯੋਗ ਦਾ ਨਾਂ 'ਸਦਾ ਸ਼ਿਵ ਸੀ ਜੋ ਭਗਵਾਨ ਸ਼ਿਵ ਸ਼ੰਕਰ ਦਾ ਪ੍ਰਤੀਕ ਹੈ। ਗਲ ਵਿਚ ਰੁੱਦਰਾਕਸ਼ ਦੀ ਮਾਲਾ, ਚਿੱਟੇ ਬਸਤਰ, ਖੁਲ੍ਹੀ ਤੇ ਲਹਿਰਾਉਂਦੀ ਲੰਮੀ-ਚਿਟੀ-ਦਾਹੜੀ, ਸਿਰ ਤੇ ਚਿੱਟੀ ਭਾਰੀ ਪੱਗ, ਅੱਖਾਂ ਵਿਚ ਲੋਹਤੇ ਦਾ ਤੇਜ, ਮੱਥੇ ਤੇ ਗਲ੍ਹਾਂ ਦੀ ਭਖਦੀ ਲਾਲੀ ਸਾਡੇ ਸਾਮ੍ਹਣੇ ਪ੍ਰਾਚੀਨ ਯੁਗ ਦੇ ਕਿਸੇ ਰਿਸ਼ੀ ਦੀ ਯਾਦ ਤਾਜ਼ਾ ਕਰ ਜਾਂਦੀ ਸੀ। ਉਨ੍ਹਾਂ ਦਾ ਹਸੂੰ ਹਸੂੰ ਕਰਦਾ, ਗੱਲਾਂ ਨਸੀਹਤਾਂ ਕਰਦਾ, ਦੁਨੀਆਂ ਭਰ ਦੀਆਂ ਗਿਆਨ-ਗੋਸ਼ਟਾਂ ਕਰਦਾ, ਪੰਜਾਬੀ ਸਾਹਿੱਤ ਦੀ ਹਰ ਵਿਧਾ ਤੇ ਆਪਣੀ ਸਮੁਚਿਤ ਰਾਇ ਦਿੰਦਾ ਪਿਆਰਾ ਚਿਹਰਾ ਹੁਣ ਵੀ ਅੱਖਾਂ ਸਾਮ੍ਹਣੇ ਸਾਕਾਰ ਹੋ ਜਾਂਦਾ ਹੈ ਤਾਂ ਜੀਵਨ ਤੇ ਜਨਮ ਦੋਵੇਂ ਸਫਲ ਹੋ ਗਏ ਜਾਪਦੇ ਹਨ।

ਯੋਗ ਬਾਰੇ ਉਨ੍ਹਾਂ ਅੰਗ੍ਰੇਜ਼ੀ ਤੇ ਜਰਮਨ ਜ਼ਬਾਨ ਵਿਚ ਅਨੇਕ ਪੁਸਤਕਾਂ ਛਾਪੀਆਂ, ਹਿੰਦੂ ਧਰਮ ਦੇ ਵਿਸ਼ਾਲ ਜੀਵਨ-ਦਰਸ਼ਨ ਬਾਰੇ ਉਹ ਧਾਰਾਵਾਹਿਕ ਰੂਪ ਵਿਚ ਪ੍ਰਵਚਨ ਕਰ ਸਕਦੇ ਸਨ, ਤਾਂ ਹੀ ਤਾਂ ਐਡੀ ਵੱਡੀ ਸੰਸਥਾ 'ਵਿਸ਼ਵ ਹਿੰਦੂ ਪਰਿਸ਼ਦ' ਨੇ ਡਾ. ਦੀਵਾਨਾ ਨੂੰ ਸਾਰੇ ਪੰਜਾਬ ਦਾ ਪ੍ਰਧਾਨ ਥਾਪਿਆ ਸੀ। ਜਰਮਨੀ ਤੇ ਅਮਰੀਕਾ ਵਿਚਲੇ ਯੋਗ ਵਿਦਿਆਰਥੀ ਉਨ੍ਹਾਂ ਨੂੰ ਵਾਰ ਵਾਰ ਭਾਸ਼ਣਾਂ ਲਈ ਸੱਦਦੇ ਰਹੇ ਹਨ। ਇਸ ਪਾਸੇ ਡਾ. ਦੀਵਾਨਾ ਦੀ ਨਵੀਨਤਮ ਦੇਣ 'ਥਿਊਰੀ ਆਫ ਕਾਰਸਪਾਂਡੇਂਸ (ਤਦ-ਅਨੁਰੂਪਤਾ ਦਾ ਸਿੱਧਾਂਤ) ਹੈ। ਇਸ ਸਿੱਧਾਂਤ ਦੇ ਅਨੁਸਾਰ, 'ਪ੍ਰਕਿਰਤੀ ਦੇ ਮੂਲਭੂਤ ਨਿਯਮ, ਸਾਰੇ ਪਰੱਸਪਰ ਵਿਰੋਧੀ ਖੇਤਰਾਂ ਵਿਚ, ਸਮਾਨ ਹਨ ਅਤੇ ਜੇਕਰ ਅਸੀਂ ਉਨ੍ਹਾਂ ਮੂਲਭੂਤ ਨਿਯਮਾਂ ਨੂੰ ਕਿਸੇ ਇਕ ਖੇਤਰ ਵਿਚ ਸਹੀ ਤੌਰ ਤੇ ਖੋਜ ਲੈਣ ਵਿਚ ਸਫਲ ਹੋ ਜਾਈਏ ਤਾਂ ਹੋਰ

ਸਭ ਖੇਤਰਾਂ ਵਿਚ ਹੋਣ ਵਾਲਾ ਘਟਨਾ-ਚੱਕਰ ਵੀ ਪਛਾਣਿਆ ਜਾ ਸਕਦਾ ਹੈ ਤੇ ਵਿਆਖਿਆ ਕੀਤੀ ਜਾ ਸਕਦੀ ਹੈ। ਇਨ੍ਹਾਂ ਵਿਚ ਕਿਸੇ ਪ੍ਰਯੋਗਾਤਮਕ ਖੋਜ ਦੀ ਵੀ ਲੋੜ ਨਹੀਂ ਰਹਿੰਦੀ।

ਡਾ. ਮੋਹਨ ਸਿੰਘ ਦੀਵਾਨਾ ਦਾ ਜਨਮ 17 ਮਾਰਚ 1899 ਈ. ਨੂੰ ਪਿੰਡ ਦੇਵੀ ਜ਼ਿਲਾ ਰਾਵਲਪਿੰਡੀ ਵਿਚ ਹੋਇਆ ਜਿਥੇ ਆਪਦੇ ਪਿਤਾ ਮੁੰਸ਼ੀ ਸ਼ੇਰ ਸਿੰਘ ਜੀ ਮੁਖ ਅਧਿਆਪਕ ਸਨ। ਮੋਹਨ ਅਜੇ ਛੇ ਮਹੀਨੇ ਦਾ ਹੋਇਆ ਸੀ ਕਿ ਮਾਤਾ ਦੀ ਠੰਡੀ ਛਾਂ ਸਿਰ ਤੋਂ ਉੱਠ ਗਈ। ਘਰ ਦੀ ਵੱਡੀ ਤੇ ਇਕੋ ਸੰਤਾਨ ਹੋਣ ਸਦਕਾ ਪਿਤਾ ਨੂੰ ਹੀ ਮਾਂ ਤੇ ਪਿਤਾ ਦੋਵਾਂ ਵਾਲਾ ਫਰਜ਼ ਨਿਭਾਉਣਾ ਪਿਆ। ਇਨ੍ਹਾਂ ਦੇ ਪਿਤਾ ਜੀ ਸਕੂਲ ਵਿਚ ਪੜ੍ਹਾਉਣ ਦਾ ਕੰਮ ਕਰਦੇ, ਡਾਕ ਵੰਡਣ ਦੇ ਸਿਲਸਿਲੇ ਵਿਚ ਕਈ ਪਿੰਡਾਂ ਵਿਚ ਘੁੰਮਦੇ, ਗੁਰਮੁਖੀ, ਉਰਦੂ ਤੇ ਹਿੰਦੀ ਪੁਸਤਕਾਂ ਦਾ ਅਧਿਅਨ ਤੇ ਪ੍ਰਚਾਰ ਕਰਦੇ, ਹਰ ਆਏ ਗਏ ਸਾਧੂ ਸੰਤ ਦੀ ਟਹਿਲ ਸੇਵਾ ਕਰਦੇ, ਕਿਸੇ ਨਦੀ ਕੰਢੇ ਜਾਂ ਰੁੱਖ ਥੱਲੇ ਬਹਿਕੇ ਆਪਣੀ ਉਮਰ ਤੇ ਰੁਚੀ ਦੇ ਬੰਦਿਆਂ ਸਾਮ੍ਹਣੇ ਕਥਾ-ਕਹਾਣੀਆਂ ਦੀ ਪਟਾਰੀ ਖੋਲ੍ਹ ਬੈਠਦੇ, ਆਪਣੇ ਲਈ ਤੇ ਬਾਲਕ ਮੋਹਨ ਲਈ ਰਸੋਈ ਤਿਆਰ ਕਰਦੇ, ਅਪਾਹਜਾਂ, ਵਿਧਵਾਵਾਂ ਤੇ ਜ਼ਰੂਰਤਮੰਦਾਂ ਦੀ ਸਹਾਇਤਾ ਕਰਦੇ ਅਤੇ ਦੋ ਉਰਦੂ ਸਪਤਾਹਿਕ ਪਰਚਿਆਂ 'ਹਿੰਦੁਸਤਾਨ' ਅਤੇ 'ਦੇਸ਼ ਉਪਕਾਰਕ' ਤੇ ਦੋ ਮਾਹਨਾਮੇ-ਮਾਰਤੰਡ ਅਤੇ ਸਾਧੂ ਆਦਿ ਰਾਹੀਂ ਦੇਸ਼ ਵਿਦੇਸ਼ ਦੇ ਨਵੇਂ ਹਾਲਾਤ ਤੋਂ ਵਾਕਿਫ਼ ਹੁੰਦੇ, ਆਪਣੇ ਪੁੱਤਰ ਨੂੰ ਵੀ ਇਨ੍ਹਾਂ ਗੱਲਾਂ ਵਲ ਪ੍ਰੇਰਿਤ ਕਰਦੇ।"[1] ਇੰਞ ਮਾਂ ਮਹਿੱਟਰ ਇਕੱਲਾ ਬਾਲ ਖਾਲੀ ਘਰ ਦੀਆਂ ਛੱਤਾਂ ਨੂੰ ਗਿਣਦਾ ਰਹਿੰਦਾ, ਪਰ ਇਕੱਲਾ ਰਹਿੰਦਾ ਵੀ ਏਕਾਂਤ ਅਨੁਭਵ ਨਾ ਕਰਦਾ। ਇਸ ਇਕੱਲ ਨੇ ਉਸ ਵਿਚ ਅਥਾਹ ਸ੍ਵੈ-ਵਿਸ਼ਵਾਸ, ਲਗਨ ਤੇ ਦਾਈਏ ਦੇ ਭਾਵ ਜਾਗਰਤ ਕੀਤੇ। ਉਸਨੇ ਫੈਸਲਾ ਕਰ ਲਿਆ ਕਿ ਉਹ ਵੀ ਹੋਰ ਲੇਖਕਾਂ ਵਾਂਗਰ ਲਿਖੇਗਾ ਤੇ ਖੂਬ ਲਿਖੇਗਾ। ਇਸੇ ਇਕੱਲ ਨੇ ਉਸ ਅੰਦਰ ਪ੍ਰਭੂ-ਭਗਤੀ ਦੇ ਭਾਵ ਵੀ ਉਜਾਗਰ ਕੀਤੇ। ਉਹ ਲਿਖਦੇ ਹਨ—"ਮੈਂ ਨਿਸ਼ਚੇ ਕੀਤਾ ਕਿ ਜਿਵੇਂ ਕਿਵੇਂ ਮੈਂ ਈਸ਼ਵਰ ਦੀ ਪ੍ਰਾਪਤੀ ਕਰਾਂਗਾ ਜਿਹੜਾ ਪਿਤਾ ਜੀ ਵਲੋਂ ਕਥਨ ਕੀਤੇ ਜਾਣ ਤੇ ਅਤਿ ਨੇੜੇ ਭਾਸਦਾ ਸੀ, ਇਹ ਵੀ ਨਿਸ਼ਚਾ ਕੀਤਾ ਕਿ ਮੈਂ ਸੰਤਾਂ, ਆਗੂਆਂ ਅਤੇ ਪਵਿੱਤਰ ਤੇ ਸੁੰਦਰ ਥਾਵਾਂ ਦੇਖਣ ਲਈ ਲੰਮੇ ਸਫ਼ਰ ਝਾਗਾਂਗਾਂ ਅਤੇ ਸਾਦਗੀ, ਆਪ ਸਹੇੜੀ ਗਰੀਬੀ, ਆਨੰਦ, ਮਹਾਨਤਾ, ਕੌਤਕਾਂ ਭਰੇ, ਸਹਿਕਾਰਤਾ ਤੇ ਹਮਦਰਦੀ ਭਰੇ, ਆਤਮ-ਨਿਰਭਰਤਾ ਤੇ ਆਜ਼ਾਦ ਜੀਵਨ ਜੀਵਾਂਗਾ। ਮੈਂ ਦੋਸਤਾਂ ਮਦਦਗਾਰਾਂ ਜਾਂ ਮੌਕਿਆਂ ਦਾ ਇੰਤਜ਼ਾਰ ਨਹੀਂ ਕਰਾਂਗਾ। ਪਿਤਾ ਜੀ, ਪ੍ਰਭੂ ਤੇ ਮੈਂ ਮਿਲਕੇ ਸੰਪੂਰਨ ਤ੍ਰਿਮੂਰਤੀ ਬਣ ਚੁਕੇ ਸਾਂ।"[2]

ਆਪਣੇ ਪਿਤਾ ਜੀ ਦੀ ਦੇਣ ਬਾਰੇ ਲੇਖਕ ਵਾਰ ਵਾਰ ਸੰਕੇਤ ਕਰਦਾ ਹੈ, ਇਕ

[1] Dr Mohan Singh Uberoi Diwana, Bibliography, Brief Chronological Biography, An Interview, 1975, Premjit Niwas, 310, 15-A Chandigarh

[2] ਉਹੀ, ਜੀਵਨੀ ਵਾਲੇ ਭਾਗ ਵਿਚ ਅਸੀਂ ਇਸ ਪੁਸਤਕ ਤੇ ਹੀ ਨਿਰਭਰ ਕੀਤਾ ਹੈ, ਇਸ ਲਈ ਵਾਰ ਵਾਰ ਇਸਦਾ ਸੰਦਰਭ ਨਹੀਂ ਦੇਵਾਂਗੇ।

Sri Satguru Jagjit Singh Ji Elibrary NamdhariElibrary@gmail.com

ਮੁਲਾਕਾਤ ਵਿਚ ਉਹ ਦੱਸਦਾ ਹੈ—ਮੇਰੀ ਮੁਹਾਰਤ ਬਹੁਤੀ ਤਾਂ ਵਿਰਸੇ ਵਿਚ ਆਪਣੇ ਪਿਤਾ ਮੁੰਸ਼ੀ ਸ਼ੇਰ ਸਿੰਘ ਤੋਂ ਮੈਨੂੰ ਮਿਲੀ ਹੈ, ਬਾਕੀ ਉਨ੍ਹਾਂ ਦੀ ਹੀ ਖੁਲ੍ਹਦਿਲੀ ਅਤੇ ਖੁਲ੍ਹ ਸਦਕੇ ਮੇਰਾ ਉੱਦਮ ਕਮਾ ਸਕਿਆ ਹੈ। ਫਾਰਸੀ ਉਰਦੂ ਦੇ ਉਹ ਫਾਜ਼ਲ ਸਨ। ਸਿਕੰਦਰ ਨਾਮਾ, ਸ਼ਾਹਨਾਮਾ, ਗੁਲਿਸਤਾਂ, ਬੋਸਤਾਂ, ਅਨਵਾਰ ਸੁਹੈਲੀ ਆਦਿਕ ਉਨ੍ਹਾਂ ਨੂੰ ਖੂਬ ਯਾਦ ਸਨ। ਉਨ੍ਹਾਂ ਦਾ ਰਸ ਉਨ੍ਹਾਂ ਨੂੰ ਸਰਸ਼ਾਰ ਅਤੇ ਤਿਆਰ-ਬਰ-ਤਿਆਰ ਰਖਦਾ ਸੀ। ਪੰਜਾਬੀ ਦੀਆਂ ਪੁਰਾਣੀਆਂ ਅਧਿਆਤਮੀ ਪੋਥੀਆਂ ਆਪ ਘੋਖਦੇ ਅਤੇ ਮੈਨੂੰ ਸੁਣਾਕੇ, ਸ੍ਵੈ ਦੀ ਕਰਾਮਾਤ ਜਗਾਂਦੇ। ਹਿੰਦੀ, ਸੰਸਕ੍ਰਿਤ ਚੋਖੀ ਜਾਣਦੇ ਸਨ। ਉਨ੍ਹਾਂ ਦੇ ਵੀ ਖੁਲਾਸੇ ਦੋਸਤਾਂ ਨੂੰ ਸੁਣਾਂਦੇ, ਤੇ ਮੈਂ ਪਲ੍ਹੇ ਬਨ੍ਹ ਲੈਂਦਾ।"[1] ਕਾਵਿ-ਸੰਗ੍ਰਹਾਂ ਵਿਚ ਵੀ ਉਨ੍ਹਾਂ ਦੀ ਦੇਣ ਬਾਰੇ ਕਾਫ਼ੀ ਕੁਝ ਲਿਖਿਆ ਗਿਆ ਹੈ। 'ਮਸਤੀ' ਵਿਚ ਕਵੀ ਪਿਤਾ ਨੂੰ ਯਾਦ ਕਰਕੇ ਭਾਵੁਕ ਹੋ ਉੱਠਦਾ ਹੈ :

ਤੁਸਾਂ ਤੁਰਦਿਆਂ ਦੇ ਮੈਂ ਪੈਰ ਨ ਚੁੰਮੇ, ਸਿਖ ਮਤ ਨ ਝੋਲੀ ਪਾਈ
ਮੌਤ ਵਿਗਾੜਿਆ ਕੁਝ ਨਾ ਤੁਹਾਡਾ, ਮੇਰੀ ਬਰਕਤ ਸਭ ਗੰਵਾਈ
ਹੁਣ ਕੌਣ ਅਸੀਸਾਂ ਮੈਨੂੰ ਦੇਸੀ, ਸਿਰ ਰਖਸੀ ਛਤਰ ਝੁਲਾਈ
ਮੈਨੂੰ ਭੁਲਣਾ ਨਾ ਰੱਬ ਚਰਣੀਂ ਬਹਿਕੇ, ਮੇਰੇ ਹੋਉ ਅਦਿੱਠ ਸਹਾਈ।

ਪੰਨਾ 187

ਹੋਰ ਥਾਂ ਲਿਖਦੇ ਹਨ :

ਮੇਰੇ ਪਿਤਾ ਜਿਹਾ ਨਹੀ ਜੰਮਣਾ ਕਿਸੇ ਮਾਉਂ ਨੇ ਬੇਟਾ,
ਧਰਮ ਨੇਮ ਸੇਵਾ ਉਪਕਾਰ, ਅਮਲ ਦਾ ਤਾਣਾ ਪੇਟਾ
ਅੰਦਰ ਗ੍ਰਹਸਤ ਉਦਾਸ ਰਹਿਆ, ਉਹ ਰਾਜਰਿਸ਼ੀ ਖਤਰੇਟਾ,
ਦਿੱਬ ਆਤਮਾ ਕਿਧਰ ਗੁੰਮੀ, ਮੇਰਾ ਭਾਲੇ ਚਿੱਤ ਉਚੇਟਾ। 308.

ਮੁਢਲੀਆਂ ਪੰਜ ਜਮਾਤਾਂ ਦੇਵੀ ਪਿੰਡ ਵਿਚ ਹੀ ਪਾਸ ਕੀਤੀਆਂ, ਅੱਠਵੀਂ ਜਮਾਤ ਸਯੱਦ ਪਿੰਡ ਵਿਚ ਪਾਸ ਕੀਤੀ ਅਤੇ ਸੰਨ 1914 ਈ. ਵਿਚ ਦੱਸਵੀਂ ਜਮਾਤ ਸਰਕਾਰੀ ਹਾਈ ਸਕੂਲ ਸਿਆਲਕੋਟ ਰਾਹੀਂ ਪਾਸ ਕੀਤੀ। ਸੰਨ 1916 ਵਿਚ ਦਿਆਲ ਸਿੰਘ ਕਾਲਜ ਲਾਹੌਰ ਤੋਂ ਇੰਟਰਮੀਡੀਏਟ ਕਲਾਸ ਤੇ ਸੰਨ 1918 ਈ. ਵਿਚ ਸਰਕਾਰੀ ਕਾਲਜ ਲਾਹੌਰ ਤੋਂ ਇੰਗਲਿਸ਼ ਆਨਰਜ਼ ਨਾਲ ਬੀ. ਏ. ਦਾ ਇਮਤਿਹਾਨ ਪਾਸ ਕੀਤਾ। ਇੰਞ ਅਸੀਂ ਦੇਖਦੇ ਹਾਂ ਕਿ ਇਸ ਘੁਮੱਕੜ ਤਬੀਅਤ ਲੇਖਕ ਨੇ ਆਪਣੀ ਪੜ੍ਹਾਈ ਦੌਰਾਨ ਛੇ ਥਾਵਾਂ ਬਦਲੀਆਂ—ਦੇਵੀ, ਸੱਯਦ, ਸਿਆਲਕੋਟ, ਦਿਆਲ ਸਿੰਘ ਕਾਲਜ ਲਾਹੌਰ, ਸਰਕਾਰੀ ਕਾਲਜ ਲਾਹੌਰ, ਤੇ ਕਲਕੱਤਾ ਯੂਨੀਵਰਸਿਟੀ। ਇਸੇ ਤਰ੍ਹਾਂ ਅਪਣੀ ਨੌਕਰੀ ਦੌਰਾਨ ਇਹ ਕਹੂਟਾ, ਅੰਮ੍ਰਿਤਸਰ, ਖਰੜ, ਸਰਸਾ, ਬਸਰਾ, ਕਰਾਚੀ, ਦਿੱਲੀ, ਰੰਗੂਨ, ਕਾਨ੍ਹਪੁਰ, ਲਾਹੌਰ ਤੇ ਮੁੜ ਅੰਮ੍ਰਿਤਸਰ ਰਹੇ। ਯੂਨੀਵਰਸਿਟੀ ਡੈਲੀਗੇਟ ਦੇ ਤੌਰ ਤੇ ਇਨ੍ਹਾਂ ਨੇ ਰੋਮ,

[1]ਇਕ ਅਣਖੀ ਬੁੱਧੀਜੀਵੀ ਨਾਲ ਮੁਲਾਕਾਤ (ਬਲਬੀਰ ਸਿੰਘ ਪ੍ਰੀਤਮ) ਜਾਗ੍ਰਤੀ (ਪੰਜਾਬੀ) ਜੁਲਾਈ 1980-81

Sri Satguru Jagjit Singh Ji Elibrary NamdhariElibrary@gmail.com

ਕੋਂਡੀ, ਬੰਬਈ, ਚਿੰਦਾਬਰਮ, ਲਖਨਊ, ਕਲਕੱਤਾ, ਬੜੋਦਾ, ਅਹਿਮਦਾਬਾਦ ਤੇ ਨਾਗਪੁਰ ਫੇਰੀਆਂ ਕੀਤੀਆਂ।

ਸੰਨ 1918 ਈ. ਵਿਚ ਬੀ. ਏ. ਪਾਸ ਕਰਦਿਆਂ ਹੀ ਆਪਨੇ ਪਹਿਲਾਂ 'ਪੱਤਰਕਾਰ' ਦੇ ਤੌਰ ਤੇ ਆਪਣਾ ਜੀਵਨ ਆਰੰਭ ਕੀਤਾ ਜਦ ਕਿ ਇਨ੍ਹਾਂ ਲਾਹੌਰ ਤੋਂ 'ਦ ਮੈਸੇਜ ਆਫ਼ ਹਿੰਦੂਇਜ਼ਮ' ਨਾਂ ਦਾ ਇਕ ਅਰਧ-ਮਾਸਿਕ ਪਰਚਾ ਕੱਢਣਾ ਸ਼ੁਰੂ ਕੀਤਾ। ਇਸ ਪਰਚੇ ਦੇ ਮਾਲਕ, ਪਬਲਿਸ਼ਰ ਤੇ ਸੰਪਾਦਕ ਇਹ ਖ਼ੁਦ ਹੀ ਸਨ। ਕੁਝ ਚਿਰ ਇਹ ਪਰਚਾ ਚਲਾ ਕੇ ਸੰਨ 1918 ਈ. ਵਿਚ ਹੀ ਇਹ ਲਾਹੌਰ ਦੇ ਇਕ ਹੋਰ ਅੰਗ੍ਰੇਜ਼ੀ ਦੈਨਿਕ 'ਦਾ ਪੰਜਾਬੀ' ਦੇ ਸਹਾਇਕ ਸੰਪਾਦਕ ਜਾ ਲੱਗੇ। ਸੰਨ 1920 ਈ. ਵਿਚ ਖਾਲਸਾ ਐਡਵੋਕੇਟ ਅੰਮ੍ਰਿਤਸਰ ਦੇ ਸੰਪਾਦਕ, ਸੰਨ 1921 ਈ. ਵਿਚ 'ਦ ਡੇਲੀ ਗ਼ਜ਼ਟ' ਕਰਾਚੀ ਦੇ ਸਹਾਇਕ ਸੰਪਾਦਕ ਲੱਗ ਗਏ। ਇੰਵ ਆਪਣੀ ਜ਼ਿੰਦਗੀ ਦੇ ਮੁਢਲੇ ਜਵਾਨੀ ਤੇ ਜੋਸ਼ ਦੇ ਦਿਨਾਂ ਵਿਚ ਇਹ ਪੱਤਰਕਾਰੀ ਰਾਹੀਂ ਆਪਣੀ ਕਲਮ ਤੇ ਬੁੱਧੀ ਤਿਖੀ ਕਰਦੇ ਰਹੇ। ਪੱਤਰਕਾਰੀ ਦਾ ਇਹ ਸ਼ੌਕ ਮਗਰੋਂ ਅਧਿਆਪਕ ਲੱਗਣ ਤੇ ਵੀ ਬਰਾਬਰ ਸਵਾਰ ਰਿਹਾ ਤੇ ਸਮੇਂ ਸਮੇਂ ਡਾ. ਦੀਵਾਨਾ ਹੋਰ ਹੋਰ ਪਤਰ-ਪੱਤ੍ਰਕਾਵਾਂ ਦਾ ਸੰਪਾਦਨ ਕਰਦੇ ਰਹੇ ਜਿਵੇਂ ਕਿ ਸੰਨ 1922-25 ਤਕ ਦੇ ਰੰਗੂਨ ਦੇ ਵਾਸ ਦੌਰਾਨ, ਖਾਲਸਾ ਸਕੂਲ ਰੰਗੂਨ ਦੇ ਹੈਡਮਾਸਟਰ ਤੇ ਰੰਗੂਨ ਹਾਈ ਕੋਰਟ ਦੇ ਦੁਭਾਸ਼ੀਏ ਤੋਂ ਛੁੱਟ ਇਹ 'ਨਾਵਕ' ਨਾਂ ਦੇ ਉਰਦੂ ਮਾਸਿਕ ਦਾ ਸੰਪਾਦਨ ਵੀ ਕਰਦੇ ਰਹੇ। ਇਸੇ ਤਰ੍ਹਾਂ ਸੰਨ 1925-28 ਈ. ਦੇ ਕਾਨ੍ਹਪੁਰ ਨਿਵਾਸ ਵੇਲੇ ਉਥੋਂ ਥਾਇਓਸਾਫੀਕਲ ਸੋਸਾਇਟੀ ਕਾਨ੍ਹਪੁਰ ਦੇ 'ਸਿਆਰਾ-ਇ-ਸੁਬਹ' ਦਾ ਸੰਪਾਦਨ ਕਰਦੇ ਰਹੇ। ਓਰੀਐਂਟਲ ਕਾਲਜ ਲਾਹੌਰ ਦੀ ਨੌਕਰੀ ਦੌਰਾਨ 'ਦ ਪੰਜਾਬ ਜਰਨਲ ਆਫ਼ ਓਰੀਐਂਟਲ ਰਿਸਰਚ' ਦੇ ਆਨਰੇਰੀ ਐਡੀਟਰ ਦਾ ਕੰਮ ਕਰਦੇ ਰਹੇ ਤੇ ਉਰਦੂ ਵਿਚ 'ਸਿਤਾਰਾ-ਇ ਸੁਬਹ' ਦਾ ਸੰਪਾਦਨ ਵੀ ਕਰਦੇ ਰਹੇ। ਮਗਰੋਂ ਸੁਤੰਤਰ ਤੋਰ ਤੇ ਦੇਸ਼ ਭਰ ਦੀਆਂ ਹਿੰਦੀ, ਉਰਦੂ, ਅੰਗ੍ਰੇਜ਼ੀ ਤੇ ਪੰਜਾਬੀ ਪੱਤਰ-ਪਤ੍ਰਕਾਵਾਂ ਵਿਚ ਇਹ ਅੰਤ ਵੇਲੇ ਤਕ ਬਰਾਬਰ ਲਿਖਦੇ ਰਹੇ ਤੇ ਸਥਾਈ ਕਾਲਮ ਵੀ ਚਲਾਉਂਦੇ ਰਹੇ।

ਅੰਤ ਅਧਿਆਪਕ ਪਿਤਾ ਦੇ ਵਾਰਿਸ ਮੋਹਨ ਸਿੰਘ ਨੇ ਆਪਣਾ ਮੁਖ ਪੇਸ਼ਾ ਅਧਿਅਨ, ਅਧਿਆਪਨ ਤੇ ਲੇਖਣ ਅਪਨਾਅ ਲਿਆ ਤੇ ਸਕੂਲ ਦੇ ਮਾਸਟਰ, ਹੈਡਮਾਸਟਰ, ਕਾਲਜ ਦੇ ਲੈਕਚਰਾਰ, ਪ੍ਰਿੰਸੀਪਲ ਤੇ ਯੂਨੀਵਰਸਿਟੀ ਦੇ ਲੈਕਚਰਾਰ ਮੁਖੀ ਤੇ ਰੀਡਰ-ਮੁਖੀ ਤਕ ਦਾ ਸਫ਼ਰ ਤੈਅ ਕੀਤਾ। 1922-25 ਤਕ ਆਪ ਖਾਲਸਾ ਸਕੂਲ ਰੰਗੂਨ ਦੇ ਹੈਡਮਾਸਟਰ ਰਹੇ, ਇਥੇ ਰਹਿੰਦਿਆਂ ਹੀ 1924 ਵਿਚ ਕਲਕੱਤਾ ਯੂਨੀਵਰਸਿਟੀ ਤੋਂ ਐਮ. ਏ. ਅੰਗ੍ਰੇਜ਼ੀ ਬਹੁਤ ਸੁਹਣੇ ਅੰਕ ਪ੍ਰਾਪਤ ਕਰਕੇ ਪਾਸ ਕੀਤੀ। 1925-28 ਤਕ ਐਸ. ਡੀ. ਕਾਲਜ ਆਫ਼ ਕਾਮੱਰਸ, ਕਾਨਪੁਰ ਵਿਚ ਅੰਗ੍ਰੇਜ਼ੀ ਦੇ ਲੈਕਚਰਾਰ ਰਹੇ ਅਤੇ 1928 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਵਿਚ ਪੰਜਾਬੀ ਤੇ ਅੰਗ੍ਰੇਜ਼ੀ ਦੇ ਲੈਕਚਰਾਰ ਦੀ ਸੇਵਾ ਕਰਦੇ ਰਹੇ। ਇਥੇ ਰਹਿੰਦੇ ਹੋਏ ਸੰਨ 1931 ਈ. ਵਿਚ 'ਮਾਡਰਨ ਉਰਦੂ ਪੋਇਟਰੀ' ਵਿਸ਼ੇ ਤੇ ਥੀਸਸ ਲਿਖਕੇ ਉਰਦੂ ਵਿਚ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ ਅਤੇ ਸੰਨ

1933 ਈ. ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ 'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਲਿਖਕੇ ਪਹਿਲੀ ਵਾਰੀ ਡੀ. ਲਿਟ ਦੀ ਡਿਗਰੀ ਪ੍ਰਾਪਤ ਕੀਤੀ। ਸਾਹਿਤ-ਰਚਨਾ ਪਖੋਂ ਇਹ ਕਾਲ ਬਹੁਤ ਹੀ ਸੰਭਾਵਨਾਵਾਂ ਭਰਪੂਰ ਸਾਬਤ ਹੋਇਆ। ਲੇਖਕ ਦੇ ਇਸ ਕਾਲ ਬਾਰੇ ਉਸਦੇ ਆਪਣੇ ਸ਼ਬਦਾਂ ਵਿਚ ਦੇਖਕੇ ਪਤਾ ਚੱਲਦਾ ਹੈ ਕਿ ਉਹ ਕਿਵ ਜੀਵਨ ਦੇ ਲਗਭਗ ਹਰ ਖੇਤਰ ਵਿਚ ਤੇ ਸਾਹਿਤ ਦੇ ਹਰ ਖੇਤਰ ਵਿਚ ਵਧ ਚੜ੍ਹ ਕੇ ਮੱਲਾ ਮਾਰਦੇ ਰਹੇ ਹਨ :

"The more I enjoyed teaching and scholarship and digging within the more I extended the hounds of my literary and religious pursuits; as a matter of fact, I simultaneously put out a Panjabi problem play, an Urdu drama, Hindi stories, Urdu poems, critical articles in English, and had begun to review critically the contributions of Arya Samaj, Brahma Samaj, Theosophical Society, Bahaism, Radha Soami Mat etc. I had been since 1914 greatly interested in the freedom movement, had begun to wear Khadi, and now wrote for Kirti-Kisan Journals. I even attended the Cawnpore Congress as a delegate. My frankness, self-confidence, faith in my destiny, and an open house provided all the energy and strength and grit I needed to face hostile contemporaries."

ਸੰਨ 1947 ਈ. ਵਿਚ ਇਹ ਆਪਣਾ ਸਭ ਕੁਝ ਛੱਡ ਛਡਾਕੇ ਇਕ ਸ਼ਰਨਾਰਥੀ ਬਣਕੇ ਅੰਮ੍ਰਿਤਸਰ ਆ ਗਏ। ਸੰਤਾਲੀ ਦੀ ਜੁਗਗਰਦੀ ਵਿਚ ਇਨ੍ਹਾਂ ਦੇ ਬਹੁਤ ਸਾਰੇ ਵਡ-ਮੁੱਲੇ ਖਰੜੇ ਤੇ ਕਿਤਾਬਾਂ ਲਾਹੌਰ ਹੀ ਰਹਿ ਗਈਆਂ ਪਰ ਇਨ੍ਹਾਂ ਨੇ ਹੋਰ ਵੀ ਤੇਜ਼ ਗਤੀ ਨਾਲ ਲਿਖਣਾ, ਖੋਜ ਕਰਨਾ ਤੇ ਅਧਿਅਨ ਕਰਨਾ ਜਾਰੀ ਰਖਿਆ। ਇਸ ਡੂੰਘੇ ਹਾਦਸੇ ਬਾਰੇ ਦੱਸਦੇ ਹੋਏ ਡਾ. ਦੀਵਾਨਾ ਕਹਿੰਦੇ ਹਨ ਕਿ ਕੋਈ ਮੰਨੇ ਭਾਵੇਂ ਨਾ, ਪਰ ਇਹ ਗੱਲ ਸੱਚ ਹੈ ਕਿ ਉਹ ਭੁੱਲ ਹੀ ਗਏ ਕਿ ਉਨ੍ਹਾਂ ਦਾ ਕੁਝ ਗੁਆਚਾ ਹੈ। ਉਨ੍ਹਾਂ ਸਾਮ੍ਹਣੇ ਸਵਾਲ ਨੌਕਰੀ ਦੀ ਤਲਾਸ਼ ਕਰਨਾ ਤੇ ਆਪਣੇ ਪਰਿਵਾਰ ਨੂੰ ਭੁੱਖ ਦਾ ਸ਼ਿਕਾਰ ਹੋਣ ਤੋਂ ਬਚਾਉਣ ਦਾ ਵਧੇਰੇ ਸੀ। ਗੱਡੀ ਵਿਚ ਕਿਸੇ ਬੰਦੂਕਧਾਰੀ ਦੀ ਗੋਲੀ ਦਾ ਨਿਸ਼ਾਨਾ ਬਣਨ ਤੋਂ ਖੁਦ ਪ੍ਰਭੂ ਨੇ ਬਾਂਹ ਦੇ ਕੇ ਇਨ੍ਹਾਂ ਦੀ ਰਖਿਆ ਕੀਤੀ ਤੇ ਨਾਲ ਹੀ ਮੈਸਟਨ ਕਾਲਜ ਬਲੀਆ (ਉੱਤਰ ਪ੍ਰਦੇਸ਼) ਵਿਖੇ ਪ੍ਰਿੰਸੀਪਲ ਦੀ ਨੌਕਰੀ ਵੀ ਦੇ ਦਿੱਤੀ। ਸਾਹਿੱਤ-ਸਾਧਨਾ ਦੀ ਦ੍ਰਿਸ਼ਟੀ ਤੋਂ ਇਹ ਸਮਾਂ ਵੀ ਡਾ. ਦੀਵਾਨਾ ਲਈ ਬਹੁਤ ਫਲ ਵਾਲਾ ਸਿੱਧ ਹੋਇਆ। ਆਪਦੇ ਦੱਸਣ ਅਨੁਸਾਰ ਆਪ ਇਕ ਦਿਉ ਹਾਰ ਕੰਮ ਵਿਚ ਜੁਟ ਗਏ ਜਿਵੇਂ ਕਿ ਸਾਰੀ ਜ਼ਿੰਦਗੀ ਹੀ ਸੋਚਣ ਤੇ ਲਿਖਣ, ਲਿਖਣ ਤੇ ਸੋਚਣ ਉਤੇ ਨਿਰਭਰ ਕਰਦੀ ਹੋਵੇ, ਅਤੇ ਉਥੋਂ ਦੇ ਅੱਠ ਮਹੀਨੇ ਦੇ ਵਾਸ ਦੌਰਾਨ ਇਨ੍ਹਾਂ ਨੇ ਕੁਲ 14 ਕਿਰਤਾਂ ਦੇ ਖਰੜੇ ਤਿਆਰ ਕਰ ਲਏ ਸਨ। ਇਸ ਕੰਮ ਵਿਚ ਉਨ੍ਹਾ ਦੀ ਸਹਾਇਤਾ ਰੱਬ ਦੇ ਪਿਆਰ, ਪਤਨੀ, ਪੁੱਤਰ ਤੇ ਧੀ ਦੇ ਪਿਆਰ ਤੋਂ ਛੁੱਟ ਹੋਰ ਕਿਸੇ ਨੇ ਕਿਸੇ ਕਿਸਮ ਦੀ ਮਦਦ ਨਹੀਂ ਕੀਤੀ।

ਬਲੀਆ ਵਿਖੇ ਅੱਠ-ਮਹੀਨੇ ਨੌਕਰੀ ਕਰਨ ਪਿਛੋਂ ਇਨ੍ਹਾਂ ਨੇ ਸੰਨ 1948 ਈ. ਵਿਚ

Sri Satguru Jagjit Singh Ji Elibrary NamdhariElibrary@gmail.com

ਮੁੜ ਪੰਜਾਬ ਯੂਨੀਵਰਸਿਟੀ ਦੀ ਨੌਕਰੀ ਕਰ ਲਈ। ਪਹਿਲਾਂ ਸ਼ਿਮਲੇ ਤੇ ਮਗਰੋਂ ਅੰਮ੍ਰਿਤਸਰ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਰਹੇ ਅਤੇ ਮੁੜ 32 ਵਰ੍ਹੇ ਨੌਕਰੀ ਕਰਨ ਪਿਛੋਂ ਸੰਨ 1959 ਈ. ਵਿਚ ਰੀਡਰ ਦੇ ਤੌਰ ਤੇ ਰਿਟਾਇਰ ਕਰ ਦਿਤੇ ਗਏ। ਸੰਨ 1959-1965 ਈ. ਤਕ ਅੰਮ੍ਰਿਤਸਰ ਤੇ ਸੰਨ 1965 ਤੋਂ 1968 ਈ. ਤਕ ਚੰਡੀਗੜ੍ਹ ਰਹਿੰਦੇ ਰਹੇ। ਸੰਨ 1968 ਤੋਂ 1971 ਈ. ਤਕ ਦਿੱਲੀ ਆਪਣੇ ਪੁੱਤਰ ਜਿਤਿੰਦਰ ਪਾਲ ਸਿੰਘ ਕੋਲ ਰਹਿਣ ਪਿਛੋਂ ਸੰਨ 1971 ਈ. ਵਿਚ ਮੁੜ ਚੰਡੀਗੜ੍ਹ ਆ ਗਏ ਤੇ ਯੋਗ-ਧਿਆਨ ਦੀ ਸਿਖਿਆ ਦਿੰਦੇ, ਸਾਹਿੱਤ ਸਾਧਨਾ ਕਰਦੇ ਤੇ ਆਪਣੇ ਬੇਸ਼ੁਮਾਰ ਸ਼ਿਸ਼ਾਂ ਨੂੰ ਅਧਿਆਤਮ ਗਿਆਨ ਦੀਆਂ ਦਾਤਾਂ ਦਿੰਦੇ ਡਾ. ਮੋਹਨ ਸਿੰਘ ਉਬਰਾਏ ਦੀਵਾਨਾ ਪਰਲੋਕ ਸਿਧਾਰ ਗਏ। ਇਸ ਸੰਬੰਧ ਵਿਚ ਡਾ. ਸੁਜਣ ਸਿੰਘ ਭੱਟੀ ਦਾ ਇਕ ਸ਼ਿਅਰ ਦੇਖਣ ਵਾਲਾ ਹੈ :

ਸ਼ਾਇਰੋ ਮਜਜ਼ੂਬ ਭੀ ਆਲਿਮ ਭੀ ਮੋਹਨ ਸਿੰਘ ਹੈਂ।
ਬਾਤ ਹੈ ਜੋ ਇਸ ਕਦਰ ਹੈਂ ਆਸ਼ਿਕੇ ਦੀਵਾਨਾ ਹਮ।

(ਦਾ ਮਿਸਟਿਕ ਰੋਜ਼ਰੀ ਆਫ਼ ਡਾ. ਦੀਵਾਨਾ)

ਡਾ. ਮੋਹਨ ਸਿੰਘ ਦੀਵਾਨਾ ਉਰਫ਼ 'ਸੁਆਮੀ ਸਦਾ ਸ਼ਿਵ', ਉਰਫ਼ 'ਅਧਿਆਤਮ ਸਰੂਪੀ' (ਆਦਿ ਸ਼ੰਕਰਾਚਾਰੀਆ ਵਲੋਂ ਮਿਲਿਆ ਨਾਂ), ਉਰਫ਼ ਜਮਸ਼ੇਦ ਦਾ ਜਾਮ (wine-bowl of Jamshed) white Palm of Moses, ਆਦਿ ਉਹ ਨਾਮ ਹਨ ਜਿਹੜੇ ਦੀਵਾਨਾ ਨੂੰ ਯੋਗ ਨਾਲ ਜੋੜਦੇ ਹਨ।

ਆਪਣੇ ਵਿਦੇਸ਼ ਦੌਰੇ ਤੇ ਸਿਖੀ-ਸੇਵਕੀ ਬਾਰੇ ਦੱਸਦੇ ਹੋਏ ਉਹ ਕਹਿੰਦੇ ਹਨ ਕਿ ਆਪ ਰੋਮ, ਸੁਇਟਰਜ਼ਰਲੈਂਡ, ਯੂ. ਕੇ., ਜਰਮਨੀ, ਹਾਲੈਂਡ, ਅਮਰੀਕਾ ਆਦਿ ਦੇਸ਼ਾਂ ਦੇ ਵੱਖ-ਵੱਖ ਨਗਰਾਂ ਤੇ ਯੂਨੀਵਰਸਿਟੀਆਂ ਵਿਚ ਪੇਪਰ ਪੜ੍ਹਣ, ਭਾਸ਼ਣ ਦੇਣ ਜਾਂ ਵਿਦਿਅਕ, ਧਾਰਮਿਕ ਤੇ ਸਭਿਆਚਾਰਕ ਕਾਨਫਰੰਸਾਂ ਵਿਚ ਹਿੱਸਾ ਲੈਣ ਲਈ ਸੰਨ 1935 ਤੋਂ 1974 ਈ. ਤਕ ਬਰਾਬਰ ਨਿਮੰਤ੍ਰਣ ਪ੍ਰਾਪਤ ਕਰਦੇ ਰਹੇ ਹਨ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਪੜ੍ਹਕੇ ਪੂਰੀ ਪੂਰੀ ਵਾਕਫੀ ਮਿਲੇਗੀ..." ਸੰਨ 1935 ਈ. ਵਿਚ ਰੋਮ ਵਿਚ ਉਨ੍ਹੀਵੀਂ ਇੰਟਰਨੈਸ਼ਨਲ ਓਰੀਐਂਟਲਿਸਟਸ ਕਾਨਫਰੰਸ ਹੋਣੀ ਸੀ, ਪੰਜਾਬ ਯੂਨੀਵਰਸਿਟੀ ਨੇ ਮੈਨੂੰ ਉਥੇ ਭੇਜਿਆ ਸੀ। ਉਥੇ ਮੈਂ ਦੋ ਪੇਪਰ ਪੜ੍ਹੇ ਬੁਧਿਜ਼ਮ ਐਂਡ ਸਿਖਿਜ਼ਮ' ਅਤੇ 'ਦੇ ਨਿਊ ਵਿਊ ਆਫ਼ ਹਿੰਦੂ ਮਾਈਥਾਲੱਜੀ। ਸੰਨ 1959 ਈ. ਵਿਚ ਮੈਨੂੰ ਸੁਇਟਜ਼ਰਲੈਂਡ ਤੋਂ ਨਿਓਤਾ ਆਇਆ ਕਿ ਯੋਗ ਤੇ ਯੋਗ ਸਿੰਬਲਿਜ਼ਮ ਤੇ ਬਾਸਲ ਵਿਚ ਪੇਪਰ ਪੜ੍ਹੋ। ਉਦੋਂ ਹੀ ਮੈਨੂੰ ਜਰਮਨੀ ਤੇ ਹਾਲੈਂਡ ਵਿਚ ਅਤੇ ਆਕਸਫੋਰਡ (ਯੂ. ਕੇ.) ਵਿਚ ਲੈਕਚਰ ਦੇਣ ਲਈ ਬੁਲਾਇਆ ਗਿਆ। ਹੇਗ ਵਿਚ ਤਾਂ ਮੈਨੂੰ ਕਿਹਾ ਗਿਆ ਕਿ ਇਥੋਂ ਦਾ ਸਰਕਾਰੀ ਯੋਗ-ਆਸ਼ਰਮ ਸੰਭਾਲ ਲਉ। ਮੈਂ ਉਥੇ ਜ਼ਿਊਰਿਕ ਵਿਚ ਲੈਕਚਰ ਦਿੱਤਾ, ਜਿਥੇ ਪ੍ਰੋ. ਕਾਰਲ ਜੁੰਗ (Carl Junge) ਸਨ। Yubingen ਵਿਚ ਵੀ ਲੈਕਚਰ ਦਿੱਤਾ ਜਿਥੇ ਪ੍ਰੋ. ਗਲਾਸਨੇਪਲ ਪ੍ਰੋ. ਹਾਵਰ ਮੌਜੂਦ ਸਨ। ਆਕਸਫੋਰਡ ਵਿਚ ਸਾਇੰਸ ਐਂਡ ਰਿਲੀਜਨ ਦੀ ਤੀਸਰੀ ਕਾਨਫਰੰਸ ਸੀ। ਉਥੇ ਹਿੰਦੂ ਗ੍ਰੰਥ ਅਤੇ ਸਾਇੰਸ ਬਾਰੇ ਲੇਖ ਪੜ੍ਹਿਆ। ਸੰਨ 1960 ਈ. ਵਿਚ ਜਰਮਨੀ ਮਾਮਬਰਗ ਵਿਚ ਇੰਟਰਨੈਸ਼ਨਲ ਐਸੋਸੀਏਸ਼ਨ ਫਾਰ ਦੀ ਸਟੱਡੀ ਆਫ਼

Sri Satguru Jagjit Singh Ji Elibrary NamdhariElibrary@gmail.com

ਰਿਲੀਜਨਜ਼ ਵਿਚ ਜਾਕੇ ਦੋ ਲੇਖ ਪੜ੍ਹੇ। ਬਿੰਦਰਾਬਨ ਤੋਂ ਇੰਸਟੀਚਿਊਟ ਆਫ਼ ਓਰੀਐਂਟਲ ਫਿਲਾਸਫੀ ਵਲੋਂ ਜਰਮਨੀ ਗਿਆ ਸਾਂ। ਸੰਨ 1963 ਈ. ਵਿਚ ਯੋਗ ਦੀ ਇਕ ਢੂੰਡਾਊ ਨੇ ਮੈਨੂੰ ਹੈਮਬਰਗ (ਜਰਮਨੀ) ਬੁਲਾਇਆ, ਅਮਰੀਕਾ ਵਿਚ ਪਹਿਲੀ ਵਾਰੀ ਡੇਟਨ (ਓਹਾਈਓ) ਦੀ ਵਾਈ. ਐਮ. ਸੀ. ਏ. ਨੇ ਲੈਕਚਰ ਦੇਣ ਵਾਸਤੇ ਸੱਦਿਆ। ਸੰਨ 1969 ਈ. ਵਿਚ ਫੇਰ ਹਰ ਸਾਲ ਕੋਈ ਛੇ ਸਾਲ ਤਕ ਓਧਰੋਂ ਸੱਦੇ ਤੇ ਜਾਂਦਾ ਰਿਹਾ, ਧਿਆਨ ਯੋਗ ਦਾ ਪ੍ਰਚਾਰ ਕੀਤਾ। ਡੇਟਨ ਵਿਚ ਦੋ ਯੂਨੀਵਰਸਿਟੀਆਂ ਨੇ ਲੈਕਚਰ ਕਰਵਾਏ। ਏਸੇ ਤਰ੍ਹਾਂ ਓਮਾਗ ਯੂਨੀਵਰਸਿਟੀ ਨੇ। ਹਾਰਟਫੋਰਡ ਵਿਚ ਦੋ ਤਿੰਨ ਸੰਸਥਾਵਾਂ ਨੇ ਲੈਕਚਰ ਕਰਵਾਏ। ਸੰਨ 1974 ਈ. ਤੋਂ ਬਾਅਦ ਮੈਂ ਫਿਰ ਬਾਹਰ ਨਹੀਂ ਗਿਆ।"[1]

ਪ੍ਰੋਫੈਸਰ ਓ. ਪੀ. ਕਾਹੋਲ ਨੇ ਇਨ੍ਹਾਂ ਨੂੰ ਇਕ 'ਹਿਮ-ਖੰਡ' ਕਿਹਾ ਹੈ। ਆਪ ਡਾ. ਦੀਵਾਨਾ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਕੇ ਲਿਖਦੇ ਹਨ—"ਨੇੜਿਉਂ ਤੱਕੀਆਂ ਕੁਝ ਸ਼ਖਸੀਅਤਾਂ ਜਿਨ੍ਹਾਂ ਨੇ ਮੈਨੂੰ ਅਤਿਅੰਤ ਭੁਚੱਕਾ ਕੀਤਾ ਹੈ, ਪ੍ਰੋਫੈਸਰ ਮੋਹਨ ਸਿੰਘ ਦੀਵਾਨਾ ਹਨ। ਅਤੇ ਇਹ ਮੇਰਾ ਇਕੱਲੇ ਦਾ ਅਨੁਭਵ ਨਹੀਂ, ਹੋਰ ਬਹੁਤ ਸਾਰੇ ਵੀ ਇਸੇ ਤਰ੍ਹਾਂ ਦੀਆਂ ਕਹਾਣੀਆਂ ਪਾਉਂਦੇ ਹਨ। ਮੈਂ ਅਕਸਰ ਉਨ੍ਹਾਂ ਨੂੰ ਇਕ ਹਿਮ-ਖੰਡ (Iceberg) ਕਹਿਣ ਦਾ ਲੋਭ ਨਹੀਂ ਛੱਡ ਸਕਦਾ, ਜਿਹੜਾ ਪਾਣੀ ਦੀ ਉਸ ਸਤਹ ਤੋਂ, ਜਿਸ ਉਤੇ ਉਹ ਤੈਰ ਰਿਹਾ ਹੁੰਦਾ ਹੈ, ਸਿਰਫ਼ 1/12 ਹਿੱਸਾ ਦਿਖਾਈ ਦਿੰਦਾ ਹੈ ਅਤੇ ਬਾਕੀ ਦਾ 11/12 ਹਿੱਸਾ ਪਾਣੀ ਦੀ ਸਤਹ ਤੋਂ ਹੇਠਾਂ ਆਮ ਲੋਕਾਂ ਦੀ ਨਜ਼ਰ ਤੋਂ ਲੁਕਿਆ ਰਹਿੰਦਾ ਹੈ।"[2] ਇਸੇ ਲੇਖ ਵਿਚ ਅੱਗੇ ਚੱਲ ਕੇ ਉਨ੍ਹਾਂ ਦੇ ਯੋਗ ਧਿਆਨ ਅਤੇ ਰਹੱਸ-ਅਨੁਭੂਤੀ ਦੀ ਗੱਲ ਕਰਦਿਆਂ ਡਾ. ਕਾਹੋਲ ਡਾ. ਦੀਵਾਨਾ ਨੂੰ 'ਯੋਗੀਰਾਜ ਮਹਾ ਸਿੱਧ ਮੋਹਨ ਸਿੰਘ' ਕਹਿੰਦੇ ਹਨ।

ਜਦ ਕੋਈ ਵਿਅਕਤੀ ਹੱਡ-ਭੰਨਵੀਂ ਮਿਹਨਤ ਕਰਕੇ ਕੁਝ ਨਵੇਂ ਪੰਥ ਪਧਰੇ ਕਰਦਾ ਹੈ, ਸੰਸਾਰ ਭਰ ਦੇ ਦਰਸ਼ਨ ਸ਼ਾਸਤਰ, ਕਾਵਿ ਸ਼ਾਸਤਰ, ਅਗਿਆਤਵਾਸ ਭੋਗ ਰਹੇ ਵੱਡਆਕਾਰੀ ਹੱਥ ਲਿਖਤ ਸਾਹਿੱਤ ਨੂੰ ਘੋਖ ਪਰਖਕੇ, ਕੁਝ ਨਵੇਂ ਸਿੱਧਾਂਤ ਉਲੀਕ ਰਿਹਾ ਹੋਵੇ, ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਹੋਰ ਉੱਨਤ ਭਾਰਤੀ ਭਾਸ਼ਾਵਾ ਦੇ ਤੁੱਲ ਹੀ ਨਹੀਂ ਸਗੋਂ ਸੰਸਾਰ ਪੱਧਰ ਦੇ ਮੁਕਾਬਲੇ ਤੇ ਲਿਜਾ ਖੜਾ ਕਰੇ, ਤੇ ਫੇਰ ਵੀ ਉਸਦੇ ਪੱਲੇ ਗਾਲਾਂ ਤਾਹਣੇ-ਮਿਹਣੇ, ਈਰਖਾ ਦਵੈਖ ਤੇ ਲਾਪਰਵਾਹੀ ਹੀ ਪਵੇ ਤਾਂ ਉਸਦਾ ਦਿਲ ਟੁੱਟ ਜਾਣਾ ਚਾਹੀਦਾ ਹੈ, ਪਰ ਨਹੀਂ ਡਾ. ਦੀਵਾਨਾ ਨੇ ਪੰਜਾਬੀ ਵਿਚਲੇ ਇਸ ਡੂੰਘੇ ਸ਼ੜਯੰਤਰ ਦੇ ਸੰਤਾਪ ਨੂੰ ਭੋਗਿਆ ਹੀ ਨਹੀਂ ਸਗੋਂ ਇਸ ਤੋਂ ਨਿਰ ਉਤਸਾਹ ਨਾ ਹੋਕੇ ਹੋਰ ਵੀ ਦੁੱਗਣੀ ਚੌਗੁਣੀ ਤਾਕਤ ਨਾਲ ਇਸ ਪਿੜ ਵਿਚ ਕੰਮ ਕੀਤਾ ਹੈ। ਪ੍ਰਿੰਸੀਪਲ ਸੱਤਪਾਲ ਦੁੱਗਲ ਨੇ ਉਨ੍ਹਾਂ ਨੂੰ ਇਕ ਸਵਾਲ ਕੀਤਾ ਕਿ 'ਆਪ ਦੀਆਂ ਰਚਨਾਵਾਂ ਨੇ ਨੌਜਵਾਨ ਪੀੜ੍ਹੀ ਦੇ ਅਨੇਕ ਵਿਦਵਾਨਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਇਹ ਰਚਨਾਵਾਂ ਉਨ੍ਹਾਂ ਲਈ ਪ੍ਰੇਰਨਾ ਦਾ ਸੋਮਾ

[1]ਸ੍ਰੀ ਲ਼ਖਬੀਰ ਸਿੰਘ ਪ੍ਰੀਤਮ ਵਲੋਂ ਕੀਤੀ ਮੁਲਾਕਾਤ, ਜਾਗ੍ਰਤੀ (ਪੰਜਾਬੀ) ਜੁਲਾਈ 1981, ਪੰ. 29.
[2]ਦੇਖੋ ਅੰਗਰੇਜ਼ੀ ਟ੍ਰਿਬਿਊਨ, 14 ਮਾਰਚ, 1965.

Sri Satguru Jagjit Singh Ji Elibrary NamdhariElibrary@gmail.com

ਸਿੱਧ ਹੋਈਆਂ ਹਨ ਅਤੇ ਪੰਜਾਬੀ ਵਿਦਵੱਤਾ ਦੇ ਖੇਤਰ ਵਿਚ ਮੀਲ ਪੱਥਰ ਸਾਬਤ ਹੋਈਆਂ ਹਨ; ਅਸਲ ਵਿਚ ਤੁਸੀਂ ਪੰਜਾਬੀ ਅਧਿਅਨ-ਅਧਿਆਪਨ ਨੂੰ 'ਗੰਭੀਰ ਬੌਧਿਕ ਅਨੁਸ਼ਾਸਨ' ਦੇ ਰੂਪ ਵਿਚ ਢਾਲਿਆ ਹੈ; ਅਨੇਕ ਲੋਕ ਈਮਾਨਦਾਰੀ ਨਾਲ ਅਨੁਭਵ ਕਰਦੇ ਹਨ ਕਿ ਆਪ ਦੀ ਪ੍ਰਾਪਤੀ ਨੂੰ ਉਹ ਹੁੰਗਾਰਾ ਨਹੀਂ ਮਿਲਿਆ ਹੈ ਜਿਸਦੀ ਇਹ ਹੱਕਦਾਰ ਸੀ, ਇਸਦਾ ਕਾਰਨ ਸ਼ਾਇਦ ਇਹ ਹੋਵੇ ਜਿਵੇਂ ਕਿ ਸਾਨੂੰ ਪਤਾ ਹੈ, ਕਿ ਲੋਕ ਨਵੇਂ ਤੇ ਨਰੋਏ ਵਿਚਾਰਾਂ ਤੋਂ ਹਮੇਸ਼ਾ ਡਰਿਆ ਹੀ ਕਰਦੇ ਹਨ। ਮੈਨੂੰ ਪਤਾ ਹੈ ਕਿ ਤੁਸੀਂ ਉਨ੍ਹਾਂ ਬੰਦਿਆਂ ਵਿਚੋਂ ਨਹੀਂ ਜੋ ਇਸ ਬਾਰੇ ਕੋਈ ਸ਼ਿਕਾਇਤ ਕਰਨਗੇ, ਤਾਂ ਵੀ ਆਸ ਕਰਦਾ ਹਾਂ ਕਿ ਆਪ ਆਪਣੇ ਕਾਰਜ ਖੇਤਰ ਵਿਚ ਆਉਣ ਵਾਲੀਆ ਰੋਕਾਂ ਤੇ ਅੜਚਨਾਂ ਬਾਰੇ ਕੁਝ ਸੰਕੇਤ ਦੇ ਸਕੋ," ਇਸ ਦਾ ਉੱਤਰ ਡਾ. ਦੀਵਾਨਾ ਨੇ ਇਨ੍ਹਾਂ ਸ਼ਬਦਾਂ ਵਿਚ ਦਿੱਤਾ ਸੀ—"ਇਹ ਸੱਚ ਹੈ ਕਿ ਕੋਈ ਨਿੱਕਾ ਜਿਹਾ ਜੀਅ ਵੀ ਮੇਰੇ ਕੋਲੋਂ ਦੀ ਮੇਰੀ ਸਾਹਸਿਕਤਾ ਉਤੇ ਠੀਕਰੇ ਸੁੱਟਣ ਤੋਂ ਬਿਨਾ ਨਹੀਂ ਲੰਘਿਆ। ਮੇਰੇ ਉਪਰਲੇ, ਨਾਲ ਦੇ ਤੇ ਹੇਠਲੇ ਬੰਦਿਆਂ ਨੇ ਹਰ ਕਿਸਮ ਦੇ ਹਥਿਆਰਾਂ ਨਾਲ ਮੇਰੇ ਉਤੇ ਵਾਰ ਕੀਤਾ। ਇਨ੍ਹਾਂ ਯਤਨਾਂ ਵਿਚ ਚਰਿਤ੍ਰ ਹਨਨ (Character assasination), ਕਾਨਾਫੂਸੀਆਂ ਮੇਰੇ ਰੀਵੀਊ ਅਤੇ ਨੋਟਾਂ ਦਾ ਸ਼ਰਾਰਤ-ਪੂਰਨ ਘਾਲਾਮਾਲਾ, ਪ੍ਰੋਫੈਸਰਸ਼ਿਪ ਤੇ ਪੂਰਨ ਪਾਬੰਦੀ ਲਾਉਣਾ ਜਾਂ ਮੁਲਤਵੀ ਕਰਨਾ, ਬਿਜਲੀਹਾਰ ਹਮਲੇ ਕਰਨਾ ਅਤੇ ਚੋਭਾਂ ਮਾਰਨਾ, ਮੇਰੀ ਸਾਮੱਗਰੀ ਦੀ ਸਾਹਿੱਤਕ ਚੋਰੀ ਅਤੇ ਦੁਰਵਰਤੋਂ ਕਰਨਾ ਆਦਿ ਸ਼ਾਮਲ ਹਨ। ਮੈਂ ਇਨ੍ਹਾਂ ਸਾਰੇ ਹਥਿਆਰਾਂ ਨੂੰ ਮਾਫੀਨਾਮੇ ਦੇ ਟੋਏ ਵਿਚ ਦਫਨਾ ਚੁੱਕਾ ਹਾਂ ? ਆਮ ਤੌਰ ਤੇ ਇਹ ਹਿੰਸਕ ਗੱਲਾਂ ਗੈਰ-ਪ੍ਰਭਾਵੀ ਹੀ ਨਹੀਂ ਸਗੋਂ ਹਾਸੋਹੀਣੀਆਂ ਵੀ ਹੁੰਦੀਆਂ ਸਨ। ਸੱਚ ਅਤੇ ਨਿਸ਼ਕਪਟਤਾ ਨੂੰ ਕਿਸੇ ਢਾਲ ਦੀ ਲੋੜ ਨਹੀਂ ਹੁੰਦੀ; ਇਹ ਤਾਂ ਆਪਣੇ ਆਪ ਵਿਚ ਅਜਿੱਤ ਬੁਰਜਾਂ ਤੇ ਦੁਰਗਾਂ ਦਾ ਕੰਮ ਦਿੰਦੇ ਹਨ। ਦੁਸ਼ਮਣਾਂ ਦੀਆਂ ਚਾਲਾਂ[1] ਮੇਰੇ ਲਈ ਇਮਤਿਹਾਨ ਸਿੱਧ ਹੋਏ ਜਿਨ੍ਹਾਂ ਵਿਚ ਮੈਂ ਖਰਾ ਉਤਰਿਆ, ਉਨ੍ਹਾਂ ਵਲੋਂ ਦਿੱਤੇ ਜ਼ਖ਼ਮ ਮੇਰੇ ਲਈ ਡਰਾਮੇ ਸਿੱਧ ਹੋਏ; ਛੇਤੀ ਹੀ ਮੈਂ ਤੂਫਾਨਾਂ, ਗੜਗੜਾਹਟਾਂ, ਬਿਜਲੀਆਂ, ਹੜ੍ਹਾਂ, ਮਹਾਮਾਰੀਆਂ ਨਾਲ ਖੇਡਣਾ ਸਿਖ ਗਿਆ ਅਤੇ ਪਦ-ਉੱਨਤੀ ਤੇ ਪਦ ਅਵਨਤੀ, ਪ੍ਰਸੰਸਾ ਤੇ ਉਲਾਂਭੇ, ਜਿੱਤ ਤੇ ਹਾਰ ਤੋਂ ਉਤੇ ਉੱਠ ਗਿਆ। ਮੈਂ ਸਫਲਤਾ ਪ੍ਰਾਪਤ ਨਹੀਂ ਕਰ ਸਕਿਆ ਪਰ ਸਫਲ ਰਿਹਾ ਹਾਂ। ਆਪਣੇ ਵਲੋਂ ਕੀਤੇ ਕਰਤਾਰੀ ਕਾਰਜ ਅਤੇ ਸਿਰਜਨਾਤਮਕ ਵਿਸ਼ਵਾਸ ਵਿਚੋਂ ਮਿਲਿਆ ਆਨੰਦ, ਗੌਰਵ

---

[1]"ਫਿਰ ਲਾਹੌਰ ਦੇ ਜਸਟਿਸ ਅਬਦੁਲ ਰਹਿਮਾਨ ਵਾਈਸ ਚਾਂਸਲਰ ਬਣੇ, ਉਨ੍ਹਾਂ ਕਿਹਾ ਕਿ ਇਹ ਇਕ ਜੈੱਮ ਅਰਥਾਤ ਨਗੀਨਾ ਹੈ। ਮੈਂ ਹੁਕਮ ਦਿੰਦਾ ਹਾਂ ਕਿ ਇਸਦੀ ਤਨਖਾਹ ਵਧਾ ਦਿੱਤੀ ਜਾਵੇ ਤੇ ਫਿਰ ਰੀਡਰ ਬਣਾ ਦਿੱਤਾ ਜਾਵੇ। ਬਾਕੀ ਦੇ ਦੋ ਲੈਕਚਰਾਰ ਹਿੰਦੀ ਤੇ ਉਰਦੂ ਦੇ ਵੀ ਰੀਡਰ ਬਣ ਗਏ। 1947 ਵਿਚ ਫਿਰ ਆਪਣਾ ਰਾਜ ਸੀ। ਮੁਖ਼ਾਲਿਫ ਹੋਰ ਵੀ ਚਾਂਬੁਲ ਗਏ। ਮੈਨੂੰ ਸੰਨ 1959 ਈ. ਵਿਚ ਰੀਡਰ ਹੀ ਰੀਟਾਇਰ ਕਰ ਦਿੱਤਾ ਗਿਆ। 32 ਸਾਲ ਦੀ ਨੌਕਰੀ ਦਾ ਇਹ ਹਸ਼ਰ। ਸੰਨ 1950 ਈ. ਤੋਂ ਹੁਣ ਤਕ ਕਿਸੇ ਯੂਨੀਵਰਸਿਟੀ ਨੇ ਕੋਈ ਕੰਮ ਮੇਰੇ ਕੋਲੋਂ ਨਹੀਂ ਲਿਆ ਕਿਸੇ ਤਰ੍ਹਾਂ ਦਾ। ਹੈਦਰਾਬਾਦ ਅਤੇ ਦਿੱਲੀ ਯੂਨੀਵਰਸਿਟੀ ਨੇ ਪੀ. ਐਚ. ਡੀ. ਦਾ ਮੁਸਤਹਿਕ ਮੁਕਰਰ ਕੀਤਾ ਮਹਿਕਮਾ ਫਿਲਾਫਸੀ ਵਿਚ।" ਜਾਗ੍ਰਤੀ (ਪੰਜਾਬੀ) ਜੁਲਾਈ 1981, ਪੰਨਾ 29 ਅਤੇ ਪੰਨਾ 24.

ਤੇ ਆਤਮ-ਹੁਲਾਰਾ ਹੀ ਮੇਰਾ ਇਨਾਮ ਰਿਹਾ ਹੈ।"

ਆਪਨੂੰ ਕਿਸ ਸ਼ਖਸੀਅਤ ਜਾਂ ਲਿਖਤ ਨੇ ਪ੍ਰਭਾਵਿਤ ਕੀਤਾ ਦੇ ਉੱਤਰ ਵਿਚ ਆਪ ਹੋਰ ਥਾਂ ਲਿਖਦੇ ਹਨ—"ਮੇਰੀ ਅੰਤਰ-ਪ੍ਰੇਰਨਾ ਤੋਂ ਛੁੱਟ ਹੋਰ ਕਿਸੇ ਨੇ ਕਿਸੇ ਵੀ ਤਰ੍ਹਾਂ ਮੇਰੇ ਵਿਚਾਰ, ਭਾਵਨਾ, ਬੋਲਾਂ ਤੇ ਕਾਰਜਾਂ ਨੂੰ ਪ੍ਰਭਾਵਿਤ ਨਹੀਂ ਕੀਤਾ।...I am a born wrestler, son of lion, neither tied down to yesterday nor sold out to tomorrow. I am the wine-bowl of Jamshed and the white hand (palm) of moses."[1] ਵਾਸਤਵ ਵਿਚ ਡਾ. ਦੀਵਾਨਾ ਇਕ ਖ਼ੁੱਦਦਾਰ, ਅਣਖੀ ਅਤੇ ਮਿਹਨਤੀ ਖੋਜਕਾਰ, ਵਿਦਵਾਨ ਲੇਖਕ ਅਤੇ ਕਰਤਾਰੀ ਸ਼ਕਤੀਆਂ ਦੇ ਮਾਲਿਕ ਕਵੀ-ਕਹਾਣੀਕਾਰ, ਨਾਟਕਕਾਰ, ਨਿਬੰਧਕਾਰ, ਟੀਕਾਕਾਰ ਤੇ ਵਿਆਖਿਆਕਾਰ ਸਨ। ਉਨ੍ਹਾਂ ਦੀ ਹਰ ਗੱਲ ਵਿਚ ਮੌਲਿਕਤਾ ਦੀ ਨਵੀਨਤਾ ਸੀ ਤੇ ਕਹਿਣ ਦਾ ਸੱਜਰਾਪਣ ਸੀ। ਨ ਉਹ ਉਧਾਰ ਦੇ ਵਿਚਾਰਾਂ ਤੇ ਹੀ ਪਲੇ ਸਨ, ਨ ਉਨ੍ਹਾਂ ਨੇ ਕੌਦੀ ਵੱਟੇ, ਤੋਲ ਤੇ ਮਾਪ ਹੀ ਉਧਾਰੇ ਲਏ ਸਨ। ਉਨ੍ਹਾਂ ਦੀ ਲਿਖਤ ਨਿਰੋਲ ਆਪਣੀ ਸੀ, ਆਪਣੇ ਆਪੇ ਦਾ ਪ੍ਰਗਟਾਵਾ ਸੀ, ਮੌਲਿਕਤਾ, ਖੋਜ, ਸਿਰਜਣਾਤਮਕਤਾ, ਵਿਆਖਿਆ, ਪੁਨਰ-ਵਿਆਖਿਆ, ਸਿਧਾਂਤ-ਗਠਨ ਉਨ੍ਹਾਂ ਦੀ ਲਿਖਤ ਦੇ ਮੀਰੀ ਗੁਣ ਸਨ। ਜੀਵਨੀ ਵਿਚ ਸਮਾਏ 'ਰੱਬ, ਬਾਪੂ ਤੇ ਮੈਂ' ਦੇ ਤ੍ਰਿਦੇਵ ਉਤੇ ਵਿਸ਼ਵਾਸ ਰੱਖਣ ਵਾਲਾ ਵਿਅਕਤੀ ਭਲਾ ਬਿਗਾਨੇ ਹੱਥਾਂ ਵੱਲ ਕਿਵੇਂ ਤੱਕ ਸਕਦਾ ਸੀ।

ਡਾ. ਦੀਵਾਨਾ ਨੇ ਆਪਣੇ ਤਖੱਲਸ ਦੀਵਾਨਾ ਬਾਰੇ ਇਹ ਤਾਂ ਨਹੀਂ ਕਿਹਾ ਕਿ ਉਨ੍ਹਾਂ ਨੇ ਇਹ ਕਿਉਂ ਰੱਖਿਆ, ਪਰ ਗੁਰੂ ਨਾਨਕ ਸਾਹਿਬ ਦਾ ਸ਼ਰਧਾਲੂ ਸਿਖ ਹੋਣ ਦੀ ਹੈਸੀਅਤ ਵਿਚ ਉਹ ਇਹ ਜ਼ਰੂਰ ਕਹਿੰਦੇ ਹਨ ਕਿ "ਸਚਾਈ, ਨਿਆਇ, ਸੁਤੰਤਰਤਾ, ਸਹਿਯੋਗ ਅਤੇ ਪਿਆਰ ਦਾ ਦੀਵਾਨਾ ਬੰਦੇ ਦੇ ਤੌਰ ਤੇ ਯਾਦ ਕੀਤਾ ਜਾਣਾ ਉਸਨੂੰ ਚੰਗਾ ਲੱਗੇਗਾ। ਉਸ ਦੇ ਇਸ਼ਟ ਦੇਵ ਗੁਰੂ ਨਾਨਕ ਦੇਵ ਨੇ ਖ਼ੁਦ ਕਿਹਾ ਸੀ—'ਨਾਨਕ ਭਇਆ ਦੀਵਾਨਾ ਸ਼ਹੁ ਕਾ'। ਲੇਖਕ ਇਹ ਵੀ ਦੱਸਦਾ ਹੈ ਕਿ ਬਾਦਸ਼ਾਹ ਹੁਮਾਯੂੰ ਦਾ ਕਲਮੀ ਨਾਂ ਦੀਵਾਨਾ ਸੀ ਤੇ ਫਾਰਸੀ ਵਿਚ ਚੌਬਰਗੇ ਲਿਖਦਾ ਸੀ। ਉਹ ਆਪਣੀ ਲਾਦਿਬ੍ਰੇਹੀ ਦੀਆਂ ਪੌੜੀਆਂ ਉਤਰਦਾ ਮਰਿਆ। ਡਾ. ਦੀਵਾਨਾ ਨੂੰ ਇਸ ਗੱਲ ਦੀ ਤਸੱਲੀ ਹੋਵੇਗੀ ਜੇਕਰ ਉਸਦੇ ਮੁਲਕ ਵਾਸੀ ਉਸਦਾ ਸਫੀਨਾ, ਮਾਈ ਸਪਿਰਿਚੂਅਲ ਐਕਸਪੀਰੀਐਂਸਜ਼, ਸੰਮ ਰਸ, ਖ਼ੁਦਾ ਤੇ ਸ਼ੈਤਾਨ (ਇਕ ਹਿੰਦੀ ਨਾਟਕ) ਪੜ੍ਹਦੇ ਰਹਿਣਗੇ।

ਡਾ. ਮੋਹਨ ਸਿੰਘ ਦੀਵਾਨਾ ਬਾਰੇ ਇਹ ਅਖਾਣ ਠੀਕ ਉਤਰਦਾ ਹੈ ਕਿ "ਜੰਮਦੀਆਂ ਸੂਲਾਂ ਦੇ ਮੂੰਹ ਤਿਖੇ ਹੁੰਦੇ ਹਨ" ਜਾਂ 'ਹੋਣਹਾਰ ਬਿਰਬਾਨ ਕੇ ਹੋਤ ਚੀਕਨੇ ਪਾਤ'। ਉਹ ਮਸਾਂ 11–12 ਵਰ੍ਹੇ ਦੇ ਸਨ ਕਿ ਉਨ੍ਹਾਂ ਨੇ ਗੁਰਬਾਣੀ ਦੀ ਸਹੀ ਵਿਆਖਿਆ ਕਰਨੀ ਤੇ ਇਨਾਮ ਪ੍ਰਾਪਤ ਕਰਨੇ ਸ਼ੁਰੂ ਕਰ ਦਿੱਤੇ ਸਨ। ਮੁਲਾਕਾਤ ਵੇਲੇ ਆਪਣੇ ਜੀਵਨ ਦਾ ਪਿਛੋਕੜ ਦੱਸਦੇ ਹੋਏ ਆਪ ਲਿਖਦੇ ਹਨ—"ਭਾਈ ਵੀਰ ਸਿੰਘ ਦੀ ਪੁਸਤਕ 'ਰਾਣਾ

[1] Dr. Mohan Singh Oberoi Dewana, 1975, p. 25.

Sri Satguru Jagjit Singh Ji Elibrary NamdhariElibrary@gmail.com

ਸੂਰਤ ਸਿੰਘ' ਮੈਨੂੰ ਸੰਨ 1910 ਈ. ਵਿਚ ਇਨਾਮ ਵਿਚ ਮਿਲੀ 'ਜਪੁਜੀ ਸਾਹਿਬ' ਦੀ ਇਕ ਪੌੜੀ ਦੇ ਠੀਕ ਅਰਥ ਕਰਨ ਤੇ। ਉਦੋਂ ਮੈਂ ਖਾਲਸਾ ਨੈਸ਼ਨਲ ਮਿਡਲ ਸਕੂਲ ਸੱਯਦ ਕਸਰਾਂ, ਤਸੀਲ ਗੁਜਰਖਾਨ ਵਿਚ ਪੜ੍ਹਦਾ ਸਾਂ। ਉਥੋਂ ਦੇ ਹੈਡਮਾਸਟਰ ਸਰਦਾਰ ਜਗਤ ਸਿੰਘ ਪ੍ਰਦੇਸੀ ਚੀਫ ਖਾਲਸਾ ਦੀਵਾਨ ਦੇ ਉਪਦੇਸ਼ਕ ਸਨ। ਉਨ੍ਹਾਂ ਦੇ ਛਾਪੇ ਟ੍ਰੈਕਟ ਵੀ ਮੈਂ ਸੰਨ 1912 ਈ. ਤੀਕ ਪੜ੍ਹੇ ਪਰ ਅਸਲੀ ਕੰਮ ਮੈਂ ਸੰਨ 1926-27 ਈ. ਵਿਚ ਕੀਤਾ ਕਾਨਪੁਰ ਵਿਚ ਅੰਗ੍ਰੇਜ਼ੀ ਪੜ੍ਹਾਂਦਿਆਂ। ਉਥੇ ਮੈਂ ਪੰਜਾਬੀ ਵਿਚ ਚਾਰ One Act Problem Plays ਲਿਖੇ। ਉਥੇ ਮੈਂ ਸੰਨ 1925 ਈ. ਤੋਂ ਸੰਨ 1928 ਈ. ਤਕ ਰਿਹਾ ਲੈਕਚਰਾਰ ਅੰਗ੍ਰੇਜ਼ੀ ਦਾ ਸਨਾਤਨ ਧਰਮ ਕਾਲਜ ਆਫ਼ ਕਾਮਰਸ ਵਿਚ। ਇਹ ਚਾਰ ਨਾਟਕ ਪੰਖੜੀਆਂ ਨਾਂ ਹੇਠ ਸੰਨ 1928 ਈ. ਵਿਚ ਲਾਹੌਰੋਂ ਛਪੇ।"[1]

ਡਾ. ਮੋਹਨ ਸਿੰਘ ਦੀਵਾਨਾ ਬਹੁਮੁਖੀ ਪ੍ਰਤਿਭਾਸ਼ਾਲੀ ਲੇਖਕ ਸਨ। ਉਹ ਪੰਜਾਬੀ ਵਿਚ ਅਸਲ ਅਰਥਾਂ ਵਿਚ ਸੰਨ 1928 ਈ. ਵਿਚ ਪ੍ਰਵੇਸ਼ ਕਰਦੇ ਹਨ ਜਦ ਉਹ ਪੰਜਾਬ ਯੂਨੀਵਰਸਿਟੀ ਦੇ ਓਰੀਐਂਟਲ ਕਾਲਜ ਵਿਚ ਪੰਜਾਬੀ ਤੇ ਅੰਗ੍ਰੇਜ਼ੀ ਦੇ ਲੈਕਚਰਾਰ ਆ ਲੱਗੇ। ਕਮਾਲ ਦੀ ਗੱਲ ਇਹ ਹੈ ਕਿ ਭਾਵੇਂ ਉਹ ਪਹਿਲਾਂ ਵੀ ਥੋੜ੍ਹੀ ਬਹੁਤ ਸਾਹਿੱਤ ਰਚਨਾ ਕਰਦੇ ਰਹਿੰਦੇ ਸਨ, ਪਰ ਉਨ੍ਹਾਂ ਦਾ ਪ੍ਰਵੇਸ਼ ਇਕ ਸਫਲ ਆਲੋਚਕ ਇਤਿਹਾਸਕਾਰ ਤੇ ਖੋਜ-ਵਿਦਿਆਰਥੀ ਦੇ ਤੌਰ ਤੇ ਹੋਇਆ। ਅੰਗ੍ਰੇਜ਼ੀ ਉਰਦੂ ਫ਼ਾਰਸੀ ਤੇ ਹਿੰਦੀ ਆਦਿ ਜ਼ਬਾਨਾਂ ਵਿਚ ਉਹ ਪਹਿਲਾਂ ਹੀ ਮੁਹਾਰਤ ਹਾਸਲ ਕਰ ਚੁਕੇ ਤੇ ਨਾਮਨਾ ਖੱਟ ਚੁਕੇ ਸਨ। ਜਿਵੇਂ ਕਿ ਉਪਰ ਦੇਖ ਚੁਕੇ ਹਾਂ, ਅੰਗ੍ਰੇਜ਼ੀ, ਹਿੰਦੀ ਤੇ ਉਰਦੂ ਪੱਤਰਕਾਰੀ ਵਿਚ ਵੀ ਉਨ੍ਹਾਂ ਨੇ ਆਪਣੀਆਂ ਤਕੜੀਆਂ ਪੈੜਾਂ ਸਥਾਪਤ ਕੀਤੀਆਂ ਸਨ। ਸੰਨ 1931 ਈ. ਵਿਚ ਡੀ. ਲਿਟ ਲਈ ਅੰਗ੍ਰੇਜ਼ੀ ਵਿਚ 'ਏ ਹਿਸਟਰੀ ਆਫ ਪੰਜਾਬੀ ਲਿਟਰੇਚਰ' ਲਿਖਕੇ ਉਨ੍ਹਾਂ ਨੇ ਇਕ ਪਰੌੜ੍ਹ, ਸਿਆਣੇ ਤੇ ਜ਼ਿੰਮੇਵਾਰ ਇਤਿਹਾਸਕਾਰ-ਖੋਜਕਾਰ ਦੇ ਤੌਰ ਤੇ ਆਪਣਾ ਲੇਖਣ-ਕਾਰਜ ਆਰੰਭ ਕੀਤਾ। ਇਤਿਹਾਸ ਲੇਖਣ ਬੜਾ ਬਿਖੜਾ ਪੈਂਡਾ ਹੁੰਦਾ ਹੈ। ਇਸ ਵਿਚ ਆਏ ਨਾਂ ਤੇ ਰਚਨਾਵਾਂ ਆਦਿ ਦੇ ਵੇਰਵੇ ਚੰਗੇ ਭਲੇ ਨੂੰ ਦੁਸ਼ਮਣ ਬਣਾ ਦਿੰਦੇ ਹਨ। ਪਰੰਤੂ ਮੋਹਨ ਸਿੰਘ ਦੀਵਾਨਾ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਜਿਸ ਵੇਲੇ ਹਿੰਦੀ ਆਦਿ ਭਾਸ਼ਾਵਾਂ ਵਿਚ ਵੀ ਕੋਈ ਚੱਜ ਦਾ ਇਤਿਹਾਸ ਨਹੀਂ ਲਿਖਿਆ ਗਿਆ ਸੀ, ਉਸ ਵੇਲੇ ਪੰਜਾਬੀ ਇਤਿਹਾਸਕਾਰੀ ਦਾ ਠਿੱਗਰ ਕੰਮ ਕਰਕੇ ਆਪ ਨੇ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਰਾਸ਼ਟਰੀ ਹੀ ਨਹੀਂ ਸਗੋਂ-ਅੰਤਰ ਰਾਸ਼ਟਰੀ ਪੱਧਰ ਤੇ ਪੁੱਚਾ ਦਿੱਤਾ ਅਤੇ ਇਸ ਵਿਚ ਮੂਲ ਆਧਾਰਿਤ, ਨਿਰਪੱਖ ਪਰ ਸਰਵਪੱਖੀ ਆਲੋਚਨਾ ਦੀ ਪਿਰਤ ਪਾ ਦਿੱਤੀ। ਇਹੋ ਕਾਰਨ ਹੈ ਕਿ ਡਾ. ਮੋਹਨ ਸਿੰਘ ਦੀਵਾਨਾ ਸਭ ਤੋਂ ਪਹਿਲਾਂ ਇਕ ਇਤਿਹਾਸਕਾਰ ਤੇ ਆਲੋਚਕ ਹਨ, ਮਗਰੋਂ ਕਵੀ, ਕਹਾਣੀਕਾਰ, ਨਾਟਕਕਾਰ, ਭਾਸ਼ਾ ਵਿਗਿਆਨੀ, ਵਿਆਖਿਆਕਾਰ, ਟੀਕਾਕਾਰ, ਜੀਵਨੀ ਲੇਖਕ, ਨਿਬੰਧਕਾਰ ਤੇ ਗੱਦਕਾਰ ਆਦਿ ਹਨ।

ਅਸੀਂ ਅਗਲੇ ਅਧਿਆਇਆਂ ਵਿਚ ਡਾ. ਦੀਵਾਨਾ ਵਲੋਂ ਸਾਹਿੱਤ ਦੀਆਂ ਵੱਖ-ਵੱਖ

---

[1] ਇਕ ਮੁਲਾਕਾਤ, ਜਾਗ੍ਰਤੀ, ਜੁਲਾਈ, 1981 ਪੰਨਾ 28

Sri Satguru Jagjit Singh Ji Elibrary NamdhariElibrary@gmail.com

ਵਿਧਾਵਾਂ ਵਿਚ ਪਾਏ ਪੂਰਨਿਆਂ ਬਾਰੇ ਵਿਸਤਾਰ ਸਹਿਤ ਵਿਚਾਰ ਕੀਤਾ ਹੈ। ਇਥੇ ਉਨ੍ਹਾਂ ਵਲੋਂ ਕ੍ਰਮਵਾਰ ਅੰਗ੍ਰੇਜ਼ੀ, ਪੰਜਾਬੀ, ਹਿੰਦੀ ਤ ਉਰਦੂ ਵਿਚ ਲਿਖੀਆਂ ਪੁਸਤਕਾਂ ਦਾ ਸੰਖੇਪ ਵੇਰਵਾ ਦੇਖ ਲੈਣਾ ਕੁਥਾਂ ਨਹੀਂ ਹੋਵੇਗਾ ਅੰਗ੍ਰੇਜ਼ੀ ਵਿਚ ਲਿਖੀਆਂ ਉਨ੍ਹਾਂ ਦੀਆਂ ਪੁਸਤਕਾਂ ਇਸ ਤਰ੍ਹਾਂ ਹਨ :

1. Characteristics and Tendencies of Modern Urdu Poetry-(Ph. D. Thesis), Lahore.
2. A History of Panjabi Literature (D. Litt. Thesis), Lahore.
3. Gorakh Nath and Medieval Hindu Mysticism, Lahore.
4. Kabir and the Bhakti Movement, Lahore,
5. The Mysticism of Time in the Rigveda, Lahore.
6. Guru Gobind Singh As a Poet, Lahore.
7. Guru Nanak Dev and Sahaj, Chandigarh;
8. Sikh Mysticism or the Seven-Fold Yoga of Sikhism, Zurich (Germany).
9. The Order of Sidha-Yogins, Amritsar.
10. The Origin and Growth of Panjabi, Lahore.
11. An Introduction to Panjab Literature, Amritsar.
12. Guru Nanak Dev & Nation Building, Lahore.
13. New Light on the Budha's First Sermon, Amritsar.
14. New Light on Shri Krishna and Gita, Lahore.
15. One Hundred and Eight Yoga Sutras, Zurich (Germany)
16. First Sikh Martyr (Guru Arjan Dev).
17. Confessions of a Lover, Part I & II.
18. Indian Social Life and Modern Urdu Poetry, Bombay.
19. Secrets of Spiritual Life, Lahore.
20. Mysticism, Religion and Philosophy, Amritsar.
21. Music, Mathematics, Mythology & Metaphysics, Amritsar.
22. A Hand-book of Urdu Literature, Lahore.
23. One Hundred and Eight Yoga Sutras, Zurich (Germany)
24. Yoga and Yoga Symbolism, Amritsar.
25. Dhyana Yoga with a translation of the Yoga Raja Upanishad.
26. My Spiritual Experiences, Chandigarh.
27. Re-discovery of God and Self through Meditation, Jullundhar.
28. Coloured Candles, Chandigarh.

Sri Satguru Jagjit Singh Ji Elibrary NamdhariElibrary@gmail.com

29. I Believe (250 Poems in English), Jullundhur.
30. Who Am I ? Delhi.
31. Yoga or the Art and Science of Self Discovery, U.S.A.
32. Enemies of Peace, Lahore.
33. I am a Refugee, Simla.
34. A Double Miracle, (Poems), Lahore.
35. Essentials of Civilization (sonnets & Lyrics) Rangoon.
36. The Mystic Ladder (English rendering of the Japu) Chandigarh.
37. Literature & Revelation, Chandigarh.

ਅੰਗ੍ਰੇਜ਼ੀ ਵਿਚ ਲਿਖੀਆਂ ਪੁਸਤਕਾਂ, ਲੇਖਾਂ ਤੇ ਖੋਜ-ਪੱਤਰਾਂ ਦੀ ਸੂਚੀ 90 ਤਕ ਜਾਂਦੀ ਹੈ। ਇਥੇ ਕੇਵਲ ਪੁਸਤਕਾਂ ਦਾ ਜ਼ਿਕਰ ਹੀ ਕੀਤਾ ਗਿਆ ਹੈ, ਇਨ੍ਹਾਂ ਵਿਚ ਉਰਦੂ ਤੇ ਪੰਜਾਬੀ ਬਾਰੇ ਖੋਜ ਪ੍ਰਧਾਨ ਪੁਸਤਕਾਂ ਹਨ, ਯੋਗ ਤੇ ਅਧਿਆਤਮ ਬਾਰੇ ਪੁਸਤਕਾਂ ਹਨ, ਸਿਖ ਧਰਮ ਤੇ ਹਿੰਦੂ ਧਰਮ ਤੇ ਬੁੱਧ ਧਰਮ ਬਾਰੇ ਪੁਸਤਕਾਂ ਹਨ ਅਤੇ ਲੇਖਕ ਵਲੋਂ ਅੰਗ੍ਰੇਜ਼ੀ ਵਿਚ ਲਿਖੀਆਂ ਖ਼ੂਬਸੂਰਤ ਕਵਿਤਾਵਾਂ, ਗੀਤਾਂ ਤੇ ਚੋਂਦਾਂ, ਪਦੀਆਂ ਦੀਆਂ ਪੁਸਤਕਾਂ ਹਨ। ਇਸੇ ਤਰ੍ਹਾਂ ਪੰਜਾਬੀ ਵਿਚ ਆਪਦੀਆਂ ਲਿਖੀਆਂ ਪੁਸਤਕਾਂ, ਖੋਜ-ਪੱਤਰਾਂ ਤੇ ਲੇਖਾਂ ਦੀ ਗਿਣਤੀ 80 ਦੇ ਲਗਭਗ ਹੈ ਜਿਨ੍ਹਾਂ ਵਿਚੋਂ ਪੁਸਤਕਾਂ ਦੇ ਨਾਂ ਇਥੇ ਦਿਤੇ ਜਾ ਰਹੇ ਹਨ :

1. ਪੰਜਾਬੀ ਸਾਹਿਤ ਦਾ ਸੰਖੇਪ ਇਤਿਹਾਸ, ਲਾਹੌਰ
2. ਪੰਜਾਬੀ ਅਦਬ ਦੀ ਮੁਖਤਸਿਰ ਤਾਰੀਖ਼, ਲਾਹੌਰ
3. ਸੂਫ਼ੀਆਂ ਦਾ ਕਲਾਮ, ਲਾਹੌਰ
4. ਆਧੁਨਿਕ ਪੰਜਾਬੀ ਕਵਿਤਾ, ਲਾਹੌਰ
5. ਕਲਾਮ ਸ਼ਾਹ ਹੁਸੈਨ, ਲਾਹੌਰ।
6. ਪੰਜਾਬੀ ਭਗਤੀ ਕਾਵਿ
7. ਜਾਪੁ ਜਾਂ ਪੰਜਾਬੀ ਭਾਖਾ ਤੇ ਛੰਦਾਬੰਦੀ, ਲਾਹੌਰ।
8. ਬੁਲ੍ਹੇ ਸ਼ਾਹ, ਲਾਹੌਰ।
9. ਗੋਬਿੰਦ ਗੀਤਾ (ਗੁਰੂ ਗੋਬਿੰਦ ਸਿੰਘ), ਅੰਮ੍ਰਿਤਸਰ।
10. ਸਾਇੰਸ ਦਾ ਪ੍ਰਭਾਉ ਸਮਾਜ ਉੱਤੇ (ਰਸੱਲ ਦੇ 'ਦਾ ਇੰਪੈਕਟ ਆਫ਼ ਸਾਇੰਸ ਆਨ ਟੇਕਨਾਲੋਜੀ' ਦਾ ਪੰਜਾਬੀ ਅਨੁਵਾਦ) ਅੰਮ੍ਰਿਤਸਰ।
11. ਕਾਫ਼ੀਆਂ ਬੁਲ੍ਹੇ ਸ਼ਾਹ
12. ਮੁਕੰਮਲ ਕਲਾਮ ਸ਼ਾਹ ਹੁਸੈਨ
13. ਪੰਖੜੀਆਂ (ਨਾਟਕ) ਲਾਹੌਰ।
14. ਪੰਜ ਇਕਾਂਗੀ
15. ਜਿਤਿੰਦਰ ਸਾਹਿੱਤ ਸਰੋਵਰ, ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

16. ਨੀਲਧਾਰਾ (ਕਾਵਿ ਸੰਗ੍ਰਹਿ), ਲਾਹੌਰ।
17. ਧੁੱਪ ਛਾਂ (ਕਾਵਿ ਸੰਗ੍ਰਹਿ) ਲਾਹੌਰ, 1931.
18. ਜਗਤ ਤਮਾਸ਼ਾ (ਕਾਵਿ ਸੰਗ੍ਰਹਿ) ਅੰਮ੍ਰਿਤਸਰ।
19. ਪਤਝੜ ( ,, ) ਅੰਮ੍ਰਿਤਸਰ।
20. ਸੋਮਰਸ ( ,, ) ਅੰਮ੍ਰਿਤਸਰ।
21. ਮਸਤੀ ( ,, ) ਅੰਮ੍ਰਿਤਸਰ।
22. ਦੀਪ ਮਾਲਾ, ਲਾਹੌਰ।
23. ਨਵੀਨ ਦੀਪਮਾਲਾ, ਅੰਮ੍ਰਿਤਸਰ।
24. ਨਿਰੰਕਾਰੀ ਸਾਖੀਆਂ, ਲਾਹੌਰ।
25. ਦਵਿੰਦਰ ਬਤੀਸੀ (ਕਹਾਣੀ ਸੰਗ੍ਰਹਿ) ਅੰਮ੍ਰਿਤਸਰ।
26. ਰੰਗ ਤਮਾਸ਼ੇ ( ,, ) ,,
27. ਪਰਾਂਦੀ ( ,, ) ,,

ਡਾ. ਮੋਹਨ ਸਿੰਘ ਦੀਵਾਨਾ ਦੀ ਇਕ ਹੋਰ ਵੱਡੀ ਪ੍ਰਾਪਤੀ ਉਨ੍ਹਾਂ ਵਲੋਂ ਖੋਜੀਆਂ ਹੱਥ ਲਿਖਤਾਂ ਤੇ ਉਨ੍ਹਾਂ ਬਾਰੇ ਦਿੱਤਾ ਗਿਆਨ ਹੈ। ਗੋਬਿੰਦ ਗੀਤਾ, ਪ੍ਰੇਮ ਬੋਧ, ਪ੍ਰੇਮ ਸੁਮਾਰਗ, ਭੇੜਾ, ਕੰਕਣ, ਸਾਧੂਜਨ ਤੇ ਗੋਰਖਨਾਥ ਆਦਿ ਦੇ ਪਹਿਲਾਂ ਨਾ ਮਿਲਦੇ ਹੱਥ ਲਿਖੇ ਖਰੜੇ ਆਪਨੇ ਲੱਭੇ ਅਤੇ ਸੰਪਾਦਤ ਕੀਤੇ। ਇਸਤੋਂ ਛੁੱਟ ਹਿੰਦੀ ਵਿਚ ਚਰਨਦਾਸ, ਸਹਜੋਬਾਈ, ਮਛੰਦਰ, ਗੋਰਖ-ਗੋਸਟਿ, ਮਛੰਦਰ ਰਤਨ ਨਾਥ ਗੋਸ਼ਟਿ, ਪੂਰਨ ਨਾਥ, ਸੰਤ ਦਾਦੂ, ਕਬੀਰ, ਰਵਿਦਾਸ, ਨਾਮਦੇਵ, ਮਲੂਕ ਦਾਸ ਤੇ ਹਰਿਦਾਸ ਆਦਿ ਦੀ ਬਾਣੀ ਦੇ ਸੰਕਲਨ ਤਿਆਰ ਕੀਤੇ। ਫਾਰਸੀ ਅੱਖਰਾਂ ਵਿਚ ਪੰਜਾਬੀ ਪੁਸਤਕਾਂ ਤੇ ਖੋਜ-ਪੱਤਰਾਂ ਦੀ ਸੂਚੀ 51 ਤੱਕ ਜਾਂਦੀ ਹੈ, ਕੁਝ ਪ੍ਰਮੁੱਖ ਕਿਰਤਾਂ ਇਸ ਤਰ੍ਹਾਂ ਹਨ : (1) ਸ਼ਾਹ ਹੁਸੈਨ, (2) ਸਲੋਕ ਫਰੀਦ, (3) ਸਲੋਕ ਨਾਨਕ, (4) ਮਸਤੀ, (5) ਹੀਰ ਵਾਰਿਸ, (6) ਪੰਜਾਬੀ ਅਦਬ ਦੀ ਮੁਖਤਸਿਰ ਤਾਰੀਖ, (7) ਸਲੋਕ ਗੁਰੂ ਤੇਗ ਬਹਾਦੁਰ। ਇਨ੍ਹਾਂ ਤੋਂ ਛੁੱਟ ਉਰਦੂ ਜ਼ਬਾਨ ਵਿਚ ਵੀ ਤਾਂ ਦੀਵਾਨਾ ਕਵਿਤਾ, ਕਹਾਣੀ ਤੇ ਆਲੋਚਨਾ ਲਿਖਦੇ ਤੇ ਛਪਾਉਂਦੇ ਰਹੇ ਹਨ, ਜਿਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਪੁਸਤਕਾਂ ਇੰਞ ਹਨ :

(1) ਦੋਸ਼ੀਚਾ (ਕਵਿਤਾ) ਹਸਰਤ ਮੁਹਾਨੀ ਨੇ ਮੁਖ ਬੰਧ ਲਿਖਿਆ, ਕਾਨਪੁਰ।
(2) ਕੇਫੀਆਤ (ਗਜ਼ਲਾਂ) ਪ੍ਰੋ. ਅਬਦੁਲ ਕਾਦਿਰ ਸਰਵਰੀ ਵਲੋਂ ਮੁਖ ਬੰਧ।
(3) ਨਈ ਦੁਨੀਆਂ (ਕਵਿਤਾ ਤੇ ਗਜ਼ਲਾਂ), ਲਾਹੌਰ।
(4) ਤੀਨ ਸ਼ਾਇਰ (ਮੁਨੱਵਰ, ਸ਼ਯਾਮ ਨਾਰਾਇਣ ਸ਼ਰੱਰ ਤੇ ਦੀਵਾਨਾ)।
(5) ਚੁਟਕੀਆਂ (ਵਿਅੰਗ) ਲਾਹੌਰ।
(6) ਸਫੀਨਾ (ਦੀਵਾਨਾ ਦੀ ਉਰਦੂ ਕਵਿਤਾ) ਦਿੱਲੀ।

ਹਿੰਦੀ ਭਾਸ਼ਾ ਵਿਚ ਵੀ ਆਪ ਨੇ ਕਾਫੀ ਕੁਝ ਲਿਖਿਆ ਹੈ। ਕਾਨਪੁਰ ਦੇ ਵਾਸ ਵੇਲੇ ਪ੍ਰੇਮ ਚੰਦ ਵਰਗੇ ਪ੍ਰਸਿੱਧ ਹਿੰਦੀ ਲੇਖਕਾਂ ਨਾਲ ਖੂਬ ਸਾਹਿੱਤਕ ਮਿਲਣੀਆਂ ਹੁੰਦੀਆਂ ਰਹੀਆਂ ਹਨ। ਆਪਦੀ ਹਿੰਦੀ ਰਚਨਾ ਇਸ ਤਰ੍ਹਾਂ ਹੈ :

(1) ਸਦਾ ਗੁਲਾਬ (ਕਹਾਣੀ ਸੰਗ੍ਰਹ) ਕਾਨਪੁਰ ।
(2) ਸੁਰਾਵਲੀ (ਸਮਸਿਆ ਨਾਟਕ) ਲਾਹੌਰ ।
(3) ਨਾਮਦੇਵ (ਜੀਵਨੀ ਤੇ ਬਾਣੀ) ਦਿੱਲੀ ।

ਮਾਧੁਰੀ, ਵਿਸ਼ਾਲ ਭਾਰਤ, ਸਰੋਜ, ਸਰਸ੍ਵਤੀ, ਪ੍ਰਤਾਪ ਤੇ ਮਤਵਾਲਾ ਆਦਿ ਪੱਤਰ-ਪਤ੍ਰਕਾਵਾਂ ਵਿਚ ਆਪਦੀਆਂ ਹਿੰਦੀ ਕਹਾਣੀਆਂ ਛਪਦੀਆਂ ਰਹੀਆਂ ਹਨ । ਇਥੇ ਡਾ. ਦੀਵਾਨਾ ਵੱਲੋਂ ਤਿਆਰ ਕੀਤੀਆਂ 15 ਅੰਗ੍ਰੇਜ਼ੀ ਪੁਸਤਕਾਂ ਦੀ ਸੂਚੀ ਦਰਜ ਕਰ ਰਹੇ ਹਾਂ ਜੋ ਛਪਣ ਹਿਤ ਤਿਆਰ ਪਈਆਂ ਸਨ :

(1) A New View of Hindu Art, Architecture and Sociology, (2) A Philcsophy of History. (3) Universal Patterns of World Culture, (4) Yoga or the Art and Science of Self-Discovery, (5) I Have a Message, (6) Back to the Christ, (7) Imaginery Dialogues with a Tibetan Mystic, (8) A Final, Precise English Translation of Japu (9) The Private Diary of a Mystic, (10) Winter Roses (Poems), (11) Sea-Shells (Sutras) (12) The Secret Agni-Teachings of the Bhagwad Gita, (13) Meditation Experiences of living seekers (edited) (14) Tops Talks on Meditation, (15) Vocabulary 3000 words of Dhakki-Munda, non-Aryan, Pre-Sanskritic still current in Greater Panjab, with English translation;

ਜਰਮਨੀ ਜ਼ਬਾਨ ਵਿਚ ਵੀ ਕੁਝ ਪੁਸਤਕਾਂ ਛਪੀਆਂ ਹਨ ਜਿਨ੍ਹਾਂ ਵਿਚੋਂ

(1) Botschaft eins Yogi
(2) Mystik UND YOGA DER SIKH-MEISTER,

ਨਿਰਸੰਦੇਹ ਜੀਵਨ ਦੇ ਹਰ ਖੇਤਰ ਵਿਚ ਅਤੇ ਹਿੰਦੀ, ਪੰਜਾਬੀ ਤੇ ਅੰਗ੍ਰੇਜ਼ੀ ਵਿੱਚ ਸਾਹਿੱਤ ਰਾਹੀਂ ਕੀਤੀ ਡਾ. ਮੋਹਨ ਸਿੰਘ ਦੀਵਾਨਾ ਦੀ ਘਾਲ ਹਮੇਸ਼ਾ ਯਾਦ ਰਹੇਗੀ । ਉਸਦੀ ਜ਼ਿੰਦਗੀ ਵਿਚ ਇਸ ਕਦਰ ਚਮਤਕਾਰ, ਗਿਆਨ, ਤੇ ਵਿਵਿਧਤਾ ਸੀ ਕਿ ਚਾਹੁੰਦੇ ਹੋਏ ਵੀ ਪੰਜਾਬੀ ਦੇ ਆਲੋਚਕ ਤੇ ਗੰਭੀਰ ਪਾਠਕ ਉਸਨੂੰ ਅਣ ਦੇਖਿਆਂ ਕਰਕੇ ਨਹੀਂ ਲੰਘ ਸਕਦੇ । ਸਾਹਿੱਤ ਦੇ ਹਰ ਖੇਤਰ ਵਿਚ ਕਹੀ ਤੇ ਉਚਾਰੀ ਉਸਦੀ ਰਾਇ ਅੱਜ ਵੀ ਪ੍ਰਮਾਣਿਕ ਮੰਨੀ ਜਾਂਦੀ ਹੈ । ਇਸ ਲਈ ਇਸ ਲੇਖਕ ਦੇ ਸਾਹਿੱਤ ਬਾਰੇ ਗੰਭੀਰ ਵਿਚਾਰ ਕਰਨ ਦੀ ਲੋੜ ਹੈ ।

Sri Satguru Jagjit Singh Ji Elibrary NamdhariElibrary@gmail.com

ਅਧਿਆਇ ਦੂਜਾ

# ਇਕ ਕਵੀ ਦੇ ਰੂਪ ਵਿਚ

## ਕਲਾਤਮਕ ਰੁਚੀਆਂ ਵਾਲਾ ਰਹੱਸਵਾਦੀ ਕਵੀ : ਡਾ. ਮੋਹਨ ਸਿੰਘ ਦੀਵਾਨਾ

ਪੰਜਾਬੀ ਵਿਦਵਾਨਾਂ ਦੀ ਬਹੁ ਗਿਣਤੀ ਮੇਰੀ ਤਰ੍ਹਾਂ ਹੀ ਇਹ ਵਿਸ਼ਵਾਸ ਰਖਦੀ ਹੈ ਕਿ ਭਾਵੇਂ ਡਾ. ਮੋਹਨ ਸਿੰਘ ਦੀਵਾਨਾ ਸਾਹਿੱਤ ਦੇ ਅਨੇਕ ਪੱਖਾਂ ਤੇ ਬਰਾਬਰ ਦਾ ਅਬੂਰ ਹਾਸਿਲ ਕਰ ਚੁਕੇ ਲੇਖਕ ਹਨ, ਤਾਂ ਵੀ ਉਨ੍ਹਾਂ ਦਾ ਸਰਵ ਪ੍ਰਮੁੱਖ ਥਾਂ ਇਕ ਆਲੋਚਕ ਤੇ ਇਤਿਹਾਸਕਾਰ ਵਿਦਵਾਨ ਦੇ ਤੌਰ ਤੇ ਹੀ ਹੈ। ਇਸਦਾ ਇਹ ਅਰਥ ਨਹੀਂ ਕਿ ਡਾ. ਦੀਵਾਨਾ ਦੀ ਕਵਿਤਾ ਜਾਂ ਕਹਾਣੀ ਦੂਜੇ ਦਰਜੇ ਜਾਂ ਨੀਵੇਂ ਦਰਜੇ ਦੀ ਹੈ, ਸਗੋਂ ਇਹ ਸਵਾਲ ਵੀ ਉਦੋਂ ਹੀ ਪੈਦਾ ਹੁੰਦਾ ਹੈ ਜਦ ਸਾਰੀਆਂ ਸਾਹਿੱਤ ਵਿਧਾਵਾਂ ਇਕੋ ਜਿਹੀਆਂ ਪਰੋੜ੍ਹ-ਰਸਾਤਮਕ ਅਤੇ ਕਲਾਤਮਕ ਹੋਣ।

ਇਸ ਬਾਰੇ ਕੁਝ ਆਲੋਚਕਾਂ ਦੀ ਰਾਇ ਦੇਖ ਲੈਣੀ ਅਯੋਗ ਨਹੀਂ ਹੋਵੇਗੀ। ਡਾ. ਗੋਪਾਲ ਸਿੰਘ ਦਰਦੀ ਇਨ੍ਹਾਂ ਨੂੰ ਪਹਿਲੀ ਵਾਰੀ ਨਵੇਂ ਖਿਆਲਾਂ ਤੇ ਨਵੇਂ ਮਜ਼ਮੂਨਾਂ ਤੇ ਹੱਥ ਅਜ਼ਮਾਉਣ ਵਾਲੇ ਰਹੱਸਵਾਦੀ ਕਵੀ, ਗੀਤਕਾਰ ਤੇ ਮੌਲਿਕ ਚਿੰਤਕ ਸਿੱਧ ਕਰਦੇ ਹਨ ਤੇ 'ਸੰਤ ਕਵੀ' ਦਾ ਖਿਤਾਬ ਦਿੰਦੇ ਹਨ। ਆਪ ਲਿਖਦੇ ਹਨ—"ਭਾਈ ਵੀਰ ਸਿੰਘ ਤੋਂ ਪਿਛੋਂ ਡਾ. ਮੋਹਣ ਸਿੰਘ ਨੇ ਰਹੱਸਵਾਦ ਨੂੰ ਅਪਣਾਇਆ ਹੈ। ਨਵੇਂ ਨਵੇਂ ਤੋਲਾਂ ਵਿਚ ਪਹਿਲੀ ਵੇਰ ਕਾਮਯਾਬੀ ਨਾਲ ਖਿਆਲ ਬੱਧੇ ਹਨ ਤੇ ਲੈ ਤੇ ਜਜ਼ਬੇ ਭਰੇ ਗੀਤ ਵੀ ਲਿਖੇ ਹਨ। ਆਪ ਦੀ ਪਹਿਲੀ ਰਚਨਾ 'ਧੁੱਪ ਛਾਂ' ਵਿਚ ਪਹਿਲੀ ਵੇਰ ਕਈ ਅਜੇਹੇ ਨਵੇਂ ਵਜ਼ਨਾਂ, ਤਰਕੀਬਾਂ ਤੇ ਮਜ਼ਮੂਨਾਂ ਉਤੇ ਹੱਥ ਅਜ਼ਮਾਇਆ ਹੈ, ਜਿਨ੍ਹਾਂ ਨੇ ਅਜ ਦੇ ਦੌਰ ਦੇ ਲਗਭਗ ਸਾਰੇ ਨੌਜਵਾਨ ਕਵੀਆਂ ਤੇ ਅਸਰ ਕੀਤਾ ਹੈ। ਨਵੀਆਂ ਰਚਨਾਵਾਂ 'ਜਗਤ-ਤਮਾਸ਼ਾ' ਤੇ ਮਸਤੀ ਵਿਚ ਜਿੱਥੇ ਜ਼ਬਾਨ ਦੀ ਚੁਸਤੀ, ਢੁਕਾ ਤੇ ਅਲੰਕਾਰਾਂ ਦੀ ਜੜਤ ਦਿਲ ਨੂੰ ਧੂਹ ਪਾਉਣ ਵਾਲੀ ਹੈ ਓਥੇ ਜ਼ਿੰਦਗੀ ਦੀ ਲੀਲ੍ਹਾ ਨੂੰ ਵੇਖਣ ਲਈ ਕਵੀ ਨੇ ਜੋਹੜਾ ਨਜ਼ਰੀਆ ਸਾਹਮਣੇ ਰਖਿਆ ਹੈ ਉਹ ਅੱਜ ਦੇ ਜ਼ਮਾਨੇ ਨੂੰ ਵੰਗਾਰਨ ਵਾਲਾ ਹੈ। ਉਹ ਸਨੇਹਾ ਹੈ ਵਿਸਮਾਦ, ਹੈਰਾਨੀ, ਰਹੱਸਵਾਦ ਤੇ ਰੱਬ ਦੇ ਪਿਆਰ ਦਾ। ਪਰ ਉਸ ਨੂੰ ਬਿਆਨਿਆਂ ਅਜੇਹੇ ਢੰਗ ਨਾਲ ਹੈ ਕਿ ਨਵਾਂ ਲਗਦਾ ਹੈ। ਇਹ ਸਨੇਹਾ ਨਿਰੋਲ ਪੁਰਾਣਾ ਨਹੀਂ। ਇਸ ਵਿਚ ਕਵੀ ਦੀ ਆਪਣੀ ਸ਼ਖ਼ਸੀਅਤ ਦਾ ਰੰਗ ਵੀ ਪਿਆ ਝਲਕਦਾ ਹੈ। ਕਵੀ ਖੱਟੇ-ਮਿਠ ਤਜਰਬੇ ਨੂੰ ਪਰਤਾ ਕੇ ਉਹਨਾਂ ਨਾਲ ਰੂਹ ਨੂ ਭਰਦਾ, ਥਕਾਂਦਾ ਹੈ ਤੇ ਤਜਰਬੇ ਦੀ ਕਸੌਟੀ ਤੇ ਪਰਖਦਾ ਹੈ।"

ਇਸ ਤਰ੍ਹਾਂ ਡਾਕਟਰ ਮੋਹਨ ਸਿੰਘ ਇਕ ਸੰਤ ਕਵੀ ਹੈ। ਪਰ ਹਰ ਹੋਣੀ ਅਨਹੋਣੀ

ਨੂੰ ਪਰਖਣ ਵਾਲਾ, ਤਜਰਬੇਕਾਰ, ਵਿਦਿਆ ਨਿਪੁੰਨ ਸਨ। ਬੋਲੀ ਤੇ ਇਸਦਾ ਪੂਰਾ ਕਾਬੂ ਹੈ। ਅਲੰਕਾਰਾਂ ਵਿਚ ਨਵੀਨਪਨ ਤੇ ਹੈਰਾਨੀ ਦਾ ਅੰਸ਼ ਮੌਜੂਦ ਹੈ ਤੇ ਜੀਵਨ ਲਈ ਇਸ ਦੇ ਪਾਸ ਇਕ ਸਨੇਹਾ ਹੈ ਜੋ ਅਜ ਦੇ ਸੰਸਾਰ ਲਈ ਭਾਵੇਂ ਅਜਬ ਲੱਗੇ ਪਰ ਜਿਤਨਾ ਇਹ ਓਪਰਾ ਹੈ, ਉਤਨਾ ਇਹ ਪਿਆਰਾ ਹੈ, ਜਿਤਨਾ ਪਿਆਰਾ ਹੈ, ਉਤਨਾ ਹੀ ਨੇੜੇ ਹੈ।

ਗੀਤਾਂ ਵਿਚ ਸ਼ਾਹ ਹੁਸੈਨ ਦੀ ਕਵਿਤਾ ਦਾ ਰਸ ਹੈ ਤੇ ਬੋਲੀ ਦੀ ਮਿਠਾਸ ਸੁਆਦ ਦੇਂਦੀ ਹੈ। ਖੁਲ੍ਹੀ ਕਵਿਤਾ ਵਿਚ ਅਜ ਦੇ ਚੁਗਿਰਦੇ ਦਾ ਰੂਪ ਸਾਫ਼ ਝਲਕਦਾ ਹੈ। ਭਾਵੇਂ ਇਸ ਵਿਚ ਇਕ ਅਜੇਹੀ ਤਨਜ਼ ਗੁੱਝੀ ਹੈ ਜੋ ਅੱਜ ਨੂੰ ਆਪਣੇ ਪਿਛੇ ਨਾਲ ਮੇਲ ਰਖਣ ਤੇ ਆਪਣੇ ਨਵੇਂ ਆਦਰਸ਼ਾਂ ਉੱਤੇ ਇਕ ਵੇਰ ਫਿਰ ਨਜ਼ਰ ਦੁੜਾਨ ਦੀ ਤਾਕੀਦ ਕਰਦੀ ਹੈ।"[1]

ਠੀਕ ਹੀ, ਮੋਹਨ ਸਿੰਘ ਦੀ ਕਵਿਤਾ ਵਿਚ ਸ਼ਾਹ ਹੁਸੈਨ ਵਾਂਗ ਹੱਕ ਤੇ ਸੱਚ, ਤੱਥ ਤੇ ਤੱਤ, ਵਿਚਾਰ ਤੇ ਭਾਵ, ਰਸ ਤੇ ਕਸ, ਪਰੰਪਰਾ ਤੇ ਮੌਲਿਕਤਾ, ਨੈਤਿਕਤਾ ਤੇ ਤਨਜ਼, ਛੰਦ-ਬੱਧਤਾ ਤੇ ਖੁਲ੍ਹੀ ਕਵਿਤਾ ਵਾਲੀ ਰਵਾਨੀ ਹੈ। ਇਸੇ ਤਰ੍ਹਾਂ ਪ੍ਰੋ. ਸੁਰਿੰਦਰ ਸਿੰਘ ਨਰੂਲਾ ਮੰਨਦੇ ਹਨ ਕਿ ਇਨ੍ਹਾਂ ਨੇ ਡਾ. ਮੋਹਨ ਸਿੰਘ ਮਾਹਿਰ ਦੀ ਕਵਿਤਾ ਨੂੰ ਵੀ ਪ੍ਰਭਾਵਤ ਕੀਤਾ ਹੈ। ਆਪ ਲਿਖਦੇ ਹਨ—"ਡਾਕਟਰ ਮੋਹਣ ਸਿੰਘ ਪੰਜਾਬੀ ਦੇ ਵੱਡੇ ਖੋਜੀ ਤੇ ਮੰਨੇ-ਪ੍ਰਮੰਨੇ ਕਵੀ ਹਨ। ਆਪ ਦੀ ਖੋਜ ਨੇ ਆਪ ਦੇ ਸ਼ਬਦ ਭੰਡਾਰ ਨੂੰ ਬੜਾ ਵਧਾਇਆ ਹੈ ਤੇ ਵਿਦਿਆ ਨੂੰ ਉੱਚਾ ਕਰਕੇ ਸੋਹਜ ਨੂੰ ਤਿੱਖਾ ਕਰ ਦਿੱਤਾ ਹੈ। ਇਹ ਕਹਿਣਾ ਅਯੋਗ ਨਹੀਂ ਕਿ ਆਪ ਨੇ ਪੰਜਾਬੀ ਕਵਿਤਾ ਨੂੰ ਪਹਿਲੀ ਵਾਰ ਵਰਤਮਾਨ ਰੰਗ ਦਿੱਤਾ। ਆਪ ਦੀ ਕਵਿਤਾ ਵਿਚ ਛੰਦਾ ਬੰਦੀ ਵੀ ਹੈ ਤੇ ਖੁਲ੍ਹੀਆਂ ਵਾਰਤਕ ਨਜ਼ਮਾਂ ਵੀ। ਪੂਰਨ ਸਿੰਘ ਤੋਂ ਬਾਅਦ ਪਹਿਲੀ ਵਾਰ ਆਪ ਨੇ ਵਾਰਤਕ ਕਵਿਤਾ ਲਿਖੀ ਅਤੇ ਵਰਤਮਾਨ ਕਵੀਆਂ ਉਤੇ ਆਪ ਦੇ ਇਸ ਜਤਨ ਦਾ ਬੜਾ ਅਸਰ ਹੋਇਆ। ਸ਼ਰਫ਼ ਦੇ ਨਾਲ ਨਾਲ ਆਪ ਨੇ ਵੀ ਮਾਹਰ ਦੀ ਕਵਿਤਾ ਤੇ ਬੜਾ ਅਸਰ ਕੀਤਾ ਹੈ। ਆਪਣੀ ਨਵੀਂ ਪੁਸਤਕ 'ਮਸਤੀ' ਵਿਚ ਆਪ ਨੇ ਆਪਣੀ ਖੋਜ ਭਰੀ ਵਿਦਿਆ ਦੇ ਝਲਕਾਰੇ ਦਿੱਤੇ ਹਨ।"[2]

ਡਾ. ਸੁਰਿੰਦਰ ਸਿੰਘ ਕੋਹਲੀ ਆਪ ਨੂੰ 'ਭਾਰਤੀ ਛਾਇਆਵਾਦੀ ਤੇ ਸੂਫੀ ਮਤ ਦੇ ਰਹੱਸਵਾਦ' ਦਾ ਕਵੀ ਗਰਦਾਨਦੇ ਹਨ ਅਤੇ 'ਮਸਤੀ' ਨੂੰ ਆਪ ਦੀ ਸਭ ਤੋਂ ਵੱਡੀ ਪ੍ਰਾਪਤੀ ਮੰਨਦੇ ਹਨ। ਡਾ. ਕੋਹਲੀ ਲਿਖਦੇ ਹਨ—"ਆਪ ਨੇ ਇਕ ਨਿੱਕੇ ਜਿਹੇ ਤੋਲ ਵਾਲਾ, ਤੁਕਾਂਤ ਦੀਆਂ ਬੰਦਸ਼ਾਂ ਤੋਂ ਰਹਿਤ ਇਕ ਛੰਦ ਰਚਿਆ ਹੈ, ਜਿਸ ਤੇ ਮਾਹਿਰ ਤੇ ਦਰਦੀ ਆਦਿ ਕਵੀਆਂ ਨੇ ਵੀ ਹਥ ਅਜ਼ਮਾਇਆ ਹੈ। 'ਧੁੱਪ ਛਾਂ' ਵਿਚ ਛਾਯਾਵਾਦੀ ਅਸਰ ਪ੍ਰਤੱਖ ਹੈ ਅਤੇ ਅਲੰਕਾਰਾਂ ਦੀ ਸੁਚੱਜੀ ਵਰਤੋਂ ਕੀਤੀ ਹੈ ਜਿਹੜੀ ਅਖਾਉਤ ਦੇ ਨੇੜੇ ਤੇੜ ਪੁੱਜਦੀ ਹੈ। ਨਵੀਨ ਜਾਗ੍ਰਿਤੀ ਅਵਸਥਾ ਵਿਚ ਕਵੀ ਨੇ ਭਾਰਤੀ ਛਾਯਾਵਾਦੀ ਤੇ ਸੂਫ਼ੀ ਮਤ ਦੇ ਰਹੱਸਵਾਦ ਦਾ ਚੰਗਾ ਮੁਤਾਲਿਆ ਕੀਤਾ ਹੈ ਅਤੇ ਏਸੇ ਛਾਯਾਵਾਦ ਦਾ ਨਿਖਾਰ ਉਹਦੀ

[1]ਵੇਖੋ, ਮਸਤੀ, ਭੂਮਿਕਾ।
[2]-ਉਹੀ-

Sri Satguru Jagjit Singh Ji Elibrary NamdhariElibrary@gmail.com

ਸਭ ਤੋਂ ਚੰਗੀ ਰਚਨਾ 'ਮਸਤੀ' ਵਿਚ ਹੋਇਆ ਹੈ। ਕਵੀ ਜੀਵਨ ਵਿਚ ਖੁਸ਼ੀ ਲੋੜਦਾ ਹੈ ਅਤੇ ਆਪਣੀ ਹਸਤੀ ਨੂੰ ਮਿਟਾ ਨਹੀਂ ਦੇਣਾ ਚਾਹੁੰਦਾ। ਆਪਣੇ ਜੀਵਨ ਤਜਰਬੇ ਚੋਂ ਕੋਈ ਉਦਾਹਰਣ ਦੇਂਦਾ ਹੈ।"[1]

ਇਸੇ ਤਰ੍ਹਾਂ ਪ੍ਰਸਿੱਧ ਕਲਾ ਪਾਰਖੂ ਤੇ ਸਥਾਪੱਤ ਕਲਾ ਦੇ ਮਾਹਰ ਕਲਾਕਾਰ ਡਾ. ਐਸ. ਐਸ. ਭੱਟੀ ਇਸ ਬਹਿਸ ਨੂੰ ਬਹੁਤ ਸੁੰਦਰ ਢੰਗ ਨਾਲ ਉਸਾਰਦੇ ਹਨ। ਉਹ ਲਿਖਦੇ ਹਨ ਕਿ ਜਿੰਨਾ ਵਧੇਰੇ ਮੈਂ 'ਸਫ਼ੀਨਾ' ਨੂੰ ਪੜ੍ਹਦਾ ਜਾਂਦਾ ਹਾਂ, ਉੱਨਾ ਹੀ ਮੈਨੂੰ ਵਿਸ਼ਵਾਸ ਹੁੰਦਾ ਗਿਆ ਹੈ ਕਿ ਡਾ. ਦੀਵਾਨਾ ਕੇਵਲ ਵਿਦਵਾਨ ਹੀ ਨਹੀਂ ਜਿਵੇਂ ਕਿ ਉਨ੍ਹਾਂ ਦੇ ਕਈ ਸਮਝਦਾਰ ਪਰਸੰਸਕ ਸਮਝਦੇ ਹਨ ਉਹ ਇਸ ਕਿਸਮ ਦੀਆਂ ਲਿਖਤਾਂ ਨੂੰ ਇਕ ਪਾਸੜ ਲਿਖਤਾਂ ਕਹਿ ਕੇ ਤਿਰਸਕਾਰਦੇ ਹਨ। ਪਰ ਡਾ. ਭੱਟੀ ਵੀ ਇਹ ਗੱਲ ਸਵੀਕਾਰ ਕਰਦੇ ਹਨ ਕਿ ਉਨ੍ਹਾਂ ਦੀ ਕਵਿਤਾ ਉੱਨੀ ਹਰ ਮਨ ਪਿਆਰੀ ਨਹੀਂ ਹੋ ਸਕੀ ਜਿੰਨੀ ਹੋਣੀ ਚਾਹੀਦੀ ਸੀ। ਉਨ੍ਹਾਂ ਆਪਣੀ ਸ਼ੰਕਾ ਡਾ. ਦੀਵਾਨਾ ਨਾਲ ਸਾਂਝੀ ਕੀਤੀ—"ਆਪਦੀ ਕਵਿਤਾ ਉਸ ਵਿਲੱਖਣਤਾ ਦੀ ਧਾਰਨੀ ਹੈ ਜਿਹੜੀ ਮੈਂ ਕਦੇ ਘੱਟ ਹੀ ਦੇਖੀ ਹੈ। ਤਾਂ ਵੀ, ਕੋਈ ਇਸ ਬਾਰੇ ਕਿਉਂ ਨਹੀਂ ਜਾਣਦਾ ? ਕੋਈ ਇਸਨੂੰ ਮਾਣਤਾ ਕਿਉਂ ਨਹੀਂ ਦਿੰਦਾ, ਇਸ ਬਾਰੇ ਕੋਈ ਵਿਅਕਤੀ ਗੱਲ ਕਿਉਂ ਨਹੀਂ ਕਰਦਾ ?" ਇਸਦਾ ਬੜਾ ਹੀ ਢੁਕਵਾਂ ਉੱਤਰ ਡਾ. ਦੀਵਾਨਾ ਨੇ ਦਿੱਤਾ ਸੀ—"ਮੈਂ ਜੋ ਵੀ ਲਿਖਦਾ ਹਾਂ ਉਹ ਮੇਰੀ ਕਾਰਜ-ਸ਼ਾਲਾ ਵਿਚੋਂ ਹੈ ਤੇ ਕਾਰਜਸ਼ਾਲਾ ਲਈ ਹੈ। ਮੈਂ ਇਸਦੀ ਸਿਰਜਣਾ ਮੰਡੀ ਵਿਚ ਵੇਚਣ ਲਈ ਨਹੀਂ ਕਰਦਾ।...ਮੈਂ ਇਕ ਪਾਸੇ ਸੱਚੇ ਕਲਾਕਾਰ ਵਾਲੀ ਨਿਰਲੇਪਤਾ ਦਾ ਤੇ ਦੂਜੇ ਵੰਨੇ ਸੰਸਾਰ ਦੀ ਕਠੋਰਤਾ ਦਾ ਜਿਸ ਕੋਲ ਖੜੋ ਕੇ ਵੇਖਣ ਲਈ ਸਮਾਂ ਹੀ ਨਹੀਂ ਹੈ, ਸ਼ਿਕਾਰ ਬਣ ਗਿਆ ਹਾਂ।"[2] ਅਸਲੀਅਤ ਇਹ ਹੈ ਕਿ ਦੀਵਾਨਾ ਸਾਹਿਬ ਆਪਣੀ ਰਚਨਾ ਕਿਸੇ ਮਜਬੂਰੀ ਅਧੀਨ ਨਹੀਂ ਸਗੋਂ 'ਅੰਤਰ ਆਤਮਾ ਦੇ ਪ੍ਰਗਟਾਵੇ' ਲਈ ਕਰਦੇ ਰਹੇ ਹਨ ਜੋ ਕਦੇ ਤਾਂ ਪੂਰੀ ਤਰ੍ਹਾਂ 'ਕਾਵਿ ਅਨੁਭੂਤੀ ਹੋ ਨਿਬੜੀ ਹੈ ਤੇ ਕਦੇ ਇਲਹਾਮ ਦਾ ਰੂਪ ਵੀ ਧਾਰ ਗਈ ਹੈ।'

ਡਾ. ਭੱਟੀ ਨੇ ਡਾ. ਦੀਵਾਨਾ ਦੀ ਕਵਿਤਾ ਦਾ ਬਹੁਤ ਵਧੀਆ ਵਿਸ਼ਲੇਸ਼ਣ ਤੇ ਮੁੱਲਾਂਕਣ ਕੀਤਾ ਹੈ। ਮੈਂ ਉਸਦੀ ਸ਼ੈਲੀ ਦੀ ਸਫਲਤਾ, ਪ੍ਰਗਟਾਵੇ ਦੀ ਗਤੀ ਅਤੇ ਸੁਚੱਜੀ ਸ਼ਬਦ-ਚੋਣ ਤੋਂ ਇਸ ਕਦਰ ਪ੍ਰਭਾਵਿਤ ਹੋਇਆ ਕਿ ਮੈਨੂੰ ਜਾਪਿਆ ਇਹ ਵਾਸਤਵ ਵਿਚ ਹੀ ਇਕ ਪ੍ਰਤਿਭਾਸ਼ਾਲੀ ਬਜ਼ੁਰਗ ਕਵੀ ਹੈ ਜਿਸਦੀ ਕਵਿਤਾ ਸਾਨੂੰ ਇਕੋ ਵੇਲੇ ਰਾਜਨੀਤਕ, ਨੈਤਿਕ, ਸਮਾਜਿਕ ਤੇ ਅਧਿਆਤਮਿਕ ਖੇਤਰਾਂ ਵਿਚ ਅਗਵਾਈ ਦੇ ਸਕਦੀ ਹੈ। ਛੇਤੀ ਹੀ ਮੈਨੂੰ ਵਿਸ਼ਵਾਸ ਹੋ ਗਿਆ ਕਿ ਡਾ. ਦੀਵਾਨਾ ਇਕ ਵਿਦਵਾਨ, ਕਵੀ ਅਤੇ ਰਹੱਸਵਾਦੀ (Scholar, Poet and mystic) ਦਾ ਅਜਬ ਸੁਮੇਲ ਹੈ। ਇਨ੍ਹਾਂ ਤਿੰਨਾਂ ਖ਼ੇਤਰਾਂ ਵਿਚ ਉਨ੍ਹਾਂ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਹ ਇਕ ਵਿਦਵਾਨ ਹੈ; ਇਕ ਕਵੀ ਹੈ

---

[1] ਦੇਖੋ, ਮਸਤੀ, ਭੂਮਿਕਾ।
[2] The Mystic Rosary of Dr. Diwana, p. 15

Sri Satguru Jagjit Singh Ji Elibrary NamdhariElibrary@gmail.com

ਜਿਸ ਵਿਚ ਕਿਸੇ ਕਵੀ ਵਾਲਾ ਖਾਸ ਕਿਸਮ ਦੀ ਆਪਹੁਦਰਾ ਜਜ਼ਬਾਤੀਪਨ ਨਹੀਂ ਹੈ; ਇਕ ਰਹੱਸਵਾਦੀ ਹੈ ਜਿਸ ਵਿਚ ਕਿਸੇ ਰਹੱਸਵਾਦੀ ਵਾਲੀ ਔਖੇਰੀ ਉਲਝਣ ਤੇ ਚੱਕਰਬਾਜ਼ੀ ਨਹੀਂ ਹੈ। ਮੈਨੂੰ ਉਨ੍ਹਾਂ ਦੀ ਜੀਵਨ ਦੇ ਬਹੁਮੁਖੀ ਮਸਲਿਆਂ ਨੂੰ ਉਨ੍ਹਾਂ ਦੇ ਪੁਰਾਤਨ ਬਹੁ-ਆਯਾਮੀ ਪੱਖਾਂ ਨਾਲੋਂ ਪੁਛ-ਛਾਣ ਕੇ ਵੱਖਰੇ ਕਰਨ ਅਤੇ ਫੇਰ ਅਤਿ ਥੋੜੇ ਸ਼ਬਦਾਂ ਵਿਚ ਬੜੀ ਸੂਖਮਤਾ ਨਾਲ ਉਨ੍ਹਾਂ ਦਾ ਸਾਰ ਤੱਤ ਪ੍ਰਗਟ ਕਰਨ ਦੀ ਉਨ੍ਹਾਂ ਦੀ ਪਰਿਪੱਕ ਕੁਸ਼ਲਤਾ ਦੇਖਕੇ ਹੈਰਾਨੀ ਹੋਈ। ਮੈਨੂੰ ਅੱਜ ਤੋੜੀਂ ਇਕ ਬੱਝਵੇ ਮੋਹਨਕਾਰੀ ਅਚੰਭੇ ਵਿਚ ਰੱਖਣ ਵਾਲੀ ਇਕ ਹੋਰ ਗੱਲ ਇਹ ਹੈ ਕਿ ਡਾ. ਦੀਵਾਨਾ ਦੀ ਨਿਜੀ ਜ਼ਿੰਦਗੀ ਨੇ ਉਨ੍ਹਾਂ ਦੇ ਵਿਚਾਰ, ਬੋਲ ਤੇ ਅਮਲ ਵਿਚ ਕੋਈ ਮਤਭੇਦ ਪੈਦਾ ਨਹੀਂ ਕੀਤਾ। ਉਸਦੀ ਸ਼ਖਸੀਅਤ ਦੀ ਅਮੀਰੀ ਤੇ ਵਿਚਿਤ੍ਰਤਾ ਦੀ ਇਹ ਸੰਪੂਰਨਤਾ ਹੀ ਡਾ. ਦੀਵਾਨਾ ਨੂੰ ਹੋਰ ਕਵੀਆਂ, ਵਿਦਵਾਨਾਂ ਤੇ ਰਹੱਸਵਾਦੀਆਂ ਨਾਲੋਂ ਵਖਰਿਆਉਂਦੀ ਹੈ। ਉਹ ਇਨ੍ਹਾਂ ਵਿਚ ਕੇਵਲ ਇਕ ਨਹੀਂ ਹੈ। ਉਹ ਇਕ ਅਜਿਹਾ ਪੁਸ਼ਪ ਹੈ ਜਿਸ ਵਿਚਲੀ ਕਲਾਕਾਰ ਵਾਲੀ ਵਿਲੱਖਣਤਾ ਖਿੜ ਕੇ ਇਕ ਮਨੁਖ ਦਾ ਰੂਪ ਧਾਰ ਗਈ ਹੈ।"[1]

ਡਾ. ਮੋਹਨ ਸਿੰਘ ਦੀਵਾਨਾ ਆਲੋਚਨਾਤਮਕ ਤੇ ਸਿਰਜਨਾਤਮਕ ਸਾਹਿੱਤ ਰਚਨਾ ਇਕੋ ਵੇਲੇ ਕਰ ਰਹੇ ਸਨ। ਜਿਨ੍ਹਾਂ ਦਿਨਾਂ ਵਿਚ ਉਨ੍ਹਾਂ ਨੇ ਆਲੋਚਨਾ ਦੇ ਖੇਤਰ ਵਿਚ 'ਮਾਡਰਨ ਉਰਦੂ ਪੋਇਟਰੀ' ਅਤੇ 'ਪੰਜਾਬੀ ਸਾਹਿੱਤ ਦਾ ਇਤਿਹਾਸ' ਕ੍ਰਮਵਾਰ ਪੀ. ਐਚ. ਡੀ. ਤੇ ਡੀ. ਲਿਟ ਲਈ ਲਿਖਿਆ ਉਨ੍ਹਾਂ ਦਿਨਾਂ ਵਿਚ ਹੀ ਉਨ੍ਹਾਂ ਦਾ ਪਹਿਲਾ ਕਾਵਿ ਸੰਗ੍ਰਹਿ 'ਧੁਪ ਛਾਂ' ਸੰਨ (1929) ਈ. ਅਤੇ ਦੂਜਾ ਕਾਵਿ ਸੰਗ੍ਰਹਿ 'ਨੀਲਧਾਰਾ' ਸੰਨ (1931) ਈ. ਵਿਚ ਛਪਦਾ ਹੈ। ਡਾ. ਦੀਵਾਨਾ ਦੀ ਇਸ ਦੌਰ ਦੀ ਕਵਿਤਾ ਨੂੰ ਡਾ. ਰੋਸ਼ਨ ਲਾਲ ਆਹੂਜਾ ਨੇ "ਸ਼ੁੱਧ ਕਵਿਤਾ' ਦਾ ਨਾਂ ਦਿੱਤਾ ਹੈ। ਡਾ. ਆਹੂਜਾ ਨੇ ਦੀਵਾਨਾ ਨੂੰ 'ਵਿਸ਼ਵ ਵਿਆਪੀ-ਦ੍ਰਿਸ਼ਟੀ ਰੱਖਣ ਵਾਲਾ ਇਕ ਬਹੁ-ਆਯਾਮੀ (multi-dimensional) ਕਵੀ ਆਖਿਆ ਹੈ। ਡਾ. ਆਹੂਜਾ ਦੀਵਾਨਾ ਜੀ ਦੇ ਬਹੁਤ ਨੇੜੇ ਰਹੇ ਹਨ ਤੇ ਸਹਿਯੋਗੀ ਅਧਿਆਪਕ ਵੀ, ਇਸੇ ਲਈ ਉਨ੍ਹਾਂ ਦੇ ਕਥਨ ਵਿਚ ਵਿਅਕਤੀ ਤੇ ਰਚਨਾ, ਰਚਨਾ ਤੇ ਵਿਅਕਤਿਤ੍ਵ ਇਕ-ਮਿਕ ਹੋ ਗਏ ਜਾਪਦੇ ਹਨ। ਇਸੇ ਲਈ ਉਨ੍ਹਾਂ ਦਾ ਕਥਨ ਵਧੇਰੇ ਵਜ਼ਨੀ ਹੈ। ਆਪ ਲਿਖਦੇ ਹਨ :

"ਪਿਛਲੇ ਦੋ ਦਹਾਕਿਆਂ ਤੋਂ ਮੈਨੂੰ ਉਸਨੂੰ ਬਹੁਤ ਨੇੜਿਉਂ ਅਤੇ ਦੂਰੋਂ ਵੀ ਵੇਖਣ ਦਾ ਮੌਕਾ ਨਸੀਬ ਹੋਇਆ ਹੈ, ਇਸ ਦੌਰਾਨ ਮੈਂ ਉਸਨੂੰ ਸੱਚੇ ਸਾਧਕ ਵਾਂਗ ਜੀਵਨ ਤਜਰਬੇ ਕਰਦੇ, ਇਕ ਸਚੇ ਸਿਖ ਵਾਂਗ ਇਸਦੀਆਂ ਸ਼ਕਤੀਆਂ ਨਾਲ ਜੂਝਦੇ, ਇਕ ਬੁੱਤਘਾੜੇ ਵਾਂਗ ਹਥੌੜੇ ਦੀ ਮਾਰ ਤੇ ਕਲਮ ਦੀ ਨੋਕ ਨਾਲ ਆਪਣੇ ਆਪੇ ਨੂੰ ਘੜਦਿਆਂ ਅਤੇ ਇੰਵ ਇਕ ਵਿਹਾਰਕ ਫਿਲਾਸਫਰ ਵਾਂਗ ਨਵੇਂ ਜੀਵਨ-ਮੁੱਲ ਸਥਾਪਤ ਕਰਦਿਆਂ ਦੇਖਿਆ ਹੈ। ਉਹ ਮਿੱਠਤ, ਹਮਦਰਦੀ ਅਤੇ ਕੋਮਲਤਾ, ਦਾ ਪੁੰਜ ਹੈ ਜਿਸਨੂੰ ਮੈਥੀਉ ਆਰਨਲਡ ਇਕ ਸੱਚੇ ਸੱਭ ਪੁਰਸ਼ ਦੇ ਲੱਛਣ ਮੰਨਦਾ ਹੈ। ਉਹ ਬਹੁਤ ਵੱਡੀ ਪ੍ਰਤਿਭਾ ਦਾ ਮਾਲਿਕ ਹੈ,

[1]-Ibid-P. 17.

Sri Satguru Jagjit Singh Ji Elibrary NamdhariElibrary@gmail.com

ਕੁਝ ਪੱਖਾਂ ਤੋਂ 'ਆਧੁਨਿਕ ਪੰਜਾਬ ਦੀ ਮਹਾਨ ਸ਼ਖ਼ਸੀਅਤ ਹੈ ਜਿਸਦੇ ਆਪੇ ਅੰਦਰ ਪ੍ਰਾਚੀਨ ਅਧਿਆਤਮਿਕਤਾ, ਮੱਧਕਾਲੀਨ ਭਗਤੀ ਭਾਵ, ਪੱਛਮੀ ਮਾਨਵਤਾਵਾਦ ਅਤੇ ਆਧੁਨਿਕ ਚੇਤਨਾ ਦਾ ਇਕ ਥਾਂ ਸੰਗਮ ਹੋਇਆ ਹੈ।"[1]

ਡਾ. ਮੋਹਨ ਸਿੰਘ ਦੀਵਾਨਾ ਨੇ ਸੱਤ ਕਾਵਿ-ਸੰਗ੍ਰਹਿ ਪੰਜਾਬੀ ਜਗਤ ਨੂੰ ਭੇਂਟ ਕੀਤੇ ਹਨ—ਧੁੱਪ ਛਾਂ (ਸੰਨ 1931 ਈ.), ਨੀਲਧਾਰਾ (ਸੰਨ 1935 ਈ.), ਜਗਤ ਤਮਾਸ਼ਾ (ਸੰਨ 1942 ਈ.) ਨਿਰੰਕਾਰੀ ਸਾਖੀਆਂ (ਸੰਨ 1943 ਈ.), ਪੱਤਝੜ (ਸੰਨ 1944 ਈ.), ਮਸਤੀ (ਪਹਿਲਾ ਭਾਗ 1946, ਦੂਜਾ ਭਾਗ 700 ਚੌਬਰਗੇ ਸੰਨ 1949 ਈ.) ਸੋਮਰਸ (ਸੰਨ 1953 ਈ.)। ਇਕ ਹੋਰ ਪੁਸਤਕ 'ਸਹੰਸਰ ਧਾਰਾਂ' ਦੇ ਨਾਂ ਹੇਠ ਤਿਆਰ ਪਈ ਹੋਣ ਦੀ ਗੱਲ ਉਨ੍ਹਾਂ ਕੀਤੀ ਸੀ, ਪਰ ਇਹ ਪ੍ਰਕਾਸ਼ਿਤ ਨਹੀਂ ਹੋ ਸਕੀ। ਡਾ. ਆਹੂਜਾ ਨੇ ਆਪਣੇ ਲੇਖ ਵਿਚ ਛਪਣ ਤਾਰੀਖਾਂ ਇੰਵ ਦਿੱਤੀਆਂ ਹਨ —ਧੁੱਪ ਛਾਂ (ਸੰਨ 1929), ਨੀਲਧਾਰਾ (ਸੰਨ 1931 ਈ.)। ਡਾ. ਰੋਸ਼ਨ ਲਾਲ ਆਹੂਜਾ ਨੇ ਨੀਲਧਾਰਾ ਕਾਵਿ ਸੰਗ੍ਰਹਿ ਪੜ੍ਹਕੇ ਉਨ੍ਹਾਂ ਬਾਰੇ ਭਰਵੀਂ ਵਿਚਾਰ ਕੀਤੀ ਹੈ ਜਿਸਦਾ ਲਾਭ ਉਠਾ ਕੇ ਅਸੀਂ ਡਾ. ਦੀਵਾਨ ਦੇ ਰਚਨਾ-ਸੰਸਾਰ ਤਕ ਪੁੱਜ ਸਕਦੇ ਹਾਂ। ਇਸ ਲਈ ਅਸੀਂ ਦੀਵਾਨਾ-ਕਾਵਿ ਦੀ ਪਰਖ ਲਈ ਆਹੂਜਾ ਨੂੰ ਹੀ ਆਧਾਰ ਮੰਨਦੇ ਹਾਂ ਅਤੇ ਉਨ੍ਹਾਂ ਦੇ ਵਿਚਾਰ ਦਰਜ ਕਰਦੇ ਹਾਂ ਤਾਂ ਜੋ ਡਾ. ਦੀਵਾਨਾ ਦੀ ਮੁਢਲੀ ਕਵਿਤਾ ਬਾਰੇ ਜਾਣੂ ਹੋਇਆ ਜਾ ਸਕੇ। ਡਾ. ਆਹੂਜਾ ਨੇ ਆਪਣੀ ਗੱਲ ਨੀਲਧਾਰਾ ਤੋਂ ਸ਼ੁਰੂ ਕੀਤੀ ਹੈ ਅਤੇ ਮਸਤੀ ਤਕ ਦੇ ਚੋਣਵੇਂ ਕਾਵਿ ਦੇ ਆਧਾਰ ਤੇ ਇਹ ਸਿੱਟੇ ਕੱਢੇ ਹਨ ਜੋ ਡਾ. ਆਹੂਜਾ ਦੇ ਸ਼ਬਦਾਂ ਵਿਚ ਹੀ ਅਗਲੇ ਪੰਨਿਆਂ ਵਿਚ ਦਿਨ-ਬਿਨ ਦੇ ਰਹੇ ਹਾਂ :

"ਸੱਚ ਪੁੱਛਿਆ ਜਾਵੇ ਤਾਂ ਡਾ. ਮੋਹਨ ਸਿੰਘ ਦੀਵਾਨਾ ਇਕ ਬਹੁਮੁਖੀ ਪ੍ਰਤਿਭਾ ਹੈ; ਇਕ ਸ਼ੋਧਕਾਰ ਵਿਦਵਾਨ, ਆਲੋਚਕ, ਭਾਸ਼ਾ ਵਿਗਿਆਨੀ, ਸਰਵ ਹਿੰਦ ਪੱਧਰ ਦਾ ਵਿਚਾਰਕ ਹੈ; ਅੰਗ੍ਰੇਜ਼ੀ, ਉਰਦੂ, ਹਿੰਦੀ ਅਤੇ ਪੰਜਾਬੀ ਦਾ ਇਕ ਵਿਲੱਖਣ ਸਾਹਿੱਤਕਾਰ ਹੈ; ਇਕ ਕਹਾਣੀਕਾਰ; ਨਿਬੰਧਕਾਰ, ਨਾਟਕਕਾਰ ਅਤੇ ਸਭ ਤੋਂ ਵਧਕੇ ਇਕ ਕਵੀ ਹੈ।

ਡਾ. ਦੀਵਾਨਾ ਨੇ ਇਕ ਭਰਪੂਰ ਪਰ ਨਿਰੰਤਰ ਗਤੀਮਾਨ ਜੀਵਨ ਜੀਵਿਆ ਹੈ ਜਿਸ ਸਦਕਾ ਉਹ ਵਿਸ਼ਾਲ ਦ੍ਰਿਸ਼ਟੀਕੋਣ ਰੱਖਣ ਵਾਲਾ ਸਰਵਪੱਖੀ ਰੁਚੀ ਤੇ ਵਿਸ਼ਵ ਵਿਆਪੀ ਦ੍ਰਿਸ਼ਟੀ ਰੱਖਣ ਵਾਲਾ ਇਕ ਬਹੁ-ਆਯਾਮੀ ਕਵੀ ਹੈ।

ਡਾ. ਦੀਵਾਨਾ ਦੀ ਧਰਮ ਨਿਰਪੇਖ ਕਵਿਤਾ ਉਸ ਦੀਆਂ ਭਗਤੀ ਰਸ ਪੂਰਨ ਕਵਿਤਾਵਾਂ ਦੇ ਸੰਗ੍ਰਹਿ 'ਮਸਤੀ' (1948) ਨਾਲ ਸੰਪੂਰਨਤਾ ਨੂੰ ਪ੍ਰਾਪਤ ਹੁੰਦੀ ਹੈ, ਜਿਸ ਵਿਚ ਇਕ ਰਤਨ-ਮਾਲਾ ਵਰਗੇ, ਰਹੱਸਵਾਦੀ ਵਿਸ਼ੇ-ਵਸਤੂ, ਉੱਚ ਅਧਿਆਤਮਵਾਦ ਦੇ ਕਸ਼ੀਦ ਕੀਤੇ ਅੰਮ੍ਰਿਤ ਨਾਲ ਛਲਕਦੇ 700 ਚੌਬਰਗੇ ਸ਼ਾਮਲ ਹਨ, ਅਤੇ ਜਿਸ ਵਿਚ ਮੱਧਕਾਲੀ ਸ਼ਰਧਾ-ਭਗਤੀ, ਹਿੰਦੂ ਵੇਦਾਂਤਵਾਦ, ਅਤੇ ਫਾਰਸੀ ਸੂਫੀਵਾਦ ਦਾ ਸੁੰਦਰ ਸੁਮੇਲ ਹੋਇਆ ਮਿਲਦਾ ਹੈ। ਇਹ ਅਦੁੱਤੀ ਕਵਿਤਾ ਧਾਰਮਿਕ ਮੰਤਰ ਦੀ ਕਿਸਮ ਦੀ ਪ੍ਰਾਰਥਨਾ

[1]ਵੇਖੋ, ਐਨ ਇੰਟਰੰਡਕਸ਼ਨ ਟੂ ਪੰਜਾਬੀ ਲਿਟਰੇਚਰ, ਪੰਨਾ 235.

Sri Satguru Jagjit Singh Ji Elibrary NamdhariElibrary@gmail.com

ਨਾਲ ਸਮਾਨਤਾ ਰਖਦੀ ਹੈ।

"ਉਸਦੀਆਂ ਕੁਝ ਕੁਝ ਮੌਲਿਕ ਤੇ ਕੁਝ ਰੋਮਾਂਟਿਕ ਨਿਰੰਕਾਰੀ ਸਾਖੀਆਂ (ਗੁਰੂ ਨਾਨਕ ਦੀਆਂ ਜਨਮ ਸਾਖੀਆਂ 1946) ਗੁਰੂ ਜੀ ਦੇ ਸੰਤਗਤ ਜੀਵਨ ਨਾਲ ਸੰਬੰਧਤ ਕਥਾਤਮਕ ਸੁੰਦਰਤਾ ਨੂੰ ਮੁੜ ਸੁਰਜੀਤ ਕਰਨ ਦਾ ਆਹਰ ਹਨ ਅਤੇ ਸਪੈਂਸਰ ਦੀ 'ਫੇਅਰੀ ਕੁਈਨ' ਅਤੇ ਭਾਈ ਗੁਰਦਾਸ ਦੀਆਂ ਵਾਰਾਂ ਨਾਲੋਂ ਵਧੇਰੇ ਅਮੀਰ, ਇੰਦ੍ਰੀਆਵੀ, ਅਤੇ ਵਿਵਿਧ ਸੰਗੀਤ ਪੈਦਾ ਕਰਦੀਆਂ ਹਨ।

ਡਾ. ਦੀਵਾਨਾ ਦੀ ਸਰਵੋਤਮ ਲੌਕਿਕ ਕਵਿਤਾ ਉਹ ਹੈ ਜੋ ਆਰਨਲਡ ਦੇ ਸ਼ਬਦਾਂ ਵਿਚ ਕਾਵਿਕ-ਸੁੰਦਰਤਾ ਅਤੇ ਕਾਵਿਕ ਸੱਚ ਦੇ ਨਿਯਮਾਂ ਨਾਲ ਥਾਪੀਆਂ ਪਰਿਸਥਿਤੀਆਂ ਅਨੁਸਾਰ ਜੀਵਨ ਦੀ ਵਿਆਖਿਆ ਜਾਂ ਆਲੋਚਨਾ ਆਖੀ ਜਾਂਦੀ ਹੈ। ਇਹ ਵਿਚਾਰ ਚੰਗੇ ਹੋਣ ਜਾਂ ਸੋਹਣੇ, ਸੰਪੂਰਨ ਹੋਣ ਜਾਂ ਸ਼ਕਤੀਸ਼ਾਲੀ ਹੋਣ, ਪਰ ਜ਼ਰੂਰੀ ਨਹੀਂ ਕਿ ਉਹ ਨੈਤਿਕ ਜਾਂ ਅਨੈਤਿਕ ਹੋਣ, ਸਗੋਂ ਜ਼ਿੰਦਗੀ ਵਿਚੋਂ ਟੁੱਟੇ ਕੱਦੀ ਵੀ ਸਮਾਜਿਕ, ਰਾਜਨੀਤਕ ਆਰਥਿਕ ਜਾਂ ਸਭ ਤੋਂ ਵਧਕੇ ਮਾਨਵੀ ਵਿਚਾਰ ਹੋ ਸਕਦੇ ਹਨ ਅਤੇ ਜ਼ਿੰਦਗੀ ਇਨ੍ਹਾਂ ਸਵਾਲਾਂ ਦੇ ਜਵਾਬ ਜਾਂ ਵਿਆਖਿਆ ਮੰਗਦੀ ਹੈ। ਉਸਦੀ ਰਹੱਸਾਤਮਕ ਕਵਿਤਾ ਨਾਲ ਮਿਲਕੇ ਉਸਦੀ ਇਹ ਗੰਭੀਰ ਜਾਂ ਵਿਚਾਰ-ਪ੍ਰਧਾਨ ਕਵਿਤਾ ਡਾ. ਦੀਵਾਨਾ ਨੂੰ ਇਕ ਕਵੀ ਦੇ ਰੂਪ ਵਿਚ ਮਹਾਨਤਾ ਪ੍ਰਦਾਨ ਕਰਦੀ ਹੈ।

ਉਸਦੀ ਨੀਤਧਾਰਾ (1931) ਅਤੇ 'ਧੁੱਪ ਛਾਂ' (1929) ਦੀ ਸ਼ੁੱਧ ਕਵਿਤਾ ਦੇ ਬਾਵਜੂਦ, ਦੀਵਾਨਾ ਮਾਤਰ ਸਰੀਰ ਦਾ ਗੁਲਾਮ ਨਹੀਂ ਹੈ ਸਗੋਂ ਉਹ ਨਿਸ਼ਚੇ ਹੀ ਰੂਹ ਦਾ ਕਵੀ ਹੈ। ਇਸ ਲਈ, ਉਸਦੀ ਕਵਿਤਾ, ਉਚ ਵਿਚਾਰ, ਮਹਾਨ ਰੂਹ ਅਤੇ ਧਿਆਨ ਮਗਨ ਸੁਰ ਅਤੇ ਉੱਚ ਸੁਭਾਉ ਵਾਲੀ ਕਵਿਤਾ ਹੈ ਜਿਸ ਦੀ ਪ੍ਰਾਪਤੀ ਸੰਘਰਸ਼ ਕਰਨ ਤੋਂ ਬਿਨਾ ਨਸੀਬ ਨਹੀਂ ਹੁੰਦੀ। ਅਜਿਹੀ ਕਵਿਤਾ ਵਿਚ ਉਹ ਜੀਵਨ ਦੀਆਂ ਡੂੰਘਾਣਾਂ ਨਾਪਦਾ ਫਿਰਦਾ ਹੈ। ਅਤੇ ਉਸਦੀ ਕਲਾ-ਕੁਸ਼ਲਤਾ ਵੀ ਸੁਰੱਖਿਅਤ ਰਹਿੰਦੀ ਹੈ। ਇਹ ਚਿੰਤਨ-ਸ਼ੀਲ ਕਵਿਤਾ ਵਾਰੀ ਵਾਰੀ ਨਾਲ ਕੋਮਲ, ਸੋਚਭਰੀ, ਸ਼ਾਂਤ, ਸੰਸੇ ਭਰੀ, ਕੌੜੀ ਜਾਂ ਪਾਰਦਰਸ਼ੀ, ਕਰੁਣਾਭਰੀ ਅਤੇ ਦੁਖ ਦੀ ਘੜੀ ਵਿਚ ਮਾਰੇਆਂ ਟਾਹਰਾਂ ਵਾਂਗ ਪਿੱਛਾ ਕਰਦੀ ਕਵਿਤਾ ਹੈ। ਦੀਵਾਨਾ ਦੀ ਲੌਕਿਕ ਕਵਿਤਾ ਦੀ ਕੇਂਦਰੀ ਸੁਰ ਉਹ ਹੈ ਜਿਸਨੂੰ ਟੈਗੋਰ ਆਪਣੇ ਵਿਵਿਧ ਪੱਖਾਂ ਸਮੇਤ 'ਜ਼ਿੰਦਗੀ ਦਾ ਉਪਹਾਰ' ਦੀ ਸੰਗਿਆ ਦਿੰਦਾ ਹੈ : ਉਸਦੇ ਤਾਰੇ, ਮਾਇਆ ਤੇ ਪ੍ਰਭੂ ਆਦਿ ਗੀਤਾਂ ਵਿਚ ਜੀਵਨ ਦੀ ਖੁਸ਼ੀ ਹੈ; ਬੇ ਅੰਦਾਜ਼ੀ, ਘੁੱਟ ਘੁੱਟ ਵਿਚ ਜੀਵਨ ਦੀ ਤਾਂਘ ਹੈ; ਦੁਨੀਆਂ ਜਿਸ ਨੂੰ ਆਖਦੇ, ਪਾਰਾ ਅਤੇ ਦਵੰਦਤਾ ਵਿਚ ਜੀਵਨ ਗੁੰਝਲ ਹੈ; ਜੀਵਨ-ਪਥ, ਧੰਨਵਾਦ ਅਜਾਇਬਘਰ ਵਿਚ ਜੀਵਨ ਦੀ ਅਸੰਗਤੀ ਹੈ; ਦੇਸ਼-ਦੀਵਾਨੇ ਵਿਚ ਪਰਮਾਰਥ ਹੈ; ਦੂਰ ਵਿਚ ਰਾਸ਼ਟਰੀ ਏਕੇ ਦੀ ਜ਼ਰੂਰਤ; ਬੀਰਤਾ ਵਿਚ ਸਹੀ ਸੂਰਮਤਾ; ਮਾਇਆ ਵਿਚ ਭੌਤਿਕ ਚਮਕ ਅਤੇ ਜਵਾਨੀ ਵਿਚ ਵਿਆਕੁਲਤਾ ਹੈ।"

—ਪੰਨਾ 225-26

ਪਰ ਜੀਵਨ, ਜਿਵੇਂ ਕਿ ਕਵੀ ਲੱਭਦਾ ਹੈ, ਫੁੱਲਾਂ ਦੀ ਸੇਜ ਨਹੀਂ ਹੈ। ਇਹ ਇਕ ਮਾਇਆ, ਨਿਰਾ ਧੋਖਾ ਹੈ। ਦੋਸਤੀ ਗੰਧਲੀ, ਸਭ ਹਵਾ ਨਾਲ ਠਿਲ੍ਹਦੇ ਹਨ।

Sri Satguru Jagjit Singh Ji Elibrary NamdhariElibrary@gmail.com

ਬੁਰਾ ਵਕਤ-ਜਾਂ ਗਰੀਬੀ ਆਉਣ ਤੇ ਆਮ ਤੌਰ ਤੇਂ ਹਮਦਰਦੀ ਦੀ ਘਾਟ ਤੇ ਬੇਰਹਿਮੀ ਮਿਲਦੀ ਹੈ (ਦੋ) ਤੁਸੀਂ ਜੀਵਨ ਨੂੰ ਤੋਲੋ ਤੇ ਦੇਖੋ ਕਿ ਇਹ ਅਧੂਰਾ ਹੈ—**ਮੇਰੀ ਵਲੋਂ** ਜੀਵਨ ਦੀ ਅਸਮਾਨਤਾ ਅਸੰਤੋਖ ਪੈਦਾ ਕਰਦੀ ਹੈ, **ਕੌਣ ਕਰੇ, ਕੌਣ ਕਿਸੇ ਦਾ ਸਹਿੰਦਾ,** ਦੁਖੀ ਅਤੇ **ਕਦੇ ਕਦਾਈਂ** ਵਿਚ ਗਰੀਬਾਂ ਲਈ ਹਮਦਰਦੀ ਜਗਾਈ ਗਈ ਹੈ, ਅਤੇ **ਨਵਾਂ ਜ਼ਮਾਨਾ, ਹੋਰ ਵੀ ਹੋਰ ਕੀ,** ਵਿਚ ਆਧੁਨਿਕ ਸਭਿਅਤਾ ਉਤੇ ਤਿਖੇ ਹਮਲੇ ਕੀਤੇ ਗਏ ਹਨ। **ਕਿਥੇ ਮਾਰੇ,** ਵਿਚਲਾ ਸਨਕੀ ਸੁਭਾਉ ਨਿਪਟ ਨਿਰਾਸ਼ਾਵਾਦ ਨੂੰ ਜਨਮ ਦਿੰਦਾ ਹੈ।

**ਉਲ੍ਹਮੜਾ ਜੱਗ ਦਾ ਈ, ਤਾਂ ਮੈਂ ਜਾਣਾਂ, ਸੁਣੋ ਤਾਂ ਰੱਬ ਜੀ,** ਆਦਿ ਕਵਿਤਾਵਾਂ ਦੇ ਉਲਾਂਭਿਆਂ ਵਿਚ ਇਕ ਵਿਲੱਖਣ ਕਰੁਣਾ ਭਰੀ ਸੁੰਦਰਤਾ ਹੈ। ਪੰਜਾਬੀ ਸਾਹਿੱਤ ਦੇ ਇਨ੍ਹਾਂ ਸਰਵੋਤਮ ਸੰਬੋਧਨ-ਗੀਤਾ ਵਿਚ ਕਵੀ ਮਿਲਟਨ ਵਾਂਗ ਆਪਣੇ ਕਰਤਾ ਨੂੰ ਤਰਲੇ ਕਰਦਾ ਹੈ, ਪਰੰਤੂ ਨਾਲ ਹੀ ਇਕ ਵੇਦਾਂਤੀ ਵਾਂਗ ਅਮੀਰਾਂ ਤੇ ਬਲਵਾਨਾਂ ਦੀ ਸਰਪ੍ਰਸਤੀ ਕਰਨ ਸਦਕਾ ਅਤੇ ਉਸਦੀ ਗਰੀਬਾਂ ਅਤੇ ਆਪਣੀ ਆਤਮਾ ਦੀ ਗੱਲ ਮੰਨਣ ਵਾਲੇ ਲੋਕਾਂ ਪ੍ਰਤੀ ਅਣਗਹਿਲੀ ਵਰਤਣ ਸਦਕਾ ਕਵੀ ਆਪਣੇ ਹੀ ਅਦੁੱਤੀ ਢੰਗ ਨਾਲ ਇਸ ਤੋਂ ਵੀ ਪਰੇ ਜਾਂਦਾ ਹੈ ਅਤੇ ਆਤਮ-ਕੁਰਬਾਨੀ ਸਦਕਾ ਉਹ ਰੱਬ ਵਲੋਂ ਸਬਲਾਂ ਨੂੰ ਸਭ ਕੁਝ ਪ੍ਰਦਾਨ ਕਰਨ ਲਈ ਹਮਦਰਦੀ ਵੀ ਪੇਸ਼ ਕਰਦਾ ਹੈ, **ਕੀਹਦਾ ਸਾਜਨ, ਕੀਹਨੂੰ ਲੋੜੀਂਦਾ,** ਇਸ ਔਖੇ ਵੇਲੇ ਆਪਣੇ ਕਰਤਾ ਨਾਲ, ਜਤਲਾਈ ਹਮਦਰਦੀ ਕਵੀ ਨੂੰ ਉਸ ਪਰਮਾਤਮਾ ਨਾਲ ਸਮਝੌਤਾ ਕਰਨ ਦੀ ਪ੍ਰੇਰਨਾ ਦਿੰਦੀ ਹੈ ਅਤੇ ਜ਼ਿੰਦਗੀ ਦੀ ਸਹੀ ਤਸਵੀਰ ਸਾਮ੍ਹਣੇ ਲਿਆਉਂਦੀ ਹੈ। ਪੀਲੇ ਪੱਤਰ। **ਉਹ ਪਤਝੜ** ਅਤੇ **'ਲੰਗੋਟੀਆਂ ਤੇ'** ਵਿਚ ਉਹ ਆਪਣੀ ਦਸ਼ਾ ਨੂੰ ਸਮਭਾਵ ਨਾਲ ਗ੍ਰਹਿਣ ਕਰਦਾ ਹੈ ਅਤੇ ਸੰਸਾਰ ਉਸਦੇ ਅਸਲ ਰੂਪ ਵਿਚ, ਤਿਆਗ ਭਾਵ ਨਾਲ, ਲੈਂਦਾ ਹੈ ਜਿਵੇਂ **ਰਹਿਣ ਦਿਉ, ਹੁਣ ਨਹੀਂ ਜਿੰਦੇ ਤੈਨੂੰ ਕੋਹਣਾ।** ਮਿੰਨਤਾ ਅਰਜੋਈ, ਹਾਰ ਦੇ ਵਿਚ ਮਿਲਟਨ ਵਾਲਾ ਕੋਈ ਦਵੰਦ ਨਹੀਂ, **ਮੈਨੂੰ ਡਰ ਜਿਹਾ ਆਵੇ ਜੀਵਨ ਦਾ** ਵਿਚ ਜੀਵਨ ਦਾ ਕੋਈ ਡਰ ਨਹੀਂ, ਸਗੋਂ **'ਕਦੇ ਤੂੰ ਰੁੱਸੇਂ, ਕਦੇ ਮੈਂ** ਵਿਚ ਜੀਵਨ ਦਾਤੇ ਨਾਲ ਇਕ ਮਿੱਠਾ ਜਿਹਾ ਸਮਝੌਤਾ ਵੀ ਕਰਦਾ ਹੈ।

ਡਾ. ਦੀਵਾਨਾ ਦੇ ਗੀਤਾਂ ਵਿਚ ਇਸਤਰੀ-ਮਨ ਵਾਲਾ ਸੰਗੀਤ, ਕੋਮਲਤਾ ਅਤੇ ਮਿਠਾਸ ਹੈ, ਉਨ੍ਹਾਂ ਵਿਚ ਭਗਤੀ-ਰਸ ਦਾ ਸੁਆਦ ਭਰਿਆ ਹੈ। ਕਵੀ ਕੋਲ ਇਸਤਰੀ ਹਿਰਦੇ ਦੀਆਂ ਧੜਕਣਾਂ, ਉਨ੍ਹਾਂ ਦੀਆਂ ਲਹਿਰਦੀਆਂ ਗੁੰਜਾਰਾਂ ਅਤੇ ਸੂਖਮ ਸੁਰਾਂ ਨੂੰ ਫੜਣ ਅਤੇ ਮੁੜ ਪ੍ਰਸਤੁਤ ਕਰਨ ਦਾ ਅਨੁਪਮ ਗੁਣ ਹੈ। ਵਿਸ਼ਵਾਸ ਕਰਨਾ ਔਖਾ ਹੈ ਕਿ ਕਿਸੇ ਪੁਰਸ਼ ਨੇ ਇਹ ਪ੍ਰਗੀਤ ਲਿਖੇ ਹਨ। ਗੁਰੂ ਨਾਨਕ ਨੇ ਆਪਣੀ 'ਪੱਟੀ' ਵਿਚ ਇਸਤਰੀ-ਮਨ ਦੀਆਂ ਤਾਂਘਾਂ ਅਤੇ ਆਨੰਦ ਨੂੰ ਸ਼ਿੰਗਾਰਕ ਰਹੱਸਵਾਦ ਦੇ ਰੂਪ ਵਿਚ ਵਿਅਕਤ ਕੀਤਾ ਸੀ। **ਸ਼ਿੰਗਾਰ, ਅਜਬ ਅਜਾਇਬ, ਮਿੰਨਤਾਂ ਦੱਸਦਾ ਜਾ, ਜੀਭ,** ਆਦਿ **ਜਗਤ-ਤਮਾਸ਼ਾ** ਦੇ ਕੁਝ ਪ੍ਰਗੀਤ ਹਨ ਜਿਨ੍ਹਾਂ ਵਿਚ ਮੌਲਿਕ ਅਤੇ ਸਦੀਵੀ ਸੁੰਦਰਤਾ ਹੈ। **ਕੀ ਹੋਵਾਂ, ਕੌਣ ਕੌਣ,** ਅਤੇ **ਪਹਿਲਾਂ ਪਹਿਲ** ਉਹ ਕੋਮਲ ਕਲਾਕ੍ਰਿਤਾਂ ਹਨ ਜੋ ਨਵੇਂ ਭਾਵਾਂ ਅਤੇ

Sri Satguru Jagjit Singh Ji Elibrary NamdhariElibrary@gmail.com

ਜਜ਼ਬਿਆਂ ਲਈ ਤਾਂਘਦੇ ਬਾਲ-ਮਨ ਤੇ ਇਕ ਜਾਦੂ ਅਸਰ ਕਰਦਾ ਹੈ।

ਉਸਦੀ ਮੁਕਤ-ਕਾਵਿ ਕਵਿਤਾਵਾਂ ਵਿਚ ਵੀ ਉਹੋ ਸਰਵੋਤਮ ਪ੍ਰਗੀਤਕ ਗੁਣ ਵਿਦਮਾਨ, ਹੈ, ਜੋ ਕੁਦਰਤੀ ਤੌਰ ਤੇ ਘਟ ਸੰਗੀਤਮਈ ਪਰ ਵਧੇਰੇ ਚਿਤ੍ਰਾਤਮਕ ਹਨ। ਜਿਵੇਂ ਕਿ **ਕੀ ਗਲ** ਏ, ਅਤੇ 'ਨਾਮ ਲੈਂਦਿਆਂ ਹੀ ਜਿਨ੍ਹਾਂ ਵਿਚ ਨਾਟਕੀਅਤਾ ਅਤੇ ਗਤੀ ਹੈ। ਮੁਕਤ-ਕਾਵਿ ਲਿਖਣ ਦਾ ਲਾਲਚ ਤਾਂ ਬਹੁਤੇ ਕਰਦੇ ਹਨ ਪਰ ਘਟ ਲੋਕੀਂ ਹੀ ਇਸ ਵਿਚ ਸਫਲ ਹੁੰਦੇ ਹਨ। ਸਫਲ ਮੁਕਤ-ਕਾਵਿ ਲਿਖਣ ਵਿਚ ਪ੍ਰਮੁੱਖ ਔਕੜ ਕਵੀ ਦੀ ਵਿਅਕਤੀ-ਗਤ ਲਯ ਦੀ, ਪਾਠਕ ਦੇ ਵਿਚਾਰ, ਬੋਲ ਜਾਂ ਭਾਵ ਦੀ ਨੀਰਸ ਲਯ ਉਤੇ ਸਫਲਤਾ ਪ੍ਰਾਪਤ ਕਰਨ ਵਿਚ ਆਉਂਦੀ ਹੈ। ਜੇਕਰ ਕਵੀ ਪਾਠਕ ਦੇ ਮਨ ਵਿਚ ਸੁਰ ਸੰਚਾਰ ਕਰਨ ਵਿਚ ਸਫਲ ਹੋ ਜਾਂਦਾ ਹੈ, ਤਾਂ ਕਾਵਿ ਦੇ ਜਾਦੂ ਦੀ ਛੜੀ ਉਸਦੇ ਹੱਥ ਆ ਜਾਂਦੀ ਹੈ, ਨਹੀਂ ਤਾਂ ਉਹ ਮਾਤਰ ਆਪਣੀ ਆਵਾਜ਼ ਤਕ ਹੀ ਸੀਮਤ ਰਹਿੰਦਾ ਹੈ। ਹਿੰਦੀ, ਪੰਜਾਬੀ ਤੇ ਉਰਦੂ ਦੀ ਬਹੁਤੀ ਨਵੀਂ ਕਵਿਤਾ ਬੇਤੁਕੀ, ਸਥਾਨਕ, ਤੇ ਸਨਕ ਭਰੀ, ਮਾਤਰ ਵਾਕਾਂ ਵਿਚ ਪਰੋਈ ਹੋਈ ਗੱਦ ਹੈ, ਨ ਪੰਗਤਾਂ ਵਿਚ ਕੋਈ ਲਯ ਹੈ ਨ ਪੰਗਤਾਂ ਦੇ ਵਿਚਕਾਰ ਹੀ। ਡਾ. ਦੀਵਾਨਾ ਨੇ ਕੁਝ ਸਹੀ ਮੁਕਤ-ਕਾਵਿ ਦੀ ਰਚਨਾ ਕੀਤੀ ਹੈ ਜਿਸਦਾ ਅੰਦਰਲਾ ਸੰਗੀਤ ਸੁਣਨ ਯੋਗ ਹੈ, ਅਤੇ ਇਥੇ ਮੈਨੂੰ ਟੈਗੋਰ ਦੀ ਗੱਲ ਚੇਤੇ ਆਉਂਦੀ ਹੈ ਜਿਸ ਵਿਚ ਭਾਵਨਾ ਦੀ ਕੋਮਲਤਾ, ਕਲਪਣਾ ਦੀ ਸੂਖਮਤਾ, ਅਤੇ ਮੁਹਾਵਰੇ ਦਾ ਸਹਿਜ ਹੈ - **ਨੀ ਤੂੰ ਮੋਈ ਕਿਹੜੀ ਗੱਲ ਪਿਛੇ, ਕਦੀ ਕਦੀ ਰਾਤਾਂ ਨੂੰ ਆਉਂਦਾ ਹੈ, ਪੰਜ ਸੁਹਾਗਣਾਂ ਦਾ ਇਕੋ ਸੁਹਾਗ,** ਆਦਿ ਕਵਿਤਾਵਾਂ ਪਿਆਰ ਨੂੰ ਉਸ ਉੱਚ ਰਹੱਸਮਈ ਮੰਡਲਾਂ ਵਿਚ ਲੈ ਜਾਂਦੀਆਂ ਹਨ ਜਿਥੇ ਪਿਆਰ ਹੀ ਸੱਤ ਹੈ ਤੇ ਸੱਤ ਹੀ ਪਿਆਰ ਹੈ। **ਸੁਣੇਂ ਤਾਂ ਰੱਬ ਜੀ,** ਕੋਮਲ ਭਾਵ ਨਾਲ ਆਰੰਭ ਹੁੰਦੀ ਹੈ ਅਤੇ ਇਸਦੇ ਅੰਦਰਵਰਤੀ ਵਿਅੰਗ ਦੇ ਬਾਵਜੂਦ ਪਿਆਰ ਤੇ ਤ੍ਰਾਸਦੀ ਦੇ ਉੱਚ ਮੰਡਲਾਂ ਵਿਚ ਜਾ ਦਾਖਲ ਹੁੰਦੀ ਹੈ ਜਿਹੜੀ ਸਾਨੂੰ ਧੁਰ ਅੰਦਰ ਤਕ ਨਪੀੜ ਕੇ ਰੱਖ ਦਿੰਦੀ ਹੈ।"

—ਪੰਨਾ 229–30

ਡਾ. ਦੀਵਾਨਾ ਦੀ ਕਵਿਤਾ ਦਾ ਅੰਤਿਮ ਪਰ ਇਕੋ ਇਕ ਤੱਤ ਸਿਰਫ ਉਹ ਨਹੀਂ ਜਿਸਨੂੰ ਵਿਅੰਗ ਕਹਿੰਦੇ ਹਨ, ਸਗੋਂ ਤੀਖਣ ਸੰਤਾਪ ਦੀ ਭਾਵਨਾ ਹੈ। ਆਮ ਸ਼ਰਨਾਰਥੀਆਂ (ਰੋਮੈਂਟਿਕ) ਅਤੇ ਖਾਸ ਕਰਕੇ ਗਰੀਬ ਔਰਤਾਂ (ਝੱਲੀ ਜ਼ਨਾਨੀ) ਦੀ ਤਰਸਯੋਗ ਹਾਲਤ ਬਦੀ ਹਥੋਂ ਸਤਾਏ ਲੋਕਾਂ ਲਈ ਡੂੰਘੇ ਸੰਤਾਪ ਦਾ ਪ੍ਰਗਟਾਵਾ ਕਰਦੀ ਹੈ। ਦੋਸਤਾਂ ਵਲੋਂ ਦਰਸਾਈ ਬੇਰੁਖੀ ਹੋਰ ਵੀ ਨਿਰਾਸ਼ਾਜਨਕ ਹੈ। ਉਸਦੀ **ਗੀਤ ਅਤੇ ਮੇਰੀ ਦੀਵਾਨਗੀ,** ਕਵਿਤਾਵਾਂ ਵਿਚ ਇਹ ਸੰਤਾਪ ਭਾਵ ਇਕ 'ਦਿਲ ਦਾ ਲਹੂ' ਬਣਕੇ ਪ੍ਰਗਟ ਹੋਇਆ ਹੈ। ਔਰਤ ਦੇ ਦਿਲ ਤੇ ਆਤਮਾ ਬਾਰੇ ਉਸ ਨੇ ਨਿੱਠ ਕੇ ਗਾਵਿਆ ਹੈ।

ਸ਼ਾਇਦ ਕੋਈ ਕਵਿੱਤਰੀ ਵੀ ਔਰਤ ਦੀ ਪ੍ਰਸੰਸਾ ਵਿਚ ਇਸ ਤੋਂ ਅੱਗੇ ਨਾ ਜਾ ਸਕਦੀ। ਪਰ ਇਸ ਸਥਿਤੀ ਦਾ ਇਕ ਦੂਜਾ ਪੱਖ ਵੀ ਹੈ ਉਹ ਮਾਂ ਨਾਲੋਂ ਕੁਝ ਵਧੇਰੇ ਅਤੇ ਗਾਂ ਨਾਲੋਂ ਕੁਝ ਘਟ ਪਰਛਾਈ ਤੇ ਸਹਾਰਾ ਹੈ। ਔਰਤ ਹੀ ਹੈ ਜਿਸਨੇ ਪੂਰਨ ਨੂੰ ਵਣਵਾਸ ਤੇ ਭਰਥਰੀ ਹਰਿ ਨੂੰ ਅੰਧਕਾਰ ਵਿਚ ਧੱਕਾ ਦਿੱਤਾ। ਪੂਰਨ ਦੇ ਦਿਲ ਦੀ ਮਾਸੂਮ ਕੁਰਲਾਹਟ ਅਤੇ ਭਰਥਰੀ ਹਰੀ ਦੀ ਆਤਮਾ ਦੀ ਚੀਤਕਾਰ ਦੀਵਾਨਾ **ਦੀ ਔਰਤ, ਤੋਬਾ,**

**ਪਤੀ ਦੀ ਪੁਕਾਰ, ਭੱਠ ਰੰਨਾ ਦੀ ਦੋਸਤੀ, ਸੱਪਣੀ ਵੀ ਹੈਗੀ ਮਈਆ,** ਵਿਚ ਸਾਫ਼ ਸੁਣਾਈ ਪੈਂਦੀ ਹੈ। ਬਰਨਾਰਡ ਸ਼ਾਅ ਕਹਿੰਦਾ ਹੈ ਕਿ ਜਦ ਜੀਵਨ-ਸੱਤਾ ਗੁਨਾਹ ਦੀ ਸ਼ਿੱਦਤ ਜਾਂ ਵਿਕਰਤੀ ਆਪਣੇ ਮਨੋਰਥ ਨਾਲੋਂ ਟੁੱਟ ਜਾਂਦੀ ਹੈ ਤਾਂ ਇਹ ਆਪਣੇ ਜੀਉਣ ਜੋਗੇ ਮਾਸ ਦੀ ਵੀ ਬੇਪਤੀ ਕਰਦੀ ਹੈ।" ਪੰਨਾ 230-31

ਡਾ. ਦੀਵਾਨਾ ਦੀ ਕਾਵਿ-ਕਲਾ ਦੀ ਮੈਂ ਧੁੱਪ ਛਾਂ, ਨੀਲਧਾਰਾ, ਜਗਤ ਤਮਾਸ਼ਾ (1941) ਪਤਝੜ (1944), ਨਿਰੰਕਾਰੀ ਸਾਖੀਆਂ, ਮਸਤੀ ਤੇ ਕੁਝ ਅਪ੍ਰਕਾਸ਼ਿਤ ਕਵਿਤਾਵਾਂ ਦੇ ਆਧਾਰ ਤੇ ਵਿਆਖਿਆ ਕੀਤੀ ਹੈ, ਇਹ ਕਾਵਿ ਕਲਾ ਆਪਣੇ ਆਕਾਰ, ਡੂੰਘਾਈ ਅਤੇ ਵਿਵਿਧਤਾ ਪਖੋਂ ਸਾਨੂੰ ਚਕਿਤ ਕਰਨ ਤੋਂ ਨਹੀਂ ਰਹਿੰਦੀ, ਉਸਦੀਆਂ ਮੁਢਲੀਆਂ ਦੋ ਕਿਰਤਾਂ (ਧੁੱਪ ਛਾਂ, ਨੀਲਧਾਰਾ) ਸ਼ੁੱਧ ਕਾਵਿ ਨਾਲ ਭਰਪੂਰ ਹਨ, ਜਿਨ੍ਹਾਂ ਦਾ ਮੁੱਲ ਇਨ੍ਹਾਂ ਦੀ ਬਿੰਬਾਵਲੀ ਜਾਂ ਸ਼ਬਦ-ਸੰਗੀਤ ਕਾਰਨ ਹੈ ਅਤੇ ਜੋ ਉਸਦੇ ਅਨੁਭਵ ਦੀ ਉਪਰਵਰਤੀ ਚਮਕਦੀ ਗਤੀ ਦੀ ਸ਼ਾਹਦੀ ਭਰਦੀਆਂ ਹਨ। ਇਨ੍ਹਾਂ ਵਿਚਲੀ ਕਲ਼ਾ ਕੀਟਸ, ਟੈਨੀਸਨ ਅਤੇ ਬ੍ਰਿਗਿਜ਼ ਵਾਂਗਰ ਹੈ, ਜੋ ਦੇਖਣ, ਸੁਣਨ, ਸੁੰਘਣ ਤੇ ਛੁਹਣ ਦੀਆਂ ਇੰਦਰੀਆਂ ਨੂੰ ਭਾਉਂਦੀ ਹੈ। ਉਸਦੇ ਸ਼ਬਦ-ਚਿੱਤਰ ਵਾਸਤਵ ਵਿਚ ਉਸਤਾਦੀ ਭਰੇ ਹਨ; ਉਸਦੇ ਬਿੰਬ ਬਸੰਤ ਰੁੱਤ ਦੇ ਪੱਤਿਆਂ ਵਾਂਗ ਸੰਘਣੇ ਹਨ, ਹਰੇਕ ਵਿਚ ਨਵਾਂ ਜੀਵਨ ਰੁਮਕਦਾ ਹੈ; ਉਸਦਾ ਮਧੁਰ ਗੁਣ ਕੀਟਸ ਦੇ 'ਆਦਮ' ਦੇ ਚੋਣਵੇਂ ਫਲਾਂ ਅਤੇ ਸੇਂਟ ਐਗਨੀਜ਼ ਦੀ 'ਈਵ' ਵਾਂਗੂ ਸੁਆ ਦੇਣ ਵਾਲਾ ਪ੍ਰਭਾਵ ਪੈਦਾ ਕਰਦਾ ਹੈ; ਅਤੇ ਉਸਦੀਆਂ ਅਨੁਕਰਣਯੋਗ ਸੁਰਾਂ ਹਰ ਕਿਸਮ ਦੀਆਂ ਆਵਾਜ਼ਾਂ ਦੀ ਪਛਾਣ ਰਖਦੀਆਂ ਹਨ। ਸ਼ਬਦਾ ਦਾ ਸੰਗੀਤ ਆਤਮਾ ਦੀ ਡੂੰਘੀ ਸੰਗਤੀ ਨਾਲ ਇਕਸੁਰ ਹੈ ਅਤੇ ਉਸਦੇ ਦ੍ਰਿਸ਼-ਬਿੰਬ ਉਸਦੀ ਜੀਵਨ-ਦ੍ਰਿਸ਼ਟੀ ਨੂੰ ਪਕੇ ਰੰਗ ਪ੍ਰਦਾਨ ਕਰਦੇ ਹਨ। ਉਸਦੀ ਕਲਾ ਅੰਦਰੋਂ ਬਲ਼ਵਾਨ ਧਾਗੇ ਤੇ ਬਾਹਰੋਂ ਪ੍ਰੀਤ ਨਾਲ ਪਰੋਏ ਅਤੇ ਵਿਵਿਧ 'ਪੈਟਰਨ' ਦੀ ਲਖਾਇਕ ਹੈ। ਨਾ ਉਸਨੂੰ ਆਪਣੇ ਪ੍ਰਗਟਾਏ ਰੂਪਾਂ ਨਾਲ ਤਸੱਲੀ ਹੈ ਨਾ ਉਹ ਰਵਾਇਤੀ ਕਵਿਤਾ ਨਾਲ ਕੁਰਾਹੇ ਹੀ ਪੈਂਦਾ ਹੈ। ਡਾ. ਦੀਵਾਨਾ ਨੇ ਨਵੇਂ ਕਾਵਿ-ਰੂਪ, ਨਵੀਂ ਕਾਵਿ ਸੰਗਤੀ, **ਨਵਾਂ ਜ਼ਮਾਨਾ** ਵਰਗੇ ਨਾਟਕੀ, ਦੋ ਵਰਗੇ ਪ੍ਰਭਾਵਸ਼ਾਲੀ, **ਉਲ੍ਹਾਮੜਾ ਜੱਗ ਦਾ ਈ, ਤਾਂ ਮੈਂ ਜਾਣਾਂ, ਕੌਣ ਕਰੇ, ਜੀਵਨ ਹੈ ਇਕ ਭਾਰ,** ਆਦਿ ਵਾਂਗ ਪਿੱਛਾ ਕਰਨ ਵਾਲੀ, ਅਪਣਾਈ ਹੈ। ਉਨ੍ਹਾਂ ਦਾ ਸ਼ਾਨਦਾਰ ਸੰਗੀਤ, ਉਨ੍ਹਾਂ ਦੀਆਂ ਭਾਵਨਾਵਾਂ ਦੀ ਡੂੰਘਾਈ, ਸ਼ਬਦ-ਭੰਡਾਰ ਦੀ ਸੁੰਦਰਤਾ ਅਤੇ ਅਭਿਵਿਅਕਤੀ ਚਮਤਕਾਰ ਪੂਰਨ ਹੈ।

ਆਪਣੇ ਪ੍ਰਗੀਤਾਂ ਤੇ ਗੀਤਾਂ ਵਿਚ ਕਵੀ ਨੇ ਸਾਡੇ ਖ਼ੂਨ ਵਿਚ ਸਦੀਆਂ ਤੋਂ ਰਚ ਮਿਚ ਚੁਕੇ ਮਹਿਲਾ-ਗੀਤਾਂ ਤੇ ਪ੍ਰਭਾਵਸ਼ਾਲੀ ਸੰਗੀਤ ਨੂੰ ਮੁੜ ਕੇ ਫੜਣ ਦਾ ਆਹਰ ਕੀਤਾ ਹੈ, ਅਤੇ ਜਿਹੜੇ, ਦੁਖ ਦੀ ਗੱਲ ਹੈ, ਅੱਜ ਸਾਡੇ ਕੋਲੋਂ ਖੁਸਦੇ ਜਾ ਰਹੇ ਹਨ। ਉਸਦੀ 'ਪੀਲੇ ਪੱਤਰ' ਉਸੇ ਪਿੱਛਾ ਕਰਦੇ ਸੰਗੀਤ ਦੀ ਲਰਜ਼ਦੀ ਹੋਈ ਗੁੰਜਾਰ ਸਾਂਭੀ ਬੈਠੀ ਹੈ ਜਿਸਨੇ ਸਾਨੂੰ ਪੀੜ੍ਹੀ ਦਰ ਪੀੜ੍ਹੀ ਮੰਤਰ-ਮੁਗਧ ਕੀਤੀ ਰਖਿਆ ਹੈ। ਉਸਦੀ 'ਨੀਂ' ਅਲੀ ਬਾਬਾ ਦੇ ਖੁਲ੍ਹ ਜਾ ਸਿਮ ਸਿਮ, ਦੇ ਜਾਦੂ ਨਾਲ ਇਸਤਰੀ-ਮਨ ਦੇ ਵਿਹੜੇ ਵਿਚ ਖੁਲ੍ਹਦੀ ਹੈ ਜਿਥੇ ਆਵਾਜ਼ਾਂ ਗੂੰਜ ਦਰ ਗੂੰਜ ਵਿਚ ਲੁਪਤ ਹੋ ਜਾਂਦੀਆਂ ਹਨ।

Sri Satguru Jagjit Singh Ji Elibrary NamdhariElibrary@gmail.com

ਵਾਸਤਵ ਵਿਚ, ਇਹ ਵੀ ਸੱਚ ਹੈ ਕਿ ਕੋਈ ਕਲਾਕਾਰ ਉਸੇ ਸਾਚ ਨੂੰ ਛੋੜਦਾ ਹੈ ਜੋ ਉਹ ਹੁੰਦਾ ਹੈ। ਪੰਜਾਬੀ ਦੀ ਮਨੋਵਿਗਿਆਨਿਕ ਕਹਾਣੀ (ਦੇਵਿੰਦਰ ਬਤੀਸੀ) ਸਮੱਸਿਆ ਨਾਟਕ (ਪੰਖੜੀਆਂ) ਅਤੇ ਮੁਕਤ-ਕਾਵਿ (ਧੁੱਪ ਛਾਂ ਤੇ ਜਗਤ ਤਮਾਸ਼ਾ) ਦੇ ਖੇਤਰ ਵਿਚ ਮੋਢੀ ਹੋਣ ਤੋਂ ਛੁੱਟ ਡਾ. ਦੀਵਾਨਾ ਰਿਗਵੇਦ, ਉਪਨਿਸ਼ਦ, ਭਗਵਤ ਗੀਤਾ, ਬੁੱਧ ਦੇ ਪ੍ਰਥਮ ਉਪਦੇਸ਼ ਅਤੇ ਗੋਰਖਨਾਥ ਦੇ ਯੋਗ ਆਦਿ ਦੀ ਅਪਣੀ ਵਿਆਖਿਆ ਵਿਚ ਪੂਰੀ ਤਰ੍ਹਾਂ ਮੌਲਿਕ ਹੈ ਅਤੇ ਨਵਾਂ ਹੈ। ਸਰ ਯੰਗ ਹਸਬੈਂਡ ਨੇ ਉਸ ਵਲੋਂ ਪ੍ਰਾਚੀਨ ਅਧਿਆਤਮਿਕਤਾ ਦੀ ਪੁਨਰ-ਸੁਰਜੀਤੀ ਦੇ ਸੰਬੰਧ ਵਿਚ ਜੋ ਕਥਨ ਕੀਤਾ ਹੈ, ਉਹ ਉਸਦੀ ਸਾਹਿੱਤ ਰਚਨਾ ਬਾਰੇ ਵੀ ਢੁਕਵਾਂ ਬੈਠਦਾ ਹੈ। ਪੰਜਾਬੀ ਸਾਹਿੱਤ ਅਤੇ ਪੰਜਾਬੀ ਸਭਿਆਚਾਰ ਨੂੰ ਦਿੱਤੀ ਉਸਦੀ ਦੇਣ ਨੂੰ ਅੱਖ ਪਰੋਖਿਉਂ ਨਹੀਂ ਕੀਤਾ ਜਾ ਸਕਦਾ।[1]

ਹੁਣ ਅਸੀਂ ਡਾ. ਮੋਹਨ ਸਿੰਘ ਦੀਵਾਨਾ ਦੇ ਕਾਵਿ ਦੀ ਤੋਰ ਮੁਤਾਬਕ ਉਨ੍ਹਾਂ ਦੇ ਵਿਚਾਰਾਂ ਵਿਚ ਤੇ ਕਾਵਿ-ਸ਼ਿਲਪ ਵਿਚ ਆਏ ਉਤਾਰ-ਚੜ੍ਹਾਉ ਤੇ ਨਿਖਾਰ ਬਾਰੇ ਵਿਚਾਰ ਕਰਾਂਗੇ। ਉਨ੍ਹਾਂ ਦਾ ਦੂਜਾ ਕਾਵਿ ਸੰਗ੍ਰਹ 'ਧੁੱਪ ਛਾਂ' ਹੈ ਜਿਸ ਵਿਚ ਡਾ. ਦੀਵਾਨਾ ਦਾ ਕਾਵਿ ਅਨੁਭਵ 'ਨੀਲ-ਧਾਰਾ' ਨਾਲੋਂ ਬਹੁਤਾ ਵੱਖਰਾ ਨਹੀਂ ਹੈ। ਇਥੇ ਆ ਕੇ ਆਲੋਚਕ ਡਾ. ਦੀਵਾਨਾ, ਕਵੀ ਡਾ. ਦੀਵਾਨਾ ਨਾਲ ਆ ਸ਼ਾਮਲ ਹੋਇਆ ਹੈ। ਉਸਨੇ ਆਪਣੇ ਇਸ ਸੰਗ੍ਰਹ ਦੇ ਮੁੱਢ ਵਿਚ ਆਪਣੀ ਕਵਿਤਾ ਦੇ ਕੱਥ ਤੇ ਸ਼ਿਲਪ ਬਾਰੇ ਕੁਝ ਸੰਕੇਤ ਕੀਤੇ ਹਨ ਜਿਨ੍ਹਾਂ ਨੂੰ ਜਾਣਕੇ ਉਸਦੇ ਕਾਵਿ ਨੂੰ ਸਮਝਣਾ ਵਧੇਰੇ ਸੌਖਾ ਹੋ ਜਾਵੇਗਾ। ਉਹ ਕਵਿਤਾ ਨੂੰ ਨਿਜੀ ਜੀਵਨ ਤਜਰਬੇ ਵਿਚੋਂ ਪੁੰਗਰੀ ਹੋਈ ਰਵਾਇਤ ਨਾਲੋਂ ਵੱਖਰੇ ਭਾਂਤ ਦੀ ਮੌਲਿਕ ਕਲਾ-ਕਿਰਤ ਕਹਿੰਦਾ ਹੈ। ਸਪੱਸ਼ਟ ਹੈ ਕਿ ਕਵੀ ਆਪਣੀ ਸਮਕਾਲੀ ਪੰਜਾਬੀ ਕਵਿਤਾ ਨੂੰ ਇਨ੍ਹਾਂ ਦੋਹਾਂ ਦਾਇਰਿਆਂ ਵਿਚ ਬੱਝੀ ਹੋਈ ਮੰਨਦਾ ਹੈ, ਤਾਂ ਹੀ ਤਾਂ ਉਹ ਇਨ੍ਹਾਂ ਵਿਚੋਂ ਬਾਹਰ ਨਿਕਲ ਕੇ ਕੁਝ ਵਿਲੱਖਣ ਚੀਜ਼ ਦੇਣ ਦੇ ਆਹਰ ਵਿਚ ਹੈ। ਉਸ ਵੇਲੇ ਦੇ ਕਾਵਿ ਵਿਚ ਰਵਾਇਤੀ ਤੌਰ ਤੇ ਛੰਦਾਬੰਦੀ ਦੀ ਜਕੜ ਵਧੇਰੇ ਸੀ ਅਤੇ ਵਿਚਾਰਾਂ ਵਿਚ ਮੱਧਕਾਲੀ ਸੋਚ ਵਧੇਰੇ ਸੀ, ਪਰ ਡਾ. ਦੀਵਾਨਾ ਨੇ ਪ੍ਰੋ. ਪੂਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ ਵਾਂਗ ਮੁਕਤ ਕਾਵਿ ਜਾਂ ਖੁਲ੍ਹੀ ਕਵਿਤਾ ਨੂੰ ਤਰਜੀਹ ਦਿੱਤੀ ਅਤੇ ਵਿਚਾਰਾਂ ਵਿਚ ਮੋਹਨ ਸਿੰਘ ਮਾਹਿਰ ਤੇ ਅੰਮ੍ਰਿਤਾ ਪ੍ਰੀਤਮ ਨਾਲੋਂ ਬਹੁਤ ਪਹਿਲਾਂ ਨਿਰੋਲ ਰੋਮਾਂਸਵਾਦੀ ਦ੍ਰਿਸ਼ਟੀ ਨੂੰ ਅਪਣਾ ਕੇ ਪਈਆਂ ਹੋਈਆਂ ਲੀਹਾਂ ਨੂੰ ਤੋੜਿਆ ਅਤੇ ਨਵਾਂ ਪੰਧ ਉਸਾਰਿਆ। ਗੁਰਦਿਆਲ ਸਿੰਘ ਖੋਸਲਾ ਦਾ ਵਿਚਾਰ ਹੈ ਕਿ ਡਾ. ਦੀਵਾਨਾ ਆਪਣੇ ਲਈ ਮਿਥੇ ਇਸ ਆਦਰਸ਼ ਜਾਂ ਮੱਯਾਰ ਤੇ ਨਹੀਂ ਪੁੱਜ ਸਕਿਆ। ਉਹ ਲਿਖਦੇ ਹਨ—

"ਜਦ ਕਵੀ ਆਪਣੀ ਮਨਸ਼ਾ ਬਿਆਨ ਕਰਦਾ ਹੈ ਤਾਂ ਉਸਦੇ ਸਾਹਮਣੇ ਓਹਦਾ ਆਦਰਸ਼ ਹੁੰਦਾ ਹੈ। ਉਹ ਆਪਣੇ ਲਈ ਇਕ ਉੱਚਾ ਮਿਆਰ ਰਖਦਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਹਦੀ ਰਚਨਾ ਲਈ ਇਸ ਮੱਯਾਰ ਤੱਕ ਪਹੁੰਚਣਾ ਅਸੰਭਵ ਹੋਵੇ, ਤੇ ਕਈ ਪਾਠਕਾਂ ਲਈ ਇਹ ਉਦਾਸੀ ਦਾ ਕਾਰਨ ਬਣੇ। ਕਵੀ ਦੇ ਆਪਣੀ ਮਨਸ਼ਾ ਨੂੰ

---

[1]ਪੰਜਾਬੀ ਰੂਪ ਮਾੜਾ ਹੈ।

Sri Satguru Jagjit Singh Ji Elibrary NamdhariElibrary@gmail.com

ਬਿਆਨ ਕਰਨ ਵਿਚ ਇਹ ਘਾਟਾ ਹੈ, ਪਰ ਪਛਾਣ ਵਾਲੇ ਪਾਠਕ ਸਮਝ ਜਾਂਦੇ ਹਨ ਕਿ ਓਹਦੇ ਲਈ, ਉਸ ਆਦਰਸ਼ ਉਚਾਈ ਤਕ, ਜੇਹੜੀ ਉਸਨੇ ਆਪਣੇ ਸਾਹਮਣੇ ਰਖੀ ਸੀ, ਪਹੁੰਚਣਾ ਅਸੰਭਵ ਹੈ। 'ਧੁੱਪ ਛਾਂ ਦੀਆਂ ਕੁਝ ਕਵਿਤਾਵਾਂ ਵਿਚ ਉਹ ਨਵੀਂ ਜਾਨ ਤੇ ਦਿਮਾਗ਼ੀ ਵਿਸ਼ਾਲਤਾ ਨਹੀਂ ਜੋ ਕਿ ਕਵੀ ਦੇ ਆਦਰਸ਼ ਸਨ !"[1] ਸੰਗ੍ਰਹ ਵਿਚ ਕੁਝ ਕਵਿਤਾਵਾਂ ਨੂੰ ਲੈਕੇ ਇਹ ਵਿਚਾਰ ਬਣਾਉਣਾ ਕਵੀ ਨਾਲ ਅਨਿਆਂ ਕਰਨਾ ਹੈ। ਕੁਝ ਕਵਿਤਾਵਾਂ ਵਿਚ ਨਵੀਂ ਜਾਨ ਤੇ ਦਿਮਾਗੀ ਵਿਸ਼ਾਲਤਾ ਨਹੀਂ, ਤਾਂ ਕੀ ਸਮੁੱਚਾ ਸੰਗ੍ਰਹ ਇਸ ਮਾਪਦੰਡ ਤੇ ਪਰਖਿਆ ਜਾ ਸਕਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਪੂਰੇ ਕਾਵਿ ਸੰਗ੍ਰਹ ਵਿਚ ਕੁਝ ਕਵਿਤਾਵਾਂ ਤਾਂ ਹੌਲੀਆਂ ਰਹਿ ਹੀ ਜਾਂਦੀਆਂ ਹਨ ਤਾਂ ਵੀ ਅਸੀਂ ਵਿਚਾਰ ਕਰਨ ਲੱਗੇ ਪ੍ਰਤਿਨਿਧ ਕਵਿਤਾਵਾਂ ਨੂੰ ਹੀ ਸਾਮ੍ਹਣੇ ਰੱਖਦੇ ਹਾਂ।

ਇਸ ਸੰਗ੍ਰਹ ਵਿਚ ਉਂਞ ਤਾਂ ਬਹੁਤ ਸਾਰੀਆਂ ਵਧੀਆ ਕਵਿਤਾਵਾਂ ਹਨ, ਜਿਨ੍ਹਾਂ ਵਿਚੋਂ ਡਾ. ਦੀਵਾਨਾ ਦੇ ਵਿਲੱਖਣ ਹਸਤਾਖਰ ਸਪੱਸ਼ਟ ਪਛਾਣੇ ਜਾ ਸਕਦੇ ਹਨ, ਪਰ ਉਨ੍ਹਾਂ ਦੀ ਕਵਿਤਾ ਸਾਡਾ ਜੀਵਨ, 'ਕਲਕੱਤਾ,' 'ਸੁੱਤੀ ਸ਼ਜ਼ਾਦੀ ਤੇ ਮਿੱਠੀ' ਅਤੇ ਕਵੀ ਆਦਿ ਕਵਿਤਾਵਾਂ ਨੂੰ ਇਸ ਸੰਗ੍ਰਹ ਦੀਆਂ ਪ੍ਰਤਿਨਿਧ ਰਚਨਾਵਾਂ ਮੰਨਕੇ ਆਖਿਆ ਜਾ ਸਕਦਾ ਹੈ ਕਿ ਡਾ. ਮੋਹਨ ਸਿੰਘ ਦੀਵਾਨਾ ਨੇ ਪੰਜਾਬੀ, ਕਾਵਿ ਵਿਚ ਨਵੇਂ ਮੀਲ ਪੱਥਰ ਸਥਾਪਤ ਕੀਤੇ ਹਨ, ਭਾਵੇਂ 'ਸਾਡਾ ਜੀਵਨ' ਕਵਿਤਾ ਵਿਚ ਕਿਸੇ ਅੰਗ੍ਰੇਜ਼ੀ ਕਵਿਤਾ ਦੀ ਝਲਕ ਵੀ ਦਿਖਾਈ ਪੈਂਦੀ ਹੈ ਪਰ ਜੀਵਨ ਦੇ ਮਨੋਰਥ, ਟੀਚੇ ਅਤੇ ਸਾਰਥਕਤਾ ਨੂੰ ਜਿਸ ਢੰਗ ਨਾਲ ਇਥੇ ਬਿਆਨ ਕੀਤਾ ਗਿਆ ਹੈ ਉਹ ਸਮਕਾਲੀ ਕਾਵਿ ਵਿਚ ਬਹੁਤ ਘੱਟ ਵੇਖਣ ਵਿਚ ਆਇਆ ਹੈ।[2] 'ਸਾਡਾ ਜੀਵਨ' ਸਿੱਧਾ ਪ੍ਰਭਾਵ ਨਹੀਂ ਸਗੋਂ ਇਕ ਸੁੰਦਰ ਪ੍ਰਤਿਕ੍ਰਿਆ ਹੈ ਜਿਸ ਵਿਚ ਆਸ਼ਾਵਾਦ ਦੀ ਝਲਕ ਦੇਖੀ ਜਾ ਸਕਦੀ ਹੈ। ਡਾ. ਦੀਵਾਨਾ ਅਧਿਆਤਮਵਾਦੀ ਚਿੰਤਨ ਤੋਂ ਆਪਣੀ ਪ੍ਰੇਰਨਾ ਲੈਂਦੇ ਹਨ, ਇਸੇ ਲਈ ਉਹ 'ਜਾਗਰਤ ਅਵਸਥਾ' ਨੂੰ ਹੀ ਜੀਵਨ ਦੀ ਸੰਗਿਆ ਦਿੰਦੇ ਹਨ—'ਜੀਵਨ ਜਾਗਣ ਦਾ ਹੈ ਨਾਉਂ'। ਜੀਵਨ ਵਿਚ ਸੁਚੇਤ ਰਹਿਣਾ, ਜਾਗਦੇ ਰਹਿਣਾ ਹਰ ਕਿਸੇ ਦੇ ਨਸੀਬ ਵਿਚ ਨਹੀਂ ਹੈ, ਇਸ ਲਈ ਸਾਡਾ ਕਵੀ ਨਿਰਾਸ਼ਾ ਦੇ ਖੱਡੇ ਵਿਚ ਡਿੱਗੇ ਪਏ ਮਾਨਵ ਲਈ ਇਸ ਨੂੰ ਇਕ ਵਧੀਆ ਗੁਰ-ਮੰਤਰ ਦੇ ਤੌਰ ਤੇ ਵਰਤਦਾ ਹੈ। ਕਵੀ ਦਾ ਨਿਸ਼ਚਾ ਹੈ ਕਿ ਜੇਕਰ ਇਸ ਥੁੜ ਚਿਰੇ ਅਤੇ ਚਲਾਇਮਾਨ ਜਗਤ ਵਿਚ ਬੰਦਾ ਆਪਣੀ ਆਤਮਿਕ ਉੱਨਤੀ ਵੱਲ ਰਤਾ ਜਿੰਨਾ ਧਿਆਨ ਦੇਵੇ ਤਾਂ ਉਹ ਸਭ ਕਿਸਮ ਦੀਆਂ ਔਕੜਾਂ ਤੇ ਦੁਖਾਂ ਤਕਲੀਫ਼ਾਂ ਦਾ

---

[1]ਪੁਰਖ ਆਦਰਸ਼ ਤੇ ਗੱਦ ਗੁਣ

[2]ਮੈਂ ਜਦੋਂ ਟੈਗੋਰ, ਇਕਬਾਲ, ਈਲੀਅਟ ਜਾਂ ਅੰਗ੍ਰੇਜ਼ੀ ਰੋਮੈਂਟਿਕ ਕਵੀਆਂ ਵਿਚੋਂ ਕਿਸੇ ਨੂੰ ਪੜ੍ਹਦਾ ਹਾਂ ਤਾਂ ਕਈ ਵਾਰੀ ਪੜ੍ਹਦੇ ਪੜ੍ਹਦੇ ਮੇਰੇ ਮਨ ਵਿਚ ਇਕ ਪ੍ਰਤਿਕਰਮ ਹਰਕਤ ਵਿਚ ਆਉਂਦਾ ਹੈ। ਮੇਰਾ ਕੁਝ ਸਾਹਿੱਤ ਇਸ ਪ੍ਰਤਿਕਰਮ ਦਾ ਸਿੱਟਾ ਹੈ। ਇਹ ਸਾਹਿੱਤ ਜਾਂ ਤਾ ਅਸਲ ਕਵੀ ਦੀ ਰਚਨਾ ਦੇ ਜਵਾਬ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਤੇ ਜਾਂ ਉਸ ਨਾਲ ਮਿਲਦੀ ਜੁਲਦੀ ਕੋਈ ਸ਼ਕਲ ਧਾਰ ਲੈਂਦਾ ਹੈ। —ਡਾ. ਮੋਹਨ ਸਿੰਘ, ਮਹਿਕਮਾ ਪੰਜਾਬੀ ਪਟਿਆਲਾ—1955 ਵਿਚ ਪ੍ਰੋ. ਪ੍ਰੀਤਮ ਸਿੰਘ ਦੇ ਇਕ ਸਵਾਲ ਦੇ ਜਵਾਬ ਵਿਚ ਦਿੱਤਾ ਬਿਆਨ, ਪਨਾ 49-50.

Sri Satguru Jagjit Singh Ji Elibrary NamdhariElibrary@gmail.com

ਸਾਮ੍ਹਣਾ ਕਰਨ ਦੇ ਸਮਰਥ ਹੋ ਜਾਂਦਾ ਹੈ। ਬਲਵਾਨ ਆਤਮਾ ਹੀ ਸਫਲ ਜੀਵਨ ਦੀ ਕੁੰਜੀ ਹੈ।

ਇਸੇ ਤਰ੍ਹਾਂ 'ਕਲਕੱਤਾ' ਨਾਮੀ ਕਵਿਤਾ ਵਿਚ ਇਕ ਮਹਾਨਗਰ ਦੀਆਂ, ਖਾਸ ਕਰਕੇ ਉਦਯੋਗਿਕ ਉੱਨਤੀ ਦੇ ਵਧਦੇ ਕਦਮਾਂ ਵਾਲੇ ਸ਼ਹਿਰ ਦੇ ਨੱਠ-ਭੱਜ, ਕਾਹਲੀ ਤੇ ਪੈਸੇਵਾਦੀ ਨਜ਼ਰੀਏ ਉਤੇ ਚਾਨਣਾ ਪਾਇਆ ਗਿਆ ਹੈ। ਆਪਾਧਾਪੀ, ਲੁੱਟ-ਮਾਰ, ਖੋਹ-ਖੁੰਝ, ਦੁਖ, ਤਕਲੀਫ਼, ਛਲ ਕਪਟ ਤੇ ਅਨਿਆਂ ਮਹਾਨਗਰੀ ਸਭਿਅਤਾ ਦੇ ਸਰਾਪ ਹਨ ਜਿਨ੍ਹਾਂ ਨੂੰ ਦੇਖਕੇ ਕੋਮਲ ਭਾਵੀ ਕਵੀ ਦਾ ਅੰਦਰ-ਬਾਹਰ ਲੂਹਿਆ ਜਾਣਾ ਸੁਭਾਵਿਕ ਹੀ ਹੈ। ਉਸਦਾ ਵਿਸ਼ਾਦ ਦੇਖੋ

> ਕਾਲੇ ਧੂਤ—
> ਵਿਚ ਜ਼ਮਾਨੇ ਦੀ ਕਲੱਤਣ ਭਰੀ ਪਈ ਹੈ।
> ਜਿਥੇ ਪ੍ਰੇਮ ਥੋੜ੍ਹੇਟਰੀ ਵੱਸੇ
> ਗੁੱਭਾ ਵੈਰ ਬਜ਼ਾਰੀਂ ਖੁਲ੍ਹਾ ਹੱਸੇ।

ਅਜੋਕੇ ਸਮੇਂ ਦੇ ਕਲਕੱਤਾ ਨਗਰ ਦਾ ਚਿਤ੍ਰਣ ਕਰਨਾ ਹੋਵੇ ਤਾਂ ਉਪਰੋਕਤ ਪੰਗਤੀਆਂ ਵਿਅਰਥ ਦੀ ਬਾਲ-ਖੇਡ ਜਾਪੇਗੀ ਪਰ ਜਦ ਅਸੀਂ ਇਸਨੂੰ ਇਸ ਸਦੀ ਦੀ ਪਹਿਲੀ ਚੌਥਾਈ ਦੇ ਕਲਕੱਤਾ ਨਗਰ ਦੇ ਪ੍ਰਸੰਗ ਵਿਚ ਵਾਚਦੇ ਹਾਂ ਤਾਂ ਸਥਿਤੀ ਸਪੱਸ਼ਟ ਹੋ ਜਾਂਦੀ ਹੈ ਅਤੇ ਕਵੀ ਦੀ ਪਾਰਦਰਸ਼ੀ ਅੱਖ ਦੀ ਦਾਦ ਦੇਣੀ ਬਣਦੀ ਹੈ।

ਅਸੀਂ ਉਪਰ ਇਕ ਹੋਰ ਰੋਮਾਨੀ ਕਵਿਤਾ ਦਾ ਜ਼ਿਕਰ ਕੀਤਾ ਹੈ, ਉਹ ਹੈ, 'ਸੁੱਤੀ ਸਜਾਦੀ ਤੇ ਮਿੱਠੀ'। ਇਸ ਵਿਚ ਜਿਸਮਾਨੀ ਭੁੱਖ ਤੇ ਆਤਮਿਕ ਭੁੱਖ ਦੇ ਦਵੰਦ ਨੂੰ ਅਤੇ ਇਸੇ ਪਰਥਾਇ ਦੁਨੀਆਂ ਦੇ ਵਰਤਾਰੇ ਨੂੰ ਉਲੀਕਣ ਦਾ ਕਵੀ ਦਾ ਆਹਰ ਸੁਚੱਜਾ ਆਹਰ ਹੈ। ਇਸ ਰੋਮਾਨੀ ਕਵਿਤਾ ਦੀ ਜਿੰਦ-ਜਾਨ ਤਾਂ ਪ੍ਰੇਮ ਹੈ ਪਰ ਅਸਚਰਜ ਤੇ ਰਹੱਸ ਇਸ ਦੇ ਸਹਾਇਕ ਹੋਕੇ ਪ੍ਰਗਟ ਹੋਏ ਹਨ। ਇਸ ਕਵਿਤਾ ਬਾਰੇ ਖੋਸਲਾ ਜੀ ਆਪਣੇ ਪ੍ਰਭਾਵ ਇਨ੍ਹਾਂ ਸ਼ਬਦਾਂ ਵਿਚ ਵਿਅਕਤ ਕਰਦੇ ਹਨ—"ਇਸ ਕਵਿਤਾ ਵਿਚ ਕਵੀ ਨੇ ਇਕ ਜਿਸਮਾਨੀ ਕਰਮ ਨੂੰ ਇਸੇ ਆਸ ਪਾਸ, ਲੋਕਾਂ ਦੇ ਮਨਾਂ ਵਿਚ ਲੱਗੀ ਲਬੇੜ ਤੋਂ, ਸੁਅੱਛ ਕਰਕੇ ਕਾਵਿ ਦੀ ਸਿਖਰ ਤੱਕ ਪਹੁੰਚਾਇਆ ਹੈ। ਪੰਜਾਬੀ ਕਾਵਿ ਵਿਚ ਜਿਸਮਾਨੀ ਵਿਸ਼ਿਆਂ ਦਾ ਇਸ ਤਰ੍ਹਾਂ ਦਾ ਸਿਆਣਾ ਬਿਆਨ ਹਾਲੀਂ ਘੱਟ ਹੈ। ਜੇ ਕਾਵਿ ਨੂੰ ਜੀਵਨ ਉਤੇ ਸੱਚਾ ਤੇ ਪੂਰਾ ਉਤਰਨਾ ਹੈ ਤਾਂ ਇਨ੍ਹਾਂ ਵਿਸ਼ਿਆਂ ਨੂੰ ਬਣ ਆਉਂਦੀ ਥਾਂ ਦੇਣਾ ਜ਼ਰੂਰੀ ਹੈ।"[1]

'ਜਗਤ-ਤਮਾਸ਼ਾ'[2] ਕਾਵਿ ਵਿਚ ਲੌਕਿਕ ਧਰਾਤਲ ਤੇ ਵਿਚਰਦਾ ਭਾਵਨਾ-ਮੰਡਲ ਅਧਿਆਤਮਿਕ ਮੰਡਲਾਂ ਵਿਚ ਪ੍ਰਵੇਸ਼ ਕਰਦਾ ਹੈ ਅਤੇ 'ਦੇਖਣ ਆਇਓ ਜਗਤ ਤਮਾਸ਼ਾ'

---

[1]ਦੇਖੋ ਪੁਰਖ ਆਦਰਸ਼ ਤੇ ਗੌਰ ਗੁਣ, ਜਿਤਿੰਦਰ ਸਾਹਿੱਤ ਸਰੋਵਰ, ਸੰਨ 1950 ਈ., ਪ੍ਰੇਮ ਸਾਹਿੱਤ ਨਿਕੇਤਨ ਦਿੱਲੀ।

[2]ਲਾਹੌਰ ਬੁਕ ਸ਼ਾਪ ਲੁਧਿਆਣਾ, ਛਪਣ ਤਾਰੀਖ ਨਹੀਂ ਦਿੱਤੀ, ਪਰ ਲੇਖਕ ਦੀ ਦੱਸ ਅਨੁਸਾਰ ਇਹ ਸੰਨ 1942 ਵਿਚ ਛਪਿਆ ਸੀ।

Sri Satguru Jagjit Singh Ji Elibrary NamdhariElibrary@gmail.com

ਦੀ ਸੁਰ ਨਾਲ ਜਾ ਮੇਲ ਖਾਂਦਾ ਹੈ। ਇਸ ਸੰਗ੍ਰਹ ਦੀਆ ਕੁਝ ਕਵਿਤਾਵਾਂ ਦੇ ਅੰਤ ਤੇ ਲਿਖਣ ਦੀ ਤਾਰੀਖ ਵੀ ਦਿੱਤੀ ਗਈ ਹੈ ਜਿਵੇਂ ਕਿ ਕੀ 'ਹੱਵਾ' (?, 4, 1931), 'ਸਾਵਿੱਤਰੀ' (17.3.1932), 'ਤਸਵੀਰ' (2.4.1934) ਅਤੇ ਗਰੀਬ (ਸੰਨ 1941) ਈ.), ਦੋ ਹੋਰ ਕਵਿਤਾਵਾਂ ਵਿਚ ਸੰਨ 1941 ਈ. ਦਾ ਜ਼ਿਕਰ ਹੈ ਜਿਸ ਨਾਲ ਸਹਿਜੇ ਹੀ ਇਸ ਸੰਗ੍ਰਹ ਦੀਆਂ ਕਵਿਤਾਵਾਂ ਦਾ ਲਿਖਣ ਕੈਨਵਸ ਇਸ ਸਦੀ ਦਾ ਚੌਥਾ ਦਹਾਕਾ ਯਾਨੀ ਸੰਨ 1931 ਈ. ਤੋਂ 1941 ਈ. ਮਿਥਿਆ ਜਾ ਸਕਦਾ ਹੈ। ਇਸ ਸੰਗ੍ਰਹ ਦੀਆਂ ਕੁਝ ਕਵਿਤਾਵਾਂ ਜਿਵੇਂ ਕਿ ਹਮ ਖਿਆਲ ਅਤੇ ਸਾਰੇ ਦੇ ਸਾਰੇ ਗੀਤ ਕਵੀ ਦੇ ਮਗਰੋਂ ਛਪਣ ਵਾਲੇ ਕਾਵਿ ਸੰਗ੍ਰਹ ਸੋਮਰਸ (ਸੰਨ 195? ਈ.) ਵਿਚ ਹੂ-ਬ-ਹੂ ਛਾਪੇ ਗਏ ਮਿਲਦੇ ਹਨ। ਇਸ ਸੰਗ੍ਰਹ ਦੀਆਂ ਕਵਿਤਾਵਾਂ ਵਿਚ ਕਵੀ ਨੇ ਵਿਵਿਧ ਵਿਸ਼ੇ ਅਪਣਾਏ ਹਨ ਜਿਵੇਂ ਕਿ ਵਿਅਕਤੀਗਤ ਜੀਵਨ, ਪਿਆਰ, ਦੇਸ਼ ਭਗਤੀ, ਪ੍ਰਭੂ-ਭਗਤੀ, ਰੋਮਾਂਸ ਅਤੇ ਕੁਦਰਤ ਵਰਣਨ ਅਤੇ ਸਮਕਾਲੀ ਸਮਾਜਿਕ ਸੰਦਰਭ ਆਦਿ। 'ਕਲ' ਕਵਿਤਾ ਵਿਅਕਤੀਗਤ ਹੈ, 'ਜੰਗ' ਵਿਚ ਵਿਸ਼ਵ ਸ਼ਾਂਤੀ ਦੀ ਗੱਲ ਹੈ ਤੇ 'ਸਿਆਲਕੋਟ' ਵਿਚ ਦੇਸ਼ ਭਗਤੀ ਹੈ, ਨਾਲ ਹੀ ਇਕਬਾਲ, ਪੂਰਨ ਭਗਤ, ਸੁਆਮੀ ਰਾਮਤੀਰਥ ਤੇ ਗੁਰੂ ਨਾਨਕ ਦੇਵ ਨੂੰ ਸ਼ਰਧਾਂਜਲੀ ਦਿੱਤੀ ਗਈ ਹੈ। ਕਸ਼ਮੀਰ ਕੁਦਰਤ ਤੇ ਕਾਦਿਰ ਬਾਰੇ ਲਿਖੀ ਬਹੁਤ ਵਧੀਆ ਨਜ਼ਮ ਹੈ; ਕਵੀ ਦੈਵੀ ਅਤੇ ਸੰਸਾਰਕ ਦੋਵੇਂ ਹੀ ਤਰ੍ਹਾਂ ਦੀ ਸੁੰਦਰਤਾ ਦਾ ਆਸ਼ਿਕ ਹੈ ਤੇ ਇਹ ਕਸ਼ਮੀਰ ਵਿਚ ਹੀ ਸੁਲਭ ਹੈ :

ਕੱਠੇ ਨੇ ਜਲਾਲੀ ਤੇ ਜਮਾਲੀ ਇਥੇ ਜਲਵੇ
ਦਿਲ ਵਿਚ ਨੇ ਮੇਰੇ ਪਿਆਰ ਤੇ ਡਰ ਦੋਵੇਂ ਹੀ ਜਜ਼ਬੇ
ਕੀ ਹਸਤੀ ਅਸਾਡੀ ਹੈ ਇਹਨਾਂ ਹਸਤੀਆਂ ਅੱਗੇ
ਅਸਥਿਰ ਅਸੀਂ, ਥਿਰ ਜਾਪਦੇ ਕੁਦਰਤ ਦੇ ਤਮਾਸ਼ੇ।

ਕਵੀ ਡਲ੍ਹ ਦੀ ਸੁੰਦਰਤਾ ਦੇਖਕੇ ਕਾਦਿਰ ਦੀ ਬੇਅੰਤਤਾ, ਵਿਚਿਤ੍ਰਤਾ ਤੇ ਅਮੁੱਕ ਸੁੰਦਰਤਾ ਦੇ ਦਰਸ਼ਨ ਕਰਦਾ ਹੈ।

ਡਲ੍ਹ ਦੇਖ ਕੇ ਮੈਂ ਕੰਬਿਆ, ਰੱਬਾ ਤੇਰੀ ਕੁਦਰਤ
ਬੇਅੰਤ ਹੈ, ਬੇਅੰਤ ਤੂੰ, ਜਾਣ ਆਪਣੀ ਮਿੱਤ ਗਤ।
ਜਦ ਸ਼ੰਕਰਾਚਾਰਜ ਦੇ ਸਿਖਰ ਤੇ ਪੁੱਜਕੇ ਡਿੱਠਾ
ਉਫ਼ ਇਹ ਤਮਾਸ਼ਾ ਨਹੀਂ, ਸੱਚਾ ਹੈ ਕੋਈ ਸੁਫਨਾ।

ਕਵੀ ਨੂੰ ਪਹਾੜਾਂ ਤੇ ਸੈਰ ਕਰਨ ਦਾ ਬੇਹੱਦ ਸ਼ੌਕ ਰਿਹਾ ਹੈ ਇਸੇ ਲਈ ਉਸਨੂੰ ਕੁਦਰਤ ਨਾਲ ਅਥਾਹ ਪਿਆਰ ਹੈ। ਪਹਾੜਾਂ ਨਾਲ ਪਿਆਰ ਹੋਣ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਉਥੇ ਪੁੱਜ ਕੇ ਰੱਬ ਦੇ ਜਲਵੇ ਸਾਫ਼ ਤੇ ਨੇੜਿਉਂ ਦਿਸਦੇ ਹਨ। ਪੰਨਾ 10 ਤੇ ਇਕ ਕਾਵਿ-ਟੁਕੜੀ ਹੈ ਜਿਸ ਵਿਚ ਰੱਬ ਦੇ ਭਗਤਾਂ ਤੇ ਸੰਤਾਂ ਪਿਆਰਿਆਂ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ ਹੈ ਤੇ ਅਧਿਆਤਮ-ਦਰਸ਼ਨ ਵੀ ਸਪੱਸ਼ਟ ਕੀਤਾ ਗਿਆ ਹੈ। ਪਹਿਲੀ ਵਾਰੀ ਐਨੇ ਭਗਤਾਂ[1] ਦਾ ਜ਼ਿਕਰ ਇਕ ਥਾਂ ਆਇਆ ਹੈ। ਇਹ ਸ਼ੈਲੀ ਕਵੀ ਦੀ

[1] ਕਰੈਕਟਰ ਵਿਚ ਨਾ ਮੈਂ ਦਿੱਤੇ ਹਨ।

Sri Satguru Jagjit Singh Ji Elibrary NamdhariElibrary@gmail.com

ਅਧਿਆਤਮਿਕ ਸਾਧਨਾ ਤੇ ਨੇੜਤਾ ਦੀ ਲਖਾਇਕ ਹੈ :

ਸੁਣੋ ਰੱਬ ਜੀ
ਲੋਕਾਂ, ਅੰਦਰੋਂ ਚਲਾਕ ਲੋਕਾਂ
ਤੁਹਾਨੂੰ ਤੂੰ ਮੇਰਾ, ਅਸੀਂ ਤੇਰੇ ਕਹਿ ਕਹਿ ਕੇ
ਤੁਹਾਡੇ ਕੋਲੋਂ ਕੇਡੇ ਨੀਵੇਂ ਤੇ ਲਹੁਕੇ ਕੰਮ ਕਰਾ ਲਏ
ਕੇਡੇ ਭਾਰੀ ਭਾਰੀ ਮਤਲਬ ਸਾਰ ਲਏ
ਕਿਸੇ ਛੱਤ ਪੁਆ ਲਈ (ਨਾਮਦੇਵ)
ਕਿਸੇ ਮੱਝੀਆਂ ਚਰਾ ਲਈਆਂ (ਗੁਰੂ ਨਾਨਕ ਦੇਵ)
ਕਿਸੇ ਝੰਡ ਲੁਹਾ ਲਈ
ਕਿਸੇ ਜ਼ਾਲਮ ਪਿਉ ਕੋਲੋਂ ਜਿੰਦ ਖਲਾਸ ਕਰਵਾ ਲਈ (ਪ੍ਰਹਿਲਾਦ)
ਪਰ ਨਾਲ ਹੀ, ਹੇ ਰੱਬ ਜੀ, ਸੁਣੋ ਖਾਂ
ਕਈ ਅਜਿਹੇ ਹੁੰਦੇ ਨੇ ਜਿਹਨਾਂ ਤੂੰ ਹੀ ਤੂੰ ਹੀ ਆਖਕੇ
ਚੁਪ ਕਰਕੇ ਖੱਲ ਲੁਹਾ ਲਈ (ਸ਼ਮਸ, ਤਬਰੇਜ਼)
ਚਾਰੇ ਪੁੱਤਰ ਕੁਹਾ ਲਏ (ਗੁਰੂ ਗੋਬਿੰਦ ਸਿੰਘ)
ਫਾਂਸੀ ਦੀ ਰੱਸੀ ਚੁੰਮ ਲਈ (ਭਗਤ ਸਿੰਘ)
ਮਹੁਰਾ ਪੀ ਖਾ ਲਇਆ (ਭਾਈ ਮਰਦਾਨਾ)
ਬੰਦ ਬੰਦ ਕਟਵਾ ਲਏ (ਭਾਈ ਮਨੀ ਸਿੰਘ)
ਰੱਬ ਜੀ ! ਤੁਹਾਨੂੰ ਕੇਹੜੇ ਚੰਗੇ ਲੱਗਦੇ ਨੇ
ਓਹ ਜੇਹੜੇ ਤੇਰੇ ਤੇ ਤਰਸ ਨਹੀਂ ਕਰਦੇ
ਕਿ ਓਹ ਜੇਹੜੇ ਆਪਣੇ ਆਪ ਤੇ ਤਰਸ ਨਹੀਂ ਕਰਦੇ
ਕਿ ?

ਪ੍ਰਭੂ ਦਾ ਕੀ ਸੰਕਲਪ ਹੈ, ਜੀਵ ਤੇ ਬ੍ਰਹਮ ਵਿਚ ਕੀ ਸੰਬੰਧ ਹੋਣਾ ਚਾਹੀਦਾ ਹੈ, ਇਸ ਬਾਰੇ ਅਗਲੀ ਕਵਿਤਾ ਦੇਖਣ ਵਾਲੀ ਹੈ। ਬਹੁਤੇ ਭਗਤ ਕਰੜੀ ਤਪ ਸਾਧਨਾ ਕਰਕੇ ਵਰਦਾਨ ਪ੍ਰਾਪਤ ਕਰਦੇ ਹਨ ਕਿ ਫਲਾਣੀ ਸੋਹਣੀ ਮਿਲੇ, ਏਨਾ ਮਾਲ ਧਨ ਮਿਲੇ, ਵੈਰੀ ਤੇ ਵਿਜੈ ਪ੍ਰਾਪਤ ਹੋਵੇ, ਵਾਹ ਵਾਹ ਮਿਲੇ, ਚੰਗੀ ਸੇਹਤ, ਮਿੱਤਰ-ਮੰਡਲੀ, ਸੇਵਾ ਮਿਲੇ, ਪਰ ਦੀਵਾਨਾ ਕਹਿੰਦਾ ਹੈ :

ਇਹਨਿਆਂ ਸਾਰਿਆਂ ਦੀ ਥਾਂ ਤੇ ਇਕੋ ਹੀ ਕੰਮ ਕਿਉਂ ਨ ਕਰਾਂ
ਚੁਪ ਕਰਕੇ ਓਹਦਾ ਪੱਲਾ ਫੜ ਲਾਂ
ਆਖਾਂ ਤੇਰੀ ਹਾਂ
ਤੇਰੀ ਅਖਵਾਂਦੀ ਹਾਂ
ਤੈਨੂੰ ਮੇਰੀ ਲਾਜ ਹੈ
ਤੈਨੂੰ ਮੇਰਾ ਖਸਮਾਨਾ ਹੈ
ਤੂੰ ਸੋਹਣਿਆਂ ਦਾ ਸੋਹਣਾ

ਅਤੋਲਵਾਂ ਪਿਆਰ ਵੰਡਣ ਵਾਲਾ, ਮੁੱਫਤ, ਸੱਚਾ ਪਿਆਰ
ਤੂੰ ਧਨੀ
ਤੂੰ ਦੁਸ਼ਮਨਾਂ ਦਾ ਨਾਸ ਕਰਨ ਵਾਲਾ
ਤੂੰ ਦਾਤ ਦੇਣ ਵਾਲਾ
ਜੀਵਨ ਦਾਤਾ, ਮਿੱਤਰ, ਭਾਈ, ਬੰਧਪ
ਮਾਤਾ, ਪਿਤਾ, ਭਰਤਾ
ਫੇਰ; ਸਭ ਕੁਝ ਨਾ ਹੁੰਦਾ ਰਹੇਗਾ
ਮਿਲਦਾ ਰਹੇਗਾ, ਆਪਣੇ ਆਪ ?

ਸਪੱਸ਼ਟ ਹੈ ਕਵੀ ਸਕਾਮ ਭਗਤੀ ਦੀ ਥਾਂ ਤੇ ਨਿਸ਼ਕਾਮ ਭਗਤੀ, ਸਿਮਰਨ ਅਤੇ ਆਪਾ-ਵਾਰੂ ਭਗਤੀ ਉਤੇ ਜ਼ੋਰ ਦਿੰਦਾ ਹੈ। ਅਗਲੀ ਕਵਿਤਾ 'ਅੰਦਰ ਵੜ ਆਇਆ ਹੈਂ' ਵਿਚ ਵੀ ਪ੍ਰਭੂ ਦੇ ਸੁਤੇ ਸਿੱਧ 'ਵਾਸ ਦੀ ਗੱਲ ਕੀਤੀ ਹੈ। ਪ੍ਰਭੂ ਕਿਧਰੋਂ ਬਾਹਰੋਂ ਨਹੀਂ ਆਉਂਦਾ ਕਿ ਮਿਲ ਜਾਵੇ, ਉਹ ਤਾਂ ਸਾਨੂੰ ਸਾਰਿਆਂ ਨੂੰ ਮਿਲਿਆ ਹੋਇਆ ਹੈ, ਲੋੜ ਕੇਵਲ ਉਸਨੂੰ ਪਛਾਣਨ ਤੇ ਜਾਣਨ ਦੀ ਹੈ। ਉਹ ਤਾਂ ਹਰ ਵੇਲੇ ਅੰਗ-ਸੰਗ ਹੈ। ਹੋਰ ਥਾਂ ਵੀ ਕਵੀ ਕਹਿ ਰਿਹਾ ਹੈ— 'ਬਸ ਆਏ, ਮੇਰੇ ਖੱਬੇ ਕੰਨ ਵਿਚ ਇਕ ਸ਼ਬਦ ਫੂਕਿਆ ਤੇ ਬਸ, ਮੈਂ ਤੇ ਮੋਹੀ ਗਈ, ਮਾਰੀ ਗਈ।'

ਇਸ ਤੋਂ ਅਗਲੀ ਕਵਿਤਾ ਅਧਿਆਤਮ ਦੀ ਬਹੁਤ ਵਧੀਆ ਲਾਕਸ਼ਨਿਕ ਕਵਿਤਾ ਹੈ। ਇਹ ਕਵਿਤਾ ਇਕ ਪ੍ਰਸ਼ਨੋਤਰੀ ਦੇ ਰੂਪ ਵਿਚ ਹੈ ਜਿਸ ਵਿਚ ਕਈ ਅਧਿਆਤਮਿਕ ਮਸਲੇ ਸੁਲਝਾਏ ਗਏ ਹਨ—ਪੰਜ ਸੁਹਾਗਣਾਂ (ਪੰਜ ਤੱਤਾਂ) ਦਾ ਇਕੋ ਸੁਹਾਗ, ਉਹ ਪਰਮਾਤਮਾ ਇਕੋ ਜਿਹਾ ਹੈ, ਉਸਨੂੰ ਕਿਸੇ ਡਿੱਠਾ ਨਹੀਂ, ਸੁਣਿਆ ਨਹੀਂ ਦੇਖਿਆ ਨਹੀਂ, ਛੁਹਿਆ ਨਹੀਂ, ਸੁੰਘਿਆ ਨਹੀਂ, ਉਹ ਚੌਵੀ ਘੰਟੇ ਨਾਲ ਹੈ, ਉਹ ਸਭ ਦਾ ਹੋ ਕੇ ਵੀ ਪੂਰਨ, ਸਾਰਾ, ਨਿਪਟ, ਹਰਦਮ ਮੇਰਾ ਹੈ, ਹਰ ਥਾਂਈਂ ਮੇਰਾ ਹੈ। ਕੋਈ ਪੁੱਜਾ ਹੋਇਆ ਬ੍ਰਹਮ ਗਿਆਨੀ ਹੀ ਪ੍ਰਭੂ ਦੀ ਇਹੋ ਜਿਹੀ ਵਿਆਖਿਆ ਕਰ ਸਕਦਾ ਹੈ।

ਇਕ ਹੋਰ ਕਵਿਤਾ ਵਿਚ ਆਪਣੇ ਪ੍ਰੀਤਮ ਪ੍ਰਭੂ ਨੂੰ 'ਕਿਰਸਾਨ ਪ੍ਰੀਤਮ' ਕਿਹਾ ਗਿਆ ਹੈ ਕਵੀ ਦਾ ਅਧਿਆਤਮ-ਦਰਸ਼ਨ ਇਹ ਹੈ ਕਿ ਪ੍ਰਭੂ ਦਾ ਭਾਣਾ ਹੀ ਸਭ ਕੁਝ ਹੈ, ਯੁੱਧ ਜਾਂ ਸ਼ਾਂਤੀ ਸਾਡੇ ਵੱਸ ਦੀ ਗੱਲ ਨਹੀਂ ਸਗੋਂ ਇਹ ਤਾਂ ਪ੍ਰੀਤਮ ਦਾ 'ਤਮਾਸ਼ਾ' ਹੈ :

ਸ਼ਾਨਤੀ ਦੀ ਹਰੀ ਖੇਤੀ ਚੋਂ ਜੰਮਦੇ ਨੇ ਸੰਤ-ਕਵੀ
ਜੁੱਧ ਦੀ ਲਾਲ ਖੇਤੀ ਚੋਂ ਜੰਮਦੇ ਨੇ ਬੀਰ।

ਇੰਞ ਸ਼ਾਂਤੀ ਤੇ ਜੁੱਧ ਦੋਵੇਂ ਹੀ ਆਪਣੀ ਆਪਣੀ ਥਾਂ ਤੇ ਮਹਾਨ ਹਨ, ਇਕ ਸੰਤ ਕਵੀ ਨੂੰ ਜਨਮ ਦਿੰਦੀ ਹੈ ਤੇ ਦੂਜੀ ਬੀਰ ਪੁਰਸ਼ ਨੂੰ। ਜਿਵੇਂ ਸਿਆਣਾ ਕਿਰਸਾਨ ਜਾਣਦਾ ਹੈ ਕਿ 'ਕਿਸ ਰੁੱਤ ਵਿਚ ਕੀ ਬੀਜਣਾ ਹੈ, ਹਲ ਕਿੰਨਾ ਡੂੰਘਾ ਵਾਹੁਣਾ ਹੈ, ਮੋੜਾ ਕਦੋਂ ਫੇਰਨਾ ਹੈ, ਸੁਹਾਗਾ ਕਦੋਂ, ਕਿਆਰੀਆਂ, ਵਾੜ ਕਦ ਲਾਉਣੀ ਹੈ; ਜਿਵੇਂ ਕਿਰਸਾਨ ਡੰਗਰਾਂ ਤੇ ਬੀਜਾਂ ਦੀ, ਮੀਂਹ ਧੁੱਪ ਤੇ ਪਾਲੇ ਦੇ ਸਾਰੇ ਭੇਤ ਜਾਣਦਾ ਹੈ, ਉਸੇ ਤਰ੍ਹਾਂ ਉਹ ਪ੍ਰੀਤਮ ਕਿਰਸਾਨ

ਸਭ ਕੁਝ ਜਾਣਨਹਾਰ ਹੈ। ਉਸਨੂੰ ਉਲਟੇ ਸਿੱਧੇ ਸਵਾਲ ਪੁੱਛਣ ਵਾਲੇ ਅਸੀਂ ਕੌਣ ਹੁੰਦੇ ਹਾਂ :

ਮੈਂ ਕੀ ਦੇਸ਼ ਦਿਆਂ ਆਪਣੇ ਰੱਬ ਜੀ ਨੂੰ ਜੁੱਧ ਲਦੀ
ਕਿਰਸਾਨ-ਰੱਬ ਵੇਖ ਸਕਦਾ ਹੈ, ਦੂਰ, ਬਹੁਤ ਦੂਰ, ਹੇਠਾਂ ਬਹੁਤ ਹੇਠਾਂ
ਉਹ ਇੰਨਤਚਾਰ ਕਰਨ ਦਾ ਆਦੀ ਹੈ
ਉਹ ਸਹਿਣ, ਜਰ ਲੈਣ ਦਾ ਆਦੀ ਹੈ।

'ਕਵੀ' ਨਾਮੀ ਕਵਿਤਾ ਵਿਚ ਭਾਵੇਂ ਕਵਿਤਾ ਲਿਖਣ ਵਾਲੇ ਕਵੀ ਦੇ ਕਾਵਿ-ਕਰਮ, ਕਾਵਿ-ਪ੍ਰਯੋਜਨ ਤੇ ਕਾਵਿ-ਪ੍ਰਵਿਰਤੀਆਂ ਬਾਰੇ ਵੀ ਚੋਖਾ ਵਿਚਾਰ ਪੇਸ਼ ਕੀਤਾ ਗਿਆ ਹੈ ਪਰ ਉਪ-ਨਿਸ਼ਦਾਂ ਦੀ ਸ਼ੈਲੀ ਅਪਣਾਉਂਦਾ ਕਵੀ ਮੋਹਨ ਸਿੰਘ ਦੀਵਾਨਾ ਸ਼ਬਦ-ਬ੍ਰਹਮ ਨੂੰ ਹੀ ਸਭ ਤੋਂ ਵੱਡਾ ਕਵੀ ਮੰਨਦਾ ਹੈ ਤੇ ਉਸਦੇ ਸੋਹਿਲੇ ਗਾਉਂਦਾ ਹੈ :

ਏਹੋ ਸ਼ਾਨ ਹੈ, ਆਪਣਾ ਆਪ ਲੱਭ ਕੇ
ਤੱਤ, ਰੰਗ-ਅਪਣੱਤ ਵਿਚ ਰੱਤ ਦੇਣਾ
ਚੌਦਾਂ ਇੰਦਰੀਆਂ ਫਲ ਜੋ ਨਜ਼ਰ ਕੀਤੇ
ਸੱਤਾ ਨਾਲ, ਕਢ ਉਹਨਾਂ ਦਾ ਸੱਤ ਦੇਣਾ
ਸਭੋ ਝੂਠ ਨਕਾਬ ਪਰੱਤ ਦੇਣਾ।

'ਜੰਗ ਤੇ ਸ਼ਾਂਤੀ' ਦੋਵੇਂ 'ਹੁਕਮ' ਦੇ ਬੱਧੇ ਹਨ। ਗੁਰਬਾਣੀ ਦੇ ਹੁਕਮ ਸਿੱਧਾਂਤ ਦੀ ਹੀ ਵਿਆਖਿਆ 'ਜੰਗ' ਨਾਮੀ ਕਵਿਤਾ ਵਿਚ ਮਿਲਦੀ ਹੈ। ਜੰਗ-ਬਾਹਰੀ ਹੀ ਨਹੀਂ ਸਗੋਂ ਲੋਭ, ਮੋਹ, ਹੰਕਾਰ, ਭਰਮ ਤੇ ਕਰੋਧ ਆਦਿ ਪੰਜ ਤੱਤ, ਸਤ, ਰਜ ਤੇ ਤਮ ਤਿੰਨੇ ਗੁਣਾਂ ਵਾਲੀ ਮਾਇਆ ਦੀ ਜੰਗ ਹਰ ਦਿਲ ਵਿਚ ਹਰ ਪਲ ਚੱਲਦੀ ਹੀ ਰਹਿੰਦੀ ਹੈ। ਵੱਖ-ਵੱਖ ਦੇਵਤੇ, ਇਸ਼ਟ, ਮੂਰਤਾਂ ਉਸ ਇਕੋ ਸ਼ਕਤੀ ਦਾ ਹੀ ਜਲਵਾ ਹਨ, ਇਨ੍ਹਾਂ ਵਿਚ ਕੋਈ ਵਖਰੇਵਾਂ ਨਹੀਂ, ਝਗੜਾ ਨਹੀਂ। ਕਵੀ ਇਹੋ ਸੰਦੇਸ਼ ਦੇ ਰਿਹਾ ਹੈ :

ਅਸੀਂ ਰੂਪ ਨੂੰ ਦੇਖਕੇ ਭੁੱਲਣਾ ਨਹੀਂ
ਉਹੀ ਦੇਵੀ ਸਰਸਵਤੀ ਉਹੀ ਕਾਲੀ।
ਸ਼ਿਵ ਉਹੀ ਕਲਿਆਣ ਦਾ ਦੇਣ ਵਾਲਾ
ਭੋਲੇ ਨਾਥ ਓਸੇ ਪਾਈ ਮੁੰਡ ਮਾਲੀ।
ਜੇਹੜਾ ਵਿਸ਼ਨੂੰ ਜਹਾਨ ਦੀ ਕਰੇ ਰਖਿਆ
ਓਹੀ ਧਾਰਦਾ ਸ਼ਕਲ ਨਰਸਿੰਘ ਵਾਲੀ।
ਕਦੇ ਬਣੇ ਬੌਣਾ ਅਤੇ ਦਾਨ ਮੰਗੇ
ਕਦੀ ਧਨੁਖ ਲੈ ਕੇ ਕਤਲ ਕਰੇ ਬਾਲੀ।
ਅਸੀਂ ਇਹਦੇ ਚਲਿਤਰ ਪਛਾਣਦੇ ਹਾਂ
ਇਹਦੀ ਏਹ ਮਰਯਾਦਾ ਕਦੀਮ ਦੀ ਹੈ।
ਮਿੱਠਾ ਸ਼ਰਬਤ ਹੈ ਸੁਖ-ਬੀਮਾਰ ਖਾਤਰ
ਦੁੱਖ ਕੌੜੀ ਦਵਾਈ ਹਕੀਮ ਦੀ ਹੈ।

Sri Satguru Jagjit Singh Ji Elibrary NamdhariElibrary@gmail.com

'ਦੁਖ ਦਾਰੂ ਸੁਖ ਰੋਗ ਭਇਆ' ਅਤੇ 'ਮਿਠਤੁ ਨੀਵੀਂ ਨਾਨਕਾ' ਦਾ ਗੁਰਮਤਿ ਸੰਦੇਸ਼ ਵੀ ਦ੍ਰਿੜ੍ਹ ਕੀਤਾ ਹੈ। 'ਇਕ ਵਾਰ ਜਦ ਇਕ ਨੂੰ ਮੰਨ ਲੀਤਾ, ਭਾਵੇਂ ਪਾਏ ਬਰਫ਼ੀਂ ਭਾਵੇਂ ਅੰਗ ਸਾੜੋਂ', 'ਭਾਣਾ ਮੰਨੀਏ ਛੱਡੀਏ ਵਿਕਰ ਕਾਹੜੇ' ਕਹਿ ਕੇ ਗੁਰਮਤਿ ਸਿੱਧਾਂਤ ਅਤੇ 'ਉਹਦੇ ਫਲ ਵਲ ਮੂਲ ਨਾ ਨਜ਼ਰ ਕਰੀਏ' ਕਹਿਕੇ ਗੀਤਾ ਦੇ ਕਰਮ ਸਿੱਧਾਂਤ ਨੂੰ ਦ੍ਰਿੜ੍ਹ ਕੀਤਾ ਗਿਆ ਹੈ।

ਦੀਵਾਨਾ ਜੀ ਦੀ ਕਾਵਿ ਰਚਨਾ ਵੇਲੇ ਭਾਰਤ ਦੂਜੇ ਵੱਡੇ ਸੰਸਾਰ ਯੁੱਧ ਦੀ ਭੱਠੀ ਵਿਚ ਤਪ ਰਿਹਾ ਸੀ ਜਿਸ ਕਾਰਨ ਕਵੀ ਵਾਰ ਵਾਰ ਜੰਗ ਤੇ ਅਮਨ ਬਾਰੇ ਕਲਮ ਚੁੱਕਦਾ ਹੈ। ਸਮਕਾਲੀ ਸਮਾਜ ਵਿਚ ਰਹਿਕੇ ਉਸਦੀ ਦੁਖ-ਪੀੜ ਦਾ ਜ਼ਿਕਰ ਨਾ ਕਰੇ ਤਾਂ ਕਵੀ ਦੇ ਕਾਵਿ ਕਰਮ ਦੀ ਕੋਈ ਕੀਮਤ ਹੀ ਨਹੀਂ ਪੈ ਸਕਦੀ। ਇਸ ਬਾਰੇ ਦੋ ਕਵਿਤਾਵਾਂ ਦੇਖੋ, ਪਹਿਲੀ ਕਵਿਤਾ 'ਕਿਹਦਾ ਸਾਜਨ, ਕਿਹਨੂੰ ਲੋੜੀਦਾ' ਵਿਚ ਜੰਗ ਦੇ ਭੰਨੇ ਭਾਰਤੀ ਸਮਾਜ ਦੀ ਰੱਬ ਤੋਂ ਮੁਨਕਰ ਹੋਣ ਦੀ ਵੇਦਨਾ ਦੱਸੀ ਗਈ ਹੈ। ਜੰਗ ਕਾਰਨ, ਗਰੀਬ ਦਾ ਪੁੱਤਰ ਕੇਲੇ ਦੇ ਛਿਲਕੇ ਚੁੱਕ ਕੇ ਚੱਟਣ ਲਈ ਮਜਬੂਰ ਹੈ, ਦੋ ਪੁੱਤਰ ਤੇ ਇਕ ਧੀ ਨੂੰ ਖੋ ਚੁਕੀ ਜੋੜੀ, ਛੁੱਟੜ ਔਰਤ ਵਲੋਂ ਆਪਣੇ ਪੰਜ ਬੱਚੇ ਪਾਲਣੇ ਔਖੇ ਹੋ ਰਹੇ ਹਨ—ਜੰਗ ਦੇ ਭੰਨੇ ਇਹ ਸਾਰੇ ਲੋਕ, ਤੇ ਰੱਬਾ; ਤੈਨੂੰ ਯਾਦ ਨਹੀਂ ਕਰਦੇ ਕਿਉਂਕਿ ਤੂੰ ਕਦੇ ਇਨ੍ਹਾਂ ਲਈ ਬਹੁੜਿਆ ਹੀ ਨਹੀਂ। ਇਸੇ ਲਈ ਇਨ੍ਹਾਂ ਨੇ ਤੈਨੂੰ ਮਸੀਤਾਂ ਤੇ ਸ਼ਿਵਾਲਿਆਂ ਵਿਚੋਂ ਬਾਹਰ ਕੱਢ ਮਾਰਿਆ ਹੈ। ਇਹ ਸਮਝਦੇ ਰਹੇ ਕਿ ਰੱਬ ਦੇ ਸੁਰਗ ਤੇ ਸੁੰਦਰਤਾ ਨਿਪਟ ਕਲਪਿਤ ਬਾਲ ਖਿਡੌਣੇ ਹਨ, ਮਸਾਲਾ ਹੈ, ਜਿਸਦਾ ਕਿ ਕਵੀ ਵਪਾਰ ਕਰਦਾ ਹੈ। 'ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨਾ ਆਇਆ' ਵਾਲੇ ਭਾਵ ਹੀ ਕੁਝ ਬਦਲਵੇਂ ਰੂਪ ਵਿਚ ਇਥੇ ਪ੍ਰਗਟ ਕੀਤੇ ਗਏ ਹਨ। ਇਥੇ ਨਾਸਤਿਕਤਾ ਨਹੀਂ ਸਗੋਂ ਮਿੱਠਾ ਜਿਹਾ ਉਲਾਂਭਾ ਹੈ। 'ਆਸ਼ਿਕਾਂ ਵਿਚ ਨਾ ਵੈਰ ਪਰ ਸਹਿ ਸਕਦਾ' ਇਕ ਹੋਰ ਲੰਮੀ ਕਵਿਤਾ ਹੈ, ਇਸ ਵਿਚ ਪਹਿਲਾਂ ਰੱਬ ਨੂੰ ਗਿਲਾ ਗੁਜ਼ਾਰੀ ਹੈ, ਫੇਰ ਧਰਮਰਾਇ ਵਲੋਂ ਬੰਦੇ ਨੂੰ ਝਾੜ ਹੈ ਕਿ ਤੂੰ 'ਸੱਤ ਚਿੱਤ ਆਨੰਦ' ਨੂੰ ਭੁੱਲਕੇ ਸੰਸਾਰ ਨੂੰ ਦੋਸਤ ਨਹੀਂ ਸਗੋਂ ਦੁਸ਼ਮਣ ਸਮਝਿਆ ਹੈ, ਤੈਨੂੰ ਜਾਂਦੇ ਹੋਏ ਦਸ ਹਥਿਆਰ (ਪੰਜ ਕਰਮ ਇੰਦਰੇ ਤੇ ਪੰਜ ਗਿਆਨ ਇੰਦਰੇ) ਦਿਤੇ ਸਨ ਪਰ ਤੂੰ ਰੋਂਦਾ ਹੀ ਗਿਆ ਸੈਂ ਤੇ ਰੋਂਦਾ ਹੀ ਪਰਤ ਆਇਆ ਹੈਂ, ਤੂੰ ਨਾਮ, ਦਾਨ, ਇਸ਼ਨਾਨ ਤੇ ਗੁਰੂ ਤੋਂ ਬੇਮੁਖ ਰਿਹਾ। ਫੇਰ ਬੰਦਾ ਰੱਬ ਦੀ ਉਦਾਰਤਾ, ਰਹਿਮਦਿਲੀ, ਭਗਤ ਵਤਸਲਤਾ ਆਦਿ ਦੀ ਉਸਤੁਤ ਕਰਕੇ ਭੁੱਲਾਂ ਬਖਸ਼ਵਾਉਂਦਾ ਹੈ। ਇਥੇ ਗੁਰਮਤਿ ਦੇ ਨਾਮ, ਦਾਨ, ਇਸ਼ਨਾਨ ਤੇ ਗੁਰਮੁਖਤਾ ਦੇ ਸਿੱਧਾਂਤ ਦੀ ਹੀ ਨਹੀਂ ਸਗੋਂ 'ਨਿੰਵ ਤੁਰਦੇ, ਮਿੱਠ ਬੋਲਦੇ ਉਹ ਤਰਕ ਭਗਵਨ' ਕਹਿ ਕੇ ਭਗਤੀ ਤੇ ਗੁਰਮਤਿ ਦਾ ਰਾਹ ਮੋਕਲਾ ਕੀਤਾ ਗਿਆ ਹੈ :

ਭਗਤ ਦੁਆਰਾ ਸਾਂਕਲਾ ਪਰ ਰੱਬ ਦ੍ਰਿਸ਼ਟਾਉਂਦਾ।
ਸਭ ਦੇ ਭਲੇ ਵਿਚਾਲੇ ਆਪਣਾ ਆਉਂਦਾ
ਚੌਦਹਾਂ ਪੀੜ੍ਹੀਆਂ ਕੱਲਾ ਭਗਤ ਤਰਾਉਂਦਾ
ਇਕ ਜਹਾਜ਼ ਹਜ਼ਾਰਾਂ ਪਾਰ ਲੰਘਾਉਂਦਾ

ਗੁਰਬਾਣੀ ਹੈ ਚੱਪੂ ਮਨ ਮੱਲਾਹ ਹੈ ।
ਪੰਜ ਤੱਤ ਦਾ ਬੇੜਾ ਵਾਹੋ ਵਾਹ ਹੈ । ਪੰਨਾ 65.

'ਦੁੱਖ-ਸੁੱਖ' ਵੀ ਅਧਿਆਤਮਿਕ ਰੰਗਣ ਦੀ ਕਵਿਤਾ ਹੈ ਹੇ ਰੱਬਾ; ਸਾਨੂੰ ਬਲ ਬਖ਼ਸ਼ ਕਿ ਅਸੀਂ ਨ ਤੈਨੂੰ ਸੁਖ ਵਿਚ ਭੁੱਲੀਏ ਤੇ ਨ ਦੁਖ ਵਿਚ ਹੀ ਭੁਲੀਏ । ਅਸੀਂ 'ਭੁਲਣਹਾਰ' ਤੇ 'ਕਮਜ਼ੋਰ' ਹਾਂ, ਜੇ ਤੂੰ ਸਾਡੀ ਅਰਜ਼ ਨ ਵੀ ਸੁਣੇਂ ਤਾਂ ਵੀ ਸਾਡਾ ਕੀ ਜ਼ੋਰ ਹੈ । 'ਜੀਵਨ-ਪਥ' ਕਵਿਤਾ ਵਿਚ ਆਪ ਵੇਦਾਂਤ ਉਤੇ ਕਾਟ ਕਰਦੇ ਹਨ ਤੇ ਗੁਰਮਤਿ ਉਤੇ ਆਸਥਾ ਪ੍ਰਗਟ ਕਰਦੇ ਹਨ ਸਦਾ ਰੱਬ ਮੂਹਰੇ ਪੂਰਨ ਸਮਰਪਣ, ਕੰਪਲੀਟ ਸੁਰੇਂਡਰ ਦੀ ਗੱਲ ਕਰਦੇ ਹਨ :—

ਅਸੀਂ ਅਲਪੱਗ, ਉਹ ਸਰਬਗ, ਅਸੀਂ ਮੰਗਤੇ ਹਾਂ ਦਾਤਾ ਉਹ ।
ਹੈ ਕੀ ਸਾਡੇ ਲਈ ਚੰਗਾ ਤੇ ਮੰਦਾ, ਇਹਦਾ ਗਿਆਤਾ ਉਹ ।
... ... ... ... ... ... ... ... ...
ਤੂੰ ਹੀ ਤੂੰ ਹੈਂ, ਤੂੰ ਹੀ ਤੂੰ ਹੈਂ, ਅਹਮ ਅਸਮੀ ਹੈ ਇਕ ਧੋਖਾ
ਉੱਠੀਂ ਦੀਵਾਨਿਆ ਦੇ ਆਵੀਂ, ਘਰ ਘਰ ਸੱਚ ਦਾ ਹੋਕਾ । ਪੰਨਾ–72

ਇਸੇ ਪ੍ਰਸੰਗ ਵਿਚ ਇਕ ਹੋਰ ਕਵਿਤਾ 'ਸਿਖ ਧਰਮ' ਵਾਚੀ ਜਾ ਸਕਦੀ ਹੈ । ਸਿਖ ਰਹਿਤ ਮਰਯਾਦਾ ਆਦਰਸ਼ ਤੇ ਸਿਧਾਂਤ, ਗੁਰਮਤਿ ਵਿਚਾਰਧਾਰਾ ਨੂੰ ਥੋੜ੍ਹੇ ਵਿਚ ਬਹੁਤਾ ਖੋਲ੍ਹ ਕੇ ਬਿਆਨ ਕੀਤਾ ਹੈ । ਕਈ ਥਾਈਂ ਗੁਰੂ ਗ੍ਰੰਥ ਸਾਹਿਬ ਦੀਆਂ ਤੁਕਾਂ ਦਾ ਝਾਉਲਾ ਵੀ ਹੈ, ਤੇ ਸਹਾਰਾ ਵੀ ਜਿਵੇਂ 'ਦਿਉਤਾ ਮਾਣਸਾਂ ਤਾਈ ਬਣਾਏ ਸਿਖੀ' ਆਦਿ ਵਿਚ । ਇਥੇ ਅਨ–ਧਰਮੀ ਨੂੰ ਸੰਬੋਧਨ ਦੇਖੋ :—

ਸਿਖ ਧਰਮ ਪਾਸੋਂ ਸਿਖੋ ਅਨਯ ਮਤੀਓ
ਕਿਵੇਂ ਸੁਨੇਹਾ ਸੁਸ਼ਾਂਤ ਪਚਾਈਦਾ ਏ ।
ਹਰੀ ਜਨਾਂ ਦਾ ਮੂਲ ਸੁਧਾਰ ਕਰਕੇ
ਕਿਵੇਂ ਚਿੜੀ ਤੋਂ ਬਾਜ਼ ਬਣਾਈਦਾ ਏ ।
ਕਿਵੇਂ ਮਿਹਨਤ ਦੇ ਨਾਲ ਕਮਾਈਦਾ ਏ
ਕਿਵੇਂ ਵੰਡ ਕੇ ਫੇਰ ਉਹ ਖਾਈਦਾ ਏ ।
ਕਿਵੇਂ ਜੋਤ ਤੋਂ ਜੋਤ ਜਗਾਈਦਾ ਏ
ਕਿਵੇਂ ਸ਼ਬਦ ਤੋਂ ਅਮਰਪਦ ਪਾਈਦਾ ਏ । ਪੰਨਾ 75

ਇਸ ਕਾਵਿ ਵਿਚ ਅਧਿਆਤਮ ਤੇ ਗੁਰਮਤਿ ਤੋਂ ਛੁੱਟ ਇਕ ਹੋਰ ਵਿਸ਼ਾ ਕਾਫੀ ਲਿਆ ਗਿਆ ਹੈ । ਉਹ ਹੈ 'ਪ੍ਰੇਮ' ਦਾ । 'ਪ੍ਰੇਮ' ਨਾਮੀ ਕਵਿਤਾ ਵਿਚ ਪ੍ਰੇਮ ਦੀ ਬਹੁਤ ਸੁੰਦਰ ਵਿਆਖਿਆ ਕੀਤੀ ਗਈ ਹੈ । ਪ੍ਰੇਮ ਪਾਣੀ, ਅੱਗ, ਹਵਾ, ਮਿਟੀ ਤੇ ਆਕਾਸ਼ ਹੈ, ਅਤੇ ਇਹ ਪੰਜੇ ਤੱਤ ਇਸ ਵਿਚ ਹਨ । ਅਰਥਾਤ ਇਹ ਸਾਰੀ ਸ਼੍ਰਿਸਟੀ ਪੰਜ ਤੱਤਾਂ ਤੋਂ ਬਣੀ ਹੈ ਤੇ ਇਨ੍ਹਾਂ ਪੰਜੇ ਤੱਤਾਂ ਵਿਚ ਪ੍ਰੇਮ ਹੀ ਪ੍ਰੇਮ ਹੈ, ਮਨੁਖ ਦਾ ਮਨੁਖ ਨਾਲ, ਪ੍ਰਭੂ ਨਾਲ, ਤ੍ਰੀਮਤ ਨਾਲ, ਪਸ਼ੂ ਪੰਛੀ ਨਾਲ, ਕੁਦਰਤ ਨਾਲ । ਕਵੀ ਦੇ ਆਪਣੇ ਸ਼ਬਦਾਂ ਵਿਚ ਦੇਖੋ :—

ਪ੍ਰੇਮ ਕੀ ਹੈ ?
ਉਹ ਸ਼ੈ ਜਿਸਤੋਂ ਪਾਣੀ ਨੇ ਵਗਣਾ
ਅੱਗ ਨੇ ਬਲਣਾ, ਹਵਾ ਨੇ ਝੱਲਣਾ
ਮਿਟੀ ਨੇ ਬਹਿਣਾ, ਆਕਾਸ਼ ਨੇ ਪਸਰਨਾ
ਸਿੱਖਿਆ ਹੈ ।
ਪ੍ਰੇਮ ਕੀ ਹੈ
ਜਗਤ ਦੀ ਸਭ ਤੋਂ ਪਹਿਲੀ ਹਿਲ ਜੁਲ
ਤੇ ਸਭ ਤੋਂ ਅਖੀਰਲੀ ਸ਼ਾਨਤੀ ।

'ਸਾਵਿੱਤਰੀ' ਵਿਚ ਵੀ ਪ੍ਰੇਮ ਤੇ ਕੁਰਬਾਨੀ ਦੀ ਉਸਤਤ ਹੈ ਅਤੇ ਸਾਵਿੱਤਰੀ ਰਾਹੀਂ ਨਾਰੀ ਆਦਰਸ਼ ਪੇਸ਼ ਕੀਤਾ ਗਿਆ ਹੈ । ਸਾਵਿੱਤਰੀ ਨੇ ਸਮੁੱਚੀ ਇਸਤਰੀ ਜਾਤੀ ਨੂੰ ਉੱਚਾ ਚੁੱਕ ਦਿੱਤਾ ਹੈ :—

ਦਿਨ ਪੈਹਲਿਓ ਨਾਰੀ ।
ਨੈਣ-ਚੋਣ, ਦਿਲ-ਰੋਣ ਆਪਣੀ ਤੋਂ ਹੈ ਵਾਰੀ ।
ਸਦਕੇ ਘੋਲ ਘੁਮਾਈਆ—
ਬੀਤੀ ਸੈਂਹਦੀ, ਪੇਸ਼ ਪਈ ਤੇ ਰਾਜ਼ੀ ਰੈਂਹਦੀ--
ਸਬਰੀ ਬੁਕਤਰ, ਪ੍ਰੇਮੀ ਬਾਣ ਉਠਾਈ
ਦੇਸ਼ ਕਾਲ ਤੇ ਕਾਰਨ ਸੰਦੀ ਲੜੀ ਲੜਾਈ
ਏਸ ਚਾਤ ਨੇ
ਕਿਸੇ ਘਾਤ ਨੇ
ਪ੍ਰੇਮ ਧਰਮ ਮੈਦਾਨੋਂ ਨਾਰੀ ਨਾਹੀਂ ਭਜਾਈ । ਪੰਨਾ 77

ਕਵਿਤਾ ਦੇ ਇਸ ਕਾਲ ਵਿਚ ਹਿੰਦੀ ਤੇ ਪੰਜਾਬੀ ਵਿਚ 'ਹਾਲਾਵਾਦ' ਨਾਮ ਦੇ ਵਾਦ ਦਾ ਜ਼ੋਰ ਰਿਹਾ ਹੈ, ਹਿੰਦੀ ਵਿਚ ਹਰਿਵੰਸ਼ ਰਾਇ ਬੱਚਨ ਨੇ ਤੇ ਪੰਜਾਬੀ ਵਿਚ ਡਾ. ਮੋਹਨ ਸਿੰਘ ਦੀਵਾਨਾ ਨੇ ਇਸ ਵਾਦ ਦਾ ਝੰਡਾ ਚੁਕਿਆ ਹੋਇਆ ਸੀ । ਕਵੀ ਦੀਆਂ ਦੋ ਕਵਿਤਾਵਾਂ ਦੇ ਨਮੂਨੇ ਦੇਖੋ :—

1. ਮਾਪ ਮਾਪ ਕੇ ਪੀਣੋਂ ਅਕਿਆ, ਬੇ ਅੰਦਾਜ਼ੀ ਪਾ ਕੇ ਦੇਹ ।
ਅੱਗੇ ਜਿੰਨੀ ਰਹੀ ਨ ਕੌੜੀ, ਥੋੜਾ ਜ਼ਹਿਰ ਮਿਲਾ ਕੇ ਦੇਹ
ਸਾਥੋਂ ਤੇਰੇ ਮਦਗਲੇ ਹੁਣ, ਟੁਰ ਕੇ ਜਾਇਆ ਜਾਂਦਾ ਨਹੀਂ
ਵਾਹਣੀ ਮੰਜੀ ਸੁਤੇ ਹਾਂ, ਘਰ ਆਕੇ, ਜਗਾ ਕੇ, ਮਨਾ ਕੇ ਦੇਹ ।
'ਬੇ ਅੰਦਾਜ਼ੀ, ਪੰਨਾ-27)

2. ਘੁਟ ਘੁਟ ਕਰਕੇ ਨਵੇਂ ਸਿਰੇ ਤੋਂ, ਸਿਖਾਂ ਸਾਕੀ; ਪੀਣੀ ਮੈਂ
ਝੱਕਦਾ ਝਕਦਾ ਪਹਿਲਾਂ ਵਾਂਗਰ, ਫਜ਼ਲਾਂ ਤੇਰੀ ਵੀਣੀ ਮੈਂ
ਪਿਆਰ ਪ੍ਰੇਮ ਦੀਆਂ ਪਹਿਲੀਆ ਮੰਜ਼ਲਾਂ, ਅੰਦਰ ਮਚਾ ਅਜਾਇਬ ਸੀ

ਮੱਸਾਂ ਫੁੱਟੀਆਂ ਵਾਲੀ ਪਹਿਲੀ, ਜ਼ਿੰਦਗੀ ਮੁੜ ਕੇ ਜੀਣੀ ਮੈਂ ।
(ਘੁਟ ਘੁਟ, ਪੰਨਾ 28)

3. ਫੜਾਂ ਪਿਆਲਾ ਅੱਧਾ ਭਰਿਆ, ਵੀ ਹੁਣ ਕੰਬਦੇ ਹੱਥਾਂ ਨਾਲ
ਫੇਰ ਲੈਣ ਮੂੰਹ ਤੱਕਦੇ ਸਾਰ ਹੀ, ਚੰਦਰ ਬਦਨਾਂ, ਚਿਟੇ ਵਾਲ
ਕਾਮਨਾ ਆਖੇ ਮੈਂ ਜਵਾਨ ਹਾਂ, ਸੁਣਦਾ ਕੌਣ ਹੈ ਕਾਮਨਾ ਦੀ
ਬਸ ਇਕ ਦਾਰੂ ਘਰ ਦੇ ਬਾਬੇ ਲਈ, ਅਜੇ ਮੈਂ ਬਾਲ ਗੁਪਾਲ ।
(ਬਾਲ ਗੁਪਾਲ, ਪੰਨਾ 28)

ਡਾ. ਦੀਵਾਨਾ ਵਿਚ ਅਧਿਆਤਮ ਤੇ ਸ਼ਰਾਬ ਦੋਵੇਂ ਰੰਗ ਬਹੁਤ ਗੂਹੜੇ ਰਹੇ ਹਨ । ਹੋਰ ਰਚਨਾ ਵਿਚ ਵੀ ਇਹ 'ਹਾਲਾਵਾਦ' ਚੋਖਾ ਪ੍ਰਗਟ ਹੋਇਆ ਹੈ । ਇਥੇ ਕੁਝ ਉਦਾਹਰਣ ਮਸਤੀ ਦੇ ਦੇਣੇ ਕੁਥਾਂ ਨਹੀਂ ਹੋਣਗੇ । ਪੰਜਾਬੀ ਵਿਚ ਇਸ ਵਾਦ ਦਾ ਡਾ. ਦੀਵਾਨਾ ਇਕੱਲਾ ਹੀ ਇਕ ਕਵੀ ਹੈ :—

1. ਇਕ ਯਾਦ ਤੇਰੀ ਬਸ ਯਾਦ ਰਹੀ, ਸਭ ਟੰਟੇ ਹੋਰ ਭੁਲਾ ਬੈਠੇ ।
ਇਕ ਨਾਮ ਮਣੀ ਚੁਕੇ ਬਧੀ, ਸਭ ਦੌਲਤ ਹੋਰ ਲੁਟਾ ਬੈਠੇ ।
ਤੰਗ ਆ ਕੇ ਮਸਜਿਦ ਮੰਦਰ ਤੋਂ, ਅਸੀਂ ਮੈਖਾਨੇ ਵਿਚ ਆ ਬੈਠੇ ।*
ਸਭ ਰੋਗਾਂ ਤੋਂ ਭਾਰੀ ਇਕੋ, ਬਿਰਹਾ ਦਾ ਰੋਗ ਲਗਾ ਬੈਠੇ ।

2. ਮੁਹੱਬਤ ਕਰ ਕੇ ਵੇਖੇਂ ਤੂੰ, ਇਹ ਹਾਲਾ ਭਰ ਕੇ ਦੇਖੇਂ ਤੂੰ ।

3. ਬਾਬਾ ਆਖੇ ਗਮੀ ਗ਼ਰੀਬੀ ਤੇ ਅਨਿਆਂ ਨੂੰ ਦੂਰ ਕਰੋ ।
ਬੇਸ਼ਕ ਰਾਜ ਕਿਸਾਨਾਂ ਤੇ ਮਜ਼ਦੂਰਾਂ ਦਾ ਮਨਜ਼ੂਰ ਕਰੋ ।
ਪੈਸੇ ਵਾਲਿਆਂ ਨੂੰ ਛੱਡਣ ਤੇ, ਕਾਣੀ ਵੰਡ ਮਜਬੂਰ ਕਰੋ ।
ਐਪਰ ਪਹਿਲਾਂ ਪੀ ਕੇ ਮਨ ਨੂੰ, ਮਸਤ ਕਰੋ ਮਸਰੂਰ ਕਰੋ ।

ਮੋਹਨ ਸਿੰਘ ਦੀਵਾਨਾ ਦੀ ਕਵਿਤਾ ਦਾ ਇਕ ਹੋਰ ਪ੍ਰਧਾਨ ਸੁਰ ਦੇਸ਼ ਭਗਤੀ ਹੈ । ਇਸ ਸੰਬੰਧ ਵਿਚ ਦੋ ਕਵਿਤਾਵਾਂ ਦੇਖੀਆਂ ਜਾ ਸਕਦੀਆਂ ਹਨ : ਕਲ੍ਹ (ਪੰਨਾ 33) ਅਤੇ ਸਿਆਲਕੋਟ (ਪੰਨਾ-35) ਕਲ੍ਹ ਵਿਚ ਕਵੀ ਆਉਣ ਵਾਲੇ ਕਲ੍ਹ ਨੂੰ ਸੰਬੋਧਨ ਕਰਦਾ ਹੈ ਕਿ ਭਾਵੇਂ ਮੈਂ ਨਹੀਂ ਰਹਾਂਗਾ, ਪਰ ਮੇਰੀਆਂ ਯਾਦਾਂ, ਮੇਰਾ ਕਵਿੱਤਵ, ਮੇਰਾ ਸਿਦਕ, ਮੇਰੀ ਵਫ਼ਾ ਹਮੇਸ਼ਾ ਕਾਇਮ ਰਹੇਗੀ । ਉਹ ਤਾਰਿਆਂ ਨੂੰ ਸਾਖੀ ਭਰਨ ਲਈ ਪ੍ਰਾਰਥਨਾ ਕਰਦਾ ਹੈ । ਕਵੀ ਤੀਜੇ ਦਹਾਕੇ ਵਿਚ ਦੇਸ਼ ਨੂੰ ਆਜ਼ਾਦ ਹੋਇਆ ਦੇਖਦਾ ਹੈ :—

ਕਲ ਨ ਹੋਸਾਂ ਮੈਂ, ਪਰ ਤੁਸੀਂ ਤਾਰਿਓ
ਸ਼ਾਹਦੀ ਮੇਰੀ ਭਰਨਾ, ਕਿਵੇਂ ਸਾਂ ਵਿਚ ਤਸੱਵਰ ਦੇਖਦਾ
ਲੱਦੀ ਵਾਲੇ ਤਾਰੇ ਵਾਂਗਰ,
ਦੇਸ਼ ਪਿਆਰਾ ਸੁਤੰਤਰਤਾ ਦੇ ਗਗਨ ਵਿਚ ਥਿਰਕਦਾ ।

ਇਸੇ ਤਰ੍ਹਾਂ 'ਸਿਆਲਕੋਟ' ਵਿਚ ਵੀ ' ਉਂ ਤੇ ਚੱਪਾ ਚੱਪਾ ਇਸ ਭੂਮੀ ਦਾ ਪਵਿੱਤਰ' ਕਹਿ ਕੇ

*ਲੜਵਾਤੇ ਹੈਂ ਮੰਦਿਰ ਮਸਜਿਦ, ਮੇਲ ਕਰਾਤੀ ਮਧੂਬਾਲਾ ।

ਕਵੀ ਦੇਸ਼ ਪਿਆਰ ਦੀ ਗੱਲ ਕਰਦਾ ਹੈ। ਸਾਰੀ ਕਵਿਤਾ ਵਿਚ ਉਸਦੀ ਦੇਸ਼ ਭਗਤੀ ਦਾ ਸੁਰ ਹੀ ਪ੍ਰਧਾਨ ਹੈ ਅਤੇ ਉਹ ਸਿਆਲਕੋਟ ਨਾਲ ਸੰਬੰਧਤ ਮਹਾਪੁਰਖਾਂ ਨੂੰ ਬੜੀ ਸ਼ਰਧਾ ਤੇ ਪਿਆਰ ਨਾਲ ਯਾਦ ਕਰਦਾ ਹੈ। ਜਿਸ ਵੇਲੇ ਭਾਰਤ ਵਿਚ ਸਮਾਜਵਾਦ ਅਜੇ ਲੋਕ ਲਹਿਰ ਨਹੀਂ ਬਣਿਆ ਸੀ, ਸਾਡਾ ਦੇਸ਼ ਭਗਤ ਕਵੀ ਉਸ ਵੇਲੇ ਪ੍ਰਗਤੀਵਾਦੀ ਕਵੀ ਵਾਂਗ ਗਰੀਬਾਂ ਤੇ ਨਤਾਣਿਆਂ ਦਾ ਜ਼ੋਰਦਾਰ ਪੱਖ ਪੂਰਦਾ ਹੈ। 5 ਨਵੰਬਰ 1941 ਨੂੰ ਲਿਖੀ ਕਵਿਤਾ 'ਗਰੀਬ' ਵਿਚ ਕਵੀ ਸੰਸਾਰ ਭਰ ਦੇ ਮਜ਼ਦੂਰਾਂ ਗਰੀਬਾਂ ਨੂੰ ਇਕੱਠਾ ਹੋ ਕੇ ਹੰਭਲਾ ਮਾਰਨ ਲਈ ਕਹਿ ਰਿਹਾ ਹੈ। ਦੇਖੋ ਕਿੰਨਾ ਜੋਸ਼ ਹੈ ਅਤੇ ਟੀਚੇ ਲਈ ਕਿੰਨੀ ਤੜਪ ਹੈ—

ਗਰੀਬੋ
ਗਰੀਬੋ
ਉਠੋ, ਸਾਥੀਓ, ਸਾਂਝੀਵਾਲੋ, ਮਜ਼ਦੂਰੋ, ਬੇਕਾਰੋ, ਕਲਰਕੋ
ਅਛੂਤੋ, ਜ਼ਨਾਨੀਓ, ਬਚਿਓ, ਬੁਢਿਤੋ
ਕਲਾਕਾਰੋ
ਓਇ ਸਾਰਿਓ, ਉਠੋ
ਜਿਹੜੇ ਗਰੀਬ ਹੋ। ਪੰਨਾ-80

ਸਾਡਾ ਕਵੀ 'ਕਲਾਕਾਰਾਂ' ਨੂੰ ਵੀ ਮਜ਼ਦੂਰਾਂ, ਗਰੀਬਾਂ ਦੀ ਜਥੇਬੰਦੀ ਵਿਚ ਸ਼ਾਮਲ ਕਰ ਰਿਹਾ ਹੈ। ਇਸ ਪ੍ਰਸੰਗ ਵਿਚ ਉਸਦੀ ਇਕ ਕਵਿਤਾ ਪੁਲ ਦੇਖੀ ਜਾ ਸਕਦੀ ਹੈ ਜਿਸ ਵਿਚ ਉਹ ਲੇਖਕਾਂ, ਕਵੀਆਂ, ਗੀਤਕਾਰਾਂ ਤੇ ਕਲਾਕਾਰਾਂ ਨੂੰ, 'ਮਜ਼ਦੂਰ' ਦਾ ਨਾਂ ਦੇਕੇ ਸੰਬੋਧਨ ਕਰਦਾ ਹੈ। ਇਹ ਕਲਾਕਾਰ ਮਜ਼ਦੂਰ ਅਪਣੀ ਰਚਨਾ ਰਾਹੀਂ ਸੂਖਮ ਸਥੂਲ ਨੂੰ, ਦਿਲਾਂ ਨੂੰ, ਗਰੀਬਾਂ, ਕੌਮੀਅਤਾਂ, ਮਜ਼ਹਬਾਂ, ਸ਼ਹਿਰਾਂ, ਗਰਾਵਾਂ, ਮਹਾਤਮਾ ਤੇ ਪਰਮਾਤਮਾ, ਤਾਰਿਆਂ ਤੇ ਫੁੱਲਾਂ, ਰਸਾਂ ਤੇ ਰਾਗਾਂ, ਕੰਗਲਿਆਂ ਤੇ ਧਨਵਾਨਾਂ, ਅਦ੍ਰਿਸ਼ਟ ਤੇ ਦ੍ਰਿਸ਼ਟ ਨੂੰ ਉਪਮਾਵਾਂ ਤੇ ਰੂਪਕਾਂ ਰਾਹੀਂ ਜੋੜਣ ਵਾਲੇ 'ਪੁੱਲ' ਕਹਿੰਦਾ ਹੈ। ਇਹ ਕਲਮੀ ਮਜ਼ਦੂਰ ਅਪਣਾ ਤਨ, ਮਨ, ਧਨ ਤੇ ਉਮਰ ਤੇ ਸ਼ੁਹਰਤ ਬਰਬਾਦ ਕਰਕੇ ਗੁਆਚੀ ਹੋਈ ਵਿਸ਼ਵ-ਏਕਤਾ ਲੱਭ ਲੈਂਦੇ ਹਨ ਤੇ ਅਪਣਾ ਸ੍ਵੈਮਾਨ ਵੀ ਪ੍ਰਾਪਤ ਕਰ ਲੈਂਦੇ ਹਨ। ਕਵੀ ਦੇ ਸ਼ਬਦਾਂ ਵਿਚ ਜਿੰਨਾ ਜਾਦੂ ਹੈ ਤੇ ਸੱਚਾਈ ਵੀ :—

ਕਵਿਤਾ, ਗੀਤ, ਕਹਾਣੀ, ਨਾਟਕ, ਤਸਵੀਰ
ਇਹ ਸਭ ਪੁਲ ਨੇ
ਵਿਚਾਰਾਂ, ਉਦਗਾਰਾਂ ਤੇ ਅਨੁਭਵਾਂ ਨੂੰ
ਸਦਾ ਅਨੇਕ ਹੁੰਦੀ ਏਕਤਾ ਵਿਚ ਜੋੜਨ ਵਾਲੇ
ਦਿਲਾਂ ਨੂੰ ਨੇੜੇ ਲਿਆ ਲਿਆ ਕੇ,
ਦੁਖ ਦਰਦ ਸੁਖ ਚੈਨ ਵਿਚ ਸ਼ਰੀਕ ਕਰਦੇ ਨੇ
ਨਿਕੇ ਨਿਕੇ ਪੁਲ
ਬਣਦੇ ਜਾਂਦੇ ਨੇ ਢਹਿੰਦੇ ਜਾਂਦੇ ਨੇ। ਪੰਨਾ-68

'ਟੈਗੋਰ' ਕਵਿਤਾ ਵੀ ਇਸੇ ਪ੍ਰਸੰਗ ਵਿਚ ਵਾਚੀ ਜਾ ਸਕਦੀ ਹੈ। ਇਸ ਵਿਚ ਰਾਬਿੰਦਰ ਨਾਥ

Sri Satguru Jagjit Singh Ji Elibrary NamdhariElibrary@gmail.com

ਟੈਗੋਰ ਨੂੰ ਸ਼ਰਧਾਂਜਲੀ ਦਿੱਤੀ ਹੈ ਤੇ ਉਸਦੀ ਦੇਸ਼ ਭਗਤੀ, ਸਾਹਿੱਤ, ਸੇਵਾ ਅਤੇ ਲੋਕ-ਸੇਵਾ ਨੂੰ ਯਾਦ ਕੀਤਾ ਗਿਆ ਹੈ :—

ਤੂੰ ਖਿਲਾਰੇ ਜਾਲੀ ਤੂੰ ਖਿਲਾਰੇ ਜਾਲ ਏਸ ਲਈ
ਵਿਸ਼ਵ-ਪ੍ਰੇਮ ਦੇ, ਨਿਸ਼ਕਾਮ ਸੇਵਾ ਦੇ, ਈਸ਼ਰ ਪਰਾਇਣਤਾ ਦੇ,
ਸੱਚੇ ਸਹਿਯੋਗ ਦੇ ।

ਸਾਡਾ ਦਾਰਸ਼ਨਿਕ ਕਵੀ ਜਿਥੇ ਜੀਵ ਤੇ ਬ੍ਰਹਮ ਬਾਰੇ ਵਿਚਾਰ ਕਰਦਾ ਹੈ, ਉਥੇ ਮਾਇਆ ਤੇ ਜਗਤ ਬਾਰੇ ਵੀ ਬਹੁਤ ਸੁੰਦਰ ਵਿਚਾਰ ਪੇਸ਼ ਕਰਦਾ ਹੈ। ਇਹ ਜਗਤ ਸ਼ਿਵ ਤੇ ਸ਼ਕਤੀ ਦਾ, ਬ੍ਰਹਮ ਤੇ ਮਾਇਆ, ਪੁਰਸ਼ ਤੇ ਪ੍ਰਕਿਰਤੀ ਦਾ ਤਮਾਸ਼ਾ ਹੈ—

ਮੂਰਖ ਮਾਇਆ/ਚੁਪ ਕਿਉਂ ਨਹੀਂ ਕਰੀ ਰਹਿੰਦੀ
ਤਮਾਸ਼ਾ ਜੁ ਕਰਨਾ ਹੋਇਆ, ਕੀਹਦਾ ?
ਪਾਰਬਤੀ ਤੇ ਭੋਲੇ ਨਾਥ ਦਾ । (ਪੰਨਾ–22)

ਇਹੋ ਨਹੀਂ ਉਹ ਕਰਮ, ਗਿਆਨ ਤੇ ਭਗਤੀ ਦਾ ਅਥਾਹ ਸਾਗਰ ਹੋਣਾ ਲੋਚਦਾ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਇਸ ਕਾਵਿ ਰਚਨਾ ਦਾ ਪ੍ਰਮੁੱਖ ਸੁਰ ਅਧਿਆਤਮਵਾਦ ਤੇ ਦਾਰਸ਼ਨਿਕ ਵਿਚਾਰਧਾਰਾ ਹੀ ਹੈ । 'ਕੀ ਹੋਵਾਂ' ਵਿਚ ਉਹ ਲਿਖਦਾ ਹੈ :—

ਕਰਮ, ਗਿਆਨ ਤੇ ਭਗਤੀ ਸੰਦੇ
ਓਸ ਅਥਾਹ ਸਾਗਰ ਦੇ ਅੰਦਰ
ਦਰੀਆ ਥੀਵਾਂ

ਇਸ ਸੰਗ੍ਰਹ ਦੀ ਸ਼ਿਲਪ ਗਤ ਵਿਸ਼ੇਸ਼ਤਾ ਇਹ ਹੈ ਕਿ ਕਵੀ ਨੇ ਇਸ ਵਿਚ ਅਨੇਕ ਕਾਵਿ-ਰੂਪ ਅਪਣਾਏ ਹਨ ਜਿਵੇਂ ਕਿ ਗੀਤ, ਮੁਕਤ ਕਵਿਤਾ, ਛੰਦ ਬੱਧ ਕਵਿਤਾ, ਬਿਆਨੀਆ ਲੰਮੀ ਕਵਿਤਾ, ਸੰਬੋਧਨ ਗੀਤ, ਕਿਤਾਅ ਆਦਿ । ਡਾ. ਮੋਹਨ ਸਿੰਘ ਅੱਗੇ ਭਾਸ਼ਾ ਹੱਥ ਬਨ੍ਹੀ ਖਲੋਤੀ ਹੈ ਤੇ ਉਹ ਉਸਤੋਂ ਮਨ ਮਰਜ਼ੀ ਦਾ ਕੰਮ ਲੈਂਦਾ ਹੈ । ਉਹ ਨਵੇਂ ਸ਼ਬਦ ਘੜਦਾ ਵੀ ਹੈ, ਤਤਸਮ ਸ਼ਬਦਾਂ ਦਾ ਤਦਭਵ ਰੂਪ ਵੀ ਕਰਦਾ ਹੈ ਤੇ ਫਾਰਸੀ ਉਰਦੂ ਸਰੋਤ ਤੇ ਹਿੰਦੀ-ਸੰਸਕ੍ਰਿਤ ਸ਼ਬਦਾਵਲੀ ਦੀ ਢੁਕਵੀਂ ਤੇ ਥਾਂ ਸਿਰ ਵਰਤੋਂ ਕਰ ਸਕਣ ਵਿਚ ਵੀ ਸਮਰਥ ਹੈ । ਉਹ ਲੋਕ-ਮੁਹਾਵਰੇ, ਲੋਕ–ਸੁਰਾਂ ਤੇ ਗੀਤ-ਸੰਗੀਤ ਤੋਂ ਵੀ ਚੰਗੀ ਤਰ੍ਹਾਂ ਪਰਿਚਿਤ ਹੈ ਜਿਸ ਕਾਰਨ ਉਸਦੀ ਕਵਿਤਾ ਵਿਚ ਹਰ ਰੰਗ ਤੇ ਰਸ ਮਿਲ ਜਾਂਦਾ ਹੈ। ਉਸ ਵਿਚ ਸ਼ਾਂਤ, ਬੀਰ, ਕਰੁਣ ਤੇ ਹਾਸ ਰਸ ਵੀ ਖੂਬ ਮਿਲਦੇ ਹਨ ਤੇ ਸ਼ਬਦ ਤੇ ਅਰਥ-ਅਲੰਕਾਰਾਂ ਦੀ ਵੀ ਘਾਟ ਨਹੀਂ ਹੈ, ਉਹ ਦੋ-ਦੋ ਤਿੰਨ-ਤਿੰਨ ਸ਼ਬਦਾਂ ਦੇ ਸੁੰਦਰ ਸਮਾਸ ਵੀ ਬਣਾ ਲੈਂਦਾ ਹੈ । ਉਦਾਹਰਣ ਲਈ ਉਸਦੀ ਕੇਵਲ ਇਕ ਕਵਿਤਾ ਜੀਵਨ ਪਥ, ਵਿਚਲੀ ਸ਼ਬਦ-ਚੋਣ ਪੇਸ਼ ਕੀਤੀ ਜਾ ਸਕਦੀ ਹੈ—ਜੀਵਨ-ਪਥ, ਕਰਨ–ਪਾੜੂ, ਦਿਲ-ਸਤਾਊ, ਤ੍ਰਾਨ ਬਖਸ਼ੂ, ਰੁੱਤ ਬਹਾਰੀ, ਆਨੰਦ–ਧਾਰਾ, ਸਰਬੰਸ, ਯਥਾ ਸ਼ਕਤੀ, ਮੁਦਈ, ਚੜ੍ਹਾ, ਨਿਵਾਜ਼ਸ਼, ਕਹਿਰ-ਸੂਰਤ, ਅਲਪੱਗ, ਸਰਬੱਗ, ਗਯਾਤਾ, ਨਿੱਤ ਪਾਲਕ, ਸਰਬ ਘਾਲਕ, ਰਿਜ਼ਾ, ਨਿਰਵਾਰ, ਅਚਰਜ, ਅਦਭੁਤ ਨਸਾ ਸੇ, ਸਿਖਾਸੇ, ਬੁਣਾਸੇਂ, ਪਾਤ, ਫੈਜ਼, ਮਸਲਤ । ਇਹ ਸ਼ਬਦਾਵਲੀ ਜੀਵਨ ਦੀ ਵਿਵਿਧਤਾ ਵਾਂਗਰ ਹੀ ਵਿਵਿਧ ਰਸਾਂ ਤੇ ਗੁਣਾਂ

Sri Satguru Jagjit Singh Ji Elibrary NamdhariElibrary@gmail.com

ਵਾਲੀ ਹੈ। ਦ੍ਰਿਸ਼ਟਾਂਤ ਅਲੰਕਾਰ ਦੇਖਣੇ ਹੋਣ ਤਾਂ ਪੰਨਾ 8 ਤੇ ਇਸਦੀ ਸਦਾ ਬਹਾਰ ਦੇਖੀ ਜਾ ਸਕਦੀ ਹੈ।

ਸਾਨੂੰ ਡਾ. ਦੀਵਾਨਾ ਦਾ ਅਗਲਾ ਕਾਵਿ-ਸੰਗ੍ਰਹਿ 'ਪੱਤਝੜ' ਨਹੀਂ ਮਿਲ ਸਕਿਆ ਹੈ, ਇਸ ਲਈ ਅਸੀਂ ਗੁਰਦਿਆਲ ਸਿੰਘ ਖੋਸਲਾ ਵਲੋਂ ਇਸ ਸੰਗ੍ਰਹ ਦੀ ਕੀਤੀ ਚੀਰਫਾੜ[1] ਨੂੰ ਇਥੋਂ ਦਰਜ ਕਰਨ ਤੋਂ ਨਹੀਂ ਰਹਿ ਸਕਦੇ।

"ਇਹ ਸਨ 'ਦੀਵਾਨੇ' ਦੇ ਖ਼ਿਆਲ ਜਵਾਨੀ ਵਿਚ। ਕਾਵਿ ਵਿਚ ਕਈ ਤਰ੍ਹਾਂ ਦੇ ਤਜਰਬੇ ਕਰਕੇ, ਕਈ ਨਵੇਂ ਨਵੇਂ ਤੋਲ ਅਜ਼ਮਾ ਕੇ, ਨਵੇਂ ਵਿਸ਼ਿਆਂ ਉਤੇ ਨਵੇਂ ਢੰਗ ਨਾਲ ਲਿਖ ਕੇ, ਰੱਬ ਅਤੇ ਸਮੇਂ ਨੂੰ ਵੰਗਾਰ ਕੇ ਤੇ ਪਰਚਲਤ ਕੀਮਤਾਂ ਨੂੰ ਠੁਕਰਾ ਕੇ, ਦੀਵਾਨਾ ਰੱਬੀ, ਲੀਲ੍ਹਾ ਦੇ ਬਿਸਮਾਦ ਤੋਂ ਪਰਭਾਵਿਤ ਹੁੰਦਾ ਹੈ। ਉਹ ਵਿਸ਼ਵਾਸ ਦਾ ਰਾਹ ਚੁਣਦਾ ਹੈ ਤੇ ਰਹੱਸ ਦੇ ਪੰਧ ਉੱਤੇ ਪੈਂਦਾ ਹੈ। ਵਿਚਕਾਰਲੀ ਉਮਰ ਵਿਚ ਲਿਖੇ ਕਾਵਿ ਵਿੱਚ 'ਦੀਵਾਨੇ' ਦਾ ਪਹਿਲਾ ਜੋਸ਼ ਮੱਠਾ ਪੈ ਗਇਆ ਹੈ ਤੇ ਇਸ ਨਾਲ ਉਮਰ ਅਤੇ ਤਜਰਬੇ ਦੀ ਪਕਿਆਈ ਰਚ ਗਈ ਹੈ :—

ਪੀਲਕ ਹੈ ਪਕਿਆਈ ਦਸਦੀ, ਸਹਿਜ ਅਵਸਥਾ ਮੌਤ ਤੇ ਹਸਦੀ
ਇਕ ਰੁਤ ਦੂਜੀ ਅੰਦਰ ਵਸਦੀ, ਕੁਦਰਤ ਇਕ ਦਮ ਚੋਂਦੀ ਖਸਦੀ।

ਜੋ ਕੁਝ 'ਕਵੀ' ਨੇ ਆਪਣੀ ਜਵਾਨੀ ਵਿਚ ਵੇਖਿਆ, ਸਹਿਆ, ਝੱਲਿਆ, ਜੋ ਜੋ ਪਹਾੜ ਉਹਦੇ ਉਤੇ ਡਿਗੇ, ਜੋ ਸਮੁੰਦਰ ਉਹਦੇ ਸਿਰ ਤੋਂ ਲੰਘ ਗਏ, ਉਹ ਸਭ ਉਹਦੇ ਮਨ ਉਤੇ ਇਕ ਡੂੰਘਾ ਦਾਗ਼ ਛਡ ਗਏ। 'ਪੱਤਝੜ' ਉਹਦੀਆਂ ਇਸ ਅਵਸਥਾ ਵਿਚ ਲਿਖੀਆਂ ਕਵਿਤਾ ਦਾ ਸੰਗ੍ਰਹਿ ਹੈ। 'ਔਰਤ', 'ਤੋਬਾ' ਤੇ ਕੁਝ ਹੋਰ ਅਜਿਹੀਆਂ ਕਵਿਤਾ ਵਿਚ 'ਦੀਵਾਨਾ' ਬਹੁਤ ਉਦਾਸ ਹੈ ਤੇ ਜ਼ਾਤੀ ਤਜਰਬੇ ਦਾ ਦੁਖ ਕੁਝਕੁ ਸਮੇਂ ਲਈ ਉਹਦੀਆਂ ਅੱਖਾਂ ਅੱਗੇ ਹਨੇਰਾ ਲੈ ਆਉਂਦਾ ਹੈ :

ਤੋਬਾ ਮੇਰੀ ਜੇ ਪੱਥਰ ਨੂੰ ਰਬ ਮੰਨਾਂ
ਸਿਜਦੇ ਕਰਾਂ ਮੈਂ ਖੂਨੀ ਵਿਜੋਗ ਵੱਲੇ।

ਪਰ ਆਪਣੀ ਦੁਖ ਦੀ ਘੜੀ ਵਿਚ ਵੀ, ਕਵੀ ਆਪਣੇ ਖ਼ਿਆਲਾਂ ਨੂੰ ਅਲੰਕਾਰਾਂ ਦੇ ਸਵਰਨ ਨਾਲ ਸ਼ਿੰਗਾਰਦਾ ਹੈ ਅਤੇ ਇਨ੍ਹਾਂ ਨੂੰ ਕਾਵਿ ਦੇ ਉੱਚੇ ਪਾਏ ਤਕ ਚਾੜ੍ਹਦਾ ਹੈ :

ਝੂਠੇ ਮੋਤੀਆਂ ਵਿਚ ਅਹਿਮਕ ਆਬ ਟੋਲਣ
ਤਾਰੇ ਤੋੜ ਕੇ ਕਿਸੇ ਨਾ ਪਾਏ ਖਾਰੇ।
ਕਿਸੇ ਲਹਿਰਾਂ ਨੂੰ ਬੰਨ੍ਹ ਬਹਾਇਆ ਨਾ,
ਮਿਲ ਭਿੱਟ ਕੇ ਵੀ ਸੁੰਦਰ ਰਹਿਨ ਨਿਆਰੇ।

ਦੀਵਾਨਾ ਆਪਣੀ ਬਿਪਤਾ ਨੂੰ ਨਹੀਂ ਛਪਾਂਦਾ, ਉਹ ਪਾਠਕ ਕੋਲੋਂ ਕੋਈ ਲੁਕਾ ਨਹੀਂ ਕਰਦਾ, ਸਗੋਂ ਆਪਣਾ ਦਿਲ ਉੱਕਾ ਹੀ ਨੰਗਾ ਕਰ ਦੇਂਦਾ ਹੈ। ਇਹ ਸਾਫ਼-ਗੋਈ ਉਹਦੇ ਕਾਵਿ ਵਿਚ ਬੜੀ ਤਾਕਤ ਪਾਂਦੀ ਹੈ ਤੇ ਇਸ ਦੀ ਅਪੀਲ ਨੂੰ ਪੁਰ-ਅਸਰ ਬਣਾਂਦੀ ਹੈ :

[1]ਪੁਰਖ ਆਦਰਸ਼ ਤੇ ਗੰਦ-ਗੁਣ, ਜਿਤਿੰਦਰ ਸਾਹਿੱਤ ਸਰੋਵਰ, ਵਿਚ ਦਿੱਤਾ ਲੇਖ।

Sri Satguru Jagjit Singh Ji Elibrary NamdhariElibrary@gmail.com

ਪ੍ਰੇਮਿਕਾ ਮੰਗੀ ਸੀ, ਨ ਕਿ ਡਾਇਣ
ਸੇਵਿਕਾ ਚਾਹੀ ਮੈਂ, ਨ ਕਸਾਇਣ
ਸਹਿਧਰਮਣ ਦੀ ਥਾਂ ਮਿਲੀ ਨਾਇਣ
ਸੁਣੇ ਨ ਕਾਈ ਗੱਲ ਭੌਂਕਾਇਣ ।

ਪਰ ਨਿਰਾ ਕਲੇਸ਼ ਕਰਨ ਦਾ ਕੋਈ ਫਾਇਦਾ ਨਹੀਂ । ਕਵੀ ਦਾ ਕੰਮ ਪਾਠਕ ਨੂੰ ਅਸੰਤੁਸ਼ਟ ਕਰਨਾ ਨਹੀਂ ਸਗੋਂ ਉਸ ਨੂੰ ਆਸਾ ਤੇ ਨਿਸ਼ਚੇ ਦੇ ਪੰਧ ਉਤੇ ਪਾਉਣਾ ਹੈ। ਪਰਮਾਤਮਾ ਨੂੰ ਦੀਵਾਨਾ ਵੰਗਾਰਦਾ ਹੈ :—

ਮੈਂ ਅਲਪਗ, ਸਰਬੱਗ ਸੈਂ ਤੂੰ ਤਾਂ, ਪੂਰੀਆਂ ਕਰਦੋਂ ਨ ਕੱਝੀਆਂ ਮੰਗਾਂ
ਆਪਣੀ ਕਾਮਨਾਂ ਨੂੰ ਮੈਂ ਕੋਸਾਂ ? ਬੇ-ਪਰਵਾਹੀ ਨੂੰ ਤੇਰੀ ਰੋਵਾਂ ?

ਪਰਮਾਤਮਾ ਵਿਚ ਭਰੋਸਾ ਨਹੀਂ ਲਭਦਾ ਦੁਨੀਆਂ ਦੀ ਹਰ ਦੁੰਦਤਾ ਚੀਜ਼ ਦੇ ਦੋ ਪਹਿਲੂ, ਇਕ ਚੰਗਾ ਤੇ ਦੂਜਾ ਮੰਦਾ, ਮੋਮਨ ਦੇ ਨਾਲ ਕਾਫ਼ਰ, ਦੋਸਤੀ ਦੇ ਨਾਲ ਮਕਰ, ਅੰਮ੍ਰਿਤ ਨਾਲ ਜ਼ਹਿਰ, ਇਹ ਸਾਰੇ ਅਜੋੜ, ਕਵੀ ਨੂੰ ਸਤਾਂਦੇ ਨੇ :—

ਇਕ ਪਾਸੇ
ਅਹਿੰਸਾ ਪਰਚਾਰ ਕਰਦਾ
ਗਾਂਧੀ, ਬੰਨ੍ਹ ਲੰਗੋਟੀ
ਤੇ ਵਰਤ ਰਖ ਕੇ ।
ਇਕ ਪਾਸੇ
ਨਸ਼ਿਆਉਂਦੇ ਪਏ ਪਛਮੀਂ
ਐਟਮ ਬੰਬ ਦਾ
ਫੱਲ ਤੇ ਫੱਲ ਚੱਖ ਕੇ

ਜੀਵਨ ਦੀਆਂ ਕਈ ਗੁੰਝਲਾਂ ਕਵੀ ਨੂੰ ਰੁਝਾਂਦੀਆਂ ਨੇ। ਕਦੀ ਉਹ ਛਿੱਥਾ ਤੇ ਦੁਖੀ ਹੋ ਜਾਂਦਾ ਏ ਤੇ ਬੜੇ ਉਦਾਸ ਲਹਿਜੇ ਵਿਚ ਦੁਨੀਆਂ ਦੇ ਮਕਰ ਤੇ ਬੇ-ਵਫ਼ਾਈ ਨੂੰ ਨਿੰਦਦਾ ਹੈ। ਇਕ ਸੱਚੇ ਕਵੀ ਦੀ ਤਰ੍ਹਾਂ ਉਹ ਆਪਣੇ ਨਿਜੀ ਤਜਰਬੇ ਨੂੰ ਡਾਢੇ ਰਸਦਾਇਕ ਤੇ ਭਾਵ ਪੂਰਨ ਸ਼ਬਦਾਂ ਵਿਚ ਵਰਨਨ ਕਰਦਾ ਹੈ। ਉਹਦੀ ਬੋਲੀ ਵਿਚ ਕੌੜ ਹੈ, ਪਰ ਉਹ ਕਿਸੇ ਨੂੰ ਦੁਖਾਂਦੀ ਨਹੀਂ। ਕਵੀ ਦਾ ਕੰਮ ਨਿਰਾ ਨਿਜੀ ਤਜਰਬੇ ਨੂੰ ਦਰਸਾਉਣਾ ਨਹੀਂ, ਸਗੋਂ ਉਹਦਾ ਕਰਤੱਵਯ ਪਾਠਕਾਂ ਨੂੰ ਆਪਣੇ ਤਜਰਬੇ ਰਾਹੀਂ, ਉਚੀਆਂ ਕੀਮਤਾਂ ਦੀ ਸੋਝੀ ਕਰਾਉਣਾ ਤੇ ਉਨ੍ਹਾਂ ਨੂੰ ਇਨਸਾਨੀਅਤ ਦੇ ਉੱਚ ਪਾਏ ਤਕ ਲੈ ਜਾਣਾ ਹੈ।"

'ਨਿਰੰਕਾਰੀ ਸਾਖੀਆਂ' ਪੁਸਤਕ ਮੂਲੋਂ ਇਕ ਨਵੇਂ ਪ੍ਰਯੋਗ ਦੇ ਤੌਰ ਤੇ ਪੇਸ਼ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬਾਨ ਨਾਲ ਸੰਬੰਧਤ ਵਾਰਤਕ ਸਾਖੀਆਂ ਤਾਂ ਬਹੁਤ ਮਿਲ ਜਾਂਦੀਆਂ ਹਨ, ਪਰ ਇਨ੍ਹਾਂ ਨੂੰ ਸੁੰਦਰ, ਸਾਹਿੱਤਕ, ਬਾ-ਮੁਹਾਵਰਾ ਤੇ ਰਸਾਤਮਕ ਕਵਿਤਾ ਵਿਚ ਕਾਨੀਬੰਦ ਕਰਨਾ ਡਾ. ਦੀਵਾਨਾ ਵਰਗੇ ਗੁਰਮਤਿ ਆਸ਼ਿਆਂ ਦੇ ਚਿੰਤਕ, ਦਾਰਸ਼ਨਿਕ ਤੇ ਸ਼ਰਧਾਲੂ ਦੇ ਹਿੱਸੇ ਹੀ ਆਇਆ ਹੈ। ਇਹ ਕਿਰਤ ਮਾਡਰਨ ਪਬਲੀਕੇਸ਼ਨਜ਼ ਲਾਹੌਰ

Sri Satguru Jagjit Singh Ji Elibrary NamdhariElibrary@gmail.com

ਤੋਂ ਛਪੀ ਹੈ। ਛਪਣ ਦੀ ਤਾਰੀਖ ਕੋਈ ਦਰਜ ਨਹੀਂ ਹੈ ਪਰ ਮੁਖਬੰਧ ਹੇਠ ਜਸਟਿਸ ਤੇਜਾ ਸਿੰਘ ਨੇ 20 ਦਸੰਬਰ ਸੰਨ 1945 ਈ. ਲਿਖਿਆ ਹੈ। ਇਸ ਪੁਸਤਕ ਦਾ ਸਮਰਪਣ 'ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ' ਕੀਤਾ ਗਿਆ ਹੈ। ਮੁਖਬੰਧ ਵਿਚ ਜਸਟਿਸ ਤੇਜਾ ਸਿੰਘ ਇਸੇ ਨੂੰ ਸਪੱਸ਼ਟ ਕਰਦੇ ਹੋਏ ਲਿਖਦੇ ਹਨ—"ਡਾ. ਮੋਹਨ ਸਿੰਘ ਜੀ ਨੇ ਗੁਰੂ ਜੀ ਦੇ ਸਫ਼ਰ ਦੇ ਮਸ਼ਹੂਰ ਮਸ਼ਹੂਰ ਹਾਲ ਜਿਨ੍ਹਾਂ ਨੂੰ ਸਾਖੀਆਂ ਕੈਂਹਦੇ ਹਨ, ਪੰਜਾਬੀ ਕਵਿਤਾ ਵਿਚ ਰਚਕੇ ਦੇਸ਼ ਤੇ ਸਿਖ ਪੰਥ ਦੋਹਾਂ ਦੀ ਬੜੀ ਸੇਵਾ ਕੀਤੀ ਹੈ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਜ਼ਬਾਨ ਜੋ ਡਾਕਟਰ ਜੀ ਨੇ ਵਰਤੀ ਹੈ, ਉਹ ਠੇਠ ਤੇ ਸੁਖਾਲੀ ਪੰਜਾਬੀ ਹੈ ਜਿਹਨੂੰ ਹਰ ਇਕ ਪੰਜਾਬੀ ਭਾਵੇਂ ਉਹਦਾ ਧਰਮ ਕੀ ਭੀ ਹੋਵੇ, ਬੜੀ ਆਸਾਨੀ ਨਾਲ ਸਮਝ ਸਕਦਾ ਹੈ ਤੇ ਪੜ੍ਹਕੇ ਆਨੰਦ ਹਾਸਲ ਕਰ ਸਕਦਾ ਹੈ।"

ਪੁਸਤਕ ਵਿਚ ਕੁਲ ਮਿਲਾ ਕੇ 10 ਸਾਖੀਆਂ ਦਰਜ ਹਨ ਜਿਨ੍ਹਾਂ ਦੇ ਸਿਰਲੇਖ ਹਨ- ਸਾਖੀ ਨੂਰ ਸ਼ਾਹ (2) ਸਾਖੀ ਸੱਜਣ ਠੱਗ, (3) ਸਾਖੀ ਮੂਲੇ ਕਰਾੜ, (4) ਸਾਖੀ ਪਿੰਡਾਂ ਦੀ, (5) ਸਾਖੀ ਰਾਜਾ ਪਦਮ ਨਾਭ, (6) ਸਾਖੀ ਮੁਸਲਮਾਣੀ ਦੇਸ ਦੀ, (7) ਸਾਖੀ ਬਾਬਰ ਪਾਤਿਸ਼ਾਹ, (8) ਸਾਖੀ ਲਾਲੂ ਤਰਖਾਣ ਦੀ (9) ਸਾਖੀ ਭਗੀਰਥ, ਅਨੰਦ (10) ਸਾਖੀ ਲਹਿਣਾ ਜੀ, ਇਨ੍ਹਾਂ ਵਿਚੋਂ 'ਸਾਖੀ ਲਾਲੋ ਤਰਖਾਣ ਦੀ' ਬਹੁਤ ਹੀ ਲੋਕ ਪ੍ਰਿਯ ਸਾਖੀ ਰਹੀ ਹੈ ਤੇ ਇਕ ਸਮੇਂ ਲੋਕ-ਮੂੰਹਾਂ ਤੇ ਚੜ੍ਹਕੇ ਪਿੰਡਾਂ ਵਿਚ ਗਾਈ ਜਾਂਦੀ ਰਹੀ ਹੈ ਕਿਉਂਕਿ ਇਸ ਵਿਚ ਹੱਕ ਤੇ ਸੱਚ, ਕਿਰਤ ਤੇ ਕਰਤਾਪੁਰਖ ਦੀ ਮਹੱਤਾ ਨੂੰ ਇਕ ਨਵੇਂ 'ਦ੍ਰਿਸ਼ਟੀਕੋਣ ਤੋਂ' ਸਮਝਾਇਆ ਗਿਆ ਹੈ। ਵਾਸਤਵ ਵਿਚ ਡਾ. ਮੋਹਨ ਸਿੰਘ ਦੀਵਾਨਾ ਦੀਆਂ ਸਾਖੀਆਂ ਦੀ ਮੂਲ ਵਿਸ਼ੇਸ਼ਤਾ ਹੀ ਇਹ ਹੈ ਕਿ ਉਨ੍ਹਾਂ ਨੇ ਇਨ੍ਹਾਂ ਪਰੰਪਰਾਗਤ ਲੋਕ-ਵਿਸ਼ਵਾਸ ਆਧਾਰਤ ਅਵਦਾਨਾਂ ਦਾ ਆਧੁਨਿਕੀਕਰਨ ਕੀਤਾ ਹੈ ਅਤੇ ਅਜੋਕੇ ਸਮੇਂ ਨਾਲ ਇਨ੍ਹਾਂ ਦੀ ਸੰਗਤੀ (ਰੇਲੀਵੇਂਸ) ਬਿਠਾ ਕੇ ਬਹੁਤ ਨਿੱਗਰ ਤੇ ਕਾਰਜਸ਼ੀਲ ਕਰਮ ਕੀਤਾ ਹੈ।

ਇਨ੍ਹਾਂ ਸਾਖੀਆਂ ਦੀ ਇਕ ਹੋਰ ਉਘੀ ਵਿਸ਼ੇਸ਼ਤਾ ਇਸਦੀ ਭਾਸ਼ਾ ਦੀ ਚੋਣ, ਸ਼ਬਦਾਂ ਦੀ ਜੜਤ, ਸਮਾਸ ਬਣਾਉਣ ਦੀ ਉਸਾਰੂ ਵਿਰਤੀ ਅਤੇ ਲੋਕ ਮੁਹਾਵਰੇ ਤੇ ਸਾਹਿਤ ਮੁਹਾਵਰੇ ਦਾ ਏਕੀਕਰਨ ਕਰਨਾ ਹੈ। ਭਾਸ਼ਾਈ ਦ੍ਰਿਸ਼ਟੀ ਤੋਂ ਇਹ ਸ਼ਬਦ-ਘਾੜਤ ਦੇਖੋ—ਭੋਰੂ, ਰੂਪੈ- ਕਾਮੈ, ਅਧੋਗਤੀ, ਕਾਮਿਨੀ, ਬਲਵਤੀ, ਰੂਪਮਤੀ, ਤਿਰੀਆ, ਯੋਗਤਾ, ਮਹਿਲਾਵਾਂ, ਸ੍ਵਾਨ, ਮੋਹਣੀ, ਨੌਨਿਧਾਂ, ਦਰਾਜ਼, ਤੁਆਮ, ਖਿਰਾਜ, ਮਸਰੂਰ, ਮਖਮੂਰ, ਫਤੂਰ, ਹੁਸਨ ਜ਼ਹੂਰ, ਮਕਦੂਰ, ਮਾਹਰੂਰ, ਦਸਤੂਰ, ਨਿਸਾਰ, ਇਹਲਾਜ਼ੀ, ਸਿਹਰ, ਮੁਰਸ਼ਦ, ਸਾਦਿਕ ਆਦਿ ਆਦਿ। ਇਸੇ ਤਰ੍ਹਾਂ ਦੋ ਜਾਂ ਤਿੰਨ ਸਬਦਾਂ ਨੂੰ ਜੋੜ ਕੇ ਬਣਾਏ ਸਮਾਸ ਵੀ ਦੇਖਣ ਵਾਲੇ ਹਨ ਜਿਵੇਂ ਹੁਸਨ-ਨਾਗ-ਫੁੰਕਾਰ-ਨਾਗ-ਮਨ, ਮਰਦ-ਸਮਾਜ, ਮਰਦ-ਰਿਦੇ, ਕਰਮ-ਗੁਲਾਮੀ, ਹਰਕਤ-ਕਟਕ ਆਦਿ।

ਹੁਣ ਇਥੇ ਇਕ ਦੋ ਸਾਖੀਆਂ ਦਾ ਵਿਸ਼ਲੇਸ਼ਣ ਕਰਦੇ ਹਾਂ। ਸਭ ਤੋਂ ਪਹਿਲੀ ਸਾਖੀ ਨੂਰ ਸ਼ਾਹ ਨੂੰ ਹੀ ਲਉ। ਇਸ ਵਿਚ ਨੂਰ ਸ਼ਾਹ ਨਾਮੀ ਸੁੰਦਰੀ ਵਲੋਂ ਮਰਦਾਨੇ ਨੂੰ ਭੇਡੂ ਬਣਾਏ ਜਾਣ ਅਤੇ ਗੁਰੂ ਨਾਨਕ ਦੇਵ ਜੀ ਵਲੋਂ 'ਸਤਿ ਕਰਤਾਰ' ਦਾ ਨਾਮ ਉੱਚਾਰਨ ਕਰਕੇ ਉਸ ਨੂੰ ਛੁਡਾਉਣ ਅਤੇ ਨੂਰ ਸ਼ਾਹ ਨੂੰ ਚੇਲਾ ਬਣਾਉਣ ਦੀ ਕਹਾਣੀ ਹੈ। ਡਾ.

Sri Satguru Jagjit Singh Ji Elibrary NamdhariElibrary@gmail.com

ਦੀਵਾਨਾ 'ਤਿਰੀਆ ਚਲਿੱਤਰ' ਬਾਰੇ ਖਾਸਾ ਸਖ਼ਤ ਨਜ਼ਰੀਆ ਰਖਦੇ ਜਾਪਦੇ ਹਨ। ਆਮ ਮੱਧਕਾਲੀ ਭਗਤਾਂ ਵਾਂਗ ਜਾਂ ਆਖੋ ਪ੍ਰਸੰਗ ਅਨੁਸਾਰ ਇਥੇ ਵੀ ਇਸਤਰੀ ਜਾਤੀ ਦਾ ਚੰਗਾ ਮਖੌਲ ਉਡਾਇਆ ਗਿਆ ਹੈ—

— ਰੂਪੈ-ਕਾਮੈ ਦੋਸਤੀ, ਮੁਢ ਕਦੀਮੀ ਸਾਜ਼
— ਮਰਦ-ਰਿਦੇ ਨੂੰ ਵਿਨ੍ਹਦੀ, ਤਿਰੀਆ ਤੀਰ-ਅੰਦਾਜ਼
ਛੋਟੀ ਮੋਟੀ ਕਾਮਿਨੀ—ਵਿਸ ਦੀ ਵੇਲ ਦਰਾਜ਼।
— ਕੁਤਿਓਂ ਹੇਠਾਂ ਮਰਦ ਹੈ, ਤਪ ਤੇ ਸੰਜਮ ਬਾਝ
— ਬਦਲਾ ਲੈਣਾ ਮਰਦ ਤੋਂ, ਤਿਰਿਆ-ਰਾਜ ਧਰੰਮ।
ਏਥੇ ਐਸ਼ ਹੀ ਐਸ਼ ਹੈ, ਤੋਪ ਨ ਤੀਰ ਨ ਬੰਮ।

ਅੰਤ ਵਿਚ ਇਸ ਸਾਖੀ ਦਾ ਸਿੱਟਾ ਵੀ ਕੱਢਿਆ ਗਿਆ ਹੈ ਜਿਸ ਨਾਲ ਨਿਰੰਕਾਰੀ ਸਾਖੀਆਂ ਦੀ ਰਚਨਾ ਕਰਨ ਦਾ ਮੰਤਵ ਵੀ ਸਪੱਸ਼ਟ ਹੁੰਦਾ ਹੈ ਤੇ ਇਸ ਸਾਖੀ ਦੀ ਸੰਗਤੀ ਨਵੇਂ ਯੁਗ ਨਾਲ ਨਵੀ ਸੋਚ ਨਾਲ ਵੀ ਬੈਠਦੀ ਹੈ :—

ਸਾਖੀ ਤਿਰੀਆ ਰਾਜ ਦੀ ਸਮਝੋ ਨਹੀਂ ਗਪੌੜ
ਮਰਦਾਨੇ ਹਾਂ ਮੈਂ ਤੁਸੀਂ, ਕਾਮ-ਰੂਪ ਦੀ ਪੌੜ
ਚਾਈਂ ਚਾਈਂ ਜਾਵੀਏ, ਗੁਰੂ-ਹੋੜ ਨੂੰ ਮੋੜ
ਕਾਮ ਦੇਵ ਚਿਮਟਾਉਂਦਾ, ਭੇਡੂਪਨ ਦਾ ਕੋਹੜ
ਰਹੇ ਉਦਾਸੀ ਗ੍ਰਹਸਥ ਵਿਚ, ਗੁਰ ਉਪਦੇਸ਼ ਨਿਚੋੜ
ਲਿਪਤ ਹੋਏ ਜੋ ਕਾਮ ਵਿਚ, ਦਿਤੀ ਬੇੜੀ ਬੋੜ
ਕਰਮ ਕਰੇ ਅਧਿਆਤਮੀ, ਫੜ ਲੜਿ ਬੰਦੀ-ਛੋੜ।

**ਮਸਤੀ** (1949), ਦੂਜੀ ਛਾਪ 1952—ਅਤਰ ਚੰਦ ਕਪੂਰ ਐਂਡ ਸਨਜ਼ ਦਿੱਲੀ 700 ਚੌਬਰਗਿਆਂ ਦਾ ਸੰਗ੍ਰਹ।

**ਭੇਟਾ** : ਆਪਣੇ ਸੁਰਗਵਾਸੀ ਪਿਤਾ ਮੁਣਸ਼ੀ ਸ਼ੇਰ ਸਿੰਘ ਜੀ ਨੂੰ ਜਿਨ੍ਹਾਂ ਦੀ ਸਿਮਰਤੀ ਸਦਾ ਹਰੀ ਰਹੇਗੀ ਤੇ ਮੈਨੂੰ ਪਿਤਾ ਜੀ ਦੇ ਤਿਆਗ, ਬ੍ਰਹਮ ਵਿਚਾਰ ਤੇ ਪਵਿਤ੍ਰਤਾ ਵੱਲ ਪ੍ਰੇਰਦੀ ਰਹੇਗੀ। 13 ਅਪ੍ਰੈਲ, 1949

ਇਹ ਕਾਵਿ ਰਚਨਾ ਡਾ. ਮੋਹਨ ਸਿੰਘ ਦੀਵਾਨਾ ਦੇ ਜੀਵਨ ਅਨੁਭਵ ਦਾ ਨਿਚੋੜ ਜਾਪਦਾ ਹੈ। ਉਨ੍ਹਾਂ ਨੇ ਇਸ ਤੋਂ ਕੁਝ ਚਿਰ ਮਗਰੋਂ ਆਪਣੀਆਂ ਕੁਝ ਪੁਸਤਕਾਂ ਅੰਗ੍ਰੇਜ਼ੀ ਵਿਚ ਲਿਖੀਆਂ ਜਿਵੇਂ ਕਿ ਪੰਨਾ 11 ਤੇ ਸੂਚੀ ਦਿੱਤੀ ਜਾ ਚੁੱਕੀ ਹੈ।

ਇਨ੍ਹਾਂ ਪੁਸਤਕਾਂ ਵਿਚ ਧਰਮ, ਦਰਸ਼ਨ, ਯੋਗ, ਸਾਧਨਾ, ਅਤੇ ਧਿਆਨਯੋਗ ਆਦਿ ਬਾਰੇ ਜੋ ਵਿਚਾਰ ਇਨ੍ਹਾਂ ਨੇ ਮਗਰੋਂ ਜਾਕੇ ਅੰਗ੍ਰੇਜ਼ੀ ਮਾਧਿਅਮ ਵਿਚ ਦਿਤੇ ਉਹ ਸਾਰੇ ਵਿਚਾਰ ਆਪਣੀ ਅੰਤਿਮ ਪੰਜਾਬੀ ਕਾਵਿ ਪੁਸਤਕ 'ਮਸਤੀ' ਦੇ ਸੱਤ ਸੌ ਚੌਬਰਗਿਆਂ ਰਾਹੀਂ ਪਹਿਲਾਂ ਹੀ ਦੇ ਚੁਕੇ ਸਨ। ਇਨ੍ਹਾਂ ਚੌਬਰਗਿਆਂ ਵਿਚ ਮਨੁਖ ਜੀਵਨ ਵਾਂਗ ਹੀ ਰੰਗ-ਬਰੰਗਾਪਨ ਹੈ, ਵਿਚਾਰਾਂ ਦੀ ਡੂੰਘਾਈ ਤੇ ਅਮੀਰੀ ਹੈ, ਭਾਵਾਂ ਜਾਂ ਜਜ਼ਬਿਆਂ ਦੇ ਹੜ੍ਹ ਹਨ ਅਤੇ ਬੌਧਿਕਤਾ ਦੀ ਡੂੰਘੀ ਛਾਪ ਹੈ।

Sri Satguru Jagjit Singh Ji Elibrary NamdhariElibrary@gmail.com

ਮਸਤੀ ਦੇ ਵਿਸ਼ੇ ਵਿਵਿਧ ਹਨ, ਪਿਆਰ ਫਲਸਫਾ, ਪ੍ਰੇਮ ਤੇ ਕਾਮ ਵਿਚਲਾ ਅੰਤਰ, ਸ਼ਿੰਗਾਰ ਦੇ ਸੰਯੋਗ ਤੇ ਵਿਯੋਗ ਦੋਵੇਂ ਪੱਖ, ਹਾਲਾਵਾਦ ਜਾਂ ਸ਼ਰਾਬ ਦੀ ਮਸਤੀ, ਮਾਨਵਤਾ-ਵਾਦ ਤੇ ਸਾਂਝੀਵਾਲਤਾ, ਇਤਿਹਾਸ ਤੇ ਮਿਥਿਹਾਸ, ਅਗਾਂਹਵਧੂ ਵਿਚਾਰਾਂ ਦਾ ਥੱਥਾਪਨ, ਸ਼ਰਨਾਰਥੀ ਸਮਸਿਆ, ਦੁਨੀਆ ਦੀ ਦੋਰੰਗੀ, ਮਰਦ ਤੇ ਔਰਤ ਦੇ ਸੰਬੰਧਾਂ ਦੀ ਸੂਖਮਤਾ, ਆਦਿ ਕਿੰਨੇ ਹੀ ਵਿਸ਼ੇ ਹਨ, ਪਰ ਨੀਤੀ ਸ਼ਾਸਤਰ, ਮਾਨਵ ਮੁੱਲਾਂ ਦੀ ਸਥਾਪਨਾ, ਅਧਿਆਤਮ ਸੰਤ ਮਹਾਤਮ, ਸੇਵਾ ਸਿਮਰਨ, ਜੀਵ, ਜਗਤ ਤੇ ਪਰਮਾਤਮਾ ਸੰਬੰਧੀ ਦਾਰਸ਼ਨਿਕ ਦ੍ਰਿਸ਼ਟੀ ਤੋਂ ਇਕ ਨਿਸ਼ਚਿਤ ਸੇਧ ਮਸਤੀ ਦਾ ਪ੍ਰਮੁੱਖ ਵਿਸ਼ਾ ਕਿਹਾ ਜਾ ਸਕਦਾ ਹੈ। ਇਸ ਤੋਂ ਛੁਟ ਉਨ੍ਹਾਂ ਚੌਬਰਗਿਆਂ ਦੀ ਵੀ ਘਾਟ ਨਹੀਂ ਹੈ ਜਿਨ੍ਹਾਂ ਵਿਚ ਡਾ. ਦੀਵਾਨਾ ਦੇ ਵਿਅਕਤੀਗਤ ਜੀਵਨ ਦੀ ਚੰਗੀ ਚੋਖੀ ਝਲਕ ਪ੍ਰਾਪਤ ਹੁੰਦੀ ਹੈ ਜਿਵੇਂ ਉਨ੍ਹਾਂ ਦੇ ਪਿਤਾ ਜੀ ਬਾਰੇ ਪਿਆਰ ਤੇ ਚਿੰਤਨ, ਮਾਂ ਦੀ ਯਾਦ, ਕਿਸੇ ਬੇਨਾਮ ਸੁੰਦਰੀ ਦੀ ਯਾਦ, ਸਿਖੀ ਦੀ ਲਗਨ, ਗੁਰੂ ਸਾਹਿਬਾਨ ਤੇ ਗੁਰਮਤਿ ਬਾਰੇ ਦੀਰਘ ਦ੍ਰਿਸ਼ਟੀ, ਆਦਿ। ਇਨ੍ਹਾਂ ਵਿਵਿਧ ਵਿਸ਼ਿਆਂ ਦੇ ਬਾਵਜੂਦ, ਜਿਵੇਂ ਕਿ ਨਾਂ ਤੋਂ ਵੀ ਸਪੱਸ਼ਟ ਹੈ, ਇਸ ਸੰਗ੍ਰਹਿ ਵਿਚ ਪ੍ਰਭੂ ਪਿਆਰ ਦੀ ਮਸਤੀ, ਸ਼ਾਹ ਹੁਸੈਨ ਵਾਲੀ ਸਵਾ ਸੇਰ ਕੀ 'ਮਸਤੀ' ਪ੍ਰਧਾਨ ਹੈ, ਨਾਲ ਹੀ ਡਾ. ਦੀਵਾਨਾ ਦੀ ਸਾਧਨਾ ਪੱਧਤੀ, ਨਿਹੰਗਤਾ, ਸੁਥਰਾਸ਼ਾਹੀ ਰੁਝਾਨ ਅਤੇ ਵੇਦਾਂਤ ਅਤੇ ਗੁਰਮਤਿ ਦਾ ਸੁੰਦਰ ਸੁਮੇਲ ਵੀ ਇਸ ਕਾਵਿ ਦੀ ਵਿਸ਼ੇਸ਼ਤਾ ਮੰਨਿਆ ਜਾ ਸਕਦਾ ਹੈ। ਉਨ੍ਹਾਂ ਦ ਹੇਠ ਲਿਖੇ ਚੌਬਰਗੇ ਤੋਂ ਉਨ੍ਹਾਂ ਦੇ ਕੱਥ ਅਤੇ ਵਿਅਕਤੀ ਬਾਰੇ ਬਹੁਤ ਵਧੀਆ ਤਸਵੀਰ ਉਘੜਕੇ ਸਾਮ੍ਹਣੇ ਆਉਂਦੀ ਹੈ :

ਸਾਈਂ ਦਾ ਮੈਂ ਚਾਕਰ ਹਾਂ ਤੇ ਬਾਕੀ ਸਵ ਦਾ ਅਫਸਰ ਹਾਂ।
ਸਾਈਂ ਦਾ ਮੈਂ ਕਾਇਲ ਹਾਂ ਤੇ ਬਾਕੀ ਸਭ ਥੀਂ ਨਾਬਰ ਹਾਂ
ਸਾਈਂ ਨਾਲ ਪਿਆਰ ਵਧਾਕੇ, ਸਾਈਂ ਤੋਂ ਵੀ ਬੇ ਡਰ ਹਾਂ
ਜਗਨ ਨਾਥ ਦਾ ਬਾਲਕ ਹਾਂ, ਮੈਂ ਬੇ ਸਰ ਹਾਂ ਤੇ ਬੇਘਰ ਹਾਂ।—421

ਡਾ. ਦੀਵਾਨਾ ਦਾ ਪ੍ਰਭੂ-ਪਿਆਰ ਨਿਸ਼ਕਾਮ ਭਗਤ ਦੀ ਤਕੜੀ ਸਾਧਨਾ ਅਤੇ ਪ੍ਰੇਮ-ਭਗਤੀ ਕਰਕੇ ਬਹੁਤ ਸੁੰਦਰ ਤੇ ਨਿਖਰੇ ਰੂਪ ਵਿਚ ਪ੍ਰਗਟ ਹੋਇਆ ਹੈ। ਉਨ੍ਹਾਂ ਦਾ ਪ੍ਰਭੂ ਨਿਰਗੁਣ ਨਿਰਾਕਾਰ ਹੈ, ਅਰੂਪ ਤੇ ਅਗਚਰ ਹੈ, ਉਸ ਤੋਂ ਕੁਝ ਵੀ ਮੰਗਣ ਦੀ ਲੋੜ ਨਹੀਂ ਹੈ ਸਗੋਂ ਉਹ ਸਭ ਦਾ ਦਾਤਾ ਹੈ, ਭੰਡਾਰੀ ਹੈ, ਬਿਨਾਂ ਮੰਗੇ ਹੀ ਸਭ ਦਾਤਾਂ ਬਖਸ਼ਣ ਵਾਲਾ ਹੈ, ਲੋੜ ਹੈ ਤਾਂ ਕੇਵਲ਼ ਉਸਨੂੰ ਪ੍ਰੇਮ ਤੇ ਨਿਸ਼ਚੇ ਨਾਲ ਸਿਮਰਨ ਦੀ। ਡਾ. ਦੀਵਾਨਾ ਦਾ ਬ੍ਰਹਮ ਸੰਬੰਧੀ ਸੰਕਲਪ ਸਪੱਸ਼ਟ ਹੈ, ਕੁਝ ਮਿਸਾਲਾਂ ਦੇਖੋ :

1. ਰੱਬ ਸਰੂਪਵਾਨ ਹੈ ਭਾਈ ਨਿਰਗੁਣ ਇਕ ਵਿਚਾਰ
ਚਾਹੇ ਜਦ ਅਛੱਤ ਹੋਂਦਵਾ ਛੋਤਾਂ ਤੋਂ ਕਰਤਾਰ
ਸਭ ਬ੍ਰਹਮੰਡਾਂ ਨੂੰ ਜੇ ਵੇਖੇਂ ਦਿਸੇ ਰੂਪ ਸੁਹਾਰ
ਬਾਬਾ ਆਖੇ ਓਸ ਅਮੂਰਤ ਮੂਰਤ ਤਾਈਂ ਸੰਭਾਰ—76

2. ਪ੍ਰਭੂ ਪ੍ਰੇਮ ਦੀ ਨਿਰਭੈਤਾ ਤੇ ਨੈਮਰਤਾ ਹੈ ਮੇਰਾ ਭਾਗ
ਮਾਣ ਤਾਣ ਮੇਰਾ ਨਹੀਂ ਕੇਵਲ, ਪ੍ਰੇਮਾ ਭਗਤੀ ਸਦਾ ਸੁਹਾਗ।

Sri Satguru Jagjit Singh Ji Elibrary NamdhariElibrary@gmail.com

ਆਪੇ ਨਾਦ ਫੂਕ ਉਪਜਾਇਆ ਮੇਰੇ ਅੰਦਰ ਜਿਸ ਅਨੁਰਾਗ
ਨਾਦ ਬਿੰਦ ਜੋਤ ਦਾ ਬੱਦਲ ਰਖਸੀ ਹਰਿਆ ਮੇਰਾ ਬਾਗ—82

3. ਰਬ ਤੋਂ ਮੰਗਣੋਂ ਲਾਜ਼ਮ ਨਾ ਹੋ, ਅੰਦਰ ਵੜਕੇ ਖੁਲ੍ਹ ਕੇ ਮੰਗ
ਪਰ ਵੱਡੇ ਤੋਂ ਨਿੱਕੀ ਜਿਹੀ ਵਸਤੂ ਮੰਗਣੋਂ ਦਿਲ ਵਿਚ ਸੰਗ
ਰਬ ਤੋਂ ਰਬ ਬਿਨ ਮੰਗਣਾ ਮੇਰੀ ਸਮਝੇ ਹੱਦ ਨਦਾਨੀ ਦੀ
ਇਕੋ ਵਾਰੀ ਇਤਨਾ ਮੰਗੀਂ ਚੜ੍ਹੇ ਰੂਹ ਨੂੰ ਰੱਬੀ ਰੰਗ—267

4. ਓਹਨਾਂ ਦਾ ਕੀ ਕਹਿਣਾ ਭਾਈ ਰੱਬ ਜਿਹਨਾਂ ਦੀਆਂ ਮੰਨੇ
ਮਥਰਾ ਤੋਂ ਗੋਕਲ ਨੂੰ ਧਾਵੇ, ਲਾਹੇ ਬੇੜੀ ਬੰਨੇ
ਪੁੱਤ ਬਚਾਉਣ ਖਾਤਰ, ਨਹੁਆਂ ਨਾਲ ਪਿਤਾ ਨੂੰ ਹੰਨੇ
ਮੂਰਤਮਾਨ ਅਮੂਰਤ ਨੂੰ ਕਰ ਲੈਂਦੇ ਨਾਮੇ ਧੰਨੇ ।—341

5. ਕੁੱਲ ਦਿਸਦੇ ਅਣ-ਦਿਸਦੇ ਦੀ ਤੂੰ ਸਾਂਝੀ ਹੱਦ ਹਕੀਕਤ ਹੈਂ
ਵੇਖਾਂ ਸੋਚਾਂ ਤੇ ਮਹਿਸੂਸਾਂ, ਮੂਰਤ ਹੈਂ ਤੂੰ ਅਮੂਰਤ ਹੈਂ
ਭੂਤ ਭਵਿਖ ਭਵਾਨ ਹੈਂ ਸਭ ਦਾ, ਆਪ ਵੰਡੀਕੇ, ਕਿਸਮਤ ਹੈਂ
ਮਿਹਰ ਹੈਂ ਕਹਿਰ ਹੈਂ, ਤਮ ਤੇ ਚਾਨਣ, ਅਣਗਹਿਲੀ ਹੈਂ ਸੂਝਤ ਹੈਂ ।
—385

ਮੋਹਨ ਸਿੰਘ ਦਾ ਅਧਿਆਤਮ-ਦਰਸ਼ਨ ਵੇਦਾਂਤ ਤੇ ਗੁਰਮਤਿ ਦੀ ਸਾਂਝ ਵਿਚੋਂ ਪੈਦਾ ਹੋਇਆ ਹੈ। ਇਕ ਪਾਸੇ ਉਹ ਆਪਣਾ ਇਸ਼ਟ ਸ਼ਿਵ ਸ਼ੰਕਰ ਨੂੰ ਮੰਨਦੇ ਹਨ, ਰਾਮ ਤੇ ਕ੍ਰਿਸ਼ਣ ਦੇ ਗੀਤ ਗਾਉਂਦੇ ਹਨ ਤੇ ਦੂਜੇ ਪਾਸੇ ਸਿਖ ਗੁਰੂ ਸਾਹਿਬਾਨ, ਸੁਖਮਨੀ ਸਾਹਿਬ, ਆਨੰਦ ਸਾਹਿਬ ਤੇ ਸਿਖ ਰਹਿਤ ਮਰਯਾਦਾ ਬਾਰੇ ਪੂਰੀ ਸ਼ਰਧਾ ਪ੍ਰਗਟਾਉਂਦੇ ਹਨ—ਉਦਾਹਰਣ ਵੇਖੋ :

1. ਜੇਹੜਾ ਬੰਸੀ ਬਟ ਚੋਂ ਬੋਲਦਾ ਸੀਗਾ, ਉਹੀ ਰਾਧੇ ਹਿਰਦਿਓਂ ਕੂੰਦਾ
ਜੇਹੜਾ ਚਾਰਦਾ ਗਾਵਾਂ ਵੱਛਿਆਂ ਤਾਈਂ ਉਹੀ ਚੱਕ ਸੰਸਾਰ ਨੂੰ ਘੂੰਹਦਾ
ਜੇਹੜਾ ਕੁਬਜਾਂ ਦਾ ਕੁਬ ਸਿੱਧਾ ਕਰਦਾ ਦੁਰਯੋਧਨ ਆਕੜ ਭੰਨਦਾ
ਜੇਹੜਾ ਖਾਂਦਾ ਤੀਰ ਪਦਮ ਪੈਰ ਵਿਚ ਉਹੀ ਬੰਸ ਜਾਦਵਾਂ ਲੂੰਹਦਾ—451

2. ਚੋਣਵਿਆਂ ਚਾਆਂ ਤੇ ਖਾਬਾਂ ਹੀ ਦਾ ਰਖਿਆ ਨਾਮ ਖੁਦਾ
ਸਾਗਰ ਦੇ ਅਹਿਸਾਸ ਨੂੰ ਕਰਦੇ ਰੁੜ੍ਹ ਖੁੜ੍ਹ ਕੇ ਪੱਕਾ ਦਰਯਾ
ਹੱਦੋਂ ਬੇਹੱਦ, ਨਾਦੋਂ ਅਨਹਤ, ਹੋਣ ਦੀ ਚਾਹ ਕਸੂਰ ਨਹੀਂ
ਖਾਮ ਹੈ ਜੇਕਰ ਖਾਮੀਆਂ ਮੇਟਣ ਦਾ ਸਿਰ ਅੰਦਰ ਨਹੀਂ ਉਪਾ—249

3. ਭੋਲੇ ਨਾਥ ਨਾਲ ਮੈਂ ਜੁੜਕੇ ਸਭ ਤੇ ਹੁਕਮ ਚਲਾਵਾਂ
ਸ਼ਕਤੀ ਮਾਤਾ ਤੋਂ ਜਦ ਚਾਹਾਂ ਨਵ ਮੰਡਲ ਬਣਵਾਵਾਂ
ਸਿਧ ਪੁਰ ਤੇ ਅਟਕ ਟਿਕਾਓ ਸਭ ਵਿਚ ਲੰਘਦਾ ਜਾਵਾਂ
ਪੂਰਾ ਕਾਦਰ ਹੋਕੇ ਮਨਸਾ ਕੋਈ ਨ ਮਨ ਵਿਚ ਪਾਵਾਂ ।

4. ਮਨ ਹੈ ਪੰਛੀ ਮਨ ਹੈ ਪਿੰਜਰਾ ਮਨ ਬੋਧਕ ਹੈ ਮਨ ਆਸ਼ਕ
ਮਨ ਚਾਹੇ ਤਾਂ ਕਰ ਸਕਦਾ ਹੈ ਨਾਸ਼ਵੰਤ ਤਾਈਂ ਅਬਿਨਾਸ਼
ਮਨ ਤੂੰ ਮਸਤਾਂ ਬਨ੍ਹ ਬਹਾਯਾ, ਦਾਰੂ ਘਰ ਦੇ ਖੂੰਜੇ ਵਿਚ
'ਮਨ ਜੀਤੇ ਜਗ ਜੀਤ' ਗਾਉਂ ਕੇ, ਬਾਬੇ ਕੀਤਾ ਪਰਦਾ ਫਾਸ਼—472

ਆਪਣੇ ਕਾਵਿ ਤੇ ਵਿਚਾਰਧਾਰਾ ਉਤੇ ਕਿਸ ਕਿਸ ਦਾ ਪ੍ਰਭਾਵ ਹੈ, ਇਹ ਦੱਸਦੇ ਹੋਏ ਆਪ ਲਿਖਦੇ ਹਨ :

1. ਅਰਬੀ, ਈਰਾਨੀ ਅੰਗ੍ਰੇਜ਼ੀ ਵੇਦਾਂਤੀ ਪਰਭਾਉ ਨਹੀਂ
ਜੋ ਕੁਝ ਦਿੱਤਾ ਦਾਤੇ ਦਿੱਤਾ ਕੋਈ ਬਾਹਰੋਂ ਫੜਿਆ ਚਾਉ ਨਹੀਂ
ਓਹੀ ਜੰਤ੍ਰ ਉਹੀ ਜੰਤੀ ਤਨ ਮਨ ਮੇਰਾ ਉਸਦੀ ਰਬਾਬ
ਏਸੇ ਭਾਵ ਨੂੰ ਚਿਤਰਾਂ ਮੁੜ ਮੁੜ, ਰਸ ਧੁਨੀ ਹੋਰ ਨਸ਼ਿਆਉ ਨਹੀਂ—413

2. ਕਦੀ ਸ਼ੰਕਰ ਸ਼ੰਕਰ ਬੋਲ ਵੇ ਕਦੀ ਖਬਲ ਦਿਲ ਚੋਂ ਪੱਟ ਵੇ
ਕਦੀ ਅਪਣਾ ਅੰਦਰ ਫੋਲ ਵੇ ਕਦੀ ਖਾ ਸੰਤਾਂ ਦੀ ਸੱਟ ਵੇ
ਕਦੀ ਸੋਹੰ ਤਕੜੀ ਤੋਲ ਵੇ ਕਦੀ ਬਉਰੀ ਛਡ ਦੇ ਲੱਟ ਵੇ
ਕਦੀ ਕਰ ਆਤਮ ਸੰਗ ਚੋਹਲ ਵੇ, ਕਦੀ ਮੱਲ ਤਿਰਬੇਣੀ ਤੱਟ ਵੇ।—415

ਡਾ. ਮੋਹਨ ਸਿੰਘ ਦੀ ਮਸਤੀ ਵਿਚ ਉਹ ਵਿਚਾਰ ਵੀ ਬਹੁਤ ਆਏ ਹਨ ਜਿਨ੍ਹਾਂ ਨੂੰ ਅਸੀਂ ਨੈਤਿਕਤਾ ਦਾ ਨਾਂ ਦੇ ਸਕਦੇ ਹਾਂ। ਇਨ੍ਹਾਂ ਵਿਚ ਉਨ੍ਹਾਂ ਦੇ ਸੇਵਾ, ਸਿਮਰਨ, ਸਿਦਕ, ਸੱਚ ਬੋਲਣ, ਚੰਗੇ ਅਮਲ ਕਮਾਉਣ, ਪਰਉਪਕਾਰ ਕਰਨ, ਕਿਸੇ ਦਾ ਦਿਲ ਨਾ ਦੁਖਾਉਣ, ਮਿੱਠਾ ਬੋਲਣ, ਨਿਉਂ ਕੇ ਚੱਲਣ ਆਦਿ ਦੇ ਅਨਮੋਲ ਬਚਨ ਉਚਾਰੇ ਹਨ। ਇਸ ਤਰ੍ਹਾਂ ਦੇ ਕੁਝ ਉਦਾਹਰਣ ਵੇਖੇ ਜਾ ਸਕਦੇ ਹਨ :

ਦੌਲਤ, ਹੁਸਨ ਹਕੂਮਤ ਵਾਲੀ ਰਿੰਦੀ ਨਿਰਾ ਕਸਾਈਪਨ
ਮਸਤੀ ਤੈਨੂੰ ਲੋੜੀਦੀ ਹੈ ਤਾਂ ਤੂੰ ਮਸਤ ਅਲਸਤੀ ਬਣ
ਪੁੱਟ ਪੁੱਟ ਸੁਟ ਹਵਸ ਦਾ ਖੱਬਲ ਜਬਰ ਕਬਰ ਦੀ ਵਾੜੀ ਚੋਂ
ਨਿੱਤ ਨਵੀਂ ਫਿਰ ਫਸਲ ਜਮਾਸਨ ਹਰੇ ਭਰੇ ਤੇਰੇ ਤਨ ਮਨ—482

ਮਸਤੀ ਦਾ ਸਿੱਧਾਂਤ ਕਵੀ ਦੀਵਾਨਾ ਦਾ ਇਕ ਅਨੂਪਮ ਸਿੱਧਾਂਤ ਆਖਿਆ ਜਾ ਸਕਦਾ ਹੈ। ਉਸ ਦੀ ਸ਼ਾਇਰੀ ਵਿਚ ਇਕ ਅਜਬ ਕਿਸਮ ਦੀ ਮਸਤੀ ਹੈ, ਇਹ ਮਸਤੀ ਪਿਆਲੇ ਦੀ ਵੀ ਹੋ ਸਕਦੀ ਹੈ ਪਰ ਨਾਮ-ਖੁਮਾਰੀ ਦੀ ਮਸਤੀ ਵਧੇਰੇ ਵਰਣਨ ਲੈਂਦੀ ਹੈ। ਉਹ ਸ਼ਾਹ ਹੁਸੈਨ ਦੀ ਮਸਤੀ ਦਾ ਕਾਇਲ ਹੈ, ਇਸੇ ਲਈ 'ਸਵਾ ਸੇਰ ਕੀ ਮਸਤੀ' ਦਾ ਪੁਜਾਰੀ ਹੈ :

1. ਦੁਨੀਆਦਾਰ ਨੂੰ ਦੁਨੀਆਂ ਖਾਵੇ, ਦੀਨਦਾਰ ਨੂੰ ਦੀਨ
ਮਾਂਦਰੀ ਮਰਦਾ ਸੱਪ ਦੇ ਹਥੋਂ, ਧਰੀ ਰਹੀਂਦੀ ਬੀਨ
ਪੀਰੀ ਨਿਗਲੇ ਪੀਰਾਂ ਤਾਈਂ, ਹੀਨਤਾ ਨਿਗਲੇ ਹੀਨ
ਇਕ ਮਸਤੀ ਹੈ ਮਸਤਾਂ ਦੀ ਜੋ, ਰਹਿੰਦੀ ਸਦਾ ਅਧੀਨ।—30

Sri Satguru Jagjit Singh Ji Elibrary NamdhariElibrary@gmail.com

2. ਮਸਤ ਉਹੀ ਜੋ ਚੁੱਪ ਚੁਪੀਤੇ ਦੁਨੀਆਂ ਦੇ ਦੁਖ ਦਰਦ ਜਰਨ
ਮਸਤ ਉਹੀ ਜੋ ਦੁਨੀਆਂ ਨੂੰ ਖੁਸ਼ ਤੱਕ ਕੇ ਰੱਬ ਦਾ ਸ਼ੁਕਰ ਕਰਨ
ਮਸਤ ਉਹੀ ਜੋ ਭਵ ਸਾਗਰ ਵਿਚ ਮੁਰਦਾ ਤਾਰੀ ਨਿੱਤ ਕਰਨ
ਬਾਬਾ ਆਖੇ ਮਸਤ ਭੇਤ ਜਿਖਲਾਵਨ, ਸੱਖਣੇ ਰੱਜ ਭਰਨ।—60

3. ਮਸਤੀ ਇਕ ਇਲਾਹੀ ਝੋਲਾ, ਝੁੱਲੇ ਉਮਰਾ ਵਿਚ ਇਕ ਵਾਰ
ਬਾਕੀ ਉਮਰਾ ਉਸ ਝੋਲੇ ਦਾ ਰਹਿੰਦਾ ਰੋਸ਼ਨ ਗਰਮ ਖੁਮਾਰ
ਆਪੇ ਕੰਮ ਹੋਣ ਪਏ ਪੂਰੇ, ਆਪੇ ਜੀਵਨ ਦਾ ਪਏ ਮੁੱਲ
ਨਿੱਕੀ ਜਿੰਦ ਬ੍ਰਹਮ ਬਣੇਂਦੀ, ਗੋਦੀ ਲੈਂਦੀ ਸਭ ਸੰਸਾਰ—664

4. ਬਣਿਆ ਸ਼ਾਹ ਹੁਸੈਨ ਵਾਂਗਰਾਂ, ਮੈਂ ਵੀ ਆਪ ਮਲਾਮਤੀਆ
ਜਿਉਂ ਜਿਉਂ ਮੇਰੀ ਨਿੰਦਿਆ ਹੁੰਦੀ, ਤਿਉਂ ਤਿਉਂ ਮੈਨੂੰ ਚੜ੍ਹਦਾ ਚਾ
ਉਸਤਤ ਨਾਲ ਦਿਮਾਗ ਵਿਗੜਦਾ, ਖਾਮੀ ਦਾ ਨਾ ਲੱਗਦਾ ਥੌਹ
ਦੁਨੀਆਂ ਤੋਂ ਉਪਰਾਮ ਹੋਵਣਾ, ਮਸਤੀ ਦੀ ਮਜ਼ਬੂਤ ਬਿਨਾ—544

ਕਬੀਰ ਸਾਹਿਬ ਇਕ ਥਾਂ ਨਿੰਦਕ ਨੂੰ ਨੇੜੇ ਰੱਖਣ ਦੀ ਗੱਲ ਕਹਿੰਦੇ ਹਨ ਕਿਉਂਕਿ ਇਸ ਨਾਲ ਬੰਦਾ ਸਾਵਧਾਨ ਬਣਿਆ ਰਹਿੰਦਾ ਹੈ—ਨਿੰਦਕ ਨਿਅਰੇ ਰਾਖੀਏ—ਆਂਗਨ ਕੁਟੀ ਛਵਾਇ, ਇਹੋ ਕੁਝ ਡਾ ਦੀਵਾਨਾ ਪ੍ਰਗਟ ਕਰਦੇ ਹਨ। ਸ਼ਾਹ ਹੁਸੈਨ, ਕਬੀਰ ਤੋਂ ਛੁੱਟ ਡਾ. ਦੀਵਾਨਾ ਸੂਥਰੇ ਕਵੀ ਨੂੰ ਵੀ ਆਪਣੀਆਂ ਰੁਬਾਈਆਂ ਵਿਚ ਅਕਸਰ ਯਾਦ ਕਰਦੇ ਹਨ, ਦੇਖੋ ਚੌਥਰਗਾ ਨੰਬਰ 215। ਪ੍ਰਭੂ ਦਾ ਸਰੂਪ ਵਰਣਨ ਕਰਦੇ ਹੋਏ ਆਪ ਬ੍ਰਹਮ ਦੇ ਅਨੇਕ ਨਾਮਾਂ ਨੂੰ ਗਿਣਦੇ ਹਨ, ਪਰ ਅਖੀਰ ਵੇਦਾਂ ਵਾਲੇ 'ਨੇਤਿ ਨੇਤਿ' ਦੇ ਸਿੱਧਾਂਤ ਤੇ ਅੱਪੜਕੇ ਹੀ ਗੁਜ਼ਾਰਾ ਹੈ :

ਅੱਖ ਅੱਖ ਦਾ ਭੇਤ ਲਏ ਤੇ ਰੂਹ ਰੂਹ ਨੂੰ ਸਾਣ ਕਰੇ
ਨੇਹੀਂ ਨੇਹੀਂ ਤਾਈਂ ਪਛਾਣੇ ਦਰਦ ਦਰਦ ਦਾ ਮਾਣ ਕਰੇ
ਕੰਡਾ ਕੱਢੇ ਕੰਡੇ ਨੂੰ ਤੇ ਸ਼ਾਦ ਹਾਣ ਨੂੰ ਹਾਣ ਕਰੇ
ਕਵੀ ਕਵੀ ਨੂੰ ਪਰਖੇ ਤੈਥੋਂ ਦਿਲ ਆਪਾ ਕਰਥਾਨ ਕਰੇ—616

ਹਿੰਦੀ ਦੇ ਕਵੀ ਹਰਿਵੰਸ਼ ਰਾਇ ਵੱਚਨ ਨੇ ਸਾਹਿੱਤ ਵਿਚ ਇਕ ਨਵਾਂ ਵਾਦ ਚਲਾਇਆ ਹੈ ਜਿਸਨੂੰ ਆਮ ਕਰਕੇ 'ਹਾਲਾਵਾਦ' ਕਰਕੇ ਜਾਣਿਆ ਜਾਂਦਾ ਹੈ। ਹਾਲਾ ਸ਼ਰਾਬ ਨੂੰ ਕਹਿੰਦੇ ਹਨ। ਸ਼ਰਾਬ ਤੇ ਰਿੰਦੀ ਦੇ ਸ਼ਿਅਰ ਕਹਿਕੇ ਕਵੀ ਮਸਤੀ ਪ੍ਰਗਟ ਕਰਦੇ ਹਨ, ਮਨੁਖੀ ਏਕਤਾ ਤੇ ਭਾਈਚਾਰੇ ਵਿਚ ਖੋ ਜਾਂਦੇ ਹਨ। ਡਾ. ਮੋਹਨ ਸਿੰਘ ਦੀਵਾਨਾ ਦੀ 'ਮਸਤੀ' ਵਿਚ ਵੀ ਇਸ ਕਿਸਮ ਦੇ ਵਿਚਾਰ ਬਹੁਤ ਖੁਲ੍ਹ ਕੇ ਪ੍ਰਗਟ ਹੋਏ ਹਨ। ਕੁਝ ਉਦਾਹਰਨ ਪੇਸ਼ ਹਨ :

1. ਨਜ਼ਰ ਆਉਂਦਾ ਹੈ ਕੀ ਕੀ ਮਸਤ ਬਾਬੇ ਨੂੰ ਪਿਆਲੇ ਵਿਚ
ਜ਼ਿਮੀਂ ਅਸਮਾਨ ਤਕਦਾ ਹੈ ਜਵਾਨੀ ਦੇ ਉਜਾਲੇ ਵਿਚ
ਕਿ ਆਪਣਾ ਮਾਣਦਾ ਹੈ ਚੌਹਦਵੀਂ ਦਾ ਚੰਦ ਹਾਲੇ ਵਿਚ
ਕਿ ਪਹੁਤਾ ਧਿਆਨ ਰਾਹੀਂ ਸਹਿਜ ਦੇ ਆਲਮ ਨਿਰਾਲੇ ਵਿਚ—122

2. ਸੁਲਹ ਸਫ਼ਾਈ ਅਪਣੇ ਅਤੇ ਬਿਗਾਨੇ ਨਾਲ ਕਰਾਂਦੀ
ਪੀਂਦਿਆਂ ਸਾਰ ਵੱਲ ਹੋ ਜਾਂਦੀ ਜਿੰਦ ਮੇਰੀ ਦਰਮਾਂਦੀ
ਸਾਕੀ ਤੂੰ ਇਹ ਲਾਲ ਲਾਹ ਸ਼ੈ ਕਿਸ ਅਸਮਾਨੋਂ ਆਂਦੀ
ਤਾਬਿਆਦਾਰੀ ਮੁੱਲ ਹੈ ਜਿਸਦਾ, ਨ ਸੋਨਾ ਨਾ ਚਾਂਦੀ —164

3. ਅਜੇ ਮਿਜ਼ਾਜ ਹੈ ਗਭਰੂਆਂ ਵਾਲਾ, (ਮੈਨੂੰ) ਮਤ ਕੋਈ ਆਖੇ ਬਾਬਾ,
ਸੋਹਣੀਆਂ ਸੱਟਾਂ ਸਹਿ ਸਕਦਾ ਹਾਂ, ਅਜੇ ਗ਼ਮ ਹੈ ਮੇਰਾ ਖਾਬਾ
ਬਾਹਰ ਠੰਢ, ਸਫੈਦੀ, ਝੁਰੀਆਂ, ਅੰਦਰ ਨਹੀਂ ਸਲ੍ਹਾਬਾ।
ਅਜੇ ਨਹੀਂ ਮੈਨੂੰ ਪਾਣੀ ਪਚਦਾ, ਮੈਖਾਨਾ ਮੇਰਾ ਕਾਹਬਾ।—172

ਮਾਨਵਤਾਵਾਦ ਡਾ. ਦੀਵਾਨਾ ਦੀ ਸ਼ਾਇਰੀ ਦਾ ਇਕ ਹੋਰ ਉਘਾ ਵਿਸ਼ਾ ਹੈ। ਉਨ੍ਹਾਂ ਦੀ ਇਹ ਮਾਨਵਤਾ ਬ੍ਰਹਮ ਦੀ ਏਕਤਾ ਅਤੇ ਘਟ ਘਟ ਵਿਚ ਇਕੋ ਦਾ ਪਰਸਾਰ ਹੋਣ ਤੋਂ ਪੈਦਾ ਹੋਇਆ ਹੈ। ਰੱਬ ਨੇ ਤੈਨੂੰ ਜੀਭ, ਸਿਰ, ਹੱਥ ਪੈਰ ਇਸੇ ਲਈ ਤਾਂ ਦਿੱਤੇ ਸਨ ਕਿ ਤੂੰ ਹੋਰਾਂ ਦੀ ਸੇਵਾ ਕਰ ਸਕੇਂ ਪਰ ਤੂੰ ਖੁਦਗਰਜ਼ੀ ਦਾ ਸ਼ਿਕਾਰ ਹੋ ਕੇ ਬਹਿ ਗਿਆ ਹੈਂ, ਮਨੁਖ ਨੂੰ ਇਹ ਸਵਾਲ ਕਿਸ ਸੁੰਦਰ ਢੰਗ ਨਾਲ ਕੀਤੇ ਗਏ ਹਨ :—

1. ਰੱਬ ਦਿੱਤੀ ਸੀ ਜੀਭ ਕਿ ਕਹਿੰਦੋਂ ਸੱਚੀ ਸੁੱਚੀ ਸੋਹਣੀ ਗੱਲ
ਰੱਬ ਦਿੱਤੀ ਸੀ ਸਿਰ ਜੋ ਰਖਦੋਂ ਉੱਚਾ ਸਿੱਧਾ ਸਾਫ਼ ਅਟਲ
ਰਬ ਦਿੱਤੇ ਸਨ ਪੈਰ ਕਿ ਜਾਂਦੋਂ, ਸਾਧੂ ਗਰੀਬ ਦੀ ਝੁੱਗੀ ਵਲ
ਮਾਯਾ ਦੇ ਤੂੰ ਪੇਟੇ ਪੈ ਗਇਓਂ ਸਿੱਖੇ ਫੰਧ ਮਕਰ ਵਲ ਛਲ।—194

2. ਹੱਸਦਿਆਂ ਤੈਨੂੰ ਸ਼ਰਮ ਨਾ ਆਵੇ, ਓਧਰ ਲੱਖਾਂ ਰੋਂਦੇ
ਖਾਂਦਿਆਂ ਤੈਨੂੰ ਲਾਜ ਨ ਆਵੇ, ਓਧਰ ਫਾਕੇ ਹੋਂਦੇ
ਚਾਵਾਂ ਨਾਲ ਸਵਾਰ ਥੀਏਂ ਤੂੰ, ਓਧਰ ਭਾਰੇ ਢੋਂਦੇ।
ਬੰਦੇ ਸੋਈ ਬੰਦੇ ਜੋ ਦੂਜੇ ਦਾ ਦਰਦ ਵੰਡੇਂਦੇ—204.

ਡਾ. ਦੀਵਾਨਾ ਸਮਾਨਤਾ ਤੇ ਏਕਤਾ ਕਾਇਮ ਕਰਨ ਦੇ ਚਾਹਵਾਨ ਹਨ ਪਰ ਸਾਮਵਾਦੀ ਤੇ ਪ੍ਰਗਤੀਵਾਦੀ ਟੋਲੇ ਵਲੋਂ ਲਾਏ ਜਾਂਦੇ ਨਾਅਰੇ ਦਾ ਵਿਰੋਧ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮਨੁਖੀ ਕਿਰਦਾਰ ਇਹੋ ਜਿਹਾ ਹੈ ਕਿ ਲੱਖ ਕੋਸ਼ਿਸ਼ ਕਰਨ ਤੇ ਵੀ ਸਮਾਨਤਾ ਨਹੀਂ ਆ ਸਕਦੀ :

ਸਾਂਝੀਵਾਲਤਾ ਲਖ ਪਰਚਾਰੋ, ਨਹੀਂ ਸਾਂਝ ਦਿਲਾਂ ਦੀ ਹੋਣੀ।
ਇਕ ਬੋਝੇ ਖਾਲੀ ਹਸਦੇ ਫਿਰਸਨ, ਇਕ ਰਾਜਿਆਂ ਸੂਰਤ ਰੋਣੀ
ਇਕ ਕੱਟੇ ਚੰ ਕੇ ਕੰਮ ਕਰੇਸਨ, ਇਕ ਦੁੱਧਲ ਗਾਂ ਨਹੀਂ ਚੋਣੀ
ਫਰਕ ਅਦਿੱਠੇ ਵਿੱਥਾਂ ਪਾਸਨ, ਭਾਵੇਂ ਗਲ ਵਿਚ ਇਕੋ ਜੋਣੀ—156

ਇਸੇ ਲਈ ਉਹ ਅਗਾਂਹਵਧੂ ਸੱਜਣਾਂ ਤੇ ਫਬਤੀ ਕਸਦੇ ਹਨ :

ਅਗਾਂਹਵਧੂਓ ਹੁਣ ਕੀ ਲਿਖਸੋ, ਮਾਨਵਤਾ ਖੁਦ ਹੋਈ ਨੰਗੀ
ਨਰਕੀ ਅੱਗ ਵਸਾਣ ਅਕਾਸੋਂ, ਸਰਮ ਹਯਾ ਛਿਕੇ ਤੇ ਟੰਗੀ

ਚੁਲ੍ਹੇ ਗਿਆਨ ਧਿਆਨ ਨੂੰ ਪਾਈ, ਬੈਠੇ ਧਨੀ ਅਕੀਲ ਫਰੰਗੀ
ਮੋੜ ਮੁਹਰਾਂ ਟੋਲੋ ਸਾਥੀ ਸਿੱਧੇ ਸਾਦੇ ਰਿਸ਼ੀ ਉਮੰਗੀ ।—328.

ਸਾਡਾ ਕਵੀ ਨੂਰੀ ਸ਼ਕਤੀ ਨਾਲ ਹੀ ਪ੍ਰੇਮ ਨਹੀਂ ਕਰਦਾ ਸਗੋਂ ਦੁਨਿਆਵੀ ਇਸ਼ਕ ਤੇ, ਹੁਸਨ ਦੀ ਗੱਲ ਵੀ ਕਰਦਾ ਹੈ ਕਿਉਂਕਿ ਉਹ ਵੀ ਸਾਡੇ ਸਾਰਿਆਂ ਵਾਂਗਰ ਇਕ ਦੁਨੀਆਦਾਰ ਹੀ ਹੈ, ਉਸਨੇ ਵੀ ਇਸ਼ਕ ਹੰਢਾਇਆ ਹੈ ਤੇ ਹੁਸਨ ਦੇ ਦਰਸ਼ਨ ਕੀਤੇ ਹਨ। ਹੁਸਨ-ਇਸ਼ਕ ਦੇ ਦੋਵੇਂ ਪੱਖ-ਸੰਯੋਗ ਸ਼ਿੰਗਾਰ ਤੇ ਵਿਯੋਗ ਸ਼ਿੰਗਾਰ ਦੋਵਾਂ ਪੱਖਾਂ ਦਾ ਵੀ ਬਹੁਤ ਸੁੰਦਰ ਵਰਣਨ ਕੀਤਾ ਗਿਆ ਹੈ। ਦੇਖੋ—

1. ਭੇਤ ਪ੍ਰੇਮ ਦਾ ਕਿਸੇ ਨ ਪਾਇਆ ਇਕ ਰੱਸੀ ਹੈ ਅਣਡਿੱਠੀ,
ਸੈ ਖੁਸ਼ੀਆਂ ਮੈਂ ਇਸਤੋਂ ਵਾਰਾਂ, ਇਕ ਪੀੜਾ ਮਿੱਠੀ ਮਿੱਠੀ,
ਲੋਕ ਲਾਜ ਤੋਂ ਉੱਚੀ ਉੱਡਾਂ ਨਾ ਮਾਣ ਮਹੱਬਤ ਨ ਹਿੱਠੀ
ਕਰੇ ਉਦਾਸ ਦੀਨ ਦੁਨੀਆਂ ਤੋਂ, ਇਕ ਪ੍ਰੇਮ-ਕਣੀ ਹਥਰਿੱਠੀ—155.

2. ਓਹੋ ਜੇਹੀ ਮੇਰੀ ਨਜ਼ਰੇ, ਜੇਹਾ ਵਿਚ ਜਵਾਨੀ ਸੈਂ
ਅਜ ਵੀ ਹੈਂ ਜੋ ਹੁਸਨ ਹੱਕ ਦੀ ਰੋਸ਼ਨ ਕਦੀ ਨਿਸ਼ਾਨੀ ਸੈਂ
ਮੈਂ ਵੀ ਸਾਂ ਨਾਦਾਨ ਉਦੋਂ ਤੇ ਤੂੰ ਵੀ ਨਹੀਂ ਸਿਆਣੀ ਸੈਂ
ਸਗੋਂ ਵਧੇਰੀ ਤੜਪ ਹੈਂ, ਅਪਣੀ ਹੈਂ ਹੁਣ ਕਦੇ ਬਿਗਾਨੀ ਸੈਂ—340.

3. ਲਾ ਕੇ ਬੇਪਰਵਾਹੀ ਵਾਲੇ ਸੌ ਸੌ ਘਾਉ ਭੁਲਾ ਬੈਠੀ
ਨਾਜ਼ ਪਰਸਤੀ ਕਰ ਕਰ ਤਾਲਿਬ ਸਾਦਿਕ ਤਾਈਂ ਵੰਞਾ ਬੈਠੀ
ਗਿਲਾ ਸ਼ਿਕਾਇਤ ਮਰਦਾਂ ਨੂੰ ਨਹੀਂ ਬਣਦਾ, ਸੋ ਉਹ ਚੁਪ ਰਹੇ
ਮਸਤਾਂ ਦੀ ਬੇਕਦਰੀ ਕਰ ਤੂੰ ਆਪਣੀ ਨਦਰ ਗੰਵਾ ਬੈਠੀ ।—475.

ਔਰਤ ਜ਼ਾਤ ਬਾਰੇ ਡਾ. ਦੀਵਾਨਾ ਨੇ ਵੱਖ ਵੱਖ ਸਮੇਂ ਵੱਖ ਵੱਖ ਵਿਚਾਰ ਪ੍ਰਗਟ ਕੀਤੇ ਹਨ। ਕਿਧਰੇ ਉਹ ਔਰਤ ਨੂੰ ਸਾਧਾਂ ਤੇ ਨਰਾਂ ਦੀ ਦੁਸ਼ਮਣ ਦੱਸਦਾ ਹੈ, ਕਿਧਰੇ ਪੂਜਣਯੋਗ ਦੱਸਦਾ ਹੈ, ਤੇ ਕਿਧਰੇ ਅਜੋਕੇ 'ਵੀਮੈਨ ਲਿਬ' ਦੇ ਨਅਰੇ ਅਧੀਨ ਇਸਤਰੀ ਦੀ ਆਜ਼ਾਦੀ ਦੀ ਵੀ ਗੱਲ ਕਰਦਾ ਹੈ। ਇਹ ਤਿੰਨੇ ਰੂਪ ਦੇਖੋ :—

1. ਲੋਈ ਕਹੇ ਕਬੀਰ ਨੂੰ ਮੁੰਡੀਅਨ ਸਗੋ ਤਿਆਗ
ਛਡ ਬਹਿਸੇਂ ਘਰ ਬਾਰ ਤੂੰ ਡੁਬਸਨ ਮੇਰੇ ਭਾਗ
ਸੇਕ ਪਰਾਈ ਅੱਗ ਨਾ ਸਾੜ ਨ ਆਪਣਾ ਬਾਗ
ਬਾਬਾ ਆਖੇ ਸਾਧ-ਰਿਪੂ, ਨਾਰੀ, ਕੂਕਰ ਕਾਗ—417

2. ਮਾਉਂ ਸ਼ਬਦ ਕੱਜ ਲੈਂਦਾ ਸਾਰੇ ਕੱਜ ਤਰੀਮਤ ਵਾਲੇ
ਕੀ ਕੀ ਝਾਲ ਸਿਰੇ ਤੇ ਝੱਲੇ ਜੰਮੇਂ ਜਾਏ ਪਾਲੇ
ਸਬਰ, ਹੌਸਲਾ ਸਹਿਣ ਤੇ ਸੰਜਮ ਘੁੰਮਦੀ ਫਿਰੇ ਦੁਆਲੇ
ਜਦ ਤੱਕ ਉੱਡਣ ਜੋਗ ਨ ਹੁੰਦੇ, ਮਾਰੀ ਰਖਦੀ ਤਾਲੇ—309.

3. ਔਰਤ ਬਿਜਲੀ, ਬੱਦਲ ਵਰਗਾ ਜੀਵਣ ਰੌਸ਼ਨ ਕਰਦੀ ਹੈ
ਔਰਤ ਬੱਦਲ ਦਿਲ ਦਰੀਆ ਦਾ ਖ਼ਾਲੀ ਖੀਸਾ ਭਰਦੀ ਹੈ

ਔਰਤ ਨੱਦੀ ਕਿਸ਼ਤ ਰੂਹ ਦੀ ਨਾਲ ਤਰੀ ਦੇ ਹਰਦੀ ਹੈ
ਔਰਤ ਕਿਸ਼ਤ ਸੁੱਖ ਉਪਜਾਂਦੀ 'ਗਰਮ ਸਰਦ ਖ਼ੁਦ ਕਰਦੀ ਹੈ—615

ਇਨ੍ਹਾਂ ਤੋਂ ਛੁੱਟ ਕਵੀ ਨੇ ਇਤਿਹਾਸ-ਮਿਥਿਹਾਸ, ਸਾਧੂ-ਸੰਤ, ਸਹਿਜ ਯੋਗ, ਇਸ਼ਕ ਅਤੇ ਦੀਨ ਤੇ ਦੁਨੀਆ, ਜੀਵ ਤੇ ਜਗਤ ਆਦਿ ਬਾਰੇ ਵੀ ਬਹੁਤ ਸੁਚੱਜੇ ਵਿਚਾਰ ਪੇਸ਼ ਕੀਤੇ ਹਨ। ਉਹ ਭਾਰਤੀ ਪੁਨਰ ਜਨਮ ਤੇ ਕਰਮਵਾਦ ਦੇ ਸਿੱਧਾਂਤ ਦਾ ਮੰਨਣ ਵਾਲਾ ਹੈ। ਉਹ ਆਪਣੇ ਲਈ ਮਸਤ, ਮਸਤੀ ਜਾਂ ਮਸਤਾਂ, ਬਾਬਾ, ਦੀਵਾਨਾ, ਮਲੰਗ, ਠੋਕੋ ਵਾਲਾ ਬਾਬਾ, ਮਲਾਮਤੀਆ ਸੰਤ ਤੇ ਫਕੀਰ ਆਦਿ ਨਾਂ ਵਰਤਦਾ ਹੈ। ਉਪਰ ਅਸੀਂ 'ਹਾਲਾਵਾਦ' ਦੀ ਗੱਲ ਕੀਤੀ ਜੀ, ਤੇ ਸ਼ਿੰਗਾਰ ਦੀ ਵੀ, ਇਥੇ ਕਵੀ ਆਪਣੇ ਇਕ ਚੌਬਰਗੇ ਨੂੰ ਰੂਪਕ ਅਰਥਾਂ ਵਿਚ ਲਿਖਕੇ ਪੇਸ਼ ਕਰਦਾ ਹੈ ਅਤੇ ਆਪਣੇ ਸਾਰੇ ਜੀਵਨ ਦਾ ਤੱਤ ਨਚੋੜ ਵੀ ਕੱਢਦਾ ਹੈ। ਇਸ ਨੂੰ ਅਸੀਂ ਡਾ. ਦੀਵਾਨਾ ਦਾ ਜੀਵਨ-ਫਲਸਫਾ ਵੀ ਕਹਿ ਸਕਦੇ ਹਾਂ :

1. ਰੱਬ ਹੈ ਬਾਬਾ, ਮੁਰਸ਼ਦ ਸਾਕੀ, ਹੈ ਸ਼ਰਾਬਖਾਨਾ ਸਤਿਸੰਗ
ਅਮਨ ਚੈਨ ਹੈ ਇਕੋ ਥਾਂ ਤੇ ਬਾਕੀ ਸਭ ਮੈਦਾਨੇ ਜੰਗ
ਫੱਟੜ ਕਰਦੇ ਫੱਟੜ ਹੁੰਦੇ, ਦੁਖ ਦੇਂਦੇ ਦੁਖ ਸਹਿੰਦੇ ਨੇ
ਤਿੰਨ ਆਨੰਦ ਮਾਣਦੇ ਇਥੇ, ਮਸਤ, ਦੀਵਾਨੇ ਅਤੇ ਮਲੰਗ—547

2. ਮਸਤ ਨ ਮੁਸਤਕਬਿਲ ਨੂੰ ਸੋਚਨ, ਮਸਤ ਨ ਸੋਚਨ ਮਾਜ਼ੀ ਨੂੰ
ਮਸਤ ਲੋਚਦੇ ਦਮ ਦਮ ਅੰਦਰ, ਆਪਣੇ ਮਾਲਿਕ ਰਾਜ਼ੀ ਨੂੰ
ਮਸਤਾਂ ਦਾ ਇਹ ਧਰਮ ਹੈ, ਮਸਤੀ ਖੂਬ ਖਿਲਾਰੀ ਜਾਵਾਂਗੇ
ਹਾਲੋਂ ਕਾਲੋਂ ਆਖਣ ਦਿਓ, ਨ ਅਹਿਮੀਅਤ ਜਗ-ਬਾਜ਼ੀ ਨੂੰ—679

'ਮਸਤੀ' ਵਿਚ ਕਵੀ ਨੇ ਅਪਣੇ ਪਰਿਵਾਰਿਕ ਜੀਵਨ ਦੀ ਦੁਖਾਂਤ ਕਥਾ ਵੀ ਆਨੀਂ-ਬਹਾਨੀਂ ਪ੍ਰਗਟ ਕਰ ਹੀ ਦਿੱਤੀ ਹੈ। ਆਪਣੇ ਦੁਖਾਂਤ ਜੀਵਨ ਵਿਚ ਆਸ ਦੀ ਇਕੋ ਇਕ ਕਿਰਨ ਇਨ੍ਹਾਂ ਦੇ ਪਿਤਾ ਮੁਣਸ਼ੀ ਸ਼ੇਰ ਸਿੰਘ ਜੀ ਸਨ, ਜਿਨ੍ਹਾਂ ਦੀ ਮ੍ਰਿਤੂ ਤੇ ਇਹ ਚੌਬਰਗਾ ਲਿਖਿਆ ਗਿਆ :—

ਤੁਸਾਂ ਤੁਰਦਿਆਂ ਦੇ ਮੈਂ ਪੈਰ ਨ ਚੁੰਮੇ, ਸਿਖ ਮਤ ਨ ਝੋਲੀ ਪਾਈ
ਮੌਤ ਵਿਗਾੜਿਆ ਕੁਝ ਨ ਤੁਹਾਡਾ, ਮੇਰੀ ਬਰਕਤ ਸਭ ਗੰਵਾਈ
ਹੁਣ ਕੌਣ ਅਸੀਸਾਂ ਮੈਨੂੰ ਦੇਸੀ, ਸਿਰ ਰਖਸੀ ਛਤਰ ਝੁਲਾਈ
ਮੈਨੂੰ ਭੁੱਲਣਾ ਨ ਰੱਬ-ਚਰਨੀਂ ਬਹਿ ਕੇ, ਮੇਰੇ ਹੱਉ ਅਦਿੱਠ ਸਹਾਈ—187

ਇਕ ਹੋਰ ਥਾਂ ਉਨ੍ਹਾਂ ਨੂੰ ਸ਼ਰਧਾਂਜਲੀ ਇਨ੍ਹਾਂ ਸ਼ਬਦਾਂ ਵਿਚ ਦਿੰਦੇ ਹਨ :

ਮੇਰੇ ਪਿਤਾ ਜਿਹਾ ਨਹੀਂ ਜੰਮਣਾ ਕਿਸੇ ਮਾਉਂ ਨੇ ਬੇਟਾ
ਧਰਮ-ਨੇਮ ਸੇਵਾ-ਉਪਕਾਰ, ਅਮਲ ਦਾ ਤਾਣਾ ਪੇਟਾ
ਅੰਦਰ ਗ੍ਰਹਸਤ ਉਦਾਸ ਰਹਿਆ, ਉਹ ਰਾਜ-ਰਿਸ਼ੀ ਖਤਰੇਟਾ
ਦਿੱਬ ਆਤਮਾ ਕਿਧਰ ਗੁੰਮੀ, ਮੇਰਾ ਭਾਲੇ ਚਿੱਤ ਉਚੇਟਾ—308

'ਮਸਤੀ' ਵਿਚ ਚੌਬਰਗੇ ਕਈ ਥਾਈਂ ਰੁਬਾਈ ਦਾ ਰੂਪ ਧਾਰ ਗਏ ਹਨ। ਜਿਵੇਂ ਕਿ ਨੰਬਰ 452, ਅਤੇ 463 ਤੋਂ ਲੈ ਕੇ 472। ਰੁਬਾਈ ਵਿਚ ਤੀਜੀ ਤੁਕ ਦਾ ਤੁਕਾਂਤ

Sri Satguru Jagjit Singh Ji Elibrary NamdhariElibrary@gmail.com

ਵੱਖਰਾ ਹੋ ਜਾਂਦਾ ਹੈ ਪਰ ਚੋਬਰਗੇ ਵਿਚ ਚਾਰੇ ਪੰਗਤਾਂ ਦਾ ਤੋਲ ਇਕੋ ਹੀ ਰਹਿੰਦਾ ਹੈ। ਅਨੁਪ੍ਰਾਸ ਦੇਖੋ :

ਸਭ ਤੋਂ ਵੱਧ ਸਹਿਲ ਸਰਲ ਸੰਜੀਦਾ ਸੁੰਦਰ ਸਜਰੀ (534)

ਕਵੀ ਦਾ ਆਪਣਾ ਮਸਤੀ ਭਰਿਆ ਤੇ ਫੱਕਰਾਨਾ ਅੰਦਾਜ਼ ਵਿਚ ਜੀਵਿਆ ਜਾਂਦਾ ਜੀਵਨ ਉਸਦੇ ਹਰ ਚੌਬਰਗੇ ਵਿਚੋਂ ਸਾਫ਼ ਝਲਕਾਂ ਮਾਰਦਾ ਪਿਆ ਹੈ। ਦੀਵਾਨਾ ਇਕ ਫ਼ਕੀਰ ਸਾਈਂ ਲੋਕ ਸੀ—

ਕੁਝ ਨ ਸਹੀ ਫ਼ਕੀਰੀ ਅੰਦਰ ਦਿਲ ਦਾ ਇਤਮੀਨਾਨ ਤੇ ਹੈ
ਤਕੀਏ ਉਤੇ ਬੈਠਾ ਸਾਈਂ ਸ਼ਾਹਾਂ ਵਰਗੀ ਸ਼ਾਨ ਤੇ ਹੈ
ਪੈਸੇ ਬਦਲੇ ਨਹੀਂ ਅਸੀਸਾਂ, ਪੈਸੇ ਖ਼ਾਤਰ ਨਹੀਂ ਸਰਾਪ
ਬਾਹਾਂ ਵਿਚ ਕੁੱਵਤ ਈਮਾਂ ਦਿਲ ਵਿਚ, ਦੌਲਤ ਇਰਫਾਨ ਤੇ ਹੈ (628)

**ਸੋਮਰਸ**

ਇਹ ਡਾ. ਮੋਹਨ ਸਿੰਘ ਦੀਵਾਨਾ ਦੀ ਚੋਣਵੀਂ ਕਵਿਤਾ ਦਾ ਸੰਗ੍ਰਹਿ ਹੈ ਜਿਸਦਾ ਸੰਪਾਦਨ ਕਰਤਾਰ ਸਿੰਘ ਨੇ ਕੀਤਾ ਹੈ ਅਤੇ ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ ਤੋਂ ਪਹਿਲੀ ਵਾਰ 1951 ਵਿਚ ਛਪੀ ਹੈ। ਉਂਞ ਤਾਂ ਅਸੀਂ ਡਾ. ਮੋਹਨ ਸਿੰਘ ਦੀਆਂ ਕਾਵਿ-ਰਚਨਾਵਾਂ ਬਾਰੇ ਵੱਖਰੇ ਤੌਰ ਤੇ ਵਿਚਾਰ ਕਰ ਹੀ ਚੁੱਕੇ ਹਾਂ, ਪਰ ਇਸ ਕਵਿਤਾ-ਸੰਗ੍ਰਹਿ ਵਿਚ ਡਾ. ਦੀਵਾਨਾ ਦੀ ਕਵਿਤਾ ਨੂੰ ਇਕ ਖਾਸ ਤਰਤੀਬ ਦਿੱਤੀ ਗਈ ਹੈ, ਇਸ ਲਈ ਇਨ੍ਹਾਂ ਚੋਣਵੀਆਂ ਕਵਿਤਾਵਾਂ ਦੇ ਆਧਾਰ ਤੇ ਦੀਵਾਨਾ ਕਾਵਿ ਦਾ ਅਧਿਅਨ ਕਰਨਾ ਵਧੇਰੇ ਵਿਗਿਆਨਿਕ ਜਾਪੇਗਾ। ਹੋ ਸਕਦਾ ਹੈ ਕਿ ਇਸ ਵਿਚ ਕੁਝ ਨਿਰੋਲ ਨਵੀਆਂ ਕਵਿਤਾਵਾਂ ਵੀ ਹੋਣ ਜਿਨ੍ਹਾਂ ਬਾਰੇ ਪੁਸਤਕ ਚੋਂ ਤਾਂ ਕੋਈ ਵੀ ਸੰਕੇਤ ਨਹੀਂ ਮਿਲਦਾ। ਮੁੱਖ ਪੰਨੇ ਤੇ ਦੀਵਾਨਾ-ਕਾਵਿ ਦੀ ਸ਼ੈਲੀਗਤ ਵੰਡ ਕੀਤੀ ਗਈ ਹੈ ਅਤੇ ਲਿਖਿਆ ਹੈ—ਭਾਗ ੧, ਨਾਟਕੀ ਕਵਿਤਾ, ਕਲਪਨਾਤਮਕ ਕਵਿਤਾ, ਬਿਰਤਾਂਤੀ ਕਵਿਤਾ, ਅਤੇ ਜਨ-ਭਾਵਾਤਮਕ ਕਵਿਤਾ। 'ਤਤਕਰੇ' ਵਿਚ ਵੀ ਇਹੋ ਵੰਡ ਰੱਖੀ ਗਈ ਹੈ।

'ਨਾਟਕੀ ਕਵਿਤਾ' ਸਿਰਲੇਖ ਅਧੀਨ ਵੱਖੋ ਵੱਖਰੀਆਂ ਰਾਵਾਂ, ਹਮ ਖਿਆਲ, ਝੱਲੀ, ਮੇਰੀ ਦੀਵਾਨੀ, ਮੇਲ, ਫੇਰ ਕਰਾਂ ਕੀ ਤੇ ਰਾਧਾ—ਕੁੱਲ ਸੱਤ ਕਵਿਤਾਵਾਂ ਦਰਜ ਹਨ।

'ਕਲਪਨਾਤਮਕ ਕਵਿਤਾ' ਵਿਚ ਸੁੱਕੇ ਹਰੇ, ਗੋਰੀ ਲੰਮੀ ਤੇ ਸੁਨੱਖੀ, ਅਜੈਬ ਘਰ, ਕਿਰਨ ਮਕਿਰਨੀ, ਤਾਰੇ, ਸਮਾਨਤਾ, ਹੁਣ, ਉਲ੍ਹਾਮੜਾ ਜੱਗ ਦਾ ਈ ਤੇ ਕਵਿਤਾ ਸਿਰਲੇਖ ਦੀਆਂ ਨੌ ਕਵਿਤਾਵਾਂ, ਦਰਜ ਹਨ।

'ਬਿਰਤਾਂਤੀ ਕਵਿਤਾ' ਵਿਚ ਹੀਰ-ਰਾਂਝਾ, ਅਮਰ ਨਾਥ, ਸਾਖੀ ਲਾਲੂ ਤਰਖਾਣ ਦੀ, ਸਿਰਲੇਖ ਅਧੀਨ ਕੁੱਲ ਤਿੰਨ ਕਵਿਤਾਵਾਂ ਦਰਜ ਹਨ।

'ਜਨ ਭਾਵਾਤਮਕ ਕਵਿਤਾ' ਵਿਚ ਕੋਣ ਕਿਸੇ ਦੀ ਸਹਿੰਦਾ, ਹੁਣ ਨਹੀਂ ਜਿੰਦੇ ਤੈਨੂੰ ਕਹਿਣਾ, ਤੇਰੀਆਂ ਲਾਈਆਂ ਬਾਝੋਂ ਲੰਘਣੀ ਨਹੀਂ, ਟੱਪੇ, ਜੀਵਨ ਹੈ ਇਕ ਭਾਰ, ਰੱਬਾ ਤੇਰੀ ਲੋੜ, ਗੀਤ ਤੇ ਹੋਰ ਕਵਿਤਾਵਾਂ ਸੁਹਾਗਣ, ਦੱਸਦਾ ਜਾ, ਮਿੰਨਤਾਂ, ਸ਼ਿੰਗਾਰ, ਬੁਰੀ

ਨਚਰ, ਇਕੋ ਝਾਕਾਂ, ਕੁਠਾਲੀ, ਤੋੜ, ਕੁੜ੍ਹਦੀ, ਬੋਲ, ਅਜਬ ਅਜਾਇਬ, ਨੇਹੁੰ, ਪਿਛਲੀਆਂ, ਜੀਭ ਆਦਿ ਗੀਤ ਤੇ ਕਵਿਤਾਵਾਂ ਹਨ।

'ਨਾਟਕੀ ਕਵਿਤਾ' ਭਾਗ ਵਿਚ ਵਿਸ਼ੇ-ਵਸਤੂ ਪੱਖੋਂ ਦੋ ਵਿਸ਼ੇ ਲਏ ਹਨ—(1) ਨਾਰੀ ਆਦਰਸ਼ (2) ਦਾਰਸ਼ਨਿਕਤਾ ਜਾਂ ਚਿੰਤਨ। ਡਾ. ਦੀਵਾਨਾ ਨੇ ਬਹੁਤ ਸੁੰਦਰ ਨਾਰੀ-ਕਾਵਿ ਰਚਿਆ ਹੈ। ਸਾਡੇ ਬਹੁਤ ਸਾਰੇ ਅਖੌਤੀ ਰੋਮਾਂਸਵਾਦੀ ਕਾਵਿ ਦੇ ਮੁੱਢੀ ਅਖਾਉਣ ਵਾਲੇ ਕਵੀ ਔਰਤ ਬਾਰੇ ਜਜ਼ਬਾਤੀ ਹੋਕੇ ਦੋ-ਚਾਰ ਪੰਗਤੀਆਂ ਲਿਖਕੇ ਆਪਣੇ ਆਪ ਨੂੰ ਨਾਰੀ ਦਾ ਮੁਦਈ ਮੰਨ ਬਹਿੰਦੇ ਹਨ ਪਰ ਡਾ. ਦੀਵਾਨਾ ਨੇ ਤਾਂ ਪੂਰਾ ਮਹਾਂਕਾਵਿ ਹੀ ਲਿਖ ਮਾਰਿਆ ਹੈ। ਔਰਤ ਜ਼ਾਤ ਦਾ ਕਿਹੜਾ ਪੱਖ ਹੈ ਜਿਸਨੂੰ ਦੀਵਾਨਾ ਨੇ ਉਘਾੜਿਆ ਨਹੀਂ। ਸੇਵਾ, ਤਿਆਗ, ਕੁਰਬਾਨੀ, ਸਿਮਰਨ, ਸੁਆਰਨ, ਬਹੁ-ਭਾਂਤੀ ਤੇ ਬਹੁ-ਦਿਸ਼ਾਵੀ ਕੰਮ ਕਰਨੇ, ਮਰਦ ਜ਼ਾਤ ਦੀ ਪ੍ਰੇਰਕ ਤੇ ਨਮੂਨਾ, ਬਾਲਾਂ ਦੀ ਮਾਂ, ਵੀਰਾਂ ਦੀ ਭੈਣ, ਪਤੀ ਦੀ ਬੀਵੀ ਹੈ।

'ਵੱਖੋ ਵੱਖਰੀਆਂ ਰਾਵਾਂ' ਵਿਚ ਔਰਤ ਬਾਰੇ ਬਹੁਤ ਵਧੀਆ ਉਪਮਾਵਾਂ ਦੇ ਕੇ ਦੋ ਪਰਸਪਰ ਵਿਰੋਧੀ ਵਿਚਾਰ ਪੇਸ਼ ਕੀਤੇ ਗਏ ਹਨ। ਤਿੰਨਾਂ ਬੰਦਾਂ ਵਿਚ ਕਿੰਨੀਆਂ ਹੀ ਰਾਵਾਂ ਹਨ—ਔਰਤ ਸਤਰੰਗਾ ਨੱਕਾਸ਼ਿਆ ਚੀਨੀ ਦਾ ਮਹੁਰੇ ਭਰਿਆ ਪਿਆਲਾ ਹੈ, ਡੂੰਘੀ ਖੱਡ ਹੈ, ਪਤਲੀ ਬਰਛੀ ਹੈ, ਬੇਹੋਸ਼ ਕਰਨ ਵਾਲੀ, ਲੁੱਟ ਲੈਣ ਵਾਲੀ ਤੇਜ਼ ਖ਼ੁਸ਼ਬੂ ਹੈ, ਸੱਪਣੀ ਹੈ, ਸਜੀ ਹੋਈ ਬੇੜੀ ਹੈ, ਅੰਦਰ ਖਾਤੇ ਖਾ ਜਾਣ ਵਾਲੀ ਕੋਈ ਬੀਮਾਰੀ ਹੈ। ਇਸਤਰੀ ਬਾਰੇ ਕਵਿਤਾ ਦਾ ਦੂਜਾ ਪੱਖ ਇਉਂ ਪ੍ਰਗਟ ਕੀਤਾ ਗਿਆ ਹੈ—ਔਰਤ ਬੇਰੰਗੇ ਤੇ ਨੀਰਸ ਜੀਵਨ ਵਿਚ ਰਸ ਰੰਗ ਭਰਨ ਵਾਲੀ ਹੈ, ਅਜਬ ਸੁਆਦਾਂ ਦਾ ਅਥਾਹ ਸਾਗਰ ਹੈ। ਇਕ ਅੱਤਾਰ ਹੈ, ਹੂਰਾਂ ਵਾਲਾ ਹੁਸਨ ਹੈ, ਸੱਪ ਨਹੀਂ ਸਗੋਂ ਗਲੇ ਦਾ ਹਾਰ ਹੈ, ਅਬਦੀ ਪ੍ਰੇਮ ਦਾ ਚਿੰਨ੍ਹ ਹੈ, ਸੁਪਨ ਸਾਗਰ ਦੀ ਬੇੜੀ ਹੈ, ਕਲਪਤਰੂ ਹੈ, ਰੋਗ ਜ਼ਰੂਰ ਹੈ ਪਰ ਭੋਗ ਨਸੀਬ ਕਰਾਉਣ ਵਾਲਾ। ਤੀਜੀ ਰਾਇ ਸਾਡੇ ਕਵੀ ਦੀ ਹੈ :

ਮੈਂ ਬੈਠਾ ਸੀ ਕੋਲ, ਨਿਕਲਿਆ ਮੂੰਹੋਂ
ਦੋਜ਼ਖ਼ ਤੁਰਦਾ ਫਿਰਦਾ ਵੇਖ ਲਇਆ ਹੈ
ਜੰਨਤ ਕਦੇ ਮਿਲੇਗਾ।

ਸਪੱਸ਼ਟ ਹੈ ਇਨ੍ਹਾਂ ਪੰਗਤਾਂ ਵਿਚ ਕਵੀ ਦੇ ਨਿਜੀ ਪਰਿਵਾਰਿਕ ਜੀਵਨ ਦਾ ਡੂੰਘਾ ਵਿਸ਼ਾਦ ਬੋਲ ਰਿਹਾ ਹੈ। ਇਸੇ ਤਰ੍ਹਾਂ 'ਝੱਲੀ' ਵੀ ਨਾਰੀ-ਆਦਰਸ਼ ਬਾਰੇ ਬਹੁਤ ਵਧੀਆ ਨਜ਼ਮ ਹੈ। ਪੁਨ੍ਹਹਾਰ ਦੀ ਲੂਲ੍ਹੀ ਧੀ ਲੱਤਾਂ ਖਾ ਖਾ ਕੇ ਪਾਗਲ ਹੋ ਗਈ ਹੈ, ਘਰ ਵਾਲੇ 'ਕੰਮਲਤਾ ਮਾਰੇ' ਉਸਦੀ ਪਾਲਣਾ ਨਾ ਕਰ ਸਕੇ। 'ਧੀਆਂ ਉੱਤੇ ਕੇਹੜਾ ਖਰਚੇ, ਕੇਹੜੇ ਕੰਮ ਨੇ' ਕਹਿਕੇ ਉਸਨੂੰ ਪਾਪੀ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਜਿੱਥੋਂ ਉਹ 'ਖੋਟੇ ਪੈਸੇ' ਵਾਂਗ ਘਰ ਆ ਗਈ। ਪੁਰਖ ਦੇ ਸਾਏ ਤੋਂ ਵੀ ਡਰਨ ਲੱਗੀ, ਗਾਲ੍ਹਾਂ ਤੇ ਮਾਰਾਂ ਸਹੇ, ਓੜਕ ਇਕ ਦਿਨ ਮਰ ਗਈ ਜਿਸ ਨੂੰ ਘਰ ਵਾਲੇ 'ਪਾਪਾਂ ਦਾ ਫਲ' ਕਹਿੰਦੇ ਹਨ। ਤੇ ਕਵੀ ਟਿੱਪਣੀ ਕਰਦਾ ਹੈ :

ਪਿਛਲਿਆਂ ਪਾਪਾਂ ਦੀ ਕਿਸ ਦੇਖੀ ਵਹੀ ਮੋਟੜੀ
... ... ...

ਹਾਇਆ ਰੱਬਾ
ਤੀਵੀਂ ਦੀ ਤੂੰ ਜ਼ਾਤ ਬਣਾਈ ਕੇਹੀ ਬੇ-ਵੱਸ
ਕਿੱਥੇ ਰਾਤ ਲੰਘਾਈ ਹੱਸੀ।

ਕਵੀ ਆਪਣੇ ਆਪ ਨੂੰ 'ਸਿੱਧੜ' ਤੇ 'ਵਿਸ਼ਵਾਸੀ' ਕਹਿੰਦਾ ਹੈ। ਪਾਪਾਂ ਬਾਰੇ ਕਿੰਤੂ ਕਰਨ ਵਾਲਾ ਸ਼ਾਇਰ ਇਥੇ 'ਅਧਿਆਤਮਿਕ' ਤਜਰਬੇ ਚੋਂ ਨਿਕਲੇ ਦਰਸ਼ਨ ਦੀ ਗੱਲ ਕਰਦਾ ਹੈ :

ਸਾਰੀ ਸਿਰਫ ਹੈ ਸੂਤਰ ਬੱਧੀ, ਪਾਪ ਪੁੰਨ ਦੀ ਸਾਂਝ ਹੈ ਸਭ ਦੀ। ਉਸਦਾ ਨਾਰੀ ਆਦਰਸ਼ ਹੇਠ ਲਿਖੀਆਂ ਪੰਗਤਾਂ ਤੋਂ ਸਪੱਸ਼ਟ ਹੈ। ਜਿਨ੍ਹਾਂ ਵਿਚ ਸਾਡੇ ਸਮਾਜ-ਪ੍ਰਬੰਧ ਤੇ ਪੁਰਸ਼-ਪ੍ਰਧਾਨ ਸਮਾਜ ਉੱਤੇ ਡੂੰਘੀ ਚੋਟ ਕੀਤੀ ਗਈ ਹੈ। ਨਾਲ ਹੀ ਇਸਤਰੀ ਉੱਤੇ ਕੀਤਾ ਵਿਅੰਗ ਵੀ ਦੇਖਣ ਵਾਲਾ ਹੈ :

ਤਰਸ ਹੈ ਜੇ ਤਾਂ ਨਾਰੀ ਦਿਲ ਵਿਚ
ਹਮਦਰਦੀ ਤਾਂ ਨਾਰੀ ਦਿਲ ਵਿਚ
ਕੁਰਬਾਨੀ ਤਾਂ ਨਾਰੀ ਦਿਲ ਵਿਚ
ਨਰਮਾਈ ਹੈ, ਗਰਮਾਈ ਹੈ ਨਾਰੀ ਹਿਰਦੇ।
ਰੱਬਾ ਨਾਰੀ ਕੋਲੋਂ ਲਈਂ ਨਾ ਹਰਗਿਜ਼
ਚਾਰ ਸੌ ਚਾਰ ਚਲਿੱਤਰ ਉਸਦੇ
ਬੱਜ ਤਾਂ ਉਸਨੂੰ ਪਾਈਂ ਨਾ ਹਰਗਿਜ਼
... ... ...
ਬਦਲਾ ਮਰਦਾਂ ਕੋਲੋਂ ਲੈਣ ਦੀ ਸ਼ਕਤੀ
ਇਸ ਵਿਚ ਰਖੀਂ ਰੱਬਾ !
ਬੇਪਤੀਆਂ ਤਾਂ ਖਾਵੰਦ, ਪੁੱਤਰ ਨੂੰ ਵੀ ਦੱਸਦੀ
ਨਹੀਂ ਇਸਤਰੀ
ਦੱਸ ਨਾ ਸਕਦੀ
ਅਪਣੇ ਰੱਬ ਦੇ ਅੱਗੇ ਨੰਗੀ ਹੋਕੇ
ਲਾਹਣੀਆਂ ਕਰਕੇ
ਖੰਹਲ ਸੁਣਾਂਦੀ ਕੇਵਲ ਰੱਬ ਨੂੰ
ਤੇ ਸ਼ਰਮਿੰਦਾ ਕਰਦੀ।
ਦੀਨ ਦਿਆਲ ਤੇ ਪੜਦੇ ਕੱਜ ਤੇ ਲੱਜ ਪਾਲ ਨੂੰ
ਜਿਸ ਤੋਂ ਲੱਖਾਂ ਵਰਿਹਾਂ ਅੰਦਰ ਬਣੀ ਨਾ ਚੰਗੀ
ਅਤੇ ਸੁਰੱਖਿਅਤ ਇਸਤੋਂ ਔਰਤ ਗੁੱਡੀ।

ਦੀਨ ਦਿਆਲ, ਪੜਦੇ ਕੱਜ ਤੇ ਲੱਜ ਪਾਲ ਵਿਸ਼ੇਸ਼ਣਾਂ ਵਿਚ ਛਿਪਿਆ ਤਨਜ਼ ਬਹੁਤ ਡੂੰਘੇ ਅਰਥ ਉਜਾਗਰ ਕਰਦਾ ਹੈ। 'ਮੇਰੀ ਦੀਵਾਨਗੀ' ਵਿਚ ਵੀ ਇਸਤਰੀ ਦੀ ਮਹਿਮਾ ਦਾ ਬਖਾਣ ਹੈ ਜੋ ਨਿੱਕੀ ਜਿਹੀ ਦੁਨੀਆਂ ਨੂੰ ਕਿੱਡਾ ਵੱਡਾ ਕਰੀ ਬੈਠੀ ਹੈ, ਜੋ ਸ਼ਿਵ ਤੇ ਸ਼ਕਤੀ

Sri Satguru Jagjit Singh Ji Elibrary NamdhariElibrary@gmail.com

ਦਾ ਭੇਤ ਕੱਜੀ ਬੈਠੀ ਹੈ। ਸ਼ਬਦ-ਚੋਣ ਦੇਖਣ ਵਾਲੀ ਹੈ :

ਮੋਹ ਦਾ ਸਰੂਪ ਹੈ ਤੂੰ, ਮੋਹਨੀ ਦਾ ਮੰਤ੍ਰ ਹੈਂ ਤੂੰ
ਐਸਾ ਧਰਮ ਜੰਤ੍ਰ ਹੈਂ ਤੂੰ,
ਸਾਰਿਆਂ ਨੂੰ ਯੋਗ ਖਿੱਚ ਤੰਦ ਪਾਈ ਬੈਠੀ ਏਂ
... ... ...
ਮਰਦ ਨੂੰ ਬਣਾਕੇ ਵੀਰ ਖੇਤ ਵਿਚ ਘੱਲਦੀ।
ਤੇਰੇ ਲਈ ਕਾਫ਼ੀ ਹੈ ਦੀਵਾਨਾ ਤੇਰਾ ਭੌਰੜਾ,
ਆਪਣੇ ਦੀਵਾਨੇ ਦੀ ਦੀਵਾਨੀ ਬਣੀ ਬੈਠੀ ਏ

ਨਾਰੀ ਦਾ, ਕਲਿਆਣੀ ਨਾਰੀ ਦਾ ਰੂਪ ਦੇਖਣਾ ਹੋਵੇ ਤਾਂ ਇਹ ਪੰਗਤੀਆਂ ਦੇਖੋ :

ਗਿਆਨ ਨੂੰ ਉਪਕਾਰ ਨਾਲ, ਝਿੜਕ ਨੂੰ ਪਿਆਰ ਨਾਲ
ਵੇਹਲ ਤਾਈਂ ਕਾਰ ਨਾਲ, ਟੱਬਰ ਨੂੰ ਸੰਸਾਰ ਨਾਲ
ਸ੍ਰਿਸ਼ਟ ਨੂੰ ਸੰਘਾਰ ਨਾਲ, ਭੁੱਖ ਨੂੰ ਉਪਹਾਰ ਨਾਲ
ਕੱਲੇ ਤਾਈਂ ਡਾਰ ਨਾਲ ਜੋੜਣ ਦੀ,
ਜਾਚ ਰੂਹ ਵਿਚ ਧਰੀ ਬੈਠੀ ਏਂ।

ਇਸ ਭਾਗ ਦੀ ਅੰਤਮ ਕਵਿਤਾ 'ਰਾਧਾ' ਵਿਚ ਇਸਤਰੀ-ਮਨ ਤੇ ਅਧਿਆਤਮਵਾਦ ਨੂੰ ਇਕਸੁਰ ਹੋਏ ਦੇਖਿਆ ਜਾ ਸਕਦਾ ਹੈ। ਕਵੀ ਨੇ ਰਾਧਾ ਜਾਂ ਬ੍ਰਿਖਭਾਨ ਸੁਤਾ ਦੇ ਮਨ ਵਿਚ ਇਕ ਸੱਚੇ ਪ੍ਰੇਮੀ ਤੇ ਸਾਧਕ ਦਾ ਮਨ ਰੱਖਕੇ ਸ੍ਰੀ ਕ੍ਰਿਸ਼ਨ, ਮੋਰ ਮੁਕਟਧਾਰੀ, ਕਾਹਨ, ਸ਼ਾਮ ਬਰਨ, ਮੋਹਨ ਨਟ ਖਟ, ਗੁਪਾਲ, ਗੁਵਰਧਨਧਾਰੀ, ਕਨਹੈਈਆ, ਸ਼ਿਆਮ ਤੇ ਵਸੁਦੇਵ ਨੰਦਨ, ਬਾਲ ਗੁਪਾਲ, ਲਈ ਉਸਦੀ ਤੜਪ, ਯਾਦ, ਤਾਹਨੇ ਮਿਹਣੇ, ਉਲਾਂਭੇ ਤੇ ਗਿਲੇ ਸ਼ਿਕਵੇ ਰੱਖੇ ਹਨ ਪਰ ਨਾਲ ਹੀ ਇਕ ਅਨਿੰਨ ਭਗਤ ਵਾਲਾ ਪ੍ਰੇਮ-ਭਰੋਸਾ ਪ੍ਰਗਟਾ ਕੇ ਦੀਵਾਨਾ ਜੀ ਨੇ ਆਪਣੀ ਪ੍ਰੇਮ-ਦੀਵਾਨਗੀ ਵੀ ਖ਼ੂਬ ਪ੍ਰਗਟਾਈ ਹੈ। ਆਪਣੇ ਕਾਹਨ ਨਾਲ ਇਕ ਰੂਪ ਹੋਈ ਰਾਧਾ ਦਾ ਵਰਣਨ ਤਾਂ ਦੇਖੋ :

ਲੋ ਸਜਿਆ ਸਿਰ ਮੋਰ ਮੁਕਟ ਮੇਰੇ।
ਰਾਧਾ ਤੋਂ ਕਾਹਨ ਮੈਂ ਹੋਈ ਫਟਾ ਫਟ
ਸ਼ਾਮ ਬਰਨ ਮੁੱਖੜਾ ਮੇਰਾ ਹੋਇਆ
ਲਗਣ ਲੱਗੀ ਹਾਂ ਮੋਹਨ ਨਟ ਖਟ,
ਪੈਰ ਮੇਰੇ ਨਹੀਂ ਰਹਿੰਦੇ ਨਿਚੱਲੇ ਸੋ
ਨਿਰਤ ਕਰਾਂਗੀ ਮੈਂ ਚਲ ਜਮਨਾ ਤਟ;
ਗੋਪ ਤੇ ਗੋਪੀਆਂ ਖਿੱਚ ਲਿਆਵਾਂਗੀ
ਮੋਹਨੀ ਫੂਕ ਕੇ ਵਿਚ ਬੰਸੀ ਬਟ। (ਪੰਨਾ 43)

ਇਸ ਭਾਗ ਦਾ ਦੂਜਾ ਵਿਸ਼ਾ ਦਾਰਸ਼ਨਿਕਤਾ ਤੇ ਅਧਿਆਤਮਿਕਤਾ ਹੈ। 'ਮੈਲ' ਵਿਚ ਦਾਰਸ਼ਨਿਕ ਸ਼ੈਲੀ ਵਿਚ, ਪਰ ਆਪਣੇ ਨਵੇਕਲੇ 'ਮੇਰੇ ਖ਼ੁਦ ਦੁਸ਼ਮਣ ਮਨ' ਬਾਰੇ ਬਹੁਤ ਸੁੰਦਰ

ਟੀਕਾ ਟਿੱਪਣੀ ਕੀਤੀ ਗਈ ਹੈ। ਮਨ ਬਾਰੇ ਕੁਝ ਪੰਗਤਾਂ ਦੇਖੋ :

ਇਹ ਕੋਈ ਲਹਿਰ ਹੈ ਤੂਫਾਨੀ
ਕੋਈ ਘੋੜਾ ਹੈ ਅਣ ਸਿਧਿਆ
ਕੱਚੇ ਪਾਰੇ ਦੀ ਹੈ ਕੋਈ ਗੋਲੀ।
ਕੋਈ ਸ਼ਤ੍ਰੰਗੜਾ ਹੈ ਲਾਡਾਂ ਪਲਿਆ।
ਏਹ ਕੋਈ ਮਾਰ ਵੱਗੀ ਮੈਨੂੰ ਬਦਲੇ ਕਿਸੇ ਕਰਤੂਤ ਦੇ। (ਪੰਨਾ 34)

ਹੋਰ— ਕਲਪਣਾ ਕੰਜਰੀ ਲੱਭ ਗਈ ਇਸਨੂੰ ਡੋਬੂ ਸਾਥਣ;
ਰਲਕੇ ਕਰੇਂਦੇ ਮੈਨੂੰ ਖੁਆਰ ਰਜ ਰਜ।
ਕੀ ਕਰਾਂ, ਕੀ ਕਰਾਂ ਇਸ ਭੈੜੇ, ਭੈੜ ਭੜੱਥੇ ਮਨ ਦਾ ?
ਤੁੰਨੀ ਪਈ ਹੈ ਮੈਲ ਇਸ ਵਿਚ ਜਨਮ ਜਨਮ ਦੀ;
ਨਹੀਂ ਮਰਦਾ ਇਸਦਾ ਜ਼ਹਿਰੀ ਨਾ ਸਤਿਸੰਗ ਤੋਂ
ਨਾ ਸੁਆਧਿਆਇ ਤੋਂ।
ਹੁੱਟਿਆ ਕਰ ਕਰਕੇ ਗੁਰੂ ਪੀਰ ਵੀ ਮੈਂ।
ਚਾਹੜ ਚਾਹੜ ਬੈਠਾ ਏਸ ਨੂੰ ਸਿਮਰਨ ਦੇ ਬਾਂਸ ਤੇ
ਡਕ ਡਕ ਬੈਠਾ ਇਸਨੂੰ ਜੋਗ ਰੱਸਿਆਂ ਵਿਚ ਜਕੜ ਜਕੜ
ਖਿਸਕ ਜਾਂਦਾ, ਵਗ ਜਾਂਦਾ, ਪੱਲਾ ਛੁੜਾ ਜਾਂਦਾ, (ਪੰਨਾ 38)

ਸੰਤਾਂ ਵਾਲਾ ਅੰਦਾਜ਼ ਹੈ, ਪਰ ਭਾਸ਼ਾ ਠੇਠ ਪੰਜਾਬੀ ਹੈ, ਸ਼ਬਦ ਚੋਣ ਕਮਾਲ ਦੀ, ਢੁਕਵੇਂ ਅਰਥ ਦੇਣ ਵਾਲੇ ਸ਼ਬਦਾਂ ਦੀ ਜੜਤ ਕਮਾਲ ਹੈ। 'ਫੇਰ ਕਰਾਂ ਕੀ'—ਇਕ ਹੋਰ ਦਾਰਸ਼ਨਿਕ ਕਵਿਤਾ ਹੈ ਜਿਸ ਵਿਚ ਤੱਤ ਗਿਆਨ ਦੀ ਵਿਆਖਿਆ ਹੈ। ਸ੍ਰਿਸ਼ਟੀ ਰਚਨਾ ਦੀ ਵਿਆਖਿਆ ਇਸਤੋਂ ਵੱਧ ਹੋਰ ਕੀ ਹੋ ਸਕਦੀ ਹੈ—

ਕੱਲਾ ਵੱਡਾ ਹੁੰਦਾ ਕਿਉਂ ਕਰ ?
ਬੀ ਵਿਚ ਲੁਕਿਆ ਵੱਡਾ ਤਰੁਵਰ
ਬੀ ਬਣ ਜਾ, ਕਰ ਬੀ ਦੀ ਰੱਖਿਆ
ਬੀਜ ਰੂਪ ਲਖਿਆ ਜਿਸ ਲਖਿਆ
ਸਾਖੀ ਤੋਂ ਵੱਧ ਝਖਣ ਝਖਿਆ। (ਪੰਨਾ 40)

ਕਰਮ ਤੇ ਅਕਰਮ ਬਾਰੇ ਕਿੰਨਾ ਸੁੰਦਰ ਫ਼ਲਸਫ਼ਾ ਹੈ, ਗੀਤਾ ਦਾ ਗਿਆਨ ਤੇ ਇਸ ਦੀ ਵਿਆਖਿਆ ਦੇਖੋ :

ਕੁਝ ਨਾ ਕਰਨਾ ਵੀ ਕਰਨਾ ਹੈ
ਅਮਰਤ ਜੀਵਨ ਲਈ ਮਰਨਾ ਹੈ
ਅੱਖ ਬਦਲ ਦੇ
ਲੱਖ ਬਦਲ ਦੇ
ਪੱਖ ਬਦਲ ਦੇ, ਕਰਨਾ ਤੇ ਨਾ ਕਰਨਾ ਛੱਡੇ
ਸਾਂਭੇ ਵਾਸਦੇਵ ਦੇ ਅੱਡੇ

Sri Satguru Jagjit Singh Ji Elibrary NamdhariElibrary@gmail.com

ਆਤਮ ਤੋਂ ਪਰਮਾਤਮ ਹੋਣਾ
ਜਰਜਰੀ ਭੁਤੋਂ ਮੁਹਕਮ ਹੋਣਾ । (ਪੰਨਾ 41)

ਕਾਵਿ ਕਲਾ ਦੀ ਦ੍ਰਿਸ਼ਟੀ ਤੋਂ ਵੀ ਇਸ ਭਾਗ ਦੀਆਂ ਕਵਿਤਾਵਾਂ ਵਿਸ਼ੇ ਵਿਚਾਰ ਦੀ ਮੰਗ ਕਰਦੀਆਂ ਹਨ। ਇਹ ਬਹੁਤ ਸੁੰਦਰ ਨਾਟਕੀ-ਕਵਿਤਾਵਾਂ ਹਨ ਜਿਨ੍ਹਾਂ ਵਿਚ ਦੋ ਪਰਸਪਰ ਵਿਰੋਧੀ ਵਿਚਾਰਾਂ ਨੂੰ ਦੋ ਧਿਰਾਂ ਬਣਾਕੇ ਨਾਟਕੀਅਤਾ ਪੈਦਾ ਕੀਤੀ ਗਈ ਹੈ। ਪਹਿਲੀ ਕਵਿਤਾ 'ਵੱਖੋ ਵੱਖਰੀਆਂ ਰਾਵਾਂ' ਵਿਚ ਖੁੱਲ੍ਹੀ ਕਵਿਤਾ ਦੀ ਸੁੰਦਰਤਾ, ਵਿਚਾਰਸ਼ੀਲਤਾ, ਨਿਖਾਰ ਅਤੇ ਪ੍ਰਵਾਹ ਦੇਖਣ ਵਾਲਾ ਹੈ। ਇਸੇ ਤਰ੍ਹਾਂ 'ਮੌਲ' ਕਵਿਤਾ ਵਿਚ ਕਵੀ ਦੀ ਸ਼ਬਦ-ਜੜਤ, ਕਲਪਨਾ-ਸ਼ਕਤੀ, ਤਾਲ ਤੇ ਲਯ ਬੇਮਿਸਾਲ ਹੈ।

ਸੋਮ-ਰਸ ਦਾ ਦੂਜਾ ਭਾਗ 'ਕਲਪਨਾਤਮਕ ਕਵਿਤਾ' ਦਾ ਹੈ। ਵਿਸ਼ੇ ਪੱਖੋਂ ਇਸ ਭਾਗ ਦੀਆਂ ਕਵਿਤਾਵਾਂ ਨੂੰ ਪ੍ਰੇਮ-ਰੋਮਾਂਸ, ਕਾਵਿ-ਕਲਾ, ਤੱਤ-ਗਿਆਨ ਤੇ ਜੀਵਨ ਦਰਸ਼ਨ ਅਤੇ ਸਮਕਾਲੀ ਸਮਾਜ ਆਦਿ ਚਾਰ ਸਿਰਲੇਖਾਂ ਅਧੀਨ ਵਿਚਾਰਿਆ ਜਾ ਸਕਦਾ ਹੈ। 'ਸੁੱਕੇ ਹਰੇ' ਵਿਚ ਇਕ ਫ਼ਰਜ਼ੀ ਪ੍ਰੇਮੀ ਤੇ ਪ੍ਰੇਮਕਾ ਥਾਪੇ ਗਏ ਹਨ। ਰੂਪ ਤੇ ਜਵਾਨੀ, ਪ੍ਰੇਮਕਾ ਤੇ ਪ੍ਰੇਮੀ ਦੀ ਗੱਲਬਾਤ ਰਾਹੀਂ ਪ੍ਰੇਮ ਦੇ ਸਰੀਰਕ ਤੇ ਆਤਮਿਕ ਦੋਵਾਂ ਪੱਖਾਂ ਦੀ ਸੁੰਦਰ ਵਿਆਖਿਆ ਕੀਤੀ ਗਈ ਹੈ। ਇਕ ਰੋਗ-ਗ੍ਰਸਤ ਪ੍ਰੇਮਕਾ ਪ੍ਰੇਮੀ ਤੋਂ ਸਰੀਰਕ ਤੇ ਜਿਨਸੀ ਪਿਆਰ ਮੰਗਦੀ ਹੈ ਤੇ ਦੋਵੇਂ ਜਣੇ ਮੌਤ ਦਾ ਨਿਵਾਲਾ ਬਣ ਜਾਂਦੇ ਹਨ। ਪ੍ਰੇਮੀ ਦਾ ਪ੍ਰੇਮ ਦਾ ਸੰਕਲਪ ਵਧੇਰੇ ਪੱਕਾ ਪੀਡਾ ਹੈ ਜਾਂ ਉਹ ਰੋਗ ਦੇ ਡਰ ਕਾਰਨ ਸਰੀਰ ਦੀ ਥਾਂ ਆਤਮਾ ਦਾ ਬਖਾਣ ਕਰਦਾ ਹੈ, ਦੋਵੇਂ ਹੀ ਗੱਲਾਂ ਹੋ ਸਕਦੀਆਂ ਹਨ। ਉਹ ਕਹਿੰਦਾ ਹੈ :

ਜੀਵਣ ਜੀਵਣ ਖਾਤਰ ਨਾਹੀਂ, ਮਨਤਵ ਖਾਤਰ ਹੋਂਦਾ।
ਪ੍ਰੇਮ ਘਾਟ ਤੇ ਪੁੱਜਣ ਵਾਲਾ, ਰਾਹੀਂ ਕਦ ਖੜੋਂਦਾ।
ਪ੍ਰੇਮ ਮਿਲਨ ਦੀ ਇਕ ਘੜੀ ਹੈ, ਸੌ ਸੌ ਸਾਲ ਬਰਾਬਰ
ਬਾਝ ਪ੍ਰੇਮ ਧਨ ਆਯੂ ਜਸ, ਰੁੱਖ ਸੁੱਕਾ, ਜੰਮਿਆ ਸਾਗਰ।

ਪ੍ਰੇਮਿਕਾ ਸਰੀਰਕ ਪਿਆਰ ਦੀ ਮੰਗ ਕਰਦੀ ਹੈ ਤੇ ਵਰਣਨ ਕੁਝ ਅਸ਼ਲੀਲ ਵੀ ਹੋ ਜਾਂਦਾ ਹੈ। ਪਰੰਤੂ ਕਵੀ ਸਿੱਟਾ ਇਹੋ ਕੱਢਦਾ ਹੈ ਕਿ ਪ੍ਰੇਮ ਦੇ ਰਾਹ ਵਿਚ ਜੀਉਣ ਤੇ ਮਰਨ ਦੀ ਗੱਲ ਤੋਂ ਪ੍ਰੇਮ ਦੇ ਸੂਰਮੇ ਜਾਂ ਸ਼ਮਾ ਦੇ ਪਰਵਾਨੇ ਡਰਦੇ ਨਹੀਂ ਹਨ। ਕਵੀ-ਵਾਕ ਵੇਖੋ :

ਜਾਣ ਬੁੱਝ ਕੇ ਬਲਦੀ ਅੰਦਰ ਸੜਣ ਸੂਰ ਪਰਵਾਨੇ।
ਪ੍ਰੇਮ-ਮੌਤ ਜੀਵਨ ਵਿਚ ਇਹ ਕੀ, ਲੱਭਣ ਕੌਣ ਬਖਾਣੇ।

ਇਸ ਭਾਗ ਦੀਆਂ ਦੋ ਮਹੱਤਵਪੂਰਨ ਕਵਿਤਾਵਾਂ ਕਾਵਿ ਕਲਾ ਦੇ ਪਰਥਾਇ ਪ੍ਰਗਟ ਕੀਤੇ ਜੀਵਨ ਤੇ ਕਲਾ ਸੰਬੰਧੀ ਵਿਚਾਰ ਹਨ। ਡਾ. ਦੀਵਾਨਾ ਦਾ ਪਾਰਖੂ, ਆਲੋਚਕ ਤੇ ਖੋਜੀ ਮਨ ਇਥੇ ਕਵੀ ਦੀਵਾਨਾ ਨਾਲ ਇਕਸੁਰ ਹੋ ਗਿਆ ਹੈ। 'ਗੋਰੀ ਲੰਮੀ ਤੇ ਸੁਨੱਖੀ' ਕਵਿਤਾ ਦਾ ਸਿਰਲੇਖ ਪੜ੍ਹਕੇ ਭੁਲੇਖਾ ਪੈਂਦਾ ਹੈ ਕਿ ਕਵੀ ਕਿਸੇ ਮੁਟਿਆਰ ਦਾ ਚਿੱਤਰ ਅੰਕਤ ਕਰ ਰਿਹਾ ਹੈ। ਕਵਿਤਾ ਦੀ ਪਰਿਭਾਸ਼ਾ, ਗੁਣ-ਸੁਭਾਉ, ਕਾਵਿ ਪ੍ਰਕਾਰ, ਨੌ ਰਸਾਂ ਦਾ ਵੰਨ ਸੁਵੰਨਾਪਨ-ਇਸ ਕਵਿਤਾ ਦਾ ਲਖਸ਼ ਹੈ। ਅਸੀਂ ਇਸ ਕਵਿਤਾ ਦੇ ਬੋਲਾਂ ਵਿਚ ਐਵੇਂ ਮਾਮੂਲੀ ਜਿਹਾ ਫੇਰ-ਬਦਲ ਕਰਕੇ ਗੱਦ ਵਿਚ ਡਾ. ਦੀਵਾਨਾ ਦੇ ਕਾਵਿ-ਸਿੱਧਾਂਤ

Sri Satguru Jagjit Singh Ji Elibrary NamdhariElibrary@gmail.com

ਬਾਰੇ ਇਉਂ ਲਿਖ ਸਕਦੇ ਹਾਂ—"ਸੋਹਣੀ, ਸੁਚੱਜੀ ਅਤੇ ਸੰਕੂਚਵੀਂ ਨਸਰ ਨਜ਼ਮ ਬਣ ਜਾਂਦੀ ਹੈ। ਕਵਿਤਾ ਨਾਲ ਤਬੀਅਤ ਲਹਿਰ ਉੱਠਦੀ ਹੈ ਤੇ ਰੰਗਲੇ ਮਹਿਲ ਉਸਰ ਜਾਂਦੇ ਹਨ—ਦੇਖਣ ਵਾਲੀ ਅੱਖ ਦੀ ਲੋੜ ਹੈ ਕਿ ਕਵਿਤਾ ਰਾਹੀਂ ਸੱਚੇ ਦੀ ਸੱਤਾ ਸਾਫ਼ ਸਾਫ਼ ਪ੍ਰਗਟ ਹੋ ਜਾਂਦੀ ਹੈ। ਕਵਿਤਾ ਜੀਵਨ ਨੂੰ ਵਧਾਉਂਦੀ, ਠੰਡਿਆਂਦੀ ਤੇ ਨਸਿਆਂਦੀ ਹੈ, ਜੀਵਨ ਵਿਚ ਧਨ ਤੇ ਜੋਬਨ ਪ੍ਰਾਪਤ ਕਰਦੀ ਹੈ। ਕਵਿਤਾ ਤੇ ਜੀਵਨ ਇਕ ਦੂਜੇ ਦੇ ਦਰਪਣ ਹਨ ਜਿਸ ਜਾਤੀ ਵਿਚ ਕਵਿਤਾ ਦੀ ਘਾਟ ਹੈ ਉਹ ਪੁੱਜ ਕੇ ਗਰੀਬ ਕੌਮ ਹੈ।

ਕੋਈ ਗੋਰੀ, ਲੰਮੀ, ਸੁਨੱਖੀ ਤੇ ਮਿੱਠੀ ਤੀਵੀਂ 'ਰਸੀਲਾ ਕਾਵਿ' ਹੈ। ਸਿਦਕੀ ਮਿੱਤਰ ਤੇ ਹਿੰਮਤ ਵਾਲਾ ਬਾਂਕਾ ਮਰਦ 'ਕਟੀਲਾ ਕਾਵਿ' ਹੈ। ਕੋਇਲ, ਖੁਰਮੂ, ਤੋਤਾ ਤੇ ਚੰਡੂਲ ਸਦੀਵੀ 'ਬਿਰਹਾ ਕਾਵਿ' ਹੈ; ਮਦਰ, ਚੰਬੇਲੀ, ਗੁਲਾਬ ਤੇ ਸੋਸਨ ਮਨ ਨੂੰ ਮੋਹ ਲੈਣ ਵਾਲਾ 'ਸ਼ਿੰਗਾਰ ਕਾਵਿ' ਹੈ।

ਦੇਖਣ ਵਾਲੀ ਅੱਖ ਦੀ ਲੋੜ ਹੈ ਕਿ ਨੌ ਜਾਂ ਦਸ ਰਸ ਕਵਿਤਾ ਵਾਂਗ ਇਸ ਜੀਵਨ ਵਿਚ ਹੀ ਖਿਲਰੇ ਪਏ ਹਨ। ਮਕੜੀ ਦਾ ਜਾਲਾ ਵੀ ਤਾਂ ਇਕ ਕਵਿਤਾ ਹੈ, ਆਲ੍ਹਣਾ ਸਾਜ਼ ਬਏ ਵੀ ਤਾਂ ਕਵੀ ਹੈ; ਤਿਤਲੀ ਵਿਚ ਵੀ ਕਲਾ ਭਰੀ ਕਵਿਤਾ ਹੈ ਅਤੇ ਮਿਰਗ ਤੇ ਸਹੇ ਵੀ ਨੱਚਦੀ ਹੋਈ ਕਵਿਤਾ ਹਨ; ਪਰਬਤ, ਬਰਫ਼ਾਂ, ਨਦੀਆਂ ਤੇ ਬੂਟੇ ਅਗਾਂਹਵਧੂ ਗੀਤ ਹੀ ਤਾਂ ਹਨ। ਹਾਸੇ, ਚੋਭਾਂ, ਮਜ਼ਾਖ ਕੁਦਰਤ ਵਿਚ ਕੋਈ ਘੱਟ ਹਨ, ਬੀਰ ਰਸੀ ਤੇ ਬੀਭਤਸ ਰਸੀ ਦੋਹੇ ਨਿਤ ਸਾਡੇ ਕੰਨੀਂ ਪੈਂਦੇ ਹਨ, ਕਰਾਮਾਤ ਤੇ ਜਾਦੂ ਭਰੇ ਬੋਲ ਸਾਡੇ ਅਰਸ਼ ਤੇ ਰੋਜ਼ ਹੀ ਤਾਂ ਲਿਖੇ ਜਾਂਦੇ ਹਨ; ਰੋਜ਼ ਨਵੇਂ ਟੱਪੇ, ਪਹਿਰੇ ਤੇ ਬੁਝਾਰਤਾਂ ਆਪੇ ਆਪੇ ਬਣਦੀਆਂ ਰਹਿੰਦੀਆਂ ਹਨ।

'ਕਵਿਤਾ ਜੀਵਨ ਦਾ ਦਰਪਣ ਹੈ,' ਬਾਰੇ ਪੂਰੀ ਪੁਸਤਕ ਵੀ ਲਿਖੀ ਜਾਵੇ ਤਾਂ ਇਸ ਦੇ ਮੁਕਾਬਲੇ ਘੱਟ ਰਹੇਗੀ। ਇਸੇ ਤਰ੍ਹਾਂ ਇਕ ਹੋਰ ਕਵਿਤਾ ਹੈ 'ਕਵਿਤਾ'—ਕਵੀ ਆਪਣਾ ਕਾਵਿ ਪ੍ਰਯੋਜਨ ਸਪੱਸ਼ਟ ਕਰਦਾ ਲਿਖਦਾ ਹੈ :

ਵਾਸਦੇਵ ਨਾਦ ਸੁਣ ਆਤਮੇ ਨੂੰ ਹਿੱਲ ਪਈ।
ਜੇਹੜਾ ਸੀ ਅਰੂਪ ਓਸ ਰੂਪ ਨੂੰ ਸਹੇੜਿਆ।

ਹੋਰ ਵੀ —ਵੇਖਦਾ ਹੈ ਵੱਖ ਹੋਕੇ ਜਗ ਦਾ ਵਿਖਾਵਾ ਕਵੀ।
ਪਰਖਦਾ ਹੈ ਪੁੰਨ ਪਾਪ ਦੁੱਖ ਸੁੱਖ ਨੀਝ ਨਾਲ।
ਜੋੜਦਾ ਹੈ ਤੋੜਦਾ ਹੈ, ਢਾਹੁੰਦਾ ਬਣਾਉਂਦਾ ਹੈ
ਬੜੀ ਹੋਸ਼ਮੰਦੀ ਕੋਮਲ ਮਿੱਠੀ ਪੀੜ ਰੀਝ ਨਾਲ
ਡੁੱਬਦਾ ਹੈ ਵਿਸ਼ੇ ਵਿਚ ਦਮੜਦਾ ਹੈ ਚੰਮ ਸੰਗ
ਚਾਹੁੰਦਾ ਹੈ ਭਿੱਜਣਾ ਅਪਹੁੰਚ ਤੇ ਅਭਿਜ ਨਾਲ
ਡੂੰਘੀ ਤੋਂ ਵੀ ਡੂੰਘੀ ਚੁਭੀ ਮਾਰਨ ਦਾ ਹੀਆ ਕਰ
ਰਖਦਾ ਹੈ ਵਾਸਤਾ ਉਹ ਅਸਲੇ ਤੇ ਰੀਝ ਨਾਲ
ਕਵਿਤਾ ਨਾ ਕਵਿਤਾ ਦੀ ਖ਼ਾਤਰ ਉਪਾਰਜੀ ਮੈਂ,
ਦਿਲ ਵਿਚੋਂ ਫੁੱਟਿਆ ਜੋ ਨਗ਼ਮਾ ਸੋ ਛੇੜਿਆ। (ਪੰਨਾ 99)

Sri Satguru Jagjit Singh Ji Elibrary NamdhariElibrary@gmail.com

ਇਸ ਭਾਗ ਦਾ ਅਗਲਾ ਜ਼ੋਰਦਾਰ ਵਿਸ਼ਾ ਤੱਤ-ਗਿਆਨ ਤੇ ਦਰਸ਼ਨ ਤੇ ਅਧਿਆਤਮ-ਚਿੰਤਨ ਹੈ। ਇਨ੍ਹਾਂ ਕਵਿਤਾਵਾਂ ਵਿਚ ਜੀਵ ਤੇ ਜਗਤ, ਬ੍ਰਹਮ ਤੇ ਮਾਇਆ ਆਦਿ ਬਾਰੇ ਵਿਚਾਰ ਕੀਤਾ ਗਿਆ ਹੈ। 'ਸਮਾਨਤਾ' ਸਿਰਲੇਖ ਅਧੀਨ ਕਵਿਤਾ ਵਿਚ ਸ੍ਰਿਸ਼ਟੀ ਦੀ ਸਾਰੀ ਰਚਨਾ ਇਕ ਸਮਾਨ ਹੈ, ਸਾਰੇ ਜੀਵ ਜੰਤ, ਵਣਸਪਤੀ ਬਿਰਛ, ਪਸ਼ੂ ਪੰਛੀ ਤੇ ਇਨਸਾਨ ਸਭ ਇਕ ਹਨ, ਪੰਜ ਤੱਤ ਰੂਪ ਹਨ, ਪਰ ਇਹ 'ਬਿਨਾ ਪੂਛ ਬੰਦਰ', ਮੌਤ-ਫਾਹੇ ਦੇਵਤੇ', 'ਦੋ ਪਾਏ' ਨੂੰ ਹੰਕਾਰ ਹੋ ਗਿਆ ਹੈ ਕਿ ਉਹ ਕਾਇਨਾਤ ਦਾ ਸੁਆਮੀ ਹੈ, ਜਿਹੜੀ ਸਰਾਸਰ ਭੁੱਲ ਹੈ—ਇਹੋ ਫਲਸਫਾ ਇਨਸਾਨ ਦਾ ਦੋਰੰਗਾਪਨ, ਪਸ਼ੂਤਾ, ਝੂਠ ਮੱਕਾਰੀ—ਸਭ ਦਾ ਬਹੁਤ ਸੁੰਦਰ ਚਿੱਤਰਣ ਕੀਤਾ ਹੈ ਇਸ ਕਵਿਤਾ ਵਿਚ। ਬੰਦਾ ਆਪਣੇ ਮੂਲ ਨਾਲੋਂ ਟੁੱਟ ਕੇ ਆਪਣੇ ਹੱਕ ਤੇ ਸੱਚ, ਆਜ਼ਾਦੀ ਤੇ ਸਵੈਮਾਨ ਦੀ ਦੁਰਵਰਤੋਂ ਕਰਨ ਲੱਗਦੇ ਹਨ, ਮੰਦਰ, ਮਸੀਤ, ਗਿਰਜੇ ਤੇ ਗੁਰਦੁਆਰੇ ਕ੍ਰਮਵਾਰ 'ਤਫਰੀਹ ਗਾਹ', ਜਹਾਦ ਦੇ ਨਾਹਰੇ ਦਾ ਕੇਂਦਰ, ਮਿਲਖਾਂ ਤੇ ਕੜਾਹ ਪ੍ਰਸ਼ਾਦ ਤੇ ਰਾਗ ਦਾ ਕੇਂਦਰ ਬਣ ਜਾਂਦੇ ਹਨ :

ਪਰ ਮੁਢ ਵੱਝਾ ਪਾਰਬਤੀ ਤੇ ਪਰਬਤੇਸ਼ਵਰ ਤੋਂ,
ਆਦਿ ਅੰਤਰ ਨਾਦ ਤੋਂ
ਭੰਵਰ ਗੁਫਾ ਤੋਂ
ਸਮਤਾ ਤੋਂ ਜੁਦਾ ਹੁੰਦਿਆਂ ਹੀ
ਆਦਰਸ਼ ਪ੍ਰਿਯਤਾ ਦੇ ਪਹਾੜਾਂ ਤੋਂ ਡਿੱਗਦਿਆਂ ਹੀ
ਅਜੇਹੇ ਆਪਾ ਬੋਝ-ਦਬਾਏ ਜਾਂਦੇ ਹਨ
ਧਰਮ ਤੇ ਇਨਕਲਾਬ ਤੇ ਟੋਲੀ ਇਤਿਹਾਸ
ਕਿ ਨਹੀਂ ਰਹਿੰਦੀ ਇਹਨਾਂ ਵਿਚ ਹਰ ਦੂਜੇ ਦੇ ਕੰਮ ਆਉਣ ਦੀ ਚਾਹ।
ਤੇ ਸਮਝਣ ਲੱਗਦੇ ਹਨ ਤੁੱਛ ਇਹ ਹੋਰ ਨਦੀਆਂ ਨਾਲਿਆਂ ਨੂੰ।

(ਪੰਨਾ 84-85)

ਜੀਵਨ ਲਾਹਾ ਖੱਟਣ ਦਾ ਸੌਦਾ ਬਣਕੇ ਰਹਿ ਜਾਂਦਾ ਹੈ,

ਅਵਸ਼ ਹੀ ਬੜੀ ਡੂੰਘੀ
ਫੈਲੀ ਤੇ ਦੂਰ ਦੀ,
ਸਰਬਾਂਗੀ ਸਮਾਨਤਾ ਹੈ
ਕੁਦਰਤ ਵਿਚ ਤੇ ਮਨੁੱਖ ਵਿਚ

'ਹੁਣ' ਵਿਚ ਦੱਸਿਆ ਗਿਆ ਹੈ ਕਿ ਹੁਣ ਦਾ ਫਿਕਰ ਬੰਦੇ ਨੂੰ ਹਰ ਦਮ ਖਾਈ ਜਾਂਦਾ ਹੈ। ਇਹ ਕਰਨਾ ਹੈ, ਉਹ ਕਰਨਾ ਹੈ ਪਿੱਛਾ ਨਹੀਂ ਛੱਡਣਾ। 'ਉਲ੍ਹਾਮੜਾ ਜੱਗ ਦਾ ਈ' ਵਿਚ ਦੀਨ ਤੇ ਦੁਨੀਆਂ ਦੇ ਮਾਲਕ ਨਾਲ ਮਿੱਠੀਆਂ ਚੋਭਾਂ ਦਰਜ ਹਨ। ਇਕ ਸਿਦਕਵਾਨ, ਪ੍ਰੇਮੀ ਪਰ ਦੁਨੀਆਦਾਰ ਸਾਧਕ ਸ੍ਰਿਸ਼ਟੀ ਦੇ ਕਰਤਾ ਨੂੰ ਵੀ ਮਿੱਠੇ ਮਿੱਠੇ ਉਲਾਂਭੇ ਦੇਣ ਤੋਂ ਸੰਕੋਚ ਨਹੀਂ ਕਰਦਾ :

ਪੂਰਣ ਆਪ ਤੇ ਰਚਨਾ ਕਸੂਰ ਵਾਲੀ
ਵਿਆਪਕ ਆਪ ਦੁਨੀਆਂ ਨੇੜੇ ਦੂਰ ਵਾਲੀ

Sri Satguru Jagjit Singh Ji Elibrary NamdhariElibrary@gmail.com

ਆਪ ਮਸਤ ਤੇ ਸਿਰਫ ਸ਼ਊਰ ਵਾਲੀ,
ਨੂਰੀ ਆਪ ਪਸਾਰੜਾ ਅੱਗ ਦਾ ਈ।
ਖ਼ੁਦ ਲਦਿਆ ਉਲ੍ਹਾਮੜਾ ਜੱਗ ਦਾ ਈ।

'ਤਾਰੇ' ਕਵਿਤਾ ਵਿਚ ਤੱਤ-ਗਿਆਨ, ਅਧਿਆਤਮ ਦਰਸ਼ਨ, ਗੀਤਾ-ਗਿਆਨ ਨੂੰ ਹੀ ਆਪਣੇ ਸ਼ਬਦਾਂ ਵਿਚ ਪਰੋਣ ਦਾ ਸਫ਼ਲ ਤੇ ਸਾਰਥਕ ਯਤਨ ਹੈ :

ਜੇ ਲਭੇਂ ਤੂੰ ਨਿਜੀ ਨਾਟ ਨੂੰ
ਤਾਂ ਵੀ ਕ੍ਰਿਸ਼ਨ ਹੱਥ ਤੂੰ ਫੜਣਾ
ਜੇ ਨਿਰਖੇਂ ਤੂੰ ਸਾਰੀ ਲੀਲਾ
ਸੂਤਰ ਵਾਂਗ ਅਨੇਕ ਘਨੇਂਦੀਏ
ਅਮਰ ਜ਼ਿੰਦਗੀ ਦੀ ਹੈ ਪਿਆਸਾ
ਅੰਗ ਵਿਰਾਟ ਦਾ ਖ਼ੁਦ ਨੂੰ ਜਾਣੀ
ਤੂੰ ਹੀ ਤੂੰ ਹੈਂ. ਹੋਰ ਨ ਕੋਈ
ਤੇਰੇ ਭਰਮੇਂ ਜੱਪ ਹੈ ਰੱਸੀ ਜੇ ਤੈਨੂੰ ਨਿਜ ਨਾਮ ਦੀ ਇੱਛਾ
ਜੇ ਨਿਜ ਰੂਪ ਦੀ ਸਿੱਧੀ ਚਾਹੇਂ, ਨਾ ਹੋਇਆ ਨ ਅੱਗੇ ਹੋਸੀ।

(ਪੰਨਾ 76-77)

'ਅਜੈਬਘਰ' ਵਿਚ ਕਵੀ ਇਸ ਸੰਸਾਰ ਨੂੰ ਇਕ ਪਾਗਲ ਘਰ ਤੇ ਅਪਣੇ ਮਨ ਨੂੰ ਇਕ ਅਜਾਇਬ ਘਰ ਮੰਨਦਾ ਹੈ ਜਿਸ ਵਿਚ ਹਾਸੇ ਤੇ ਰੋਣੇ, ਨਿਆਂ-ਅਨਿਆਂ, ਰੌਲਾ ਤੇ ਚੁੱਪ, ਪੁੰਨ ਪਾਪ, ਰਿਸਦੇ ਹੋਏ ਘਾਉ, ਫਿਸਦੇ ਹੋਏ ਛਾਲੇ, ਸੁਫਨੇ ਤੇ ਸੁਆਦ, ਦੋਸਤ ਮਿੱਤਰ ਤੇ ਦੁਸ਼ਮਣ ਸਭ ਦਾ ਬਰਾਬਰ ਦਖਲ ਹੈ—''ਕਦ ਨਿਕਲਾਂਗਾ ਪਾਗਲ-ਘਰ ਤੋਂ'' ਵਿਚ ਕਵੀ ਮਨ ਦਾ ਵਿਸ਼ਾਦ ਸਾਫ਼ ਪ੍ਰਗਟ ਹੈ। ਇਸ ਭਾਗ ਦਾ ਇਕ ਹੋਰ ਵਿਸ਼ਾ ਸਮਕਾਲੀ ਸਮਾਜ-ਚਿਤ੍ਰਣ ਤੇ ਘਟਨਾ-ਚੱਕਰ ਦਾ ਯਥਾਰਥਵਾਦੀ ਬਿਆਨ ਹੈ ਜਿਸਦੀ ਪ੍ਰਤਿਨਿਧੀ ਰਚਨਾ 'ਕਿਰਨ ਮਕਿਰਨੀ' ਹੈ। ਸੰਨ ਸੰਤਾਲੀ ਦੀ ਝੁੱਲੀ ਹਨੇਰੀ ਦਾ ਦਰਦਨਾਕ ਚਿਤ੍ਰਣ ਕੀਤਾ ਗਿਆ ਹੈ ਜਿਸਨੇ ਸਭ ਨੂੰ ਖੇਰੂੰ ਖੇਰੂੰ ਕਰ ਦਿੱਤਾ। ਇਹ ਹੋਣੀ ਦਾ ਨਜ਼ਾਰਾ ਦਰਦਨਾਕ ਤੇ ਭਿਆਨਕ ਹੁੰਦਾ ਹੋਇਆ ਵੀ ਰੋਮਾਂਟਿਕ ਹੈ।

ਸੁੱਕੇ ਪੱਤਰ ਤੇ ਹਨੇਰੀ ਦਾ ਪ੍ਰਤੀਕ—ਰਿਫਿਊਜੀ ਵਿਚ ਸਮੇਂ ਦੀ ਜੋ ਚਿੱਤਰਕਾਰੀ ਕੀਤੀ ਹੈ, ਉਹ ਕੋਈ ਅਗਾਂਹਵਧੂ ਵੀ ਕੀ ਕਰੇਗਾ :

ਠੀਕ ਹੀ ਤਾਂ ਹੈ
ਜੀਵਨ ਚਲਦਾ ਹੈ ਉਤੇ ਮੁਨਾਫ਼ੇ ਦੇ
ਮੂਲ ਲਾਈਦਾ ਹੈ ਲਾਹੇ ਖਾਤਰ
ਹੁਸਨ, ਪ੍ਰੇਮ, ਸੇਵਾ, ਧਰਮ, ਬਾਝੋਂ ਨਫ਼ੇ
ਨਹੀਂ ਵੇਚੀ, ਵਟਾਈ, ਸਾਂਭੀ, ਖਿਲਾਰੀ, ਸੁਆਰੀ, ਪਰਚਾਰੀ ਦਾ।

ਉਸਾਰੂ ਨਜ਼ਰੀਆ, ਬਰਬਾਦੀ ਵਿਚੋਂ ਵੀ ਆਸ਼ਾਵਾਦੀ ਕਵੀ ਖੁਸ਼ੀਆਂ ਲੱਭਦਾ ਹੈ :

ਹਰ ਤਬਦੀਲੀ, ਪਰਿਵਰਤਨ, ਇਨਕਲਾਬ ਸੋਹਣਾ
ਵਧ ਉਪਜਾਊ, ਸੂਤਰ ਬੱਧ, ਖੁਸ਼ੀਆਂ ਦੇਣ ਵਾਲਾ
ਢਿੱਡ ਤੇ ਕਾਮ ਭਰਾਈ ਕਰਨ ਵਾਲਾ ।

ਇਸੇ ਲਈ ਉਹ ਰੋਮਾਂਟਿਕ ਕਹਿੰਦਾ ਹੈ, ਖ਼ੁਦ ਵੀ ਭੋਗ ਚੁੱਕਾ ਹੈ ਦਰਦ ਤੇ ਧੱਕੇ, ਇਸੇ ਲਈ ਵਧੇਰੇ ਸੁੰਦਰ ਵਰਣਨ ਕਰਕੇ ਦਾਰਸ਼ਨਿਕੀਕਰਨ ਕਰ ਸਕਿਆ ਹੈ । ਬਹੁਤੇ ਲੋਕਾਂ ਨੇ ਦਰਦਨਾਕ 47 ਦੇਖੀ ਹੈ, ਪਰ ਕਵੀ ਦਾ ਦਾਰਸ਼ਨਿਕ ਆਪਾ ਤੇ ਆਸ਼ਾਵਾਦੀ ਸੁਭਾਉ ਜ਼ਿੰਦਗੀ ਨੂੰ ਨਵਿਉਂ ਸਿਰੇ ਦੇਖਦਾ ਤੇ ਨਵੇਂ ਅਰਥ ਉਜਾਗਰ ਕਰਦਾ ਹੈ :

ਰੋਮੈਂਟਿਕਤਾ ਵਿਚ ਤਿੰਨੇ ਅੰਗ ਉਪਸਥਿਤ
ਨਵੀਨਤਾ, ਪਰਦੇਸ ਗਮਨ, ਪਿਆਰ, ਭਿਆਨਕਤਾ ਨਾਲ ਜੱਫੀ ਦਾ ਹੀਆ
ਨਾਲੇ ਤਸਵੀਰ ਖਿਚਾਈ, ਰੰਗ ਭਰਾਈ, ਅਦਿੱਠ ਤੇ ਵਿਸ਼ਵਾਸ,
ਸਾਧਾਰਣ ਵਿਚ ਅਸਾਧਾਰਣਤਾ ਦੇਖਣ ਦੀ ਸ਼ਕਤੀ
ਨਵਾਂ ਇਤਿਹਾਸ ਬਣਾਣ ਦੀ ਉਤਸੁਕਤਾ । (ਪੰਨਾ 71-72)

ਕਿੰਨਾ ਚੰਗ਼ ਤੇ ਵਿਵਹਾਰਿਕ ਜੀਵਨ ਦਰਸ਼ਨ ਹੈ :

ਪਰ ਕੁਝ ਲੱਭੀਦਾ ਹੈ ਗੁਆ ਕੇ ਵੀ
ਤੇ ਕਿਤੇ ਪੁੱਜੀਦਾ ਹੈ ਡਿੱਗ ਕੇ ਵੀ
ਵਿੱਛੜ ਕੇ ਵੀ ਜਾਈਦਾ ਹੈ ਮਿਲ
ਨਾਲ ਕਿਸੇ ਓਪਰੇ ਪ੍ਰੀਤਮ ਨਵੇਂ ਦੇ । (ਪੰਨਾ 73)

ਤੀਜਾ ਭਾਗ ਬਿਰਤਾਂਤੀ ਕਵਿਤਾ ਦਾ ਹੈ ਜਿਸ ਵਿਚ ਹੀਰ-ਰਾਂਝਾ, ਅਮਰਨਾਥ ਅਤੇ ਸਾਖੀ ਲਾਲੂ ਤਰਖਾਣ ਦੀ ਸ਼ਾਮਲ ਹਨ । ਇਨ੍ਹਾਂ ਕਵਿਤਾਵਾਂ ਬਾਰੇ ਪਹਿਲਾਂ ਵਿਚਾਰ ਹੋ ਹੀ ਚੁੱਕਾ ਹੈ ।

ਚੌਥਾ ਭਾਗ 'ਜਨ ਭਾਵਾਤਮਕ ਕਾਵਿ' ਹੈ । 'ਕੌਣ ਕਿਸੇ ਦੀ ਸਹਿੰਦਾ' ਦਾ ਸੰਦੇਸ਼ ਹੈ ਕਿ ਢਿੱਡ ਦੀ ਅੱਗ, ਕਾਮ ਦੀ ਅੱਗ ਸ਼ਾਂਤ ਕਰਕੇ ਬਲ ਬੁੱਧੀ ਵਿਚ ਸਮਾਨਤਾ ਲਿਆਉਣਾ । ਜੇ ਢਿੱਡ ਦਾ ਪਿੱਟਣਾ ਨਾ ਹੁੰਦਾ, ਜੇ ਕਾਮ ਵਾਸਨਾ ਨਾ ਹੁੰਦੀ ਅਤੇ ਜੇ ਬਲ ਬੁੱਧੀ ਵਿਚ ਸਾਵਾਂਪਣ ਰਹਿੰਦਾ ਅਤੇ ਜੇ ਪਿਛਲੀ ਕੀਤੀ ਚੇਤੇ ਰਹਿੰਦੀ ਤਾਂ ਕੋਈ ਕਿਸੇ ਦਾ ਧੱਕਾ ਨਾ ਸਹਿੰਦਾ, ਮਨੁੱਖ ਕਦੇ ਪਸ਼ੂ ਨਾ ਬਣਦੇ, ਰਾਜਾ ਤੇ ਰੰਕ ਸਭ ਬਰਾਬਰ ਹੁੰਦੇ ਅਤੇ ਅਸੀਂ ਆਪਣਾ ਅੱਜ ਜਾਂ ਵਰਤਮਾਨ ਸੁਆਰ ਲੈਂਦੇ ਤੇ ਖੱਜਲ ਖ਼ੁਆਰ ਹੋਣੋਂ ਬਚ ਜਾਂਦੇ । 'ਹੁਣ ਨਹੀਂ ਜਿੰਦੇ ਤੈਨੂੰ ਕਹਿਣਾ' ਵਿਚ ਡਾ. ਦੀਵਾਨਾ ਦੀ ਸ੍ਰੀ ਕ੍ਰਿਸ਼ਣ ਤੇ ਬਾਬਾ ਨਾਨਕ ਦੀ ਸਾਂਝੀ ਭਗਤੀ ਸਪੱਸ਼ਟ ਹੈ । ਉਹ ਜੀਵਨ ਤੱਤ ਕੱਢਦੇ ਹੋਏ ਲਿਖਦੇ ਹਨ :

ਸਾਂਵਲ ਸ਼ਾਹ ਜੋ ਦਈ ਲਈ ਜਾ, ਧੰਧ ਸਹੇੜ ਨ ਗਲ ਪਿੱਟਣੇ ਪਾ
ਉਹ ਨ ਪਚਿਆ ਇਹ ਨਹੀਂ ਰਹਿਣਾ, ਆਉਂਦਿਆਂ ਦਾ ਰਾਖਾ ਕਰਤਾਰ ।

'ਤੇਰੀ ਲਾਈਆ ਬਾਝੋਂ', ਟੱਪੇ, ਰੱਬ ਤੇਰੀ ਲੋੜ ਆਦਿ ਵਿਚ ਅਗਿਆਨਾਂ ਜਿਹੇ ਵਿਚਾਰ ਹਨ, ਨ ਇਹ ਗੀਤ ਬਣਦੇ ਹਨ ਨ ਕਵਿਤਾ । ਅੰਤ ਵਿਚ ਕੁਝ ਗੀਤ ਵੀ ਦਰਜ ਹਨ ਜਿਨ੍ਹਾਂ ਉੱਤੇ ਕਵਿਤਾ ਵਾਂਗੂ ਸਿਰਲੇਖ ਦਿੱਤੇ ਗਏ ਹਨ, ਇਸੇ ਲਈ ਗੀਤਾਂ ਨਾਲੋਂ ਵਧੇਰੇ

Sri Satguru Jagjit Singh Ji Elibrary NamdhariElibrary@gmail.com

ਇਹ ਨਜ਼ਮਾਂ ਹੀ ਬਣ ਸਕੀਆਂ ਹਨ। ਪੋਠੋਹਾਰੀ ਭਾਸ਼ਾ ਨੇ ਵੀ ਗੀਤਾਂ ਨੂੰ ਭਾਰੂ ਬਣਾ ਦਿੱਤਾ ਹੈ।

ਇਕ ਗੱਲ ਪੂਰੇ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ ਕਿ ਡਾ. ਮੋਹਨ ਸਿੰਘ ਦਾ ਕਾਵਿ-ਅਨੁਭਵ ਉਸਦੇ ਜੀਵਨ-ਅਨੁਭਵ ਨਾਲ ਪੂਰੀ ਤਰ੍ਹਾਂ ਇਕਸੁਰ ਹੋਇਆ ਹੋਇਆ ਹੈ। ਉਹ ਮੌਲਿਕ ਤੌਰ ਤੇ ਇਕ ਅਧਿਆਤਮਵਾਦੀ-ਦਰਸ਼ਨਵਾਦੀ ਕਵੀ ਹੈ ਅਤੇ ਇਹੋ ਰੰਗ ਉਸਦੇ ਇਸ ਸੰਗ੍ਰਹਿ ਵਿਚ ਪ੍ਰਧਾਨ ਰੂਪ ਵਿਚ ਦ੍ਰਿਸ਼ਟੀਗੋਚਰ ਵੀ ਹੁੰਦਾ ਹੈ। ਹੋਰ ਸਭ ਵਿਸ਼ੇ ਇਸ ਮੁੱਖ ਵਿਸ਼ੇ ਦੇ ਅਧੀਨ ਹੀ ਆਏ ਹਨ, ਉਨ੍ਹਾਂ ਦੀ ਸਾਰਥਕਤਾ ਕੇਵਲ ਇਨੀ ਹੈ ਕਿ ਉਹ ਵੀ ਕਵੀ ਦੇ ਇਸ ਨਿਸ਼ਚੇ ਨੂੰ ਦ੍ਰਿੜ੍ਹ ਕਰਨ ਲਈ ਹਨ ਕਿ ਸਾਡਾ ਕਵੀ ਆਪਣੇ ਧੂਣੇ ਤੇ ਬੈਠਾ ਹੋਇਆ ਤਕੀਏ ਦਾ ਉਹ ਸ਼ਾਹ ਹੈ ਜੋ ਫ਼ਕੀਰ ਹੁੰਦਾ ਹੋਇਆ ਵੀ ਸ਼ਾਹ ਹੈ, ਜਿਸ ਨੂੰ ਅਧਿਆਤਮ ਨੇ ਕੁਵੱਤ (ਸ਼ਕਤੀ) ਬਖ਼ਸ਼ੀ ਹੈ ਤੇ ਦਿਲ ਵਿਚ ਈਮਾਨ ਜਾਂ ਵਿਸ਼ਵਾਸ ਪੈਦਾ ਕੀਤਾ ਹੈ ਅਤੇ ਸਭ ਤੋਂ ਵਧਕੇ ਅਧਿਆਤਮਵਾਦ ਦੀ ਦੌਲਤ ਦੇ ਖ਼ਜ਼ਾਨੇ ਬਖ਼ਸ਼ੇ ਹਨ।

Sri Satguru Jagjit Singh Ji Elibrary NamdhariElibrary@gmail.com

ਅਧਿਆਇ ਤੀਜਾ

# ਕਹਾਣੀਕਾਰ ਡਾ. ਮੋਹਨ ਸਿੰਘ ਦੀਵਾਨਾ

ਡਾ. ਮੋਹਨ ਸਿੰਘ ਦੀਵਾਨਾ ਬਹੁਮੁਖੀ ਪ੍ਰਤਿਭਾ ਦੇ ਸਵਾਮੀ ਸਨ। ਉਨ੍ਹਾਂ ਨੇ ਉਰਦੂ, ਹਿੰਦੀ, ਪੰਜਾਬੀ ਤੇ ਅੰਗ੍ਰੇਜ਼ੀ ਵਿਚ ਲਿਖਿਆ। ਮਜ਼ੇ ਦੀ ਗੱਲ ਇਹ ਹੈ ਕਿ ਉਨ੍ਹਾਂ ਦਾ ਪੰਜਾਬੀ ਕਹਾਣੀ-ਸੰਗ੍ਰਹਿ ਢੇਰ ਚਿਰ ਮਗਰੋਂ ਪਹਿਲੀ ਵਾਰੀ 1950 ਵਿਚ ਛਪਦਾ ਹੈ ਜਦ ਕਿ ਉਨ੍ਹਾਂ ਨੇ ਉਰਦੂ ਵਿਚ 1914-15 ਅਤੇ ਹਿੰਦੀ ਵਿਚ 1924-28 ਦੌਰਾਨ ਕਹਾਣੀਆਂ ਲਿਖ ਲਈਆਂ ਸਨ। ਡਾ. ਦੀਵਾਨਾ ਦੀ ਪਹਿਲੀ ਉਰਦੂ ਕਹਾਣੀ 'ਜੋਗੀ', ਤੇ ਦੂਜੀ ਉਰਦੂ ਕਹਾਣੀ 'ਵੈਰਾਨ ਮੰਦਰ' ਸੀ, ਹਿੰਦੀ ਦੀ ਪਹਿਲੀ ਕਹਾਣੀ 'ਸਦਾ ਗੁਲਾਬ' ਸੀ ਅਤੇ ਪੰਜਾਬੀ ਦੀ ਪਹਿਲੀ ਕਹਾਣੀ 'ਮੇਰੀ ਨਾਨੀ' ਸੀ। ਇਸ ਲੇਖਕ ਦਾ ਆਪਣਾ ਕਥਨ ਦੇਖ ਲੈਣਾ ਸਾਰਥਕ ਹੋਵੇਗਾ, ਡਾ. ਦੀਵਾਨਾ 'ਪਰਾਂਦੀ' ਵਿਚ "ਮੈਂ ਕਹਾਣੀ ਕਿਵੇਂ ਲਿਖਦਾ ਹਾਂ" ਸਿਰਲੇਖ ਹੇਠ ਲਿਖਦਾ ਹੈ :—

ਇਹ ਗੱਲ ਸਭ ਜਾਣਦੇ ਨੇ ਕਿ ਲੇਖਕ ਜੋ ਕੁਝ ਲਿਖਦਾ ਹੈ ਆਪਣੇ ਅੰਦਰੋਂ ਕੱਢ ਕੇ ਹੀ ਲਿਖਦਾ ਹੈ। ਪਰ ਅੰਦਰਲੀ ਪਟਾਰੀ ਕਿਸ ਤਰ੍ਹਾਂ ਭਰੀਂਦੀ ਹੈ? ਪੜ੍ਹਨ ਨਾਲ, ਮਿਲਿਭਿਟ ਜਾਂ ਸੁਣਨ ਨਾਲ, ਸੋਚਣ ਨਾਲ, ਕਲਪਨਾ ਕਰਨ ਨਾਲ, ਤੇ ਮਾਤਾ-ਪਿਤਾ ਤੋਂ ਮਿਲੀ ਵਿਰਾਸਤ ਨਾਲ।

ਮੈਂ ਸਭ ਤੋਂ ਪਹਿਲਾਂ ਕਹਾਣੀ 16 ਜਾਂ 17 ਵਰ੍ਹਿਆਂ ਦੀ ਉਮਰ ਵਿਚ ਉਰਦੂ ਵਿਚ ਲਿਖੀ ਸੀ। ਉਹਦਾ ਨਾਂ ਸੀ 'ਜੋਗੀ'। ਮੇਰੇ ਪਿਤਾ ਮੁਨਸ਼ੀ ਸ਼ੇਰ ਸਿੰਘ ਸਾਧਾਂ, ਅਭਿਆਗਤਾਂ, ਸੰਤਾਂ, ਜੋਗੀਆਂ ਵਿਚ ਬਹੁਤ ਸ਼ਰਧਾ ਰਖਦੇ ਸਨ। ਸੋ ਸਾਧ-ਸਰਣਾਈ ਮੈਨੂੰ ਉਨ੍ਹਾਂ ਤੋਂ ਮਿਲੀ। ਉਹਨਾਂ ਹੀ ਦੱਸਿਆ ਕਿ ਸਾਡੇ ਪਿੰਡ 'ਦੇਵੀ' ਦਾ ਇਕ ਸਿੱਖ ਗਭਰੂ ਸਾਧੂ ਬਣ ਗਇਆ ਹੈ। ਇਕ ਗਭਰੂ ਜਿਸਦੇ ਡੌਹਲੇ ਅਜੇ ਮਸੋਂ ਮਸੋਂ ਭਰੇ ਨੇ, ਜਿਸ ਦੇ ਚਾਅ ਅਜੇ ਮਸਾਂ ਪੁੰਘਰੇ, ਫੁੱਟ, ਹਰਿਆਏ ਨੇ, ਕਿਵੇਂ ਰੰਗ ਰਾਗ ਨਾਲ ਵਸਦੀ ਦੁਨੀਆਂ ਨੂੰ ਛੱਡ ਸਕਦਾ ਹੈ, ਕੇਹੜੀ ਮਿਤਰ-ਧਰੋਹ ਦੀ ਸੱਟ ਨੇ ਉਸ ਨੂੰ ਉਪਰਾਮ ਤੇ ਵੈਰਾਗਵਾਨ ਕਰ ਦਿੱਤਾ ਹੈ, ਇਸ ਦਾ ਮੈਨੂੰ ਕੁਝ ਪਤਾ ਨਹੀਂ ਸੀ। ਮੈਂ ਕਲਪਨਾ ਸ਼ਕਤੀ ਤੋਂ ਕੰਮ ਲੈ ਕੇ ਕਹਾਣੀ ਲਿਖ ਮਾਰੀ। ਮੇਰੀ ਦੂਜੀ ਕਹਾਣੀ ਉਰਦੂ ਹੀ ਦੀ ਸੀ, 'ਵੈਰਾਨ ਮੰਦਰ'। ਉਸ ਵਿਚ ਕਲਪਨਾ ਸ਼ਕਤੀ ਤੇ ਮੰਦਰਾਂ ਦੇ ਅਦਭੁਤ ਹਵਾ ਮੰਡਲ ਤੇ ਪਿਆਰ ਤੋਂ ਕੰਮ ਲਇਆ ਗਇਆ ਸੀ। ਉਹ ਬਦਲੇ ਦੀ ਕਹਾਣੀ ਸੀ, ਕਿਵੇਂ ਇਕ ਕਤਲ ਕੀਤੀ ਗਈ ਜ਼ਨਾਨੀ, ਆਪਣੇ ਦੁਰਾਚਾਰੀ, ਬਿਭਚਾਰੀ ਕਾਤਲ ਤੋਂ ਬਦਲਾ ਲੈਣ ਲਈ ਪਰੇਤ ਬਣ ਕੇ ਕਿੰਨਾ ਚਿਰ ਮੰਦਰ ਦੇ ਅੰਦਰੇ ਨੂੰ ਓਸ ਪਾਪੀ ਲਈ ਭਿਆਨਕ ਬਣਾਈ ਰਖਦੀ ਹੈ।

Sri Satguru Jagjit Singh Ji Elibrary NamdhariElibrary@gmail.com

ਜਦੋਂ ਮੈਂ 25 ਵਰ੍ਹਿਆਂ ਦਾ ਹੋਇਆ ਤਾਂ ਮੈਂ ਕਾਹਨਪੁਰ ਵਿਚ ਰਹਿ ਕੇ ਹਿੰਦੀ ਵਿਚ ਕਈ ਕਹਾਣੀਆਂ ਲਿਖੀਆਂ। ਉਦੋਂ ਮੈਂ ਅਮਰਿਤ ਬਜ਼ਾਰ ਪਤਰਿਕਾ ਤੇ ਦੋ ਅੰਗਰੇਜ਼ੀ ਅਖ਼ਬਾਰ ਪੜ੍ਹਦਾ ਹੁੰਦਾ ਸੀ। ਉਸ ਤੋਂ ਪਹਿਲਾਂ ਮੈਂ ਰੰਗੂਨ ਦੀਆਂ ਕਚਹਿਰੀਆਂ ਵਿਚ ਦੋ ਭਾਸ਼ੀਆ ਰਹਿ ਚੁਕਾ ਸਾਂ। ਅਨੁਭਵ ਤੇ ਪੜ੍ਹਾਈ ਦੋਹਾਂ ਰਾਹੀਂ ਮੈਂ ਵੇਖਿਆ ਕਿ ਕਹਾਣੀਆਂ ਲਈ ਮਸਾਲਾ ਸੌਖਿਆਂ ਹੀ ਲੱਭ ਸਕੀਦਾ ਹੈ. ਕਚਹਿਰੀਆਂ ਵਿਚ ਚਲਦੇ ਮੁਕੱਦਮਿਆਂ ਤੋਂ। ਸਚੀਆਂ ਘਟਨਾਵਾਂ ਵਿਚ ਕਲਪਿਤ ਗਲਪ ਨਾਲੋਂ ਵੱਧ ਬਰਿਤਰਤਾ, ਗੋਂਦ, ਅਣਮਿਥਿਆਪਨ ਭਰੇ ਰਹਿੰਦੇ ਨੇ। ਮੈਂ ਮੁਕੱਦਮਿਆਂ ਦੀਆਂ ਅਖ਼ਬਾਰੀ ਰਪੋਟਾਂ ਦੀ ਬੁਨਿਆਦ ਉੱਤੇ ਆਪਣੀਆਂ ਦਰਜਨ ਦੇ ਕਰੀਬ ਕਹਾਣੀਆਂ ਰਚੀਆਂ, ਜਿਹਨਾਂ ਵਿਚੋਂ ਪੰਜ ਤਾਂ 'ਸਦਾ ਗੁਲਾਬ' ਨਾਂ ਹੇਠ ਉਦੋਂ ਹੀ ਹਿੰਦੀ ਵਿਚ ਛਪ ਗਈਆਂ। ਉਹ ਸਭ ਪਾਪ ਤੇ ਪਾਪੀਆਂ, ਪਾਪਣਾ ਦੀਆਂ ਕਹਾਣੀਆਂ ਸਨ ਹੇਠਲੀ ਤੇ ਵਿਚਲੀ ਸ਼ਰੇਣੀ ਦਿਆਂ ਦੁਰਾਚਾਰੀਆਂ ਦੀਆ। ਇਕ ਜ਼ਨਾਨੀ ਸੌਂਕਣ ਤੋਂ ਤੰਗ ਆ ਕੇ ਮਹੁਰਾ ਖਾ ਲੈਂਦੀ ਹੈ। ਬਚ ਜਾਂਦੀ ਹੈ ਪਰ ਆਪਣੇ ਪਤੀ ਨੂੰ ਫਸਾਣ ਦਾ ਜਤਨ ਕਰਦੀ ਹੈ। ਇਕ ਮਹੰਤ ਲੁਚਿਆਂ ਨਾਲ ਰਲ ਕੇ ਇਕ ਬੁੜ੍ਹੇ ਹਟਵਾਣੀਏ ਨੂੰ 400/- ਰੁਪਏ ਲੈ ਕੇ ਇਕ ਮੁੰਡਾ ਵਿਆਹ ਦੇਂਦਾ ਹੈ, ਮੁੰਡੇ ਨੂੰ ਕੁੜੀ ਦੇ ਕਪੜੇ ਪੁਆ ਕੇ ਤੇ ਘੁੰਡ ਕਢਵਾ ਕੇ। ਇਕ ਗਾਣ-ਕਲਾ ਦੀ ਪਰੇਮਣ ਪਰਸਣ ਕੁੜੀ ਇਕ ਗੁਜਰਾਤੀ ਮਾਸਟਰ ਨੂੰ ਉਧਾਲ ਕੇ ਲੈ ਜਾਂਦੀ ਹੈ। ਇਕ ਨਾਈ ਆਪਣੀ ਲੜਕੀ ਨੂੰ ਕਈ ਵਾਰੀ ਵਿਆਹ ਦੇਂਦਾ ਹੈ, ਰੁਪਏ ਦੇ ਲਾਲਚ ਵਿਚ।

ਇਸ ਤਰ੍ਹਾਂ ਦੀਆਂ ਕਹਾਣੀਆਂ ਲਿਖਣ ਮਗਰੋਂ ਮੈਨੂੰ ਖਿਆਲ ਆਇਆ ਕਿ ਨਾ ਤਾਂ ਕਥਾ ਵਜੋਂ ਇਹ ਕਹਾਣੀਆਂ ਜਨਤਾ ਲਈ ਲਾਭਦਾਈ ਤੇ ਚਰਿਤਰ-ਸਾਜ਼ਣਹਾਰੀਆਂ ਹਨ, ਨਾ ਹੀ ਢੰਗ ਵਜੋਂ, ਕਿਉਂ ਜੋ ਕਲਪਿਤ ਨਾਇਕ, ਨਾਇਕਾਵਾਂ ਦੀ ਚਰਿਤਰ-ਚਿਤਰਾਈ ਓਨੀ ਬਰੀਕ ਨਹੀਂ ਹੋ ਸਕਦੀ ਜਿੰਨੀ ਜਾਣੇ ਬੁਝੇ, ਸਚ ਮੁਚਲੇ ਪਾਤਰਾਂ ਦੀ। ਸੋ ਮੈਂ ਲਹੌਰ ਆ ਕੇ 30 ਤੇ 35 ਵਰ੍ਹਿਆਂ ਦੀ ਉਮਰ ਵਿਚ ਆਪਣੇ ਮਿਲਣ ਭਿਟਣ ਵਾਲੇ ਕੁਝ ਵਿਅਕਤੀਆਂ, ਮਰਦਾਂ ਤੀਵੀਆਂ, ਦੇ ਚਲਿੱਤਰ ਘਟਾ ਵਧਾ ਕੇ ਕਹਾਣੀ ਦੇ ਰੂਪ ਵਿਚ ਉਰਦੂ ਤੇ ਹਿੰਦੀ ਵਿਚ ਲਿਖੇ।

ਜਦੋਂ ਸੇਖੋਂ ਨੇ ਚੋਣਵੀਆਂ ਪੰਜਾਬੀ ਕਹਾਣੀਆਂ ਦਾ ਸੰਗ੍ਰਹਿ ਛਾਪਣਾ ਕੀਤਾ ਤਾਂ ਮੈਂ ਪੰਜਾਬੀ ਵਿਚ ਪਹਿਲੀ ਕਹਾਣੀ 'ਮੇਰੀ ਨਾਨੀ' ਲਿਖੀ। ਪਿਛੋਂ ਵਰਿਆਮ ਸਿੰਘ ਨੇ ਵੀ ਉਹ ਕਹਾਣੀ ਵਰਤੀ।

ਡਾ. ਮੋਹਨ ਸਿੰਘ ਦੀਵਾਨਾ ਨੇ ਜੋ ਕਹਾਣੀਆਂ ਪੱਤਰ-ਪੱਤਰਕਾਵਾਂ ਵਿਚ ਲਿਖਕੇ ਛਪਵਾਈਆਂ ਉਨ੍ਹਾਂ ਤੋਂ ਛੁੱਟ ਉਨ੍ਹਾਂ ਦੇ ਤਿੰਨ ਕਹਾਣੀ ਸੰਗ੍ਰਹਿ ਛਪੇ ਹੋਏ ਮਿਲਦੇ ਹਨ। ਇਹ ਸੰਗ੍ਰਹਿ ਹਨ—(1) ਦੇਵਿੰਦਰ ਬਤੀਸੀ (1950), ਰੰਗ ਤਮਾਸ਼ੇ (1951) ਅਤੇ ਪਰਾਂਦੀ (1955)। ਇਨ੍ਹਾਂ ਤਿੰਨੇ ਸੰਗ੍ਰਹਾਂ ਵਿਚ ਕ੍ਰਮਵਾਰ 32, 14, 11 ਕਹਾਣੀਆਂ ਦਰਜ ਹਨ ਤੇ ਕੁਲ ਮਿਲਾਕੇ 57 ਕਹਾਣੀਆਂ ਬਣਦੀਆਂ ਹਨ। 'ਦੇਵਿੰਦਰ ਬਤੀਸੀ' ਬਾਰੇ ਲਿਖਦੇ ਹੋਏ ਗੁਰਦਿਆਲ ਸਿੰਘ ਖੋਸਲਾ ਇਨ੍ਹਾਂ ਕਹਾਣੀਆਂ ਨੂੰ 'ਜ਼ਿੰਦਗੀ ਭਰ ਦਾ ਤਜਰਬਾ',

Sri Satguru Jagjit Singh Ji Elibrary NamdhariElibrary@gmail.com

'ਮਾਨਵੀ ਰਿਸ਼ਤਿਆਂ ਦੀਆਂ ਕਹਾਣੀਆਂ' ਅਤੇ 'ਪਾਤਰਾਂ ਦੀ ਡੂੰਘੀ ਮਾਨਵਤਾ ਦੀਆਂ ਕਹਾਣੀਆਂ' ਕਹਿੰਦੇ ਹਨ। ਆਪ ਦਾ ਕਥਨ ਹੈ :—

.ਡਾ. ਮੋਹਨ ਸਿੰਘ ਨੇ ਹੁਣ ਨਿੱਕੀ ਕਹਾਣੀ ਨੂੰ ਆਪਣਾ ਕਾਰਜ ਖੇਤਰ ਚੁਣਿਆ ਹੈ। 'ਦੇਵਿੰਦਰ ਬਤੀਸੀ' ਦੀਆਂ 32 ਕਹਾਣੀਆਂ ਵਿਚ, ਉਸਨੇ ਜ਼ਿੰਦਗੀ ਭਰ ਦਾ ਤਜ਼ਰਬਾ ਭਰਕੇ ਰਖ ਦਿੱਤਾ ਹੈ। ਜੀਵਨ ਦਾ ਕੋਈ ਹੀ ਪੱਖ ਹੋਵੇਗਾ ਜਿਸ ਨੂੰ ਇਨ੍ਹਾਂ ਕਹਾਣੀਆਂ ਵਿਚ ਛੁਹਿਆ ਨਹੀਂ ਗਿਆ। ਇਨ੍ਹਾਂ ਵਿਚੋਂ ਸਭ ਤੋਂ ਵਧ ਮਹੱਤਵਪੂਰਨ ਮਰਦ ਤੇ ਤੀਵੀਂ, ਮਾਤਾ-ਪਿਤਾ ਤੇ ਬੱਚਿਆਂ, ਦੋਸਤਾਂ ਤੇ ਅਜਨਬੀਆਂ ਵਿਚਲੇ ਮਨੁੱਖੀ ਰਿਸ਼ਤੇ ਹਨ। ਡਾ. ਸਿੰਘ ਦਾ ਮਾਨਵਵਾਦ ਏਨਾ ਡੂੰਘਾ ਹੈ ਕਿ ਉਸਦੇ ਅਜਨਬੀ ਆਪੋ ਵਿਚ ਮਿਲਣ ਤੇ ਇਕ ਦੂਜੇ ਨਾਲ ਹਮਦਰਦਾਨਾ ਸਲੂਕ ਕਰਦੇ ਹੋਣ ਅਤੇ ਆਪਣੀ ਅਜਨਬੀਅਤ ਭੁਲਾ ਕੇ ਇੰਞ ਵਿਹਾਰ ਕਰਦੇ ਹਨ ਜਿਵੇਂ ਉਹ ਸਦੀਵੀਂ ਦੋਸਤ ਹੋਣ। ਸੜਕ ਕਿਨਾਰੇ ਬਣੀ ਪਟੜੀ ਤੇ ਮੂਲੀਆਂ ਵੇਚ ਕੇ ਅਪਣਾ ਗੁਜ਼ਾਰਾ ਕਰਨ ਵਾਲਾ, ਰਿਕਸ਼ਾ ਵਾਹੁਣ ਵਾਲਾ ਸ਼ਰਨਾਰਥੀ, ਅਤੇ ਪੜ੍ਹਿਆ ਲਿਖਿਆ ਬੱਗੀ ਦਾੜ੍ਹੀ ਵਾਲਾ ਵਿਦਵਾਨ ਸਭ ਇਕ ਸਮਾਨ ਹਨ। ਡਾ. ਸਿੰਘ ਦੇ ਪਾਤਰਾਂ ਦੀ ਡੂੰਘੀ ਮਾਨਵਤਾ ਨੂੰ ਉਜਾਗਰ ਕਰਨ ਲਈ ਕਿਸੇ ਖਾਸ ਵਾਤਾਵਰਨ ਦੀ ਲੋੜ ਨਹੀਂ। ਅਸੀਂ ਅਕਸਰ ਦਾਰੂ ਪੀਕੇ ਆਪਣਾ ਦਿਲ ਖੋਲ੍ਹ ਦਿੰਦੇ ਹਾਂ, ਜਾਂ ਜਦ ਅਸੀਂ ਕਿਸੇ ਮਹਾਨ ਸ਼ਖਸੀਅਤ ਦੇ ਸਿੱਧੇ ਅਸਰ ਥੱਲੇ ਆਉਂਦੇ ਹਾਂ ਤਾਂ ਦਿਲ ਦੀਆਂ ਡੂੰਘਾਣਾਂ ਵਿਚ ਲੱਥ ਚੁਕੇ ਵਿਚਾਰ ਬਾਹਰ ਕੱਢ ਮਾਰਦੇ ਹਾਂ, ਪਰ ਡਾ. ਸਿੰਘ ਦੀਆਂ ਕਹਾਣੀਆਂ ਵਿਚ ਮਰਦ ਤੇ ਔਰਤਾਂ ਭਾਸ਼ਾ, ਹਿਲਾ ਦੇਣ ਵਾਲੇ ਸ਼ਬਦਾਂ, ਜਾਂ ਵਿਸ਼ਵਾਸ ਪੈਦਾ ਕਰ ਦੇਣ ਵਾਲੇ ਵਿਵਹਾਰ ਦੀ ਜਾਦੂ-ਛੁਹ ਨਾਲ ਹੀ ਇੰਞ ਕਰਦੇ ਹਨ। ਇਨ੍ਹਾਂ ਕਹਾਣੀਆਂ ਵਿਚ, ਅਸੀਂ ਇਹ ਪਰਿਵਰਤਨ ਸੜਕ ਕੰਢੇ, ਹੱਟੀ ਤੇ, ਹੋਟਲ ਜਾਂ ਦੁਛੱਤੇ ਤੇ ਵਾਪਰਦਾ ਦੇਖਦੇ ਹਾਂ। ਸੰਖੇਪ ਵਿਚ, ਇਹ ਵਿਧੀ ਸਭ ਥਾਈਂ ਸਫਲ ਹੁੰਦੀ ਹੈ।"

'ਦੇਵਿੰਦਰ ਬਤੀਸੀ' ਦੀਆਂ 32 ਕਹਾਣੀਆਂ ਭਿੰਨ ਭਿੰਨ ਵਿਸ਼ਿਆਂ ਬਾਰੇ ਲਿਖੀਆਂ ਗਈਆਂ ਹਨ। ਇਨ੍ਹਾਂ ਵਿਚ ਬਹੁਤ ਸਾਰੀਆਂ ਕਹਾਣੀਆਂ ਲੇਖਕ ਦੇ ਨਿਜੀ ਜੀਵਨ ਨਾਲ ਸੰਬੰਧ ਰੱਖਦੀਆਂ ਹਨ ਜਿਵੇਂ ਕਿ ਪਾਪਾ ਤੇ ਪਾਗਲ ਹੈ, ਰਾਸ਼ਕ ਬੁੱਧੀ, ਜਹਾਜ਼, ਇਕ ਟਾਂਡਾ, ਸਿਰਾਦ। ਇਨ੍ਹਾਂ ਕਹਾਣੀਆਂ ਵਿਚ, ਹੇਠਲੀ ਤਹਿ ਤਕ ਦੇਖਿਆਂ ਲੇਖਕ ਦੇ ਘਰੋਗੀ ਜੀਵਨ, ਲੇਖਕ ਦੀ ਪਤਨੀ, ਜਿਤਿੰਦਰ ਤੇ ਨਰਿੰਦਰ ਦੋਵੇਂ ਬੱਚਿਆਂ, ਪਿਤਾ ਸ਼ੇਰ ਸਿੰਘ ਅਤੇ ਉਸਦੀ ਜੰਮਣ ਭੋਂ ਤੇ ਕਰਮ-ਖੇਤਰ-ਪੁਨੁਹਾਰ ਦੀ ਸਾਫ਼ ਤੇ ਲਿਸ਼ਕਦੀ ਨੁਹਾਰ ਸਾਡੇ ਸਾਮ੍ਹਣੇ ਆ ਜਾਂਦੀ ਹੈ। 'ਪਾਪਾ ਤੇ ਪਾਗਲ ਹੈ,' 1947 ਵੇਲੇ ਬਲੀਆ (ਉੱਤਰ ਪ੍ਰਦੇਸ਼) ਵਿਚ ਲੇਖਕ ਦੀ ਕਾਲਜ ਪ੍ਰਿੰਸੀਪਲ ਦੇ ਤੌਰ ਤੇ ਕੀਤੀ ਨੌਕਰੀ ਵੇਲੇ ਦੀ ਕਹਾਣੀ ਹੈ। ਸੰਨ ਸੰਤਾਲੀ ਵਿਚ ਆਪਣਾ ਸਭ ਕੁਝ ਲਾਹੌਰ ਵਿਚ ਖੋ-ਖੁਹਾ ਕੇ ਲੇਖਕ ਇਥੇ ਆਉਂਦਾ ਹੈ ਤਾਂ ਉਸਨੂੰ ਇਕ ਠਾਹਰ ਤਾਂ ਮਿਲਦੀ ਹੈ, ਪਰ ਜੀਵਨ ਦਾ ਚੈਨ ਨਹੀਂ ਮਿਲਦਾ, ਕਿਉਂਕਿ ਉਸਦੇ ਘਰ ਦੀ ਆਰਥਿਕ ਹਾਲਤ ਮੰਦਵਾੜੇ ਦੀ ਦੁਨੀਆਂ ਹੈ। ਲੇਖਕ ਸਿਰ ਤੋੜ ਮਿਹਨਤ ਕਰਕੇ ਟੱਬਰ ਦਾ ਢਿੱਡ ਭਰਦੇ ਪਰ ਬੱਚੇ ਹਨ ਕਿ ਆਪਣੀ ਇਕ ਜਾਂ ਦੂਜੀ ਮੰਗ ਕਰਕੇ ਉਸਦਾ

ਕਾਫੀਆ ਤੰਗ ਕੀਤੀ ਰਖਦੇ ਹਨ। ਉਸਦੀ ਬੀਵੀ ਬੁਤ ਮਹਿਸੂਸਦੀ ਹੈ ਤਾਂ ਕੇਵਲ ਬਿਮਲਾ (ਨਰਿੰਦਰ) ਦੇ ਮੰਦਰ ਦੀ, ਹੋਰ ਸਭ ਕੁਝ ਹੈ। ਇਥੇ ਲੇਖਕ ਆਰਥਿਕ ਬੁਤ ਵਿਚੋਂ ਇਕ ਸਾਂਝੀ ਕੌਮੀਅਤ ਤੇ ਸੰਯੁਕਤ ਸਭਿਆਚਾਰਕ-ਧਾਰਮਿਕ ਵਿਰਸੇ ਦੀ ਗੱਲ ਬਖੂਬੀ ਉਘਾੜਦਾ ਹੈ। ਬਿਮਲਾ ਦੇ ਮੰਦਰ ਵਿਚ ਤਸਵੀਰਾਂ ਗੁਰੂ ਮਹਾਰਾਜ ਦੀਆਂ ਸਨ। "ਇਹ ਨੌਂਵਾਂ ਵਰਹਿਆਂ ਦੀ ਭਗਤਣ, ਗੁਰੂ ਨਾਨਕ ਦੇਵ ਦੀ ਸਿਖਣੀ ਤੇ ਕ੍ਰਿਸ਼ਣ ਜੀ ਦੀ ਪੁਜਾਰਿਨ, ਤਸਵੀਰਾਂ ਦੀ ਪੁਜਾਰਿਨ।" ਪਰ ਅਰਥ-ਬੁਤ ਹੈ ਕਿ ਸਾਰੀਆਂ ਸੱਚਾਂ ਨੂੰ ਮੱਠਾ ਕਰ ਡਾ. ਦੀਵਾਨਾ ਬੁਲਦਾ ਹੈ—'ਜੇ ਇਥੇ ਰਹੇ ਤਾਂ ਭੁੱਦੀਏ ਬਣ ਜਾਂਗੇ. ਬਿਮਲਾ ਕਾਲੀ ਹੋ ਜੂ ਤੇ ਜੀਤਾ ਚਾਵਲ ਟੁੱਟ ਵੱਟ ਕੇ ਖਾਇਆ ਕਰੇਗਾ।' ਇਸ ਕਥਨ ਰਾਹੀਂ ਲੇਖਕ ਦਾ ਪੰਜਾਬੀ ਦਾ ਵਿਰਾਗ ਟੁੱਟ ਕੇ ਪੈ ਰਿਹਾ ਹੈ। ਲੇਖਕ ਸਾਰੀ ਰਾਤ ਸੌਂ ਨ ਸਕਿਆ ਤੇ ਇਕ ਸ਼ਿਅਰ ਗੁਣਗੁਣਾਉਂਦਾ ਰਿਹਾ—"ਆਸ਼ੀਆਂ ਕੇ ਖਾਤੇ ਖ਼ਸ ਕਾ ਗਮ ਨਹੀਂ, ਆਸ਼ੀਆਂ ਅਪਨਾ ਥਾ ਇਤਨੀ ਬਾਤ ਹੈ। ਉਹ ਬੀਵੀ ਤੋਂ ਕਾਗਜ਼ ਪੈਂਸਲ ਤੇ ਦੀਵਾਨ ਗ਼ਾਲਿਬ ਮੰਗਦਾ ਹੈ ਤਾਂ ਬੇਟੀ ਕਹਿੰਦੀ ਹੈ—ਬੀਬੀ ਪਾਪਾ ਤੇ ਸਚਮੁੱਚ ਪਾਗਲ ਹੈ।" ਪਰ ਬੇਟੀ ਦੇ ਮਨ ਵਿਚ ਮੰਦਰ ਦੀ ਗੱਲ ਘਰ ਕਰੀ ਬੈਠੀ ਹੈ ਤੇ ਉਹ ਖੁਸ਼ ਹੈ— "ਮਥਰਾ ਜਾਂਗੇ, ਪਟਨਾ ਸਾਹਿਬ ਜਾਂਗੇ, ਪੀੜ੍ਹੀ, ਤਸਵੀਰਾਂ, ਘੰਟੀ, ਕਾਨੇ, ਰੇਸ਼ਮ ਸਭ ਲੈ ਆਵਾਂਗੇ।' ਬੇਟੀ ਖੋਏ ਮੰਦਰ ਲਈ ਝੁਰਦੀ ਹੈ ਤਾਂ ਪਾਪਾ ਕਿਤਾਬਾਂ ਲਈ ਕਿ ਅਚਾਨਕ ਬੱਚੀ ਕਹਿ ਉੱਠਦੀ ਹੈ— "ਮੈਂ ਮੰਦਰ ਕੀ ਕਰਨੇ ਨੇ, ਪਾਪਾ, ਤੂੰ ਵੀ ਹੋਰ ਕਿਤਾਬਾਂ ਲਿਖ ਲਵੀਂ, ਜੀਤਾ ਨੌਕਰ ਹੋ ਜਾਵੇਗਾ ਪੜ੍ਹਕੇ।" ਤੇ ਇੰਵ ਤਿਫਲ ਤਸੱਲੀਆਂ ਦਿੰਦਾ ਤੇ ਲੈਂਦਾ ਲੇਖਕ ਸੰਨ ਸੰਤਾਲੀ ਦੇ ਰਾਸ਼ਟਰੀ ਦੁਖਾਂਤ ਤੋਂ ਪਰਦਾ ਚੁੱਕਦਾ ਤੇ ਸਿੱਟਾ ਕੱਢਦਾ ਹੈ— "ਵੇਖਿਆ ਜੇ, ਜੀਵਨ ਨਾਂ ਹੈ ਪਾਗਲਪਨ ਤੇ ਸਿਆਣਪ ਤੇ ਸਤੰਨੇ ਦਾ।"

'ਰਾਸ਼ਕ ਬੁੱਧੀ' ਕਹਾਣੀ ਵਿਚ ਇਕ ਰਿਕਸ਼ਾ-ਚਾਲਕ ਦੇ ਜੀਵਨ ਰਾਹੀਂ ਲੇਖਕ ਦਰਅਸਲ ਆਪਣੀ ਹੀ ਜੀਵਨੀ ਲਿਖ ਰਿਹਾ ਹੈ। ਲਖਕ ਡਾ. ਦੀਵਾਨਾ ਮੂਲਕ ਤੌਰ ਤੇ ਇਕ ਭਾਸ਼ਾ ਵਿਗਿਆਨੀ ਹੈ, ਜੋ ਇਸ ਕਹਾਣੀ ਵਿਚ ਸਪਸ਼ਟ ਪ੍ਰਗਟ ਹੈ। ਉਹ ਟਿੱਪਣੀ ਕਰਦਾ ਹੈ— "ਪੰਜਾਬੀਆਂ ਗੁੱਜਰਾਂ, ਅਹੀਰਾਂ, ਗੱਖੜਾਂ, ਜੱਟਾਂ ਨੂੰ ਭੂਤ ਤੇ ਪਿਸ਼ਾਚ ਕਿਉਂ ਤੇ ਪੰਜਾਬੀ ਭਾਸ਼ਾ ਨੂੰ ਪੈਸ਼ਾਚੀ ਤੇ ਭੂਤ ਕਿਉਂ ਕਿਹਾ ਜਾਂਦੇ।" ਰਿਕਸ਼ਾ ਚਾਲਕ ਹੋਰ ਕੋਈ ਨਹੀਂ ਸਗੋਂ ਮੋਹਨ ਸਿੰਘ ਖ਼ੁਦ ਹੀ ਹੈ। ਉਸਦਾ ਬਹੁਤ ਵਧੀਆ ਨਕਸ਼ਾ ਬੰਨ੍ਹਿਆ ਹੈ। ਉਹ ਵਿਚਾਰਾ ਪਹਿਲਾਂ ਬਰਮਾ ਤੋਂ ਜਾਪਾਨੀਆਂ ਦੀ ਮਾਰ ਦਾ ਮਾਰਿਆ ਪੈਦਲ ਚਲਕੇ ਤਿੰਨੀ ਮਹੀਨੀਂ ਪੁੱਜਾ, ਫੇਰ ਪੱਛਮੀ ਪੰਜਾਬ ਵਿਚ ਚਲਾ ਗਿਆ, ਪਾਕਿਸਤਾਨ ਬਣਨ ਤੇ ਫੇਰ ਉਜਾੜਾ ਇਕ ਵਰ੍ਹੇ ਮਗਰੋਂ। ਇਥੇ ਲੇਖਕ ਅਪਣੇ ਪਿਤਾ ਮੁਨਸ਼ੀ ਸ਼ੇਰ ਸਿੰਘ ਦੀ ਮਿਹਨਤ ਤੇ ਆਤਮ-ਨਿਰਭਰਤਾ ਬਾਰੇ ਵੀ ਵਿਸਤਾਰ ਸਹਿਤ ਗੱਲ ਕਰਦਾ ਹੈ। ਰਿਕਸ਼ਾ ਚਾਲਕ ਦੇ ਬਰਮੀਆਂ ਦੇ ਪ੍ਰਸੰਗ ਵਿਚ ਉਚਾਰੇ ਬੋਲ ਬਹੁਤ ਸਾਰਥਕ ਹਨ—"ਆਪਣੇ ਪੰਜਾਬੀਆਂ ਦੀ ਰਾਸ਼ਕ ਬੁੱਧੀ ਹੈ, ਇਹ ਕਿਉਂ ਰਾਸ਼ਕ ਬੁੱਧੀ ਵਾਲਾ ਨਹੀਂ—ਖਬਰੇ ਬਰਮਾ ਜਾਣ ਕਰਕੇ ਖ਼ਬਰੇ ਇਸ ਲਈ ਕਿ ਨਰੈਣ ਸਿੰਘ (ਕਿ ਮੋਹਨ ਸਿੰਘ) ਹੈ।"

'ਜਹਾਜ਼' ਇਕ ਹੋਰ ਸ੍ਵੈ-ਜੀਵਨੀ ਨੁਮਾ ਕਹਾਣੀ ਹੈ ਜਿਸ ਵਿਚ ਜੀਵਨ ਨੂੰ ਕਿਸਮਤ

Sri Satguru Jagjit Singh Ji Elibrary NamdhariElibrary@gmail.com

ਦਾ ਕਾਗਜ਼ ਕਿਹਾ ਗਿਆ ਹੈ। ਜਲੰਧਰ ਦੇ ਅਖਬਾਰ ਦੀ ਨੌਕਰੀ, ਪੁਸਤਕ-ਰੀਵੀਊ ਦਾ ਕਿੱਸਾ, ਸਕੂਲ ਮਾਸਟਰੀ, ਭਰਤੀ ਹੋਕੇ ਬਸਰੇ ਜਾਣ ਤੇ ਇਕ ਪੁਰਾਣੇ ਲੇਖ ਬਦਲੇ ਨੌਕਰੀ ਤੋਂ ਕੱਢੇ ਜਾਣ ਦੀ ਗੱਲ ਹੈ। ਲੇਖਕ ਦੱਸਦਾ ਹੈ—"ਕਿਸਮਤ ਜਹਾਜ਼ ਬਣਕੇ ਸਾਨੂੰ ਸਮੁੰਦਰ ਪਾਰ ਲੈ ਗਈ ਤੇ ਜਲਦੀ ਹੀ, ਜਿਵੇਂ ਲਾਲ ਕਿਤਾਬ ਨੇ ਦੱਸਿਆ ਸੀ—ਵਾਪਸ ਲੈ ਆਇਆ ਸਾਨੂੰ ਕਿਸਮਤ ਦਾ ਜਹਾਜ਼ ਛੇਆਂ ਸੱਤਾਂ ਮਹੀਨਿਆਂ ਦੇ ਅੰਦਰ ਅੰਦਰ। ਸਰਕਾਰੀ ਖਰਚ ਤੇ ਪਰਦੇਸ ਗਮਨ—ਬਿਸਮ ਇਸ ਗੱਲ ਦਾ ਹੈ ਕਿ ਕਿਸ ਤਰ੍ਹਾਂ ਕਿਸਮਤ, ਹੋਣੀ, ਭਾਵੀ ਡੰਡਾ ਲੈ ਕੇ ਸਾਡੇ ਪਿਛੇ ਲੱਗੀ ਰਹਿੰਦੀ ਹੈ।" ਲੇਖਕ ਦਾ ਆਪਣਾ ਜੀਵਨ ਸਾਰੀ ਉਮਰ ਇਕ ਸੰਤਾਪ ਭੋਗਦਾ ਰਿਹਾ ਹੈ, ਇਹੋ ਕਾਰਨ ਹੈ ਕਿ ਉਹ ਵਾਰ ਵਾਰ ਆਪਣੀ ਜੀਵਨ-ਕਹਾਣੀ ਨੂੰ ਦੁਹਰਾਉਂਦਾ ਹੈ।

'ਇਕ ਟਾਂਡਾ' ਵਿਚ ਵੀ ਪਿਤਾ ਦੇ ਪ੍ਰਸੰਗ ਵਿਚ, ਬਚਪਨ ਵਿਚ ਸ਼ਰਾਰਤ ਤੇ ਗੁੱਸੇ ਵਿਚ ਆ ਕੇ ਲੇਖਕ ਵਲੋਂ ਘਰ ਨੂੰ ਅੱਗ ਲਾਉਣ ਦੀ ਰੋਚਕ ਘਟਨਾ ਦਰਜ ਹੈ। ਮੋਹਨ ਸਿੰਘ ਦੇ ਬਾਲ ਮਨ ਨੇ ਚਾਚਾ ਦੀ ਡਾਂਟ ਨ ਸਹੀ ਤੇ ਘਰ ਆ ਕੇ ਅੱਗ ਲਾ ਦਿੱਤੀ। ਇਨ੍ਹਾਂ ਬੋਲਾਂ ਵਿਚੋਂ ਬਾਲ ਮਨ ਦੀ ਸਾਦਗੀ ਤੇ ਮੋਹਨ ਸਿੰਘ ਦੀਵਾਨਾ ਦੀ ਭਵਿੱਖਤ ਸ਼ਖ਼ਸੀਅਤ ਝਲਕ ਰਹੀ ਹੈ—"ਨਹੀਂ ਨਾਨੀ, ਮੈਂ ਤੇ ਐਵੇਂ ਇਕੋ ਟਾਂਡਾ, ਸੁੱਟਿਆ ਇਹਾ, ਤੇਹੜੀ ਅੱਗ ਹਿਸੀ ਹੋਈ ਆਹੀ ਤੇ ਮੈਂ ਟਾਂਡਾ ਕੋਠੀ ਚੋਂ ਕੱਢ ਕੇ ਲਾਇਆ।" ਉਦੋਂ ਤਾਂ ਟੱਬਰ ਨੇ ਖਿੜ ਪਾ ਲਈ—"ਹਲਾ, ਤੂੰ ਹਿੱਕਾ ਟਾਂਡਾ ਬਾਲ ਕੇ ਲਾਇਆ ਹੈ।

'ਸਿਰਾਂਦ' ਵਿਚ ਪਿਤਾ ਦੀ ਅੰਤਿਮ ਦਿਨਾਂ ਦੀ ਦਿਨ-ਚਰਯਾ ਤੇ ਆਪ ਬੀਤੀ ਹੈ। ਉਹ ਹਿੰਦੂ-ਸਿੱਖ ਤੇ ਮੁਸਲਿਮ ਏਕਤਾ ਦੇ ਮੂਰਤ ਸਨ, ਮਿਹਨਤੀ ਸਨ, ਸੇਵਾ, ਸਿਮਰਨ ਤੇ ਤਿਆਗ ਦੀ ਮੂਰਤ, ਆਪਣੇ ਖ਼ੂਨ ਦੀ ਰੱਖਿਆ ਕਰਨ ਵਾਲੇ, ਪਰ ਮਾਨਵਤਾਵਾਦ ਉਨ੍ਹਾਂ ਦਾ ਅਸਲ ਧਰਮ ਸੀ। ਇਹ ਕਹਾਣੀ ਅੰਨ-ਪੁਰਸ਼ ਵਿਚ ਲਿਖੀ ਕਹਾਣੀ ਹੈ, ਅੰਤ ਵਿਚ ਜਾ ਕੇ ਲੇਖਕ ਇਸ ਨੂੰ ਸ੍ਵੈ-ਜੀਵਨੀ ਨਾਲ ਜੋੜਦਾ ਲਿਖਦਾ ਹੈ—"ਮੁਣਸ਼ੀ ਸ਼ੇਰ ਸਿੰਘ ਜੀ ਮੇਰੇ ਪਿਤਾ ਸਨ।"

ਉਪਰੋਕਤ ਕੁਝ ਸਵੈ-ਜੀਵਨੀ ਪਰਕ ਕਹਾਣੀਆਂ ਤੋਂ ਛੁੱਟ ਲੇਖਕ ਦੀਆਂ ਉਹ ਕਹਾਣੀਆਂ ਵਧੇਰੇ ਸਫ਼ਲ ਹਨ ਜਿਨ੍ਹਾਂ ਨੂੰ ਅਸੀਂ 'ਚਰਿਤ੍ਰ-ਪ੍ਰਧਾਨ ਕਹਾਣੀਆਂ' ਕਹਿਣਾ ਚਾਹਾਂਗੇ। ਇਹ ਕਹਾਣੀਆਂ ਹਨ—ਸੁਖਾ ਪੀਪਾ, ਪੈਸਾ ਇਕ ਮਸਾਲੇ ਸੱਤ, ਜਗਦੰਬਾ ਹੋਟਲ, ਦੁੱਧਲ ਗਾਂ, ਤਾਰਾ ਸਿੰਹੁ, ਘਸੀਟੀ ਬੇਗਮ, ਅਤੇ ਕਿੱਲੇ ਬੱਧੀ। ਸ਼ਿਲਪ ਵਿਧਾਨ ਪੱਖੋਂ ਇਹ ਕਹਾਣੀਆਂ ਜੀਵਨ-ਪਰਕ ਹਨ ਪਰ ਇਨ੍ਹਾਂ ਦੇ ਵਿਸ਼ੇ ਵਿਵਿਧ ਹਨ। 'ਸੁੱਖਾ ਪੀਪਾ' ਇਕ ਅਜਿਹੇ ਇਨਸਾਨ ਦੀ ਕਹਾਣੀ ਹੈ ਜੋ ਸ਼ਰਾਬੀ ਹੈ, ਪਰ ਨੇਮ ਧਰਮ ਵਾਲਾ ਤੇ ਨਿਆਂਕਾਰੀ ਹੈ। ਸੁਖਾ ਸੌਂਹ ਪੀਪਾ ਪੀ ਕੇ ਰੱਬ ਨਾਲ ਗੱਲਾਂ ਕਰਦਾ ਸੀ ਤੇ ਗ਼ਮ ਗੁੱਸਾ ਅੰਦਰ ਦੱਬੀ ਜਾਂਦਾ ਸੀ। 'ਪੈਸਾ ਇਕ, ਮਸਾਲੇ ਸੱਤ' ਵਿਚ ਇਕ ਪੁਠੋਹਾਰੀ ਰਵੂਜੀ ਮੂਲੀਆਂ ਵੇਚ ਰਿਹਾ ਹੈ, ਇਕ ਪੈਸੇ ਦੀਆਂ ਸੱਤ, ਲੇਖਕ ਉਸ ਨਾਲ ਗੱਲੀਂ ਲੱਗ ਜਾਂਦੇ, ਗਾਂ ਆਉਂਦੀ ਹੈ ਤੇ 4 ਮੂਲੀਆਂ ਖਾ ਜਾਂਦੀ ਹੈ ਤੇ 3 ਮਿੱਟੀ ਵਿਚ ਸੁੱਟ ਜਾਂਦੀ ਹੈ। ਲੇਖਕ

Sri Satguru Jagjit Singh Ji Elibrary NamdhariElibrary@gmail.com

ਟਿੱਪਣੀ ਕਰਦਾ ਹੈ—ਗਰੀਬਾਂ ਦੀ ਕਿਸਮਤ ਮਾੜੀ ਹੈ, ਰੱਬ ਤੇ ਵਿਸ਼ਵਾਸ ਕਿਵੇਂ ਰਹੇ—ਭੁਖ, ਨੰਗੇਜ ਤੇ ਬੇਛੱਤਾਂ ਹੀ ਪੱਲੇ ਪੈਂਦੀ ਹੈ। ਕਹਾਣੀ ਚੰਗੀ ਹੈ, ਅੰਤ ਵੀ ਵਧੀਆ ਹੈ ਤੇ ਮੁੱਢ ਵੀ, ਵਾਰਤਾਲਾਪ ਚਟਪਟੀ ਤੇ ਸੁਝਾਊ ਹੈ, ਟੀਕਾ ਟਿੱਪਣੀ ਜਾਪਦੀ ਹੈ, ਪਰ ਇਹ ਵੀ ਕਹਾਣੀ ਨੂੰ ਅੱਗੇ ਹੀ ਤੋਰਦੀ ਹੈ ਤੇ ਇਸਨੂੰ ਇਕ ਵਧੀਆ ਚਰਿਤਰ ਪ੍ਰਧਾਨ ਕਹਾਣੀ ਸਿੱਧ ਕਰਦੀ ਹੈ।

'ਜਗਦੰਬਾ ਹੋਟਲ' ਇਕ ਹੋਰ ਵਧੀਆ ਚਰਿਤ੍ਰਪ੍ਰਧਾਨ ਵਿਅੰਗ-ਕਥਾ ਹੈ। ਇਸ ਵਿਚ ਬਹੁਤ ਸੁੰਦਰ ਵਿਅੰਗ ਹੈ ਸਾਡੇ ਅਖੌਤੀ ਸਮਾਜ ਉੱਤੇ, ਧਰਮ ਉੱਤੇ, ਲੋਕ-ਵਹਿਮਾਂ ਤੇ ਵਿਭਚਾਰਕ ਜੀਵਨ ਉੱਤੇ, ਹਿੰਦੂ ਕੌਮ ਉੱਤੇ। ਕਾਲੀ ਚਰਨ ਭਟਨਾਗਰ ਨੇ ਮਾਤਾ ਦੇ ਨਾਂ ਤੇ ਹੋਟਲ ਦਾ ਨਾਂ 'ਜਗਦੰਬਾ' ਰਖਿਐ ਤੇ ਖ਼ੁਦ ਨੂੰ ਕਾਲੀ ਦੇ ਚਰਨਾਂ ਦਾ ਦਾਸ ਕਹਿੰਦਾ ਹੈ ਪਰ ਉਸਦਾ ਹੋਟਲ ਵਿਭਚਾਰ ਦਾ ਅੱਡਾ ਹੈ। ਲੇਖਕ ਦੀਆਂ ਟਿੱਪਣੀਆਂ ਕਹਾਣੀ ਦੇ ਸੰਦਰਭ ਨੂੰ ਤਿਖੀਆਂ ਕਰਨ ਵਾਲੀਆਂ ਹਨ ਜਿਵੇਂ, ਇਹ ਹੋਟਲ ਵਿਭਚਾਰ ਦੀਆਂ ਫੈਕਟਰੀਆਂ ਹਨ, ਜਗਤ-ਜੀਵਨ ਇਕ ਸਿੱਧੀ ਲੀਕ ਨਹੀਂ, ਇਹ ਗੱਲ ਦੋਰਾ ਹੈ, 'ਹਿੰਦੂ ਕੌਮ ਤਾਂ ਪਹਾੜਾਂ ਦਾ ਤੇ ਬੱਹੜਾ ਦਾ ਸਿਥਿਲ ਜੀਊਣ ਜੀਊਂਦੀ ਹੈ, ਘੁਲਾਟਾਂ ਦਾ, ਤੂਫਾਨਾਂ ਦਾ, ਬਿਜਲੀ ਦਾ, ਬਾਜ਼ ਦਾ ਜੀਊਣ ਨਹੀਂ ਜੀਊਂਦੀ' 'ਸਾਰੀਆਂ ਔਰਤਾਂ ਜਗਦੰਬਾ ਹਨ, ਵਿਭਚਾਰ ਵੇਲੇ ਇਹ ਸੋਚ ਲਉ ਕਿ ਇਹ ਕਿਸੇ ਦੀ ਮਾਂ ਹੈ ਜਾਂ ਕਿਸੇ ਦੀ ਮਾਂ ਬਣੇਗੀ, ਭੂਤ ਲਹਿ ਜਾਵੇਗਾ, ''ਪ੍ਰੋਫਸਰ ਲੋਕ ਬੇਵਕੂਫ ਨਹੀਂ, ਦੀਵਾਨੇ ਜ਼ਰੂਰ ਹੁੰਦੇ ਨੇ।'' ਆਦਿ।

'ਦੁੱਧਲ ਗਾਂ' ਦੀ ਹਰਚਰਨ ਕੌਰ ਨਿਰੀ ਦੁੱਧਲ ਗਾਂ ਸੀ ਜਿਸਦਾ ਜੀਵਨ-ਨਾਅਰਾ ਸੀ—''ਕਮਾਊਣ ਵਾਲਾ ਜੀਵ'' ਤੇ ਖਾਊਣ ਵਾਲੇ, ਮੈਂ ਤੇ ਖਾਲੀ ਭੰਡਾਰਨ ਹਾਂ।'' ਉਹ ਪਤੀ ਦੀ ਪੂਰੀ ਤਾਬਿਆਦਾਰ, ਬੱਚਿਆਂ ਦੀ ਦੇਖਭਾਲ ਕਰਨ ਵਾਲੀ ਤੇ ਸਹੁਰੇ ਦੀ ਸੇਵਾ ਕਰਕੇ ਅਸੀਸਾਂ ਲੈਣ ਵਾਲੀ ਔਰਤ ਸੀ। 'ਤਾਰਾ ਸਿਹੁੰ' ਇਕ ਉਦਾਰਤਾ ਵਾਲਾ ਸੱਚਾ ਹਿੰਦੁਸਤਾਨੀ ਹੈ, 'ਸਾਰਾ ਰਾਸ਼ਟਰ ਹੀ ਮੇਰਾ' ਦਾ ਮੰਨਣ ਵਾਲਾ ਹੈ, ਉਸਨੂੰ ਪਿੰਜਰੇ ਦਰ ਪਿੰਜਰਾ' ਜੀਵਨ ਪਸੰਦ ਨਹੀਂ—ਪਹਿਲਾ ਪਿੰਜਰਾ ਮਜ਼ਹਬ ਦਾ, ਦੂਜਾ ਰਾਜਨੀਤੀ ਦਾ, ਤੀਜਾ ਆਰਥਿਕਤਾ ਦਾ, ਨਿਰਰਥਕਤਾ ਦਾ।'' ਉਸ ਜੱਟ-ਬਾਣੀਏ ਦਾ ਸਿੱਧਾਂਤ-ਵਾਕ ਸੀ—ਜ਼ਿੰਦਗੀ ਨੂੰ ਕਿਸੇ ਗਲ ਟੱਲੀ ਬਣਾ ਕੇ ਨਹੀਂ ਬਨ੍ਹਣਾ, ਕਿਸੇ ਦੇ ਹੱਥ ਵਿਕਣਾ ਨਹੀਂ, ਭਾਵੇਂ ਹੋਵੇ ਜਵਾਨੀ ਭਾਵੇਂ ਹੋਵੇ ਬੁਢਾਪਾ, ਭਾਵੇਂ ਹੋਣਿ ਭੌਣਿ ਭਾਵੇਂ ਹੋਵੇ ਤੀਮੀ'।

'ਘਸੀਟੀ ਬੇਗਮ' ਦੇ ਸੰਦਰਭ ਵਿਚ ਲੇਖਕ ਨੇ ਬੰਗਾਲ ਦੀ ਖਾਨਾ ਜੰਗੀ ਅਤੇ 'ਪਲਾਸੀ ਦੇ ਯੁੱਧ ਦੀ ਕਥਾ' ਦੀ ਸੁੰਦਰ ਕਥਾ ਪਾਈ ਹੈ। 'ਕਿੱਲੇ ਬੱਧੀ' ਇਕ ਹੋਰ ਚਰਿਤ੍ਰ ਪ੍ਰਧਾਨ ਕਹਾਣੀ ਹੈ। ਮਾਸਟਰ ਜੀ ਦੇ ਚਰਿਤ੍ਰ ਰਾਹੀਂ ਬੁਢਾਪੇ ਦੀ ਸਮੱਸਿਆ ਲਿਆਂਦੀ ਗਈ ਹੈ।

ਲੇਖਕ ਦੀਆਂ ਕਹਾਣੀਆਂ ਦਾ ਇਕ ਹੋਰ ਵਿਸ਼ਾ ਇਸਤਰੀ, ਪਿਆਰ, ਮਨੁੱਖੀ ਰਿਸ਼ਤੇ ਅਤੇ ਇਨਸਾਨੀਅਤ ਹੈ। ਪਿਛੋਂ ਕੰਡੀ, ਮੈਨਾ ਬੋਲੀ, ਖ਼ੁਸ਼ ਰਹਿਣੀ ਵਹੁਟੀ, ਕੰਨਾਂ ਵਿਚ ਬਾਲੇ, ਆਦਿ ਕਹਾਣੀਆਂ ਇਸੇ ਰੰਗ ਦੀਆਂ ਕਹਾਣੀਆਂ ਹਨ। ਲੇਖਕ ਦਾ ਔਰਤ ਬਾਰੇ ਨਜ਼ਰੀਆ

Sri Satguru Jagjit Singh Ji Elibrary NamdhariElibrary@gmail.com

ਪੁਰਾਤਨ ਪੰਥੀ ਵੀ ਹੈ ਅਤੇ ਨਵੀਨ ਵੀ । ਉਹ ਕਿਧਰੇ ਕਿਧਰੇ ਹੱਦ ਦਰਜੇ ਦਾ ਭਾਵੁਕ ਹੋਕੇ ਉਸਨੂੰ ਰਣਚੰਡੀ, ਮਾਤ ਭਵਾਨੀ ਤੇ ਸੂਰਵੀਰਨਾ ਕਹਿੰਦਾ ਹੈ ਤਾਂ ਕਿਤੇ ਕਿਤੇ 'ਕਾਲੀਆਂ, ਕਲੋਟੀਆਂ, ਸੰਢੀਆਂ-ਝੋਟੀਆਂ ਬਦਮਾਸ਼ਨਾਂ ਆਯਾਂ' ਤਕ ਕਹਿ ਕੇ ਉਨ੍ਹਾਂ ਦੀ ਭੰਡੀ ਕਰਦਾ ਹੈ । ਪਤੀ ਜਾਂ ਪਤਨੀ ਦੇ ਕੰਡ ਫੇਰਦਿਆਂ ਹੀ ਕੀ ਕੁਝ ਹੁੰਦਾ ਹੈ, ਇਸ ਗੱਲ ਨੂੰ 'ਪਿਛੋਂ ਕੰਡੀਂ' ਵਿਚ ਵਿਸ਼ਾ ਬਣਾਇਆ ਗਿਆ ਹੈ । ਸਬ ਜੱਜ ਸਾਹਿਬ ਦਾ ਚਰਿਤ੍ਰ ਚਿਤ੍ਰਣ ਬਹੁਤ ਸਾਰਥਕ, ਯਥਾਰਥਕ ਤੇ ਸਜੀਵ ਹੈ ।

'ਮੈਨਾ ਬੋਲੀ' ਕਹਾਣੀ ਵਿਚ ਮਰਦ-ਇਸਤਰੀ ਦੇ ਆਪਸੀ ਰਿਸ਼ਤੇ ਨੂੰ ਪਰਖਿਆ ਘੋਖਿਆ ਗਿਆ ਹੈ । ਦੋਵਾਂ ਧਿਰਾਂ ਦੇ ਸਾਊ ਤੇ ਅਸਾਊ ਪੱਖ, ਦੋਵੇਂ ਹੀ ਉਜਾਗਰ ਕੀਤੇ ਗਏ ਹਨ । ਮੈਨਾ ਤੋਤੇ ਨੂੰ ਚਾਰ ਰਾਜਕੁਮਾਰਾਂ ਤੇ ਜਾਦੂਗਰਣਾਂ ਦੀ ਕਹਾਣੀ ਸੁਣਾਉਂਦੀ ਹੈ । ਲੇਖਕ ਆਨੀਂ-ਬਹਾਨੀ ਔਰਤ ਜਾਤ ਨੂੰ ਭੰਡ ਰਿਹਾ ਹੈ ਜਾਂ ਆਪਣੇ ਵਿਸ਼ੇ ਨਾਲ ਨਿਆਂ ਕਰਨ ਲਈ ਤਸਵੀਰ ਦੇ ਦੋਵੇਂ ਰੁੱਖ ਆਪਣੇ ਵਾਸਤਵਿਕ ਰੂਪ ਵਿਚ ਪੇਸ਼ ਕਰ ਰਿਹਾ ਹੈ । ਲੇਖਕ ਦੇ ਕੁਝ ਵਾਕ ਇਥੇ ਰੱਖ ਰਹੇ ਹਾਂ ਤਾਂ ਜੋ ਮਰਦ-ਔਰਤ ਦੇ ਆਪਸੀ ਰਿਸ਼ਤੇ ਬਾਰੇ ਚਾਨਣਾ ਹੋ ਸਕੇ —''ਇਕ ਤਾਂ ਔਰਤ ਜ਼ਾਤ ਏ, ਉਹ ਵੀ ਨੀਚ ਤੇ ਚੰਚਲਾ ਤੇ ਬੇਹਯਾ, ਰੱਜ ਕੇ ਸੋਹਣੀ ਤੇ ਬਿਲਾਸਨੀ, ਤੀਜੇ ਜਾਦੂਗਰਨੀ, ਏਸ ਕੋਲੋਂ ਡਰਨਾ ਹੀ ਚਾਹੀਦਾ ਏ (ਪੰਨਾ 120)--''ਮਰਦ ਵੀ ਜਾਲਮ ਤੇ ਧਰੋਹੀ ਹੈ ।'' ਹਰ ਥਾਂ ਤੇ ਉਹ ਔਰਤ ਨੂੰ 'ਕਵੀ, ਸੰਤਣੀ ਤੇ ਗਾਇਕਾ' ਕਹਿੰਦਾ ਹੈ । ਜੇਕਰ ਇਸ ਕਹਾਣੀ ਨੂੰ ਮੈਨਾ ਦੇ ਪ੍ਰਸੰਗ ਵਿਚ ਅਜੋਕੇ ਅਰਥ ਪ੍ਰਦਾਨ ਕਰਨੇ ਹੋਣ ਤਾਂ ਇਸਨੂੰ 'ਵੋਮੈਨ ਲਿਬਰੇਸ਼ਨ' (ਔਰਤ ਆਜ਼ਾਦੀ) ਦੀ ਕਹਾਣੀ ਕਿਹਾ ਜਾ ਸਕਦਾ ਹੈ । ਮੈਨਾ ਕਹਿੰਦੀ ਹੈ—''ਇਸੇ ਲਈ ਮੈਂ ਵਿਆਹ ਨਹੀਂ ਕਰਾਉਣਾ ਚਾਹੁੰਦੀ 'ਮਰਦਾਂ ਦੀ ਜ਼ਾਤ' ਬੇਵਫਾ ਹੀ ਨਹੀਂ ਅਨਿਆਈ ਵੀ ਹੈ । ਇਕ ਹੋਰ ਕਹਾਣੀ 'ਖੁਸ਼ ਰਹਿਣੀ' ਹੈ ਜਿਸ ਵਿਚ ਭਾਟੀਆ ਤੇ ਵਾਲੀਆ ਫਿਲਮੀ ਗਾਣਿਆਂ ਵਿਚ ਮਸਤ ਰਹਿੰਦੀਆਂ ਹਨ । ਸ਼ਿਲਪ ਪੱਖੋਂ ਅਸਲ ਵਿਚ ਇਹ ਕਹਾਣੀ ਬਣਦੀ ਹੀ ਨਹੀਂ, ਇਕ ਗੁਆਂਢਣ ਦੀ ਚਾਲ-ਢਾਲ ਤੇ ਤਬਸਰਾ ਮਾਤਰ ਹੈ ।

'ਕੰਨਾਂ ਵਿਚ ਬਾਲੇ' ਵਿਆਹ ਬਾਰੇ, ਸੰਨ ਸੰਤਾਲੀ ਦੇ ਸੰਤਾਪ ਬਾਰੇ, ਔਰਤ-ਮਰਦ ਰਿਸ਼ਤੇ ਅਤੇ ਮਤਲਬੀ ਰਿਸ਼ਤੇਦਾਰੀ ਬਾਰੇ ਲਿਖੀ ਕਹਾਣੀ ਹੈ । ਫੌਜੀ ਰਿਕਸ਼ਾ ਚਾਲਕ ਹੈ, ਪਹਿਲਾ ਟੱਬਰ ਮਰ ਜਾਂਦਾ ਹੈ, ਭੈਣ ਤੇ ਭਣੋਈਏ ਦੀ ਸੇਵਾ ਕਰਕੇ ਉਨ੍ਹਾਂ ਨੂੰ ਪੈਰਾਂ ਤੇ ਖੜਾ ਕਰ ਦਿੱਤਾ । ਪਰ ਨਾ ਭੈਣ ਨਾ ਭਣੋਈਆ ਫੌਜੀ ਬਾਰੇ ਸੋਚਦੇ ਹਨ । ਲੋਕਾਂ ਕਿਹਾ ਇਹਦਾ ਵਿਆਹ ਕਰ ਦਿਉ, ਭੈਣ ਕਹੇ ਕਿ ਫੇਰ ਇਹ ਸਾਡੇ ਕੰਮ ਨਹੀਂ ਆਵੇਗਾ ਇਸ ਲਈ ਮਸ਼ਟ ਮਾਰੀ ਰਖਦੇ ਹਨ । ਫੌਜੀ ਉਨ੍ਹਾਂ ਨੂੰ ਛੱਡ ਕੇ ਘਰ ਆ ਗਿਆ ਤੇ ਵਿਆਹ ਕਰ ਲਿਆ । ਫੇਰ ਸੰਤਾਲੀ ਦਾ ਘਲੂਘਾਰਾ ਵਾਪਰਦਾ ਹੈ, ਘੱਲੂਘਾਰੇ ਮਗਰੋਂ ਉਹ ਇਧਰ ਅੰਬਰਸਰ ਆ ਜਾਂਦਾ ਹੈ ਤੇ ਰਿਕਸ਼ਾ ਵਾਹੁਣ ਲਗਦਾ ਹੈ । ਉਸਦੇ ਕਥਨ ਵਿਚ ਇਸਤਰੀ-ਮਰਦ ਦੇ ਰਿਸ਼ਤੇ ਬਾਰੇ ਇਕ ਕੌੜੀ ਸਚਾਈ ਭਰੀ ਪਈ ਹੈ—''ਬੀਬੀ, ਵਿਆਹ ਕੀਤਿਆਂ ਕੰਨਾਂ ਵਿਚ ਬਾਲੇ ਪੈ ਜਾਂਦੇ ਨੇ, ਬੰਦਾ ਨਾ ਦੋਜ਼ਖ ਦਾ ਰਹਿੰਦਾ ਹੈ ਨਾ ਬਹਿਸ਼ਤ ਦਾ ।''

ਇਸ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਪ੍ਰਗਤੀਸ਼ੀਲ ਰੰਗ ਦੀਆਂ ਹਨ ਜਿਨ੍ਹਾਂ ਵਿਚ

ਸਮਾਜਿਕ ਵਿਅੰਗ ਹੈ, ਗ਼ਰੀਬਾਂ ਤੇ ਨਿਤਾਣਿਆਂ ਪ੍ਰਤੀ ਹਮਦਰਦੀ ਦਾ ਭਾਵ ਹੈ, ਸਾਧੂਆਂ ਤੇ ਵਿਹਲੜਾਂ ਦਾ ਮੱਕੂ ਬੰਨ੍ਹਿਆ ਗਿਆ ਹੈ ਅਤੇ ਸਮਾਜਿਕ ਕੁਰੀਤਾਂ ਤੇ ਭੈੜੇ ਰੀਤੀ-ਰਿਵਾਜਾਂ ਦਾ ਪਰਦਾ ਚਾਕ ਕੀਤਾ ਗਿਆ ਹੈ। 'ਬੇਈਮਾਨ' ਕਹਾਣੀ ਵਿਚ ਹਨੂਮਾਨ ਪ੍ਰਸਾਦ ਕਹਾਣੀ ਸੁਣਾਉਂਦਾ ਹੈ—ਬੱਚਿਆਂ ਲਈ 24 ਗੰਨੇ ਖਰੀਦੇ, ਗਰੀਬੜੇ ਨੂੰ ਚੁਕਾ ਕੇ ਘਰ ਆਏ ਤਾਂ 20 ਨਿਕਲੇ। ਗੁੱਸਾ ਕਰੇ ਕਿ ਦੁਕਾਨਦਾਰ ਇਵੇਂ ਨਹੀਂ ਕਰ ਸਕਦਾ, ਉਹ ਬੁੱਢਾ ਹੀ ਹੱਥ ਸਾਫ਼ ਕਰ ਗਿਆ ਹੈ। ਅਗਲੇ ਦਿਨ ਗੰਨਿਆਂ ਵਾਲਾ ਆਕੇ ਦਸਦਾ ਹੈ ਕਿ ਉਸਨੇ ਗ਼ਲਤੀ ਨਾਲ 20 ਗੰਨੇ ਹੀ ਦਿੱਤੇ ਸਨ। ਲੇਖਕ ਟਿੱਪਣੀ ਕਰਦਾ ਹੈ—"ਅਸੀਂ ਤੁਸੀਂ ਭਾਵੇਂ ਹੇਠ ਉਪਰ ਕਰ ਲਈਏ, ਗ਼ਰੀਬ ਤੇ ਨਿਰਾ ਸੋਨਾ ਹੋਂਦੇ ਜੇ ਤੇ ਕਿਸੇ ਦੇ ਸੋਨੇ ਵੱਲ ਅੱਖ ਨ ਚੁੱਕਣ ਭਾਵੇਂ ਉਹ ਲੱਖ ਸੈ ਮਣ ਹੋਵੇ।" ਸਾਡੀ ਫਿਤਰਤ ਹੈ ਕਿ ਚੋਰੀ ਜਾਂ ਨੁਕਸਾਨ ਤੇ, ਦੋਸ਼ ਗ਼ਰੀਬ ਦੇ ਸਿਰ ਹੀ ਮੜ੍ਹ ਦਿੰਦੇ ਹਾਂ।

'ਸਾਧੂ' ਕਹਾਣੀ ਬਹੁਤ ਵੱਡਾ ਸਮਾਜਿਕ ਵਿਅੰਗ ਹੈ। ਸਵਾਮੀ ਸ਼ਬਦਾ ਨੰਦ ਵਰਗੇ ਭੇਖਧਾਰੀ ਸਾਧੂ ਸੰਤ ਸਮਾਜ ਦੇ ਨਾਂ ਤੇ ਘੋਰ ਕਲੰਕ ਹਨ ਤੇ ਉਲਟਾਪਨ, ਕੋਝਾਪਨ ਤੇ ਹਾਸੋਹੀਣਤਾ ਦਾ ਪ੍ਰਤੀਕ ਹਨ। ਉਸਨੂੰ ਚਾਲੀ ਵਰ੍ਹੇ ਹੋ ਗਏ ਹਨ ਸਾਧੂ ਹੋਇਆਂ, ਪਰ ਕਾਮਨਾ ਈਸ਼ਵਰ ਪ੍ਰਾਪਤੀ ਨਹੀਂ ਸਗੋਂ ਹਲਵਾ ਮੰਡਾ ਹੈ, ਕਹਿੰਦਾ ਹੈ, 'ਅੱਜ ਤੇ 'ਕਿਤੇਂ' ਵਧੀਆ ਰੋਟੀ ਖਾਣੀ ਹੈ ਤੰਦੂਰ ਤੋਂ, ਜਿਥੇ ਮੱਛੀ ਮੁਰਗਾ ਮਿਲੇ, ਉਹ ਕਹਿੰਦਾ ਹੈ— "ਸੰਤਗੀਰੀ ਵੀ ਕੀਤੀ ਤੇ ਭੁੱਖਾ ਵੀ ਰਿਹਾ, ਇਹ ਕੀ ਗੱਲ ਹੋਈ, ਇਸ ਲਈ ਆਪਣੇ ਗਰੀਬ ਬ੍ਰਾਹਮਣ ਚੇਲੇ ਦੀ ਸ਼ਰਧਾ ਨੂੰ ਧਿਆਨ ਵਿਚ ਰੱਖਕੇ ਉਸਦੀ ਗ਼ੈਰ-ਹਾਜ਼ਰੀ ਵਿਚ ਸਾਰੀਆ ਹੀ ਰੋਟੀਆਂ ਸਾਫ਼ ਕਰ ਗਿਆ।' ਸਾਧ ਵੀ ਹੋਏ ਪਰ ਮੋਹ-ਮਾਇਆ, ਕਾਮ ਤੇ ਦਾਮ ਦਾ ਲਾਲਚ ਬਰਾਬਰ ਬਣਿਆ ਰਹਿੰਦਾ ਹੈ ਇਕ ਹੋਰ ਜਵਾਨ ਸਾਧੂ ਅਖੰਡਾਨੰਦ ਕਹਿੰਦਾ ਹੈ—"ਕੁਝ ਨਾ ਕਰਨ ਵਿਚ ਹੀ ਵਡਿਆਈ ਤੇ ਆਤਮ-ਕਲਿਆਣ ਹੈ।" ਤੇ ਸ਼ਤਰੰਜ ਦੀਆਂ ਦੋ ਬਾਜ਼ੀਆਂ ਲਾ ਕੇ ਕਾਮਨਾ ਕਰਦਾ ਹੈ—"ਅਜੇ ਭੰਗੜਾ, ਸੁਲਫ਼ੀਆ, ਸ਼ਰਾਬੀਆਂ ਦੀ ਜ਼ਮਾਤ ਤਾਂ ਜੁੜੀ ਹੀ ਨਹੀਂ। ਭੀਖ ਮੰਗਣਾ ਤੇ ਵਿਹਲੇ ਰਹਿਣਾ ਇਹ ਸਾਧ ਆਪਣਾ ਜਮਾਂਦਰੂ ਹੱਕ ਸਮਝਦੇ ਹਨ, ਤਾਂ ਹੀ ਤਾਂ ਬਾਬਾ ਗੁਰੂ ਪ੍ਰਬੁਧਾਨੰਦ ਕਹਿੰਦਾ ਹੈ— 'ਗ੍ਰਿਹਸਥੀ ਜੇ ਸੇਵਾ ਕਰਦੈ ਤਾਂ ਗਰਜ਼ ਨੂੰ, ਅਸੀਸ ਲੈਂਦਾ ਹੈ, ਬਰਕਤ ਲੈਂਦਾ ਹੈ. ਰੱਬ ਸਾਡਾ ਸਾਡਾ ਹੈ, ਉਹਦਾ ਤਾਂ ਨਹੀਂ।' ਇਵੇਂ ਇਹ ਕਹਾਣੀ ਸਮਾਜ ਦੇ ਇਸ ਅਕਰਮਸ਼ੀਲ ਭੰਗਈ ਸਾਧਾ ਤੇ ਤਿੱਖੀ ਟਿੱਪਣੀ ਕਰਕੇ ਆਪਣੀ ਸਮਾਜਿਕ ਚੇਤਨਾ ਦੀ ਸਾਖੀ ਭਰਦੀ ਹੈ।

'ਇਹ ਹੈ ਪਿਉ' ਵਿਚ ਇਕ ਅਜਿਹੇ ਬਾਪ ਦੀ ਤਸਵੀਰ ਹੈ ਜੋ ਧੀਆਂ ਜੰਮਣਾ ਜਾਣਦਾ ਹੈ, ਫ਼ਰਜ਼ ਪਾਲਣਾ ਨਹੀਂ ਜਾਣਦਾ। ਲੇਖਕ ਵਿਆਹ ਨੂੰ ਉਮਰ-ਕੈਦ' ਲਿਖਦਾ ਹੈ। ਇਕ ਦੋਸਤ ਸੁੰਦਰਦਾਸ ਨੂੰ ਸਲਾਹ ਦਿੰਦਾ ਹੈ ਕਿ ਕੁੜੀ ਦਾ ਫ਼ਿਕਰ ਕਰ, ਜਵਾਨ ਹੋ ਗਈ ਹੈ, ਜਵਾਬ ਵਿਚ ਉਹ ਕਹਿੰਦਾ ਹੈ—"ਫ਼ਿਕਰ ਕਾਹਦੈ, ਆਪੇ ਕਿਸੇ ਦਿਨ ਨੱਸ ਜਾਵੇਗੀ। ਸਾਡੇ ਕੋਲੋਂ ਉਸਨੇ ਕੀ ਲੈਣੈਂ, ਐਵੇਂ ਚਿੰਤਾ ਵਿਚ ਪਏ ਮਰੀਏ।" ਤੇ ਆਪੇ ਜਤਨ ਕਰਕੇ ਆਪਣੀ ਕੁੜੀ ਨੂੰ ਇਕ ਬੰਗਾਲੀ ਨਾਲ ਫਸਾ ਦਿੱਤਾ ਤੇ ਪਰਣਾ ਦਿੱਤਾ ਤੇ ਖਰਚਾ ਵੀ ਬੜਾ ਕੀਤਾ। ਕਹਿੰਦਾ ਹੈ—"ਆਪੇ ਕੁੜੀ ਦੀ ਮਾਂ ਛੁਪਾਇਆ ਲੁਕਾਇਆ ਕੱਢੇਗੀ, ਅਸੀਂ ਤੇ

ਬੇੜੀ ਰੋੜ੍ਹ ਦਿੱਤੀ ਹੈ ਪਾਣੀ ਵਿਚ।" 'ਤਾਜ ਮਹਿਲ' ਕਹਾਣੀ ਵਿਚ ਇਕ ਮੰਗਤੀ ਦੇ ਠੰਢ ਨਾਲ ਮਰ ਜਾਣ ਦੀ ਕਥਾ ਹੈ। ਇਹ ਮੰਗਤੀ ਤਾਜ ਮਹਿਲ ਕੋਲ ਮਰੀ ਸੀ। 'ਕੁਦਰਤਾਂ' ਵਿਚ ਰੱਬ ਦੇ ਚਮਤਕਾਰਾਂ ਬਾਰੇ ਇਕ ਸ਼ਰਧਾਲੂ ਦੀ ਨਜ਼ਰ ਤੋਂ ਕਾਫੀ ਕੁਝ ਲਿਖਿਆ ਗਿਆ ਹੈ। 'ਖੇਤਰਪਾਲ' ਵਿਚ ਪੋਠੋਹਾਰ ਤੇ ਬੰਗਾਲ ਵਿਚ ਪ੍ਰਚਲਿਤ 'ਮਹਾਮਾਈ' ਦੀ ਪੂਜਾ ਦੀ ਗੱਲ ਤੇ ਸਮਾਜਿਕ ਜ਼ਿਮੇਵਾਰੀ ਦਾ ਸਬੂਤ ਦਿੱਤਾ ਗਿਆ ਹੈ।

'ਬਾਰੀਆਂ' ਬਹੁਤ ਵਧੀਆ ਦਾਰਸ਼ਨਿਕ ਕਥਾ ਹੈ, ਕਥਾ ਨਾਲੋਂ ਵਧੇਰੇ ਇਕ ਲੇਖ ਵਾਲੀ ਸਾਮੱਗਰੀ ਇਸ ਵਿਚ ਮਿਲਦੀ ਹੈ। ਕਿਹਾ ਗਿਆ ਹੈ ਕਿ ਮਰਦ ਤੇ ਔਰਤ ਆਪਣੀ ਕੋਈ ਬਾਰੀ ਖੁਲ੍ਹੀ ਬੈਠਾ ਹੈ, ਉਹ ਸਾਰੀ ਦੁਨੀਆਂ ਨੂੰ ਆਪਣੀ ਉਸੇ ਖਿੜਕੀ ਜਾਂ ਬਾਰੀ ਰਾਹੀਂ ਦੇਖਦਾ ਹੈ। ਕਹਾਣੀਆਂ ਦੀਆਂ ਤਿੰਨ ਯੂਰਪੀਨ ਕੁੜੀਆਂ ਦੇ ਵੱਖ-ਵੱਖ ਢੰਗ ਦੱਸੇ ਗਏ ਹਨ। ਲੇਖਕ ਟਿੱਪਣੀ ਕਰਦਾ ਹੈ—"ਇਹ ਹਨ ਬਾਰੀਆਂ; ਕੋਈ ਰੁਪਈਏ ਨੂੰ, ਕੋਈ ਸੈਲ ਸਪਾਟੇ ਨੂੰ, ਕੋਈ ਵਿਜੈ ਨੂੰ ਆਪਣੀ ਖਿੜਕੀ ਬਣਾਈ ਬੈਠੀ ਹੈ ਤੇ ਆਪਣੀ ਹੱਥੀਂ ਆਪਣੀ ਦੁਖਾਂਤਕ ਕਹਾਣੀ ਲਿਖਦੀ ਜਾ ਰਹੀ ਹੈ ਜਿਸਦਾ ਅੰਤ ਤਾਂ ਪਤਾ ਹੈ ਪਰ ਜਿਸਦੀ ਕਹਾਣੀ, ਪਲਾਟ, ਕਿਰਦਾਰਾਂ ਜਾਂ ਪਾਤਰਾਂ ਦਾ ਕੋਈ ਪੂਰਵ-ਗਿਆਨ ਨਹੀਂ।" ਇਸ ਵਿਚ ਵਰਤੋਂ ਜੋਗਾ ਸ਼ਾਸਤਰ, ਵੇਦ, ਗਿਆਨ ਮੌਜੂਦ ਰਹਿੰਦਾ ਹੈ। ਲੋੜੀਂਦਾ ਰੱਬ ਤੇ ਮਾਸ਼ੂਕ ਤੇ ਫਲਸਫਾ-ਸਿਧਾਂਤ ਘੜ ਲਈਦਾ ਹੈ, ਘਟਕੇ ਰਖ ਲਈਦਾ ਹੈ। ਲੇਖਕ, ਸਾਇੰਸਦਾਨ (ਨਾਸਤਿਕ) ਅਤੇ ਕਵੀ (ਆਸਤਿਕ) ਦੇ ਕਿਰਦਾਰਾਂ ਰਾਹੀਂ ਇਸ ਫ਼ਲਸਫ਼ੇ ਦੀ ਪ੍ਰੋੜਤਾ ਕੀਤੀ ਗਈ ਹੈ।

'ਆਦਰਸ਼ ਕਹਾਣੀ' ਗੁਰੂ ਨਾਨਕ ਨਾਲ ਸੰਬੰਧਿਤ 'ਮੱਝਾਂ ਵਲੋਂ ਖੇਤ ਚਰਨੇ ਤੇ ਮੁੜ ਹਰੇ ਹੋਣ' ਦੀ ਸਾਖੀ ਹੈ। ਇਸ ਨੂੰ ਪਿਛੋਕੜ ਵਜੋਂ ਉਸਾਰ ਕੇ ਸਾਡੇ ਦਾਰਸ਼ਨਿਕ, ਆਲੋਚਕ, ਲੇਖਕ ਤੇ ਕਹਾਣੀਕਾਰ ਡਾ. ਦੀਵਾਨਾ ਨੇ ਆਦਰਸ਼ ਕਹਾਣੀ ਦੇ ਗੁਣ-ਲੱਛਣਾਂ ਤੇ ਪ੍ਰਕਾਸ਼ ਪਾਇਆ ਹੈ। ਇਹ ਕਹਾਣੀ ਸਿਰਜਨਾਤਮਕ ਤੇ ਸਿੱਧਾਂਤਕ ਸਾਹਿੱਤ ਦੇ ਮਿਸ਼ਰਤ ਰੂਪ ਦਾ ਸਰਵੋਤਮ ਨਮੂਨਾ ਆਖੀ ਜਾ ਸਕਦੀ ਹੈ। ਕਹਾਣੀ ਦੀ ਨਿਰੀ ਸਿੱਧਾਂਤਕ ਵਿਆਖਿਆ ਨਾਲੋਂ ਘਟਨਾ ਆਧਾਰਿਤ ਵਿਵਹਾਰਿਕ ਆਲੋਚਨਾ ਵਾਲੀ ਸ਼ੈਲੀ ਵਧੇਰੇ ਵਿਹਾਰਿਕ ਤੇ ਦਿਲਚਸਪ ਹੈ। ਇਹ ਕਹਾਣੀ ਜਿੰਨੀ ਹੀ ਜ਼ੋਰਦਾਰ ਹੈ, 'ਬੁਲਬੁਲ' ਕਹਾਣੀ ਉੱਨੀ ਹੀ ਹੋਲੀ ਹੈ ਜਿਸਨੂੰ ਵੱਧ ਤੋਂ ਵੱਧ ਲੇਖ-ਨੁਮਾ ਘਟਨਾ ਸੰਗ੍ਰਹਿ ਜਾਂ ਚੁਟਕਲੇ ਬਾਜ਼ੀ ਕਿਹਾ ਜਾ ਸਕਦਾ ਹੈ।

'ਖੱਤੇ ਨੂੰ ਲੂਣ' ਅਤੇ 'ਹਉਕੇ' ਦੋਵੇਂ ਕਹਾਣੀਆਂ ਸੰਨ ਸੰਤਾਲੀ ਦੇ ਘੱਲੂਘਾਰੇ ਅਤੇ ਸ਼ਰਨਾਰਥੀ ਸਮੱਸਿਆ ਨਾਲ ਸੰਬੰਧ ਰੱਖਦੀਆਂ ਹਨ। ਲੇਖਕ ਕਹਿੰਦਾ ਹੈ ਕਿ 'ਉਜੜਕੇ ਵੀ ਟੌਂ ਨਹੀਂ ਗਈ ਪੰਜਾਬੀਆਂ ਦੀ।" ਆਪਣੇ ਇਸ ਦੌਰ ਦੇ ਸਾਹਿੱਤਕ ਅਨੁਭਵ ਬਾਰੇ ਡਾ. ਦੀਵਾਨਾ ਆਪਣੇ ਇਕ ਲੇਖ ਵਿਚ ਬਹੁਤ ਵਧੀਆ ਪ੍ਰਕਾਸ਼ ਪਾਉਂਦੇ ਹਨ, ਜਿਸ ਦੀ ਇਕ ਟੂਕ, ਭਾਵੇਂ ਲੰਮੀ ਹੀ ਹੈ, ਇਥੇ ਦੇ ਰਹੇ ਹਾਂ ਤਾਂ ਜੋ ਪਾਠਕ ਲੇਖਕ ਦੀ ਇਨ੍ਹਾਂ ਕਹਾਣੀਆਂ ਨੂੰ ਲਿਖਣ ਵੇਲੇ ਦੀ ਮਾਨਸਿਕ ਸਥਿਤੀ ਬਾਰੇ ਪੂਰੀ ਤਰ੍ਹਾਂ ਜਾਣੂ ਹੋ ਸਕਣ। ਸਾਡਾ ਸੁਭਾਗ ਹੈ ਕਿ ਲੇਖਕ ਨੇ ਆਪਣੀ ਕਹਾਣੀ ਬਾਰੇ ਸਾਨੂੰ ਖੁਦ ਬਹੁਤ ਕੁਝ ਦੱਸਣ ਦੀ

Sri Satguru Jagjit Singh Ji Elibrary NamdhariElibrary@gmail.com

ਕਿਰਪਾ ਕੀਤੀ ਹੈ। ਇਸ ਕਥਨ ਨਾਲ ਸਾਨੂੰ ਡਾ. ਦੀਵਾਨਾ ਦੀ ਕਹਾਣੀ ਦਾ ਕੱਥ, ਸ਼ਿਲਪ-ਵਿਧਾਨ, ਪ੍ਰੇਰਨਾ, ਪਾਤਰਾਂ ਅਤੇ ਲੱਕੇਲ (ਜਾਂ ਮਾਹੌਲ) ਬਾਰੇ ਪਤਾ ਚਲਦਾ ਹੈ :

"ਹੁਣ ਆਉਂਦਾ ਹੈ ਪੰਜਾਬ-ਵੰਡ ਦਾ ਸਮਾਂ, 1947 ਤੇ ਉਸ ਤੋਂ ਪਿੱਛੇ ਦੇ ਸਾਲ। ਰੱਬ ਦੀ ਮਿਹਰ ਹੋਦੀ ਕਿ ਮੈਨੂੰ ਕਤਲ, ਜ਼ੁਲਮ, ਬਰਬਰਪਨੇ, ਡਕੈਤੀ, ਚੋਰੀ, ਲੁਟ, ਖੋਹ ਕਾਲ, ਦਾ ਕੋਈ ਮਾਰੂ ਦ੍ਰਿਸ਼ ਨਾ ਵੇਖਣਾ ਪਇਆ। ਪਰ ਸਾਰੇ ਪੰਜਾਬੀਆਂ ਵਾਂਗੂ ਮੈਂ ਵੀ ਸਹਿਮਿਆ, ਤਰਹਿਆ ਘੁਟਿਆ, ਉਦਾਸ, ਉਖੜਿਆ, ਗਮਗੀਨ, ਗੁੱਸੇ ਗੁੱਸੇ ਤੇ ਭੌਂਬਲਿਆ ਰਹਿੰਦਾ ਸਾਂ। ਮਸੂਰੀ, ਬਲੀਏ, ਦੇਹਰਾਦੂਨ ਤੇ ਅੰਮ੍ਰਿਤਸਰ, ਚੌਹਾਂ ਥਾਵਾਂ ਵਿਚ ਹੀ ਮੈਂ ਪਹਿਲੀ ਜੂਨ 1947 ਤੋਂ ਰਿਹਾ ਹਾਂ। ਚੌਹਾਂ ਥਾਵਾਂ ਤੇ ਆਪਣਿਆਂ ਕੱਢਿਆ ਗਿਆਂ, ਦੁਰਭਾਗੇ, ਪਨਾਹੀਆਂ ਦੀਆਂ ਸੂਰਤਾਂ ਵੇਖਦਾ, ਉਹਨਾਂ ਤੋਂ ਆਪ ਬੀਤੀਆਂ ਸੁਣਦਾ, ਉਹਨਾਂ ਦਿਆਂ ਭਵਿੱਖ ਦਿਆਂ ਸੁਪਨਿਆਂ ਵਿਚ ਸ਼ਰੀਕ ਹੁੰਦਾ, ਕਹਾਣੀਆਂ ਲਈ ਮਸਾਲਾ ਇਕੱਠਾ ਕਰਦਾ ਰਿਹਾ। ਦੋ ਗੱਲਾਂ ਮੇਰੇ ਮਨ ਵਿਚ ਪੱਕੀਆਂ ਹੋ ਗਈਆਂ, ਜੰਮ ਗਈਆਂ। ਇਸ ਜ਼ਾਲਮ ਤੇ ਜ਼ੁਲਮ ਭਰੀ ਵੰਡ ਨੇ ਵਾਹਿਗੁਰੂ ਉਤੋਂ ਵਿਸ਼ਵਾਸ ਉਡਾ ਦਿੱਤਾ ਹੈ। ਇਸ ਘਾਟੇ ਦੀ ਪੂਰਤੀ ਕਰਨੀ ਚਾਹੀਦੀ ਹੈ ਸਾਹਿਤ ਨੂੰ। ਦੂਜੀ ਗੱਲ ਇਹ ਕਿ ਇਸ ਜ਼ੁਲਮੀ ਵਰਤਾਰੇ ਦੇ ਪਿੱਛੇ ਉਹ ਕਾਰਨ ਹਨ ਜੋ ਇਤਿਹਾਸ ਵਿਚ ਸਾਫ਼ ਸਾਫ਼ ਲਿਖੇ ਪਏ ਹਨ ਪਰ ਜਿਹਨਾਂ ਵੱਲ ਸਾਡੇ ਆਗੂ ਧਿਆਨ ਨਹੀਂ ਦੇਂਦੇ। ਉਹਨਾਂ ਇਤਿਹਾਸੀ ਕਾਰਨਾਂ ਨੂੰ ਸਪੱਸ਼ਟ ਕਰਕੇ ਸਾਹਮਣੇ ਲਿਆਉਣਾ ਚਾਹੀਦਾ ਹੈ। ਤੀਜੀ ਗੱਲ ਇਹ ਕਿ ਕਹਾਣੀ ਰਾਹੀਂ ਜਿਵੇਂ ਕਿਵੇਂ ਮਨੁੱਖ ਲਈ ਮਨੁੱਖ ਵਿਚ ਨਵੇਂ ਸਿਰਿਓਂ ਭਰੋਸਾ, ਹਮਦਰਦੀ, ਤੇ ਹਿੰਮਤ ਭਰਿਆ, ਸਹਾਈ ਪਿਆਰ ਲਿਆਉਣ ਦਾ ਜਤਨ ਕਰਾਂ, ਨਾਲੇ ਕੱਲੇ ਕੱਲੇ ਮਨੁੱਖ ਨੂੰ ਮੁੜ ਕੇ ਆਪਣੇ ਆਪ ਉਤੇ ਭਰੋਸਾ ਕਰਾਉਣ ਦੀ ਕੋਸ਼ਿਸ਼ ਕਰਾਂ। ਮੈਂ ਵੇਖਦਾ ਹਾਂ ਕਿ ਆਪਾ ਧਾਪੀ ਪਈ ਹੋਈ ਹੈ, ਅੰਨ੍ਹੇ ਭੁੱਖੇ ਆਪ ਖੀਰ ਖਾਣ ਲਗਿਆਂ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਵਿਚ ਹੀ ਆਪਣਾ ਲਾਭ ਸਮਝ ਰਹੇ ਹਨ। ਵਿਅਕਤੀਆਂ ਨੂੰ ਸ੍ਵੈਮਾਨ, ਪੱਤ, ਸੱਚ ਦਾ ਮਾਸਾ ਰਤੀ ਵੀ ਖ਼ਿਆਲ ਨਹੀਂ ਤੇ ਜੀਵਨ ਤਲਬ ਹੱਦੋਂ ਵੱਧ ਹੋ ਕੇ ਗਿਰਾਵਟ ਦਾ ਕਾਰਨ ਬਣ ਰਹੀ ਹੈ। ਚੌਥੀ ਗੱਲ ਇਹ ਕਿ ਨਾ ਕੇਵਲ ਵੰਡ-ਆਜ਼ਾਦੀ ਬਾਰੇ ਘਟਨਾਵਾਂ ਤੇ ਵਿਚਾਰ, ਕਲਾ-ਭਰੇ ਤਰੀਕੇ ਨਾਲ, ਚਿੱਤਰ ਕੇ ਸਾਹਿਤ ਵਿਚ ਅਮਰ ਕਰ ਦਿੱਤੇ ਜਾਣ ਤੇ ਇਹ ਕੰਮ ਆਪਣੀ ਮਾਤ ਬੋਲੀ ਦੀ ਰਾਹੀਂ ਹੀ ਉੱਤਮ ਢੰਗ ਨਾਲ ਹੋ ਸਕਦਾ ਹੈ—ਬਲਕਿ ਆਪਣੇ ਵਿਛੜੇ ਵਤਨਾਂ ਦਾ ਜੁਗਰਾਫ਼ੀਆ ਤਾਰੀਖ਼. ਤੇ ਉਹਨਾਂ ਦੀਆਂ ਉਪ-ਭਾਖਾਵਾਂ ਨੂੰ ਵੀ ਸਦਾ ਲਈ ਜੀਂਵਦਿਆਂ ਰੱਖਣ ਦਾ ਇੰਤਜ਼ਾਮ ਕਰ ਦਿੱਤਾ ਜਾਏ।

ਇਹ ਵਿਚਾਰ ਸਨ, ਇਹ ਭਾਉ ਸਨ, ਜਿਹਨਾਂ ਨੂੰ ਲੈ ਕੇ ਮੈਂ ਪੰਜਾਬੀ ਵਿਚ 50 ਦੇ ਲਗਭਗ ਕਹਾਣੀਆ ਰਚੀਆਂ। ਪਰ ਕਥਾਵਾਂ ਕਿਥੋਂ ਲਈਆ ? ਸੜਕ ਤੋਂ, ਹੋਟਲ ਵਿਚ . ਪਾਨ ਦੀ ਹੱਟੀ ਤੋਂ, ਟਾਂਗੇ-ਰਿਖਸ਼ੇ ਵਾਹਣ ਵਾਲਿਆ ਤੋਂ, ਇਤਿਹਾਸ ਦਿਆ ਪਤਿਆ ਤ ਆਪਣੇ ਘਰ, ਖ਼ਾਨਦਾਨ, ਕਾਲਜ ਵਿਚੋਂ। ਮੇਰਾ ਇਹ ਨੇਮ ਬਣ ਗਿਆ ਕਿ ਜੋ ਵੀ ਮਿਲੇ ਉਸ ਨੂੰ ਦਿਲੋਂ ਮਿਲ ਕੇ ਉਸ ਦਾ ਦਰਦੀ, ਉਸ ਦਾ ਇਕ ਪਾਯਾਂ, ਉਸ ਦਾ ਸ਼ੁਭਚਿੰਤਕ. ਮਨਸਾ-ਪੂਰਕ. ਬਣ ਕੇ ਉਸ ਦੇ ਮਨ ਦੀਆ ਡੂੰਘਾਈਆਂ ਵਿਚ ਲਹਿ ਜਾਂਦਾ ਤੇ ਉਥ ਉਸ

ਦੀ ਆਤਮਾ ਦੇ ਸੱਚ ਸੁੱਚ, ਕੂੜ ਅਪਵਿਤਰਤਾ, ਦੁੱਖ ਸੁੱਖ, ਭੂਤ ਭਵਿੱਖ ਨੂੰ ਕੱਢ ਲਿਆਉਂਦਾ ਤੇ ਕਹਾਣੀ ਵਿਚ ਓਸੇ ਦਿਆਂ ਸ਼ਬਦਾਂ ਵਿਚ ਉਸ ਨੂੰ ਸੁਰੱਖਿਅਤ ਕਰ ਦੇਂਦਾ।

ਤੇ ਮੈਨੂੰ ਏਸ ਖੋਜ ਤੇ ਲੱਭਤ ਵਿਚ ਬੜੀ ਸਫਲਤਾ ਹੋਈ। ਸਾਰਿਆਂ ਨੇ ਆਪਣੇ ਦਿਲ ਦੀਆਂ ਭਿੱਤੀਆਂ ਖੋਹਲ ਦਿੱਤੀਆਂ। ਇਤਿਹਾਸ ਨੇ ਵੀ ਆਪਣੇ ਗੁਝ ਪਤਰੇ ਮੇਰੇ ਅੱਗੇ ਪਸਾਰ ਕੇ ਰੱਖ ਦਿੱਤੇ। ਮੈਨੂੰ ਆਪਣੇ ਭਰਾਵਾਂ ਦੇ ਅਸਲੀ ਨੁਕਸਾਨਾਂ ਦੀਆਂ ਅਸਲੀ ਸਮੱਸਿਆਵਾਂ ਤੇ ਉਹਨਾਂ ਦਿਆਂ ਅਸਲੀ ਫਾਇਦਿਆਂ ਦਾ ਪੂਰਾ ਹਾਲ ਸ਼ੀਸ਼ਾ ਹੋ ਗਿਆ।

ਮੈਂ ਪੜ੍ਹਨ ਸੁਣਨ ਦੁਆਰਾ ਤੇ ਮਿਲ ਭਿਟ ਕੇ ਇਹ ਗੱਲ ਪੱਲੇ ਬੰਨ੍ਹ ਚੁੱਕਿਆ ਸਾਂ ਕਿ ਕਹਾਣੀ ਨੂੰ ਲੋਕ-ਪਿਆਰੀ, ਲੋਕ-ਸ਼ੁਭ-ਚਿੰਤਕ ਤੇ ਲੋਕ-ਜੀਵਨ-ਆਰਸੀ ਬਣਾਣ ਲਈ ਗੁੰਝਲਾਂ, ਤੇ ਲੰਮਿਆਂ ਲੜ੍ਹਿਆਂ ਵਿਚ ਫਸਣ ਦੀ ਜ਼ਰੂਰਤ ਨਹੀਂ। ਬੀਤੀ ਨੂੰ ਕਿਧਰੋਂ ਵੀ ਛੋਹ ਦਿਉ, ਹੌਲੀ ਹੌਲੀ ਸਾਰੀ ਗੱਲ ਆਪੇ ਹੀ ਵਿਚ ਆ ਜਾਏਗੀ ਤੇ ਜੇ ਉਹ ਬੀਤੀ ਸੱਚੀ ਹੈ ਤਾਂ ਉਸ ਵਿਚ ਕੁਦਰਤ ਚਿਤ ਨੂੰ ਖਿੱਚਣ ਦੀ ਸ਼ਕਤੀ ਉਭਰ ਕੇ ਪਾਠਕ ਦੇ ਮਨ ਨੂੰ ਮੋਹ ਲਏਗੀ। ਰੰਗ ਚਾਹੜਨ ਦੀ ਕੋਈ ਹਾਜਤ ਨਹੀਂ। ਜਿਸ ਤਰ੍ਹਾਂ ਜਿੱਥੇ ਮੁਲਾਕਾਤ ਹੁੰਦੀ ਤੇ ਜਿਵੇਂ ਕਹਾਣੀ ਛੁਹੀਂਦੀ, ਮੈਂ ਉਹੋ ਲਿਖ ਦੇਂਦਾ। ਜਿੱਥੇ ਗੱਲ ਮੁਕਦੀ ਓਥੇ ਕਹਾਣੀ ਮੁੱਕ ਜਾਂਦੀ। ਇਉਂ ਕਰਨ ਨਾਲ ਮੈਨੂੰ ਕਥਾ ਸਾਜਣ ਤੇ ਉਸਦੇ ਉਤਾਰ ਚੜ੍ਹਾ ਬਣਾਣ ਦਾ ਕਸ਼ਟ ਨਾ ਕਰਨਾ ਪਇਆ। ਜ਼ਬਾਨ ਵੀ ਅਸਲੀ, ਜ਼ੋਰਦਾਰ, ਸੱਚੀ, ਭਾਰੀ ਹਲਕੀ ਮਿਲ ਗਈ।

ਹੁਣ ਰਹਿ ਗਈ ਮੇਰੀ ਕਲਪਨਾ ਸ਼ਕਤੀ, ਤੇ ਮੇਰੇ ਅੰਦਰ ਵਿਅੰਗ ਦੇ ਹਾਸੇ ਤੇ ਸ਼ਾਨਤੀ ਰਸ ਦੀ ਵਰਤੋਂ, ਮੇਰੀ ਦਰਸ਼ਨ-ਸਿੱਧਾਂਤ ਪਿਆਰ ਦੀ ਚਾਹਨਾ। ਸੋ ਇਹਨਾਂ ਦੀਆਂ ਮੰਗਾਂ ਨੂੰ ਇਉਂ ਪੂਰਾ ਕੀਤਾ ਕਿ ਵਿਚ ਵਿਚ ਆਪਣੀ ਟੀਕਾ ਟਿੱਪਣੀ ਕਰਦਾ ਗਇਆ, ਜਿਵੇਂ ਕੋਈ ਤਮਾਸ਼ਾ, ਨਾਟਕ ਵੇਖਦਿਆਂ ਵੇਖਦਿਆਂ ਨਿਸ਼ੰਗ ਹੋ ਕੇ ਆਪਣੇ ਚੰਗੇ ਮੰਦੇ ਬੋਲ ਕੱਸਦਾ ਚਲਾ ਜਾਵੇ। ਸਿਨੇਮਾ ਕੋਈ ਹੋਰ ਵਿਖਾ ਰਿਹਾ ਹੈ, ਮੈਂ ਵਰਣਨ ਤੇ ਟੀਕਾ ਟਿੱਪਣੀ, ਆਲੋਚਨਾ, ਅਭਿਵਿਅੰਜਨਾ, ਨਾਲੋ ਨਾਲ ਕਰਦਾ ਜਾ ਰਿਹਾ ਹਾਂ। ਇਸ ਤਰ੍ਹਾਂ ਮੈਂ ਕਹਾਣੀ ਨੂੰ ਇਕ ਉੱਚੀ ਸਤਹ ਤੇ ਲੈ ਆਇਆ ਤੇ ਬਜਾਏ ਨਿਰੀ ਘਟਨਾ-ਵਰਣਨ ਰਹਿ ਜਾਣ ਦੇ ਕਹਾਣੀ ਮੇਰੇ ਤੇ ਮੇਰੇ ਪਾਤਰਾਂ ਦੇ ਅੰਦਰਲੇ ਜੀਵਨ ਦੀ ਓਨੀ ਹੀ ਕਲਾ ਭਰੀ ਤਸਵੀਰ ਬਣ ਗਈ ਜਿਤਨੀ ਬਾਹਰਲੇ ਜੀਵਨ ਦੀ। ਮਜ਼ਾ ਤੱਦ ਹੀ ਆਉਂਦਾ ਹੈ ਕਿ ਪਾਤਰਾਂ ਦੇ ਤਨ ਮਨ, ਦੋਹਾਂ, ਦੀ ਦਸ਼ਾ ਬਾਰੀਕੀ ਨਾਲ ਵੇਖ ਕੇ ਥੋੜ੍ਹੀਆਂ ਜਿੰਨੀਆਂ ਮੋਟੀਆਂ ਤੇ ਨਿੱਕੀਆਂ ਲਕੀਰਾਂ ਰਾਹੀਂ ਰੂਪਮਾਨ ਕਰ ਦਿੱਤੀ ਜਾਵੇ।

ਇਸ ਸਾਰੇ ਕੰਮ ਪਿੱਛੇ ਮੇਰਾ ਇਕੋ ਉੱਦੇਸ਼ ਸੀ ਜੋ ਕਾਹਨਪੁਰ ਵਾਲੀਆਂ ਕਹਾਣੀਆਂ ਤੋਂ ਉਲਟ ਸੀ। ਉਦੋਂ ਮੈਂ ਪਾਪ ਤੇ ਪਾਪੀਆਂ ਨੂੰ ਨੰਗਾ ਕਰਨਾ ਚਾਹੁੰਦਾ ਸਾਂ। ਹੁਣ ਮੈਂ ਦੁੱਖ ਤੇ ਦੁੱਖ ਦੇ ਕਾਰਨ, ਕਾਮ ਤੇ ਅਗਿਆਨ ਨੂੰ, ਰੱਬੀ ਹੁਕਮੋਂ ਮਜਬੂਰ, ਤੇ ਆਪਣੀ ਅੰਦਰਲੀ ਰੁਚੀ ਆਪਣੇ ਗੁਣ ਤੇ ਸੁਭਾ ਤੋਂ ਬੇਵੱਸ, ਵਿਖਾ ਕੇ, ਇਕ ਤਰਸ ਜੋਗਾ, ਸਹਾਇਤਾ ਦਾ ਪਾਤਰ, ਬਣਾ ਕੇ, ਚਿਤਰਨਾ ਚਾਹੁੰਦਾ ਹਾਂ।

ਮੈਂ ਕਹਾਣੀ ਜਦੋਂ ਫੁਰੇ ਓਦੋਂ ਹੀ ਲਿਖ ਲੈਂਦਾ ਹਾਂ। ਬਹੁਤਾ ਸੋਚ ਵਿਚਾਰ ਵਿਚ

Sri Satguru Jagjit Singh Ji Elibrary NamdhariElibrary@gmail.com

ਨਹੀਂ ਪੈਂਦਾ। ਜੇ ਓਸ ਫੁਰਨੇ ਨੂੰ ਝਟ ਪਟ ਨਾ ਵਿਗਸਾ, ਪਰਗਾਸ ਕਰ ਲਵਾਂ ਤਾਂ ਉਹ ਕਹਾਣੀ ਸਮਝੋ ਜੰਮਦਿਆਂ ਹੀ ਮਰ ਗਈ। ਪਿਛਲਿਆਂ 2 ਵਰ੍ਹਿਆਂ ਵਿਚ ਮੈਂ ਘੱਟੋ ਘੱਟ 4 ਦਰਜਨ ਕਹਾਣੀਆਂ ਹੱਥੋਂ ਗਵਾ ਛੱਡੀਆਂ ਹਨ—ਸੁਸਤੀ ਕਰਕੇ ਜਾਂ ਕਹਾਣੀਆਂ ਛਾਪਣ ਵਾਲਿਆਂ ਦੀ ਬੇਰੁਖ਼ੀ ਕਰਕੇ।"

'ਦਵਿੰਦਰ ਬਤੀਸੀ' ਦੀਆਂ ਕਹਾਣੀਆਂ ਦੇ ਆਲੋਚਨਾਤਮਕ ਅਧਿਅਨ ਮਗਰੋਂ ਅਸੀਂ ਡਾ. ਮੋਹਨ ਸਿੰਘ ਦੀਵਾਨਾ ਦੀ ਕਹਾਣੀ ਦੇ ਕੁਝ ਪਛਾਣ-ਚਿਨ੍ਹ ਇਉਂ ਅੰਕਿਤ ਕਰ ਸਕਦੇ ਹਾ :

1. ਉਨ੍ਹਾਂ ਦੀਆ ਕਹਾਣੀਆਂ ਵਿਅਕਤੀਗਤ ਜੀਵਨ-ਛੁਹਾਂ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦੀਆਂ ਹਨ। ਇਸ ਅਰਥ ਵਿਚ ਦੀਵਾਨਾ ਦੀ ਕਹਾਣੀ ਜੀਵਨ-ਅਨੁਭਵ ਦੇ ਆਧਾਰ ਤੇ ਉੱਸਰਦੀ ਹੈ।
2. ਡਾ. ਦੀਵਾਨਾ ਗੱਲ ਵਿਚੋਂ ਗੱਲ, ਘਟਨਾ ਵਿਚੋਂ ਘਟਨਾ ਕੱਢਣ ਵਿਚ ਬਹੁਤ ਮਾਹਿਰ ਹਨ ਤੇ ਇਹ ਗੱਲ ਉਨ੍ਹਾਂ ਦੀ ਕਹਾਣੀ ਨੂੰ ਦਿਲਚਸਪ ਤੇ ਲੋਕ-ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੀ ਸਿੱਧ ਕਰਦੀ ਹੈ।
3. ਡਾ. ਦੀਵਾਨਾ ਅੰਤ ਵਿਚ ਸਿੱਟੇ ਕੱਢਦੇ ਹਨ ਜਾਂ ਫੇਰ ਮੁੱਢ ਵਿਚ ਆਪਣੀ ਕਹਾਣੀ ਦਾ ਆਸ਼ਾ ਪ੍ਰਗਟ ਕਰਨ ਦੇ ਹੱਕ ਵਿਚ ਹਨ।
4. ਉਨ੍ਹਾਂ ਦੀ ਕਹਾਣੀ ਵਿਚ ਗੱਲ ਬਾਤ ਵੀ ਹੈ, ਆਪਣੇ ਵਲੋਂ ਵਰਣਨ ਵੀ ਹੈ, ਅੱਨ-ਪੁਰਸ਼ ਤੇ ਪਰ-ਪੁਰਸ਼ ਵਿਚ ਕਹੀ ਕਥਾ ਵੀ ਹੈ ਪਰ ਸਭ ਤੋਂ ਵਧੇਰੇ ਥਾਂ ਥਾਂ ਕੀਤੀ ਟੀਕਾ ਟਿੱਪਣੀ ਉਨ੍ਹਾਂ ਦੀ ਕਹਾਣੀ ਦਾ ਕੇਂਦਰੀ ਧੁਰਾ ਹੋ ਨਿਬੜਦਾ ਹੈ।
5. ਡਾ. ਦੀਵਾਨਾ ਦੀ ਕਹਾਣੀ ਵਿਚ ਜ਼ਾਤ-ਅਭਿਮਾਨ ਹੈ; ਉਹ ਖੱਤਰੀ ਤੇ ਬ੍ਰਾਹਮਣ ਲਈ ਸਤਿਕਾਰ ਸੂਚਕ ਸ਼ਬਦ ਵਰਤਦੇ ਹਨ ਤੇ ਅਖੌਤੀ ਨੀਵੀਆਂ ਜ਼ਾਤਾਂ ਬਾਰੇ ਘਿਰਣਾ ਸੂਚਕ ਸ਼ਬਦ ਵਰਤਦੇ ਹਨ।
6. ਡਾ. ਦੀਵਾਨਾ ਦੀ ਭਾਸ਼ਾ ਵਿਚ ਮੌਲਿਕਤਾ ਹੈ, ਸ਼ਬਦ ਚੋਣ ਤੇ ਸ਼ਬਦਾਂ ਦੀ ਸੁੰਦਰ ਜੜਤ ਹੈ, ਨਵੇਂ ਸਮਾਸ ਬਣਾਏ ਗਏ ਹਨ, ਸਾਰਥਕ ਤੇ ਢੁੱਕਵੇਂ ਸ਼ਬਦ, ਵਾਕਾਂਸ਼ ਤੇ ਮੁਹਾਵਰੇ ਹਨ।

**ਰੰਗ ਤਮਾਸ਼ੇ***

ਇਹ ਡਾ. ਦੀਵਾਨਾ ਦਾ ਦੂਜਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਕੁੱਲ 14 ਕਹਾਣੀਆਂ ਦਰਜ ਹਨ। ਮੁੱਢ ਵਿਚ 'ਮੇਰੀਆਂ ਕਹਾਣੀਆਂ' ਸਿਰਲੇਖ ਅਧੀਨ ਉਨ੍ਹਾਂ ਨੇ ਆਪਣੀ ਕਹਾਣੀ ਲਿਖਣ ਦਾ ਇਤਿਹਾਸ ਦਰਜ ਕੀਤਾ ਹੈ ਅਤੇ ਦੱਸਿਆ ਹੈ 1914-15 ਵਿਚ ਸਭ ਤੋਂ ਪਹਿਲਾਂ ਉਰਦੂ ਵਿਚ 'ਜੰਗੀ' ਨਾਂ ਦੀ ਕਹਾਣੀ ਲਿਖੀ ਸੀ। ਮਗਰੋਂ 1926

*ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1951

Sri Satguru Jagjit Singh Ji Elibrary NamdhariElibrary@gmail.com

ਤੋਂ 1930 ਤੱਕ ਕਾਨ੍ਹਪੁਰ ਦੇ ਨਿਵਾਸ ਵੇਲੇ ਇਨ੍ਹਾਂ ਨੇ ਹਿੰਦੀ ਵਿਚ ਚੰਗੀਆਂ ਚੋਖੀਆਂ ਕਹਾਣੀਆਂ ਲਿਖੀਆਂ, ਦੋ ਸੰਗ੍ਰਹਿ ਤਿਆਰ ਕੀਤੇ—'ਸਦਾ ਗੁਲਾਬ' ਅਤੇ 'ਕਰਣ-ਫੂਲ', ਪਹਿਲਾ ਛਪ ਗਿਆ ਸੀ ਪਰ 'ਦੂਜਾ ਸੰਗ੍ਰਹਿ ਪ੍ਰਕਾਸ਼ਕ ਨੇ ਬਰਬਾਦ ਕਰ ਦਿੱਤਾ।' ਸਭ ਤੋਂ ਮਹੱਤਵ ਪੂਰਨ ਗੱਲ ਉਹ ਇਹ ਦੱਸਦੇ ਹਨ ਕਿ ਉਹ ਆਪਣੀਆਂ ਕਹਾਣੀਆਂ ਦੀ ਸਮੱਗਰੀ ਕਿੱਥੋਂ ਪ੍ਰਾਪਤ ਕਰਦੇ ਹਨ ਅਤੇ ਉਨ੍ਹਾਂ ਦਾ ਜੀਵਨ ਸਿੱਧਾਂਤ ਕੀ ਹੈ। ਕਹਾਣੀਆਂ ਲਈ ਕੱਚਾ ਮਾਲ ਉਹ ਕਿਥੋਂ ਪ੍ਰਾਪਤ ਕਰਦੇ ਹਨ, ਇਸ ਬਾਰੇ ਪੜ੍ਹੋ—"ਮੈਂ ਆਪਣੇ ਤੇ ਆਲੇ-ਦੁਆਲੇ ਦੇ ਜੀਉਂਦੇ ਜੀਵਨ ਵਿਚੋਂ ਹੀ ਮਸਾਲਾ ਲੱਭਦਾ ਹਾਂ...ਮੈਂ ਆਏ ਮੁਲਾਕਾਤੀ, ਮੰਗਤੇ ਸਾਧ, ਜੋਗੀ ਵੱਲ ਗਹੁ ਨਾਲ ਵੇਖਦਾ ਹਾਂ, ਉਸਦਿਆਂ ਬਚਨਾਂ ਦੀ ਨਿਖੇੜ ਕਰਕੇ ਉਨ੍ਹਾਂ ਨੂੰ, ਉਸਦਿਆਂ ਭਾਵਾਂ, ਉਦਗਾਰਾਂ, ਵਿਚਾਰਾਂ, ਵਰਤਾਰਿਆਂ ਨਾਲ ਜੋੜਦਾ ਹਾਂ।

ਆਪਣੇ ਜੀਵਨ ਸਿੱਧਾਂਤ ਬਾਰੇ ਦੱਸਦੇ ਉਹ ਆਪਣੀਆਂ ਕਹਾਣੀਆਂ ਨੂੰ 'ਪ੍ਰਗੀਤਕ ਕਹਾਣੀਆਂ' ਦਾ ਨਾਂ ਦਿੰਦੇ ਹਨ—"ਮੈਂ ਜੀਵਨ ਵਿਚ, ਸਿੱਧਾਂਤ ਵਿਚ, ਵੰਡ ਦਾ, ਵਖੇਵੇਂ ਦਾ ਕਾਇਲ ਹੀ ਨਹੀਂ, ਮੈਂ ਮਾਇਲ ਹਾਂ ਮੇਲ ਤੇ ਮੇਲੀ ਉੱਤੇ, ਅਤੇ ਘਾਇਲ ਹਾਂ ਮਿਲਾਪ ਦਾ, ਆਪਾ-ਤਿਆਗੀ, ਮਨ-ਮਾਰੂ ਵਿਸਾਲ ਦਾ, ਏਸ ਲਈ ਮੇਰੀਆਂ ਕਹਾਣੀਆਂ ਮੈਨੂੰ Lyrics in prose or lyrical stories ਲੱਗਦੀਆਂ ਹਨ ਤੇ ਇਹ lyrics, humanistic ਸਰੀਰਕ ਵੀ ਹਨ ਤੇ spiritual ਅਧਿਆਤਮੀ ਵੀ।"

ਸੰਗ੍ਰਹਿ ਦੀ ਪਹਿਲੀ ਕਹਾਣੀ 'ਬਾਹਮਣੀ' ਇਕ ਪੰਛੀ-ਕਥਾ ਹੈ ਜੋ ਮਨੁੱਖੀ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦੀ ਹੈ। ਉਹ ਚਿੜੀ ਨੂੰ ਬਾਹਮਣੀ ਕਹਿੰਦੇ ਹਨ ਤੇ ਕੁੜੀ ਨੂੰ ਚਿੜੀ ਕਹਿੰਦੇ ਹਨ। 'ਚਿੜੀ ਤੇ ਬਾਹਮਣੀ ਹੁੰਦੀ ਐ' ਅਤੇ 'ਕੁੜੀਆਂ ਚਿੜੀਆਂ ਦਾ ਇਕੋ ਸੁਭਾਉ' ਉਨ੍ਹਾਂ ਨੇ ਕਈ ਵਾਰ ਦੁਹਰਾਏ ਹਨ। ਡਾ. ਦੀਵਾਨਾ ਦੀ ਇਸ ਕਹਾਣੀ ਵਿਚ ਅਨੇਕ ਘਟਨਾਵਾਂ ਹਨ, ਪਰ ਹਰ ਘਟਨਾ ਤੇ ਜੋ ਟੀਕਾ ਟਿੱਪਣੀ ਕੀਤੀ ਗਈ ਹੈ, ਉਸ ਦਾ ਜਵਾਬ ਨਹੀਂ ਜਿਵੇਂ ਪੰਨਾ 20 ਤੇ—'ਮੈਨੂੰ ਕੀੜਿਆਂ ਤੋਂ ਬਹੁਤ ਡਰ ਲੱਗਦਾ ਹੈ, ਜਿਸ ਤੋਂ ਡਰ ਲੱਗੇ ਉਸ ਨਾਲ ਘਿਰਨਾ ਕਰੀਦੀ ਹੈ। ਘਿਰਨਾ ਵੱਧ ਜਾਏ ਤਾਂ ਡਰਾਉਣ ਵਾਲੇ ਤੇ ਘਿਰਨਾ ਦੇ ਪਾਤਰ ਨੂੰ ਨਾਸ ਕਰਨ ਵਿਚ ਸੰਗ ਨਹੀਂ ਆਉਂਦੀ।" ਚਿੜੀ ਦਾ ਬੱਟ ਆਲ੍ਹਣੇ ਵਿਚੋਂ ਡਿੱਗ ਜਾਂਦਾ ਹੈ ਤਾਂ ਚਿੜੀ ਬਾਹਮਣੀ ਮਾਨਵ ਨੂੰ ਉਸਦੀ ਮਾਨਵਤਾ ਵਿਰੋਧੀ ਜ਼ਿੰਦਗੀ ਬਾਰੇ ਜੋ ਉਪਦੇਸ਼ ਦਿੰਦੀ ਹੈ, ਉਸ ਵਿਚ ਲੇਖਕ ਦਾ ਮਾਨਵਤਾਵਾਦੀ ਸੰਦੇਸ਼ ਭਰਿਆ ਪਿਆ ਹੈ—ਅਸੀਂ ਤੁਹਾਡੀ ਮਨੁੱਖ ਜਾਤ ਚੂਹੜਿਓਂ ਚਮਾਰੋਂ ਵੀ ਘਟੀਆ ਗਿਣਦੇ ਹਾਂ। ਤੁਸੀਂ ਮਾਸ ਖਾਣੇ ਹੀ ਨਹੀਂ, ਆਦਮ ਖਾਣੇ, ਨਿਰਦਈ ਹੋ, ਕਰੂਰ ਹੋ, ਤੁਸੀਂ ਲਹੂ ਦੀ ਪਵਿੱਤਰਤਾ ਦਾ ਖ਼ਿਆਲ ਨਹੀਂ ਕਰਦੇ, ਤੁਹਾਡੇ ਵਿਆਹ ਬਿਭਚਾਰ—ਹੋਰ ਤੁਸੀਂ ਪ੍ਰੇਮ ਨਾਲ ਰਹਿਣਾ, ਵਾਹਿਗੁਰੂ ਤੇ ਭਰੋਸਾ ਰੱਖਣਾ, ਸੁੱਖ ਤੇ ਮਿੱਠੀ ਬੋਲੀ ਬੋਲਣੀ, ਸਵੇਰੇ ਪ੍ਰਭਾਤ ਵੇਲੇ ਜਾਗ ਕੇ ਸੰਕੀਰਤਨ ਕਰਨਾ, ਭਗਵਤ ਭਜਨ ਕਰਨਾ ਨਹੀਂ ਜਾਣਦੇ, ਹੋਰ, ਤੁਸੀਂ ਕਾਵਾਂ ਨਾਲੋਂ ਵੀ ਵੱਧ ਝਗੜਾਲੂ ਹੋ, ਕੋਰੇ ਹੋ, ਢੀਠ ਤੇ ਨਿਰਲੱਜ ਹੋ......।" ਸੁਫਨੇ ਦੀ ਇਹ ਵਾਰਤਾ ਲੇਖਕ ਦੇ ਆਪਣੇ ਹੀ ਵਿਚਾਰ ਹਨ,

Sri Satguru Jagjit Singh Ji Elibrary NamdhariElibrary@gmail.com

ਜੋ ਚਿਠੀ ਰਾਹੀਂ ਪ੍ਰਗਟ ਹੋਏ ਹਨ, ਜੋ ਚਿੜੇ ਤੇ ਚਿੜੀ ਨੂੰ 'ਬੜੇ ਖੁਲ੍ਹੇ ਡੁਲ੍ਹੇ ਸੁਭਾਉ ਵਾਲਾ ਬਾਹਮਣ ਜੋੜਾ' ਕਹਿੰਦਾ ਹੈ।" ਭਾਵੇਂ ਲੇਖਕ ਨੇ ਕੁਝ ਨੀਵੇਂ ਸ਼ਬਦ ਵੀ ਵਰਤੇ ਹਨ, ਪਰ ਉਸਦਾ ਆਸ਼ਾ ਚੰਗਾ ਹੋਣ ਕਾਰਨ ਇਨ੍ਹਾਂ ਦਾ ਬੁਰਾ ਨਹੀਂ ਮੰਨਣਾ ਚਾਹੀਦਾ। ਇਹ ਕਹਾਣੀ ਨਿਰਾ ਗੀਤ ਹੈ।

ਡਾ. ਦੀਵਾਨਾ ਇਕ ਗੁਰਮੁਖ ਪ੍ਰਾਣੀ ਸੀ, ਧਰਮ-ਕਰਮ ਵਾਲਾ, ਭਜਨ ਬੰਦਗੀ ਵਾਲਾ, ਯੋਗੀ ਤੇ ਭਗਤ। ਪਰ ਉਹ ਸਿੱਖ ਰਹਿਤ-ਮਰਯਾਦਾ, ਸਿੱਖ ਜੀਵਨ-ਦਰਸ਼ਨ ਅਤੇ ਗੁਰਮਤਿ ਆਸ਼ਿਆਂ ਦਾ ਵੀ ਤਕੜਾ ਵਿਆਖਿਆਕਾਰ ਤੇ ਪ੍ਰਚਾਰਕ ਸੀ। ਉਪਰੋਕਤ ਕਹਾਣੀ ਵਿਚ ਵੀ ਇਹ ਆਸ਼ਾ ਸਪੱਸ਼ਟ ਹੈ ਤੇ 'ਜਰਨੈਲੀ ਸੜਕ' ਵਿਚ ਤਾਂ ਲੇਖਕ ਨੇ ਬਹੁਤ ਹੀ ਸੁੰਦਰ ਵਿਆਖਿਆ ਕੀਤੀ ਹੈ। 'ਜਰਨੈਲੀ ਸੜਕ' ਨੂੰ ਉਹ ਸਿੱਖੀ ਨਾਲ ਤਸ਼ਬੀਹ ਦਿੰਦਾ ਹੈ, ਜਿਸ ਨੂੰ ਲੇਖਕ ਇਕ ਅਮੁੱਕ ਕਹਾਣੀ, ਅਕਾਲ ਕਹਾਣੀ, ਅਥਾਹ ਅਦੇਸ ਕਹਾਣੀ ਸਾਰੀ ਸਿੱਖੀ ਦੀ, ਸਾਰੀ ਮਨੁੱਖਤਾ ਦੀ ਕਹਾਣੀ, ਕਹਿੰਦਾ ਹੈ। 'ਸਿੱਖੀ ਤੇ ਮਨੁੱਖਤਾ' ਨੂੰ ਸਮਵਿੱਥ ਤੇ ਰੱਖ ਕੇ ਸਿੱਖ ਰਹਿਤ ਦੀ ਕੀਤੀ ਵਿਆਖਿਆ ਬੇਮਿਸਾਲ ਹੈ। ਹੋਰ ਦੇਖੋ—"ਸਿੱਖੀ ਜਰਨੈਲੀ ਸੜਕ ਹੈ......ਗ੍ਰਿਹਸਤ ਤੇ ਸੰਨਿਆਸ, ਆਪਾ ਤੇ ਵਾਹਿਗੁਰੂ, ਇਸ ਜਹਾਨ ਤੇ ਉਸ ਜਹਾਨ ਆਪ ਸੇਵਾ ਤੇ ਪਰਉਪਕਾਰ, ਸ਼ਰਧਾ ਤੇ ਗਿਆਨ ਨੂੰ ਜੋੜਦੀ ਹੈ ਜਿਵੇਂ ਉਹ ਸੜਕ ਜੋੜਦੀ ਹੈ ਪਿਸ਼ੌਰ ਤੇ ਕਲਕੱਤੇ ਨੂੰ।" ਹੋਰ ਵੀ ਦੇਖੋ, ਲੇਖਕ ਸਿੱਖ ਧਰਮ ਦੀ ਕਿੰਨੀ ਵਧੀਆ ਤੇ ਮੰਨਣਯੋਗ ਵਿਆਖਿਆ ਕਰਦਾ ਹੈ—"ਮਸੀਤਾਂ ਇੱਟਾਂ ਨਾਲ ਬਣਦੀਆਂ ਹਨ ਗਾਰੇ ਨਾਲ, ਮੰਦਰ ਮੂਰਤੀਆਂ ਨਾਲ, ਗਿਰਜੇ ਕਲਸਾਂ ਤੇ ਘੰਟਿਆਂ ਨਾਲ। ਪਰ ਧਰਮਸਾਲ ਗੁਰਦੁਆਰਾ ਬਣਦਾ ਹੈ ਸਿਫਤ ਬਾਣੀ ਦੀ ਗੁੰਜਾਰ ਨਾਲ, ਸੰਗਤ ਦੇ ਜੁੜਣ ਨਾਲ, ਲਿਵ ਦੀ ਲੀਨਤਾ ਨਾਲ, ਨਾਮ ਦੀ ਖ਼ੁਮਾਰੀ ਬਿਹਾਵਣ ਨਾਲ, ਕਾਰਖਾਨੇ ਤੇ ਵਕਤ ਤੇ ਥਾਂ ਤੇ ਸਾਥ ਤੇ ਬਾਈਸਿਕਲ ਤੇ ਪੱਣੇ ਬੱਧੀ ਰੋਟੀ ਨੂੰ ਭੁੱਲਣ ਨਾਲ ਤੇ ਇਕ ਆਪਣੀ ਮਨੁੱਖੀ ਆਤਮਕ ਲੋੜ ਤੇ ਇਕ ਉਸ ਬਿਘਨ ਬਿਨਾਸਨ, ਸਭ ਦੁਖ ਨਾਸਨ, ਨੂੰ ਚੇਤੇ ਕਰਨ ਨਾਲ।" ਇਹ ਇਕ ਸੰਗੀਤਮਈ ਸ਼ੈਲੀ ਵਿਚ ਲਿਖੀ ਵਾਤਾਵਰਣ ਪ੍ਰਧਾਨ ਸ਼ੈਲੀ ਹੈ ਅਤੇ ਲੇਖਕ ਆਪਣੇ ਸ਼ਬਦਾਂ ਦੀ ਜੜਤ ਨਾਲ ਹੀ ਇਹ ਵਾਤਾਵਰਣ ਉਸਾਰਦਾ ਹੈ. ਨਾ ਘਟਨਾ ਹੈ, ਨਾ ਕੋਈ ਸਥਾਨ ਜਾਂ ਪਾਤਰ, ਫਿਰ ਵੀ ਇਕ ਥਰਕਦਾ ਸੰਗੀਤ ਤੇ ਲਰਜ਼ਦੀ ਮਨੁੱਖੀ ਹੋਂਦ ਦੀ ਕਹਾਣੀ ਹੈ।

ਇਸੇ ਤਰ੍ਹਾਂ ਇਕ ਹੋਰ ਕਹਾਣੀ ਹੈ 'ਮਾਂ-ਪੁੱਤ' ਜਿਸਦਾ ਕੇਂਦਰ ਬਿੰਦੂ ਨਾਨਕ-ਫ਼ਲਸਫ਼ਾ ਹੈ। ਇਸ ਕਹਾਣੀ ਵਿਚ ਵਾਰਤਾਲਾਪ ਰਾਹੀਂ ਗੁਰੂ ਨਾਨਕ ਦੇਵ ਦੇ ਅਗਮ ਜੀਵਨ ਦਰਸ਼ਨ ਦੀ ਬਾਤ ਪਾਈ ਗਈ ਹੈ। ਨਾਨਕ ਮਰਦਾਨੇ ਨੂੰ ਨਾਲ ਨਹੀਂ ਲੈ ਗਏ, ਕੋਈ ਲਿਜਾ ਹੀ ਨਹੀਂ ਸਕਦਾ ਸਚਖੰਡ ਦੀ ਯਾਤਰਾ ਤੇ। ਮਾਂ ਆਪਣੇ ਪੁੱਤਰ ਨੂੰ ਗੁਰੂ ਨਾਨਕ ਦੀਆਂ ਪਿਆਰਾਂ ਵੰਡਦੇ, ਦੁੱਖਾਂ ਭਾਗਦੇ ਤੇ ਜੀਵਨ ਗੱਡੀ ਚਲਾਉਂਦੇ ਜੀਵਨ ਦੀਆਂ ਗੱਲਾਂ ਵਿਚ ਪਰਚਾਈ ਰਖਦੀ ਹੈ ਅਤੇ ਸੁੰਦਰ ਕਹਾਣੀ ਉਸਰ ਜਾਂਦੀ ਹੈ। ਇਸ ਨਾਲ ਨਾਨਕ-ਫ਼ਲਸਫ਼ਾ ਵੀ ਸਾਫ਼ ਹੁੰਦਾ ਹੈ ਅਤੇ ਮਾਂ-ਪੁੱਤਰ ਦਾ ਪਿਆਰ ਵੀ ਉਜਾਗਰ ਹੁੰਦਾ ਹੈ।

Sri Satguru Jagjit Singh Ji Elibrary NamdhariElibrary@gmail.com

'ਡਾਕਟਰ ਅਗਮਾ' ਇਕ ਹੋਰ ਚਰਿਤ੍ਰ ਪ੍ਰਧਾਨ ਕਹਾਣੀ ਹੈ ਜਿਸ ਵਿਚ ਸਮਾਜ-ਸੇਵਾ, ਪ੍ਰਭੂ ਬੰਦਗੀ ਤੇ ਪਿਆਰ-ਸ਼ਰਧਾ, ਨੂੰ ਦੁਨਿਆਵੀ ਪਿਆਰ/ਮੋਹ ਅਤੇ ਧੰਦਿਆਂ ਉੱਤੇ ਤਰਜੀਹ ਦਿੱਤੀ ਗਈ ਹੈ। ਸਿੱਖ ਫਲਸਫ਼ੇ ਵਿਚ ਅੰਗ-ਅੰਗ ਰੰਗੀ ਡਾ. ਅਗਮਾ ਇਕ ਕਰਮਯੋਗਨ ਸਿੱਖ-ਮਰਯਾਦਾ ਦੀ ਜ਼ਿੰਦਾ ਮਿਸਾਲ ਹੈ : ਬਾਬਾ ਹਰਧਿਆਨ ਸਿੰਘ ਪਿਨਸ਼ਨੀਆ, 6 ਫੁੱਟ 2 ਇੰਚ ਕੱਦ, ਭਰਵਾਂ ਅੰਗ, ਪੰਜਾਬੀ, ਅੰਗ੍ਰੇਜ਼ੀ ਫ਼ਾਰਸੀ, ਸੰਸਕ੍ਰਿਤ, ਬੰਗਾਲੀ ਤੇ ਮਰਾਠੀ ਜਾਣਦਾ ਹੈ, ਸੱਚੇ ਸਿੱਖ ਵਾਂਗ ਦਸਵੰਧ ਕੱਢਦਾ ਹੈ। ਉਸ ਦੀ ਧੀ ਅਗਮਾ ਹੈ, ਜਿਸ ਬਾਰੇ ਉਹ ਕਹਿੰਦਾ ਹੈ— ਇਹ ਮੇਰੇ ਅਗਮ ਨਿਗਮ ਦੀ ਖੰਡ ਹੈ ਜਿਸਦੀ ਗਮਤਾ ਸਾਡੇ ਵੱਸ ਦੀ ਵਸਤ ਨਹੀਂ।" ਇਹ ਕੁੜੀ ਮਾਂ-ਚਿੰਤਪੂਰਣੀ ਦੀ ਸੰਤਾਨ ਹੈ ਜੋ 'ਮਿੱਠੀ, ਸੋਹਣੀ, ਪਵਿੱਤਰ ਤੇ ਦਰਿੜ੍ਹਮਤੀ ਹੈ—ਤਿਨ ਬੰਦੀਅਨ ਕੀ ਕੁਲ ਵਿਖੇ ਪ੍ਰਗਟੇ ਨਾਨਕ ਰਾਇ'—ਐਮ. ਏ. (ਸਮਾਜ ਵਿਗਿਆਨ) ਹੈ। ਪ੍ਰੋਫ਼ੈਸਰ ਲੱਗੀ ਪਰ ਨੌਕਰੀ ਛੱਡ ਕੇ 'ਜਨ ਸੇਵਾ ਸੰਘ' ਵਿਚ ਸ਼ਾਮਲ ਹੋ ਜਾਂਦੀ ਹੈ, ਤੇ ਕਾਮਿਆਂ ਦਾ ਜੀਵਨ ਜੀਉਣ ਲੱਗੀ। ਮਾਂ ਵਿਆਹ ਦੀ ਗੱਲ ਲਿਖਦੀ ਤਾਂ ਲਿਖ ਭੇਜਦੀ—'ਸੇਵਕ ਕਉ ਸੇਵਾ ਬਨ ਆਈ ਹੁਕਮਿ ਬੂਝ ਪਰਮ ਪਦ ਪਾਈ।' 1936 ਵਿਚ ਕਲਕੱਤੇ ਤੋਂ ਪੀ. ਐਚ. ਡੀ ਕਰ ਲਈ। ਡਿਗਰੀ ਤਾਂ ਲੈ ਲਈ ਪਰ ਅਗਮਾ ਆਪਣੀ ਸੁੰਦਰਤਾ ਤੇ ਅਰੋਗਤਾ ਗੁਆ ਬੈਠੀ, ਮਾਂ-ਧੀ ਪਹਿਲਗਾਮ ਜਾ ਰਹੀਆਂ। ਉਥੇ ਸ਼ਰਨਾਗਤ ਸਿੰਘ ਅਗਮਾ ਵੱਲ ਖਿੱਚਿਆ ਜਾਂਦਾ ਹੈ। ਦੋਵਾਂ ਵਿਚਾਲੇ ਪਹਾੜਾਂ ਦੀ ਸੁੰਦਰਤਾ ਤੇ ਪਹਾੜੀ ਲੋਕਾਂ ਦੀ ਅਸੁੰਦਰਤਾ ਬਾਰੇ ਬਹੁਤ ਸੁੰਦਰ ਵਾਰਤਾ ਹੁੰਦੀ ਹੈ। ਇਥੇ ਲੇਖਕ ਆਪਣਾ ਸਿੱਧਾਂਤ-ਵਾਦ ਦੁਹਰਾਉਂਦਾ ਹੈ--- "ਮਿੱਤਰਤਾ ਦੀ ਜਾਨ ਪਰਾਨ ਹੁੰਦੀ ਹੈ ਇਕਸੁਰਤਾ, ਰੁਚੀ ਮੇਲ ਤੇ ਮਿੱਤਰਤਾ ਸ਼ੱਤਰਤਾ (ਦੁਸ਼ਮਣੀ) ਪਿਛਲਿਆਂ ਜਨਮਾਂ ਦਿਆਂ ਸੰਸਕਾਰਾਂ ਦਾ ਫਲ ਹੁੰਦੀ ਹੈ।" ਮਾਂ-ਧੀ ਤੇ ਸ਼ਰਨਾਗਤ ਤਿੰਨੋ ਅਮਰਨਾਥ ਦੀ ਯਾਤਰਾ ਕਰਦੇ ਹਨ, ਸ਼ਰਨਾਗਤ ਵਿਆਹ ਦਾ ਪ੍ਰਸਤਾਵ ਰੱਖਦਾ ਹੈ ਤਾਂ ਅਗਮਾ ਕਹਿੰਦੀ ਹੈ —"ਮੇਰਾ ਹੇੜਾ ਸਭ ਲਈ ਹੈ, ਮੈਂ ਬੁੱਢੀ, ਅਣਵਿਆਹੀ ਭੂਆ ਰਹਿ ਕੇ ਹੀ ਮਰਾਂਗੀ।" ਇੰਞ, ਇਸ ਕਹਾਣੀ ਰਾਹੀਂ ਵੀ ਲੇਖਕ ਨੇ ਸਿੱਖੀ ਸਿੱਧਾਂਤਾਂ ਵਿਚੋਂ 'ਨਾਮ-ਸਿਮਰਨ, ਸੇਵਾ, ਤਿਆਗ, ਪ੍ਰੇਮ ਅਤੇ ਸਰਬੱਤ ਦਾ ਭਲਾ' ਦੀ ਸਰਵ-ਉੱਚਤਾ ਦਰਸਾਈ ਹੈ।

ਇਸ ਵਿਸ਼ੇ ਨਾਲ ਸੰਬੰਧਤ ਇਕ ਹੋਰ ਕਹਾਣੀ ਹੈ—'ਲਭੋ' ਜੋ ਪਿੰਡ ਦੀਆਂ ਮਿੱਠੀਆਂ ਯਾਦਾਂ ਦੀ ਕਹਾਣੀ ਹੈ ਤੇ ਨਾਲ ਹੀ ਚਰਿਤ੍ਰ ਪ੍ਰਧਾਨ ਆਤਮ ਕਥਾ ਹੈ ਜਿਸ ਵਿਚ ਸਿੱਖ ਫਲਸਫਾ ਪ੍ਰਗਟ ਹੋਇਆ ਹੈ ਤੇ ਸਿੱਖ ਰਹਿਤ-ਮਰਯਾਦਾ ਵਲੋਂ ਕੀਤੀ ਲੰਮੀ ਯਾਤਰਾ ਦੀ ਕਹਾਣੀ ਹੈ। ਲਭੋ, ਲਾਭ ਕੌਰ, ਮਿਸ ਲਾਭ ਸੂਰੀ, ਭਾਈ (ਜੀ) ਦੀ ਧੀ ਹੈ। ਭਾਈ ਕੁੱਬਾ ਜਾ ਭਾਈ ਖੱਘੂ, ਅਸਲੀ ਨਾਂ ਹੁਕਮ ਸਿੰਘ, ਪਰ ਮੁੰਡੇ ਭਾਈ ਹੁਕੂ ਕਹਿੰਦੇ : ਲਭੋ ਪਿੰਡ ਦੇ ਗੁਰਦੁਆਰੇ ਦੀ ਧੀ ਹੈ, ਇਸ ਸੰਦਰਭ ਵਿਚ ਲੇਖਕ ਗੁਰੂ-ਘਰ ਦੀ ਸ਼ਾਨ ਦਾ ਵਰਣਨ ਕਰਨ ਦਾ ਲੋਭ ਭਲਾ ਕਿਵੇਂ ਛੱਡ ਸਕਦਾ ਸੀ। ਉਦੋਂ ਗੁਰਦੁਆਰੇ ਵਿਚ ਪ੍ਰਸ਼ਾਦ ਜ਼ਰੂਰ ਮਿਲਦਾ ਸੀ, ਧੀ-ਭੈਣ ਦੀ ਸਾਂਝ ਸੀ ਪਰ ਸੰਭਾਲੀ ਵੇਲੇ ਤੇ ਮਗਰੋਂ ਗੁਰਦੁਆਰੇ-ਜਾਨ ਪਹਿਲਾਂ, ਗੁਰਧਾਮ ਮਗਰੋਂ ਬਣ ਗਏ, ਲੇਖਕ ਨੇ ਇਥੇ ਬਹੁਤ ਬੁਨਿਆਦੀ ਸਵਾਲ ਚੁੱਕਿਆ ਹੈ ਜਵਾਬ ਮਿਲਦਾ

Sri Satguru Jagjit Singh Ji Elibrary NamdhariElibrary@gmail.com

ਹੈ—"ਸਿੱਖ ਜੀਂਦੇ ਰਹੇ ਤਾਂ ਗੁਰਧਾਮ ਬਥੇਰੇ"—ਪਤਾ ਨਹੀਂ ਇਹ ਫਿਲਾਸਫ਼ੀ ਕਿੰਨੀ ਕੁ ਠੀਕ ਹੈ, ਗੰਗਾ ਸਿੰਘ ਹੋਰੀਂ ਜਾਣਨ ਜਾਂ ਸਾਹਬ ਸਿੰਘ ਹੋਰੀ।" ਲੇਖਕ ਪਿੰਡ ਦੇ ਗੁਰਦੁਆਰੇ ਤੇ ਲਭੋ ਨੂੰ ਕਦੇ ਨਹੀਂ ਭੁੱਲ ਸਕਿਆ ਜਿਸ ਲਈ ਉਹ ਕਹਿੰਦਾ ਹੈ, 'ਭੂਤ' ਵੀ ਕਿਆ ਚੀਜ਼ ਹੈ, ਮਗਰੋਂ ਲੱਥਦਾ ਹੀ ਨਹੀਂ। ਲੇਖਕ ਸਿਆਲਕੋਟ, ਲਾਹੌਰ, ਕਰਾਚੀ, ਬਸਰਾ, ਰੰਗੂਨ, ਕਾਨ੍ਹਪੁਰ ਗਿਆ, ਖਬਰੇ ਕੀ-ਕੀ ਵੇਖਿਆ ਗਾਹਿਆ, ਪਰ ਨਾ ਮੈਨੂੰ ਉਹ ਪਿੰਡ ਭੁਲਿਆ, ਨਾ ਗੁਰਦੁਆਰਾ, ਨਾ ਘੁੰਗਣੀਆ ਤੇ ਪਤਾਸ਼ੇ, ਨ ਭਾਈ ਹੁਕੂ ਤੇ ਲੱਭੋ। ਭਾਈ ਸੁੱਕੀਆਂ ਰੋਟੀਆਂ ਵੇਚਦਾ, ਲਾਲਚੀ ਬੰਦਾ ਸੀ, ਰੁਪਿਆ ਉਸ ਕੋਲ ਚੋਖਾ ਸੀ। ਨਵੇਂ ਗੀਤਾਂ ਦੀ ਸਿਰਜਣਾ ਤੇ ਮਿੱਠੇ ਸੰਗੀਤ ਦੀ ਸੁਰ ਛੇੜਦੀ ਇਹ ਕਹਾਣੀ ਭਾਸ਼ਾ ਤੇ ਭਾਵ ਦੋਵਾਂ ਪੱਖੋਂ ਬਹੁਤ ਸਫਲ ਕਹਾਣੀ ਹੈ। ਕੁਝ ਸੁੰਦਰ ਵਾਕ, ਮੁਹਾਵਰੇ ਦੇਖੋ— 'ਹੇਠੀ ਜਨਾਨੀ ਦੀ ਜਾਤ ਅੰਦਰ ਵੜੇ ਚੂਹੇ ਖਾਣ ਬਾਹਰ ਨਿਕਲੇ ਤਾਂ ਇਲਾਂ ਪੈਣ', 'ਭਾਈਆਂ ਦੀ ਧੀਆ ਚੰਨ ਚਾਹੜਦੀਆਂ ਹੁੰਦੀਆਂ ਨੇ', 'ਰੁਪਾਏ ਦੀ ਰਾਖੀ ਹੋ ਸਕਦੀ ਹੈ ਦੁਪਾਏ ਦੀ ਨਹੀਂ', 'ਚਮਤਕਾਰ ਹੀ ਹੈ ਇਹ ਕੋਈ ਕਿ ਲਭੋ ਦੇਵੀ ਰਹੀ ਤਾਂ ਕਿਵੇਂ ਰਹਿ ਸਕੀ ?" ਆਦਿ। ਅਤੇ ਲੇਖਕ ਦੇ ਅੰਤਮ ਵਾਕ ਕਿੰਨੇ ਡੂੰਘੇ ਤੇ ਅਰਥ ਭਰਪੂਰ ਹਨ— "ਮੇਰੇ ਲਈ ਹਰ ਉਹ ਘਰ ਜਿਥੇ ਸਤ ਹੈ ਧਰਮਸਾਲ ਹੈ, ਤੇ ਹਰ ਉਹ ਬੇਜ਼ਬਾਨ ਧੀ ਜੋ ਲੁੱਗੀ ਹੁੰਦਿਆਂ ਵੀ ਸੁਰਖਿਅਤ ਹੈ, ਲਭੋ ਹੈ।"

ਲੇਖਕ ਦਾ ਇਕ ਹੋਰ ਹਰਮਨ-ਪਿਆਰਾ ਵਿਸ਼ਾ ਇਸਤਰੀ ਤੇ ਮਰਦ-ਰਿਸ਼ਤੇ ਦੀ ਪਛਾਣ ਹੈ। 'ਲੂਹਲੀ' ਤੇ 'ਆਪਣੀ ਕੁੱਤੀ' ਦੋ ਕਹਾਣੀਆਂ ਇਸ ਵਿਸ਼ੇ ਦੀਆਂ ਜ਼ੋਰਦਾਰ ਕਹਾਣੀਆ ਹਨ। 'ਲੂਹਲੀ' ਦਾ ਵਿਸ਼ਾ ਪਤੀ ਪਤਨੀ ਦਾ ਪਰਸਪਰ ਰਿਸ਼ਤਾ ਜਾਂ ਔਰਤ ਦੀ ਆਜ਼ਾਦੀ ਬਨਾਮ ਘਰ ਦੀ ਬਰਬਾਦੀ' ਕਿਹਾ ਜਾ ਸਕਦਾ ਹੈ। ਦੋ ਪਰਸਪਰ ਵਿਰੋਧੀ ਪੱਖਾਂ ਵਿਚ ਸਮਝੌਤਾ ਲਾਜ਼ਮੀ ਹੈ, ਲੇਖਕ ਇਹੋ ਦੱਸਦਾ ਹੈ। ਕਹਾਣੀ ਦੇ ਦੋ ਭਾਗ ਹਨ—ਪਹਿਲੇ ਭਾਗ ਵਿਚ ਇਕ ਪ੍ਰੋਫੈਸਰ ਪਤੀ ਤੇ ਉਸਦੀ ਪਤਨੀ ਵਿਚਾਲੇ ਪਿਆਰ ਬਾਰੇ ਬਹਿਸ ਹੋ ਰਹੀ ਹੈ। ਬੜੀਆਂ ਹੀ ਆਧੁਨਿਕ ਰੰਗ-ਢੰਗ ਦੀਆਂ ਚੁਲਬੁਲੀਆਂ ਗੱਲਾਂ ਹੁੰਦੀਆਂ ਹਨ, ਪਹਿਲਾਂ ਪਿਆਰ ਦੀ ਗ਼ਲਤੀ ਕਿਸਨੇ ਕੀਤੀ' ਨੂੰ ਲੈ ਕੇ ਮਿੱਠੀਆਂ ਚੂੰਢੀਆਂ ਭਰੀਆਂ ਜਾਂਦੀਆਂ ਹਨ। ਪਤਨੀ ਪਤੀ ਨੂੰ ਤੇ ਪਤੀ ਪਤਨੀ ਨੂੰ ਚੰਗੀ ਫੂਕ ਛਕਾਉਂਦਾ ਹੈ। ਇਸਦੇ ਬਿਲਕੁਲ ਉਲਟ ਇਕ ਹੋਰ ਪਤਨੀ ਹੈ ਕੇਸਰੋ। ਕੇਸਰੋ ਭਾਰਤੀ ਵਿਸ਼ਵਾਸ ਅਨੁਸਾਰ ਪਤੀ ਨੂੰ 'ਪਰਮਸਰ' ਮੰਨਣ ਵਾਲੀ ਔਰਤ ਹੈ। ਕੇਸਰੋ ਦੇ ਮਾਪਿਆਂ ਨੇ ਲਾੜੇ ਨੂੰ ਦਾਜ ਵਿਚ ਮੋਟਰ ਦੇਣੀ ਕੀਤੀ ਪਰ ਨ ਦਿੱਤੀ, ਇਹ ਦੇਖਕੇ ਬੇਕਾਨੀਰੀਆ ਸਰਦਾਰ ਗੁੱਸੇ ਹੋ ਜਾਂਦਾ ਹੈ, ਕੇਸਰੋ ਨੂੰ ਕੋਠੇ ਤੋਂ ਧੱਕਾ ਦੇ ਦਿੰਦਾ ਹੈ, ਕੇਸਰੋ ਲੂਹਲੀ ਹੋ ਗਈ, ਛੇ ਮਹੀਨੇ ਹਸਪਤਾਲ ਪਈ ਰਹੀ ਪਰ ਕਹਿੰਦੀ ਹੈ ਕਿ 'ਮੈਂ ਪਤੀ ਪਰਮੇਸਰ ਵਿਰੁਧ ਗਵਾਹੀ ਨਹੀਂ ਦਿਆਂਗੀ।' ਲੂਲ੍ਹੀ ਹੋਕੇ ਪੇਕੇ ਆ ਬੈਠਦੀ ਹੈ। ਪਤੀ ਨੇ ਦੂਜਾ ਵਿਆਹ ਕਰਵਾ ਲਿਆ, ਪਰ ਦੂਜੀ ਔਰਤ ਡਾਢੀ ਨਿਕਲੀ, ਬੱਚਾ ਨ ਹੋਇਆ, ਉਸਨੂੰ ਕਿਧਰੇ ਉਸਦੀ ਨਨਾਣ ਮਰਵਾ ਨਾ ਦੇਵੇ, ਇਸ ਲਈ ਉਸ ਨੇ ਪਹਿਲਾਂ ਹੀ ਨੰਦੋਈਏ ਦਾ ਫੱਟਾ ਚੁੱਕਤਾ। 'ਜੱਟਾਂ ਕੋਲ ਮਾਰਨ ਦੇ ਦਾਅ ਬਥੇਰੇ' ਵਿਚ ਲੇਖਕ ਦਾ ਜਾਤੀਗਤ

Sri Satguru Jagjit Singh Ji Elibrary NamdhariElibrary@gmail.com

ਵਿਚਾਰ ਪਰ ਸੱਚਾਈ ਸਾਫ਼ ਸਾਫ਼ ਦਿਸਦੇ ਪਏ ਹਨ। ਬੰਤੇ ਨੇ ਭੈਣ ਦੇ ਆਖੇ ਦੂਜੀ ਵਹੁਟੀ ਗੁਰਦੇਈ ਨੂੰ ਪੇਕੀਂ ਘੱਲ ਦਿੱਤਾ ਤੇ ਉਹ ਲੂਹਲੀ ਨੂੰ ਘਰ ਲੈ ਆਇਆ। ਲੇਖਕ ਨਸੀਹਤ ਦਿੰਦਾ ਹੈ—"ਜ਼ਨਾਨੀ ਨੂੰ ਜ਼ਨਾਨੀ—ਨਾਲ ਵੈਰ ਨਹੀਂ ਕਰਨਾ ਚਾਹੀਦਾ, ਨਾ ਮਰਦਾਂ ਨੂੰ ਭੰਡਣਾ ਚਾਹੀਦਾ ਹੈ. ਜੋ ਬਿਧਮਾਤਾ ਨੇ ਲਿਖ ਦਿੱਤਾ ਹੈ, ਅਵੱਸ਼ ਹੋਵੇਗਾ।"

ਦੇਖਿਆ ਜਾਵੇ ਤਾਂ ਇਹ ਅਤਿ ਪਿਛਾਂਹ ਖਿੱਚੂ ਤੇ ਬੰਸੀਦਾ ਵਿਚਾਰ ਹੈ, ਅਜੋਕੇ ਯੁਗ ਵਿਚ ਇਸਨੂੰ ਕੋਈ ਵੀ ਵਿਅਕਤੀ ਸਵੀਕਾਰ ਨਹੀਂ ਕਰੇਗਾ। ਲੇਖਕ 'ਉਹ ਲੂਲ੍ਹੀ, ਉਹ ਟਾਂਡਾ' ਕਹਿ ਕੇ ਦੋਵਾਂ ਦਾ ਮੇਲ ਕਰਵਾਉਂਦਾ ਹੈ। ਪਤੀ ਉਸਦੇ ਸਤ-ਧਰਮ ਦੀ ਪ੍ਰਸੰਸਾ ਕਰਦਾ ਹੈ, ਤਿੰਨ ਬੱਚੇ ਪੈਦਾ ਹੁੰਦੇ ਹਨ ਤੇ ਪਤੀ ਪਤਨੀ ਦੇ ਪੈਰ ਧ ਧੋ ਕੇ ਪੀਂਦਾ ਹੈ। ਇਹ ਘਟਨਾ ਪ੍ਰੋਫੈਸਰ ਦੀ ਪਤਨੀ ਨੇ ਸੁਣਾਈ ਹੈ। ਲੇਖਕ ਦੀ ਟੀਕਾ ਟਿੱਪਣੀ ਵਿਚੋਂ ਉਸਦਾ ਸਮਝੌਤਾਵਾਦੀ ਨਜ਼ਰੀਆ ਸਾਫ਼ ਸਾਫ਼ ਝਲਕ ਰਿਹਾ ਹੈ— "ਜੇ ਜ਼ਨਾਨੀ, ਸਿਦਕੀ ਜਨਾਨੀ ਮਿੱਠੀ ਤੇ ਨੀਵੀਂ ਬਣਕੇ ਰਹ, ਆਕੜ ਤੇ ਕੈੜ ਕੌੜ ਛੱਡ ਛੱਡੇ, ਰੱਬ ਤੇ ਡੰਠੀ ਰਖੇ, ਪਤੀ ਦੀ ਕਦੇ ਨਿਰਾਦਰੀ ਨਾ ਕਰੇ, ਨਿੱਕੀਆਂ ਨਿੱਕੀਆਂ ਗੱਲਾ ਵਿਚ ਵੀ; ਤੇ ਉਸਦੀ ਅੱਖ ਦੇ ਇਸ਼ਾਰੇ ਤੇ ਚੱਲੇ, ਉਸਦੇ ਦਿਲ ਦੀ ਬੁੱਝੇ, ਅਣਡਿੱਠ ਕਰੇ, ਆਖਿਆ ਮਿੱਠਾ ਕਰੇ, ਤਾਂ ਕੋਹੰ ਜਿਹਾ ਵੀ ਪਤੀ ਹੋਵੇ, ਜ਼ਨਾਨੀ ਅੱਗੇ ਗੋਡੇ ਟੇਕੇ ਬਗੈਰ ਰਹਿ ਨਹੀਂ ਸਕਦਾ।" ਪ੍ਰੋਫੈਸਰ ਦਾ ਕਥਨ ਇਸ ਲਖਸ਼ ਨੂੰ ਆਧੁਨਿਕ ਸੋਚ ਨਾਲ ਜੋੜਨ ਦਾ ਸੁਚੱਜਾ ਯਤਨ ਹੈ— ਉਹ ਕਹਿੰਦਾ ਹੈ— ਪ੍ਰੇਮ ਹੋਇਆ Wild Passion ਵਿਕਰਾਲ ਮੋਹ, ਪਿਆਰ ਹੋਇਆ Continuous adjustment, ਅਤੁੱਟ ਮਿਲਾਣ, ਜੋੜ ਤੇ ਸਤ ਧਰਮ ਹੋਇਆ Utter surrender ਪੂਰਨ ਸਰਨਾਗਤੀ ਪਿਆਰ ਤੇ ਹੀ ਵਡ਼ਾ ਹੈ।"

ਇਸ ਵਿਸ਼ੇ ਦੀ ਪਰ ਰਤਾ ਕੁ ਹਟਕੇ ਲਿਖੀ ਇਕ ਹੋਰ ਕਹਾਣੀ ਹੈ— 'ਆਪਣੀ ਕੁੱਤੀ'। ਮੁੰਸ਼ੀ ਸੁਖਰਾਜ ਦੀ ਇਹ ਚਰਿਤ੍ਰ ਪ੍ਰਧਾਨ ਕਹਾਣੀ ਹੈ। ਦੋ ਭਰਾ, ਵੱਡਾ ਰਾਮ ਧਨ ਤੇ ਛੋਟਾ ਈਸ਼ਰਦਾਸ ਹੈ। ਛੋਟੇ ਈਸ਼ਰਦਾਸ ਦੇ ਵਿਆਹ ਵੇਲੇ ਮੁੰਸ਼ੀ ਉਸਨੂੰ ਕਹਿੰਦਾ ਹੈ— ਪੁੱਤਰ ਆਪਣੀ ਜੁੱਤੀ ਆਪਣੇ ਪੈਰੀ ਹੀ ਸੋਭਦੀ ਹੈ। ਪਰ ਗੁਰਦੇਈ ਪੈਰ ਦੀ ਜੁੱਤੀ ਨਹੀਂ ਸਗੋਂ ਸਿਰ ਦਾ ਸ਼ਤੀਰ ਸਾਬਤ ਹੁੰਦੀ ਹੈ। ਉਹ ਕਹਿੰਦੀ ਹੈ—"ਬੁੱਢੇ ਚੰਰੇ ਦੀ ਮਤ ਮਾਰੀ ਗਈ ਹੈ। 'ਕੁੜੀ ਪੁੱਜਕੇ ਬਦਤਮੀਜ਼, ਉਜੱਡ, ਅੜੀਅਲ ਹੈ, ਜ਼ਨਾਨੀ ਨਹੀਂ ਕੋਈ ਲਚਰ ਜਾਤ ਹੈ।" ਜਦ ਈਸ਼ਰਦਾਸ ਨੇ ਮੁੰਸ਼ੀ ਸੁਖਰਾਜ ਚਾਚੇ ਨੂੰ ਦੁਖ ਦੱਸੇ ਕਿ ਉਸਦੀ ਪਤਨੀ ਅਵੈੜ ਹੈ ਤਾਂ ਚਾਚੇ ਨੇ ਜੋ ਸਿੱਖ-ਮਤ ਦਿੱਤੀ, ਉਹ ਬੜੀ ਪਤੇ ਦੀ ਹੈ, ਉਹ ਸਿੱਖ ਇਸ ਤਰ੍ਹਾਂ ਹੈ— "ਕੰਨ ਲਾ ਕੇ ਸੁਣ, ਆਪਣੀ ਕੁੱਤੀ ਨਹੀਂ ਕਦੇ ਸਾਨੂੰ ਹੀ ਭੌਂਕਦੀ ? ਭੌਂਕਦੀ ਛੋੜ ਨਹੁੰਦਰਾ ਮਾਰਦੀ ਤੇ ਕਦੀ ਕਦੀ ਵੀ ਮਾਰ ਬੈਂਹਦੀ। ਆਪਣੀ ਕੁੱਤੀ ਫਿਰ ਵੀ ਆਪਣੀ ਹੈ। ਈਸ਼ਵਰ ਦਾਸ ਦੀ ਮੁਸਕੜੀ ਨਿਕਲ ਗਈ। ਮੰਤਰ ਜਪਦਾ ਹੈ—ਆਪਣੀ ਕੁੱਤੀ, ਆਪਣੀ ਕੁੱਤੀ।'

ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਡਾ. ਦੀਵਾਨਾ ਪ੍ਰਗਟਾ ਤਾਂ ਯਥਾਰਥ ਰਿਹਾ ਹੈ ਪਰ ਇਸਤਰੀ ਬਾਰੇ ਸ਼ਬਦ ਬੜੇ ਭੈੜੇ ਵਰਤਦਾ ਹੈ ਜਿਵੇਂ 'ਆਪਣੀ ਜੁੱਤੀ ਤੇ ਆਪਣੀ ਕੁੱਤੀ'। ਪਰ ਜੇ ਗਹੁ ਨਾਲ ਦੇਖੀਏ ਤਾਂ ਇਹ ਕੌੜੇ ਬੋਲ ਡਾ. ਦੀਵਾਨਾ ਦੇ ਨਹੀਂ ਸਗੋਂ

Sri Satguru Jagjit Singh Ji Elibrary NamdhariElibrary@gmail.com

ਆਮ ਜਨਤਾ ਵਿਚ ਘਰ ਕਰ ਚੁੱਕੇ ਹਨ ਜਿਨ੍ਹਾਂ ਨੂੰ ਲੋਕ-ਮਨ ਬਹੁਤ ਪਹਿਲਾਂ ਸਵੀਕਾਰ ਕਰ ਚੁੱਕਾ ਹੈ ਤੇ ਜੀਵਨ ਦੀ ਵਾਸਤਵਿਕਤਾ ਕਰਕੇ ਮੰਨਦਾ ਹੈ। ਇਨ੍ਹਾਂ ਸ਼ਬਦਾਂ ਨੂੰ ਲੋਕ-ਮਨ ਨਾਲ ਜੋੜ ਕੇ ਦੇਖਣ ਦੀ ਲੋੜ ਹੈ, ਲੇਖਕ ਨਾਲ ਨਹੀਂ। ਲੇਖਕ ਕਹਾਣੀ ਰਾਹੀਂ ਸੰਦੇਸ਼ਾ ਇਹੋ ਦੇਣਾ ਚਾਹੁੰਦਾ ਹੈ ਕਿ ਇਸਤਰੀ ਤੇ ਮਰਦ ਦਾ ਰਿਸ਼ਤਾ ਪਰਸਪਰ ਸਮਝਦਾਰੀ ਤੇ ਅਪਣੱਤ ਦੀ ਭਾਵਨਾ ਨਾਲ ਹੀ ਨਿਭ ਸਕਦਾ ਹੈ। ਦੋਵਾਂ ਧਿਰਾਂ ਨੂੰ ਇਕ ਦੂਜੇ ਦੇ ਕਈ ਔਗੁਣ ਇਸ ਲਈ ਅੱਖੋਂ ਉਹਲੇ ਕਰਨੇ ਚਾਹੀਦੇ ਹਨ ਕਿ ਉਹ ਧਿਰ ਉਸਦਾ ਆਪਣਾ ਹੀ ਤਾਂ ਰੂਪ ਹੈ।

ਸੰਗ੍ਰਹਿ ਦੀਆਂ ਦੋ ਕਹਾਣੀਆਂ 'ਸੁਆਲ' ਅਤੇ 'ਇਕ ਕਵੀ' ਸਾਹਿੱਤ ਨਾਲ ਸੰਬੰਧਤ ਕਹਾਣੀਆਂ ਹਨ। 'ਸੁਆਲ' ਕਹਾਣੀ ਵਿਚ ਲੇਖਕ 'ਆਦਰਸ਼ ਕਹਾਣੀ' (ਦਵਿੰਦਰ ਬਤੀਸੀ) ਵਾਂਗ ਕਹਾਣੀ ਦੀ ਵਿਧਾ ਦੇ ਸਿੱਧਾਂਤਕ ਪੱਖ ਅਤੇ ਸਿਰਜਨਾਤਮਕ ਪ੍ਰਕ੍ਰਿਆ ਦਾ ਸੁੰਦਰ ਸੁਮੇਲ ਕਰਦਾ ਹੈ। ਆਦਰਸ਼ ਕਹਾਣੀ ਵਿਚ ਕਹਾਣੀ ਦੇ ਸਾਰੇ ਤੱਤਾਂ ਬਾਰੇ ਬਹਿਸ ਸੀ ਤੇ ਮਿਸਾਲਾਂ ਗੁਰੂ ਨਾਨਕ ਨਾਲ ਸੰਬੰਧਿਤ ਇਕ ਸਾਖੀ ਵਿਚੋਂ ਲਈਆਂ ਗਈਆਂ ਸਨ, ਪਰ ਇਥੇ ਕੇਵਲ ਕਹਾਣੀ ਦੇ 'ਅੰਤ' ਬਾਰੇ ਵਿਚਾਰ ਹੈ ਕਿ ਜਿਸ ਉਤੇ ਸਾਰੀ ਕਹਾਣੀ ਦੀ ਸਫਲਤਾ ਨਿਰਭਰ ਕਰਦੀ ਹੈ। ਲੇਖਕ ਸਾਹਮਣੇ ਅਨੇਕ ਵਾਰੀ ਇਹ ਪ੍ਰਸ਼ਨ ਆਉਂਦਾ ਹੈ "ਮੈਂ ਕਹਾਣੀ ਕਿਵੇਂ ਲਿਖਦਾ ਹਾਂ" ਤਾਂ ਜਵਾਬ ਇਹੋ ਮਿਲਦਾ ਹੈ ਕਿ 'ਲਿਖਦਾ ਹੈ ਕਰਤਾਰ, ਸਿਰਜਨਹਾਰ।' ਲੇਖਕ ਦਾ ਕਹਾਣੀ ਦਾ ਵਰਣਨ ਬਹੁਤ ਦਿਲਚਸਪ ਹੈ। ਕਾਲਕਾ ਪ੍ਰਸਾਦ ਬਾਣੀਏ ਦਾ ਚਿਤ੍ਰਣ ਦੇਖੋ —'ਛੇ ਉਂਗਲੀਆਂ ਸਨ ਤੇ ਤਿੰਨ ਧੀਆਂ—ਜਿੰਨਾ ਉਸਦਾ ਸਰੀਰ ਕਾਲਾ ਸੀ, ਕਾਂ ਵਰਗਾ, ਉਸ ਤੋਂ ਵੱਧ ਉਸਦਾ ਰਿਦਾ ਕਾਲਾ ਸੀ, ਕਾਲਾ ਕਲਚੋਟ ਵਰਗਾ। ਅਖਬਾਰੀ ਰਿਪੋਰਟ ਅੰਮ੍ਰਿਤਸਰ ਪੁੱਜਦੇ ਪੁੱਜਦੇ ਹੋਰ ਦੀ ਹੋਰ ਹੋ ਗਈ ਜਿਸਤੋਂ ਸਿੱਟਾ ਕੱਢਦਾ ਲੇਖਕ ਅੰਤ ਵਿਚ ਲਿਖਦਾ ਹੈ—'ਮੈਂ' ਨਹੀਂ ਕਹਾਣੀ ਲਿਖਦਾ, ਕਹਾਣੀ ਆਪਣਾ ਆਪ ਆਪ ਲਿਖਦੀ ਹੈ।"

'ਇਕ ਕਵੀ' ਤਨਜ਼ ਜਾਂ ਵਿਅੰਗ ਹੈ ਇਕ ਕਵੀ ਤੇ, ਇਕ ਦੇ ਮਾਧਿਅਮ ਨਾਲ ਸਮੁੱਚੇ ਕਵੀ-ਸਮਾਜ ਅਤੇ ਕਲਾਕਾਰਾਂ ਉਤੇ। ਜਿਸ ਕਵੀ ਤੇ ਫਬਤੀ ਕਸੀ ਗਈ ਹੈ ਤੇ ਗੁਣ ਵੀ ਗਾਏ ਗਏ ਹਨ, ਉਸ ਦਾ ਮੁਹਾਂਦਰਾ ਉਰਦੂ ਦੇ ਪ੍ਰਸਿਧ ਗਜ਼ਲਗੋ ਮਿਰਜ਼ਾ ਗਾਲਿਬ ਨਾਲ ਮਿਲਦਾ ਹੈ।

ਲੇਖਕ ਕਵੀ ਉੱਤੇ ਤਨਜ਼ ਕਰਦਾ ਹੈ ਤੇ ਇਸ ਤਰ੍ਹਾਂ ਉਸ ਦੀਆਂ ਕੁਝ ਵਿਸ਼ੇਸ਼ਤਾਵਾਂ ਦਰਸਾਈਆਂ ਹਨ ਤੇ ਕੁਝ ਕਮਜ਼ੋਰੀਆਂ ਵੀ, ਜਿਵੇਂ—'ਕਵੀ ਜੀਉਂਦਾ ਹੈ ਨਸ਼ੇ ਦੇ ਸਹਾਰੇ ਪਾਗਲਪਨ ਦੀ ਸ਼ਰਾਬ ਪੀ ਕੇ, ਉਹ ਰੰਗਦਾਰ ਅਰਕ ਸ਼ਰਾਬ ਨਹੀਂ, ਆਤਮ-ਸਨਮਾਨ, ਰੱਬ ਭਰੋਸਾ ਤੇ ਜੱਗ-ਪਰਸੰਸਾ-ਵੰਡ ਦੀ ਸ਼ਰਾਬ ਹੁੰਦੀ ਹੈ। ਦੁਨੀਆਂ ਨੂੰ ਹਰ ਸੱਚਾ ਕਵੀ ਟਿੱਚ ਜਾਣਦਾ ਹੈ ਤੇ ਹਰ ਸੂਫ਼ੀ ਕਵੀ ਕਵਿਤਾ ਨੂੰ ਵੀ ਬਕਵਾਸ।' ਲੇਖਕ ਗਾਲਿਬ ਦੀ ਕਹਾਣੀ ਲਿਖਦਾ ਹੈ—"ਕਹਾਣੀ ਇਉਂ ਹੈ ਕਿ ਗਾਲਿਬ ਇਕ ਕਵੀ ਸੀ, ਮੁਸਲਮਾਨ ਕਵੀ, ਜੋ ਸੂਫ਼ੀ ਖਿਆਲਾਂ ਦਾ ਹੋਣ ਕਰਕੇ (ਜਿਹੜੇ ਜ਼ਮਾਨੇ ਦੀ ਚਾਲ ਤੇ ਆਪਣੇ ਮਿਜਾਜ਼ ਨੇ ਉਹਦੇ ਵਿਚ ਅਨੁਭਵ ਦਾ ਫਲਸਰੂਪ ਮਾਰ ਕੁੱਟ ਕੇ ਭਰ ਦਿੱਤੇ ਸਨ) ਵਾਹਿਗੁਰੂ ਦੀ ਮਿਹਰਤੇ

Sri Satguru Jagjit Singh Ji Elibrary NamdhariElibrary@gmail.com

ਦੁਨੀਆਂ ਦੀ ਨਾਸ਼ਮਾਨਤਾ, ਛਿਨ ਭੰਗਰਤਾ, ਬੇਵਫ਼ਾਈ ਦੇ ਧਿਆਨ ਦੇ ਨਸ਼ੇ ਵਿਚ 73 ਵਰ੍ਹੇ ਕੈਦ ਦੇ ਹਸਦਿਆਂ ਖੇਡਦਿਆਂ, ਮਸ਼ਕਰੀ ਕਰਦਿਆਂ, ਦਾਤਾਂ ਮੰਗਦਿਆਂ, ਖੈਰਾਤਾਂ ਦੇਂਦਿਆਂ, ਸ਼ੇਅਰ ਪੜ੍ਹਦਿਆਂ ਸੁਣਦਿਆਂ, ਰੀਫ਼ੀਊਜੀ ਹੱਕੇ ਮਰਿਆ। ਸਿਪਾਹੀ-ਪੁੱਤ, ਉਪਜੀ, ਮਿਹਨਤੀ, ਦਾਦ ਦੇਊ-ਲੇਊ ਕਵੀ, ਫੇਰ ਖੁੱਲ੍ਹੇ-ਡੁੱਲ੍ਹੇ ਸੁਭਾ ਵਾਲਾ ਫੇਰ ਘਾਇਲ ਪਨਾਹੀ, ਉਹਦੀ ਕਹਾਣੀ ਬੜੀ ਵਕਤੀ, ਲਾਭਵੰਤ ਤੇ 'ਆਦਤਸ਼' ਕਹਾਣੀ ਹੈ ਜੋ ਸੰਤ-ਸਿਪਾਹੀ-ਖਲਾਸੇ-ਨਿਰਮਲ ਸਿੱਖ ਨੂੰ ਰੱਜ ਕੇ ਭਾਉਂਦੀ ਹੈ।

'ਹੱਟੀ' ਅਤੇ ਡੱਡੂ' ਦੋ ਕਹਾਣੀਆਂ ਨੈਤਿਕ ਕਦਰਾਂ-ਕੀਮਤਾਂ ਨਾਲ ਸੰਬੰਧ ਰੱਖਦੀਆਂ ਹਨ। ਹੱਟੀ ਕਹਾਣੀ ਦਾ ਪਿਛੋਕੜ ਸੰਨ ਸਤਾਲੀ ਹੈ ਜਿਸ ਕਾਰਨ ਸਾਰੀ ਕਹਾਣੀ ਵਿਚ ਹੋਰ ਘਟਨਾਵਾਂ ਦੇ ਨਾਲ ਨਾਲ ਘੋਰ ਸੰਕਟ ਦੇ ਸੰਤਾਪ ਤੇ ਵਿਸ਼ਾਦ ਦਾ ਮਾਹੌਲ ਪਸਾਰੀ ਰੱਖਦੀ ਹੈ। ਲੇਖਕ ਆਪਣੀ ਹਰ ਕਹਾਣੀ ਵਿਚ ਆਪਣੀ ਵਿਦਵਤਾ ਦਾ ਪੱਲਾ ਕਦੇ ਵੀ ਨਹੀਂ ਛੱਡਦਾ। ਮੁੱਢ ਵਿਚ ਲੇਖਕ ਪਿੰਡ ਤੇ ਸ਼ਹਿਰ ਦੀ ਹੱਟੀ ਬਾਰੇ ਟੀਕਾ ਟਿੱਪਣੀ ਕਰਦਾ ਹੈ—ਪਿੰਡ ਦੀਆਂ ਹੱਟਾਂ ਸਤਜੁਗੀ ਸਨ, ਜਿਥੇ ਬਾਲ ਆਉਂਦੇ, ਜਿਥੇ ਨਾ ਕੋਈ ਧੱਕਾ ਨਾ ਡੰਡੀਮਾਰ ! ਸ਼ਹਿਰ ਦੀ ਹੱਟੀ ਵਾਲੇ ਮੁਸ਼ਟੰਡੇ—ਘੱਟ ਤੋਲਣਾ, ਭੈੜਾ ਮਾਲ ਦੇਣਾ, ਡੰਡੀ ਮਾਰਨੀ, ਟਿਚਕਰਾਂ ਕਰਨੀਆਂ ਕੁੜੀਆਂ ਨੂੰ ਅਧਰਮ ਦੀ ਵਿਕਰੀ ਕਰਨੀ। ਲੇਖਕ ਸੰਨ ਸੰਤਾਲੀ ਦੇ ਘੱਲੂਘਾਰੇ ਵਿਚ ਬੇਘਰੇ ਹੋ ਕੇ ਦੇਹਰਾਦੂਨ ਆ ਵਸੇ ਦੁਕਾਨਦਾਰਾਂ ਵੱਲ ਦੇਖਕੇ ਇਨ੍ਹਾਂ 'ਕਰੁਣਾ ਤੇ ਕਲੇਸ਼ ਦੀਆਂ ਹੱਟੀਆਂ ਦੀ ਗੱਲ ਇਹਨਾਂ ਸ਼ਬਦਾਂ ਵਿਚ ਕਹਿੰਦਾ ਹੈ—''ਜਦੋਂ ਉੱਜੜ ਕੇ ਅਸੀਂ ਦੇਹਰਾਦੂਨ ਪੁੱਜੇ ਤਾਂ ਫੇਰ ਮੇਰੀ ਅੱਖ ਸੁੱਕੀ ਜਾਂ ਅੱਥਰੂ ਭਿੱਜੀ ਅਖੇ, ਹੱਟੀਆਂ ਤੇ ਪੈਣੀ ਸ਼ੁਰੂ ਹੋ ਗਈ, ਉਨ੍ਹਾਂ ਹੱਟੀਆਂ ਤੇ ਜੋ ਘਰੋਂ ਕੱਢੇ, ਦੇਸੋਂ ਧੱਕੇ, ਅਬਰੋਂ ਮਹਿਰੂਮੀਏ ਤੇ ਖੀਸਿਉਂ ਖਾਲੀ, ਵਤਨੀਆਂ ਹੱਥੋਂ ਦੁਰਕਾਰੇ ਪੰਜਾਬੀ ਥਾਂ ਥਾਂ ਤੇ ਪਾਈ ਬੈਠੇ ਸਨ, ਸੜਕ, ਖਾਲ ਦੇ ਕੰਢੇ, ਅਸਤਬਲਾਂ ਵਿਚ, ਗੰਦੇ ਨਾਲੇ ਲਾਗੇ, ਦੁਕਾਨਾਂ ਦੀਆਂ ਵਿਹਲੀਆਂ ਖੂੰਜਾਂ ਵਿਚ, ਲਕੜੀ ਉੱਤੇ ਤੇ ਖਬਰੇ ਹੋਰ ਕਿੱਥੇ ਕਿੱਥੇ।'' ਇਥੇ ਲੇਖਕ ਦੇ ਵਿਸ਼ੇਸ਼ਣ ਦੇਖਣ ਵਾਲੇ ਹਨ, ਮੌਲਿਕ ਤੇ ਸਮਾਸ-ਪ੍ਰਧਾਨ ਹਨ। ਲੇਖਕ ਕਹਿੰਦਾ ਹੈ—''ਮੈਨੂੰ ਇਹ ਹੱਟੀਆਂ ਸਤਜੁਗੀ ਲੱਗਦੀਆਂ ਤੇ ਸਾਰੇ ਬਦੇ ਮੈਨੂੰ ਆਪਣੇ ਭੈਣ ਭਰਾ, ਤਾਏ ਚਾਚੇ।'' ਲੇਖਕ ਦੀ ਹਮਦਰਦੀ ਕਿਥੇ ਹੈ, ਸਮਝਣ ਵਿਚ ਢਿੱਲ ਨਹੀਂ ਲੱਗਦੀ। ''ਇਕ 30-32 ਵਰਹੇ ਦੇ ਅੰਨ੍ਹੇ ਦੀ ਹੱਟੀ ਸੀ—ਇਹ ਹੱਟੀ ਅੰਨ੍ਹੇ ਨੂੰ ਇਉਂ ਜੱਫੀ ਮਾਰੀ ਬੈਠੀ ਹੈ ਜਿਵੇਂ ਕ੍ਰਿਸ਼ਨ ਜੀ ਸੂਰਦਾਸ ਨੂੰ ਫੜੀ ਬੈਠੇ ਹੋਣ।'' ਹੋਰ ਦ੍ਰਿਸ਼ ਦੇਖੋ—ਮਹਿੰਗਾ ਸ਼ਾਹ ਕਾਰਖਾਨੇਦਾਰ, ਵੰਡ ਵੇਲੇ, ਮੁਸਲਮਾਨ ਭੈਣ ਦੀ ਇੱਜ਼ਤ ਲੁੱਟਣ ਵਾਲੇ ਤੋਂ ਅੱਖਾਂ ਵਿਚ ਤੇਜ਼ਾਬ ਦਾ ਛਿੱਟਾ ਮਰਵਾ ਕੇ ਸੂਰਦਾਸ ਹੋ ਗਿਆ—ਕਦੀ ਕਦੀ ਹਟਵਾਣੀਆ, ਮਜ਼ਦੂਰ, ਜੱਟ, ਬੰਦਾ ਹੀ ਨਹੀਂ ਬਣ ਜਾਂਦਾ, ਉਹ ਸਾਖਿਆਤ ਦਿਉਤਾ ਵੀ ਬਣ ਜਾਂਦਾ ਹੈ।'' ਮਹਿੰਗੇ ਦੀ ਭੈਣ ਲਾਡੋ ਮਹਿੰਗੇ ਨੂੰ ਬਹੁਤ ਪਿਆਰ ਕਰਦੀ ਹੈ, ਸੇਠ ਨਾਲ ਸ਼ਾਦੀ ਹੋ ਜਾਂਦੀ ਹੈ। ਮਹਿੰਗੇ ਦੀ ਵੀ ਸ਼ਾਦੀ ਹੋ ਜਾਂਦੀ ਹੈ। ਲੇਖਕ ਸਿੱਟਾ ਕੱਢਦਾ ਹੈ—''ਰੱਬ ਬੜਾ ਨਿਆਂਕਾਰੀ ਹੈ। ਸੇਠ ਨੂੰ ਭਲੇ ਦਾ ਭਲਾ ਤੁਰਤ ਹੀ ਫਲ ਪਇਆ। ਅੱਜ ਤਿੰਨ ਚਾਰ ਮਹੀਨੇ ਹੋਏ ਨੇ ਲਾਡੋ ਨੇ ਚੰਨ ਜੇਹਾ ਪੁੱਤਰ ਜੰਮ ਦਿੱਤਾ ਹੈ। ਨੈਤਿਕ ਜੀਵਨ-ਮੁੱਲਾਂ ਉਤੇ

Sri Satguru Jagjit Singh Ji Elibrary NamdhariElibrary@gmail.com

ਆਧਾਰਿਤ ਇਹ ਕਹਾਣੀ ਪੁਰਾਣਾ ਵਿਸ਼ਾ ਹੁੰਦੇ ਹੋਏ ਵੀ ਆਪਣੀ ਨਿਰੋਲ ਨਵੀਨ ਸ਼ੈਲੀ ਕਾਰਨ ਅਤਿ ਆਧੁਨਿਕ ਜਾਪਦੀ ਹੈ।

'ਡੱਡੂ' ਭਾਗਵਤ ਦੇ ਵਿਸ਼ੇ ਤੇ ਲਿਖੀ ਚਰਿਤ੍ਰ-ਪ੍ਰਧਾਨ ਕਹਾਣੀ ਹੈ। ਇਥੇ ਲੇਖਕ ਨੇ ਆਪਣੀ ਕਹਾਣੀ ਨੂੰ ਇਸ ਚਾਤਰੀ ਨਾਲ ਬੁਣਿਆ ਹੈ ਕਿ ਇਹ ਪਤਾ ਲਗਣਾ ਔਖਾ ਹੈ ਕਿ ਲੇਖਕ ਧਾਰਮਿਕ ਵਿਸ਼ਵਾਸਾਂ ਬਾਰੇ ਵਿਅੰਗ ਕਰ ਰਿਹਾ ਹੈ ਜਾ ਇਨ੍ਹਾਂ ਦੀ ਪ੍ਰੋੜ੍ਹਤਾ। ਕਹਾਣੀ ਦਾ ਮੁੱਢ ਤੇ ਅੰਤ ਦੋਵੇਂ ਹੀ ਕਲਾਤਮਕ ਹਨ। ਆਰੰਭ ਦੇਖੋ—"ਕਦੀ ਮਨੁੱਖ ਜਾਗਦਾ ਰਹਿੰਦਾ ਹੈ, ਪਰ ਭਾਗ ਸਉਂ ਜਾਂਦੇ ਨੇ, ਕਦੀ ਬੰਦਾ ਸਉਂ ਜਾਦਾ ਹੈ ਤੇ ਭਾਗ ਜਾਗਦੇ ਰਹਿੰਦੇ ਨੇ। ਤੇ ਕੌਣ ਕਹਿੰਦੈ ਡੱਡੂਆਂ ਦੇ ਭਾਗ ਨਹੀਂ ਜਾਗਦੇ।" ਇਸੇ ਨੂੰ ਕਹਾਣੀ ਦਾ ਵਿਸ਼ਾ ਵੀ ਮੰਨਿਆ ਜਾ ਸਕਦਾ ਹੈ। ਕਹਾਣੀ ਦਾ ਪਲਾਟ ਕੁਝ ਇਸ ਤਰ੍ਹਾਂ ਹੈ—ਹਰੀ ਸਰਮਾ ਕੰਗਾਲ ਨਹੀਂ ਪੁੱਜ ਕੇ ਮੂਰਖ ਤੇ ਦਲਿਦਰੀ ਵੀ ਹੈ। ਇਕ ਹੋਰ ਨਗਰ ਦੇ ਅਸਬੂਲ ਦੱਤ ਕੋਲ ਚਾਕਰੀ ਕਰਦਾ ਹੈ, ਉਥੇ ਵੀ ਮਾਨ ਨਾ ਮਿਲਿਆ। ਉਸਨੂੰ ਇਕ ਤਰਕੀਬ ਸੁੱਝਦੀ ਹੈ, ਜੁਆਈ ਦਾ ਘੋੜਾ ਚੁਰਾ ਕੇ ਦੂਰ ਬੰਨ੍ਹ ਦਿੰਦਾ ਹੈ, ਫੇਰ ਜੋਤਸ਼ (?) ਆਸਰੇ ਦੱਸਕੇ ਰੌਅਬ ਪਾ ਲਿਆ। ਰਾਜੇ ਦੇ ਮੰਤ੍ਰੀ ਚੰਗੀ ਹੁੰਦੇ ਹਨ, ਹਰੀ ਸ਼ਰਮਾ ਨੂੰ ਸੱਦਿਆ ਗਿਆ। ਵਕਤ ਪੈ ਗਿਆ, ਜਿਭਾ (ਭੈਣ) ਤੇ ਹੀਰਾਮਨ (ਭਾਈ) ਹਨ ਰਾਜੇ ਦੇ ਜਿਨ੍ਹਾਂ ਚੋਰੀ ਕੀਤੀ ਸੀ, ਸ਼ਰਮਾ ਬੜਬੜਾਹਟ ਵਿਚ ਜੀਭ ਤੇ ਮਨ ਨੂੰ ਕੋਸਦਾ ਹੈ ਕਿ ਕਿੱਥੇ ਫਸਾ ਦਿੱਤਾ ਇਨ੍ਹਾਂ ਨੇ। ਚੰਗੇ ਭਾਗਾਂ ਨੂੰ ਰਾਜੇ ਦੀ ਭੈਣ ਜਿਭਾ ਚੋਰੀ ਮੰਨ ਲੈਂਦੀ ਹੈ ਤੇ ਹਰੀ ਸਰਮਾ ਦੇ ਭਾਗ ਖੁਲ੍ਹ ਜਾਂਦੇ ਹਨ। ਮੰਤਰੀ ਕਹਿੰਦਾ ਹੈ ਕਿ ਇਕ ਵਾਰੀ ਮੁੜ ਪਰੀਖਿਆ ਲਉ ਕਿ ਕਿਹੋ ਜਿਹਾ ਜੋਤਸ਼ੀ ਹੈ। ਹਰੀ ਸ਼ਰਮਾ ਮੂਹਰੇ ਨਵਾਂ ਘੜਾ ਤੇ ਡੱਡੂ ਲਿਆ ਧਰਿਆ, ਡਰ ਕੇ ਬਰੜਾਣ ਲੱਗਾ—ਲੈ ਓਏ ਡੱਡੂਆ, ਬੱਚਾ ਆ ਗਿਆ ਕਿ ਅੰਤ ਕਾਲ। ਬੱਸ ਫੇਰ ਕੀ ਸੀ, ਰਾਜਾ ਭਗਤ ਬਣ ਗਿਆ ਤੇ ਇਨਾਮ ਦਿੱਤੇ। ਲੇਖਕ ਕਹਾਣੀ ਦਾ ਅੰਤ ਕਰਦਾ ਕਹਿੰਦਾ ਹੈ—ਗੱਲ ਸਾਰੀ ਭਾਗਾਂ ਦੀ ਹੈ—ਭਾਗ ਜਾਗਦੇ ਨੇ ਤਾ ਕੋਈ ਕੁਝ ਨਹੀਂ ਵਿਗਾੜ ਸਕਦਾ। ਕਹਾਣੀ ਵਿਚ ਵਿਸ਼ਵਾਸ ਵੀ ਉਘੜਦਾ ਹੈ, ਵਿਅੰਗ ਵੀ ਤੇ ਹਾਸ ਰਸ ਵੀ।

ਇਕ ਹੋਰ ਕਹਾਣੀ 'ਹਾਸ ਰਸ' ਨਾਲ ਸੰਬੰਧਤ ਹੈ 'ਕੁੜਕੂੰ'। ਨਾਇਕ ਖੱਦਰ ਧਾਰੀ ਬੰਤਾ ਸਿੰਘ ਕਾਂਗਰਸੀ ਹੈ। ਬੰਤਾ ਸਿੰਘ ਦੇ ਬਹਾਨੇ ਲੇਖਕ ਦੀ ਇਹ ਆਪਣੀ ਆਪ-ਬੀਤੀ ਹੀ ਜਾਪਦੀ ਹੈ। ਆਪ ਬੀਤੀ ਦਿਲਚਸਪ ਵੀ ਹੁੰਦੀ ਹੈ ਤੇ ਮਗਰੋਂ ਯਾਦ ਆਉਣ ਤੇ ਸੁਆਦ ਵੀ ਦਿੰਦੀ ਹੈ। ਬੰਤਾ ਸਿੰਘ ਗੱਡੀ ਵਿਚ ਸਫ਼ਰ ਕਰ ਰਿਹਾ ਹੈ, ਇਕ ਨੌਜਵਾਨ ਦਾ ਪੈਰ ਉਸਨੂੰ ਲੱਗ ਜਾਂਦਾ ਹੈ। ਜਿਸਨੂੰ 'ਕੁੜਕੂ' ਸਮਝਕੇ ਉਹ ਕਾਂਗਰਸੀ ਪ੍ਰਣ ਕਰ ਬਹਿੰਦਾ ਹੈ ਕਿ ਸਾਰੇ ਰਾਹ ਇਸ ਨਾਲ ਬੋਲਾਂਗਾ ਨਹੀਂ। ਤਿੰਨ ਮੁਸਾਫ਼ਰ ਹੋਰ ਵੀ ਸਨ—ਰਾਇ ਸਾਹਿਬ, ਦਰੋਗਾ ਤੇ ਨੌਜਵਾਨ। ਬੰਤਾ ਸਿੰਘ ਨੂੰ ਕੁੜਕੂੰ ਸਮਝਦਾ ਹੈ ਤੇ ਉਹ ਸਾਰੇ ਇਸਨੂੰ ਡਬਲ ਕੁੜਕੂ। ਸਾਰੇ ਮਿਲਕੇ ਬੰਤਾ ਸਿੰਘ ਨੂੰ ਮਖੌਲ ਕਰਨ ਲੱਗ ਜਾਦੇ ਹਨ—ਕਿ ਤੁਸੀਂ ਕੁਆਰੇ ਹੋ, ਤਾਂ ਹੀ ਐਨੇ ਚਿੱਟੇ ਕਪੜੇ ਪਾਂਦੇ ਹੋ, ਕੀ ਤੁਸੀਂ ਰੋਟੀ ਕਿਸੇ ਗੁਆਚੀ ਦੇ ਖਾਂਦੇ ਹੋ ਤਾਂ ਹੀ ਚਿੱਟੇ ਕਪੜੇ ਹਨ। ਅੰਤ ਵਿਚਾਰਾ ਜਲੰਧਰ ਦੀ ਥਾਂ ਮਾਨਾਂਵਾਲੇ ਹੀ ਉਤਰ ਜਾਂਦਾ ਹੈ

ਤੇ ਕਿਸੇ ਹੋਰ ਡੱਤੇ ਵਿਚ ਜਾ ਵਤਦੇ। ਇਹ ਕਹਿੰਦੇ ਹਨ—ਕੋਈ ਪਾਗਲ ਸੀ, ਦੂਜੇ ਨੇ ਕਿਹਾ—ਨਹੀਂ ਕੋਈ ਛੂਈ ਮੂਈ, ਤੀਜੇ ਨੇ ਕਿਹਾ - ਛੂਈ ਮੂਈ ਕਾਹਨੂੰ—ਕੋਰੜੂ ਮੱਠ ਸੀ। ਵਧੀਆ ਵਾਕ-ਯੋਜਨਾ ਤੇ ਚੁਸਤ ਬੋਲੀ ਸ਼ੈਲੀ ਕਾਰਨ ਇਹ ਹਾਸ ਰਸ ਦੀ ਬਹੁਤ ਵਧੀਆ ਕਹਾਣੀ ਹੋ ਨਿਬੜਦੀ ਹੈ। 'ਸੇਠ' ਕਹਾਣੀ ਵੀ ਹਾਸ-ਰਸ ਦੀ ਕਹਾਣੀ ਹੀ ਹੈ। ਲੇਖਕ ਨੇ ਸੇਠਾਂ ਦੀ ਅੱਯਾਸ਼ੀ ਤੇ ਠਰਕੀ ਸੁਭਾਉ ਬਾਰੇ ਬਹੁਤ ਵਧੀਆ ਤੇ ਮਾਂਜੀ ਸੁਆਰੀ ਟਕਸਾਲੀ ਬੋਲੀ ਵਿਚ ਪ੍ਰਕਾਸ਼ ਪਾਇਆ ਹੈ। ਨਾਲ ਹੀ ਸਿੱਧ ਕੀਤਾ ਹੈ ਕਿ ਡਾਕਟਰ ਤੇ ਵਕੀਲ ਵੀ ਘੱਟ ਨਹੀਂ ਹਨ, ਉਹ ਸੇਠਾ ਦਾ ਮੱਕੂ ਬੰਨ੍ਹ ਕੇ ਉਨ੍ਹਾਂ ਨੂੰ ਲੁੱਟਦੇ ਹਨ, ਇਸ ਲਈ ਡਾਕਟਰ ਤੇ ਵਕੀਲ ਲੱਟੂਆਂ ਦੇ ਵੀ ਲੱਟੂ ਸਿੱਧ ਹੁੰਦੇ ਹਨ। 'ਹੜ੍ਹ' ਨਾਂ ਦੀ ਇਕ ਹੋਰ ਕਹਾਣੀ ਇਸ ਸੰਗ੍ਰਹਿ ਵਿਚ ਹੈ ਜਿਸ ਵਿਚ 1932 ਵਿਚ ਚੀਨ ਵਿਚ ਆਏ ਹੜ੍ਹ ਦਾ ਵਰਣਨ ਹੈ। ਕਹਾਣੀ ਦੇ ਤੌਰ ਤੇ ਇਹ ਕਹਾਣੀ ਬਣਦੀ ਹੀ ਨਹੀਂ, ਪੇਤਲੀ ਰਹਿ ਜਾਂਦੀ ਹੈ। ਨਿਰੀ ਵਾਰਤਾ ਬਣਕੇ ਰਹਿ ਜਾਂਦੀ ਹੈ।

'ਰੰਗ ਤਮਾਸ਼ੇ' ਦੀਆਂ ਕਹਾਣੀਆਂ ਦੇ ਉਪਰੋਕਤ ਵਿਵੇਚਨ ਮਗਰੋਂ ਅਸੀਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਡਾ. ਮੋਹਨ ਸਿੰਘ ਦੀਵਾਨਾ ਦੀ ਕਹਾਣੀ ਨੇ 'ਦੇਵਿੰਦਰ ਬਤੀਸੀ' ਦੇ ਦੌਰ ਨਾਲੋਂ ਕਈ ਪਲਾਂਘਾਂ ਅੱਗੇ ਪੁੱਟੀਆਂ ਹਨ। ਉਸਦੀ ਕਹਾਣੀ ਵਿਚ ਵਧੇਰੇ ਕਲਾਤਮਕਤਾ ਆਈ ਹੈ, ਵਿਚਾਰਾਂ ਵਿਚ ਡੂੰਘਾਈ ਤੇ ਲੋਕ-ਮਨ ਨੂੰ ਪੜ੍ਹ ਸਕਣ ਦੀ ਸਮਰਥਾ ਆਈ ਹੈ, ਭਾਸ਼ਾ ਵਿਚ ਵਧੇਰੇ ਸੱਜਰਾਪਨ, ਸਾਰਥਕਤਾ ਤੇ ਢੁਕਵਾਂਪਨ ਆਇਆ ਹੈ। ਸਭ ਤੋਂ ਵਧੀਆ ਗੁਣ ਉਸਦੀ ਵਾਰਤਕ ਵਿਚ ਕਾਵਿਕਤਾ ਦਾ ਗੁਣ ਹੋਣਾ ਮਿੱਥਿਆ ਜਾ ਸਕਦਾ ਹੈ। ਇਸ ਲਈ ਲੇਖਕ ਨੇ ਮੁਢ ਵਿਚ ਸਹੀ ਤੌਰ ਤੇ ਹੀ ਇਨ੍ਹਾਂ ਕਹਾਣੀਆਂ ਨੂੰ ਲਿਰਿਕਲ ਕਹਾਣੀਆਂ ਕਿਹਾ ਸੀ। ਗੁਰਦਿਆਲ ਸਿੰਘ ਖੋਸਲਾ ਇਨ੍ਹਾਂ ਦੀਆਂ ਕਹਾਣੀਆਂ ਦੇ ਸ਼ੈਲੀ-ਪੱਖ ਬਾਰੇ ਬਹੁਤ ਸੰਤੁਲਿਤ ਟੀਕਾ ਟਿੱਪਣੀ ਕਰਦੇ ਹਨ ਜੋ ਇਥੇ ਦੱਸਣੀ ਕੁਥਾਂ ਨਹੀਂ ਹੋਵੇਗੀ। ਆਪ ਲਿਖਦੇ ਹਨ :

"ਇਸ ਵਿਧੀ ਦੀ ਸਫਲਤਾ ਉਸਦੇ ਹੱਦ ਦਰਜੇ ਦੇ ਵਿਅਕਤੀ ਕ੍ਰਿਤ ਢੰਗ ਉੱਪਰ ਨਿਰਭਰ ਕਰਦੀ ਹੈ। 'ਡਾ. ਸਿੰਘ ਵਧੀਆ, ਸਰਲ ਅਤੇ ਪਾਰਦਰਸ਼ੀ ਵਾਰਤਕ ਲਿਖਦਾ ਹੈ, ਜਿਸ ਵਿਚ ਵਿਵਰਨ ਅਤੇ ਵਾਰਤਾਲਾਪ ਨੂੰ ਕੁਸ਼ਲਤਾ ਪੂਰਵਕ ਸੰਤੁਲਿਤ ਰਖਿਆ ਜਾਂਦਾ ਹੈ। ਜਦ ਕਿ ਉਸਦੀ ਨਪੀ-ਤੁਲੀ ਅਤੇ ਦੁਤਾਗੇ ਮਾਰਦੀ ਵਾਰਤਾਲਾਪ ਪਾਠਕ ਦਾ ਮਨ ਪਰਚਾਉਂਦੀ ਹੈ, ਉਸਦੇ ਵੇਰਵੇ ਕਦੇ ਕਦੇ, ਆਪਣੀ ਹੱਦ ਦਰਜੇ ਦੀ ਸਾਦਗੀ ਤੇ ਸਿੱਧੇਪਨ ਸਦਕਾ ਬਾਈਬਲ ਜਾਂ ਸਾਖੀਆਂ ਵਰਗੀ ਜਾਪਦੀ ਹੈ। ਉਸ ਦੀਆਂ ਕਹਾਣੀਆਂ ਵਿਚ ਹਰ ਥਾਂ ਮੌਨ ਪਰ ਕੋਮਲ ਹਾਸੇ ਦਾ ਸੁਰ ਵਿਦਮਾਨ ਰਹਿੰਦਾ ਹੈ। ਕਦੇ ਕਦੇ ਇਹ ਕੋਮਲ ਵਿਅੰਗ ਦਾ ਰੂਪ ਵੀ ਧਾਰ ਜਾਂਦਾ ਹੈ। ਡਾ. ਸਿੰਘ ਚੋਭ ਅਤੇ ਪ੍ਰਹਸਨ ਰਾਹੀਂ ਅਤੇ ਯੋਗ ਉਪਮਾਵਾਂ ਤੇ ਰੂਪਕਾਂ ਰਾਹੀਂ ਮਾਨਵੀ ਸਮੱਸਿਆਵਾਂ ਬਾਰੇ ਪਾਰਦਰਸ਼ੀ ਟਿੱਪਣੀਆਂ ਕਰਦਾ ਹੈ। ਸਮਕਾਲੀ ਘਟਨਾਵਾਂ ਨਾਲ ਪੰਨੇ ਭਰੇ ਰਹਿੰਦੇ ਹਨ ਪਰ ਉਨ੍ਹਾਂ ਨੂੰ ਰਵਾਇਤੀ ਢੰਗ ਨਾਲ ਨਜਿੱਠਣ ਦੀ ਥਾਂ, ਹੁਣ ਤਕ ਅਣਡਿੱਠ ਕੋਈ ਨਵਾਂ ਪੱਖ ਉਜਾਗਰ ਕੀਤਾ ਜਾਂਦਾ ਹੈ। ਲੇਖਕ ਸਮਾਜ ਦੇ ਸਰੀਰ ਤੇ ਲੱਗੇ ਦੇਸ਼-ਵੰਡ ਦੇ ਡੂੰਘੇ ਪੱਛਾਂ ਦਾ ਵਰਣਨ

Sri Satguru Jagjit Singh Ji Elibrary NamdhariElibrary@gmail.com

ਬਿਨਾਂ ਕਿਸੇ ਤੀਖਣਤਾ ਜਾਂ ਕੜਵਾਹਟ ਤੋਂ ਕਰ ਜਾਂਦਾ ਹੈ। ਉਹ ਜੀਵਨ ਦੀਆਂ ਗ਼ਮੀਆਂ ਤੇ ਸੰਤਾਪਾਂ ਨੂੰ, ਜਿਨ੍ਹਾਂ ਬਾਰੇ ਉਹ ਪੂਰੀ ਤਰ੍ਹਾਂ ਚੇਤੰਨ ਹੈ, ਅੱਖੋਂ ਪਰੋਖਿਉਂ ਨਹੀਂ ਕਰਦਾ, ਸਗੋਂ ਇਨ੍ਹਾਂ ਦਾ ਵਿਸ਼ਵਾਸ ਭਰੀ ਸ਼ਾਂਤੀ ਤੇ ਮੋਨ ਵਿਚ ਰੂਪਾਂਤਰਨ ਕਰ ਦਿੰਦਾ ਹੈ।" (ਪੰਨਾ 234-35)

ਡਾ. ਮੋਹਨ ਸਿੰਘ ਨੇ ਇਕ ਨਵੇਂ ਕਿਸਮ ਦੀ ਕਹਾਣੀ ਨੂੰ ਵਿਕਸਿਤ ਕੀਤਾ ਹੈ, ਜਿਸਦੀ ਸ਼ਕਤੀ ਪੂਰੀ ਤਰ੍ਹਾਂ ਉਸਦੀ ਸ਼ੈਲੀ ਤੇ ਨਿਰਭਰ ਕਰਦੀ ਹੈ। ਇਨ੍ਹਾਂ ਕਹਾਣੀਆਂ ਵਿਚ ਪਲਾਟ ਨਾਂ ਦਾ ਕੁਝ ਵੀ ਨਹੀਂ ਹੁੰਦਾ। ਪਾਠਕ ਉਨ੍ਹਾਂ ਦਾ ਪਾਠ 'ਅੱਗੇ ਕੀ ਹੋਵੇਗਾ' ਵਾਲੇ ਅਸਚਰਜ ਨਾਲ ਨਹੀਂ ਸਗੋਂ ਦਿਲਚਸਪੀ ਨਾਲ ਕਰਦਾ ਹੈ, ਪਰ ਕਿਉਂਕਿ ਉਹ ਪੂਰੀ ਤਰ੍ਹਾਂ ਲੇਖਕ ਦੀ ਗੱਦ ਦੇ ਅਸਰ ਥੱਲੇ ਹੁੰਦਾ ਹੈ ਜਿਸ ਕਾਰਨ ਉਹ ਅੰਤ ਤੱਕ ਕਹਾਣੀ ਵੱਲ ਰੁਚਿਤ ਰਹਿੰਦਾ ਹੈ। 'ਸਾਧੂ' ਅਤੇ 'ਮੈਨਾ ਬੋਲੀ' ਵਰਗੇ ਲੰਮੇ ਟੁਕਾਂ ਵਿਚ ਇਹ ਪ੍ਰਭਾਵ ਘੱਟ ਮਜ਼ਬੂਤ ਹੋਣ ਕਰਕੇ ਪਾਠਕ ਦੀ ਦਿਲਚਸਪੀ ਘਟ ਜਾਂਦੀ ਹੈ, ਅਤੇ ਪਲਾਟ ਦੀ ਲਾਪ੍ਰਵਾਹੀ ਕਰਨ ਵਾਲੀਆਂ ਕਹਾਣੀਆਂ ਵਿਚ ਇਹ ਦੰਮ ਰਹਿੰਦਾ ਹੀ ਹੈ। ਕੁਝ ਕਹਾਣੀਆਂ ਨਿਰੀਆਂ ਰੇਖਾ ਚਿੱਤਰ ਹੀ ਹਨ, ਪਰ ਭਾਵੇਂ ਉਨ੍ਹਾਂ ਨੂੰ ਕੋਈ ਵੀ ਨਾਂ ਦਿੱਤਾ ਜਾਵੇ, ਖਾਸ ਕਰਕੇ 'ਤਾਰਾ ਸਿੰਘ' ਵਰਗੀਆਂ ਕਹਾਣੀਆਂ ਉੱਤਮ ਸਾਹਿੱਤ ਦਾ ਨਮੂਨਾ ਹਨ। ਤਾਰਾ ਸਿੰਘ ਇਕ ਸੰਸਥਾ ਹੈ, ਜੋ ਸਾਡੇ ਸਮਾਜਿਕ ਭਾਈਚਾਰੇ ਵਿਚ ਇਕ ਮਹੱਤਵਪੂਰਨ ਥਾਂ ਰੱਖਦਾ ਹੈ, ਅਤੇ ਡਾ. ਸਿੰਘ ਵਲੋਂ ਉਸਨੂੰ ਅਮਰ ਪਦ ਪ੍ਰਦਾਨ ਕਰਨ ਲਈ ਅਸੀਂ ਉਸਦੇ ਆਭਾਰੀ ਹਾਂ। ਇਸੇ ਤਰ੍ਹਾਂ 'ਇਕ ਟਾਂਡਾ-ਬਾਲਪੁਣੇ ਦੀ ਆਮ ਸਮੱਸਿਆ ਨੂੰ ਇਕ ਸੁੰਦਰ ਤੇ ਮੌਲਿਕ ਮੋੜ ਦਿੰਦਾ ਹੈ, ਇਹੋ ਕਾਰਨ ਹੈ ਕਿ ਕਿਵੇਂ ਇਕ ਸਮਝਦਾਰ, ਹਮਦਰਦੀ ਰਖਣ ਵਾਲਾ ਮਾਤਾ ਪਿਤਾ ਅਣਜਾਣਪੁਣੇ ਵਿਚ ਕੀਤੀ ਬਾਲਕ ਦੀ ਸ਼ਰਾਰਤ ਨੂੰ ਅੱਖ ਪਰੋਖਿਉਂ ਕਰਕੇ ਮਾਫ਼ ਕਰ ਦਿੰਦਾ ਹੈ, ਅਤੇ ਇੰਵ ਇਕ ਵੱਡੀ ਨਾਰਾਜ਼ਗੀ, ਜਿਸ ਨੇ ਕਿ ਕਈ ਬਾਲਪੁਣੇ ਇਥੋਂ ਤਕ ਕਿ ਮਰਦਪੁਣੇ ਤੇ ਇਸਤਰੀ ਪੁਣੇ ਤਬਾਹ ਹੋਣ ਤੋਂ ਬਚਾ ਲਏ ਹਨ।

ਇਹੋ ਜਿਹੀਆ ਕਹਾਣੀਆਂ ਵਿਚ ਸਜੀਵਤਾ ਹੈ ਜੋ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ, ਅਤੇ ਜੋ ਇਨ੍ਹਾਂ ਨੂੰ ਪੜ੍ਹਕੇ ਬਲ ਪ੍ਰਾਪਤ ਕਰਦਾ ਹੈ। ਇਹ ਪ੍ਰਕ੍ਰਿਆ ਅਨੇਕ ਤੱਤਾਂ ਦੇ ਸੁਮੇਲ ਨਾਲ ਪੈਦਾ ਹੁੰਦੀ ਹੈ। ਲੇਖਕ ਪਾਠਕ ਨੂੰ ਆਪਣੇ ਪ੍ਰਭਾਵ ਹੇਠ ਰਖਦਾ ਹੈ, ਉਸਨੂੰ ਆਪਣੇ ਨਾਲ ਹਸਾਉਂਦਾ ਹੈ ਅਤੇ ਆਮ ਫਹਿਮ ਸ਼ਬਦਾਂ ਦੇ ਨਵੇਂ ਪ੍ਰਯੋਗਾਂ ਨਾਲ ਖ਼ੁਸ਼ ਹੁੰਦਾ ਹੈ, ਅਤੇ ਨਵੀਂ ਸ਼ਬਦ-ਘਾੜਤ ਨਾਲ ਉਸਨੂੰ ਚਮਤਕਿਰਤ ਕਰਦਾ ਹੈ। ਇਨ੍ਹਾਂ ਕਹਾਣੀਆਂ ਦੀ ਸੁੰਦਰਤਾ ਅਤੇ ਸਜੀਵਤਾ ਤੋਂ ਹੋੜਣ ਵਾਲੀ ਗੱਲ ਇਹ ਹੈ ਕਿ ਡਾ. ਸਿੰਘ ਦੀ ਸ਼ਬਦ-ਘਾੜਤ ਹਮਸ਼ਾ ਵਧੀਆ ਨਹੀਂ ਹੁੰਦੀ, ਕਿ ਉਹ ਅੰਗ੍ਰੇਜ਼ੀ ਪ੍ਰਗਟਾਉ ਸ਼ੈਲੀ ਵਰਤਦਾ ਹੈ, ਜਿਹੜੀ ਅਜਿਹੀ ਨਹੀਂ ਕਿ ਉਸਤੋਂ ਬਿਨਾ ਗੁਜ਼ਾਰਾ ਨਾ ਹੋ ਸਕੇ, ਅਤੇ ਆਪਣੀ ਮਨੋਕਲਪਣਾ ਅਤੇ ਜਨਮ ਅਤੇ ਜਾਤ ਵਰਗੇ ਆਪਣੇ ਮਨ-ਇੱਛਤ ਵਿਚਾਰਾਂ ਦਾ ਪ੍ਰਗਟਾਵਾ ਕਰਨ ਦੇ ਲੋਭ ਨੂੰ ਛੱਡ ਸਕਣ ਦੇ ਸਮਰਥ ਨਹੀਂ ਹੈ।"

ਪਰਾਂਦੀ*

ਇਹ ਡਾ. ਦੀਵਾਨਾ ਦਾ ਤੀਜਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਕੁੱਲ 11 ਕਹਾਣੀਆਂ ਦਰਜ ਹਨ। ਜਿੱਥੇ 'ਦੇਵਿੰਦਰ ਬਤੀਸੀ' ਦੀਆਂ ਕਹਾਣੀਆਂ ਘਟਨਾ-ਪ੍ਰਧਾਨ ਨਿਜੀ ਤਜਰਬਿਆਂ ਤੇ ਆਧਾਰਤ ਕਹਾਣੀਆਂ ਸਨ 'ਰੰਗ-ਤਮਾਸ਼ੇ' ਦੀਆਂ ਕਹਾਣੀਆਂ ਕਲ਼ਾਤਮਕ ਪ੍ਰਗੀਤਕ ਕਹਾਣੀਆਂ ਸਨ, ਉਥੇ ਪਰਾਂਦੀ ਕਹਾਣੀ ਸੰਗ੍ਰਹਿ ਵਿਚ ਡਾ. ਮੋਹਨ ਸਿੰਘ ਦੀਵਾਨਾ ਦੀ ਕਹਾਣੀ ਨੇ ਇਕ ਹੋਰ ਨਵਾਂ ਮੋੜ ਕੱਟਿਆ ਹੈ। ਉਹ ਮੋੜ ਹੈ ਮਨੋਵਿਗਿਆਨਿਕ ਤੇ ਪ੍ਰਤੀਕਾਤਮਕ-ਕਹਾਣੀ ਲਿਖਣ ਦਾ। ਇਸ ਸੰਗ੍ਰਹਿ ਨੂੰ ਮਾਤਾ ਮੂਲਾਂ ਦੇਵੀ ਨੂੰ ਭਾਵਨਾਭਰੀ ਸ਼ੈਲੀ ਵਿਚ ਇਨ੍ਹਾਂ ਸ਼ਬਦਾਂ ਨਾਲ ਸਮਰਪਿਤ ਕੀਤਾ ਗਿਆ ਹੈ—"ਆਪਣੀ ਪਿਆਰੀ ਮਾਤਾ ਮੂਲਾਂ ਜੀ ਦਿਆਂ ਚਰਨ ਕਮਲਾਂ ਵਿਚ—ਬਿੱਧ ਮਾਤਾ ਨੇ ਮੇਰੀ ਜੀਵਨ ਰੂਪੀ ਕਹਾਣੀ ਛੁਹੀ ਤੇ ਜੋ ਛੁਹਕੇ ਟੁਰਦੀ ਹੋਈ। ਉਸਦੀ ਇਹ ਛੁਹੀ ਕਥਾ ਖ਼ਬਰੇ ਕਿਹੜੇ ਰੰਗ ਰੂਪ ਰਸ ਵਿਚ ਜਾ ਕੇ ਮੁੱਕੇਗੀ, ਭਗਵਾਨ ਹੀ ਜਾਣਦਾ ਹੈ।" ਸੁਰਤ ਸੰਭਾਲਣ ਤੋਂ ਪਹਿਲਾਂ ਮਾਤਾ ਦੀ ਛੁਹੀ ਕਹਾਣੀ ਬਿੱਧ ਮਾਤਾ ਨੇ ਸਿਰੇ ਨਾ ਚੜ੍ਹਣ ਦਿੱਤੀ, ਆਪਣੇ ਪਰਾਏ ਇਕੋ ਜਿਹੇ ਹੋ ਗਏ, ਬੁਢਾਪੇ ਦਾ ਜ਼ੋਰ ਹੈ ਤੇ ਦੀਵਾਨਾ ਆਪਣੀ ਦਿਮਾਗ਼ੀ ਹਾਲਤ ਨੂੰ 'ਸ਼ੁਕਰੀਆ' ਸਿਰਲੇਖ ਅਧੀਨ ਇਕ ਸ਼ਿਅਰ ਦੀ ਸੂਰਤ ਵਿਚ ਇੰਵ ਬਿਆਨ ਕਰਦਾ ਹੈ—"ਪਰਾਯੋਂ ਸੇ ਭੀ ਅਪਨੋਂ ਸੇ ਭੀ, ਬੇਜ਼ਾਰੀ ਕਾ ਵਕਤ ਆਯਾ, ਬੁੜਾਪਾ ਕਿਉਂ ਕਹੂੰ ਇਸਕੋ, ਯਹ ਬੇਦਾਰੀ ਕਾ ਵਕਤ ਆਯਾ।" ਲੇਖਕ ਨੇ ਪਰਿਵਾਰਕ ਦੁਖਾਂਤ ਜੀਵਨ ਤੇ ਇਕਲਾਪੇ ਨੇ ਬੇਜ਼ਾਰੀ ਦੇ ਵਕਤ ਨੂੰ ਬੇਦਾਰੀ ਦਾ ਸੁੰਦਰ ਰੂਪ ਦੇ ਦਿੱਤਾ ਅਤੇ ਫਲਰੂਪ ਪਰਾਂਦੀ ਵਰਗੀਆਂ ਮਨੋਵਿਗਿਆਨਿਕ ਸਫ਼ਲ ਕਹਾਣੀਆਂ, 'ਚਕੋਰੀ' ਵਰਗੀਆਂ ਵਿਅੰਗਾਤਮਕ, ਸਾਹਿੱਤਕ ਤੇ ਰਾਗਾਤਮਕ ਕਹਾਣੀਆਂ ਅਤੇ 'ਸਵਾ ਪੰਜ ਰੁਪਏ' ਵਰਗੀਆਂ ਧਾਰਮਿਕ-ਸਭਿਆਚਾਰਕ ਜਾਗ੍ਰਤੀ ਦੀਆਂ ਲਖਾਇਕ ਵਿਅੰਗ-ਪ੍ਰਧਾਨ ਕਹਾਣੀਆਂ ਦਾ ਜਨਮ ਹੋਇਆ। ਸੱਚ ਪੁੱਛਿਆ ਜਾਵੇ ਤਾਂ ਇਸ ਸੰਗ੍ਰਹਿ ਦੀਆਂ ਇਹ ਤਿੰਨੇ ਹੀ ਕਹਾਣੀਆਂ ਆਪਣੇ ਆਪਣੇ ਰੂਪ ਵਿਚ ਪ੍ਰਤੀਨਿਧੀ ਕਹਾਣੀਆਂ ਹਨ।

ਪਰਾਂਦੀ ਕਹਾਣੀ ਦਾ ਪਲਾਟ ਕੋਈ ਨਹੀਂ, ਮਾਤਰ ਮਨੋਵਿਗਿਆਨਿਕ ਪਿਛੋਕੜ ਹੈ, ਹਿਲੂਸੀਨੇਸ਼ਨ ਹੈ, ਅਤੇ ਇਕ ਵਿਚਾਰ ਨੂੰ ਲੈ ਕੇ ਉਸਾਰਿਆ ਮਾਹੌਲ ਹੈ ਜਿਸ ਨੇ ਕਹਾਣੀ ਨੂੰ ਅਮਰ ਕਰ ਦਿੱਤਾ ਹੈ। ਖ਼ਬਰ ਛੱਪਦੀ ਹੈ, ਵੀਹ ਸਾਲਾਂ ਦੀ ਇਕ ਸਜ-ਵਿਆਹੀ ਕਾਨ੍ਹਪੁਰ ਵਿਚ ਪਰਾਂਦੀ-ਨਾਲ ਫਾਹਾ ਲੈਕੇ ਮਰ ਗਈ। ਬੱਸ ਫੇਰ ਕੀ ਸੀ ਕਿਹ ਪਰਾਂਦੀ-ਭੂਤ ਬਣਕੇ ਲੇਖਕ ਨੂੰ ਚੰਬੜ ਗਈ—"ਪਰਾਂਦੀ ਉਸਤੋਂ ਲਹਿਕੇ ਮੈਨੂੰ ਚੰਮੜ ਹੀ ਤਾਂ ਗਈ।" ਪਹਿਲਾਂ ਲੇਖਕ ਭਾਵੁਕ ਪੱਧਰ ਤੇ ਪਰਾਂਦੀ ਦੀਆਂ ਕਿਸਮਾਂ ਦੱਸਦਾ ਹੈ, ਵਾਰਿਸਸ਼ਾਹ ਵਾਂਗ ਜਦ ਤੱਕ ਉਹ ਵਸਤਾਂ-ਥਾਵਾਂ ਤੇ ਨਾਵਾਂ ਦੇ ਵੇਰਵੇ ਨਾ ਦੇ ਲਵੇ, ਉਹ ਅੱਗੇ ਵਧ ਹੀ ਨਹੀਂ ਸਕਦਾ। ਤੇਜ਼ ਗਤੀ ਵਿਚ ਅੱਗੇ ਵਧ ਰਹੀ ਕਹਾਣੀ ਨੂੰ ਰੋਕ ਕੇ ਵੀ ਉਹ ਦੱਸਦਾ ਹੈ—ਪਰਾਂਦੀ ਲੰਮੀ ਹੈ, ਛੋਟੀ ਹੈ, ਰੰਗਦਾਰ ਹੈ, ਪੱਕੀ ਹੈ, ਰੇਸ਼ਮੀ ਹੈ, ਸੂਤੀ ਹੈ, ਪਾਕਿਸਤਾਨੀ

*ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1955

Sri Satguru Jagjit Singh Ji Elibrary NamdhariElibrary@gmail.com

ਹੈ, ਦੇਸੀ ਹੈ, ਬਦੇਸ਼ੀ ਹੈ, ਕਾਂਗਰਸੀ ਹੈ, ਚੋਰ ਬਾਜ਼ਾਰੋਂ ਆਈ ਹੈ, ਕਦੀ ਪਸਤੌਲ ਬਣ ਜਾਵੇ, ਕਦੀ ਬੰਬ, ਕਦੀ ਛੁਰਾ। ਇਹੋ ਨਹੀਂ ਸਗੋਂ ਰੱਸੀ ਚੁਪਾਸੇ ਆਪਣੇ ਰੂਪ ਵਟਾ ਵਟਾ ਕੇ ਲੇਖਕ ਨੂੰ ਪਰੇਸ਼ਾਨ ਕਰ ਰਹੀ ਹੈ, ਕਦੇ ਉਹ ਰੱਸੀ ਬਣ ਜਾਂਦੀ ਹੈ, ਕਦੇ ਹੱਥਕੜੀ, ਸੱਪ ਕਾਲਾ ਸ਼ਾਹ, ਪੇਚਦਾਰ ਕਾਲੀ ਸੋਟੀ, ਲਾਲ ਬਟਨ, ਫਿਰ ਪਰਾਂਦੀ ਬਣ ਜਾਵੇ ਸੁਫਨੇ ਵਿਚ। ਲੇਖਕ ਦੀ ਮਨੋ-ਕ੍ਰਿਆ ਹੋਰ ਹੋਰ ਤਰ੍ਹਾਂ ਸੋਚਦੀ ਹੈ, ਉਹ ਕਿੰਨੀਆਂ ਹੀ ਕਹਾਣੀਆਂ ਘੜਦਾ ਹੈ ਤੇ ਸੋਚਦਾ ਹੈ। ਉਸਨੂੰ ਹਵਾਈ ਜਹਾਜ਼ ਵਿਚ ਪਰਾਂਦੀ ਦਿਸਦੀ ਹੈ, ਸਾਧੂ ਦੀ ਕੁਟੀਆ ਵਿਚ, ਜਾਪਾਨ ਦੇ ਹਸਪਤਾਲ ਵਿਚ—ਪਤਾ ਨਹੀਂ ਇਹ ਵੜ ਕਿਵੇਂ ਜਾਂਦੀ ਹੈ। ਫੇਰ ਜੁਆਨ ਲਈ ਪਰਾਂਦੀ, ਬੁੱਢੀ ਲਈ ਪਰਾਂਦੀ, ਸੁਹਾਗਣ ਲਈ ਪਰਾਂਦੀ, ਵਿਧਵਾ ਲਈ ਪਰਾਂਦੀ, ਸਭ ਥਾਂ ਉਹੋ ਪਰਾਂਦੀ।

ਸਿਰ ਚੜ੍ਹ ਕੇ ਬੋਲ ਰਹੀ ਇਸ ਪਰਾਂਦੀ ਦਾ ਇਲਾਜ ਕੀ ਕੀਤਾ ਜਾਵੇ। ਇਲਾਜ ਲੋਕ-ਵਿਸ਼ਵਾਸ ਵਿਚੋਂ ਲੱਭਿਆ ਗਿਆ ਹੈ। ਇੰਞ ਸਾਹਿੱਤਕ-ਮਨੋਵਿਗਿਆਨਿਕ ਕਹਾਣੀ ਨੂੰ ਲੋਕ-ਵਿਸ਼ਵਾਸ ਨਾਲ ਜੋੜ ਕੇ ਡਾ. ਮੋਹਨ ਸਿੰਘ ਇਕ ਨਵੀਂ ਪਿਰਤ ਪਾਉਂਦਾ ਹੈ। ਉਹ ਪਰਾਂਦੀ ਦੀ ਗੱਲ ਸੁਆਮੀ ਰਾਮਾਨੰਦ ਸ਼ਾਸਤਰੀ ਨਾਲ ਕਰਦਾ ਹੈ, ਉਹ ਕਹਿੰਦਾ ਹੈ ਕਿਸੇ ਨੂੰ ਆਪਣੀ ਕਹਾਣੀ ਸੁਣਾਉ। ਲੇਖਕ ਕਹਾਣੀ ਸੁਣਾਉਂਦਾ ਹੈ ਤੇ ਇਉਂ ਪਰਾਂਦੀ ਨੂੰ ਸਿਰੋਂ ਲਾਹੁੰਦਾ ਹੈ।

ਲੇਖਕ ਨੂੰ ਕਿਧਰੇ 'ਪਰਾਂਦੀ' ਤੰਗ ਕਰਦੀ ਪਈ ਹੈ ਤਾਂ 'ਲਾਲ ਘੱਗਰਾ' ਕਹਾਣੀ ਦਾ ਲਾਲ ਘੱਗਰਾ, ਲਾਲ ਅੰਗੀ ਅਤੇ ਲਾਲ ਸਾੜ੍ਹੀ ਆ ਚੰਬੜਦੇ ਹਨ। ਧੰਨਾ ਸਿੰਘ ਦਾ ਪੁੱਤਰ ਤੇਗਾ ਸਿੰਘ, ਜ਼ੈਲਦਾਰ ਦੀ ਧੀ ਪਰੇਮੀ ਨਾਲ ਪਰਣਾਇਆ ਗਿਆ, 'ਜੇ ਜ਼ੈਲਦਾਰ ਦਾ ਛੋਹਰ ਅੜਬ ਸੀ ਤਾਂ ਜ਼ੈਲਦਾਰ ਦੀ ਛੋਹਰੀ ਘੜਬੰਗ। ਉਹ ਸਤਿਆਨਾਸ ਤੇ ਇਹ ਸਵਾ ਸਤਿਆਨਾਸ। ਮੌਜੂ ਮਾਜਰੇ ਦਾ ਲਾਲ ਘੱਗਰਾ, ਇੰਦਰ ਪ੍ਰਸਥ ਵਿਚ ਲਾਲ ਅੰਗੀ ਬਣ ਜਾਂਦਾ ਹੈ, ਉਹੋ ਗੁਆਂਢਣ ਦੀ ਲਾਲ ਸਾੜ੍ਹੀ ਬਣ ਜਾਂਦੀ ਹੈ। ਇਸ ਕਹਾਣੀ ਵਿਚ ਅਣਮੇਲ ਵਿਆਹ ਦੀ ਸਮੱਸਿਆ ਨੂੰ ਵਿਅੰਗਆਤਮਕ ਸ਼ੈਲੀ ਵਿਚ ਪ੍ਰਗਟ ਕੀਤਾ ਗਿਆ ਹੈ, ਆਮ ਪੰਜਾਬੀ ਕਹਾਣੀਕਾਰਾਂ ਵਾਂਗ ਭਾਵੁਕ ਜਜ਼ਬਾਤੀ ਪੱਧਰ ਤੇ ਨਹੀਂ ਲਿਆ ਗਿਆ।

'ਚਕੋਰੀ' ਬਹੁਤ ਵਧੀਆ ਵਿਅੰਗ ਹੈ। ਲੇਖਕ/ਲੇਖਕਾਵਾਂ ਦੇ ਵਿਸ਼ੇ-ਵਸਤੂ, ਪ੍ਰੇਰਨਾ-ਸਰੋਤ ਤੇ ਜੀਵਨ-ਸਿੱਧਾਂਤਾਂ ਬਾਰੇ ਬਹਿਸ ਵੀ ਕੀਤੀ ਗਈ ਹੈ ਪਰ ਆਲੋਚਨਾ ਵਾਲੀ ਸੰਜੀਦਗੀ ਵੀ ਨਹੀਂ ਆਉਣ ਦਿੱਤੀ, ਸਗੋਂ ਅਤਿਅੰਤ ਰੋਚਕ ਸ਼ੈਲੀ ਵਿਚ ਵਿਅੰਗ ਦਾ ਸਹਾਰਾ ਲੈ ਕੇ ਹਾਸ ਰਸ ਦੇ ਝਰਨੇ ਵਗਾਏ ਗਏ ਹਨ। ਪਹਿਲਾਂ ਲੇਖਕ ਆਪਣੇ ਸੁਭਾਉ ਅਨੁਸਾਰ ਚਕੋਰੀ ਬਾਰੇ ਦੱਸਦਾ ਹੈ—(1) ਚਕੋਰੀ ਚੀਨ ਤੋਂ ਹੀ ਰਹੱਸਵਤੀ ਹੁੰਦੀ ਹੈ, (2) ਕਾਵਿ ਪ੍ਰਯੋਜਨ ਬਾਰੇ ਬਹਿਸ ਕੀਤੀ ਹੈ ਕਿ ਇਹ ਘਿਰਣਾ ਦੀ ਪ੍ਰਤੀਕ ਹੈ ਜਾਂ ਪਿਆਰ ਦੀ। ਚਕੋਰੀ ਤੇ ਨੌਜਵਾਨ ਵਿਚਾਲੇ ਹੁੰਦੀ ਵਾਰਤਾਲਾਪ ਕਹਾਣੀ ਦੀ ਜਿੰਦ ਜਾਨ ਹੈ ਤੇ ਇਸਦੇ ਆਸ਼ੇ ਨੂੰ ਵੀ ਸਪੱਸ਼ਟ ਕਰਦੀ ਹੈ। ਕਵਿੱਤਰੀ ਚਕੋਰੀ ਕਹਿੰਦੀ ਹੈ—ਮੈਂ ਚਕੋਰੀ ਹਾਂ, ਮੈਨੂੰ ਚਿਸਟਾ ਦਾ, ਨੇੜੇ ਦਾ, ਦਸ ਇੰਦ੍ਰੀਆਂ ਵਾਲਾ ਪੰਜ ਭੂਤਕ ਜੀਵਨ ਨਹੀਂ ਚਾਹੀਦਾ। ਨੌਜਵਾਨ ਕਹਿੰਦਾ ਹੈ—"ਇਸਤਰੀ ਦੇ ਹਰ ਰੋਗ ਦੀ ਦਵਾ ਪ੍ਰੇਮ ਹੈ, ਸੇਵਾ ਵਿਚ

ਗੁਣ ਹੈ, ਜਾਦੂ ਹੈ। ਪਰ ਉਹ ਉਸਨੂੰ ਬਿਲਕੁਲ ਪਾਗਲ ਸਮਝਦੀ ਹੈ ਤੇ ਕਹਿੰਦੀ ਹੈ— ਕਵਿਤਾ ਹਾਥੀ ਦੇ ਵਿਖਾਵੇ ਦੇ ਦੰਦ ਹਨ।"

ਨੌਜਵਾਨ ਆਪਣੇ ਮਨ ਦੇ ਲੱਡੂ ਭੋਰਦਾ ਹੈ ਤੇ ਸ਼ਬਦਾਂ ਨੂੰ ਸਿੱਧਾਂਤ-ਵਾਕਾਂ ਵਿਚ ਵਲ੍ਹੇਟ ਕੇ ਪੇਸ਼ ਕਰਦਾ ਹੈ। ਉਹ ਗੱਲ ਪਿਆਰ ਤੋਂ ਨਫ਼ਰਤ ਤੱਕ ਲੈ ਜਾਂਦਾ ਹੈ ਤੇ ਨਫ਼ਰਤ ਤੋਂ ਹੀ ਇਨਕਲਾਬਾਂ ਦਾ ਜਨਮ ਮੰਨਦਾ ਹੈ। ਖੈ ਰੋਗ ਦੀ ਸ਼ਿਕਾਰ ਕਵਿੱਤਰੀ ਚਕੋਰੀ ਨੂੰ ਉਹ ਭੁਸਲਾਉਂਦਾ ਹੈ—'ਚਕੋਰੀ ਜੀ, ਖੈ ਰੋਗ ਦਾ ਕਾਰਨ ਸਾਡੀ ਆਰਥਿਕ ਗਰੀਬੀ ਹੈ, ਸਾਡਾ ਘਰੇਲ ਉਜੱੜਪੁਣਾ ਹੈ, ਸਾਡੀ ਸਮਾਜਿਕ ਨਿਰਦੈਤਾ, ਕਾਇਰਤਾ ਤੇ ਕੁਢੰਗਾਪਨ ਹੈ। ਸਾਡੀ ਰਾਜਨੀਤਿਕ ਅਦੂਰਦਰਸ਼ਿਤਾ ਹੈ। ਜਦ ਤੀਕ ਇਹ ਕਾਰਨ ਮੌਜੂਦ ਹਨ ਲੱਖਾਂ ਖਈ-ਰੋਗੀ ਹਰ ਸਾਲ ਬੀਮਾਰੀ ਦੀ ਭੇਟਾ ਹੁੰਦੇ ਰਹਿਣਗੇ। ਘਿਰਣਾ ਜ਼ਰੂਰੀ ਹੈ, ਘਿਰਣਾ ਤੋਂ ਹੀ ਵਿਪਲਵ, ਇਨਕਲਾਬ ਪੈਦਾ ਹੁੰਦੇ ਹਨ।"

ਵਿਪਲਵਕਾਰੀ ਨੌਜਵਾਨ ਦਾ ਸਮੁੱਚਾ ਸਿੱਧਾਂਤ, ਸਾਰਾ ਇਨਕਲਾਬ ਤੇ ਸਾਰਾ ਤੂਫ਼ਾਨ ਚਕੋਰੀ ਇਕੋ ਵਾਕ ਨਾਲ ਢੈ ਢੇਰੀ ਕਰ ਸੁੱਟਦੀ ਹੈ—'ਪਰ ਸੂਰਜ ਭਈਆ, ਮੈਨੂੰ ਤੇਰੇ ਨਾਲ ਤਾਂ ਨਫ਼ਰਤ ਨਹੀਂ।" ਅਤੇ ਨਾਲ ਹੀ ਵਿਅੰਗ ਦਾ ਤੋੜ ਤੇ ਕਹਾਣੀ ਦਾ ਸਿਖਰ ਵਾਪਰਦਾ ਹੈ। ਲੇਖਕ, ਲੇਖਣ-ਕਾਰਜ, ਲੇਖਣ-ਪ੍ਰਯੋਜਨ ਤੇ ਸਾਹਿੱਤਕਾਰੀ ਦੇ ਨਾਂ ਤੇ ਚੱਲ ਰਹੀ ਵਪਾਰਕ ਲੁੱਟ ਖਸੁੱਟ ਨੂੰ ਜ਼ਬਾਨ ਦਿੱਤੀ ਗਈ ਹੈ ਕਹਾਣੀ 'ਬੂਲ੍ਹ ਤੇ ਦੰਦ' ਵਿਚ। ਲੇਖਕ ਭਾਪਾ ਜਨਕ ਸਿੰਘ ਨਾਵਲਿਸਟ, ਸੰਪਾਦਕ ਲੋਕ-ਲਾਜ ਤਰਨ ਤਾਰਨ ਸਦਰ, ਦੀ ਸਾਹਿੱਤਕ ਦੇਣ ਬਾਰੇ ਬਹਿਸ ਕਰ ਰਿਹਾ ਹੈ ਤੇ ਭਾਸ਼ਣ ਸੁਣ ਕੇ ਨਿਰਣਾ ਕਰਦਾ ਹੈ ਕਿ ਉਸਦੇ ਨਾਵਲਾਂ ਵਿਚ ਕਿਹੜਾ ਵਾਦ ਹੈ— ਪ੍ਰਗਤੀਵਾਦ, ਯਥਾਰਥਵਾਦ ਜਾਂ ਆਦਰਸ਼ਵਾਦ। ਫੇਰ ਖ਼ੁਦ ਇਨ੍ਹਾਂ ਦੀ ਵਿਆਖਿਆ ਕਰਦਾ ਹੈ। ਵਾਦ ਚਾਰ ਮੁਖ ਨੇ—ਵਿਕਰੀਵਾਦ, ਸ਼ਕਰਵਾਦ, ਟਿਚਕਰਵਾਦ ਅਤੇ ਰੁਦਨਵਾਦ। ਜਨਕ ਸਿੰਘ ਰੁਦਨਵਾਦੀ ਹੈ—ਰੋਂਦਾ ਹੈ ਮਜ਼ਦੂਰਾਂ ਲਈ, ਇਸਤਰੀ ਲਈ, ਕਲਰਕ ਲਈ, ਸ਼ਰਾਬੀ ਲਈ, ਮੁੰਡੂ ਲਈ, ਮਾਸਟਰ ਲਈ, ਬਾਜੇ ਵਾਲੇ ਮਿਸਤਰੀ ਲਈ, ਅਣਵਿਆਹੀ ਲਈ ਤੇ ਵਿਆਹੀ ਲਈ, ਰੰਡੀ ਲਈ ਤੇ ਮੁਣਸਖਾਣੀ ਲਈ।" ਜਾਪਦਾ ਹੈ ਕਿ ਲੇਖਕ ਪੰਜਾਬੀ ਦੇ ਆਪਣੇ ਸੁਪ੍ਰਸਿਧ ਸਮਕਾਲੀ ਬਾਰੇ ਨਿੰਦਾ ਵਾਚਕ ਗੱਲ ਕਰ ਰਿਹਾ ਹੈ ਤੇ ਉਸਨੂੰ ਨਾਂ ਦਿੰਦਾ ਹੈ ਵਿਅੰਗ ਦਾ। ਪਰ ਇਸ ਵਿਚੋਂ ਈਰਖਾ ਵਧੇਰੇ ਟਪਕ ਰਹੀ ਹੈ।

ਲੇਖਕ ਇਕ 'ਰਸਕਸ' ਨਾਮੀ ਲੇਖਕਾ ਦਾ (ਅਸਲੀ ਨਾਂ ਮੈਨਕੇਸ਼ਵਰੀ) ਦਾ ਇੰਟਰਵਿਊ ਛਾਪਦਾ ਹੈ—"ਬੁਰਾ ਹੋਵੇ ਮਨੂੰ ਦਾ, ਪਰਾਈਵੇਟ ਜੀਵਨ ਇਸਤਰੀ ਦਾ ਉਸਨੇ ਰਹਿਣ ਹੀ ਨਹੀਂ ਦਿੱਤਾ, ਹਰ ਨਾਰੀ ਉੱਤੇ ਹਰ ਉਮਰ ਵਿਚ ਖੁਫੀਆ ਪੁਲਸ ਬਹਾ ਦਿੱਤੀ। ਬਚਪਨ ਵਿਚ ਪਿਉ, ਜੁਆਨੀ ਵਿਚ ਖਸਮ ਤੇ ਬੁਢੇਪੇ ਵਿਚ ਪੁੱਤਰ।" ਫੇਰ ਖਸਮਾਂ ਦੀਆਂ ਕਈ ਕਿਸਮਾਂ ਦੱਸੀਆਂ ਹਨ— "ਖਸਮ ਦੋ ਤਰ੍ਹਾਂ ਦੇ ਹੁੰਦੇ ਹਨ, ਜਾਂ ਲਸੂੜੇ ਜਾਂ ਬਾਟੇਖੰਡ (ਖਰੋਟ ਖਸਮ)। ਫੇਰ ਖਸਮਵਾਦ ਦੀ ਵਿਆਖਿਆ ਹੈ—ਝੂਡੂ, ਖੁਟੜ, ਲੋਲ੍ਹੇ, ਮੁਤਹਿਰੇ।" ਲੇਖਕ ਆਪਣੇ ਵਿਅੰਗ ਪਾਤਰ ਦਾ ਹੁਲੀਆ ਬਨ੍ਹਣ ਵਿਚ ਵੀ ਕਮਾਲ ਕਰ ਦਿੰਦਾ ਹੈ— ਚੁੰਨੀਆਂ ਅੱਖਾਂ, ਚੁੜੇਲਾਂ ਵਰਗੇ ਵਾਲ, ਛਿੱਤੇ ਵੇਚਣੀਆਂ ਵਰਗਾ ਮੱਥਾ, ਬਾਗੜਨੀਆਂ

Sri Satguru Jagjit Singh Ji Elibrary NamdhariElibrary@gmail.com

ਵਾਲੇ ਕਪੜੇ—ਮੈਂ ਇਸ ਭੂਤਨੀ ਦੀ ਫੋਟੋ ਕੀ ਕਰਨੀ ਸੀ।' ਭਾਪਾ ਜਨਕ ਸਿੰਘ ਨੂੰ ਦੱਸਿਆ, ਉਹ ਗਾ ਰਹੀ ਸੀ —ਕਿਸ ਮੀ ਸਾਫਟ, ਕਿਸ ਮੀ ਹਾਰਡ' ਜਿਸਦਾ ਉਲਥਾ ਇਉਂ ਕੀਤਾ ਗਿਆ—ਛੁਹਾਏ ਕਦੀ ਬੁਲ੍ਹ, ਕਦੀ ਦੰਦ ਮਾਰੇ, ਕਦੀ ਪਿਛੇ ਨੱਸੇ ਕਦੀ ਅੱਗੇ ਭੱਜੇ, ਕਬੂਤਰ ਦੇ ਵਾਂਗਰ ਕਦੀ ਪ੍ਰੇਮ ਗੁਟਕੇ, ਕਦੀ ਚੰਡ ਦੇ ਵਾਂਗਰਾਂ ਠਾਹ ਵੱਜੇ।" ਪ੍ਰੇਰਨਾ ਲੈਕੇ ਭਾਪਾ ਜਨਕ ਸਿੰਘ ਤੇ ਬਾਬਾ ਨਿਘੰਟੂ ਸਿੰਘ ਸਾਂਝਾ ਨਾਵਲ ਪੇਸ਼ ਕਰਨਗੇ ਤੇ ਨਾਂ ਹੋਵੇਗਾ—'ਬੁਲ੍ਹ ਤੇ ਦੰਦ।' ਇੰਵ, ਅਸੀਂ ਵੇਖਦੇ ਹਾਂ ਕਿ ਹਾਸ ਰਸ ਦੀ ਸਮੱਗਰੀ ਤਾਂ ਕਾਫੀ ਹੈ ਪਰ ਇਕ ਸਮਕਾਲੀ ਲੇਖਕ ਤੇ ਲਿਖੇ ਵਿਅੰਗ ਹੋਣ ਕਾਰਨ ਇਸਨੂੰ ਅਸੀਂ ਬਹੁਤ ਉੱਚਾ ਦਰਜਾ ਨਹੀਂ ਦੇ ਸਕਦੇ, ਨੀਵੇਂ ਪੱਧਰ ਦਾ ਵਿਅੰਗ ਹੈ।

ਕੁਝ ਹੋਰ ਕਹਾਣੀਆਂ ਧਰਮ ਤੇ ਸਭਿਆਚਾਰ ਬਾਰੇ ਹਨ ਜਿਨ੍ਹਾਂ ਵਿਚ ਧਾਰਮਿਕ ਵਖੇਵਿਆਂ ਤੇ ਵਿਖਾਵਿਆਂ ਉੱਤੇ ਸੱਟ ਵੀ ਮਾਰੀ ਗਈ ਹੈ ਤੇ ਧਾਰਮਿਕ ਸ਼ਰਧਾ ਤੇ ਸਿੱਖ-ਰਹਿਤ ਮਰਯਾਦਾ ਬਾਰੇ ਦ੍ਰਿੜ੍ਹ ਪ੍ਰੇਮ ਤੇ ਸ਼ਰਧਾ ਵੀ ਪ੍ਰਗਟਾਈ ਗਈ ਹੈ। ਦੋਵਾਂ ਦੇ ਮੇਲ ਵਾਲੀ ਵਿਚ ਕਹਾਣੀ 'ਸਵਾ ਪੰਜ ਰੁਪਏ' ਹੈ। ਲੇਖਕ ਗੁਰਦੁਆਰੇ ਵਿਚ ਸਵਾ ਪੰਜ ਰੁਪਏ ਦਾਨ ਦੇਣ ਦੀ ਤਖ਼ਤੀ ਤੇ 'ਗ਼ਰੀਬ ਸਿੰਘ' ਦਾ ਨਾਂ ਪੜ੍ਹਦਾ ਹੈ ਤੇ ਯਾਦ ਕਰਦਾ ਹੈ ਕਿ ਇਹ ਤਾਂ ਖ਼ਾਲਸਾ ਹੋਟਲ ਵਾਲਾ ਗ਼ਰੀਬ ਸਿਘ ਹੈ ਜਿਸਦੇ ਹੋਟਲ ਸਿਰੀਨਗਰ, ਪਹਿਲਗਾਮ ਤੇ ਗੁਲਮਰਗ ਵਿਚ ਹਨ। ਐਡਾ ਅਮੀਰ ਤੇ ਸਵਾ ਪੰਜ ਰੁਪਏ। ਪੁੱਛਣ ਤੇ ਪਤਾ ਲੱਗਾ ਕਿ ਸਵਾ ਪੰਜ ਰੁਪਏ ਵੀ ਉਸਦੀ ਕਿਸੇ ਇਕ ਸੁੱਖਣਾ ਦੇ ਨਹੀਂ ਸਗੋਂ ਪੰਜ ਸੁੱਖਣਾ ਦੇ ਪੈਸੇ ਹਨ। ਘਰੋਂ ਭੱਜਕੇ ਉਹ ਰਾਵਲਪਿੰਡੀ ਗਿਆ ਸੀ ਤੇ ਇਕ ਮੁਸ਼ਟੰਡੀ ਮਗਰ ਪੈ ਗਈ, ਸਵਾ ਰੁਪਏ ਦਾ ਪ੍ਰਸ਼ਾਦ ਸੁੱਖਿਆ। ਵੱਢੀ ਖ਼ੋਰੀ ਵਿਚ ਫਸ ਗਿਆ ਸਵਾ ਰੁਪਿਆ ਫੇਰ ਸੁੱਖਿਆ, ਚੋਰੀ ਵਿਚ ਫਸ ਗਿਆ ਦਸ ਆਨੇ ਦੀ ਸੁੱਖ, ਵਿਆਹ ਹੋ ਜਾਵੇ ਸਵਾ ਰੁਪਏ ਦੀ ਸੁੱਖ, ਨੋਕਰੀ ਲੱਗਣ ਤੇ ਦਸ ਆਨੇ ਦੀ ਸੁੱਖ। ਲੇਖਕ ਅੱਗੇ ਜਾਂਦਾ ਹੈ ਤਾਂ ਬਾਬਾ ਅਟੱਲ ਵਲੋਂ ਆ ਰਹੇ ਬੁੱਢਾ ਮਰਦ ਤੇ ਜਵਾਨ ਜ਼ਨਾਨੀ ਦਿੱਸੇ। ਸਵਾ ਪੰਜ ਰੁਪਏ ਦੀਆਂ ਰੋਟੀਆਂ ਵੰਡਣ ਕਾਰਨ ਔਰਤ ਮਰਦ ਨੂੰ ਝਾੜਾਂ ਪਾ ਰਹੀ ਸੀ। ਲੇਖਕ ਕਹਾਣੀ ਦਾ ਅੰਤ ਕਰਦਾ ਹੈ—"ਸ਼ਾਬਾਸ਼ੇ ਤੇਰੀ ਜੰਮਣ ਵਾਲੀ ਨੂੰ।"

'ਗੁਰ-ਵਾਕ' ਵਿਚ ਮਨ ਦੀ ਸ਼ਾਂਤੀ ਲਈ 'ਸਤਿਨਾਮ' ਦਾ ਦਿਨ ਵਿਚ ਦਸ ਹਜ਼ਾਰ ਵਾਰੀ ਜਾਪ ਕਰਨ ਅਤੇ ਪ੍ਰਾਣਾਯਾਮ ਕਰਨ ਦਾ ਉਪਦੇਸ਼ ਹੈ। ਸੰਤਾਂ ਨੇ ਕਿਹਾ—"ਸਤਿਨਾਮ ਜਪਣ ਨਾਲ ਸਤ ਵਿਚਾਰਨ ਤੇ ਸਤ ਬੋਲਣ ਦੀ ਸ਼ਕਤੀ ਆਉਂਦੀ ਹੈ। ਸਤਿੰਦਰ ਕੁਮਾਰ ਵੀ ਸਤਿਨਾਮ ਦੇ ਇਹੋ ਅਰਥ ਕਰਦਾ ਹੈ—ਮੈਨੂੰ ਸਤਿਨਾਮ ਸਿਮਰਨ ਦੇ ਅਰਥ ਇਹੀ ਲੱਗਦੇ ਨੇ ਕਿ ਸੱਚ ਸੋਚ ਤੇ ਸੱਚ ਬੋਲ। ਕੀ ਇਸ ਦੁਨੀਆਂ ਵਿਚ ਚੰਗੇਰਾ (ਸੱਚ ਦਾ) ਜੀਵਨ ਜੀਊਣਾ ਏਡਾ ਮੁਸ਼ਕਲ ਹੈ। ਦੂਜੀ ਅੰਕੜ ਵਿਆਹ ਦੀ ਹੈ—ਦਿਲੋਂ ਸਨਾਤਨੀ ਹਾਂ ਤੇ ਗੀਤਾ ਦਾ ਪੁਜਾਰੀ, ਪਸ਼ਚਾਤਾਪ ਕਰਦਾ ਹੈ ਕਿ ਦੋ ਪਰ-ਇਸਤਰੀਆਂ ਨਾਲ ਪਾਪ ਦਾ ਸੰਬੰਧ ਰੱਖਿਆ ਹੈ ਉਸਨੇ। ਹੁਣ ਜ਼ਰੂਰੀ ਕੰਮ ਤੋਂ ਪਹਿਲਾਂ ਗੁਰਵਾਕ ਲੈਂਦਾ ਹਾਂ ਇਹ ਸਭ ਸਾਕ ਸਰਬੰਧ ਮਿੱਥਿਆ ਨੇ, ਦਿਸਦਾ ਅਸਾਰ ਹੈ।' ਇਹ ਵਿਚਾਰ ਇਸ ਕਹਾਣੀ ਵਿਚ ਦ੍ਰਿੜ੍ਹ ਕੀਤੇ ਗਏ ਹਨ।

'ਰੂਪ ਵੱਡਾ ਕਿ ਰੱਬ' ਵਿਚ ਬਹੁਤ ਦਿਲਚਸਪ ਸਮੱਸਿਆ ਲਈ ਗਈ ਹੈ। ਕੀ ਦ੍ਰਿਸ਼ਟਮਾਨ ਜਗਤ ਦਾ ਖਿੱਚਾਂ ਪਾਉਂਦਾ ਰੂਪ ਮੋਹ ਦਾ ਕਾਰਨ ਹੋ ਸਕਦਾ ਹੈ ਜਾਂ ਇਸ ਰੂਪ ਤੋਂ ਪਾਰ ਜਾ ਕੇ ਉਸ ਅਰੂਪ ਦੇ ਅਨੰਤ ਅਨਾਦਿ ਰੂਪ ਵਿਚ ਵਿਲੀਨ ਹੋਣਾ ਮਨੁੱਖ ਮਾਤਰ ਦਾ ਮੰਤਵ ਹੈ, ਇਸ ਕਹਾਣੀ ਦਾ ਇਹੋ ਆਸ਼ਾ ਹੈ। ਲੇਖਕ ਨੂੰ ਉਸਦੀ ਪਤਨੀ ਕਹਾਣੀ ਸੁਣਾਉਂਦੀ ਹੈ ਅਨੰਗਸੇਨ ਨਾਮੀ ਇਕ ਰਾਜਕੁਮਾਰ ਤੇ ਰਾਜਕੁਮਾਰੀ ਦੀ। ਰਾਜਕੁਮਾਰ ਬੜੇ ਪਤੇ ਦੀਆਂ ਗੱਲਾਂ ਕਹਿੰਦਾ ਹੈ ਤੇ ਦਾਰਸ਼ਨਿਕ ਸ਼ੈਲੀ ਵਿਚ ਗੱਲ ਕਰਦਾ ਹੈ—"ਮੈਂ ਧਿਆਨ ਨਾਲ ਅਦਿੱਠ ਲੂੰਬੜੀ ਨੂੰ ਵੇਖ ਲਿਆ, ਮਾਮੂਲੀ ਜਿੱਤ ਦੀ ਖੁਸ਼ੀ ਦੀ ਖ਼ਾਤਰ, ਤੇ ਓਸ ਜਾਦੂਗਰਨੀ ਦੇ ਜਾਦੂ ਦੇ ਜ਼ੋਰ, ਤੰਤਰ, ਮੰਤਰ ਜੰਤਰ ਦੇ ਬਲ ਨਾਲ, ਇਸ ਕਦਰ ਅਜਬ ਪਰਿਵਰਤਨ ਕਰ ਵਿਖਾਇਆ ਕਿ ਲੂੰਬੜੀ ਨੂੰ ਮੱਖੀ ਬਣਾ ਲਇਆ ਤੇ ਫੇਰ ਮੱਖੀ ਨੂੰ ਜੰਤ ਦੇ ਰੂਪ ਵਿਚ ਬਦਲਾਕੇ ਆਪਣੇ ਹਿਰਦੇ ਵਿਚ ਛੁਪਾ ਲਇਆ, ਸਿਰਫ਼ ਏਸ ਖ਼ਾਤਰ ਕਿ ਉਹ ਪਿਆਰ ਦਾ ਲੰਮ ਚਿਰਾ ਜੀਵਨ ਜੀਉਣਾ ਚਾਹੁੰਦੀ ਹੈ ਤੇ ਉਸਨੂੰ ਤਾਕਤ ਦੀ ਭੁੱਖ ਤੇ ਲਗਨ ਹੈ, ਤਾਂ ਭਲਾ ਜੇ ਜਿੱਤ, ਤਾਕਤ, ਪੰਛੀ ਪਸ਼ੂ ਪਿਆਰ ਵਿਚ ਏਨੀ ਮਿਹਨਤ ਤੇ ਕਰਾਮਾਤ ਹੈ ਤਾਂ ਧਿਆਨ ਤੇ ਭਾਉਨਾ ਦੇ ਜ਼ੋਰ ਨਾਲ, ਪ੍ਰਭੂ ਦੀ ਪ੍ਰਾਪਤੀ ਕਿਉਂ ਨਾ ਕੀਤੀ ਜਾਏ ਜਿਸ ਪ੍ਰਾਪਤੀ ਦੁਆਰਾ ਮਨੁੱਖ ਅਨੰਤ ਗਿਆਨ, ਸੁੰਦਰਤਾ, ਸੱਤ, ਅਨੰਦ ਦਾ ਸਰੂਪ ਹੋ ਸਕਦਾ ਹੈ। ਨਹੀਂ ਮਾਂ, ਮੇਰੇ ਲਈ ਹੁਣ ਰਾਜਕੁਮਾਰੀ ਰੂਪਾਂ ਕਾਫ਼ੀ ਨਹੀਂ, ਮੈਂ ਤੇ ਰੂਪ ਦੇ ਉਸ ਅਨਾਦਿ ਅਨੰਤ ਕੇਂਦਰ, ਅਰੂਪ ਪ੍ਰਭੂ ਨੂੰ ਵਰ ਕੇ ਸਾਹ ਲਵਾਂਗਾ।" ਜਵਾਬ ਵਿਚ ਰਾਜਕੁਮਾਰੀ ਦੱਸਦੀ ਹੈ—"ਪ੍ਰਭੂ ਦੀ ਕੋਈ ਖੇਡ ਬੇਮਤਲਬ ਤੇ ਨਿਸਫ਼ਲ ਨਹੀਂ ਹੁੰਦੀ। ਮੈਂ ਉੱਤਰਾਖੰਡ ਦੇ ਬਾਰਾਂ ਸਾਲਾਂ ਦੇ ਭਰਮਣ ਤੋਂ ਇਹ ਵਿਦਿਆ ਸਿੱਖੀ ਹੈ ਜਿਸ ਨਾਲ ਇਹ ਸਰੀਰ ਢੇਰ ਚਿਰ ਕੁੰਦਨ ਵਰਗਾ ਰਹਿ ਸਕਦਾ ਹੈ।" ਤੇ ਉਹ ਦੋਵੇਂ ਮਿਲ ਗਏ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਰੂਪ ਵੱਡਾ ਰਿਹਾ ਕਿ ਰੱਬ। ਇਕੱਲਾ ਇਕੱਲਾ ਕੋਈ ਵੀ ਵੱਡਾ ਨਹੀਂ, ਦੋਵੇਂ ਪੱਖਾਂ ਦੇ ਸੁਮੇਲ ਨਾਲ ਹੀ ਸੰਤੁਲਿਤ ਵਿਅਕਤਿਤ੍ਵ ਦਾ ਵਿਕਾਸ ਹੁੰਦਾ ਹੈ। ਇਸ ਕਹਾਣੀ ਦਾ ਅੰਤ ਇਹੋ ਗੱਲ ਸੁਝਾਉਂਦਾ ਹੈ। 'ਬਾਪੂ' ਕਹਾਣੀ ਦਾ ਧੁਰਾ ਧਰਮ ਹੀ ਹੈ। 'ਤੀਮੀਆਂ ਦੀ ਤਿਆਰੀ ਤੇ ਮਰਦ ਦੀ ਖ਼ੁਆਰੀ' ਦੀ ਗੱਲ ਕਰਨ ਪਿਛੋਂ ਲੇਖਕ ਬਾਪੂ ਨੂੰ ਭਾਈ ਤੇ ਬਾਲ ਬੱਚੇ ਨਾਲ ਲੈ ਕੇ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਤੇ ਤੋਰ ਦਿੰਦਾ ਹੈ। ਅਤੇ ਅੱਗੇ ਅੰਮ੍ਰਿਤਸਰ ਸਾਹਿਬ ਦਾ ਇਤਿਹਾਸ, ਮਹੱਤਾ ਤੇ ਕਾਰ-ਵਿਹਾਰ ਸਭ ਬਾਰੇ ਖੁਲ੍ਹਕੇ ਵਰਣਨ ਕੀਤਾ ਗਿਆ ਹੈ। ਕਹਾਣੀ ਕੋਈ ਨਹੀਂ। ਦਰਬਾਰ ਸਾਹਿਬ ਬਾਰੇ ਇਕ ਚੰਗਾ ਵਾਕਫ਼ੀਅਤ ਭਰਪੂਰ ਲੇਖ ਵਧੇਰੇ ਹੈ, ਕਹਾਣੀ ਘੱਟ।

'ਇਹ ਸਹੁਰਾ ਪੈਸਾ', 'ਪਟਵਾਰਨ' ਅਤੇ 'ਹਲਾਲੀ ਬਾਬੂ' ਤਿੰਨੇ ਹੀ ਅਰਥ-ਵਿਵਸਥਾ ਨਾਲ ਸੰਬੰਧਤ ਚੰਗੀਆਂ ਕਹਾਣੀਆਂ ਹਨ। ਪਹਿਲੀ ਕਹਾਣੀ ਵਿਚ ਦੱਸਿਆ ਗਿਆ ਹੈ ਕਿ ਪੈਸੇ ਦਾ ਲੋਭ ਐਸਾ ਕਮੀਨਾ ਹੈ ਜਿਸ ਅੱਗੇ ਸਾਰੇ ਮਨੁੱਖੀ ਰਿਸ਼ਤੇ ਹੇਚ ਹਨ। ਮੁਖਤਾਰੋ ਆਪਣੇ ਭਰਾ ਕਸ਼ਮੀਰੀ ਨੂੰ ਅੰਬਾਲੇ ਆ ਕੇ ਕਰਜ਼ ਤੇ ਪੈਸੇ ਦਿੰਦੀ ਤੇ ਲੋੜ ਪੂਰਦੀ ਹੈ ਪਰ ਜਦ ਉਹ ਆਪਣੇ ਪੈਸੇ ਮੰਗਦੀ ਹੈ ਤਾਂ ਪਹਿਲਾਂ ਤਾਂ ਕਸ਼ਮੀਰੀ ਲਾਲ ਆਪਣੀ ਘਰ ਵਾਲੀ ਨੂੰ ਕੁੱਟ ਕੇ ਲਹੂਲੀ ਕਰ ਛੱਡਦਾ ਹੈ ਤੇ ਜਦ ਮੁਖਤ਼ਾਰੋ ਪੈਸੇ ਮੰਗਣ ਆਉਂਦੀ ਹੈ

Sri Satguru Jagjit Singh Ji Elibrary NamdhariElibrary@gmail.com

ਤੇ ਉਸ ਦੇ ਢਿੱਡ ਵਿਚ ਤਲਵਾਰ ਖੋਭ ਕੇ ਕਸ਼ਮੀਰੀ ਉਸ ਨੂੰ ਪਾਰ ਬੁਲਾ ਦਿੰਦਾ ਹੈ। ਅੰਤ ਵਿਚ ਲੇਖਕ ਟਿੱਪਣੀ ਕਰਦਾ ਹੈ—"ਇਹ ਸਹੁਰਾ ਪੈਸਾ, ਇਸ ਸਭ ਝਗੜਿਆਂ ਝੇੜਿਆਂ ਦਾ ਮੁੱਢ ਹੈ। ਮੁਕੱਦਮਾ ਚੱਲਿਆ ਤੇ ਕਸ਼ਮੀਰੀ ਨੂੰ ਲੰਮੀ ਸਜ਼ਾ ਹੋ ਗਈ, ਮੁਖਤਿਆਰੋ ਦਾ ਰੁਪਿਆ ਮੁਖਤਿਆਰੋ ਨਾਲ ਨ ਜਾ ਸਕਿਆ। ਓਸ ਰੁਪਏ ਨਾਲ ਜੋ ਕੁਝ ਸਉਰਨਾ ਸੀ ਉਹ ਸਉਰ ਗਿਆ, ਜੋ ਕੁਝ ਵਿਗੜਨਾ ਸੀ ਉਹ ਵਿਗੜ ਗਿਆ। ਇਹ ਸਹੁਰਾ ਪੈਸਾ ਨਾ ਹੋਵੇ ਤਾਂ ਵੀ ਖ਼ੈਰ ਨਹੀਂ, ਹੋਵੇ ਤਾਂ ਵੀ ਖ਼ੈਰ ਨਹੀਂ। ਇਹ ਸਹੁਰਾ ਪੈਸਾ।" ਇੰਵ, ਲੇਖਕ ਨੇ ਬੜੇ ਸੁੰਦਰ ਢੰਗ ਨਾਲ ਇਸ ਅਰਥ-ਵਿਵਸਥਾ ਦਾ ਦਾਰਸ਼ਨਿਕੀਕਰਨ ਕਰ ਦਿੱਤਾ ਹੈ। ਕਲਾ ਪੱਖੋਂ ਲੇਖਕ ਦੀ ਕੀਤੀ ਟਿੱਪਣੀ ਠੀਕ ਨਹੀਂ ਸਮਝੀ ਜਾਂਦੀ ਪਰ ਡਾ. ਦੀਵਾਨਾ ਦੀ ਸ਼ਖਸੀਅਤ ਇਸ ਟਿੱਪਣੀ ਤੋਂ ਬਿਨਾਂ ਅਧੂਰੀ ਰਹਿ ਜਾਣੀ ਸੀ, ਇਹ ਵੀ ਸੱਚ ਹੈ। 'ਪਟਵਾਰਨ' ਕਹਾਣੀ ਵਿਚ ਆਰਥਿਕ ਪਤਨ ਅਤੇ ਬੇਰੁਜ਼ਗਾਰੀ ਤੇ ਰਿਸ਼ਵਤ-ਖ਼ੋਰੀ ਦੀ ਸਮੱਸਿਆ ਉਘਾੜੀ ਗਈ ਹੈ; ਅਤੇ 'ਹਲਾਲੀ ਬਾਬੂ' ਵਿਚ ਵੀ ਰਿਸ਼ਵਤ ਖ਼ੋਰ ਬਾਬੂ ਤਬਕੇ ਦੀ ਖੁੰਭ ਠੱਪੀ ਗਈ ਹੈ। ਗੰਗਾਪੁਰ ਦੇ ਸਿਵਲ ਸਰਜਨ ਦਾ ਵੱਡਾ ਬਾਬੂ ਹਰਨਾਮ ਸਿੰਘ ਹਰਾਮੀ ਸੀ ਪਰ ਨਾਂ ਹਲਾਲੀ ਬਾਬੂ ਸੀ। ਲੇਖਕ ਵਿਰੋਧਾਭਾਸ ਵਿਚੋਂ ਆਪਣੇ ਨਰੋਏ ਅਰਥ ਉਘਾੜ ਰਿਹਾ ਹੈ।

ਇੰਵ, ਅਸੀਂ ਦੇਖਦੇ ਹਾਂ ਕਿ ਡਾ. ਮੋਹਨ ਸਿੰਘ ਦੀਵਾਨਾ ਦੀ ਕਹਾਣੀ ਆਪਣੇ ਤਿੰਨੋ ਕਹਾਣੀ-ਸੰਗ੍ਰਹਿਾਂ ਨਾਲ ਲਗਾਤਾਰ ਅੱਗੇ ਵਧਦੀ ਰਹੀ ਹੈ, ਉਸ ਵਿਚ ਵਿਸ਼ੇ ਪੱਖੋਂ ਵਿਵਿਧਤਾ, ਸਾਰਥਕਤਾ ਅਤੇ ਯਥਾਰਥਕਤਾ ਦਾ ਰੰਗ ਪ੍ਰਧਾਨ ਹੈ, ਅਤੇ ਸ਼ਿਲਪ ਵਿਧਾਨ ਪੱਖੋਂ ਉਸਦੀ ਕਹਾਣੀ ਵਿਚ ਪਲਾਟ ਨਾਲੋਂ ਵਧੇਰੇ ਬਲ ਚਰਿਤ੍ਰ ਉਸਾਰੀ, ਪਾਤਰਾਂ ਦੀ ਗੱਲਬਾਤ ਅਤੇ ਪਾਤਰਾਂ ਦੇ ਅਨੁਕੂਲ ਭਾਸ਼ਾ, ਸ਼ਬਦ-ਚੋਣ ਅਤੇ ਸ਼ਬਦ-ਜੜਤ ਹੈ। ਆਪਣੀ ਕਹਾਣੀ ਦੇ ਸ਼ਿਲਪ ਬਾਰੇ ਲੇਖਕ ਖ਼ੁਦ ਜੋ ਗੱਲਾਂ ਕਹਿੰਦਾ ਹੈ, ਉਸਦਾ ਮਹੱਤਵ ਸਾਡੀਆਂ ਗੱਲਾਂ ਨਾਲੋਂ ਕਿਤੇ ਵਧੇਰੇ ਹੈ; ਇਸ ਲਈ ਉਹ ਟੂਕ ਦੇਖਣ ਵਾਲੀ ਹੈ।

ਸ਼ਿਲਪ-ਵਿਧਾਨ ਵਿਚ ਕਹਾਣੀ ਦੀ ਬਣਤਰ ਤੇ ਸ਼ੈਲੀ ਦਾ ਬੜਾ ਮਹੱਤਵਪੂਰਨ ਥਾਂ ਹੈ। ਡਾ. ਦੀਵਾਨਾ ਆਪਣੀ ਕਹਾਣੀ ਦੀ ਬਣਤਰ ਤੇ ਸ਼ੈਲੀ ਬਾਰੇ ਬਹੁਤ ਵਧੀਆ ਟਿੱਪਣੀ ਕਰਦੇ ਹਨ, ਜਿਸ ਕਾਰਨ ਇਨ੍ਹਾਂ ਦੀ ਕਹਾਣੀ ਦੀ ਮੌਲਿਕਤਾ ਸਾਫ਼ ਪਛਾਣੀ ਜਾ ਸਕਦੀ ਹੈ। ਇਹ ਕਿਸੇ ਘਿਸੇ-ਪਿਟੇ ਮਾਪਦੰਡ ਨੂੰ, ਕਿਸੇ ਸਿੱਧਾਂਤ ਨੂੰ ਉਸ ਤਰ੍ਹਾਂ ਅਪਣਾਉਣ ਦੇ ਹੱਕ ਵਿਚ ਨਹੀਂ ਸਗੋਂ ਕਈ ਸ਼ੈਲੀਆਂ ਦੇ ਸੁੰਦਰ ਸੁਮੇਲ ਵਿਚ ਕਈ ਇਕ ਮੌਲਿਕ ਰਾਹ ਕੱਢਣ ਦੇ ਪੱਖ ਵਿਚ ਹਨ, ਦੇਖੋ :

"ਕਲਾ ਸਨਬੰਧ ਇਕ ਜ਼ਰੂਰੀ ਗੱਲ ਮੈਂ ਪਹਿਲਾਂ ਹੀ ਤਹਿ ਕਰ ਲੈਂਦਾ ਹਾਂ, ਕਹਾਣੀ ਦਾ ਮਸਾਲਾ ਲੱਭ ਕੇ। ਉਹ ਇਹ ਕਿ ਕੀ ਕਹਾਣੀ ਮੈਂ ਨਾਇਕ ਤੋਂ ਅਖਵਾਵਾਂ ਜਾਂ ਸਰਬਗ ਹੋਣ ਦੀ ਹੈਸੀਅਤ ਵਿਚ ਆਪ ਸੁਣਾਵਾਂ ਜਾਂ ਕਿਸੇ ਤੀਸਰੇ ਤੋਂ ਕਹਿਲਵਾਵਾਂ। ਇਹ ਗੱਲ ਤਾਂਹ ਕਰਨੀ ਮੁਸ਼ਕਿਲ ਹੈ। ਕਈ ਕਹਾਣੀ ਲੇਖਕ ਬੜੀ ਗਲਤੀ ਕਰ ਜਾਂਦੇ ਹਨ। ਕਹਾਣੀ ਦੀ ਆਪਣੀ ਫ਼ਿਤਰਤ ਹੀ ਇਹ ਗੱਲ ਦਸ ਸਕਦੀ ਹੈ ਕਿ ਕਹਾਣੀ ਕੌਣ ਕਹੇ। ਫੇਰ ਵੀ ਇਹ ਸੋਚਿਆਂ ਮਦਦ ਮਿਲਦੀ ਹੈ ਕਿ ਜੇ ਕਹਾਣੀ ਪਾਤਰ ਆਪ ਕਹੇਗਾ ਤਾਂ ਟੀਕਾ

Sri Satguru Jagjit Singh Ji Elibrary NamdhariElibrary@gmail.com

ਟਿੱਪਣੀ ਬਹੁਤ ਘੱਟ ਆ ਸਕੇਗੀ। ਦੂਜੇ ਡਿੱਠ-ਕੰਨ ਤੋਂ ਉਹ ਨਹੀਂ ਵੇਖ ਸਕਦਾ। ਜੇ ਕਹਾਣੀ ਕੋਈ ਹੋਰ ਕਹੇਗਾ ਤਾਂ ਟੀਕਾ ਟਿੱਪਣੀ ਭਾਵੇਂ ਆ ਜਾਏ ਪਰ ਉਹ ਵੀ ਉਸ ਹੋਰ ਦੀ ਲਿਆਕਤ, ਪੇਸ਼ੇ, ਅਨੁਭਵ, ਜਾਣਕਾਰੀ ਦੀ ਹੱਦ ਵਿਚ ਸੀਮਿਤ ਰਹੇਗੀ। ਜੇ ਲੇਖਕ ਨੂੰ ਜਿੱਥੇ ਸਰਬੱਗ ਹੋਣ ਦਾ ਫ਼ੈਦਾ ਹੈ ਘਾਟਾ ਵੀ ਹੈ। ਕਿਸੇ ਕਿਸੇ ਕਹਾਣੀ ਵਿਚ ਬਹੁਤ ਥੋੜਾ ਹੀ ਆਪ ਕਹਿਣ ਦੀ ਲੋੜ ਹੁੰਦੀ ਹੈ, ਨਿਰੀ ਘਟਨਾ ਹੀ ਕਾਫ਼ੀ ਹੁੰਦੀ ਹੈ, ਜਾਂ ਫਿਰ ਕੋਈ ਕੋਈ ਕਹਾਣੀ ਉਸ ਦੇ ਖ਼ਾਸ ਨਾਇਕ ਦੇ ਮੂੰਹੋਂ ਹੀ ਸੋਭਦੀ ਹੈ। ਮੇਰੀਆਂ ਸਾਰੀਆਂ ਉਹ ਕਹਾਣੀਆਂ ਜੋ ਮਜ਼ਦੂਰ ਸ਼ਰੇਣੀ ਦੀਆਂ ਹਨ, ਮਜ਼ਦੂਰ ਆਪ ਸੁਣਾਂਦੇ ਹਨ। ਤੇ ਇਸਤਰੀ ਤੇ ਉਤਲੀ ਸ਼ਰੇਣੀਆਂ ਸਨਬੰਧੀ ਸਾਰੀਆਂ ਕਹਾਣੀਆਂ ਸੁਣਾਣ ਵਾਲਾ ਮੈਂ ਖ਼ੁਦ ਹੁੰਦਾ ਹਾਂ ਤਾਂ ਜੋ ਉਹਨਾਂ ਦੀਆਂ ਅੰਦਰਲੀਆਂ ਲੁਕੀਆਂ ਭਾਵਨਾਵਾਂ ਨੂੰ ਮੈਂ ਸਰਬੱਗਤਾ ਸਦਕੇ ਨਸ਼ਰ ਕਰ ਸਕਾਂ।

ਕੁਝ ਕਹਾਣੀਆਂ ਇਸ ਗੁਲਦਸਤੇ ਵਿਚ ਨਿਰੋਲ ਕਲਪਿਤ ਹਨ ਤੇ ਕੁਝ ਮੇਰਿਆਂ ਆਦਰਸ਼ਾਂ ਤੇ ਚਲਦੇ ਫਿਰਦੇ ਬੁੱਤ।''

ਅਫ਼ਸੋਸ ਦੀ ਗੱਲ ਇਹ ਹੈ ਕਿ ਸਾਡੇ ਆਲੋਚਕਾਂ ਨੇ ਡਾ. ਮੋਹਨ ਸਿੰਘ ਦੀਆਂ ਕਹਾਣੀਆਂ ਦਾ ਉੱਕਾ ਹੀ ਕੋਈ ਨੋਟਿਸ ਨਹੀਂ ਲਿਆ, ਹਾਲਾਂ ਕਿ ਇਹ ਕਹਾਣੀਆਂ ਵਿਸ਼ੇ ਤੇ ਸੂਝ ਦੋਹਾਂ ਹੀ ਪੱਖਾਂ ਤੋਂ ਆਪਣੀ ਵਿਸ਼ੇਸ਼ ਮਹੱਤਾ ਰਖਦੀਆਂ ਹਨ, ਸਗੋਂ ਇਨ੍ਹਾਂ ਕਹਾਣੀਆਂ ਨੇ ਸਾਡੇ ਸੁਤੰਤਰਤਾ ਕਾਲ ਦੇ ਬਹੁਤ ਸਾਰੇ ਕਹਾਣੀਕਾਰਾਂ ਨੂੰ ਨਵੀਂ ਕਲਾਤਮਕ ਕਹਾਣੀ ਦੀ ਛੁਹ ਵੀ ਦਿੱਤੀ ਹੈ ਤੇ ਪ੍ਰੇਰਨਾ ਵੀ।

Sri Satguru Jagjit Singh Ji Elibrary NamdhariElibrary@gmail.com

ਅਧਿਆਇ ਚੌਥਾ

# ਨਾਟਕਕਾਰ ਡਾ. ਮੋਹਨ ਸਿੰਘ ਦੀਵਾਨਾ

ਡਾ. ਮੋਹਨ ਸਿੰਘ ਦੀਵਾਨਾ ਪੰਜਾਬੀ ਵਿਚ ਇਕਾਂਗੀ ਨਾਟਕ ਅਤੇ ਸਮੱਸਿਆ ਨਾਟਕ ਦੇ ਮੋਢੀ ਹਨ। ਉਨ੍ਹਾਂ ਦਾ ਪਹਿਲਾ ਇਕਾਂਗੀ ਸੰਗ੍ਰਹ 'ਪੰਖੜੀਆਂ' 1925 ਵਿਚ ਛਪਿਆ ਸੀ ਤੇ ਦੂਜਾ ਅਨੁਵਾਦਿਤ ਇਕਾਂਗੀ ਸੰਗ੍ਰਹ 'ਪੰਜ ਏਕਾਂਗੀ ਨਾਟਕ' ਦੇ ਨਾਂ ਹੇਠ 1944 ਵਿਚ ਛਪਿਆ ਸੀ। ਆਪਣੇ ਨਾਟਕ-ਲੇਖਣ ਬਾਰੇ ਉਹ ਖ਼ੁਦ ਲਿਖਦੇ ਹਨ—" ਹਿੰਦੀ ਵਿਚ ਸਭ ਤੋਂ ਪਹਿਲਾਂ ਸਮੱਸਿਆ ਖੇਲ (Problem Play) ਮੈਂ ਹੀ ਲਿਖੇ ਸਨ, ਖ਼ੁਦਾ ਔਰ ਸ਼ੈਤਾਨ, ਨਇਆ ਅਵਤਾਰ, ਨਈ ਗੀਤਾ। ਨਇਆ ਅਵਤਾਰ ਉਰਦੂ ਵਿਚ ਵੀ ਛਾਪਿਆ। ਪੰਜਾਬੀ ਵਿਚ 4 ਖੇਲ ਲਿਖੇ (ਦੋ ਖਿਲੰਦੜ ਤੇ ਦੋ ਪਤੰਦੜ)—ਭੁੱਖ, ਸੁਅਰਗ, ਗੁਰੂ, ਭਗਤਣ। ਇਹ 'ਪੰਖੜੀਆਂ' ਨਾਂ ਨਾਲ ਛਾਪੇ ਗਏ ਸਨ ਤੇ ਹਿੰਦੀ ਵਾਲੇ 'ਸੁਰਾਵਲੀ' ਨਾਂ ਹੇਠ ਛਾਪਿਆ ਸੀ। ਪੰਖੜੀਆਂ ਵਿਚ ਨਾਟਕ, ਖੇਲ, ਸਾਂਗ ਸਨਬੰਧੀ ਪੂਰੀ ਵਿਆਖਿਆ ਦਿੱਤੀ। ਭੁੱਖ ਤੇ ਸੁਅਰਗ ਵਿਚਾਰ-ਪ੍ਰਧਾਨ ਖੇਲ ਸਨ (Idea Play) ਅਤੇ ਗੁਰੂ ਤੇ ਭਗਤਣ, ਪਾਤਰ ਪ੍ਰਧਾਨ (Character Play)। ਦੋ ਸਵੱਈਏ ਮੇਰੇ ਹਨ, ਏਸ ਬਾਰੇ :—

(1) ਨਾਟਕਕਾਰ, ਸੁਆਂਗੀ, ਖਿਡਾਰੀ, ਅਸਾਡਾ, ਅਨੇਕ-ਪ੍ਰਕਾਰ ਪ੍ਰਭੂ ਹੈ।
ਦੁੰਦ ਮਈ ਰਚਨਾ ਪੱਟ ਉਪਰ, ਸੱਤ ਅਸੱਤ ਦਾ ਪੰਡੂ ਕੁਰੂ ਹੈ।
ਗੀਤ ਹੈ ਨਿਰਤ ਹੈ ਚਿਤ੍ਰ ਹੈ, ਗੀਤਾ ਵੀ, ਪਿਆਰ ਘ੍ਰਿਣਾ ਹੈ ਤੇ ਅੰਮੀ ਲਹੂ ਹੈ।
ਲੀਲਾ ਹੀ ਲੀਲਾ ਮਿਲਾਂਦਾ ਵਿਖੇਵਾਂ, ਕਲਾ-ਨਿਧ ਖੇਤਰ ਮੰਤਰ-ਛੂ ਹੈ।

(2) ਨੱਚਦੀ ਗਾਉਂਦੀ ਬੋਲਦੀ ਪੁਤਲੀ ਦਾ, ਨਾਟਕ ਕਾਰੀਆ ਦਰਪ ਦਿਖਾਵੇ।
ਕੱਥਨੀ ਰਹਿਣੀ ਦੁਆਰਾ ਚਰਿੱਤਰ, ਪਾਤਰਾਂ ਦਾ ਰਣਵਾਸ ਲਿਆਵੇ।
ਤੰਦਾਂ ਤੇ ਹੱਥ ਨਾ ਦਿੱਸਣ ਔਪਰ, ਮਨਸਾ ਪਰਕਿਰਤੀ ਤੋਂ ਜੀ ਸਰਸਾਵੇ।
ਗੰਢ ਤੇ ਜੋੜ ਦੇ ਵਿਚ ਚਤਰਾਈਆਂ, ਦੇਸ਼ਜ ਕਾਲਜੇ ਹਾਸੇ ਪਾਵੇ।"[1]

ਉਪਰੋਕਤ ਵਾਰਤਕ ਵਿਚ ਜਿਥੇ ਲੇਖਕ ਨੇ ਆਪਣੇ ਵਲੋਂ ਨਾਟਕ ਖੇਤਰ ਵਿਚ ਦਿੱਤੀ ਦੇਣ ਦਾ ਜ਼ਿਕਰ ਕੀਤਾ ਹੈ, ਉਥੇ ਹੇਠਲੇ ਦੋਵੇਂ ਸਵੱਈਆਂ ਵਿਚ ਨਾਟਕ ਕਲਾ ਬਾਰੇ ਬਹੁਤ ਸੁੰਦਰ ਸਿੱਧਾਂਤਕ ਆਲੋਚਨਾ ਕੀਤੀ ਗਈ ਹੈ। ਚਿਤ੍ਰਪਟ ਉੱਤੇ ਖੇਡੀ ਜਾਣ ਵਾਲੀ ਦੁੰਦ ਮਈ ਰਚਨਾ ਲਿਖਣ ਵਾਲਾ ਨਾਟਕ-ਕਾਰ ਸੁਆਂਗ ਵੀ ਭਰਦਾ ਹੈ, ਜੀਵਨ ਖੇਡ ਵੀ ਖੇਡਦਾ ਹੈ, ਅਤੇ ਸੱਚ ਤੇ ਝੂਠ ਦਾ ਪਾਂਡਵ-ਪੱਖ ਤੇ ਕੋਰਵ ਪੱਖ ਵੀ ਰਚਦਾ ਹੈ। ਇਸ

1. ਨਾਟਕ ਅਤੇ ਖੇਲ, ਜਿਤਿੰਦਰ ਸਾਹਿੱਤ ਸਰੋਵਰ।

Sri Satguru Jagjit Singh Ji Elibrary NamdhariElibrary@gmail.com

ਨਾਟਕ ਕਲਾ ਵਿਚ ਗੀਤ ਕਲਾ, ਨਾਚ ਕਲਾ ਅਤੇ ਚਿਤ੍ਰ ਕਲਾ ਆਦਿ ਅਨੇਕ ਕਲਾਵਾਂ ਦਾ ਸਮਾਵੇਸ਼ ਹੈ। ਇਸ ਰਾਹੀਂ ਪਿਆਰ ਤੇ ਘਿਰਣਾ, ਅੰਮ੍ਰਿਤ ਤੇ ਲਹੂ ਸਭ ਕੁਝ ਹੈ। ਨਾਟਕ ਇਕ ਕਿਸਮ ਦੀ ਜੀਵਨ-ਲੀਲ੍ਹਾ ਹੈ, ਇਸ ਵਿਚ ਮੇਲ ਤੇ ਜੁਦਾਈ ਵੀ ਹੈ, ਸਭ ਕਲਾਵਾਂ ਦਾ ਇਕ ਖਜ਼ਾਨਾ ਹੈ ਅਤੇ ਸਭ ਕੁਝ ਛੂਹ-ਮੰਤਰ ਵੀ ਇਸੇ ਨਾਲ ਹੁੰਦਾ ਹੈ। ਦੂਜੇ ਸਵੱਈਏ ਵਿਚ ਪਾਤਰ ਤੇ ਪਾਤਰ ਉਸਾਰੀ ਬਾਰੇ, ਪਲਾਟ ਤੇ ਇਸਦੀ ਗੰਢ ਬਾਰੇ ਪਾਤਰਾਂ ਦੀ ਵਾਰਤਾਲਾਪ ਅਤੇ ਗੁਣ-ਸੁਭਾਉ ਬਾਰੇ, ਕਲਾਤਮਕ ਸ਼ਿਲਪਕਾਰੀ, ਭਾਸ਼ਾ ਸ਼ੈਲੀ ਤੇ ਉਦੇਸ਼ ਆਦਿ ਬਾਰੇ ਬਹੁਤ ਸੁੰਦਰ ਵਿਚਾਰ ਪ੍ਰਗਟਾਏ ਗਏ ਹਨ।

**ਇਕਾਂਗੀ ਨਾਟਕ** : ਅਸੀਂ ਇਥੇ ਸਭ ਤੋਂ ਪਹਿਲਾਂ ਉਨ੍ਹਾਂ ਦੀ ਅਨੁਵਾਦਿਤ ਇਕਾਂਗੀ ਪੁਸਤਕ ਨੂੰ ਹੀ ਲੈਂਦੇ ਹਾਂ। ਇਸ ਸੰਗ੍ਰਹਿ ਵਿਚ ਪੰਜ ਇਕਾਂਗੀ ਨਾਟਕ ਹਨ :—(1) ਮ੍ਰਿਣਾਲਵਤੀ ਦਾ ਪ੍ਰਣ, (2) ਖ਼ੂਨੀ ਲੋਟਾ, (3) ਸੁਨਹਿਰੀ ਭਾਵੀ, (4) ਕਲਿੰਗ ਯੁੱਧ ਦੀ ਇਕ ਰਾਤ ਅਤੇ (5) ਉਹ ਦੋਵੇਂ। ਇਹ ਨਾਟਕ ਅੰਗ੍ਰੇਜ਼ੀ ਤੇ ਹਿੰਦੀ ਦੇ ਪ੍ਰਸਿੱਧ ਨਾਟਕਾਂ ਦੇ ਪੰਜਾਬੀ ਅਨੁਵਾਦ ਹਨ।

**ਮ੍ਰਿਣਾਲਵਤੀ ਦਾ ਪ੍ਰਣ** : ਪਹਿਲੇ ਇਕਾਂਗੀ ਨਾਟਕ ਦੇ ਮੂਲ ਲੇਖਕ ਦਾ ਨਾਂ ਠਿਕਾਣਾ ਨਹੀਂ ਕੁਝ ਦਿੱਤਾ ਗਿਆ ਤੇ ਇਹ ਵੀ ਪਤਾ ਨਹੀਂ ਚੱਲਦਾ ਕਿ ਇਹ ਅੰਗ੍ਰੇਜ਼ੀ ਤੋਂ ਲਿਆ ਗਿਆ ਹੈ ਜਾਂ ਹਿੰਦੀ ਤੋਂ ! ਇਸ ਵਿਚ ਇਕੋ ਅੰਗ ਤੇ ਇਕੋ ਦ੍ਰਿਸ਼ ਹੈ। ਭਾਸ਼ਾ ਕਮਾਲ ਦੀ ਠੇਠ ਪੰਜਾਬੀ ਬੋਲੀ ਹੈ। ਅਤੇ ਪਾਤਰ-ਅਨੁਕੂਲ ਵੀ ਹੈ। ਅਨੁਵਾਦ ਦੀ ਸਫਲਤਾ ਦਾ ਅਨੁਮਾਨ ਇਸ ਗੱਲੋਂ ਹੀ ਲਾਇਆ ਜਾ ਸਕਦਾ ਹੈ ਕਿ ਇਹ ਅਸਲੋਂ ਮੂਲ ਨਾਟਕ ਹੀ ਜਾਪਦਾ ਹੈ। ਮਿਣਾਲਵਤੀ ਤ੍ਰਿਲੰਗ ਨਟਰਾਜ ਦੇ ਰਾਜੇ ਤਲਪ ਦੀ ਵਿਧਵਾ ਭੈਣ ਹੈ ਸੁੰਦਰ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੀ ਮਾਲਿਕ ਹੈ। ਮੁੰਜ ਮਾਲਵ ਪ੍ਰਦੇਸ਼ ਦਾ ਪ੍ਰਤਾਪੀ ਰਾਜਾ ਹੈ ਜੋ ਮਿਣਾਲਵਤੀ ਦੀ ਕੈਦ ਵਿਚ ਬੰਦ ਹੈ, ਵੀਰ ਪੁਰਸ਼ ਹੈ, ਨਿਡਰ ਹੈ, ਸੁੰਦਰ ਤੇ ਬੁੱਧੀਮਾਨ ਹੈ, ਆਸ਼ਿਕ ਮਿਜ਼ਾਜ਼ ਹੈ ਅਤੇ ਅੰਤ ਵਿਚ ਮਿਣਾਲਵਤੀ ਜੋ ਉਸਨੂੰ ਮਰਵਾਉਣਾ ਚਾਹੁੰਦੀ ਸੀ, ਦਾ ਦਿਲ ਜਿੱਤ ਕੇ ਉਸ ਨਾਲ ਵਿਆਹ ਕਰਵਾਉਂਦਾ ਹੈ। ਮਿਣਾਲਵਤੀ ਦਾ ਚਰਿਤ੍ਰ ਚਿਤਣ ਵੀ ਬਹੁਤ ਕਮਾਲ ਦਾ ਹੈ, ਰੋਮਾਨੀ ਚਰਿਤ੍ਰ ਹੈ। ਉਹ ਉਪਰੋਂ ਮੁੰਜ ਨੂੰ ਤੰਅਬ ਦਿੰਦੀ ਹੈ, ਡਰਾਉਂਦੀ ਹੈ, ਪਰ ਅੰਦਰੋਂ ਉਸਦੀ ਬਹਾਦਰੀ, ਨਿਡਰਤਾ, ਕੋਮਲਤਾ ਅਤੇ ਸੁੰਦਰਤਾ ਉੱਤੇ ਮਰੀ ਜਾ ਰਹੀ ਹੈ। ਅੰਤ ਦੋਵੇਂ ਵਿਆਹ-ਬੰਧਨ ਵਿਚ ਬੱਝ ਜਾਣ ਦਾ ਪ੍ਰਣ ਕਰਦੇ ਹਨ।

**ਖ਼ੂਨੀ ਲੋਟਾ** : ਤਿੰਨ ਦਰਸਾਂ (ਦ੍ਰਿਸ਼ਾਂ) ਦਾ ਇਕਾਂਗੀ ਨਾਟਕ ਹੈ। ਮੂਲ ਲੇਖਕ ਹਿੰਦੀ ਦੇ ਪ੍ਰਸਿੱਧ ਨਾਟਕਕਾਰ ਗੋਵਿੰਦ ਵੱਲਭ ਪੰਤ ਹਨ। ਬਹੁਤ ਵਧੀਆ ਹਾਸ-ਵਿਨੋਦ ਭਰਪੂਰ ਇਕਾਂਗੀ ਹੈ। ਪਾਤਰਾਂ ਦੇ ਨਾਵਾਂ ਵਿਚ ਵੀ ਇਕ ਅਜਬ ਖਾਸੀਅਤ ਇਹ ਹੈ ਕਿ ਪਾਤਰ ਇਸ ਪ੍ਰਹਸਨ ਨੂੰ ਵਧੇਰੇ ਡੂੰਘਾ ਕਰਦੇ ਹਨ। ਜਿਵੇਂ ਕਿ ਲੰਬੋਦਰ (ਅਰਥਾਤ ਜਿਸਦਾ ਢਿੱਡ ਲੰਬਾ ਹੈ)। ਸੇਠ ਲਬੋਦਰ ਦੀ ਪਤਨੀ ਮਾਲਤੀ ਗਲਤੀ ਨਾਲ ਇਕ ਲੋਟੇ ਵਿਚ ਗੇਰੂ ਦੀ ਪੁੜੀ ਪਾ ਦਿੰਦੀ ਹੈ ਜੋ ਸੇਠ ਦੇ ਪੀਣ ਦੇ ਪਾਣੀ ਨਾਲ ਘੁਲ ਜਾਂਦੀ ਹੈ। ਜਦ ਉਹ ਸ਼ੈਪ

ਕ੍ਰਿਆ ਲਈ ਜਾਂਦਾ ਹੈ ਤਾਂ ਹੱਥ ਧੋਣ ਵੇਲੇ ਉਸਨੂੰ ਖੂਨ ਦਾ ਭੁਲੇਖਾ ਪੈਂਦਾ ਹੈ। ਫੇਰ ਕ੍ਰਮਵਾਰ ਡਾਕਟਰ, ਹਕੀਮ, ਵੈਦ ਤੇ ਜੋਤਸ਼ੀ ਆਦਿ ਬੁਲਾਏ ਜਾਂਦੇ ਹਨ। ਜਦ ਅਸਲ ਗੱਲ ਦਾ ਪਤਾ ਚੱਲਦਾ ਹੈ ਤਾਂ ਖੂਬ ਹਾਸਾ ਮੱਚਦਾ ਹੈ।

ਪੰਜਾਬੀ ਵਿਚ ਬਹੁਤ ਘਟ ਪ੍ਰਹਸਨ ਲਿਖੇ ਗਏ ਹਨ, ਸ਼ਾਇਦ ਇਸੇ ਨੂੰ ਮੁਖ ਰਖਕੇ ਲਖਕ ਨੇ ਇਸ ਇਕਾਂਗੀ ਦੀ ਚੋਣ ਕੀਤੀ ਸੀ

**ਸੁਨਹਿਰੀ ਭਾਵੀ :** ਤੀਜਾ ਇਕਾਂਗੀ ਸੁਨਹਿਰੀ ਭਾਵੀ ਹੈ, ਇਸਦਾ ਮੂਲ ਲੇਖਕ ਲਾਰਡ ਡਨਸੀ ਹੈ। ਇਹ ਇਕਾਂਗੀ ਸਾਧਾਰਨ ਹੈ, ਨਿਰੀ ਦੋ ਪਾਤਰਾਂ ਦੀ ਆਪਸੀ ਗੱਲਬਾਤ ਹੈ, ਨ ਕੋਈ ਕਾਰਜ ਹੈ ਨ ਅਭਿਨੈ ਦੀ ਹੀ ਲੋੜ ਪੈਂਦੀ ਹੈ। ਦੋ ਸੰਤਰੀ ਆਪਸ ਵਿਚ ਗੱਲਾਂ ਕਰਦੇ ਹਨ, ਰਾਜ-ਪ੍ਰਬੰਧ ਦੇ ਵਿਰੁੱਧ ਵੀ ਬੋਲਦੇ ਹਨ ਤੇ ਲੜਾਈ ਦੇ ਵਿਰੁੱਧ ਵੀ ਬਹੁਤ ਕੁਝ ਕਹਿੰਦੇ ਹਨ। ਕੇਵਲ ਗੱਲਬਾਤ ਜਾਂ ਫੋਕੀ ਟੀਕਾ-ਟਿੱਪਣੀ ਨਾਟਕ ਨਹੀਂ ਬਣਦਾ। ਇਸ ਲਈ ਕਿਹਾ ਜਾ ਸਕਦਾ ਹੈ ਕਿ ਫਜ਼ੂਲ ਜਿਹੇ ਕਿਸਮ ਦਾ ਸੜਯੰਤਰ ਤੇ ਜਾਸੂਸੀ ਭਰਿਆ ਨਾਟਕ ਹੈ। ਵਿਸ਼ੇ-ਵਸਤੂ ਜਾਂ ਸ਼ਿਲਪ-ਵਿਧਾਨ ਪੱਖੋਂ ਇਹੋ ਜਿਹੇ ਨਾਟਕਾਂ ਦਾ ਵਿਸ਼ੇਸ਼ ਮਹੱਤਵ ਨਹੀਂ ਹੈ। ਹੋ ਸਕਦਾ ਹੈ, ਲੇਖਕ ਨੇ ਸਮਕਾਲੀ ਜਾਸੂਸੀ ਨਾਟਕ ਲਿਆ ਹੋਵੇ, ਪਰ ਨਾਟਕ ਨਾਟਕ ਤਾਂ ਹੋਣਾ ਚਾਹੀਦਾ ਸੀ ਨ।

**ਕਾਲਿੰਗਾ ਯੁੱਧ ਦੀ ਇਕ ਰਾਤ :** ਚਾਰ ਦਰਸਾਂ ਦਾ ਇਹ ਵਡ-ਆਕਾਰੀ ਇਕਾਂਗੀ ਹੈ ਜਿਸਨੂੰ ਜਾਨ ਡਰਿੰਕਵਾਟਰ ਦੇ ਇਕ ਨਾਟਕ ਦੇ ਆਧਾਰ ਤੇ ਸ੍ਰੀ ਦੁਰਗਾਦਾਸ ਭਾਸਕਰ ਐਮ. ਏ. ਐਲ. ਐਲ. ਬੀ. ਨੇ ਲਿਖਿਆ ਸੀ ਅਤੇ ਜਿਸਦਾ ਪੰਜਾਬੀ ਰੂਪ ਡਾ. ਮੋਹਨ ਸਿੰਘ ਦੀਵਾਨਾ ਨੇ ਪੇਸ਼ ਕੀਤਾ ਹੈ। ਇਸ ਨਾਟਕ ਵਿਚ ਦੇਸ਼ ਭਗਤੀ ਦੇ ਨਾਲ ਨਾਲ ਜੁੱਧ ਦੇ ਭਿਅੰਕਰ ਪਰਿਣਾਮ, ਸ਼ੜਯੰਤਰ ਤੇ ਕੂਟਨੀਤੀ ਆਦਿ ਦੀ ਗੱਲ ਕੀਤੀ ਗਈ ਹੈ। ਸ਼ਾਇਦ ਡਾ. ਰੋਸ਼ਨ ਲਾਲ ਆਹੂਜਾ ਨੇ 'ਕਲਿੰਗਾ ਦਾ ਦੁਖਾਂਤ' ਪੂਰ ਨਾਟਕ ਇਸੇ ਨੂੰ ਆਧਾਰ ਬਣਾਕੇ ਜਾਂ ਇਸਤੋਂ ਪ੍ਰੇਰਣਾ ਲੈਕੇ ਹੀ ਲਿਖਿਆ ਹੋਵੇ। ਪਹਿਲੇ ਦਰਸ ਵਿਚ ਬਸੰਤ ਤੇ ਜੁੱਧ ਜਿੱਤ, ਕਲਿੰਗ ਯੁੱਧ ਦੇ ਘੇਰੇ ਵਿਚ ਜਨਮਭੂਮੀ ਲਈ ਸਹਿਕ ਰਹੇ ਹਨ, ਜੁੱਧ ਦੀ ਭਿਆਨਕਤਾ ਅਤੇ ਸ਼ਾਂਤੀ ਦੀ ਆਵਸ਼ਕਤਾ ਬਾਰੇ ਚੰਗੀ ਬਹਿਸ ਕੀਤੀ ਗਈ ਹੈ। ਗੱਲ ਬਾਤ ਤੋਂ ਦੋਵੇਂ ਪਾਤਰ ਕੋਮਲ ਤੇ ਸੁੰਦਰਤਾ ਪ੍ਰੇਮੀ ਰੁਚੀਆਂ ਵਾਲੇ ਜਾਪਦੇ ਹਨ। ਹਰ ਵਿਅਕਤੀ ਫਿਤਰਤ ਦੇ ਤੌਰ ਤੇ ਕੋਮਲ ਚਿੱਤ ਤੇ ਕਲਾਕਾਰ ਰੁਚੀ ਵਾਲਾ ਹੁੰਦਾ ਹੈ ਪਰ ਹਾਲਾਤ ਉਸਨੂੰ ਹਿੰਸਕ ਪ੍ਰਾਣੀ ਬਣਾ ਦਿੰਦੇ ਹਨ। ਦੋਵਾਂ ਦੀ ਗੱਲਬਾਤ ਵਿਚੋਂ ਇਸ ਵਿਅਕਤੀਗਤ ਰੁਚੀ ਅਤੇ ਦੇਸ਼ ਲਈ ਕਰਤੱਵ ਪਾਲਣਾ ਵਿਚਲਾ ਸੰਘਰਸ਼ ਸਪੱਸ਼ਟ ਹੁੰਦਾ ਹੈ ਕਿ ਇਕ ਦੀ ਕਵਿਤਾ ਕਰਨ ਦੀ ਤੇ ਦੂਜੇ ਦੀ ਚਿਤ੍ਰਕਾਰੀ ਕਰਨ ਦੀ ਰੁਚੀ ਤੇ ਇੱਛਾ ਵਿਚੇ ਦਬਕੇ ਰਹਿ ਜਾਂਦੀ ਹੈ। ਦੋਵੇਂ ਯੁੱਧ ਤੇ ਪਛਤਾਉਂਦੇ ਹਨ ਤੇ ਖੂਨ ਖਰਾਬੇ ਲਈ ਰੋਂਦੇ ਹਨ।

ਦੂਜਾ ਦਰਸ ਕਲਿੰਗ ਦੇ ਫੌਜੀਆਂ ਦਾ ਹੈ ਜਿਥੇ ਬੀਰ ਸੇਨ ਤੇ ਉਸਦਾ ਸਾਥੀ ਸੁਦੱਖ ਕਿਲ੍ਹੇ ਦੀ ਦੀਵਾਰ ਤੇ ਖਲੋਤੇ ਮਗਧੀ ਫੌਜ ਨੂੰ ਦੇਖ ਰਹੇ ਹਨ ਤੇ ਮਤਾ ਪਕਾ ਰਹੇ ਹਨ।

Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਨੂੰ ਵੀ ਸੁੰਦਰ ਵਸਤਾਂ ਤੇ ਇਨਸਾਨੀ ਕਦਰਾਂ ਕੀਮਤਾਂ ਨਾਲ ਅਥਾਹ ਅਨੁਰਾਗ ਹੈ। ਦੋਵਾਂ ਦੀ ਗੱਲ ਤੋਂ ਸਪੱਸ਼ਟ ਹੁੰਦਾ ਹੈ ਕਿ ਵਾਸਤਵ ਵਿਚ ਮਗਧ ਤੇ ਕਲਿੰਗ ਦੇ ਯੁੱਧ ਦਾ ਪਿਛੋਕੜ ਹਿੰਦੂ ਤੇ ਬੋਧ ਸਭਿਆਚਾਰਾਂ ਦਾ ਝਗੜਾ ਹੈ। ਇਸੇ ਵੇਲੇ ਜੁੱਧ ਜਿੱਤ ਆਕੇ ਸੁਦੱਖ ਨੂੰ ਕਟਾਰ ਨਾਲ ਵਾਰ ਕਰਕੇ ਢੇਰੀ ਕਰ ਦਿੰਦਾ ਹੈ। ਤੀਜਾ ਦਰਸ਼ ਬਸੰਤ ਦੀ ਮੌਤ ਦਾ ਹੈ ਜਿਸ ਉੱਤੇ ਜੁੱਧ ਜਿੱਤ ਵਿਰਲਾਪ ਕਰਦਾ ਦਿਖਾਇਆ ਗਿਆ ਹੈ। ਚੌਥਾ ਦਰਸ਼ ਸੁਦੱਖ ਦਾ ਨਿਰਜੀਵ ਸਰੀਰ ਸਾਮ੍ਹਣੇ ਪਿਆ ਹੈ ਤੇ ਬੀਰਸੇਨ ਸੀਟੀ ਵਜਾਉਂਦਾ ਹੈ, ਚੁਪਾਸੇ 'ਨਿਸਤਬਧਤਾ' ਦਾ ਰਾਜ ਹੈ। ਇਵੇਂ ਨਾਟਕ ਦਾ ਅੰਤ ਬਹੁਤ ਹੀ ਸੁਝਾਊ ਹੈ ਜਿਸ ਵਿਚ ਯੁੱਧ ਦੇ ਔਗੁਣ ਉਜਾਗਰ ਹੁੰਦੇ ਹਨ।

**ਉਹ ਦੋਵੇਂ** : ਇਹ ਨਾਟਕ ਪ੍ਰੋਫ਼ੈਸਰ ਸਦਗੁਰੂ ਸ਼ਰਨ ਅਵਸਥੀ ਦੇ ਨਾਟਕ ਦੇ ਆਧਾਰ ਤੇ ਲਿਖਿਆ ਗਿਆ ਹੈ। ਨਾਟਕ ਦਾ ਵਿਸ਼ਾ ਬੜਾ ਆਲੌਕਾਰ ਜਿਹਾ ਹੈ। ਦੋ ਅਣਜਾਣ ਤੇ ਦੂਰ ਦੇਸ਼ ਦੇ ਰਹਿਣ ਵਾਲੇ ਬੰਦੇ ਹਮਸ਼ਕਲ ਨਿਕਲਦੇ ਹਨ ਅਤੇ ਅਖੀਰ ਪਤਾ ਚੱਲਦਾ ਹੈ ਕਿ ਉਹ ਇਕੋ ਮਾਂ-ਬਾਪ ਦੀ ਸੰਤਾਨ ਹਨ ਜੋ ਕੁਝ ਕਾਰਨਾਂ ਕਰਕੇ ਵਿਛੜ ਗਏ ਸਨ। ਇਵੇਂ ਇਕ ਅੱਧ ਮਾਮਲਾ ਤਾਂ ਹੋ ਸਕਦਾ ਹੈ, ਚਾਰ-ਚਾਰ ਘਟਨਾਵਾਂ ਨਹੀਂ ਲੱਭ ਸਕਦੀਆਂ। ਇਸ ਤਰ੍ਹਾਂ ਇਹ ਚਾਰੇ ਘਟਨਾਵਾਂ ਨਿਰਾ ਮੌਕਾ ਮੇਲ ਹੀ ਜਾਪਦੀਆਂ ਹਨ। ਨਾਟਕ ਦੇ ਪੰਜ ਦਰਸ਼ ਹਨ। ਪਹਿਲੇ ਦਰਸ਼ ਵਿਚ ਮੋਟਰ ਤੇ ਟਾਂਗੇ ਦੀ ਟੱਕਰ ਹੋ ਜਾਂਦੀ ਹੈ। ਸੇਠ ਸਿਪਾਹੀ ਨੂੰ ਟਾਂਗੇ ਵਾਲੇ ਦਾ ਚਲਾਨ ਕਰਨ ਲਈ ਕਹਿੰਦਾ ਹੈ। 'ਟਾਂਗੇ ਵਾਲੇ ਦੀ ਤੇ ਸੇਠ ਦੀ ਸੂਰਤ ਵਿਚ ਗ਼ਜ਼ਬ ਦੀ ਮੁਸ਼ਾਬਿਹਤ ਹੈ। ਸਿਪਾਹੀ ਬਹਿਸਦੇ ਨੇ—ਅਸ਼ਵਨੀ ਕੁਮਾਰਾਂ ਦੀ ਜੋੜੀ ਹੈ। ਦੂਜਾ ਦਰਸ਼ ਮੱਖਣਪੁਰ, ਦਾ ਪਸ਼ੂ ਮੇਲੇ ਦਾ ਹੈ। ਧਨੀ ਤੇ ਘੋੜੇ ਵੇਚਣ ਵਾਲੇ ਦੀਆਂ ਸ਼ਕਲਾਂ ਇਕੋ ਹਨ। ਤੀਜਾ ਦਰਸ਼ ਲਖਨਊ ਸ਼ਹਿਰ ਦਾ ਹੈ, ਦਰਜੀ ਤੇ ਬਾਬੂ ਜੀ ਦੀ ਸ਼ਕਲ ਇਕੋ ਹੈ। ਚੌਥੇ ਦਰਸ਼ ਵਿਚ ਯੱਕੇ ਵਿਚ ਅਧਖੜ ਉਮਰ ਦੇ ਦੋ ਜਣਿਆਂ ਦੀ ਸ਼ਕਲ ਮਿਲਦੀ ਹੈ। ਪੰਜਵਾਂ ਦਰਸ਼ ਬੁਢੇ ਤੇ ਬੁੱਢੀ ਦਾ ਹੈ ਇਥੇ ਬੁੱਢੀ ਪੰਜਾਹ ਵਰ੍ਹੇ ਪਹਿਲਾਂ ਦੇ ਕੀਤੇ ਪਾਪ ਦਾ ਪ੍ਰਾਇਸ਼ਚਿਤ ਕਰਦੀ ਹੈ, ਜੋ ਕਹਿੰਦੀ ਹੈ—'ਤੇ ਜੇ ਮੈਂ ਤੁਸਾਂ ਤਿੰਨਾਂ ਨੂੰ ਇਕ ਵਾਰੀ ਵੀ ਕੱਠਿਆਂ ਵੇਖ ਲੈਂਦੀ ਤਾਂ ਮੇਰੀ ਸਦਾ ਲਈ ਮੁਕਤੀ ਹੋ ਜਾਂਦੀ ਤੇ ਮੈਂ ਫੇਰ ਬਦਬਖ਼ਤ ਦੁਨੀਆ ਵਲ ਕਦੇ ਭੁੱਲ ਕੇ ਵੀ ਨਜ਼ਰ ਨਾ ਪਾਂਦੀ।

ਨਾਟਕ ਦੀ ਕਹਾਣੀ ਦੇ ਮੌਕਾ ਮੇਲ ਤੇ ਦਿੱਤੀ ਗਈ ਵਿਆਖਿਆ ਨੂੰ ਇਕ ਪਾਸੇ ਛੱਡ ਦੇਈਏ ਤਾਂ ਵੀ ਇਸਦੀ ਭਾਸ਼ਾ ਤੇ ਸ਼ਬਦ-ਜੋੜ ਦੇਖਣ ਵਾਲੇ ਹਨ ਜੋ ਡਾ. ਮੋਹਨ ਸਿੰਘ ਦੀ ਨਿਜੀ ਵਿਲੱਖਣ ਸ਼ੈਲੀ ਹੈ। ਉਸਦੇ ਮੁਹਾਵਰੇ ਵਿਚ ਕਿਧਰੇ ਠੇਠ ਪੰਜਾਬੀ ਹੈ, ਕਿਧਰੇ ਫਾਰਸੀ-ਉਰਦੂ ਦੇ ਭਾਰੇ ਸ਼ਬਦ ਹਨ ਤੇ ਕਿਧਰੇ ਸੰਸਕ੍ਰਿਤ-ਹਿੰਦੀ ਦੇ ਔਖੇ ਸ਼ਬਦ। ਕਿਧਰੇ ਉਸਦੇ ਸ਼ਬਦ ਜੋੜ ਨਿਰੇ ਸੰਸਕ੍ਰਿਤ ਵਾਲੇ ਹਨ ਤੇ ਕਿਧਰੇ ਨਿਰੇ ਪੇਂਡੂ ਅਨਪੜ੍ਹ ਲਹਿਜ਼ੇ ਦੇ ਅਤੇ ਪੱਠੋਹਾਰੀ ਉਨ੍ਹਾਂ ਦੇ ਘਰ ਦੀ ਜ਼ਬਾਨ ਹੀ ਹੋਈ ਜਿਸਦੀ ਝਾਮਨੀ ਹਰ ਥਾਂ ਮਿਲਦੀ ਹੈ। ਕੁਝ ਉਦਾਹਰਣ ਦੇਖੋ :—

ਘੋੜਿਆਂ ਦਾ ਸੰਰੱਖਕ, ਹੌਲੇ ਹੌਲੇ ਭੀਤਰ ਜਾਂਦਾ ਹੈ, ਧੀਰੇ ਜਿਹੇ, ਧੀਰੇ ਧੀਰੇ,

"ਸ਼ੀਸ਼ੇ ਵਿਚ ਕੁੜਤਾ ਪਾਉਣ ਵਾਲੇ ਦਰਜ਼ੀ ਤੇ ਕੁੜਤਾ ਪਾਉਣ ਵਾਲੇ ਬਾਬੂ ਦਾ ਅਕਸ ਇਕ ਸਾਥ ਵੇਖਕੇ ਦੋਵੇਂ ਹੈਰਾਨ ਹੋ ਜਾਂਦੇ ਹਨ।"

"ਚਤੁਰਾਈ ਤੇ ਕਮਾਲ ਅੱਡਰਤਾ ਵਿਚ ਵੀ ਹੈ। ਕਲਾ ਤਾਂ ਅਖਿਲ ਦਾ ਪ੍ਰਤਿਰੂਪ ਤੇ ਇਯੱਤਾ ਦੇ ਪਤੇ ਦੀ ਵਸਤ ਹੈ। ਬਿਭੇਦ ਵਿਆਖਿਆ ਦੀ ਸਨਤਤਿ ਹੈ। ਬਿਭੇਦ ਵਿਚ ਵੀ ਸਾਪੇਖਿਆ ਦੇ ਦਰਸ਼ਨ ਹੁੰਦੇ ਹਨ ਤਦੋਂ ਸਮੀਖਿਆ ਤੇ ਮੀਮਾਂਸਾ ਦਾ ਬਿਸਤਾਰ ਬੁੱਧੀ ਕਰਨ ਲਗਦੀ ਹੈ।" ਖੱਦੜ, ਨਾਵਸ, ਪ੍ਰਵਾਹ, ਐਸ਼ਵਰਜ, ਅਨਾਥਾਲੇ, ਆਸਰਾਲੇ ਸੰਨਤਾਨ, ਸਾਸੂ।

"ਵੱਤ ਅਸਾਂਹ ਕੋ ਖਬਰ, ਅਸਾਂ ਤਾਂ ਹੇਹਾ ਡਿੱਠਾ ਜੋ ਦੋਹਾਂ ਦੀ ਹਿੱਕਾ ਨੁਹਾਰ, ਹਿੱਕਾ ਬੋਲ, ਹਿੱਕਾ ਟੋਰ। ਸਕਿਆਂ ਭਿਰਾਵਾਂ ਵਿਚ ਆਹ ਮੇਲ ਨਹੀਓਂ ਹੋਂਦਾ।"

ਇੰਞ, ਅਸੀਂ ਵੇਖਦੇ ਹਾਂ ਕਿ ਡਾ. ਦੀਵਾਨਾ ਨੇ ਇਨ੍ਹਾਂ ਨਾਟਕਾਂ ਰਾਹੀਂ ਵੱਖ ਵੱਖ ਨਾਟਕੀ ਸ਼ੈਲੀਆਂ ਤੋਂ ਪੰਜਾਬੀ ਜਗਤ ਨੂੰ ਪਰਿਚਿਤ ਕਰਵਾਉਣ ਦਾ ਜੋ ਟੀਚਾ ਮਿਥਿਆ ਸੀ, ਉਸ ਵਿਚ ਉਹ ਪੂਰੀ ਤਰ੍ਹਾਂ ਸਫਲ ਰਹੇ ਹਨ। ਇਸੇ ਸੰਦਰਭ ਵਿਚ ਆਪਣੇ ਅਨੁਵਾਦੇ ਇਨ੍ਹਾਂ ਨਾਟਕਾਂ ਦੀ ਭੂਮਿਕਾ ਵਿਚ ਉਹ ਲਿਖਦੇ ਹਨ :—

"ਇਕ ਅੰਗਾ ਰੂਪਕ ਬਹੁਤ ਹੀ ਮੁਸ਼ਕਲ ਜਿਹੀ ਖੇਡ ਹੈ ਕਿਉਂ ਜੋ ਇਸ ਵਿਚ ਬੜੇ ਸੰਜਮ ਦੀ ਲੋੜ ਹੈ ਤੇ ਬੜੇ ਧਿਆਨੀ ਜਮਾਉ ਦੀ ਜ਼ਰੂਰਤ ਹੈ। ਛੋਟਾ ਪਿੜ, ਥੋੜ੍ਹਾ ਸਮਾਂ, ਨਿੱਕਾ ਨਿੱਕਾ ਸਮਿਆਨ, ਕਾਰੀਗਰ (ਪਾਤਰ) ਗੋਣਵੇਂ, ਵੇਖਣ ਵਾਲਿਆਂ ਦਾ ਵਧਿਆ ਉਤਸਾਹ ਤੇ ਤੇਜ਼ ਇੰਤਜ਼ਾਰ। ਮੈਨੂੰ ਪੱਕੀ ਉਮੀਦ ਹੈ ਕਿ ਇਹ ਛੋਟੀ ਜਿਹੀ ਆਰਟੀ ਮੂਰਤ ਬਹੁਤ ਮਨਭਾਣੀ ਸਾਬਿਤ ਹੋਵੇਗੀ ਤੇ ਇਸ ਰਾਹੀਂ ਜਨਤਾ ਦੀ ਤਾਲੀਮ ਤੇ ਉਨ੍ਹਾਂ ਦੀ ਆਤਮਿਕ ਤੇ ਕਲਪਨੈਦੀ ਉੱਨਤੀ ਦਾ ਕਾਫ਼ੀ ਸਾਧਨ ਹੋ ਸਕੇਗਾ। ਹਾਲੀਂ ਮੇਰੇ ਖਿਆਲ ਵਿਚ ਚੰਗਿਆਂ ਤਰਜਮਿਆਂ ਦੀ ਵਧੇਰੀ ਤੇ ਉਚਿਤਤਮ ਜ਼ਰੂਰਤ ਹੈ।"

ਡਾ. ਗੁਰਦਿਆਲ ਸਿੰਘ ਫੁੱਲ ਪੰਖੜੀਆਂ ਦੇ ਆਧਾਰ ਤੇ ਇਨ੍ਹਾਂ ਦੇ ਇਕਾਂਗੀ ਨਾਟਕਾਂ ਬਾਰੇ ਲਿਖਦੇ ਹਨ— "ਡਾ. ਮੋਹਨ ਸਿੰਘ ਇਕ ਸਰਵਪੱਖੀ ਕਲਾਕਾਰ ਹੈ, ਪੂਰੇ ਤਾਣ, ਮੌਲਿਕਤਾ, ਡੂੰਘਾਈ ਅਤੇ ਅੰਤਰ-ਦ੍ਰਿਸ਼ਟੀ ਦਾ ਮਾਲਿਕ। ਅਗਵਾਈ ਕਰਨਾ ਕਿਸੇ ਕੰਮ ਦਾ ਤੋਰਾ ਤੋਰਨਾ, ਅਗੇ ਵਧਣਾ ਸਭ ਲਈ ਇਕ ਅਜਿਹੀ ਪ੍ਰਤਿਭਾ ਦੀ ਲੋੜ ਹੁੰਦੀ ਹੈ ਜਿਸ ਨੂੰ ਕਲਪਣਾ ਸ਼ਕਤੀ ਦੀ ਦਾਤ ਮਿਲੀ ਹੋਵੇ, ਭਾਸ਼ਾ ਤੇ ਅਬੂਰ ਹਾਸਿਲ ਹੋਵੇ, ਤੱਤ ਤਕ ਦੇਖਣ ਦੀ ਦ੍ਰਿਸ਼ਟੀ ਹੋਵੇ, ਅਤੇ ਕੋਮਲ ਬੌਧਿਕ ਛੁਹਾ ਹੋਣ। ਡਾ. ਸਿੰਘ ਵਿਚ ਇਹ ਸਾਰੀਆਂ ਖੂਬੀਆਂ ਹਨ ਜਿਨ੍ਹਾਂ ਕਾਰਨ ਉਹ ਪੰਜਾਬੀ ਨਾਟਕ ਦੀ ਪ੍ਰਭਾਵਸ਼ਾਲੀ ਅਗਵਾਈ ਕਰ ਸਕਿਆ ਹੈ। ਡਾ. ਦੀਵਾਨਾ ਇਕਾਂਗੀ ਨਾਟਕ ਦਾ ਪਿਤਾ ਹੈ। 1928 ਵਿਚ ਛਪੇ ਉਸਦੇ ਸੰਕਲਨ ਪੰਖੜੀਆਂ ਤੋਂ ਪਹਿਲਾਂ ਕੋਈ ਨਿੱਠਵਾ ਜਾ ਮੰਚ ਯੋਗ ਨਾਟਕ ਜ਼ਬਾਨ ਵਿਚ ਨਹੀਂ ਮਿਲਦਾ ਸੀ। ਇਨ੍ਹਾਂ ਨੇ ਕੇਵਲ ਪਹਿਲ ਹੀ ਨਹੀਂ ਕੀਤੀ ਸਗੋਂ ਇਨ੍ਹਾਂ ਦੀ ਉੱਤਮਤਾ ਵੀ ਬਿਲ-ਮੁਕਾਬਿਲ ਹੈ।

ਡਾ. ਸਿੰਘ ਇਬਸਨ, ਸ਼ੇਕਸਪੀਅਰ, ਸ਼ਾਅ, ਕਾਂਗਰੀਵ, ਪਿਰਾਂਡਲੋ ਵਰਗੇ ਮਹਾਨ

Sri Satguru Jagjit Singh Ji Elibrary NamdhariElibrary@gmail.com

ਵਿਦੇਸ਼ੀ ਨਾਟਕਕਾਰਾਂ ਤੋਂ ਪ੍ਰਭਾਵਿਤ ਜਾਪਦਾ ਹੈ, ਪਰ ਉਸਨੇ ਮਾਤਰ ਅਨੁਕਰਨ ਨਹੀਂ ਕੀਤਾ ਹੈ, ਉਸ ਨੇ ਨਾਟਕ ਲਿਖਣ ਦੀ ਇਕ ਨਿਰੋਲ ਮੌਲਿਕ ਸ਼ੈਲੀ ਵਿਕਸਿਤ ਕੀਤੀ ਹੈ।

'ਪੰਖੜੀਆਂ' ਵਿਚ ਵੱਖ-ਵੱਖ ਵਿਸ਼ਿਆਂ, ਵੱਖ-ਵੱਖ ਰੰਗਾਂ ਦੇ ਚਾਰ ਇਕਾਂਗੀ ਸ਼ਾਮਲ ਹਨ। ਅਨੇਕ ਦ੍ਰਿਸ਼ਾਂ ਦੇ ਬਾਵਜੂਦ ਕਾਰਜ ਅਤੇ ਵਿਸ਼ੇ ਦੀ ਏਕਤਾ ਅਤੇ ਫੁਰਨੇ ਦੀ ਇਕਰਸਤਾ ਕਿਧਰੇ ਵੀ ਭੰਗ ਨਹੀਂ ਹੁੰਦੀ। ਆਦਰਸ਼ ਦੀ ਪੂਰਤੀ ਸਹਿਜੇ ਤੇ ਸੁੱਤੇ ਸਿੱਧ ਹੋ ਜਾਂਦੀ ਹੈ। ਇਹ ਇਕਾਂਗੀ ਉਦੈ ਹੁੰਦੇ ਸੂਰਜ ਵਾਂਗ ਸ਼ੁਰੂ ਹੁੰਦੇ ਹਨ ਅਤੇ ਟੁੱਟਦੇ ਹੋਏ ਤਾਰੇ ਵਾਂਗ ਖਤਮ ਹੁੰਦੇ ਹਨ ਜੋ ਕਿ ਚੰਗੇ ਅੰਤ ਦਾ ਲਖਾਇਕ ਹੈ।

ਅਧਿਆਇ ਪੰਜਵਾਂ

# ਇਤਿਹਾਸਕਾਰ ਡਾ. ਮੋਹਨ ਸਿੰਘ ਦੀਵਾਨਾ

ਡਾ. ਮੋਹਨ ਸਿੰਘ ਦੀਵਾਨਾ ਨੇ ਪੰਜਾਬੀ ਸਾਹਿੱਤ ਅਧਿਐਨ ਅਤੇ ਇਤਿਹਾਸਕਾਰੀ ਦੇ ਖੇਤਰ ਵਿਚ ਕੁਲ ਚਾਰ ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਦੇ ਨਾਂ ਹਨ—

(1) ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ (ਹੁਣ ਤਕ ਇਸਦੇ ਤਿੰਨ ਐਡੀਸ਼ਨ ਛੱਪ ਚੁੱਕੇ ਹਨ)

(2) ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ

(3) ਪੰਜਾਬੀ ਅਦਬ ਦੀ ਮੁਖਤਸਿਰ ਤਾਰੀਖ

(4) ਪੰਜਾਬੀ ਸਾਹਿੱਤ ਦੀ ਇਤਿਹਾਸ ਰੇਖਾ।

ਪਹਿਲੀ ਪੁਸਤਕ ਆਪ ਨੇ 1933 ਵਿਚ ਲਿਖੀ ਜਿਸ ਉੱਤੇ ਪੰਜਾਬ ਯੂਨੀਵਰਸਿਟੀ ਨੇ ਆਪਨੂੰ ਡੀ.ਲਿਟ ਦੀ ਡਿਗਰੀ ਪ੍ਰਦਾਨ ਕੀਤੀ। ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਹੁਣ ਤੱਕ ਵੀ ਡਾ. ਦੀਵਾਨਾ ਪੰਜਾਬੀ ਦੇ ਪਹਿਲੇ ਡੀ.ਲਿਟ. ਹਨ। ਲੇਖਕ ਦੇ ਆਪਣੇ ਦੱਸਣ ਮੁਤਾਬਿਕ—"ਇਸ ਅੰਦਰ ਸੰਪੂਰਨ ਰਾਜਨੈਤਿਕ, ਸਮਾਜਿਕ ਅਤੇ ਧਾਰਮਿਕ ਪਿਛੋਕੜ ਦੇਣ ਮਗਰੋਂ ਕਿੰਨੇ ਸਾਰੇ ਨਵੇਂ ਲੇਖਕਾ ਅਤੇ ਇਸ ਕਲਮ ਦੇ ਲਿਖਾਰੀ ਵਲੋਂ ਖੋਜੀ ਗਈ ਕਿੰਨੀ ਹੀ ਸਾਮੱਗਰੀ ਅਤੇ ਪੰਜਾਬੀ ਸਾਹਿੱਤ ਦੀਆਂ ਭਿੰਨ ਭਿੰਨ ਸ਼ਾਖਾਵਾਂ ਵਿਚ ਪੈਦਾ ਹੋਣ ਵਾਲੀਆਂ ਪ੍ਰਵਿਰਤੀਆਂ ਅਤੇ ਲਹਿਰਾਂ ਬਾਰੇ ਨਿੱਠ ਕੇ ਡੂੰਘਾਈ ਵਿਚ ਅਤੇ ਤੁਲਨਾਤਮਕ ਅਧਿਐਨ ਕੀਤਾ ਗਿਆ ਸੀ। ਮੇਰੇ ਦੋਵੇਂ ਹੀ ਪਰੀਖਿਅਕਾਂ; ਲੰਡਨ ਦੇ ਡਾ. ਟੀ.ਗ੍ਰਾਹਮ ਬੇਲੀ ਅਤੇ ਸਰਬੋਨ (ਪੈਰਿਸ) ਦੇ ਡਾ. ਜੂਲਸ ਬਲੌਚ ਨੇ ਇਸ ਕੰਮ ਦੀ ਅਤਿ ਪ੍ਰਸ਼ੰਸਾ ਕੀਤੀ ਸੀ।" ਸਕੂਲ ਆਫ਼ ਓਰੀਐਂਟਲ ਸਟੱਡੀਜ਼, ਲੰਡਨ ਦੇ ਡਾ. ਟੀ. ਗ੍ਰਾਹਮ ਬੇਲੀ ਇਸ ਥੀਸਸ ਨੂੰ 'ਡੂੰਘੀ ਖੋਜ ਦਾ ਨਤੀਜਾ' ਅਤੇ 'ਵਾਰਤਕ ਤੇ ਕਵਿਤਾ ਦੋਵਾਂ ਦਾ ਹੀ ਇਕ ਮੌਲਿਕ ਪਰ ਆਲੋਚਨਾਤਮਕ ਮੁੱਲਾਂਕਣ' ਕਹਿੰਦੇ ਹਨ। ਉਨ੍ਹਾਂ ਦੀ ਰਾਇ ਦੀ ਇਕ ਪੂਰੀ ਟੂਕ ਦੇਖੋ :—

"ਇਹ ਪੁਸਤਕ ਨਾ ਸਿਰਫ ਪ੍ਰਕਾਸ਼ਿਤ ਪੁਸਤਕਾਂ ਸਗੋਂ ਖਰੜਿਆਂ ਦੇ ਰੂਪ ਵਿਚ ਮਿਲਦੇ ਸਾਹਿੱਤ ਬਾਰੇ ਕੀਤੀ ਡੂੰਘੀ ਖੋਜ ਦਾ ਨਤੀਜਾ ਹੈ, ਜਿਸਨੂੰ ਨੇਪਰੇ ਚਾੜ੍ਹਣ ਵਿਚ ਸਾਲਾਂ ਬੱਧੀ ਮਿਹਨਤ, ਸਬਰ ਤੇ ਸਹਿਨਸ਼ੀਲਤਾ ਖਰਚ ਹੋਈ ਹੋਵੇਗੀ। ਮੁੱਢਲੇ ਕਾਲ ਤੋਂ ਲੈ ਕੇ ਪੰਜਾਬੀ ਸਾਹਿੱਤ ਸੰਬੰਧੀ ਦਿੱਤੀ ਜਾਣਕਾਰੀ ਹੋਰ ਥਾਂ ਕਿਧਰੇ ਨਹੀਂ ਮਿਲਦੀ। ਇਹ ਵਾਰਤਕ ਤੇ ਕਵਿਤਾ ਦੋਵਾਂ ਦਾ ਹੀ ਇਕ ਮੌਲਿਕ ਪਰ ਆਲੋਚਨਾਤਮਕ ਮੁੱਲਾਂਕਣ ਹੈ ਅਤੇ ਇਸ ਵਿਚੋਂ ਝਲਕਦੀਆਂ ਧਾਰਮਿਕ ਲਹਿਰਾਂ ਬਾਰੇ ਵੀ ਮੁੱਲਵਾਨ ਰਾਇ

Sri Satguru Jagjit Singh Ji Elibrary NamdhariElibrary@gmail.com

ਦਿੱਤੀ ਗਈ ਹੈ।" ਇਸੇ ਤਰ੍ਹਾਂ ਪੈਰਿਸ ਦੇ ਪ੍ਰੋਫੈਸਰ ਜੂਲਸ ਬਲੋਂਦ ਨੇ ਲਿਖਿਆ ਸੀ। "ਇਹ ਰਚਨਾ ਐਨੀ ਨਵੀਨਤਾ ਭਰੀ ਹੈ ਕਿ ਵਿਅਕਤੀਗਤ ਤੌਰ ਤੇ ਕੀਤੀ ਮਿਹਨਤ ਨੂੰ ਪ੍ਰਗਟ ਕਰਨ ਵਾਲੀ ਹੈ, ਹੁਣ ਤਕ ਅਣਜਾਣੇ ਜਾਂ ਘਟੋ ਘੱਟ ਅਪ੍ਰਕਾਸ਼ਿਤ ਤੱਥਾਂ ਦੀ ਏਡੀ ਵੱਡੀ ਪੋਟਲੀ ਸਾਡੇ ਸਾਮ੍ਹਣੇ ਖੋਲ੍ਹਣ ਵਾਲੀ ਹੈ। ਡਾ. ਸਿੰਘ ਨੇ ਨ ਸਿਰਫ਼ ਵਰਗੀਕ੍ਰਿਤ ਸੂਚੀਆਂ ਅਤੇ ਰਚਨਾਵਾਂ ਤੇ ਲੇਖਕਾਂ ਬਾਰੇ ਲੋੜੀਂਦੇ ਵਿਸਤਾਰ ਹੀ ਦਿੱਤੇ ਹਨ, ਸਗੋਂ ਲੇਖਕਾਂ ਦੀ ਵਿਅਕਤੀਗਤ ਪ੍ਰਤਿਭਾ ਦੇ ਲੱਛਣ ਵੀ ਸਾਮ੍ਹਣੇ ਲਿਆਉਣ ਦਾ ਯਤਨ ਕੀਤਾ ਹੈ ਜਿਸਨੂੰ ਕਿ ਆਮ ਤੌਰ ਤੇ ਵਿਸਾਰ ਦਿੱਤਾ ਜਾਂਦਾ ਹੈ; ਅਤੇ ਗੱਲ ਦੀ ਗੱਲ ਵਿਚ ਇਹ ਵੀ ਕਹਿਣਾ ਬਣਦਾ ਹੈ ਕਿ ਉਹ ਕਵੀਆਂ ਵੱਲੋਂ ਵਰਤੇ ਗਏ ਛੰਦਾਂ ਦਾ ਵੀ ਲੇਖਾ ਜੋਖਾ ਲੈਂਦਾ ਹੈ। ਹਿੰਦੁਸਤਾਨ ਵਿਚ ਲੇਖਕਾਂ ਦੇ ਬੌਧਿਕ ਤੇ ਭਾਵੁਕ ਸਰੋਕਾਰਾਂ ਨੂੰ ਲੱਭਣ ਲਈ ਛੰਦਾਂ ਦੀ ਚੋਣ ਬਹੁਤ ਮਹੱਤਵਪੂਰਨ ਗਿਣੀ ਜਾਂਦੀ ਹੈ।"

ਡਾ. ਦੀਵਾਨਾ ਨਿਰੰਤਰ ਤੇ ਬਾਕਾਇਦਾ ਖੋਜ ਕਰਨ ਵਾਲੇ ਵਿਦਵਾਨ ਸਨ। ਜਾਪਦਾ ਹੈ ਜਦ ਵੀ ਉਨ੍ਹਾਂ ਨੂੰ ਕੋਈ ਵੱਡਮੁੱਲੀ ਹੱਥ ਲਿਖਤ ਜਾਂ ਕਵੀ ਦਾ ਹਾਲ ਪਤਾ ਚਲਦਾ ਸੀ ਉਹ ਉਸਨੂੰ ਸੰਗ੍ਰਹਿ ਕਰ ਲੈਂਦੇ ਸਨ ਅਤੇ ਇਕ ਇਤਿਹਾਸ ਤੋਂ ਮਗਰੋਂ ਦੂਜਾ, ਦੂਜੇ ਮਗਰੋਂ ਤੀਜਾ ਇਤਿਹਾਸ ਲਿਖਦੇ ਰਹੇ। ਉਨ੍ਹਾਂ ਦੇ ਹੋਰ ਇਤਿਹਾਸ ਵਿਚ ਬਹੁਤ ਕੁਝ ਵੱਖਰਾ ਹੈ, ਬਹੁਤ ਕੁਝ ਨਵਾ ਹੈ ਤੇ ਬਹੁਤ ਕੁਝ ਵਿਸਤਾਰ ਹੈ। ਡਾ. ਦੀਵਾਨਾ ਦੀ ਇਤਿਹਾਸਕ ਸੂਝ, ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਭੰਡਾਰ ਭਰਨ ਦੀ ਰੀਝ ਗੁਰੂ ਘਰ ਦੀ ਤੇ ਗੁਰੂ ਗ੍ਰੰਥ ਸਾਹਿਬ ਦੇ ਇਕ ਇਕ ਸ਼ਬਦ ਦੀ ਸ਼ਰਧਾ, ਗੁਰਮਤਿ-ਗਿਆਨ ਤੇ ਵੇਦਾਂਤ ਦਰਸ਼ਨ ਦੀ ਵਿਵਹਾਰਿਕ ਸਮਝ ਸਾਰੇ ਗੁਣ ਮਿਲਕੇ ਉਨ੍ਹਾਂ ਤੋਂ ਉਸਾਰੂ ਤੇ ਨਿਰੰਤਰ ਖੋਜ ਭਰਪੂਰ ਸਾਹਿੱਤ ਦੀ ਰਚਨਾ ਕਰਵਾਉਂਦੇ ਰਹੇ ਹਨ।

ਡਾ. ਦੀਵਾਨਾ ਨੇ ਪੰਜਾਬੀ ਵਿਚ ਸਭ ਤੋਂ ਪਹਿਲਾ ਪੰਜਾਬੀ ਸਾਹਿੱਤ ਦਾ ਇਤਿਹਾਸ ਲਿਖਿਆ ਤੇ ਉਹ ਵੀ ਅਜਿਹਾ ਕਿ ਜਿਸ ਨੂੰ ਹੁਣ ਤੱਕ ਵੀ ਕੋਈ ਉਲੰਘ ਨਹੀਂ ਸਕਿਆ ਹੈ। ਉਨ੍ਹਾਂ ਦੇ ਪੰਜਾਬੀ ਵਿਚ ਪ੍ਰਵੇਸ਼ ਤੋਂ ਪਹਿਲਾਂ ਸਾਹਿੱਤ—ਇਤਿਹਾਸ ਦੇ ਨਾਂ ਤੇ ਬਾਵਾ ਬੁੱਧ ਸਿੰਘ ਦੀਆਂ ਕੋਇਲ ਕੂੰ, ਹੰਸ ਚੋਗ ਤੇ ਬੰਬੀਹਾ ਬੋਲ ਤੇ ਮੀਆਂ ਮੌਲਾ ਬਖ਼ਸ਼ ਕੁਸ਼ਤਾ ਦੀਆਂ ਰਚਨਾਵਾਂ 'ਚਸ਼ਮਾਏ-ਏ-ਹਯਾਤ' ਤੇ 'ਪੰਜਾਬ ਦੇ ਹੀਰੇ' ਆਦਿ ਹੀ ਉਪਲਬਧ ਸਨ, ਜਿਨ੍ਹਾਂ ਨੂੰ ਆਮ ਤੌਰ ਤੇ ਇਤਿਹਾਸ ਨ ਮਿਥ ਕੇ 'ਤਜ਼ਕਰੇ' ਹੀ ਕਿਹਾ ਜਾ ਸਕਦਾ ਹੈ। ਡਾ. ਦੀਵਾਨਾ ਨੇ ਪਹਿਲੀ ਵਾਰੀ ਇਤਿਹਾਸਕਾਰੀ ਨੂੰ ਇਕ ਸਾਹਿੱਤਕ ਵਿਧਾ ਦੇ ਤੌਰ ਤੇ ਅਪਣਾਇਆ ਤੇ ਵਿਗਿਆਨਿਕ, ਪ੍ਰਮਾਣਿਕ, ਅਤੇ ਖੋਜ-ਆਧਾਰਿਤ ਨਿੱਗਰ ਇਤਿਹਾਸਕਾਰੀ ਦਾ ਮੁੱਢ ਬੱਝਾ। ਡਾ. ਦੀਵਾਨਾ ਦੀ ਲੇਖਣੀ ਦਾ ਕਮਾਲ ਇਹ ਹੈ ਕਿ ਉਨ੍ਹਾਂ ਨੇ ਹੱਥ ਲਿਖਤਾਂ ਲੱਭਕੇ ਉਨ੍ਹਾਂ ਦੀਆ ਸੂਚੀਆਂ ਹੀ ਤਿਆਰ ਨਹੀਂ ਕੀਤੀਆਂ, ਉਨ੍ਹਾਂ ਦੇ ਖੁਲਾਸੇ ਹੀ ਨਹੀਂ ਦਿੱਤੇ ਸਗੋਂ ਡੂੰਘੀ ਤੇ ਪੈਨੀ ਆਲੋਚਨਾਤਮਕ ਦ੍ਰਿਸ਼ਟੀ ਅਪਣਾਕੇ, ਹੋਰਨਾਂ ਭਾਸ਼ਾਵਾਂ ਨਾਲ ਤੁਲਨਾਤਮਕ ਅਧਿਅਨ ਕਰਕੇ, ਠੋਸ ਸਿੱਟੇ ਤੇ ਸਿੱਧਾਂਤ ਵੀ ਘੜੇ ਹਨ। ਉਨ੍ਹਾਂ ਨੇ ਪਹਿਲੀ ਵਾਰੀ ਪੰਜਾਬੀ ਸਾਹਿੱਤ ਇਤਿਹਾਸ ਦੀ ਕਾਲ-ਵੰਡ ਦੇ ਕੁਝ ਠੋਸ ਆਧਾਰ ਨਿਸ਼ਚਿਤ ਕੀਤੇ ਸਨ ਅਤੇ ਇੰਞ ਪੰਜਾਬੀ ਸਾਹਿੱਤ ਰਚਨਾ ਤੇ ਪੰਜਾਬੀ ਲੇਖਕਾਂ ਦਾ ਮੂੰਹ ਮੱਥਾ ਸਵਾਰਿਆ ਸੀ।

Sri Satguru Jagjit Singh Ji Elibrary NamdhariElibrary@gmail.com

ਡਾ. ਦੀਵਾਨਾ ਨੇ ਪਹਿਲੀ ਵਾਰੀ ਪੰਜਾਬੀ ਸਾਹਿੱਤ ਦਾ ਪਿੜ ਮੋਕਲਾ ਕੀਤਾ ਅਤੇ ਸਾਹਿੱਤ ਇਤਿਹਾਸਕਾਰੀ ਨੂੰ ਭਾਸ਼ਾ ਸਰਵੇਖਣ ਤੇ ਭਾਸ਼ਾ ਵਿਗਿਆਨ ਨਾਲ ਜੋੜ ਕੇ ਇਹ ਸਿੱਧ ਕੀਤਾ ਕਿ ਪੰਜਾਬੀ ਸਾਹਿੱਤ ਦੀ ਰਚਨਾ ਨੌਵੀਂ ਦਸਵੀਂ ਸਦੀ ਈਸਵੀ ਤੋਂ ਹੁੰਣੀ ਸ਼ੁਰੂ ਹੋ ਗਈ ਸੀ। ਉਨ੍ਹਾਂ ਨੇ ਨਾਥਾਂ ਜੋਗੀਆਂ ਤੇ ਸਿੱਧਾਂ ਦੀਆਂ ਰਚਨਾਵਾਂ ਘੋਖੀਆਂ ਤੇ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਦਾ ਮੁਢਲਾ ਪੜਾਉ ਜਾਣਕੇ ਸਾਂਭੀ ਰਖਿਆ। ਭਾਰਤੀ ਇਤਿਹਾਸ ਤੇ ਪੁਰਾਤੱਤਵ ਵਿਭਾਗ, ਮਦਰਾਸ ਯੂਨੀਵਰਸਿਟੀ ਦੇ ਮੁਖੀ, ਪ੍ਰੋਫ਼ੈਸਰ ਨੀਲਕੰਠ ਸ਼ਾਸਤਰੀ, ਜੋ ਇੰਡੀਅਨ ਹਿਸਟਰੀ ਕਾਨਫ਼ਰੰਸ ਦੇ ਸਕੱਤਰ ਵੀ ਸਨ, ਡਾ. ਦੀਵਾਨਾ ਦੀ ਸਾਹਿੱਤ-ਇਤਿਹਾਸਕਾਰੀ ਬਾਰੇ ਬੜੇ ਪਤੇ ਦੀ ਗੱਲ ਕਰਦੇ ਹਨ।"

ਮੈਂ ਪੰਜਾਬੀ ਸਾਹਿਤ ਵਾਲੇ ਅਧਿਆਇ ਬੜੇ ਚਾਅ ਨਾਲ ਵਾਚੇ ਹਨ ਅਤੇ ਬਹੁਤ ਸਿਖਿਆ ਪ੍ਰਾਪਤ ਕੀਤੀ ਹੈ। ਡਾ. ਸਿੰਘ ਨੇ ਪੰਜਾਬੀ ਸਾਹਿੱਤ ਦੇ ਆਲੋਚਨਾਤਮਕ ਅਧਿਐਨ ਲਈ ਬਹੁਤ ਸਾਲ ਖ਼ਰਚ ਕੀਤੇ ਹਨ ਅਤੇ ਮੈਂ ਸਮਝਦਾ ਹਾਂ ਕਿ ਆਧੁਨਿਕ ਪੰਜਾਬੀ ਸਾਹਿੱਤ ਦੇ ਨਿਰਮਾਤਾਵਾਂ ਵਿਚ ਉਨ੍ਹਾਂ ਦਾ ਸਥਾਨ ਖਾਸਾ ਉੱਚਾ ਹੋ ਗਿਆ ਹੈ। ਇਨ੍ਹਾਂ ਅਧਿਆਵਾਂ ਵਿਚਲਾ ਉਸਦਾ ਸਾਹਿੱਤ ਸਰਵੇਖਣ ਉਨ੍ਹਾਂ ਸਾਰੇ ਗੁਣਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਦੀ ਅਜਿਹੇ ਵਿਸ਼ੇ ਦੀ ਵਿਆਖਿਆ ਲਈ ਆਸ ਕੀਤੀ ਜਾਂਦੀ ਸੀ ਅਤੇ ਜੋ ਉਸਨੂੰ ਦਿਲੀ ਤੌਰ ਤੇ ਪਿਆਰਾ ਹੈ ਅਤੇ ਜਿਸਦਾ ਉਹ ਚੰਗਾ ਉਸਤਾਦ ਹੈ। ਉਸਦੀ ਵਿਆਖਿਆ ਸਪੱਸ਼ਟ, ਸੰਖੇਪ, ਆਲੋਚਨਾਤਮਕ ਹੈ ਅਤੇ ਅਨੁਵਾਦ ਲਈ ਚੁਣੇ ਗਏ ਉਦਾਹਰਣ ਸਹੀ ਸਹੀ ਹਨ।"

ਜੇ ਇਸ ਪੁਸਤਕ ਦੀ ਤਰਤੀਬ ਦੇਖੀ ਜਾਏ ਤਾਂ ਡਾ. ਦੀਵਾਨਾ ਵੱਲੋਂ ਕੀਤੀ ਪੰਜਾਬ ਤੇ ਪੰਜਾਬੀਅਤ ਦੀ ਸੇਵਾ ਬਾਰੇ ਪਤਾ ਚੱਲਦਾ ਹੈ। ਮੁੱਢ ਵਿਚ ਹੀ ਉਨ੍ਹਾਂ ਨੇ ਪੰਜਾਬ ਦੇ ਸਭਿਆਚਾਰਕ ਪਿਛੋਕੜ ਦੀ ਗੱਲ ਬੜੇ ਵਿਸਤਾਰ ਵਿਚ ਕੀਤੀ ਹੈ ਅਤੇ ਨਾਲ ਹੀ ਪੰਜਾਬੀਆਂ ਦੇ ਵਿਅਕਤੀਗਤ ਤੇ ਰਾਸ਼ਟਰੀ ਚਰਿਤ੍ਰ ਬਾਰੇ 18—20 ਨੁਕਤੇ ਕੱਢਕੇ ਅਤਿਅੰਤ ਮੌਲਿਕ ਸੂਝ ਤੇ ਡੂੰਘੀ ਨੀਝ ਦਾ ਪਰਿਚੈ ਦਿੱਤਾ ਹੈ। ਦੂਜਾ ਅਧਿਆਇ ਪੰਜਾਬੀ ਭਾਸ਼ਾ ਤੇ ਛੰਦ ਸ਼ਾਸਤਰ ਦੇ ਲੱਛਣਾਂ ਨੂੰ ਦੱਸਣ ਦਾ ਹੈ। ਇਹ ਅਧਿਆਇ ਪੰਜਾਬੀ ਭਾਸ਼ਾ ਵਿਗਿਆਨ ਲਈ ਬਹੁਤ ਵਧੀਆ ਭੂਮਿਕਾ ਤਿਆਰ ਕਰਦਾ ਹੈ। ਲੇਖਕ ਨੇ ਪੰਜਾਬੀ ਭਾਸ਼ਾ ਤੇ ਇਸਦੇ ਘੇਰੇ ਬਾਰੇ ਅਨੇਕ ਸਵਾਲ ਚੁੱਕੇ ਹਨ ਤੇ ਫਿਰ ਉਨ੍ਹਾਂ ਦਾ ਅਤਿਅੰਤ ਤਰਕਪੂਰਨ ਉੱਤਰ ਵੀ ਦਿੰਦਾ ਹੈ। ਉਨ੍ਹਾਂ ਨੇ ਸਹਸਕਿਰਤੀ, ਹਿੰਦਵੀ, ਸਿੰਧ ਸਾਗਰੀ, ਲਾਹੌਰੀ ਨੂੰ ਪੰਜਾਬੀ ਦਾ ਘੇਰਾ ਸਵੀਕਾਰ ਕੀਤਾ ਹੈ ਤੇ ਪੰਜਾਬੀ ਭਾਸ਼ਾ ਦੇ ਚਾਰ ਕਾਲ ਨਿਰਧਾਰਤ ਕੀਤੇ ਹਨ—11ਵੀਂ ਤੋਂ 15ਵੀਂ ਸਦੀ ਤੱਕ ਦੀ ਪੁਰਾਤਨ ਪੰਜਾਬੀ, ਜਿਸ ਵਿਚ ਲਹਿੰਦੀ ਦਾ ਸੁਰ ਬਲਵਾਨ ਹੈ, ਜਿਸ ਵਿਚ ਫ਼ਰੀਦ, ਕਬੀਰ, ਕਮਾਲ, ਗੋਰਖਨਾਥ, ਚਰਪਟ, ਚੰਦ, ਹਮੀਰ, ਖੁਸਰੋ ਆਦਿ ਦੀਆਂ ਰਚਨਾਵਾਂ ਲਿਖੀਆਂ ਮਿਲਦੀਆਂ ਹਨ। 15ਵੀਂ ਸਦੀ ਤੋਂ 19ਵੀਂ ਸਦੀ ਤੱਕ ਦੀ ਹਿੰਦਵੀ ਪ੍ਰਧਾਨ ਪੰਜਾਬੀ (ਮੱਧਕਾਲੀ ਪੰਜਾਬੀ)। ਇਸਦੇ ਅੱਗੇ ਦੋ ਭਾਗ ਹਨ—ਮੱਧ ਉੱਚ ਪੰਜਾਬੀ ਅਤੇ ਮੱਧ ਨਿਮਨ ਪੰਜਾਬੀ। ਸਾਧ ਭਾਸ਼ਾ ਤੇ ਬ੍ਰਜ ਭਾਸ਼ਾ ਨੇ ਇਸ ਸਮੇਂ ਵਧੇਰੇ ਜ਼ੋਰ ਪਾਇਆ। ਉਨ੍ਹੀਵੀਂ ਸਦੀ ਤੋਂ

ਆਧੁਨਿਕ ਪੰਜਾਬੀ ਪ੍ਰਾਰੰਭ ਹੁੰਦੀ ਹੈ ਜਿਸ ਵਿਚ ਪੱਛਮੀ ਪ੍ਰਭਾਵ ਅਧੀਨ ਮੁਲਤਾਨੀ ਪੰਜਾਬੀ ਵਿਚੋਂ ਖਾਰਜ ਹੋਣ ਲੱਗੀ ਤੇ ਲੁਧਿਆਣਵੀ ਧੁਨੀਆਂ ਤੇ ਸ਼ਬਦਾਵਲੀ ਨੂੰ ਪ੍ਰਮਾਣਿਕ ਪੰਜਾਬੀ ਮਿਥਿਆ ਜਾਣ ਲੱਗਾ, ਪਰ ਇਹ ਚਲ ਨਹੀਂ ਸਕੀ। ਉਨ੍ਹਾਂ ਅਨੁਸਾਰ ਅੱਜ ਦਾ ਰਾਵਲਪਿੰਡੀ ਤੋਂ ਲੈ ਕੇ ਪਟਿਆਲੇ ਤੱਕ ਦਾ ਅਤੇ ਜੰਮੂ ਤੋਂ ਮਿੰਟਗੁਮਰੀ ਤੱਕ ਦਾ ਹਰ ਲੇਖਕ ਲਹਿੰਦੀ ਤੇ ਹਿੰਦਵੀ ਦੀ ਰਲਵੀਂ ਵਰਤੋਂ ਕਰ ਰਿਹਾ ਹੈ।

ਡਾ. ਮੋਹਨ ਸਿੰਘ ਦੇ ਇਤਿਹਾਸ ਵਿਚ ਜਿਹੜੀ ਮਹੱਤਵਪੂਰਨ ਗੱਲ ਆਈ ਉਹ 'ਪੰਜਾਬੀ ਸਾਹਿੱਤ ਦੀ ਕਾਲ ਵੰਡ' ਹੈ। ਡਾ. ਦੀਵਾਨਾ ਨੇ ਪਹਿਲੀ ਵਾਰੀ ਪੰਜਾਬੀ ਦੀ ਕੋਈ ਕਾਲਵੰਡ ਕੀਤੀ ਹੈ ਜਿਸਨੂੰ ਕੁਝ ਹੱਦ ਤੱਕ ਵਿਗਿਆਨਕ ਵੀ ਕਿਹਾ ਜਾ ਸਕਦਾ ਹੈ। ਡਾ. ਦੀਵਾਨਾ ਵਲੋਂ ਕੀਤੀ ਕਾਲ ਵੰਡ ਇਸ ਤਰ੍ਹਾਂ ਹੈ—

ਪੂਰਵ ਨਾਨਕ ਕਾਲ ਅੱਠਵੀਂ ਸਦੀ ਈ. ਤੋਂ ਪੰਦ੍ਰਵੀਂ ਸਦੀ ਈ. ਦਾ ਸਮਾਂ ਹੈ। ਉਨ੍ਹਾਂ ਅਨੁਸਾਰ ਇਹ ਸਮਾ ਹਿੰਦੂ, ਬੋਧੀ ਤੇ ਮੁਸਲਿਮ ਧਾਰਮਿਕ ਭਿਖੂਆਂ ਤੇ ਸੰਤਾਂ ਦਾ ਸੀ, ਉਨ੍ਹਾਂ ਵਾਰਕਾਰਾਂ ਦਾ ਸੀ ਜਿਨ੍ਹਾਂ ਨੇ ਆਪਣੀ ਸਾਮੱਗਰੀ ਬੋਧੀਆਂ ਤੇ ਹਿੰਦੂਆਂ, ਹਿੰਦੂਆਂ ਤੇ ਮੁਸਲਮਾਨਾਂ, ਮੁਸਲਮਾਨਾਂ ਤੇ ਗ਼ੈਰ ਮੁਸਲਮਾਨਾਂ, ਭਾਰਤੀਆਂ ਤੇ ਗ਼ੈਰ ਭਾਰਤੀਆਂ ਵਿਚਾਲੇ ਹੋਣ ਵਾਲੇ ਸੰਘਰਸ਼ਾਂ ਵਿਚੋਂ ਪ੍ਰਾਪਤ ਕੀਤੀ ਅਤੇ ਜਾਂ ਰੁਮਾਂਸਕਾਰਾਂ ਦਾ ਸਮਾਂ ਸੀ। ਗੁਰੂ ਨਾਨਕ ਦੇਵ ਖ਼ੁਦ ਵੀ ਇਨ੍ਹਾਂ ਬਹੁਤ ਸਾਰੇ ਹਿੰਦੂ ਤੇ ਮੁਸਲਮ ਫ਼ਿਰਕਿਆਂ, ਸਾਧਾਂ ਸੰਤਾਂ ਤੇ ਧਾਰਮਿਕ ਵਿਸ਼ਵਾਸਾਂ ਦਾ ਜ਼ਿਕਰ ਆਪਣੀ ਬਾਣੀ ਵਿਚ ਕਰਦੇ ਹਨ।

ਡਾ. ਦੀਵਾਨਾ ਨੇ ਦੂਜਾ ਕਾਲ 'ਨਾਨਕ ਕਾਲ' ਮੰਨਿਆ ਹੈ, ਜਿਸਨੂੰ ਸੁਰਨ ਕਾਲ ਵੀ ਕਿਹਾ ਗਿਆ ਹੈ। ਇਸ ਕਾਲ ਵਿਚ ਆਮ ਲੋਕਾਂ ਨੂੰ ਇਕ ਅਜਿਹਾ ਧਰਮ ਤੇ ਸਾਹਿੱਤ ਪ੍ਰਾਪਤ ਹੋਇਆ ਜਿਹੜਾ ਉਨ੍ਹਾਂ ਦੇ ਦਿਲ-ਦਿਮਾਗ ਦੇ ਅਤਿ ਨੇੜੇ ਸੀ।

ਤੀਜਾ ਕਾਲ ਮੁਗਲ ਹਕੂਮਤ ਦੀ ਅਧੋਗਤੀ ਦਾ ਸਮਾਂ ਨਾਮਿਆ ਗਿਆ ਹੈ। ਇਸ ਸਮੇਂ ਪੰਜਾਬ ਵਿਚ ਸਾਹਿੱਤਕ, ਧਾਰਮਿਕ ਤੇ ਸਮਾਜਿਕ ਹਰ ਲਿਹਾਜ਼ ਨਾਲ ਪਤਨ ਹੋਇਆ। ਡਾ. ਦੀਵਾਨਾ ਅਨੁਸਾਰ ਚੋਥਾ ਕਾਲ ਰਣਜੀਤ ਸਿੰਘ ਕਾਲ ਹੈ। ਇਸਦਾ ਸਮਾਂ ਉਨ੍ਹਾਂ ਅਨੁਸਾਰ 1799 ਤੋਂ 1864 ਤੱਕ ਮਿਥਿਆ ਜਾ ਸਕਦਾ ਹੈ। ਪੰਜਵਾਂ ਕਾਲ 'ਨਵਾਂ ਦੋਰ' ਕਿਹਾ ਜਾ ਸਕਦਾ ਹੈ। ਡਾ. ਦੀਵਾਨਾ ਵਲੋਂ ਕੀਤੀ ਕਾਲ ਵੰਡ ਉੱਤੇ ਕਈ ਆਲੋਚਕਾਂ ਨੇ ਕਿੰਤੂ ਕੀਤਾ ਅਤੇ ਬਿਨਾਂ ਉਨ੍ਹਾਂ ਦੇ ਪੂਰੇ ਸ਼ਬਦ ਪੜ੍ਹੇ ਫੈਸਲਾ ਦੇ ਦਿੱਤਾ ਕਿ ਡਾ. ਮੋਹਨ ਸਿੰਘ ਨੇ ਨਾਥਾਂ ਦੀ ਬਾਣੀ ਨੂੰ ਪੰਜਾਬੀ ਮੰਨਕੇ ਘੋਰ ਅਨਿਆਂ ਕੀਤਾ ਹੈ, ਪਰ ਡਾ. ਮੋਹਨ ਸਿੰਘ ਆਪਣੀ 1958 ਵਿਚ ਛਪੀ ਇਤਿਹਾਸ-ਪੁਸਤਕ 'ਪੰਜਾਬੀ ਸਾਹਿੱਤ ਦੀ ਇਤਿਹਾਸ ਰੇਖਾ' ਫ਼ਿਰ ਮੁੱਢਲਾ ਸਮਾਂ ਤੇ ਸਮਾਂ ਵੰਡ' ਬਾਰੇ ਵਿਚਾਰ ਕਰਦੇ ਹੋਏ ਸਾਫ਼ ਲਿਖਦੇ ਹਨ ਕਿ ਉਹ ਸਾਹਿੱਤ ਦੀ ਗੱਲ ਕਰ ਰਹੇ ਹਨ, ਭਾਸ਼ਾ ਦੀ ਨਹੀਂ, ਦੇਖੋ —' ਇਹ ਗੱਲ ਤਾਂ ਸਾਬਤ ਹੈ ਕਿ ਚਰਪਟ ਨਾਥ ਦਸਵੀਂ ਸਦੀ ਵਿਚ ਹੋਇਆ, ਗੁਨਾਢਯ ਅੱਠਵੀਂ ਵਿਚ, ਤੇ ਨੌਵੀਂ ਸਦੀ ਵਿਚ ਮੁਸਲਮਾਨ, ਪੰਜਾਬ, ਸਿੰਧ, ਬਲੋਚਿਸਤਾਨ ਵਿਚ ਆ ਚੁੱਕੇ ਸਨ। ਅਰਬੀ ਭੂਗੋਲ ਜਾਣਨ ਵਾਲੇ ਦਸਵੀਂ ਸਦੀ ਵਿਚ ਮੁਲਤਾਨੀ (ਪੰਜਾਬੀ) ਦਾ ਤੇ ਸਿੰਧੀ ਦਾ ਜ਼ਿਕਰ ਕਰਦੇ

Sri Satguru Jagjit Singh Ji Elibrary NamdhariElibrary@gmail.com

ਹਨ। ਇਹ ਗੱਲ ਵੀ ਸ਼ਕੋਂ ਪਰ੍ਹੇ ਹੈ ਕਿ ਜਿਸ ਬੋਲੀ ਵਿਚ ਕਹਾਣੀ, ਕਾਵਿ ਤੇ ਚਰਪਟ ਵਰਗੇ, ਗੋਰਖ ਵਰਗੇ, ਰਾਗ ਜੁੜੇ ਪਏ ਤੇ ਸ਼ਲੋਕ ਲਿਖੇ ਜਾ ਸਕਦੇ ਹਨ, ਉਹ ਬੋਲੀ ਜ਼ਰੂਰ ਤਿੰਨ ਚਾਰ ਸੌ ਸਾਲ ਤੋਂ, ਬਲਕਿ ਵੱਧ ਅਰਸੇ ਤੋਂ ਬੁਲੰਦੀ ਤੇ ਚੜ੍ਹਦੀਆਂ ਕਲਾਂ ਵਿਚ ਰਹਿੰਦੀ ਆ ਰਹੀ ਹੋਵੇਗੀ। ਇਉਂ ਅਸੀਂ ਬਿਨਾਂ ਝੱਕ ਪੰਜਾਬੀ ਸਾਹਿੱਤ ਦਾ ਮੁੱਢ, ਨਾ ਕਿ ਪੰਜਾਬੀ ਬੋਲੀ ਦਾ, ਅੱਠਵੀਂ ਸਦੀ ਈ. ਮੰਨ ਸਕਦੇ ਹਾਂ।"[1]

'ਪੰਜਾਬੀ ਸਾਹਿੱਤ ਦੀ ਕਾਲ-ਵੰਡ' ਦੇ ਪ੍ਰਸੰਗ ਵਿਚ ਇਹ ਗੱਲ ਵੀ ਦੇਖਣ ਵਾਲੀ ਹੈ ਕਿ ਡਾ. ਦੀਵਾਨਾ ਨੇ ਭਾਵੇਂ ਆਪਣੀ ਉਪਰੋਕਤ ਕਾਲ ਵੰਡ ਵਿਚ ਹੋਰ ਹੋਰ ਥਾਵਾਂ ਤੇ ਕੁਝ ਤਬਦੀਲੀ ਕਰ ਲਈ ਹੈ ਪਰ ਬੁਨਿਆਦੀ ਤੌਰ ਤੇ ਉਨ੍ਹਾਂ ਦੀ ਕਾਲ ਵੰਡ ਦਾ ਆਧਾਰ ਪਹਿਲਾਂ ਵਾਲਾ ਹੀ ਰਿਹਾ ਹੈ। ਆਪਣੀ ਪੁਸਤਕ 'ਇਤਿਹਾਸ-ਰੇਖਾ' ਵਿਚ ਭਾਵੇਂ ਵਿਦਿਆਰਥੀਆਂ ਦੀ ਸੇਖ ਲਈ ਪੰਜਾਬੀ ਸਾਹਿੱਤ ਦੀ ਕਾਲ ਵੰਡ ਤਿੰਨ ਸਰਲ ਜਿਹੇ ਕਾਲਾਂ ਵਿਚ ਕਰਦੇ ਹਨ ਤਾਂ ਵੀ ਉਨ੍ਹਾਂ ਦੀ ਪਹਿਲੀ ਕਾਲ ਵੰਡ ਵੀ ਨਾਲ ਹੀ ਕਾਇਮ ਰਹਿੰਦੀ ਹੈ। ਜਦੋਂ ਉਹ ਕਹਿੰਦੇ ਹਨ 'ਜੱਚਦੀ ਹੈ'। ਇਸ ਪੁਸਤਕ ਵਿਚ ਉਨ੍ਹਾਂ ਨੇ ਕਾਲ ਵੰਡ ਨੂੰ ਤਿੰਨ ਤਰ੍ਹਾਂ ਪੇਸ਼ ਕੀਤਾ ਹੈ। ਇਹ ਤਿੰਨੇ ਪ੍ਰਕਾਰ ਅਧਿਐਨ ਦੀ ਸੌਖ ਲਈ ਹਨ, ਨਾ ਕਿ ਲੇਖਕ ਦੇ ਵਿਚਾਰਾਂ ਵਿਚ ਅਸੰਗਤੀ ਦੇ ਲਖਾਇਕ ਹਨ। ਉਹ ਲਿਖਦੇ ਹਨ :—

"ਸਮੇਂ ਦੀਆਂ ਹੱਦਾਂ ਮਿਥਣ ਦਾ ਸਭ ਤੋਂ ਸੱਚਾ ਤੇ ਠੀਕ ਤਰੀਕਾ ਤਾਂ ਇਹ ਹੈ ਕਿ ਤਿੰਨ ਸਮੇਂ ਕਾਇਮ ਕਰੀਏ। ਬਹੁਤ ਪੁਰਾਣਾ ਜਾਂ ਪੁਰਾਣਾ, ਅੱਠ ਸੌ ਈਸਵੀ ਤੋਂ ਚੌਦਾਂ ਸੌ ਪੰਜਾਹ ਈਸਵੀ ਤੀਕ। ਵਿਚਲਾ ਸਮਾਂ ਜਾਂ ਮੰਝਲਾ ਸਮਾਂ, ਚੌਦਾਂ ਸੌ ਪੰਜਾਹ ਤੋਂ ਅਠਾਰਾਂ ਸੌ ਪੰਜਾਹ ਤੀਕ। ਨਵਾਂ ਸਮਾਂ ਅਠਾਰਾਂ ਸੌ ਪੰਜਾਹ ਤੋਂ ਸ਼ੁਰੂ ਹੁੰਦਾ ਹੈ। ਨਵੇਂ ਸਮੇਂ ਤੇ ਅਜੋਕੇ ਸਮੇਂ ਵਿਚ ਇਹ ਪਛਾਣ ਕਰ ਸਕਦੇ ਹਾਂ ਕਿ ਨਵਾਂ ਅਠਾਰਾਂ ਸੌ ਪੰਜਾਹ ਤੋਂ ਤੇ ਅਜੋਕਾ ਉਨੀ ਸੌ ਸੰਤਾਲੀ ਤੋਂ।

ਦੋ ਪ੍ਰਕਾਰ ਦੀ ਹੋਰ ਵੰਡ ਕੀਤੀ ਗਈ ਹੈ ਤੇ ਜਚਦੀ ਹੈ। ਉਹ ਹੈ, ਪਹਿਲੀ : ਪੂਰਬ ਨਾਨਕ ਕਾਲ, ਅੱਠ ਸੌ ਪੰਜਾਹ ਤੋਂ ਚੌਦਾਂ ਸੌ ਪੰਜਾਹ ਤੀਕ (850—1450); ਗੁਰੂ ਨਾਨਕ ਕਾਲ, 1450 ਤੋਂ 1708 ਤੱਕ; ਪਿਛਲਾ ਮੁਗ਼ਲ ਕਾਲ 1709 ਤੋਂ 1780 ਤੱਕ, ਮਹਾਰਾਜਾ ਰਣਜੀਤ ਸਿੰਘ ਕਾਲ 1780 ਤੋਂ 1857 ਤੱਕ; ਅੰਗ੍ਰੇਜ਼ ਕਾਲ 1857 ਤੋਂ 1947 ਤੱਕ ਤੇ ਅਜੋਕਾ ਸਮਾਂ, 1947 ਤੋਂ (ਇਹੋ ਕਾਲ ਵੰਡ ਉਨ੍ਹਾਂ ਨੇ ਆਪਣੀ ਪਹਿਲੀ ਪੁਸਤਕ 'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ ਵਿਚ ਕੀਤੀ ਸੀ)।

ਦੂਜੀ ਵੰਡ ਇਉਂ ਹੈ : "ਜੋਗੀ ਕਾਲ, ਗੁਰੂ ਘਰ ਕਾਲ, ਵਾਰਸ ਕਾਲ, ਸੁੱਖਾ ਸਿੰਘ ਕਾਲ ਤੇ ਆਧੁਨਿਕ ਕਾਲ।"[2]

ਡਾ. ਦੀਵਾਨਾ ਦੇ ਇਤਿਹਾਸ-ਲੇਖਣ ਦੀ ਇਕ ਹੋਰ ਉੱਘੀ ਵਿਸ਼ੇਸ਼ਤਾ ਇਹ ਹੈ ਕਿ

1. ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, ਪੰਨਾ—18.
2. ਪੰਜਾਬੀ ਸਾਹਿੱਤ ਦੀ ਇਤਿਹਾਸ ਰੇਖਾ, ਪੰਨਾ—19

Sri Satguru Jagjit Singh Ji Elibrary NamdhariElibrary@gmail.com

ਇਸ ਵਿਚ ਮਾਤਰ ਲੇਖਕਾਂ ਦਾ ਨਾਂ, ਥਾਂ ਤੇ ਰਚਨਾ ਆਦਿ ਦਾ ਹੀ ਜ਼ਿਕਰ ਨਹੀਂ ਹੈ ਸਗੋਂ ਸਮੁੱਚੇ ਕਾਲ, ਰਚਨਾ, ਕਵੀ ਜਾਂ ਲੇਖਕ ਦਾ ਪਿਛੋਕੜ ਦੇ ਕੇ ਉਸ ਬਾਰੇ ਨਿੱਗਰ ਆਲੋਚਨਾਤਮਕ ਮੁੱਲਾਂਕਣ ਕੀਤਾ ਗਿਆ ਹੈ। ਉਹ 'ਤਜ਼ਕਰੇ' ਦੀ ਪਰੰਪਰਾ ਤੋਂ ਬਹੁਤ ਉਪਰ ਉੱਠਕੇ ਪਹਿਲੇ ਅਜਿਹੇ ਇਤਿਹਾਸਕਾਰ ਸਿੱਧ ਹੁੰਦੇ ਹਨ ਜਿਨ੍ਹਾ ਨੇ ਸਹੀ ਅਰਥਾਂ ਵਿਚ ਸਾਹਿੱਤ ਦਾ ਇਤਿਹਾਸ ਲਿਖਿਆ। ਡਾ. ਦੀਵਾਨਾ ਦੀ ਕਿਸੇ ਇਕ ਜਾਂ ਦੋ ਵਾਕਾਂ ਵਿਚ ਕੀਤੀ ਸਾਹਿੱਤਕ ਮੁੱਲਾਂਕਣ ਭਰੀ ਟਿੱਪਣੀ ਕਈ ਡੂੰਘੇ ਅਰਥਾਂ ਦੀ ਧਾਰਨੀ ਹੁੰਦੀ ਹੈ।

ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਨੇ ਪਹਿਲੀ ਵਾਰੀ ਪੰਜਾਬੀ-ਸਾਹਿੱਤ ਇਤਿਹਾਸ ਤੇ ਇੰਨੇ ਸਾਹਿੱਤਕਾਰਾਂ ਨੂੰ ਹੋਰਨਾਂ ਪੱਛਮੀ ਤੇ ਭਾਰਤੀ ਭਾਸ਼ਾਵਾਂ ਦੇ ਸਾਹਿੱਤਕਾਰਾਂ ਨਾਲ ਤੁਲਨਾ ਕੇ ਉਨ੍ਹਾਂ ਦਾ ਸਥਾਨ ਨਿਰਧਾਰਤ ਕੀਤਾ।

ਸਾਹਿੱਤ-ਇਤਿਹਾਸ ਨੂੰ ਵੱਖ-ਵੱਖ ਧਾਰਾਵਾਂ, ਪ੍ਰਵਿਰਤੀਆਂ ਨਾਲ ਅੰਗ ਕੇ ਦੇਖਣਾ ਡਾ. ਦੀਵਾਨਾ ਦੀ ਇਕ ਹੋਰ ਖ਼ਾਸੀਅਤ ਹੈ। ਸਾਹਿੱਤਕ ਵਾਦ, ਕਾਵਿ ਧਾਰਾਵਾਂ ਜਾਂ ਪ੍ਰਵਿਰਤੀਆਂ ਦਾ ਨਾਂ ਹੀ ਨਹੀਂ ਗਿਣਾਇਆ ਗਿਆ ਸਗੋਂ ਉਸ ਦੇ ਸਰੂਪ ਤੇ ਲੱਛਣਾਂ ਨੂੰ ਉਜਾਗਰ ਕਰਕੇ ਉਸ ਪ੍ਰਵਿਰਤੀ ਵਿਸ਼ੇਸ਼ ਵਿਚ ਸਾਡੇ ਸਾਹਿੱਤਕਾਰਾਂ ਦਾ ਥਾਂ ਅੰਗਿਆ ਜਾਣਾ ਡਾ. ਦੀਵਾਨਾ ਦੇ ਹਿੱਸੇ ਹੀ ਆਇਆ ਹੈ।

ਡਾ. ਦੀਵਾਨਾ ਦੇ ਸਾਹਿੱਤ-ਇਤਿਹਾਸ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਆਪਣੀ ਗੱਲ ਦਾ ਆਧਾਰ ਨਵੀਂ ਖੋਜ, ਤੱਤਾਂ ਤੇ ਤੱਥਾਂ ਦੀ ਨਵੀਂ ਖੋਜ, ਹੱਥ ਲਿਖਤਾਂ ਤੇ ਹਵਾਲਿਆਂ ਦੀ ਨਵੀਂ ਖੋਜ ਨੂੰ ਬਣਾਇਆ ਹੈ।

ਉਨ੍ਹਾਂ ਨੇ ਸਾਹਿੱਤ-ਇਤਿਹਾਸ ਦੀ ਗੱਲ ਕਰਦਿਆਂ ਪੰਜਾਬੀ ਭਾਸ਼ਾ ਦੇ ਭਾਸ਼ਾਈ ਰੂਪ-ਪਰਿਵਰਤਨ ਅਤੇ ਉਪ-ਭਾਸ਼ਾਈ ਉਪ-ਵਿਭਾਗਾਂ ਨੂੰ ਬਰਾਬਰ ਧਿਆਨ ਵਿਚ ਰੱਖਿਆ ਹੈ। ਜਿੱਥੇ ਕਿਧਰੇ ਮਤਭੇਦ ਵੀ ਪੈਦਾ ਹੁੰਦਾ ਹੈ, ਉੱਥੇ ਉਨ੍ਹਾਂ ਨੇ ਫੁੱਟ-ਨੋਟਾਂ ਦੇ ਰੂਪ ਵਿਚ ਕਾਫ਼ੀ ਕਾਫ਼ੀ ਲੰਮੀ ਬਹਿਸ ਨੂੰ ਜਾਰੀ ਰੱਖਿਆ ਹੈ ਅਤੇ ਅੰਦਰ-ਵਰਤੀ ਤੇ ਬਾਹਰ-ਵਰਤੀ ਗਵਾਹੀਆਂ ਦੇ ਆਧਾਰ 'ਤੇ ਆਪਣੇ ਵਿਸ਼ੇ ਬਾਰੇ ਸੰਪੂਰਨ ਵਾਕਫ਼ੀਅਤ ਦਿੱਤੀ ਹੈ ਤੇ ਆਪਣੀ ਗੱਲ ਨੂੰ ਠੋਸ ਤਰਕਾਂ ਤੇ ਆਧਾਰਾਂ ਤੇ ਸਿੱਧ ਕੀਤਾ ਹੈ।

ਇਥੇ ਇਹ ਗੱਲ ਵੀ ਦੇਖਣ ਵਾਲੀ ਹੈ ਕਿ ਮੁੱਢ ਵਿਚ ਉਨ੍ਹਾਂ ਦਾ ਵਿਸ਼ਾ ਭਾਵੇਂ 1932 ਤੱਕ ਦਾ ਇਤਿਹਾਸ-ਲੇਖਣ ਸੀ, ਇਸ ਲਈ ਉਨ੍ਹਾਂ ਨੇ ਅਜੋਕੇ ਸਮੇਂ ਬਾਰੇ ਲਿਖਦੇ ਹੋਏ ਕਿਹਾ ਸੀ ਕਿ—"ਇਹ ਸਮਾਂ ਅਜੇ ਵਰਤਮਾਨ ਹੈ ਅਤੇ ਪਿਛਲੇ 70 ਵਰ੍ਹਿਆਂ (1864 ਤੋਂ 1932) ਵਿਚ ਕੋਈ ਅਜਿਹੀ ਵੱਡੀ ਪ੍ਰਵਿਰਤੀ ਜਾਂ ਲਹਿਰ ਜਨਮ ਨਹੀਂ ਲੈਂਦੀ ਜਿਹੜੀ ਨਵੇਂ ਕਾਲ ਦੀ ਸਥਾਪਨਾ ਕਰ ਸਕੇ।"[1]

ਸਾਹਿੱਤ-ਇਤਿਹਾਸ ਲੇਖਣ ਦੀਆਂ ਕੁਝ ਆਪਣੀਆਂ ਮਜਬੂਰੀਆਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਇਕ ਇਹ ਵੀ ਹੈ ਕਿ ਇਸ ਵਿਚ ਹਰ ਕਾਲ ਦੀ ਹਰੇਕ ਪ੍ਰਵਿਰਤੀ ਵਿਚ ਹੋਣ ਵਾਲੇ ਲੇਖਕ ਦਾ ਸੰਪੂਰਨ ਵ੍ਰਿੱਤ ਨਹੀਂ ਦਿੱਤਾ ਜਾ ਸਕਦਾ, ਕੇਵਲ ਪ੍ਰਮੁੱਖ ਲੇਖਕਾਂ ਦੀਆਂ ਪ੍ਰਮੁੱਖ

1. A History of Panjabi Literature, 3rd Edi. p. 19.

Sri Satguru Jagjit Singh Ji Elibrary NamdhariElibrary@gmail.com

ਰਚਨਾਵਾਂ ਦੇ ਆਧਾਰ ਤੇ ਹੀ ਅੱਗੇ ਵਧਿਆ ਜਾ ਸਕਦਾ ਹੈ, ਇਸ ਲਈ ਡਾ. ਮੋਹਨ ਸਿੰਘ ਨੇ ਇਸ ਘਾਟ ਨੂੰ ਪੂਰਾ ਕਰਨ ਲਈ ਆਪਣੇ ਇਤਿਹਾਸ ਵਿਚ 'Addenda', The Contemporary Scene, Notes on Panjabi Language Gurmukhi Script-History, Biographical and Bibliographical Notes, English Translations from Panjabi, ਆਦਿ ਸਿਰਲੇਖਾਂ ਅਧੀਨ ਪਹਿਲਾਂ ਲਿਖੇ ਇਤਿਹਾਸ ਦੇ ਆਕਾਰ ਜਿੰਨੀ ਹੀ ਹੋਰ ਮਹੱਤਵਪੂਰਨ ਸਮੱਗਰੀ ਸ਼ਾਮਲ ਕਰਕੇ ਆਪਣੇ ਇਤਿਹਾਸ ਨੂੰ 'ਹੁਣ ਤਕਵਾਂ' (Up to date) ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਇਸ ਲਈ ਕਿਹਾ ਜਾ ਸਕਦਾ ਹੈ ਕਿ ਡਾ. ਮੋਹਨ ਸਿੰਘ ਦੀਵਾਨਾ ਪੰਜਾਬੀ ਸਾਹਿੱਤ ਦੇ ਇਤਿਹਾਸ-ਲੇਖਣ ਵਿਚ ਮੋਢੀ ਹੀ ਨਹੀਂ ਸਨ ਸਗੋਂ ਅਜੇ ਤੱਕ ਵੀ ਉਨ੍ਹਾਂ ਵੱਲੋਂ ਪਾਏ ਪੂਰਣਿਆਂ ਤੋਂ ਅੱਗੇ ਵੱਧਕੇ ਕੋਈ ਅਜਿਹਾ ਇਤਿਹਾਸ ਨਹੀਂ ਲਿਖਿਆ ਜਾ ਸਕਿਆ ਹੈ ਜਿਸ ਨੂੰ ਅਸੀਂ ਡਾ. ਦੀਵਾਨਾ ਤੋਂ ਹਟ ਕੇ ਕਿਸੇ ਮੌਲਿਕ ਯਤਨ ਦਾ ਨਾਂ ਦੇ ਸਕੀਏ। ਹੁਣ ਤੱਕ ਸਾਰੇ ਪੰਜਾਬੀ ਸਾਹਿਤ-ਇਤਿਹਾਸਾਂ ਉੱਤੇ ਪ੍ਰਤੱਖ ਜਾਂ ਪਰੋਖ ਰੂਪ ਵਿਚ ਡਾ. ਮੋਹਨ ਸਿੰਘ ਦੀਵਾਨਾ ਦੀ ਇਤਿਹਾਸਕਾਰੀ ਦੀ ਮੋਹਰ ਛਾਪ ਸਾਫ਼ ਸਾਫ਼ ਦਿਖਾਈ ਪੈਂਦੀ ਹੈ, ਕੁਝ ਨੇ ਨਕਲ ਕੀਤੀ ਹੈ ਤੇ ਕੁਝ ਨੇ ਪੂਰੇ ਪੂਰੇ ਪੈਰੇ ਅਨੁਵਾਦ ਕਰ ਲਏ ਹਨ, ਪਰ ਡਾ. ਦੀਵਾਨਾ ਦੀ ਪਾਈ ਲੀਹ ਨੂੰ ਉਲੰਘ ਕੇ ਕੋਈ ਨਵੀਂ ਮੱਲ ਨਹੀਂ ਮਾਰ ਸਕਿਆ ਹੈ।

2. ਪੰਜਾਬੀ ਸਾਹਿੱਤ ਦੇ ਇਤਿਹਾਸ ਬਾਰੇ ਲਿਖੀ ਡਾ. ਮੋਹਨ ਸਿੰਘ ਦੀਵਾਨਾ ਦੀ ਦੂਜੀ ਪੁਸਤਕ ਵੀ ਅੰਗ੍ਰੇਜ਼ੀ ਵਿਚ ਹੀ ਹੈ ਜਿਸਦਾ ਨਾਂ ਹੈ—An Introduction to Punjabi Literature.[1] 1 ਫਰਵਰੀ, 1951 ਵਿਚ ਲਿਖੇ ਇਸਦੇ ਮੁੱਖ ਬੰਦ ਵਿਚ ਡਾ. ਦੀਵਾਨਾ ਲਿਖਦੇ ਹਨ :

"ਹੱਥਲੀ ਪੁਸਤਕ ਪੰਜਾਬੀ ਸਾਹਿੱਤ ਦੀ ਸੰਬੰਧਤ ਕਥਾ ਬਾਰੇ ਤਿੰਨ ਅੰਗ੍ਰੇਜ਼ੀ ਅਤੇ ਦੋ ਪੰਜਾਬੀ ਵਿਚ ਲਿਖੀਆਂ ਪੁਸਤਕਾਂ ਵਿਚੋਂ ਮੇਰੀ ਪੰਜਵੀਂ ਪੁਸਤਕ ਹੈ। ਪਹਿਲੀਆਂ ਦੋ ਅੰਗ੍ਰੇਜ਼ੀ ਪੁਸਤਕਾਂ ਵਿਚੋਂ ਪਹਿਲੀ (1933) ਇਕ ਸ਼ੋਧ-ਪ੍ਰਬੰਧ ਦੇ ਤੌਰ ਤੇ ਚਿਤਵੀ ਅਤੇ ਤਿਆਰ ਕੀਤੀ ਗਈ ਸੀ, ਪੰਜਾਬੀ ਯੂਨੀਵਰਸਿਟੀ ਵਲੋਂ ਡੀ. ਲਿਟ ਦੀ ਉਪਾਧੀ ਲਈ ਮੰਜ਼ੂਰ ਕੀਤੀ ਗਈ ਸੀ। ਇਸ ਅੰਦਰ ਸੰਪੂਰਨ ਰਾਜਨੈਤਿਕ, ਸਮਾਜਿਕ ਅਤੇ ਧਾਰਮਿਕ ਪਿਛੋਕੜ ਦੇਣ ਮਗਰੋਂ ਕਿੰਨੇ ਸਾਰੇ ਨਵੇਂ ਲੇਖਕਾਂ, ਅਤੇ ਇਸ ਕਲਮ ਦੇ ਲਿਖਾਰੀ ਵਲੋਂ ਖੋਜੀ ਗਈ ਕਿੰਨੀ ਹੀ ਸਾਮੱਗਰੀ ਅਤੇ ਪੰਜਾਬੀ ਸਾਹਿੱਤ ਦੀਆਂ ਭਿੰਨ ਸ਼ਾਖਾਵਾਂ ਵਿਚ ਪੈਦਾ ਹੋਣ ਵਾਲੀਆਂ ਪ੍ਰਵਿਰਤੀਆਂ ਅਤੇ ਲਹਿਰਾਂ ਬਾਰੇ ਨਿੱਠ ਕੇ ਡੂੰਘਾਈ ਵਿਚ ਤੁਲਨਾਤਮਕ ਅਧਿਅਨ ਕੀਤਾ ਗਿਆ ਸੀ। ਮੇਰੇ ਦੋਵੇਂ ਹੀ ਪਰੀਖਿਅਕਾਂ ਲੰਡਨ ਦੇ ਡਾ. ਟੀ. ਗ੍ਰਾਹਮ ਬੇਲੀ ਅਤੇ ਸਰਬੋਨ ਦੇ ਡਾ. ਜੂਲਸ ਬਲੋਚ ਨੇ ਇਸ ਕੰਮ ਦੀ ਅਤਿ ਪ੍ਰਸ਼ੰਸਾ ਕੀਤੀ ਸੀ।"

"ਮਹੱਤਵਪੂਰਨ ਹੱਥ ਲਿਖਤਾਂ ਅਤੇ ਅਨ-ਉਪਲਬਧ ਪ੍ਰਤਿਨਿਧੀ ਪ੍ਰਕਾਸ਼ਿਤ ਰਚਨਾਵਾਂ ਦੇ ਆਧਾਰ ਤੇ ਤਿਆਰ ਕੀਤਾ ਪੰਜਾਬੀ ਜੀਵਨ ਤੇ ਰਚਨਾ ਸੰਬੰਧੀ ਅਧਿਅਨ ਮੇਰੇ ਥੀਸਸ

1. ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1951

Sri Satguru Jagjit Singh Ji Elibrary NamdhariElibrary@gmail.com

'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ (1100—1932)' ਵਿਚ ਸ਼ਾਮਲ ਸੀ; ਪਰ ਇਸ ਵਿਚ ਮੋਰੀਆਂ ਇਹ ਖੋਜਾਂ ਸ਼ਾਮਲ ਨਹੀਂ ਸਨ ਜਿਵੇਂ ਕਿ ਹੀਰ ਦੇ ਰੋਮਾਂਸ ਦੀ ਉਤਪੱਤੀ ਤੇ ਵਿਚਾਰ ਵੱਖ ਵੱਖ ਭਾਸ਼ਾਵਾਂ ਵਿਚ ਵੱਖ ਵੱਖ ਪ੍ਰਾਰੂਪਾਂ ਦਾ ਤੁਲਨਾਤਮਕ ਅਧਿਅਨ, ਹੀਰ ਦੇ ਪੰਜਾਬੀ ਰੂਪ ਵਿਚਲਾ ਲੋਕ-ਤੱਤ, ਸੱਸੀ ਦੇ ਦੁਖਾਂਤ ਦਾ ਅਧਿਅਨ, ਪੰਜਾਬੀ ਸੂਫ਼ੀ ਕਵੀਆਂ ਦੇ ਜੀਵਨ, ਰਚਨਾ ਤੇ ਸਿੱਧਾਂਤਾਂ ਦੀ ਸੱਬਰ ਘੱਤੀ ਖੋਜ ਆਦਿ।"

"ਹੱਥਲੇ ਸੰਗ੍ਰਹਿ ਵਿਚ 18 ਪੰਜਾਬੀ ਕਵੀਆਂ ਅਤੇ ਇਕ ਅਗਿਆਤ ਵਾਰਤਕ ਲਿਖਾਰੀ ਦੇ ਅੰਗ੍ਰੇਜ਼ੀ ਅਨੁਵਾਦ ਪਹਿਲੀ ਵਾਰ ਪਾਠਕਾਂ ਦੇ ਗੋਚਰੇ ਕੀਤੇ ਗਏ ਹਨ ਜੋ ਹੱਥ ਲਿਖਤਾਂ ਤੋਂ ਲੈ ਕੇ ਸ਼ਾਮਲ ਕੀਤੇ ਗਏ ਹਨ। ਮੈਂ ਅੰਗ੍ਰੇਜ਼ੀ, ਹਿੰਦੀ ਤੇ ਉਰਦੂ ਵਿਚੋਂ ਪੰਜਾਬੀ ਅਨੁਵਾਦ ਕਰਕੇ ਵੀ ਮਾਂ ਪੰਜਾਬੀ ਦੀ ਝੋਲੀ ਭਰੀ ਹੈ।" ਇਸ ਪੁਸਤਕ ਦੀ ਪ੍ਰੇਰਨਾ ਬਾਰੇ ਆਪ ਅੱਗੇ ਚੱਲਕੇ ਲਿਖਦੇ ਹਨ :

"ਹੱਥਲੀ ਰਚਨਾ (ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ) ਕਾਂਗਰਸ ਵਲੋਂ ਛਪੇ 'ਭਾਰਤ ਦਾ ਇਤਿਹਾਸ' ਦੀਆਂ ਪੰਜ ਜਿਲਦਾਂ ਲਈ ਪੰਜਾਬੀ ਸਾਹਿਤ ਦੀ ਜਾਣਕਾਰੀ ਦੇਣ ਲਈ ਲਿਖੀ ਗਈ ਸੀ। ਇਸ ਵਿਚ ਹੋਰ ਵਿਸ਼ੇਸ਼ਤਾਵਾਂ ਤੋਂ ਛੁੱਟ ਮੈਂ ਇਨ੍ਹਾਂ ਵਿਸ਼ਿਆਂ ਬਾਰੇ ਪਹਿਲੀ ਵਾਰੀ ਟਿੱਪਣੀ ਦਰਜ ਕੀਤੀ ਹੈ, (1) ਪੰਜਾਬੀ ਭਾਸ਼ਾ ਦੀ ਪ੍ਰਤਿਭਾ, (2) ਪੰਜਾਬੀ ਲੋਕ ਗੀਤਾਂ ਵਿਚ ਇਸਤਰੀ, (3) ਪੰਜਾਬੀ ਕਵਿਤਾ ਵਿਚ ਭਗਵਤ ਗੀਤਾ, (4) ਕ੍ਰਿਸ਼ਣ ਕਾਵਿ, (5) ਲੋਕ ਨਾਇਕ ਅਤੇ ਲੋਕ ਵਿਸ਼ਵਾਸ, (6) ਆਦਰਸ਼ ਸਿੱਖ ਰਾਜ, (7) ਪੱਛਮੀ ਪ੍ਰਭਾਵ ਅਤੇ ਸਾਡੀ ਪ੍ਰਤਿਕ੍ਰਿਆ, (8) ਅੰਤਿਮ ਸੂਫ਼ੀ ਕਵੀ, (9) ਇਕ ਪੂਰਬੀ ਨਾਵਲਕਾਰ, (10) ਕਿਰਤੀ ਕਿਸਾਨ ਲਹਿਰ, (11) ਨਿੱਕੀ ਕਹਾਣੀ।

ਇਸ ਮੁੱਖਬੰਧ ਵਿਚ ਆਏ ਵਿਚਾਰਾਂ ਤੋਂ ਸਾਨੂੰ ਡਾ. ਦੀਵਾਨਾ ਦੀ ਇਤਿਹਾਸਕਾਰੀ ਦੇ ਉਨ੍ਹਾਂ ਪੱਖਾਂ ਬਾਰੇ ਪਤਾ ਚਲਦਾ ਹੈ ਜਿਨ੍ਹਾਂ ਕਰਕੇ ਭੁਲੇਖਾ ਪੈਂਦਾ ਹੈ ਕਿ ਉਸਨੂੰ ਇਕ ਤੋਂ ਬਾਦ ਦੂਜਾ, ਤੀਜਾ ਜਾਂ ਚੌਥਾ ਇਤਿਹਾਸ ਲਿਖਣ ਦੀ ਲੋੜ ਕਿਉਂ ਪਈ। ਕਹਿਣ ਦੀ ਆਵੱਸ਼ਕਤਾ ਨਹੀਂ ਕਿ ਡਾ. ਦੀਵਾਨਾ ਵਲੋਂ ਅੰਗ੍ਰੇਜ਼ੀ ਭਾਸ਼ਾ ਵਿਚ ਪੰਜਾਬੀ ਸਾਹਿੱਤ ਦੇ ਇਤਿਹਾਸ ਲੇਖਣ ਦੀ ਦਿਸ਼ਾ ਵੱਲ ਕੀਤੇ ਇਨ੍ਹਾਂ ਸੁਚੱਜੇ ਜਤਨਾ ਨੇ ਪੰਜਾਬੀ ਨੂੰ ਇਕ ਗੁੱਠੇ ਪਈ ਖੇਤਰੀ ਬੋਲੀ ਹੀ ਨਹੀਂ ਰਹਿਣ ਦਿੱਤਾ ਸਗੋਂ ਉਸ ਨੂੰ ਸੰਸਾਰ ਦੀਆਂ ਉੱਨਤ ਭਾਸ਼ਾਵਾਂ ਵਿਚ ਸ਼ਾਮਲ ਕਰਨ ਦਾ ਕੰਮ ਕੀਤਾ ਹੈ। ਅੰਗ੍ਰੇਜ਼ੀ ਜਾਣਨ ਵਾਲੇ ਪਾਠਕਾਂ ਤੱਕ ਪੰਜਾਬੀ ਸਾਹਿੱਤ ਦੀ ਨੁਹਾਰ ਪੁਚਾਉਣੀ ਹਾਰੀ-ਸਾਰੀ ਦਾ ਕੰਮ ਨਹੀਂ ਸੀ। ਇਸੇ ਤਰ੍ਹਾਂ ਉਨ੍ਹਾਂ ਨੇ ਉਰਦੂ ਦਾਨ ਪਾਠਕਾਂ ਨੂੰ ਪੰਜਾਬੀ ਸਾਹਿੱਤ ਤੇ ਬੋਲੀ ਦਾ ਇਤਿਹਾਸ ਦੱਸਣ ਲਈ ਵੀ ਕਈ ਯਤਨ ਕੀਤੇ ਜਿਨ੍ਹਾਂ ਵਿਚੋਂ 'ਪੰਜਾਬੀ ਅਦਬ ਦੀ ਮੁਖ਼ਤਸਿਰ ਤਾਰੀਖ਼' ਇਕ ਵੱਡਮੁੱਲੀ ਪ੍ਰਾਪਤੀ ਹੈ। ਕਮਾਲ ਦੀ ਗੱਲ ਇਹ ਹੈ ਕਿ ਡਾ. ਦੀਵਾਨਾ ਨੇ ਉਪਰੋਥੱਲੀ ਕੀਤੇ ਇਨ੍ਹਾਂ ਯਤਨਾਂ ਸਦਕਾ, ਹਰ ਵਾਰ ਨਵੇਂ ਨੁਕਤੇ ਸਾਮ੍ਹਣੇ ਲਿਆਂਦੇ ਹਨ, ਨਵੇਂ ਹੱਥ ਲਿਖਤ ਗ੍ਰੰਥ ਵਾਰਕੇ ਨਵੇਂ ਹਾਵੀਏ ਤੋਂ ਗੱਲ ਕੀਤੀ ਹੈ, ਪਹਿਲੇ ਯਤਨਾਂ ਵੇਲੇ ਅਣਗੌਲੇ

Sri Satguru Jagjit Singh Ji Elibrary NamdhariElibrary@gmail.com

ਰਹਿ ਗਏ ਪੱਖਾਂ ਬਾਰੇ ਹੀ ਜਾਣਕਾਰੀ ਦੇਣ ਦਾ ਯਤਨ ਨਹੀਂ ਕੀਤਾ ਹੈ, ਜਿਵੇਂ ਕਿ ਆਮ ਤੌਰ ਤੇ ਹੁੰਦਾ ਹੈ। ਅਜਿਹੇ ਕਈ ਮੌਕਿਆਂ ਤੇ ਇਕੋ ਹੀ ਸਮੱਗਰੀ ਨੂੰ ਵੱਖ ਵੱਖ ਜ਼ਬਾਨਾਂ ਵਿਚ ਉਲੱਥਾ ਮਾਤਰ ਕਰਕੇ ਪੇਸ਼ ਕਰ ਦਿੱਤਾ ਜਾਂਦਾ ਹੈ, ਪਰ ਹਰ ਨਵਾਂ ਯਤਨ ਨਵੀਂ ਨਵੀਂ ਖੋਜ ਵੀ ਹੋਵੇ, ਅਧਿਅਨ ਦੀ ਪ੍ਰਣਾਲੀ ਵੀ ਅੱਡਰੀ ਹੋਵੇ, ਇਹ ਗੱਲ ਕੇਵਲ ਡਾ. ਮੋਹਨ ਸਿੰਘ ਦੀਵਾਨਾ ਦੇ ਹਿੱਸੇ ਹੀ ਆਈ ਹੈ।

3. 'ਪੰਜਾਬੀ ਅਦਬ ਦੀ ਮੁਖ਼ਤਸਿਰ ਤਾਰੀਖ਼' ਜਿਵੇਂ ਕਿ ਉੱਪਰ ਦੱਸਿਆ ਜਾ ਚੁੱਕਾ ਹੈ ਇਹ ਡਾ. ਦੀਵਾਨਾ ਦੀ ਤੀਜੀ ਪੁਸਤਕ ਹੈ ਜੋ ਪੰਜਾਬੀ ਸਾਹਿੱਤ ਦੇ ਇਤਿਹਾਸ ਲੇਖਣ ਨਾਲ ਸੰਬੰਧ ਰਖਦੀ ਹੈ। ਇਸ ਪੁਸਤਕ ਵਿਚ ਜੋ ਵਾਧੇ ਘਾਟੇ ਹਨ, ਉਹ ਹੇਠ ਲਿਖੇ ਅਨੁਸਾਰ ਹਨ।

ਗੋਰਖਨਾਥ, ਚਰਪਟ, ਚੋਰੰਗੀ, ਰਤਨ ਨਾਥ, ਅਮੀਰ ਖੁਸਰੋ, ਗੁਰੂ ਨਾਨਕ ਦੇਵ, (ਸਮੇਤ ਗੁਰੂ ਗ੍ਰੰਥ ਸਾਹਿਬ) ਬਾਬਾ ਸਿਰੀ ਚੰਦ, ਸਾਲਿਸ ਰਾਇ ਚੌਧਰੀ, ਭਾਈ ਗੁਰਦਾਸ, ਦਮੋਦਰ, ਹਿਰਦੇ ਰਾਮ, ਸੁਥਰਾ, ਛੱਜੂ ਭਗਤ, ਜਲ੍ਹਣ ਜੱਟ, ਵਲੀਰਾਮ, ਪੀਲੋ, ਬਾਬਾ ਲਾਲ, ਬਾਬਾ ਦਿਆਲ ਦਾਸ, ਬਾਬਾ ਕਾਹਨਾ, ਕੰਕਨ, ਚਤਰਦਾਸ, ਗੁਰੂ ਗੋਬਿੰਦ ਸਿੰਘ, ਭੱਟ, ਦਸਮ ਗੁਰ ਦਰਬਾਰੀ ਕਵੀਆਂ ਦੀ ਕਵਿਤਾ ਦਾ ਖ਼ਾਸ ਖ਼ਾਸ ਨਮੂਨਾ ਦਰਜ ਕੀਤਾ ਹੈ ਅਤੇ ਨਾਲ ਹੀ ਭਰਵੀਂ ਤੇ ਤਿੱਖੀ ਆਲੋਚਨਾਤਮਕ ਟਿੱਪਣੀ ਵੀ ਕੀਤੀ ਹੈ। ਇਨ੍ਹਾਂ ਵਿਚ ਤਰਤੀਬ ਨਹੀਂ ਸਗੋਂ ਹੁਣ ਤੱਕ ਅਨਉਪਲਬਧ ਰਚਨਾ ਨੂੰ ਸਾਮ੍ਹਣੇ ਲਿਆਉਣ ਤੇ ਹੱਥ ਲਿਖਤਾਂ ਦੀ ਰਚਨਾ ਨੂੰ ਸਦਾ ਸਦਾ ਲਈ ਸਾਂਭ ਕੇ ਰੱਖ ਲੈਣ ਦਾ ਬਹੁਤ ਵਧੀਆ ਆਹਰ ਕੀਤਾ ਮਿਲਦਾ ਹੈ।

ਇਨ੍ਹਾਂ ਤੋਂ ਛੁੱਟ ਮੁਸਲਮਾਨ ਕਵੀ ਸਿਰਲੇਖ ਦੇ ਕੇ ਇਕ ਇਕ ਪੰਕਤੀ, ਪੈਰੇ ਜਾਂ ਪੰਨੇ ਵਿਚ ਹੀ ਚਲਦਾ ਕਰ ਦਿੱਤਾ ਗਿਆ ਹੈ। ਜਿਵੇਂ ਸ਼ਾਹ ਹੁਸੈਨ (1539—1599) ਵਜੀਦ ਪਠਾਣ (1550—1660 ਈ.), ਸ਼ਾਹ ਸ਼ਰਫ਼ (1663—1724 ਈ.), ਸ਼ਾਹ ਲਤੀਫ਼, ਮੁਕਬਲ, ਬਰਖੁਰਦਾਰ (1669 ਵਿਚ ਜੀਵਤ ਸਨ), ਅਹਿਮਦ, ਸੁਲਤਾਨ ਬਾਹੂ, ਬੁਲ੍ਹੇ ਸ਼ਾਹ ਆਦਿ। ਕੁਝ ਹੋਰ ਕਾਵਿ-ਟੋਟੇ ਤੇ ਗੱਦ ਟੋਟੇ ਵੀ ਨਮੂਨੇ ਵਜੋਂ ਦਰਜ ਕੀਤੇ ਹਨ। ਇਸਦਾ ਕਾਰਨ ਇਹ ਹੈ ਕਿ ਇਨ੍ਹਾਂ ਬਾਰੇ ਡਾ. ਦੀਵਾਨਾ ਪਹਿਲਾਂ ਹੀ ਕਾਫ਼ੀ ਕੁਝ ਲਿਖ ਚੁੱਕੇ ਸਨ, ਇਸ ਲਈ ਵਾਧੂ ਦੁਹਰਾਉ ਜਾਂ ਵਧਾਉ ਵਿਚ ਉਨ੍ਹਾਂ ਦਾ ਵਿਸ਼ਵਾਸ ਨਹੀਂ ਸੀ।

**ਪੰਜਾਬੋਂ ਬਾਹਰ ਪੰਜਾਬੀ ਕਵਿਤਾ**

1450 ਈ. ਤੱਕ ਪੰਜਾਬੋਂ ਬਾਹਰ ਜੋਗੀ ਨਾਥਾਂ ਦੀ ਰਚਨਾ ਤੇ ਫ਼ਰੀਦ ਆਦਿ ਦੀ ਕਵਿਤਾ ਕਾਫੀ ਖਿਲਰ ਪੁੰਡਰ ਚੁੱਕੀ ਸੀ। ਕਾਫ਼ੀ ਰਾਗਨੀ ਪਿਆਰੀ ਲੱਗਦੀ ਸੀ। ਬਾਹਰਲਿਆਂ ਸਾਧਾਂ ਸੰਤਾਂ ਦੀ ਸੇਵਕੀ ਪੰਜਾਬੀਆਂ ਵਿਚ ਵੀ ਆ ਚੁੱਕੀ ਸੀ। ਕਬੀਰ ਜੀ ਉੱਤੇ ਪੰਜਾਬੀ ਦਾ ਢੇਰ ਪ੍ਰਭਾਵ ਪਿਆ ਤੇ ਪੰਜਾਬੀ ਭਾਖਾ ਦੀ ਅੰਗ ਛਾਪ ਉਨ੍ਹਾਂ ਦੀ ਬਾਣੀ ਤੇ ਹੈ। ਕਬੀਰ ਜੀ ਦਾ ਦੇਹਾਂਤ 1448 ਈ. ਵਿਚ ਹੋਇਆ, ਆਪਦਾ ਜਨਮ 1360 ਦੇ

Sri Satguru Jagjit Singh Ji Elibrary NamdhariElibrary@gmail.com

ਲਗਭਗ ਬਨਾਰਸ ਵਿਚ ਹੋਇਆ। ਰਾਮਾਨੰਦ ਦਾ ਜਨਮ ਠੀਕ 1299 ਈ. ਵਿਚ ਦੱਸਿਆ ਗਿਆ ਹੈ। ਰਾਮਾਨੰਦ ਜੀ ਤੋਂ ਪਹਿਲਾਂ ਨਾਮਦੇਵ ਜੀ ਹੋਏ, ਮਹਾਰਾਸ਼ਟਰ ਵਿਚ। ਆਪ ਦੀਆਂ ਤਾਰੀਖਾਂ 1290 ਤੋਂ 1350 ਦੇ ਨੇੜੇ ਤੇੜੇ ਹਨ। ਉਦਰ ਵੀ ਆਪ ਤੋਂ ਪਹਿਲਾਂ ਜੋਗੀ ਸੰਤ-ਮਤੀਏ, ਕਵੀ ਹੋਏ ਹਨ–ਨਵਿਰਤੀ ਨਾਥ ਤੇ ਗਹਿਨੀਨਾਥ। ਗਹਿਨੀਨਾਥ ਜੀ ਲਿਖਦੇ ਹਨ ਕਿ ਮੇਰਾ ਦਾਦਾ ਗੁਰੂ ਗੋਰਖਨਾਥ ਸੀ। ਗੋਰਖਨਾਥ ਜੀ ਦੀਆਂ ਤਾਰੀਖਾਂ ਅਸੀਂ 940—1330 ਈ. ਮਿਥੀਆਂ ਹਨ।''

**ਰਤਨ ਨਾਥ ਦੀ ਗੁਰਗੱਦੀ**

ਮਛੰਦਰ ਨਾਥ—ਗੋਰਖ ਨਾਥ—ਰਤਨ ਨਾਥ—ਧਰਮਦਾਸ—ਵਿਸ਼ਨ ਦਾਸ—ਨਰਪਤ—ਗੁਰਦਾਸ—ਜੋਧਾ ਰਾਮ—ਮਥਰਾਦਾਸ ਜਾਂ ਸਿੱਧ ਸਵਾਈ—ਸਾਈਂਦਾਸ—ਭਵਾਨੀਦਾਸ—ਲਖਮਣ ਦਾਸ—ਧਰਮ ਦਾਸ—ਪੰਜਾਬ ਦਾਸ ਜਾਂ ਸਿੱਧ ਸਵਾਈ—ਗੁਸਾਈਂ ਸਾਈਦਾਸ—ਬ੍ਰਹਮਦਾਸ।

—ਇਸ ਬਾਰੇ ਡਾ. ਮੋਹਨ ਸਿੰਘ ਦੀਵਾਨਾ ਲਿਖਦੇ ਹਨ (ਮੁਖਤਸਿਰ ਤਾਰੀਖ ਪੰਨਾ 20-22)

"ਮੈਂ ਜਦ ਲੰਦਨ ਬਰਤਾਨਵੀ ਮਯੂਜ਼ੀਅਮ ਵਿਚ ਕੰਮ ਕਰਦਾ ਸਾਂ ਤਾਂ ਮੈਂ ਅੰਮ੍ਰਿਤਸਰ ਵਿਚ 1900 ਈ. ਦੀ ਛਾਪੀ (ਚਸ਼ਮਾਇਨੂਰ ਪ੍ਰੈਸ) ਇਕ ਗੁਰਮੁਖੀ ਪੁਸਤਕ, ਪੋਥੀ ਰਤਨ ਗਿਆਨ ਵੇਖੀ ਜਿਸ ਵਿਚ ਬਾਬਾ ਰਤਨ ਨਾਥ ਜੀ ਦਾ ਹਾਲ, ਤੇ ਉਨ੍ਹਾਂ ਦੀ ਮਛੰਦਰ ਨਾਲ ਗੋਸ਼ਟ ਤੇ ਹੋਰ ਲਾਭਵੰਦ ਇਤਲਾਹਾਤ ਸਨ, ਕਵਿਤਾ ਵਿਚ। ਓਸ ਵਿਚ ਦਰਜ ਸੀ ਕਿ ਰਤਨਨਾਥ ਮਛੰਦਰ ਨਾਥ ਦੇ ਸ਼ਿਸ਼ ਸਨ ਤੇ ਗੋਰਖਨਾਥ ਨੂੰ ਉਹ ਪਹਿਲਾਂ ਪਹਿਲ ਗੋਦਾਵਰੀ ਦਰਿਆ ਦੇ ਕੰਢੇ ਤੇ ਮਿਲੇ। ਬਾਬਾ ਰਤਨ ਨਾਥ ਦੀ ਗੁਰ-ਚੇਲੇ ਦੀ ਗੱਦੀ ਓਸ ਵਿਚ ਇਉਂ ਦੱਸੀ ਹੈ ਤੇ ਉਹ ਅਤਿਅੰਤ ਪ੍ਰਮਾਣਿਕ ਹੈ।

''ਪੋਥੀ ਰਤਨ ਗਿਆਨ' ਬ੍ਰਹਮਦਾਸ ਜੀ ਦੀ ਰਚਨਾ ਹੈ। ਬ੍ਰਹਮਦਾਸ ਜੀ ਸ਼ਾਹਦੀ ਭਰਦੇ ਹਨ ਕਿ ਰਤਨ ਨਾਥ ਜੀ ਖੁਰਾਸਾਨ, ਜਲਾਲਾਬਾਦ, ਗਜ਼ਨੀ ਆਦਿ ਅਸਥਾਨਾਂ ਵਿਚ ਭਰਮਦੇ ਰਹੇ ਤੇ ਜੋਗ ਪੰਥ ਦੀ ਪਤਾਕਾ ਝੁਲਾਂਦੇ ਰਹੇ। ਉਪਰਲੀ ਬੰਸਾਵਲੀ ਜਾਂ ਗੁਰ-ਚੇਲਾ ਪ੍ਰਣਾਲੀ ਗਾਲਬਨ ਪਿਸ਼ੌਰ ਦੀ ਗੱਦੀ ਦੀ ਹੈ।'' (ਪੰਨਾ 22)

**ਚਤਰਦਾਸ** (1595—1656) : (ਡਾ. ਮੋਹਨ ਸਿੰਘ, ਪੰ. ਅ. ਦੀ ਮੁਖਤਸਿਰ ਤਾਰੀਖ, (ਪੰਨਾ 150)

ਆਪਦਾ ਗੁਰੂ ਸੰਤ ਦਾਸ ਸੀ ਜਿਨ੍ਹਾਂ ਦੇ ਹੁਕਮ ਅਨੁਸਾਰ ਆਪਨੇ ਸਿਰੀਮਦ ਭਾਗਵਦ ਦਾ ਕੁਝ ਭਾਗ ਨਜ਼ਮਿਆ ਦੋਹਿਰੇ ਚੌਪਈ ਵਿਚ। ਇਹ ਬਾਰ੍ਹਵਾਂ ਸਕੰਧ ਹੈ। 1635 ਵਿਚ ਮੁਕਾਇਆ। ਐਡੇ ਆਕਾਰ ਵਾਲਾ ਤਰਜਮਾ ਕਿਸੇ ਨੇ ਨਿਜੀ ਤੋਲ ਤੇ ਘੱਟ ਹੀ ਕੀਤਾ ਹੈ। ਭਾਵੇਂ ਤੋਲ ਹਿੰਦੀ ਦੇ ਹਨ ਫੇਰ ਵੀ ਪੰਜਾਬੀ ਆਪਣੀ ਸ਼ਾਨ ਤੇ ਮਿੱਠਤ ਦੇ ਅਰਥ-ਪੂਰਣਤ ਵਿਖਾਉਂਦੀ ਹੈ।''

Sri Satguru Jagjit Singh Ji Elibrary NamdhariElibrary@gmail.com

(ਜਾਪਦੈ ਇਹ ਕਵੀ ਦਾਦੂ ਪੰਥੀ ਹੈ ਜੋ ਪ੍ਰਸਿੱਧ ਦਾਦੂ ਪੰਥੀ ਸੰਤ ਦਾਸ ਦਾ ਸ਼ਿਸ਼ ਸੀ)

ਚਤਰਦਾਸ ਜੀ ਦੀ ਕਲਾ ਚਾਤਰੀ ਮਾਨਨੀਅ ਤੇ ਅਤਿਅੰਤ ਸਤਕਾਰ ਯੋਗ ਹੈ। ਨਿੱਕੀ ਜਿਹੀ ਬਹਿਰ ਵਿਚ ਕੱਠੇ ਭਾਵ ਭਰੇ ਮਿਸਰੇ ਕੱਢੇ ਹਨ। ਲਫਜ਼ ਨਿਤ ਦੀ ਵਰਤੋਂ ਦੇ ਜੋਗ ਕਾਫੀਏ ਕਿਸ ਮਿਹਨਤ ਨਾਲ ਲੱਭੇ ਹਨ। ਸੰਜਮ ਤੇ ਅਰਥ ਪੂਰਣਤਾ ਦੀਆਂ ਅਦੁਤੀ ਮਿਸਾਲਾਂ ਹਨ ਇਹ ਤੁਕਾਂ :

ਪ੍ਰੇਮਾਬੋਧ : (ਡਾ. ਦੀਵਾਨਾ ਪ੍ਰੇਮ ਅੰਬੰਧ ਨੂੰ ਪ੍ਰੇਮਾਬੋਧ ਲਿਖਦੇ ਹਨ—(ਉਹੀ ਪੰਨਾ 151)

"ਏਸ ਸਮੇਂ ਅਰਥਾਤ ਆਨੰਦਪੁਰੀ ਜੁਗ ਦਾ ਇਕ ਕਾਰਨਾਮਾ ਹੈ ਪ੍ਰੇਮਾਬੋਧ, ਜਿਸ ਵਿਚ ਭਗਤਾਂ ਦੇ ਹਾਲ ਮਨਜ਼ੂਮ (ਕਾਵਿ ਬੱਧ) ਹਨ, ਅਤੇ ਜਿਸ ਨੂੰ ਭਗਤਾਂ ਦੀਆਂ ਪਰਚੀਆਂ ਵੀ ਕਿਹਾ ਜਾਂਦਾ ਹੈ। 1693 ਈ. ਵਿਚ ਸਤਿਗੁਰ ਦੇ ਕਿਸੇ ਦਰਬਾਰੀ ਕਵੀ ਨੇ ਮੁਕਾਈ। ਕਵਿਤਾ ਵਿਚ ਏਸ ਤੋਂ ਵਧੇਰੀ ਸੁਆਦਲੀ ਕੋਈ ਜੀਵਨੀਆਂ ਵਾਲੀ ਪੁਸਤਕ ਹਿੰਦੀ ਵਿਚ ਨਾ ਮਿਲੇਗੀ। ਏਸ ਦੇ ਸਾਹਮਣੇ ਭਗਤ ਮਾਲਾ ਟੀਕੇ ਸਮੇਤ ਘੱਟ ਆਬ ਤੇ ਡੂੰਘ ਤੇ ਰਸ ਵਾਲੀ ਹੈ।

**ਸਿਰੀ ਭਗਵਾਨ ਵਾਚ**

ਸੂਤ ਦੁਆਰਕਾ ਕੋ ਤੁਮ ਜਾਵੋ—ਸਮਾਚਾਰ ਸਭ ਜਾਇ ਸੁਨਾਵੋ।
ਸਭ ਕੋ ਮਰਨ ਰਾਮ ਨਿਰਬਾਨ—ਅਬ ਮੋ ਕੋ ਅਬ ਕਰਤ ਧਿਆਨ।
ਦੁਆਰਾਵਤੀ ਰਹੈ ਮਤ ਕੋਈ—ਤਨ ਕਉਂ ਧਰੇ ਜਹਾਂ ਕਉ ਕੋਈ।
ਛਿੰਨ ਭੰਗਰ ਸਭ ਨਾਨਾ ਰੂਪ, ਨਿਸ਼ਚਲ ਜਾਣੋ ਮੋਹਿ ਅਰੂਪ॥
ਮੇਰੇ ਚਰਨ ਨਿਰੰਤਰ ਭਜੋ-ਦੂਜੀ ਸਕਲ ਬਾਸਨਾ ਤਜੋ।
ਹਰਕੇ ਜਨਮ ਕਰਮ ਗੁਣ ਗਾਵੈ—ਸਭ ਮਿਲ ਜੈ ਜੈ ਸ਼ਬਦ ਸੁਨਾਵੈ।
ਬਾਰੰਬਾਰ ਕਰੈ ਪਰਨਾਮ—ਮੁਖ ਤੇ ਭਾਖੈ ਹਰ ਕੇ ਨਾਮ।
ਤਬ ਹਰ ਜੀ ਬੈਕੁੰਠ ਪਧਾਰੇ—ਯਾਂ ਬਿਧ ਸਭ ਕੇ ਕਾਰਜ ਸਾਰੇ।
ਤਾਂ ਤੇ ਜਹਾਂ ਕਥਾ ਹਰ ਜੀ ਕੀ, ਪੂਜਾ ਧਿਆਨ ਧਾਰਨਾ ਜੀ ਕੀ।
ਬ੍ਰਹਮਾਦਕ ਸਕਲ ਸੁਰ ਜੇਤੇ, ਹਰ ਕੀ ਗਤ ਨਹਿ ਜਾਕੈ ਤੇਤੇ।

ਹੋਇ ਕਰ ਪ੍ਰਗਟ ਗੁਪਤ ਹੋਇ ਜਾਵੈ
ਤਾਂ ਕਉਂ ਖੋਜ ਨ ਕੋਈ ਪਾਵੈ।

ਹੇ ਨ੍ਰਿਪ ਯੋਹ ਅਚੰਭਾ ਨਾਹੀਂ ਸਕਤ ਅਨੰਤ ਸਦਾ ਹਰ ਮਾਹੀਂ।
ਹਰ ਜੀ ਸਦਾ ਏਕ ਰਸ ਰਹੈ—ਕਰਮ ਨ ਕਰੈ ਜਨਮ ਨਾ ਗਹੇ।
ਇਹ ਸਭ ਦੇਹਨ ਕੇ ਬਿਵਹਾਰ, ਹਰਜੀ ਇਹ ਸਭਹਨ ਕੇ ਪਾਰ।

ਜੈਸੇ ਨਟ ਬਾਜ਼ੀ ਬਿਸਤਾਰੈ
ਤਾਂ ਬਹੁਰਿਓ ਆਪ ਸਕਲ ਨਿਵਾਰੈ।

ਬਾਜੀ ਸਭਹੀ ਤੇ ਨਿਆਰੀ, ਯੋਂ ਹਰ ਕਰੈ ਕਰਮ ਅਵਤਾਰਾ ।
ਜਿਨ ਹਰ ਰਿਚਓ ਨਿਰਗੁਨ ਸੰਸਾਰਾ, ਨਾਨਾ ਭਾਂਤ ਪਰਗਟ ਅਕਾਰਾ ।
ਆਪ ਪਰਵੇਸ਼ ਕੀਓ ਤਿਨ ਤਿਨ ਮੈਂ, ਸਭ ਬਰਤਾਇ ਬਿਨਾਸੈ ਛਿਨ ਮੈਂ ।
ਸਭ ਜਗ ਕੀ ਉਤਪਤ ਪ੍ਰਤਿਪਾਲ, ਨਾਸ ਕਰੈ ਜਿਨ ਕੋ ਬਲਿ ਕਾਲ ।
ਐਸੇ ਸਕਲ ਸਕਤ ਮੈਂ ਦੇਵਾ, ਬ੍ਰਹਮਾਦਕ ਕਰੈ ਜਾਂ ਸੇਵਾ ।
ਹਰਬੇ ਕੋ ਧਰਨੀ ਕਉ ਭਾਰ, ਧਰਿਓ ਹੁਤੋ ਮਾਨੁੱਖ ਆਕਾਰ ।
ਜੋਗ ਸਾਧ ਕਰ ਰਾਖੇ ਦੇਹ ਪੁਰਖਾਰਥ ਕਰ ਮਾਨੇ ਏਹ ।
ਜੋ ਯਹ ਚਰਿਤ ਪਢੈ ਉਠ ਪ੍ਰਾਤ, ਕ੍ਰਿਸ਼ਨ ਦੇਵ ਕੀ ਨਿਰਮਲ ਜਾਤ ।
ਸੋ ਦ੍ਰਿਢ ਭਗਤ ਕ੍ਰਿਸ਼ਨ ਕੀ ਪਾਵੈ, ਜਾਂ ਤੇ ਕ੍ਰਿਸ਼ਨ ਲੋਕ ਮੈਂ ਜਾਵੈ ।
ਕ੍ਰਿਸ਼ਨ ਬਿਓਗ ਬਿਲਲ ਅੱਤ ਚਿਤ
ਜੈਸੇ ਕਿਰਪਣ ਗਏ ਤੇ ਬਿਤ ।
ਤਿਨ ਦੱਨਿਓਂ ਨੇ ਚਰਨਨ ਪਰੇ, ਤਬ ਸੁਆਰਥੀ ਬਚਨ ਉਚਰੇ ।
ਭਗਤਨ ਹੇਤੂ ਧਰੈਂ ਅਵਤਾਰ, ਨਾਨਾ ਭਾਂਤ ਕਰੈਂ ਉਧਾਰ ।
ਤਿਨ ਮੈਂ ਕ੍ਰਿਸ਼ਨ ਸੁਨੀਆਰਾ ਭਗਵਾਨ
ਗਿਆਨ ਕਿਰਿਆ ਸਭ ਸਕਤ ਪਰਧਾਨ ।
ਜਿਨ ਕੇ ਨਾਮ ਲੀਏ ਭਵ ਨਾਹੀ
ਲੈ ਕਰ ਰਾਖੋ ਨਿਜ ਪਦ ਮਾਹੀਂ ।
ਤੇ ਅਬ ਸੰਤ ਦਾਸ ਸੇ ਨਾਮ
ਦੇਹ ਧਰੇ ਜੀਵਨ ਕੇ ਕਾਮ ।
ਕਿਰਪਾ ਸਕਤ ਹਿਰਦੇ ਮੋਂ ਲਿਆਵੈ ।
ਐਸੀ ਬਿਧ ਭੌ ਦੁੱਖ ਮਿਟਾਵੈ, ਅਪਨੇ ਪਰਮ ਪਦੀਂ ਪਹੁੰਚਾਵੈ ।
ਪ੍ਰੇਮ ਪਰਵਾਹ ਮਗਨ ਨਿੱਤ ਰਹੇ, ਭੌ ਦਾਵਗਨੀ ਕਦੇ ਨ ਦਹੇ ।

ਅਸੀਂ ਦੇਖਦੇ ਹਾਂ ਕਿ ਡਾ. ਦੀਵਾਨਾ ਨੂੰ ਹੱਥ ਲਿਖਤਾਂ ਲੱਭਣ ਤੇ ਸਾਂਭਣ ਦਾ ਇੰਨਾ ਸ਼ੌਕ ਹੈ ਕਿ ਉਹ ਕਦੀ ਵੀ ਅਜਿਹਾ ਮੌਕਾ ਹਥੋਂ ਜਾਣ ਨਹੀਂ ਦਿੰਦੇ । ਉਨ੍ਹਾਂ ਨੂੰ ਉਪਰੋਕਤ ਖਰੜਾ ਮਿਲਿਆ ਤਾਂ ਉਸਨੂੰ ਇਸ ਸੰਗ੍ਰਹਿ ਵਿਚ ਸਾਂਭ ਲਿਆ ਗਿਆ ਹੈ। ਇਨ੍ਹਾਂ ਅਰਥਾਂ ਵਿਚ ਡਾ. ਮੋਹਨ ਸਿੰਘ ਦੀਵਾਨਾ ਅਪਣੇ ਲਖ਼ਸ਼ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹੇ ਹਨ ਤੇ ਪੰਜਾਬੀ ਇਤਿਹਾਸਕਾਰੀ ਲਈ ਭਵਿੱਖਤ ਸਮੱਗਰੀ ਜੁਟਾਉਣ ਵੱਲ ਵੀ ਸੁਚੇਤ ਰਹੇ ਹਨ । ਇਸ ਬਾਰੇ ਉਹ 'ਐਨ ਇੰਟਰੋਡਕਸ਼ਨ' ਦੇ ਮੁਖਬੰਧ ਵਿਚ ਇਉਂ ਲਿਖਦੇ ਹਨ— 'ਮੇਰੇ ਕੋਲ ਪਏ ਜਾਂ ਮੈਨੂੰ ਉਪਲਬਧ ਗ੍ਰੰਥਾਂ ਵਿਚੋਂ ਲੱਭੇ ਪੰਜਾਬੀ ਵਾਰਤਕ ਦਾ ਸਭ ਤੋਂ ਵੱਡਾ ਸੰਕਲਨ 'ਪੰਜਾਬੀ ਅਦਬ ਦੀ ਮੁਖਤਸਿਰ ਤਾਰੀਖ' ਨਾਂ ਹੇਠ ਉਰਦੂ ਵਿਚ ਛਾਪਿਆ ਹੈ ਜਿਸ ਵਿਚ ਅਜਿਹੇ ਅਣਜਾਣੇ ਲੇਖਕਾਂ ਦੀ ਨਵੀਂ ਖੋਜੀ ਕਵਿਤਾ ਵੀ ਸ਼ਾਮਲ ਹੈ ਜਿਸਨੂੰ ਮੈਂ ਸੂਫੀ, ਭਗਤੀ ਜਾਂ ਆਧੁਨਿਕ ਕਾਵਿ-ਸੰਕਲਨਾਂ ਵਿਚ ਸ਼ਾਮਲ ਨਹੀਂ ਕਰ ਸਕਿਆ ਸਾਂ । ਇਸ ਰਚਨਾ ਦਾ ਗੁਰਮੁਖੀ ਰੂਪ ਵੀ ਮੈਂ ਤਕੜੇ

ਖਰਚ ਨਾਲ ਛਪਵਾਇਆ ਹੈ।"

ਡਾ. ਦੀਵਾਨਾ ਦੀ ਲਿਖੀ ਇਕ ਹੋਰ ਇਤਿਹਾਸ-ਪੁਸਤਕ 'ਪੰਜਾਬੀ ਸਾਹਿੱਤ ਦੀ ਇਤਿਹਾਸ ਰੇਖਾ' ਹੈ, ਜਿਸ ਵਿਚ ਪੰਜਾਬੀ ਸਾਹਿੱਤ ਦੀ ਕਾਲਵੰਡ ਕਰਦਿਆਂ ਤਿੰਨ ਭਾਗ ਕੀਤੇ ਗਏ ਹਨ, ਜਿਵੇਂ ਕਿ ਅਸੀਂ ਉਪਰ ਵੇਖ ਚੁਕੇ ਹਾਂ। ਇਹ ਇਤਿਹਾਸ ਪੁਸਤਕ ਅਤਿਅੰਤ ਲਘੂ, ਸੰਖੇਪ ਪਰ ਜਲਦੀ ਵਿਚ ਲਿਖੀ ਹੋਈ ਹੈ, ਤਾਂ ਵੀ ਇਸ ਵਿਚੋਂ ਲੇਖਕ ਦਾ ਦੀਰਘ ਨਿਜੀ ਅਨੁਭਵ, ਡੂੰਘਾ ਸਾਹਿੱਤ-ਗਿਆਨ ਅਤੇ ਪੈਣੀ ਤੀਖਣ ਆਲੋਚਨਾ-ਦ੍ਰਿਸ਼ਟੀ ਦੇ ਦਰਸ਼ਨ ਹੁੰਦੇ ਹਨ। ਇਤਿਹਾਸ ਦੀ ਪਰਿਭਾਸ਼ਾ ਆਪ ਇਉਂ ਦਿੰਦੇ ਹਨ :— "ਇਤਿਹਾਸ ਦੇ ਅਰਥ ਨੇ, 'ਇਉਂ ਹੋਇਆ'। ਫੇਰ ਬਹੁਤ ਹੀ ਸੰਕੋਚਵੀਂ ਸ਼ੈਲੀ ਵਿਚ ਪੰਜਾਬੀ ਦੇ ਸਾਹਿੱਤ-ਇਤਿਹਾਸਾਂ ਦਾ ਜ਼ਿਕਰ ਕਰਦੇ ਹਨ— "ਪਹਿਲਾਂ ਸਾਹਿੱਤ ਦਾ ਇਤਿਹਾਸ ਤਜ਼ਕਰਿਆਂ ਜਾਂ ਸੰਗ੍ਰਹਿਆਂ ਦੇ ਰੂਪ ਵਿਚ ਹੁੰਦਾ ਸੀ, ਲੇਖਕਾਂ ਦੇ ਨਾਂ ਤੇ ਉਨ੍ਹਾਂ ਦੀ ਕਵਿਤਾ ਦੀ ਕੁਝ ਵੰਨਗੀ, ਜਿਹੜੀ ਚੋਣਕਾਰ ਆਪਣੀ ਪਸੰਦ ਮੁਜਬ ਕਰਦਾ ਸੀ, ਕਵੀਆਂ ਦਾ ਹਾਲ ਨਹੀਂ ਸੀ ਹੁੰਦਾ। ਪਿਛੋਂ ਮਸਾਂ ਜਿੰਨਾ ਹਾਲ ਤੇ ਰੱਤੀ ਜਿੰਨੀ ਪਰਸੰਸਾ ਜਾਂ ਨਿੰਦਿਆ ਦੇ ਦੇਂਦੇ ਸਨ ਤੇ ਹੁਣ ਤੇ ਸਾਹਿੱਤ ਦੇ ਇਤਿਹਾਸ ਦੇ ਪੱਛਮੀ ਲੇਖਕਾਂ ਦੀ ਨਕਲ ਵਿਚ, ਪੋਥੇ ਦੇ ਪੋਥੇ ਲਿਖੇ ਜਾ ਚੁੱਕੇ ਹਨ ਤੇ ਕੱਲੇ ਕੱਲੇ ਲੇਖਕ ਉੱਤੇ ਵੀ ਗ੍ਰੰਥ ਰਚੇ ਗਏ ਹਨ।" ਸਾਹਿੱਤ ਦੇ ਇਤਿਹਾਸ-ਲੇਖਣ ਨੂੰ ਪੰਜਾਬੀ ਦੇ ਪ੍ਰਸੰਗ ਵਿਚ ਜਿਸ ਸਟੀਕ ਢੰਗ ਨਾਲ ਇਨ੍ਹਾਂ ਕੁਝ ਪੰਗਤਾਂ ਵਿਚ ਬਿਆਨ ਕਰ ਦਿੱਤਾ ਗਿਆ ਹੈ— ਇਹ ਸਿਰਫ਼ ਡਾ. ਮੋਹਨ ਸਿੰਘ ਦੀਵਾਨਾ ਦੇ ਹਿੱਸੇ ਹੀ ਆਇਆ ਹੈ। ਇਸੇ ਤਰ੍ਹਾਂ ਸਾਹਿੱਤ ਦੀ ਪਰਿਭਾਸ਼ਾ ਵੀ ਬਹੁਤ ਸਟੀਕ ਹੈ ਜੋ ਦੇਖਣ ਵਾਲੀ ਹੈ—

"ਸਾਹਿੱਤ ਲਫ਼ਜ਼ ਇਤਿਹਾਸ ਵਾਂਗੂ ਸੰਸਕ੍ਰਿਤ ਦਾ ਹੈ ਅਤੇ ਇਸਦਾ ਮੂਲ ਹੈ 'ਸਾਹਿੱਤ' ਜਿਸਦੇ ਅਰਥ ਹਨ ਨਾਲ ਅਤੇ ਦੂਜੀ ਤੀਜੀ ਥਾਂ ਤੇ ਅਰਥ ਹਨ ਮੇਲ+ਕਾਨੂੰਨਾਂ ਕਾਇਦਿਆਂ ਦਾ ਸਮੂਹ, ਤੇ ਉਨ੍ਹਾਂ ਅਨੁਸਾਰ ਕੀਤੀ ਗਈ ਕਾਵਿ-ਰਚਨਾ। ਸਾਹਿੱਤ ਕੀ ਹੈ ? ਇਸਦਾ ਜਵਾਬ ਹੈ, ਸਾਹਿੱਤ ਜੰਗ ਲਫ਼ਜ਼ਾਂ ਦੁਆਰਾ ਸੁਚੱਜੇ ਢੰਗ ਨਾਲ ਸੁੰਦਰ, ਉਤਸਾਉਂਦੇ ਵਿਚਾਰਾਂ ਤੇ ਅਨੁਭਵਾਂ ਦਾ ਰਸ ਭਰਿਆ ਰਸ-ਆਤਮਕ ਚਿਤਰਣ।" ਡਾ. ਦੀਵਾਨਾ ਦੀ ਭਾਸ਼ਾ ਹਮੇਸ਼ਾ ਨਵੇਂ ਸ਼ਬਦ ਘੜਣ, ਨਵੇਂ ਸਮਾਸ ਬਣਾਉਣ ਅਤੇ ਨਵੀਆਂ ਤਰਕੀਬਾਂ ਇਸਤੇਮਾਲ ਕਰਨ ਵੱਲ ਰੁਚਿਤ ਰਹਿੰਦੀ ਹੈ ਜਿਵੇਂ ਕਿ ਛੁਹੀਵਿਆ, ਸਰਬੰਧ, ਅਨੁਭਉ, ਢੰਗ, ਢੱਬ, ਗੁਨ੍ਹਾਈ, ਸਕੀਦਾ, ਜੁੜਤ, ਬਣਾਉਟੀ ਜਾਂ ਸੁਭਾਉਕੀ, ਮਧੁੱਲਦੀ, ਠਹਿਕਰਦੀ, ਭਾਖਿਆ, ਭਾਖਾ। ਇਹ ਰੁਚੀ ਇਸ ਪੁਸਤਕ ਦੇ ਪੰਜਾਬ ਅਤੇ ਪੰਜਾਬੀ ਨਾਮਕ ਪ੍ਰਸੰਗਾਂ ਵਿਚ ਵਧੇਰੇ ਦ੍ਰਿਸ਼ਟੀਗੋਚਰ ਹੁੰਦੀ ਹੈ। ਪੰਜਾਬੀ ਭਾਖਾ ਦੀਆਂ ਖਾਸ ਗੱਲਾਂ ਵਿਚ ਉਨ੍ਹਾਂ ਨੇ ਪੰਜਾਬੀ ਦੇ ਰੂਪ-ਬਣਤਰ ਬਾਰੇ ਅਤੇ ਵਰਤਮਾਨ ਸਰੂਪ ਬਾਰੇ ਬਹੁਤ ਹੀ ਨਿੱਠ ਕੇ ਗੱਲ ਕੀਤੀ ਹੈ। 'ਪੰਜਾਬੀ ਸਾਹਿੱਤ ਦੇ ਪਰਕਾਰ ਤੇ ਉਹਨਾਂ ਦੀ ਵਿਸੇਖਤਾ, ਛੰਦ ਪਰਕਾਰ, ਕਾਵਿ ਪਰਕਾਰ, ਗੁਰਮੁਖੀ ਅੱਖਰ ਤੇ ਪੈਂਤੀ ਆਦਿ ਦੇ ਅਧਿਐਨ ਤੋਂ ਡਾ. ਦੀਵਾਨਾ ਦੀ ਨਿੱਗਰ ਭਾਸ਼ਾ ਵਿਗਿਆਨਿਕ ਸੂਝ ਦਾ ਪਰਿਚੈ ਮਿਲਦਾ ਹੈ।

ਇਸ ਪੁਸਤਕ ਵਿਚ ਉਨ੍ਹਾਂ ਨੇ ਪੰਜਾਬੀ ਸਾਹਿੱਤ ਦੀ ਕਾਲ ਵੰਡ ਪਹਿਲਾਂ ਨਾਲੋਂ

ਹਟ ਕੇ ਕੀਤੀ ਹੈ, ਪਤਾ ਨਹੀਂ ਸਰਲ ਹੋਣ ਕਾਰਨ ਜਾਂ ਕੋਈ ਹੋਰ ਕਾਰਨ ਹੈ। ਇਹ ਵੰਡ ਹੈ— (1) ਮੁੱਢਲਾ ਪੰਜਾਬੀ ਸਾਹਿੱਤ ਜਾਂ ਪੁਰਾਣਾ ਸਮਾਂ (2) ਵਿਚਲਾ ਸਮਾਂ, (3) ਨਵਾਂ ਸਮਾਂ। ਭਾਵੇਂ ਆਪਣੀ ਪਹਿਲੀ ਵੰਡ ਨੂੰ ਵੀ ਦੁਹਰਾਇਆ ਹੈ, ਪਰ ਇਸ ਪੁਸਤਕ ਵਿਚ ਲੇਖਕਾਂ, ਕਵੀਆਂ ਤੇ ਪ੍ਰਵਿਰਤੀਆਂ ਦਾ ਅਧਿਐਨ ਇਸੇ ਕਾਲ ਵੰਡ ਅਨੁਸਾਰ ਕੀਤਾ ਗਿਆ ਹੈ। ਇਹ ਪੁਸਤਕ ਬੀ. ਏ. ਪੱਧਰ ਦੇ ਵਿਦਿਆਰਥੀਆਂ ਹਿੱਤ ਲਿਖੀ ਗਈ ਸੀ ਜਿਸ ਕਾਰਨ ਇਸ ਵਿਚ ਉਨ੍ਹਾਂ ਹੀ ਗੱਲਾ ਨੂੰ ਮੁੜ ਮੁੜ ਦੁਹਰਾਇਆ ਗਿਆ ਹੈ ਜਿਨ੍ਹਾਂ ਦੀ ਵਿਦਿਆਰਥੀਆਂ ਨੂੰ ਲੋੜ ਹੁੰਦੀ ਹੈ। ਪੁਰਾਣਾ ਸਮਾਂ ਵਿਚ ਚਰਪਟ ਨਾਥ, ਗੋਰਖਨਾਥ, ਰਤਨਨਾਥ, ਮਸਊਦ, ਚੰਦਬਰਦਾਈ, ਸੇਖ਼ ਫਰੀਦ, ਅਮੀਰ ਖੁਸਰੋ, ਅਣਜਾਤੇ ਵਾਰ ਲੇਖਕਾਂ, ਅਤੇ ਲੋਕ ਕਾਵਿ ਜਿਵੇਂ ਕਿ ਟੱਪੇ, ਗਿੱਧਾ, ਬੁਝਾਰਤ ਤੋਂ ਛੁੱਟ ਗੱਦ ਜਾਂ ਨਸਰ ਬਾਰੇ ਸੰਖੇਪ ਟਿੱਪਣੀਆਂ ਹਨ। ਵਿਚਲਾ ਸਮਾਂ (1450-1850) ਵਿਚ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨਦੇਵ, ਸੁੰਦਰ, ਰਾਏ ਬਲਵੰਡ ਤੇ ਡੂਮਿ ਸੱਤਾ ਭਟ ਜਾਂ ਭਾਟ ਕਵੀ, ਬਾਯਜ਼ੀਦ ਪਠਾਨ, ਸਾਹ ਹੁਸੈਨ, ਭਾਈ ਗੁਰਦਾਸ ਭੱਲਾ, ਸੁਥਰਾ, ਛੱਜੂ ਭਗਤ, ਜੱਲ੍ਹਣ ਜੱਟ ਵਲੀ ਰਾਮ, ਦਮੋਦਰ, ਪੀਹਲੂ, ਬਾਬਾ ਲਾਲ, ਬਾਹੂ, ਬਰਖੁਰਦਾਰ, ਅਹਿਮਦ, ਮੁਕਬਲ, ਰਿਦੇ ਰਾਮ, ਗੁਰੂ ਗੋਬਿੰਦ ਸਿੰਘ, ਕੌਕਨ, ਬਾਰੇ ਵੇਰਵਾ ਹੈ, ਅਠਾਰ੍ਹਵੀਂ ਸਦੀ ਦੇ ਬੀਰ ਸਿੰਘ, ਅਗ੍ਰਾ, ਨਜਾਬਤ, ਵਾਰਿਸ ਸ਼ਾਹ, ਕ੍ਰਿਸ਼ਨ ਲਾਲ, ਜਮੀਅਤ ਰਾਏ ਤੇ ਪਰਮਾਨੰਦ, ਗੁਲਾਬ ਸਿੰਘ, ਬੁੱਧ ਸਿੰਘ, ਕੇਸਰ ਸਿੰਘ ਤੇ ਸੇਵਾ ਸਿੰਘ ਛਿੱਬਰ, ਹਾਮਦ, ਬੁਲ੍ਹੇਸ਼ਾਹ, ਅਲੀਹੈਦਰ, ਗਰੀਬਦਾਸ ਆਦਿ ਦਾ ਪਰਿਚੈ ਹੈ ਇਸ ਸਮੇਂ ਨੂੰ ਸੁਤੰਤਰ ਪੰਜਾਬ (1799-1848) ਦਾ ਨਾਂ ਵੀ ਦਿੱਤਾ ਹੈ। ਫੇਰ ਵਿਚਲੇ ਸਮੇਂ ਦੀ ਨਸਰ (1538-1848) ਦਾ ਵੇਰਵਾ ਹੈ।

ਤੀਜਾ ਕਾਲ 'ਪੰਜਾਬੀ ਸਾਹਿੱਤ ਦਾ ਨਵਾਂ ਸਮਾਂ' ਹੈ ਜਿਸ ਵਿਚ ਕਿੱਸਾ ਸਾਹਿੱਤ, ਮਜ਼ਹਬੀ ਤੇ ਧਾਰਮਿਕ ਇਤਿਹਾਸ, ਅਧਿਆਤਮਿਕ ਅਤੇ ਦਰਵੇਸ਼ੀ ਸਾਹਿੱਤ, ਯੁੱਧ ਵਰਣਨ ਤੋਂ ਛੁੱਟ ਨਵਾਂ ਸਾਹਿੱਤ ਜਿਵੇਂ ਕਹਾਣੀ, ਨਾਵਲ ਤੇ ਨਾਟਕ ਆਦਿ ਦਾ ਸੰਖੇਪ ਜਿਹਾ ਪਰਿਚੈ ਦੇਕੇ ਕੁਲ 29 ਲੇਖਕਾਂ ਦਾ ਅਤਿ ਸੰਖੇਪ ਜੀਵਨ-ਪਰਿਚੈ ਦਿੱਤਾ ਹੈ। ਇਨ੍ਹਾਂ ਵਿਚੋਂ ਕੁਝ ਲੇਖਕ ਤਾਂ ਬਹੁਤ ਹੀ ਘੱਟ ਮਹੱਤਵ ਵਾਲੇ ਤੇ ਘਟ ਪਛਾਣੇ ਜਾਦੇ ਹਨ ਤੇ ਕਈ ਮਹੱਤਵਪੂਰਨ ਨਾ ਬਿਲਕੁਲ ਗਾਇਬ ਹਨ। ਇਹ ਨਾਂ ਹਨ— ਸਰਧਾ ਰਾਮ, ਪੰ. ਤਾਰਾ ਸਿੰਘ, ਬਿਹਾਰੀ ਲਾਲ ਪੁਰੀ, ਕਿਸ਼ਨ ਸਿੰਘ ਆਰਿਫ਼, ਭਾਈ ਦਿੱਤ ਸਿੰਘ, ਅਮਰਨਾਥ, ਭਾਈ ਕਾਹਨ ਸਿੰਘ, ਬੀਬੀ ਲੱਛਮੀ, ਭਾਈ ਵੀਰ ਸਿੰਘ, ਧਨੀਰਾਮ ਚਾਤ੍ਰਿਕ, ਬਾਵਾ ਬੁੱਧ ਸਿੰਘ, ਭਾਈ ਮੋਹਨ ਸਿੰਘ ਵੈਦ, ਪ੍ਰੋ. ਪੂਰਨ ਸਿੰਘ, ਕੁਸ਼ਤਾ, ਸ਼ਹੀਦ, ਕਿਰਪਾ ਸਾਗਰ, ਸੰਤ ਸੰਪੂਰਨ ਸਿੰਘ, ਸ਼ੇਰ ਸਿੰਘ, ਬਾਬਾ ਪ੍ਰੇਮ ਸਿੰਘ, ਹਮਦਮ, ਫੀਰੋਜ਼ਦੀਨ ਸ਼ਰਫ, ਨਾਨਕ ਸਿੰਘ, ਹਰਿੰਦਰ ਸਿੰਘ ਰੂਪ, ਗੁਰਬਖਸ਼ ਸਿੰਘ, ਮੁਸਾਫਰ, ਈਸ਼ਰ ਸਿੰਘ ਈਸ਼ਰ, ਗਿ. ਲਾਲ ਸਿੰਘ, ਈਸ਼ਵਰ ਚੰਦਰ ਨੰਦਾ, ਡਾ. ਮੋਹਨ ਸਿੰਘ ਉਬ੍ਰਰਾ ਦੀਵਾਨਾ।

Sri Satguru Jagjit Singh Ji Elibrary NamdhariElibrary@gmail.com

ਅਸਲੀਅਤ ਇਹ ਹੈ ਕਿ ਡਾ. ਮੋਹਨ ਸਿੰਘ ਦੀਵਾਨਾ ਬਹੁਤ ਵਧੀਆ ਇਤਿਹਾਸਕਾਰ ਹਨ, ਪਰ ਜਦੋਂ ਉਹ ਆਧੁਨਿਕ ਸਮੇਂ ਬਾਰੇ ਜਾਂ ਆਖੋ ਕਿ ਆਪਣੇ ਸਮਕਾਲੀਆਂ ਬਾਰੇ ਲਿਖਦੇ ਹਨ ਤਾਂ ਅਤਿ ਦਰਜੇ ਦੇ ਉਲਾਰ ਹੋ ਜਾਂਦੇ ਹਨ। ਇਹੋ ਕਾਰਨ ਹੈ ਕਿ ਉਹ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਕਮਲਾ ਅਕਾਲੀ, ਤੇਜਾ ਸਿੰਘ, ਭਾਈ ਜੋਧ ਸਿੰਘ, ਸੰਤ ਸਿੰਘ ਸੇਖੋਂ, ਗਾਰਗੀ, ਹਰਚਰਨ ਸਿੰਘ ਤੇ ਹੋਰ ਅਨੇਕ ਪ੍ਰਸਿੱਧ ਸਾਹਿਤਕਾਰਾਂ ਦਾ ਨਾਂ ਤਕ ਨਹੀਂ ਲੈਂਦੇ ਜਦ ਕਿ ਬਹੁਤ ਘੱਟ ਸੇਵਾ ਕਰਨ ਵਾਲੇ ਲੇਖਕਾਂ ਦਾ ਚੰਗਾ ਜ਼ਿਕਰ ਹੈ ਜਿਵੇਂ ਕਿ ਉਪਰੋਕਤ ਸੂਚੀ ਤੋਂ ਪ੍ਰਗਟ ਹੈ।

Sri Satguru Jagjit Singh Ji Elibrary NamdhariElibrary@gmail.com

ਅਧਿਆਇ ਛੇਵਾਂ

# ਆਲੋਚਕ ਅਤੇ ਨਿਬੰਧਕਾਰ ਡਾ. ਮੋਹਨ ਸਿੰਘ ਦੀਵਾਨਾ

ਡਾ. ਮੋਹਨ ਸਿੰਘ ਇਕ ਉੱਘੇ ਇਤਿਹਾਸਕਾਰ ਸਨ, ਨਿਬੰਧਕਾਰ ਸਨ ਅਤੇ ਨਾਮਵਰ ਖੋਜਕਾਰ ਅਤੇ ਕਰੜੇ ਆਲੋਚਕ ਸਨ। ਇਸ ਗੱਲ ਦਾ ਨਿਰਣਾ ਕਰਨਾ ਅਤਿ ਔਖਾ ਹੈ ਕਿ ਉਹ ਪਹਿਲਾਂ ਇਤਿਹਾਸਕਾਰ ਸਨ ਜਾਂ ਆਲੋਚਕ, ਨਿਬੰਧਕਾਰ ਜਾਂ ਭਾਸ਼ਾ ਵਿਗਿਆਨੀ ਸਨ। ਕਾਲਕ੍ਰਮ ਅਨੁਸਾਰ ਦੇਖਿਆਂ ਭਾਵੇਂ ਇਹੋ ਸਿੱਧ ਹੁੰਦਾ ਹੈ ਕਿ ਡਾ. ਦੀਵਾਨਾ ਪਹਿਲਾਂ ਇਤਿਹਾਸਕਾਰ ਸਨ ਪਰ ਉਨ੍ਹਾਂ ਦੀ ਸਮੁੱਚੀ ਪ੍ਰਾਪਤੀ, ਪ੍ਰਭਾਵ ਅਤੇ ਘੇਰੇ ਨੂੰ ਦੇਖਦੇ ਹੋਏ ਇਹੋ ਕਹਿਣਾ ਬਣਦਾ ਹੈ ਕਿ ਉਹ ਪਹਿਲਾਂ ਆਲੋਚਕ ਸਨ, ਇਕ ਨਿਰਪੱਖ ਤੇ ਬੇਲਿਹਾਜ਼ ਆਲੋਚਕ, ਭਾਰਤੀ ਤੇ ਪੱਛਮੀ ਆਲੋਚਨਾ ਸ਼ਾਸਤਰ ਵਿਚ ਸਮਨਵੈ ਸਥਾਪਿਤ ਕਰਨ ਵਾਲੇ ਅਤੇ ਮਗਰੋਂ ਉਹ ਸਾਹਿੱਤ ਦੇ ਹੋਰ ਹੋਰ ਰੂਪਾਕਾਰਾਂ ਦੇ ਲੇਖਕ ਸਨ। ਭਾਵੇਂ ਉਹ ਇਤਿਹਾਸ ਲਿਖ ਰਹੇ ਹੋਣ, ਭਾਵੇਂ ਕਵਿਤਾ ਲਿਖ ਰਹੇ ਹੋਣ, ਕਹਾਣੀ ਜਾਂ ਨਿਬੰਧ ਲਿਖ ਰਹੇ ਹੋਣ, ਉਨ੍ਹਾਂ ਦੀ ਆਲੋਚਨਾ-ਦ੍ਰਿਸ਼ਟੀ ਹਮੇਸ਼ਾ ਉਨ੍ਹਾਂ ਦੇ ਅੰਗ ਸੰਗ ਰਹਿੰਦੀ ਹੈ। ਉਨ੍ਹਾਂ ਦੀ ਭਾਸ਼ਾ ਵਿਗਿਆਨੀ ਵਾਲੀ ਰੁਚੀ ਵੀ ਸਹਾਇਕ ਰੂਪ ਵਿਚ ਕੰਮ ਕਰ ਰਹੀ ਹੁੰਦੀ ਹੈ। ਕਹਾਣੀ ਲੇਖਣ ਵੇਲ ਕਹਾਣੀ ਸੰਗ੍ਰਹਿ ਦੇ ਮੁਖਬੰਧ ਤਾ ਅਤਿਅੰਤ ਮਹੱਤਵਪੂਰਨ ਹਨ ਹੀ, ਅਨੇਕ ਕਹਾਣੀਆਂ ਵੀ ਆਲੋਚਨਾ-ਦ੍ਰਿਸ਼ਟੀ ਦੀਆਂ ਲਖਾਇਕ ਹਨ। ਉਨ੍ਹਾਂ ਦੀ ਲਿਖੀ ਕਹਾਣੀ 'ਸਵਾ ਪੰਜ ਰੁਪਏ' ਨੂੰ ਨਿੱਕੀ ਕਹਾਣੀ ਦੀ ਸਿੱਧਾਂਤਕ ਆਲੋਚਨਾ ਅਤੇ ਕਰਤਾਰੀ ਪ੍ਰਤਿਭਾ ਦਾ ਸੁੰਦਰ ਸੁਮੇਲ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਕਵਿਤਾ ਕਰਨ ਲਗਿਆਂ ਵੀ ਅਨੇਕ ਕਵਿਤਾਵਾਂ ਵਿਚ ਉਹ ਪਰਿਭਾਸ਼ਾ ਦੇਣ ਦਾ ਆਹਰ ਬਰਾਬਰ ਕਰਦੇ ਹਨ ਜਿਵੇਂ ਕਿ ਉਪਰ ਰੁਬਾਈ ਆਦਿ ਦੇ ਪ੍ਰਸੰਗ ਵਿਚ ਅਸੀਂ ਦੇਖ ਹੀ ਚੁੱਕੇ ਹਾਂ।

'ਜਿਤਿੰਦਰ ਸਾਹਿੱਤ ਸਰੋਵਰ'* ਵਿਚ ਉਨ੍ਹਾਂ ਦੇ 16 ਆਲੋਚਨਾਤਮਕ-ਸਿਰਜਨਾਤਮਕ ਲੇਖ ਸ਼ਾਮਿਲ ਹਨ, ਉਨ੍ਹਾਂ ਦੀ ਆਲੋਚਨਾ ਇਕ ਸਿਰਜਨਾ ਹੁੰਦੀ ਹੈ ਤੇ ਸਿਰਜਨਾ ਕਦੇ ਵੀ ਆਲੋਚਨਾ ਦਾ ਪੱਲਾ ਨਹੀਂ ਛੱਡਦੀ। ਪੁਸਤਕ ਦੇ ਮੁੱਖ ਪੰਨੇ ਤੇ ਦਿੱਤੀ ਗਈ ਅੰਗ੍ਰੇਜ਼ੀ ਟੂਕ ਵਿਚੋਂ ਡਾ. ਦੀਵਾਨਾ ਦੀ ਨਵੇਕਲੀ ਆਲੋਚਨਾ-ਦ੍ਰਿਸ਼ਟੀ ਦੇ ਦਰਸ਼ਨ ਹੁੰਦੇ ਹਨ, ਦੇਖੋ :

**"The finest collection of original, critical, expository & informative literary essays, profusely illustrated with quotations, for all students of Punjabi language & literature in any stage, from**

*ਪ੍ਰੇਮ ਸਾਹਿੱਤ ਨਿਕੇਤਨ, ਨਵੀਂ ਸੜਕ ਦਿੱਲੀ (ਲੇਖ ਮਾਲਾ) 1950.

Sri Satguru Jagjit Singh Ji Elibrary NamdhariElibrary@gmail.com

the secondary to the Post-graduates. Their range is very wide, their style is charming, their vocabulary is easily assimilable, their judgements high toned and balanced and their material based on original research."

ਅਰਥਾਤ ਇਹ ਮੌਲਿਕ ਆਲੋਚਨਾਤਮਕ, ਵਿਆਖਿਆਤਮਕ ਅਤੇ ਸੂਚਨਾਤਮਕ ਸਾਹਿੱਤਕ ਨਿਬੰਧਾਂ ਦਾ ਬਹੁਤ ਉਮਦਾ ਸੰਕਲਨ ਹੈ, ਜਿਨ੍ਹਾਂ ਨੂੰ ਭਰਪੂਰ ਉਦਾਹਰਣਾਂ ਨਾਲ ਸਚਿੱਤਰ ਰੂਪ ਦਿੱਤਾ ਗਿਆ ਹੈ, ਅਤੇ ਜਿਹੜੇ ਸੈਕੰਡਰੀ ਪੱਧਰ ਦੇ ਵਿਦਿਆਰਥੀਆਂ ਤੋਂ ਲੈ ਕੇ ਪੋਸਟ-ਗ੍ਰੈਜੂਏਟ ਪੱਧਰ ਦੇ ਪੰਜਾਬੀ ਭਾਸ਼ਾ ਤੇ ਸਾਹਿੱਤ ਦੇ, ਹਰ ਪੱਧਰ ਦੇ ਵਿਦਿਆਰਥੀ ਹਿੱਤ ਲਿਖੇ ਗਏ ਹਨ। ਇਨ੍ਹਾਂ ਦਾ ਖੇਤਰ ਬਹੁਤ ਵਿਸ਼ਾਲ ਹੈ, ਇਨ੍ਹਾਂ ਦੀ ਸ਼ੈਲੀ ਸੁੰਦਰ ਹੈ, ਇਨ੍ਹਾਂ ਦੀ ਸ਼ਬਦਾਵਲੀ ਸਰਲਤਾ ਨਾਲ ਪਚਾਈ ਜਾ ਸਕਦੀ ਹੈ ਇਨ੍ਹਾਂ ਦਾ ਮੁਲਾਂਕਣ ਉੱਚ, ਬਲਬਾਨ ਅਤੇ ਸੰਤੁਲਿਤ ਹੈ, ਅਤੇ ਇਨ੍ਹਾਂ ਦੀ ਸਾਮੱਗਰੀ ਮੌਲਿਕ ਖੋਜ ਤੇ ਆਧਾਰਤ ਹੈ।"

ਹੁਣ ਅਸੀਂ ਇਸ ਸਾਹਿੱਤ-ਸਰੋਵਰ ਵਿਚ ਟੁੱਭੀਆਂ ਲਾਕੇ ਵੇਖਾਂਗੇ ਕਿ ਇਨ੍ਹਾਂ ਨਿਬੰਧਾਂ ਦਾ ਵਿਸ਼ਾ-ਵਸਤੂ ਕੀ ਹੈ ਅਤੇ ਇਨ੍ਹਾਂ ਦਾ ਕੀ ਮਹੱਤਵ ਹੈ। ਉਪਰਲੀ ਟੂਕ ਤੋਂ ਸਪੱਸ਼ਟ ਹੈ ਕਿ ਲੇਖਕ ਨੇ ਆਪਣੇ ਨਿਬੰਧਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ—ਆਲੋਚਨਾਤਮਕ, ਵਿਆਖਿਆਤਮਕ ਅਤੇ ਸੂਚਨਾਤਮਕ। ਪਰ ਅਸੀਂ ਇਨ੍ਹਾਂ ਨਿਬੰਧਾਂ ਦਾ ਅਧਿਐਨ ਸਰਵ ਪ੍ਰਵਾਨਤ ਚਾਰ ਸਿਰਲੇਖਾਂ ਅਧੀਨ ਹੀ ਕਰਾਂਗੇ। ਭਾਵੇਂ ਸਾਹਿੱਤ ਆਲੋਚਕਾਂ ਨੇ ਨਿਬੰਧ ਦੇ ਅਨੇਕ ਭੇਦ ਤੇ ਉਪਭੇਦ ਵਰਤੇ ਹਨ ਪਰੰਤੂ ਹੁਣ ਸਰਵ ਸੰਮਤੀ ਅਨੁਸਾਰ ਇਹ ਚਾਰ ਪ੍ਰਕਾਰ ਹੀ ਪ੍ਰਚਲਿਤ ਹਨ —

(1) ਵਿਚਾਰਾਤਮਕ ਨਿਬੰਧ (Reflective Essays)
(2) ਵਿਵਰਣਾਤਮਕ ਨਿਬੰਧ (Narrative Essays)
(3) ਵਰਣਨਾਤਮਕ ਨਿਬੰਧ (Descriptive Essays)
(4) ਭਾਵਾਤਮਕ ਨਿਬੰਧ (Emotive Essays)

**ਵਿਚਾਰਾਤਮਕ ਨਿਬੰਧ**

ਸਭ ਤੋਂ ਪਹਿਲਾਂ ਅਸੀਂ ਵਿਚਾਰਾਤਮਕ ਨਿਬੰਧਾਂ ਬਾਰੇ ਵਿਚਾਰ ਕਰਾਂਗੇ ਜੋ ਇਸ ਤਰ੍ਹਾਂ ਹਨ—(1) ਸਾਹਿੱਤ ਦੇ ਇਤਿਹਾਸ ਦਾ ਮੰਤਵ ਤੇ ਗੌਰਵ, (2) ਪੰਜਾਬੀ ਸਾਹਿੱਤ ਦੀਆਂ ਚਾਰ ਧਾਰਾਂ (3) ਪੰਜਾਬੀ ਭਾਖਾ ਦਾ ਵਿਗਾਸ, (4) ਸੂਫ਼ੀਮਤ, ਗੁਰਮਤਿ ਤੇ ਭਗਤੀ ਜੋਗ। ਇਨ੍ਹਾਂ ਵਿਚੋਂ ਪਹਿਲੇ ਦੋ ਨਿਬੰਧ ਸਾਹਿੱਤ ਇਤਿਹਾਸ ਨਾਲ ਸੰਬੰਧਤ ਹਨ ਜਿਨ੍ਹਾਂ ਨੇ ਉਨ੍ਹਾਂ ਵਲੋਂ ਪਹਿਲਾ ਦਿੱਤੇ ਵਿਚਾਰਾਂ ਵਿਚ ਵਿਸੰਗਤੀ ਵਧੇਰੇ ਲਿਆਂਦੀ ਹੈ ਕਿਉਂਕਿ ਇਸ ਵਿਚ ਅਪਣਾਈ ਗਈ ਕਾਲ ਵੰਡ ਅਤੇ ਕਾਵਿ-ਧਾਰਾ ਵੰਡ ਉਨ੍ਹਾਂ ਦੇ ਹੀ ਸਾਹਿੱਤ-ਇਤਿਹਾਸਾਂ ਨਾਲ ਮੇਲ ਨਹੀਂ ਖਾਂਦੀ ਹੈ। ਇਸਦਾ ਕਾਰਨ ਕੀ ਹੋ ਸਕਦਾ ਹੈ ? ਕੀ ਡਾ. ਦੀਵਾਨਾ ਨੇ ਜਾਣ ਬੁੱਝ ਕੇ ਆਪਣੀ ਪਹਿਲੀ ਮਾਣਤਾ ਵਿਚ ਤਬਦੀਲੀ ਲਿਆਂਦੀ ਹੈ ਜਾਂ ਇਹ ਮਾਤਰ ਮਨ ਦੀ ਮੌਜ ਹੀ ਹੈ, ਇਸ ਬਾਰੇ ਨਿਰਣਾ ਕਰਨਾ ਔਖਾ ਜਾਪਦਾ ਹੈ। ਤੀਜਾ ਨਿਬੰਧ

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਭਾਸ਼ਾ ਦੇ ਨਿਕਾਸ ਤੇ ਵਿਕਾਸ ਬਾਰੇ ਲਿਖਿਆ ਗਿਆ ਬਹੁਤ ਮਹੱਤਵਪੂਰਨ ਨਿਬੰਧ ਹੈ। ਉਨ੍ਹਾਂ ਨੇ ਹਿੰਦੀ ਵਾਲਿਆਂ ਦੀ ਦੇਖਾ ਦੇਖੀ ਪੰਜਾਬੀ ਨੂੰ ਸ਼ੌਰਸੈਨੀ ਅਪਭ੍ਰੰਸ਼ (ਮਥਰਾ-ਆਗਰਾ ਦੀ ਬੋਲੀ) ਵਿਚੋਂ ਨਿਕਲਿਆ ਸਿੱਧ ਕਰਨ ਦੀ ਬੇਸਮਝੀ—ਉੱਤੇ ਰੋਕ ਪਾਕੇ ਸੁੰਦਰ, ਤਰਕਪੂਰਨ ਸ਼ੈਲੀ ਵਿਚ ਪੰਜਾਬੀ ਭਾਸ਼ਾ ਦੇ ਨਿਕਾਸ ਦੀ ਗੱਲ ਕੀਤੀ ਹੈ। ਇਸੇ ਤਰ੍ਹਾਂ ਚੋਥਾ ਨਿਬੰਧ ਸੂਫ਼ੀ ਸ਼ਬਦ ਦੀ ਵਿਆਖਿਆ, ਸੂਫ਼ੀ ਕਾਵਿ ਦੀ ਮਹੱਤਾ, ਸੂਫ਼ੀ ਵਿਚਾਰਧਾਰਾ ਦੀ ਸਾਰਭੌਮਿਕਤਾ ਆਦਿ ਤੇ ਪ੍ਰਕਾਸ਼ ਪਾਉਂਦਾ ਸਰਵੋਤਮ ਨਿਬੰਧ ਮੰਨਿਆ ਜਾ ਸਕਦਾ ਹੈ। ਹੁਣ ਅਸੀਂ ਇਨ੍ਹਾਂ ਨਿਬੰਧਾਂ ਦਾ ਸਾਰ ਰੂਪ ਦੇਖਕੇ ਇਨ੍ਹਾਂ ਨਿਬੰਧਾਂ ਦਾ ਮੁੱਲਾਂਕਣ ਕਰਦੇ ਹਾਂ—

(1) ਸਾਹਿੱਤ ਦੇ ਇਤਿਹਾਸ ਦਾ ਮੰਤਵ ਤੇ ਗੌਰਵ : ਨਿਬੰਧ ਵਿਚ ਡਾ. ਦੀਵਾਨਾ ਨੇ ਪਹਿਲੀ ਵਾਰੀ ਸਾਹਿੱਤ-ਇਤਿਹਾਸ ਲੇਖਣ ਦੀਆਂ ਸਮੱਸਿਆਵਾਂ ਬਾਰੇ ਕਲਮ ਚਲਾਈ ਹੈ। ਭਾਵੇਂ ਉਨ੍ਹਾਂ ਨੇ ਇਸ ਦਿਸ਼ਾ ਵਿਚ ਕੋਈ ਲੰਮੀ ਬਹਿਸ ਤਾਂ ਨਹੀਂ ਛੇੜੀ, ਪਰ ਇਕ ਸਫਲ ਤੇ ਸਿਆਣੇ ਅਨੁਭਵੀ ਇਤਿਹਾਸਕਾਰ ਦੀ ਪਹੁੰਚ-ਵਿਧੀ ਜ਼ਰੂਰ ਅਪਣਾਈ ਗਈ ਹੈ। ਦੇਖੋ :—

"ਸਾਹਿੱਤ ਜੀਵਨ ਦਾ ਵਡਿਆਈ ਭਰੇ, ਸ਼ੁੱਧ ਲਾਭਦਾਇਕ, ਬਿਸਮ ਜਨਕ ਜੀਵਨ ਦਾ ਚੇਤਾ ਹੈ। ਚੇਤਾ ਵਾਹਿਗੁਰੂ ਨੇ ਦਿੱਤਾ ਹੀ ਏਸ ਲਈ ਹੈ ਕਿ ਪਿਛਲੀ ਹੋਂਦ, ਪਿਛਲੀ ਕਰਨੀ ਕਥਨੀ ਤੋਂ ਅਸੀਂ ਲਾਭ ਪ੍ਰਾਪਤ ਕਰ ਸਕੀਏ।" (ਪੰਨਾ 30)

"ਸਾਹਿੱਤ ਦਾ ਇਤਿਹਾਸ ਅੰਸ਼, ਬੀਜ ਰੂਪ ਵਿਚ ਸੁਰੱਖਿਅਤ ਰਹਿੰਦਾ ਹੈ। ਚਤਰ, ਕਲਪਣਾ ਸ਼ਕਤੀ ਵਾਲਾ ਪਾਠਕ ਮੁੜ ਉਨ੍ਹਾਂ ਤਸਵੀਰਾਂ ਨੂੰ ਪ੍ਰਫੁਲਿਤ ਕਰ ਲੈਂਦਾ ਹੈ, ਮੂਰਤੀਆਂ ਨੂੰ ਪੂਰਨ ਘੜ ਲੈਂਦਾ ਹੈ। ਵਾਯੂ ਮੰਡਲ ਨੂੰ ਸੁਰਜੀਤ ਕਰ ਲੈਂਦਾ ਹੈ ਤੇ ਤੁਫਾਨਾਂ ਮੀਹਾਂ ਧੁਪਾਂ ਬਸੰਤਾਂ ਨੂੰ ਮੁੜ ਅਨੁਭਵ, ਗੰਦ, ਗੌਲੇ ਵਿਚ ਲੈ ਆਉਂਦਾ ਹੈ। (ਪੰਨਾ 31)

"ਸਾਹਿੱਤ ਪੱਕੀਆਂ, ਰੱਬੀ, ਰੱਬ ਦੀਆਂ ਲਾਈਆਂ ਕੀਮਤਾਂ ਨੂੰ ਚੇਤੇ ਰਖਦਾ ਤੇ ਚੇਤਾਉਂਦਾ ਹੈ।...ਸਾਹਿੱਤ ਦਾ ਮੰਤਵ ਹੈ ਉਨ੍ਹਾਂ ਰੱਬੀ, ਰੱਬ ਦਿਆਂ ਪਿਆਰਿਆਂ-ਪਿਆਰੀਆਂ ਦੀਆਂ ਪਾਈਆਂ ਕੀਮਤਾਂ ਨੂੰ ਸੰਭਾਲ ਕੇ ਰੱਖਣਾ ਤੇ ਜੇ ਅਸੀਂ ਸਾਹਿੱਤ ਦੇ ਇਤਿਹਾਸ ਨੂੰ ਸਾਂਭ ਕੇ ਧਿਆਨ ਨਾਲ ਬਿਨਾਂ ਪੱਖਪਾਤ ਦੇ ਨਾ ਘੋਖ ਰਹੇ, ਤਾਂ ਸਾਨੂੰ ਅੰਨ੍ਹੇ ਬੋਲੇ, ਅਨਿਆਈਂ, ਦੁਸ਼ਟ, ਪੱਖਪਾਤੀ ਕਹਿਣ ਤੋਂ ਸਿਵਾ ਸਿਆਣੇ ਹੋਰ ਕੀ ਕਹਿਣਗੇ। ਸਾਹਿੱਤ ਦਾ ਇਤਿਹਾਸ ਲਿਖਣ ਪੜ੍ਹਣ ਵਿਚ ਜੋ ਪੱਖਪਾਤ, ਅਨਿਆਂ, ਦੁਸ਼ਟਤਾ, ਮੂਰਖਤਾ ਵਰਤਦਾ ਹੈ, ਉਹ ਮਾਨੋਂ ਖੂਹ ਚਿੱਕੜ, ਗੰਦ ਪਾਂਦਾ ਹੈ ਜਾਂ ਖੂਹ ਵਿਚੋਂ ਚਿੱਕੜ ਗੰਦ ਕੱਢਕੇ ਹੀ ਉਛਾਲਦਾ ਹੈ।" (ਪੰਨਾ 35-36)

"ਜਿਵੇਂ ਜੀਵਨ ਚੰਗੇ ਸੰਸਕਾਰ ਹੀ ਸੰਭਾਲਦਾ ਹੈ ਤਿਵੇਂ ਸਾਹਿੱਤ ਵੀ ਪਵਿੱਤਰ ਸ਼ੁੱਧ ਲਾਭਦਾਇਕ, ਹੁਨਰੀ, ਰਹਿਣ ਵਾਲੇ ਵਿਅਕਤਕ ਤੇ ਸਮਾਜਕ ਸੰਸਕਾਰ ਚੁਣ ਰਖਦਾ ਹੈ, ਤੇ ਬਾਕੀਆਂ ਵੱਲ ਸੰਕੇਤ ਜਹੇ ਸਾਂਭਦਾ ਹੈ, ਵੇਰਵੇ ਭੁੱਲ ਜਾਂਦਾ ਹੈ।" (ਪੰਨਾ 36)

"ਸਾਹਿੱਤ ਵੇਰਵਿਆਂ ਨੂੰ ਛੱਡ ਕੇ, ਸੰਕੇਤ ਤੋਂ ਕੰਮ ਲੈ ਕੇ, ਇਤਿਹਾਸ ਤੋਂ ਵੱਧ ਕੀਮਤੀ ਤੇ ਲਾਭ ਪੁਚਾਊ, ਬਣ ਜਾਂਦਾ ਹੈ। ਸਾਨੂੰ ਸਾਹਿੱਤ ਦੇ ਇਤਿਹਾਸ ਵਿਚ ਕੇਵਲ

Sri Satguru Jagjit Singh Ji Elibrary NamdhariElibrary@gmail.com

ਉੱਚਤਮ ਕਵੀ, ਗੱਦ ਲੇਖਕ, ਕਹਾਣੀਏ, ਉਪਨਿਆਸੀਏ, ਨਾਟਕਕਾਰ, ਨਿਬੰਧਕ, ਟੀਕਾਕਾਰ, ਇਤਿਹਾਸੀਏ ਲੱਭਣੇ ਚਾਹੀਦੇ ਹਨ ਜਿਨ੍ਹਾਂ ਨੇ ਸਦੀਵੀ ਕੀਮਤਾਂ ਨੂੰ ਬਿਥਾਰਿਆ, ਪਸਾਰਿਆ, ਆਦਰਿਆ, ਵਡਿਆਇਆ, ਚਮਕਾਇਆ। ਸਾਰੇ ਪੰਜਾਬੀ ਸਾਹਿੱਤ ਦਾ ਕੀਮਤੀ ਇਤਿਹਾਸ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬਿੰਬਿਆ ਮਜੂਦ ਹੈ।

(ਪੰਨਾ 37)

ਲੇਖਕ ਵਲੋਂ ਵਰਤੇ ਗਏ ਨਵੇਂ ਸ਼ਬਦਾਂ ਦੀ ਚੋਣ, ਬਣਤਰ ਤੇ ਵਰਤੋਂ ਦੇਖਣ ਵਾਲੀ ਹੈ, ਖਾਸ ਕਰਕੇ ਵਿਸ਼ਿਸ਼ਣ।

(2) ਪੰਜਾਬੀ ਸਾਹਿੱਤ ਦੀਆਂ ਚਾਰ ਧਾਰਾਵਾਂ : ਇਹ ਨਿਬੰਧ ਵੀ ਪੰਜਾਬੀ ਇਤਿਹਾਸਕਾਰੀ ਨਾਲ ਸੰਬੰਧਤ ਹੈ, ਇਸ ਵਿਚ ਕੀਤੀ ਗਈ ਕਾਲ ਵੰਡ ਡਾ. ਦੀਵਾਨਾ ਵਲੋਂ ਕੀਤੀਆਂ ਹੋਰ ਸਭ ਵੰਡਾਂ ਨਾਲੋਂ ਵਿਚਿਤ੍ਰ ਹੈ ਜਿਸਦਾ ਆਧਾਰ ਸੰਪ੍ਰਦਾਈ ਹੋਣ ਕਰਕੇ ਇਸ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਉਹ ਇਤਿਹਾਸ ਦੇ ਚਾਰ ਸਥਾਈ ਵਿਸ਼ੇ ਦੱਸਦੇ ਹਨ—"ਅਧਿਆਤਮਿਕ ਵਿਚਾਰ, ਪ੍ਰੇਮ-ਸਿੰਗਾਰ ਕਥਾ ਬਿਥਾਰ, ਬੀਰਤਾ, ਹਾਸਾ-ਚੋਭ। ਇਹ ਚਾਰੇ ਸਥਾਈ ਵਿਸ਼ੇ ਹਨ ਅਤੇ ਕਿਸੇ ਦੇਸ਼, ਸਮਾਜ, ਸ਼੍ਰੇਣੀ, ਰਾਜਬਣਤਰ, ਕੰਮ ਖੇਤ ਨਾਲ ਇਨ੍ਹਾਂ ਦਾ ਬਿਸੇਖ ਸਨਬੰਧ ਤੇ ਨਿਰਭਰਤਾ ਨਹੀਂ।" (ਪੰਨਾ 50)

ਲੋਕ ਰਚਨਾ ਧਾਰਾ ਬਾਰੇ ਕਿੰਨੀ ਸਟੀਕ ਪਰਿਭਾਸ਼ਾ ਹੈ— 'ਪੰਜਵੀ ਧਾਰਾ ਦੇ ਨਾਂ ਪਤੇ ਨਹੀਂ ਹੁੰਦੇ, ਜਨਤਾ ਦੇ ਹਿਰਦਈ ਉਬਾਲ, ਉਦਗਾਰ ਕਿਸੇ ਦੇ ਮੂੰਹੋਂ ਅਨਪੜ੍ਹ ਹੋਵੇ ਭਾਵੇਂ ਪੜ੍ਹਿਆ ਫੁੱਟ ਨਿਕਲਦੇ ਤੇ ਚਾਲ ਰੋਹੜ੍ਹ ਹੋ ਜਾਂਦੇ ਹਨ। (ਪੰਨਾ 50)

ਪੰਜਾਬੀ ਸਾਹਿੱਤ ਦੀ ਕਾਲ ਵੰਡ ਕਰਦੇ ਹੋਏ ਆਪ ਕੇਵਲ ਤਿੰਨ ਯੁਗ ਮੰਨਦੇ ਹਨ ਹਿੰਦੁਆਣੀ ਸਮਾਂ (800—1450 ਈ.), ਮੁਸਲਮਾਣੀ ਸਮਾਂ (1450—1780 ਈ.), ਅੰਗ੍ਰੇਜ਼ੀ ਸਮਾਂ (1780—1950 ਈ.) ਹੁਣ ਚੌਥਾ ਪਰਜਾ ਤੰਤਰੀ ਸਮਾਂ ਆਰੰਭ ਹੋਇਆ "ਨਿਬੰਧ ਤੇ ਕੱਲੀ ਛੋਟੀ ਨਜ਼ਮ ਅੰਗ੍ਰੇਜ਼ੀ ਕਾਲ ਦੀ ਬਿਸੇਖ ਵਰਤੋਂ ਹਨ ਜੋ ਪੱਛਮ ਤੋਂ ਸਾਨੂੰ ਮਿਲੀਆਂ ਹਨ। ਇਹ ਦਸਦੀਆਂ ਹਨ ਕਿ ਇਹ ਘੱਟ ਵੇਹਲ ਦਾ ਵੇਲਾ ਸਮਾਂ ਹੈ, ਕਾਹਲ ਦਾ, ਸਾਰਾਂਸ਼ ਦਾ, ਸਰਬਾਗਤਾ ਦਾ, ਸੰਕੀਰਣਤਾ ਦਾ, ਅਟਬੀਟਤਾ ਦਾ, ਪਰਤੰਤਰਤਾ ਦਾ ਅਵਿਸ਼ਵਾਸ ਦਾ। ਰੂਪ ਉੱਤੇ ਵੱਧ ਜ਼ੋਰ ਹੈ ਵਿਸ਼ੇ ਤੇ ਘੱਟ।" (ਪੰਨਾ 62)

(3) ਪੰਜਾਬੀ ਭਾਖਾ ਦਾ ਵਿਗਾਸ : ਇਸ ਨਿਬੰਧ ਵਿਚ ਲੇਖਕ ਨੇ ਦ ਗੱਲਾਂ ਦਾ ਨਿਰਣਾ ਕੀਤਾ ਹੈ, ਪਹਿਲੀ ਇਹ ਕਿ ਪੰਜਾਬੀ ਦਾ ਵਿਕਾਸ ਅਪਭ੍ਰੰਸ਼ ਤੋਂ ਨਹੀਂ ਸਗੋਂ ਪ੍ਰਾਕ੍ਰਿਤ ਤੋਂ ਹੋਇਆ। ਦੂਜੀ ਇਹ ਕਿ ਪੰਜਾਬੀ ਸ਼ੌਰਸੈਨੀ ਪ੍ਰਾਕ੍ਰਿਤ ਵਿਚੋਂ ਨਹੀਂ ਸਗੋਂ ਪਿਸ਼ਾਚੀ ਜਾਂ ਭੂਤ ਅਪਭ੍ਰੰਸ਼ ਚੋਂ ਨਿਕਲੀ ਹੈ ਅਤੇ ਪਿਸ਼ਾਚੀ ਦਾ ਅਰਥ ਪੱਛਮੀ ਹੈ, ਨਾ ਕਿ ਪਿਸ਼ਾਚ ਲੋਕਾਂ ਦੀ ਭਾਸ਼ਾ ਹੈ। ਦੇਖੋ :

"ਹੁਣ ਤੀਕ ਸਾਡੀਆਂ ਦੇਸ਼ੀ ਬੋਲੀਆਂ ਨੂੰ ਅਪਭ੍ਰੰਸ਼ ਤੋਂ ਬਣਿਆ ਕਹਿੰਦੇ ਆਏ ਸਨ। ਨਵੀਨਤਮ ਖੋਜ ਦੱਸਦੀ ਹੈ ਕਿ ਇਹ ਅਸ਼ੁੱਧ ਹੈ। ਅਪਭ੍ਰੰਸ਼ ਨਾ ਹੀ ਦੇਸ਼ੀ ਬੋਲੀਆਂ ਦਾ ਹੈ ਅਤੇ ਇਹ ਪ੍ਰਾਕ੍ਰਿਤ ਤੋਂ ਤੇ ਹੋਰ ਹਿੰਦੋਂ ਬਾਹਰਲੀਆਂ ਬੋਲੀਆਂ ਦੇ ਚੋਲੇ, ਤੇ ਅੱਡ ਅੱਡ

ਪ੍ਰਾਕ੍ਰਿਤਾਂ ਦੇ ਮਿਲਗੋਭੇ ਤੋਂ ਬਣੀਆਂ।"

"ਪੰਜਾਬੀ ਦੇਸ਼ ਭਾਖਾ ਸ਼ੌਰਸੈਨੀ ਅਪਭ੍ਰੰਸ਼ ਜਾਂ ਪ੍ਰਾਕ੍ਰਿਤ ਤੋਂ ਨਹੀਂ ਨਿਕਲੀ। ਗਰੀਅਰਸਨ ਆਦਿ ਨੇ ਗ਼ਲਤ ਲਿਖਿਆ ਹੈ ਕਿ ਸ਼ੌਰਸੈਨੀ ਪ੍ਰਾਕ੍ਰਿਤ ਤਥਾ ਅਪਭ੍ਰੰਸ਼ ਤੋਂ ਆਧੁਨਿਕ ਪੰਜਾਬੀ, ਰਾਜਸਥਾਨੀ, ਗੁਜਰਾਤੀ ਤਥਾ ਪੱਛਮੀ ਹਿੰਦੀ ਉਗਮੀਆਂ।...ਪੰਜਾਬੀ ਅਪਭ੍ਰੰਸ਼ ਦਾ ਨਾਂ ਉਦੋਂ ਪਿਸ਼ਾਚੀ ਤੇ ਅਵਹੱਟ ਤੇ ਭੂਤਭਾਖਾ ਸੀ।" (ਪੰਨਾ 77-78)

"ਸਾਡੀ ਪਿਸ਼ਾਚੀ ਜਾਂ ਭੂਤ ਅਪਭ੍ਰੰਸ਼, ਪਹਿਲਾਂ ਚਾਲੂ ਦੇਸ਼ ਪ੍ਰਾਕ੍ਰਿਤ ਤੋਂ ਗੁੱਜਰਾਂ, ਅਹੀਰਾਂ, ਗੱਖੜਾਂ, ਜੱਟਾਂ ਬਾਹਰਲਿਆਂ ਹੂਨਾਂ, ਸੀਥੀਅਨਾ ਨੇ ਬਣਾਈ : ਏਸੇ ਕਰਕੇ ਸਾਡੇ ਪੰਜਾਬੀ ਅਪਭ੍ਰੰਸ਼ ਨੂੰ ਆਭੀਰ ਭਾਖਾ ਵੀ ਕਿਹਾ ਗਿਆ ਤੇ ਹੋਰ ਥਾਂ ਗਏ ਗੁੱਜਰਾਂ, ਅਹੀਰਾਂ ਦੀਆਂ ਅਪਭ੍ਰੰਸ਼ਾਂ ਗੁਜਰਾਤੀ, ਰਾਜਸਥਾਨੀ ਨਾਲ ਪੁਰਾਣੀ ਪੰਜਾਬੀ ਕਾਫ਼ੀ ਮਿਲਦੀ ਹੈ।"

(ਪੰਨਾ 80-81)

(4) ਸੂਫ਼ੀ ਮੱਤ, ਗੁਰਮਤਿ ਤੇ ਭਗਤੀ ਜੋਗ : ਡਾ. ਦੀਵਾਨਾ ਖ਼ੁਦ ਸੂਫ਼ੀਆਨਾ ਵਿਚਾਰਧਾਰਾ, ਗੁਰਮਤਿ ਦਰਸ਼ਨ ਅਤੇ ਭਗਤੀ ਭਾਵ ਵਿਚ ਬਹੁਤ ਉੱਘਾ ਥਾਂ ਬਣਾ ਚੁੱਕੇ ਸਨ, ਇਸ ਲਈ ਉਨ੍ਹਾਂ ਦੀ ਇਨ੍ਹਾਂ ਤਿੰਨੇ ਕਾਵਿਧਾਰਾਂ ਸੰਬੰਧੀ ਖੋਜ ਨਿਜੀ ਅਨੁਭਵ ਉੱਤੇ ਆਧਾਰਿਤ ਹੈ। ਇਹ ਫ਼ਾਰਸੀ ਦਾਨ ਵੀ ਸਨ ਜਿਸ ਕਾਰਨ ਉਹ ਸੂਫ਼ੀਆਂ ਦੇ ਪਹਿਲੇ ਸਾਰੇ ਫ਼ਿਰਕਿਆਂ ਨਾਲ ਵੀ ਪੂਰੀ ਤਰ੍ਹਾਂ ਪਰਿਚਿਤ ਸਨ, ਇਹੋ ਕਾਰਨ ਹੈ ਕਿ ਉਨ੍ਹਾਂ ਦਾ ਕੀਤਾ ਸੂਫ਼ੀਮੱਤ ਦਾ ਨਿਕਾਸ ਤੇ ਵਿਸ਼ਲੇਸ਼ਣ ਬਹੁਤ ਮਹੱਤਵਪੂਰਨ ਹੈ। ਆਪ ਸੂਫ਼ੀ ਦਾ ਅਰਥ ਸਪੱਸ਼ਟ ਕਰਕੇ ਲਿਖਦੇ ਹਨ :

"ਸੂਫ਼ੀ ਸੂਫ਼ ਤੋਂ ਬਣਿਆ ਹੈ। ਪੰਜਾਬੀ ਵਿਚ ਸੂਫ਼ ਉਸ ਮੋਟੀ ਲੀਰ ਨੂੰ ਕਹਿੰਦੇ ਹਨ ਜੋ ਦਵਾਤ-ਬਲੋਕਣੀ ਵਿਚ ਪਾਈ ਜਾਂਦੀ ਹੈ। ਅਰਬੀ ਦਾ ਇਹ ਸ਼ਬਦ ਸੂਫ਼, ਅਰਥ ਉੱਨ ਦੀ ਲੀਰ। ਤਸੱਵਫ਼ ਦੇ ਅਰਥ ਹਨ, ਉੱਨ ਦਾ ਬਸਤਰ ਪਾਉਣਾ ਤੇ ਸੂਫ਼ੀ ਉਹ ਹੈ ਜੋ ਉੱਨ ਦਾ ਕਾਲਾ ਕਪੜਾ ਪਾਉਂਦਾ ਹੈ।" ਕੋਈ ਕਹਿੰਦਾ ਹੈ ਸੂਫ਼ ਸਫ਼ ਤੋਂ ਹੈ, ਸਫ਼ ਦੇ ਅਰਥ ਹਨ ਪਾਲ। ਅਹਲਿਸਫ਼ ਉਹ ਸਨ ਜੋ ਹਜ਼ਰਤ ਮੁਹੰਮਦ ਸਾਹਿਬ ਦੇ ਵੇਲੇ ਮਦੀਨੇ ਦੀ ਮਸੀਤ ਵਿਚ ਪਹਿਲੀ ਪਾਲ ਵਿਚ ਬੈਠ ਕੇ ਨਮਾਜ਼ ਪੜ੍ਹਦੇ ਸਨ। ਜਾਂ ਬੱਚ ਉੱਤੇ ਬਹਿੰਦੇ ਸਨ। ਬਦੂਆਂ ਦੇ ਇਕ ਟੋਲੇ ਦਾ ਨਾਂ ਬਨੂ ਸੂਫ ਸੀ। ਸੈਫਾਨ ਇਕ ਪ੍ਰਕਾਰ ਦੀ ਸਬਜ਼ੀ ਸੀ। ਸਫਵਾਤਲ ਕਿਫ਼ਾ ਦੇ ਅਰਥ ਹਨ, ਕਿਹੜੀ ਦੇ ਵਾਲ। ਕੋਈ ਸੂਫ਼ ਨੂੰ ਸਫ਼ਾ ਤੋਂ ਨਿਕਲਿਆ ਕਹਿੰਦੇ ਹਨ, ਸਫ਼ਾ ਦਾ ਅਰਥ ਹੈ ਸਾਫ਼ ਹੋਣਿਆ ਤਨੋਂ ਮਨੋਂ।...ਅੱਠਵੀਂ ਸਦੀ ਈਸਵੀ ਵਿਚ ਪਹਿਲਾਂ ਪਹਿਲ ਸ਼ਬਦ ਅਲਸੂਫ਼ੀ ਵਰਤਿਆ ਗਿਆ। ਬਹੁਵਚਨ ਸੂਫ਼ੀਆਂ 814 ਈ. ਵਿਚ ਵਰਤੋਂ ਵਿਚ ਆਇਆ। ਉਦੋਂ ਸੂਫ਼ੀ ਅਧਿਆਤਮ ਕਰਮ ਕਰਨ ਵਾਲੇ ਮੁਹੰਮਦੀ ਸ਼ੀਆ ਸਨ ਤੇ ਕੂਫ਼ਾ ਸ਼ਹਿਰ ਜੋ ਅਰਬ ਵਿਚ ਹੈ, ਦੀਆਂ ਹੱਦਾਂ ਵਿਚ ਰਹਿੰਦੇ ਸਨ। ਪਰ 50 ਸਾਲ ਦੇ ਅੰਦਰ ਅੰਦਰ ਅਧਿਆਤਮਵਾਦੀ ਬਹੁਤ ਬਿਖ਼ਰ ਗਏ। ਇਰਾਕ ਦੇ ਅਧਿਆਤਮਵਾਦੀ ਸੂਫ਼ੀ ਅਖਵਾਉਂਦੇ ਸਨ ਤੇ ਖ਼ੁਰਾਸਾਨ ਦੇ ਵਾਦੀ ਬਹੁਤ ਬਿਖ਼ਰ ਗਏ ਤੇ ਖ਼ੁਰਾਸਾਨ ਦੇ ਮਲਾਮਤੀਏ। ਪੰਜਾਬੀ ਕਵੀ ਸ਼ਾਹ ਹੁਸੈਨ ਮਲਾਮਤੀਆ ਸੀ।" (ਪੰਨਾ 89-90)

Sri Satguru Jagjit Singh Ji Elibrary NamdhariElibrary@gmail.com

"ਤਪ ਜਾਂ ਆਪ ਸਹੇੜੀ ਗ਼ਰੀਬੀ ਤੋਂ ਛੁੱਟ, ਏਕਾਂਤ ਸੇਵਨ, ਕੁਰਾਨ ਪਾਕ ਦੀ ਡੂੰਘੀ ਵਿਚਾਰ, ਰੱਬ ਅੱਗੇ ਅਰਦਾਸ, ਇਹ ਅਧਿਆਤਮ ਕਰਮ ਮੰਨੇ ਜਾਂਦੇ ਰਹੇ। ਇਨ੍ਹਾਂ ਨਾਲ ਮਨ ਸ਼ੁੱਧ ਬੁੱਧੀ ਨਿਰਮਲ ਹੁੰਦਾ ਹੈ, ਮਨੁੱਖ ਅਉਗਣਾਂ ਤੋਂ ਬਚਦਾ ਬਚਾਂਦਾ ਹੈ ਅਤੇ ਰੱਬ ਨੂੰ ਆਪਣੇ ਅੰਦਰ ਵਸਾਉਂਦਾ ਹੈ।"

"ਸੂਫ਼ੀ ਕਵੀਆਂ ਨੇ ਪੰਜਾਬੀ ਵਿਚ ਦਾ ਹਰੇਕ ਕਾਵਿ ਰੂਪ ਵਰਤਿਆ ਹੈ। ਕਾਫ਼ੀ ਰਾਗਨੀ ਵਿਚ (ਬਿਸ਼ਨ) ਪਦਾ, ਦੋਹਰਾ ਜਾਂ ਦੋਹੜਾ ਜਾਂ ਸ਼ਲੋਕ ਜਾਂ ਚੌਬਰਗਾ ਜਾਂ ਰੁਬਾਈ ਜਾਂ ਦੋ ਬੈਂਤੀ, ਬੈਂਤ, ਗ਼ਜ਼ਲ, ਸੀਹਰਫ਼ੀ, ਸਤਵਾਰਾ, ਮੁਸੱਦਸ, ਰੇਖਤਾ।" (ਪੰਨਾ 93)

"ਪੰਜਾਬੀ ਸੂਫ਼ੀ ਕਵਿਤਾ ਦੇ ਖ਼ਾਸ ਗੁਣ ਹਨ : (1) ਸਾਦਗੀ, (2) ਰਵਾਨੀ, (3) ਰਾਗਾਤਮਕਤਾ, (4) ਸੋਹਣੇ, ਚੋਣਵੇਂ ਨਿਕਟੀ ਇਸ਼ਤਿਆਰੇ ਤੇ ਤਸ਼ਬੀਹਾਂ, (5) ਇਤਹਾਸਿਕ ਤੇ ਦੇਵ ਮਾਲਾਈ ਤੇ ਨਿਜੀ ਹਵਾਲੇ, (6) ਚੁਗਿਰਦੇ ਦੇ ਚਿੱਤਰ, (7) ਸਾਧਾਰਨ ਜਨਤਾ ਲਈ ਸਾਧਾਰਨ ਗੱਲਬਾਤੀ ਸੁਖੈਨ ਸ਼ੈਲੀ ਤੇ (8) ਸ਼ਬਦ ਦੀ, ਅਰਥ ਦੀ, ਪਰਮਾਰਥ ਦੀ, ਵਿਅੰਗ ਦੀ, ਹਾਸੇ, ਰੋਣੇ ਦੀ, ਵਿਸਥਾਰ ਸੰਕੋਚ ਦੀ, ਬੀਰਤਾ ਸੰਗ ਦੀ, ਅਦਬ-ਬੇਅਦਬੀ ਦੀ ਖੁਲ੍ਹ ਮਾਣਨੀ।"

ਇਥੇ ਆਕੇ ਵਿਦਵਾਨ ਲੇਖਕ ਦੱਸਦਾ ਹੈ ਕਿ ਗੁਰਮਤਿ ਕਾਵਿ ਅਤੇ ਭਗਤੀ ਕਾਵਿ ਅਤੇ ਸੂਫ਼ੀ ਵਿਚਾਰਧਾਰਾ ਵਾਸਤਵ ਵਿਚ ਇਕੋ ਹੀ ਵਿਚਾਰ ਜਾਂ ਵੁਰਨੇ ਦੇ ਆਲੇ ਦੁਆਲੇ ਘੁੰਮਦੀਆਂ ਹਨ।" ਇਹੀ ਸਾਰੀਆਂ ਗੱਲਾਂ, ਖ਼ੂਬੀਆਂ, ਚੰਗਿਆਈਆਂ ਸਾਨੂੰ ਗੁਰਬਾਣੀ ਵਿਚ, ਹਿੰਦੂ ਭਗਤਾਂ ਦਿਆਂ ਪਦਿਆਂ, ਬਚਨਾਂ ਵਿਚ ਮਿਲਦੀਆਂ ਹਨ।" (ਪੰਨਾ 110-11)

ਫੇਰ ਵਲੀਰਾਮ, ਮਸਤਰਾਮ, ਭਾਵਨ ਦਾਸ, ਆਦਿ ਦੇ ਕਲਾਮ ਨਾਲ ਤੁਲਨਾ ਕਰਕੇ ਅਬਦੁੱਲਾ ਸ਼ਾਹ, ਸੁਲਤਾਨ ਬਾਹੂ, ਸ਼ਾਹ ਸ਼ਰਫ ਤੇ ਸ਼ਾਹ ਹੁਸੈਨ ਦੀ ਕਵਿਤਾ ਦੇ ਨਮੂਨੇ ਦੱਸਕੇ ਤੁਲਨਾ ਕੀਤੀ ਹੈ। ਅੰਤ ਵਿਚ ਬਾਬਾ ਫ਼ਰੀਦ ਸ਼ਕਰ ਗੰਜ ਦਾ ਇਕ ਪਦਾ ਦਿੱਤਾ ਹੈ—

ਮੂਸਾ ਨੱਠਾ ਮੌਤ ਤੋਂ ਢੂੰਡੇ ਕਾਈ ਗਲੀ
ਚਾਰੇ ਕੂੰਡਾਂ ਢੂੰਡੀਆਂ ਅੱਗੇ ਮੌਤ ਖਲੀ
ਪੀਰ ਪੈਕੰਬਰ ਔਲੀਏ ਸਿਮਰਨ ਤਿੰਨਾਂ ਭਲੀ
ਬਿਨ ਚੇਤੇ ਕੁਝ ਨਾ ਮਿਲੈ, ਪਹਿਰਾ ਕਠਿਨ ਕਲੀ।
ਕੁਦਰਤ ਤੇ ਕੁਰਬਾਨ ਹਉਂ, ਆਗੈ ਹੋਰ ਚਲੀ।
ਫ਼ਰੀਦਾ ਇਹ ਵਿਹਾਣੀ ਤਿਨਹਾਂ ਸਿਰ, ਸਾਡੀ ਕਿਆ ਚਲੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਡਾ. ਦੀਵਾਨਾ ਦੇ ਵਿਚਾਰਾਂ ਵਿਚ ਮੌਲਿਕਤਾ ਹੈ, ਉਸਦੀ ਗੱਲ ਕਹਿਣ ਵਿਚ ਦਲੇਰੀ ਹੈ, ਆਤਮ ਵਿਸ਼ਵਾਸ ਹੈ, ਨਾਲ ਹੀ ਭਾਸ਼ਾਈ ਖੁਲ੍ਹ ਲੈਣ ਦੀ ਪ੍ਰਵਿਰਤੀ ਹੈ।

**ਭਾਵਾਤਮਕ ਨਿਬੰਧ**

'ਜਿਤਿੰਦਰ ਸਾਹਿੱਤ ਸਰੋਵਰ' ਦੇ ਨਿਮਨ ਲਿਖਤ ਨਿਬੰਧਾਂ ਨੂੰ ਭਾਵਾਤਮਕ ਨਿਬੰਧਾਂ

Sri Satguru Jagjit Singh Ji Elibrary NamdhariElibrary@gmail.com

ਦੀ ਕੱਟੀ ਵਿਚ ਰੱਖ ਕੇ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਪ੍ਰਕਾਰ ਵਿਚ ਅਸੀਂ ਉਨ੍ਹਾਂ ਦੇ ਇਹ ਨਿਬੰਧ ਰੱਖ ਸਕਦੇ ਹਾਂ—(1) ਪੰਜਾਬੀ ਕਵਿਤਾ ਵਿਚ ਸਰਗੁਣ ਧਾਰਾ, (2) ਸ੍ਰੀ ਗੁਰੂ ਨਾਨਕ ਦੇਵ ਤੇ ਸਾਧਾਰਣ ਜਨਤਾ, (3) ਸੰਸਾਰ ਦਾ ਸਾਹਿੱਤ, (4) ਗੋਬਿੰਦ ਗੀਤਾ ਅਤੇ (5) ਜਪੁ ਦਰਸ਼ਨ-ਫੁਲਵਾੜੀ। ਡਾ. ਮੋਹਨ ਸਿੰਘ ਦੀਵਾਨਾ ਭਾਵੇਂ ਬਹੁਤ ਯੋਗ ਤੇ ਵਿਦਵਾਨ ਗੁਰਮਤਿ ਵਿਆਖਿਆਕਾਰ ਸਨ, ਪਰ ਉਹ ਆਪਣੇ ਵਿਅਕਤੀਗਤ ਜੀਵਨ ਵਿਚ ਸ਼ਿਵ ਸ਼ੰਕਰ ਤੇ ਕ੍ਰਿਸ਼ਣ ਮਹਾਰਾਜ ਦੇ ਤਕੜੇ ਪੁਜਾਰੀ ਸਨ। ਆਪਣਾ ਯੋਗ ਦਾ ਨਾਂ 'ਸਦਾਸ਼ਿਵ' ਰਖਣਾ ਇਸ ਦਾ ਸਬਲ ਪ੍ਰਮਾਣ ਹੈ। ਇਸ ਲਈ ਜਦ ਵੀ ਉਹ ਆਪਣੇ ਇਸ਼ਟ ਬਾਰੇ ਲਿਖਦੇ ਹਨ ਤਾਂ ਉਹ ਵਧੇਰੇ ਹੀ ਭਾਵੁਕ ਹੋ ਉੱਠਦੇ ਹਨ। ਪੰਜਾਬੀ ਕਾਵਿ ਵਿਚ ਸਰਗੁਣ ਧਾਰਾ ਵਿਚ ਉਨ੍ਹਾਂ ਦੀ ਭਾਵੁਕਤਾ ਹੱਦਾਂ ਟੱਪ ਜਾਂਦੀ ਹੈ ਜਦ ਉਹ ਗੁਰਬਾਣੀ ਤੇ ਦਸਮ ਗ੍ਰੰਥ ਵਿਚੋਂ ਸਰਗੁਣ ਭਗਤੀ ਦੇ ਦਰਸ਼ਨ ਕਰਦੇ ਹਨ। ਇਸੇ ਤਰ੍ਹਾਂ ਆਪਣ ਦੂਜੇ ਨਿਬੰਧ "ਸ੍ਰੀ ਗੁਰੂ ਨਾਨਕ ਦੇਵ ਤੇ ਸਾਧਾਰਣ ਜਨਤਾ" ਵਿਚ ਵੀ ਉਹ ਵਧੇਰੇ ਭਾਵੁਕ ਹੋ ਗਏ ਹਨ ਕਿਉਂਕਿ ਗੁਰੂ ਨਾਨਕ ਦੇਵ ਪ੍ਰਤਿ ਉਨ੍ਹਾਂ ਦੀ ਸ਼ਰਧਾ-ਭਗਤੀ ਕਿਸੇ ਵੀ ਗੁਰਮਤਿ-ਵਿਆਖਿਆਕਾਰ ਨਾਲੋਂ ਘੱਟ ਨਹੀਂ ਸੀ। ਇਸ ਕੱਟੀ ਦਾ ਤੀਜਾ ਨਿਬੰਧ 'ਸੰਸਾਰ ਦਾ ਸਾਹਿੱਤ' ਹੈ, ਲੇਖਕ ਨੇ ਸੰਸਾਰ ਦੇ ਸ੍ਰੇਸ਼ਟ ਸਾਹਿੱਤਾਂ ਦਾ ਜ਼ਿਕਰ ਕਰਕੇ ਭਾਰਤ ਦੇ ਅਧਿਆਤਮਿਕ ਸਾਹਿੱਤ ਦੀ ਉੱਤਮਤਾ ਦਰਸਾਈ ਹੈ। ਚੌਥਾ ਨਿਬੰਧ 'ਗੋਬਿੰਦ ਗੀਤਾ' ਹੈ। ਡਾ. ਦੀਵਾਨਾ ਸ੍ਰੀਮਦ ਭਗਵਤ ਗੀਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੋਵਾਂ ਪ੍ਰਤਿ ਅਤਿ ਦਰਜੇ ਦਾ ਭਾਵੁਕ ਲਗਾਉ ਰਖਦੇ ਸਨ, ਇਹ ਗੱਲ ਉਨ੍ਹਾਂ ਵੱਲੋਂ ਲਿਖੇ ਗ੍ਰੰਥ 'ਏ ਨਿਊ ਲਾਈਟ ਔਨ ਸ੍ਰੀ ਕ੍ਰਿਸ਼ਨ' ਤੋਂ ਵੀ ਸਪੱਸ਼ਟ ਹੈ। ਉਨ੍ਹਾਂ ਨੂੰ 'ਗੋਬਿੰਦ ਗੀਤਾ' ਨਾਂ ਦਾ ਇਕ ਹੱਥ ਲਿਖਤ ਖਰੜਾ ਪ੍ਰਾਪਤ ਹੋਇਆ ਸੀ ਜਿਸਨੂੰ ਉਹ ਗੁਰੂ ਗੋਬਿਦ ਸਿੰਘ ਦੀ ਲਿਖੀ ਕਿਰਤ ਮੰਨਦੇ ਹਨ। ਉਸੇ ਦਾ ਭਾਵੁਕ ਲੇਖਾ ਜੋਖਾ ਇਥੇ ਕੀਤਾ ਗਿਆ ਹੈ। ਪੰਜਵਾ ਨਿਬੰਧ ਸ੍ਰੀ ਜਪੁਜੀ ਸਾਹਿਬ ਦੇ ਦਰਸ਼ਨ ਦੀ ਮੌਲਿਕ ਪਰ ਭਾਵੁਕ ਪੱਧਰ ਦੀ ਵਿਆਖਿਆ ਹੈ। ਲੇਖਕ ਨੇ ਪਹਿਲਾਂ ਕੁਲ 30 ਕੁੰਜੀ-ਸ਼ਬਦ (ਕੀ ਵਰਡਜ਼) ਲੱਭੇ ਹਨ, ਫੇਰ ਉਨ੍ਹਾਂ ਦੇ ਆਧਾਰ ਤੇ ਜਪੁਜੀ ਸਾਹਿਬ ਦੇ ਫ਼ਲਸਫ਼ੇ ਨੂੰ ਉਸਾਰਿਆ ਗਿਆ ਹੈ। ਅੰਤ ਤੇ 30-40 ਕੁੰਜੀ ਸ਼ਬਦਾਂ ਦੀ ਥਾਂ ਵੀ ਕੇਵਲ ਇਕ ਤੁਕ ਨੂੰ ਸਮੁੱਚੀ ਰਚਨਾ ਦਾ ਆਧਾਰ ਸਿੱਧ ਕੀਤਾ ਹੈ। ਹੁਣ ਅਸੀਂ ਇਨ੍ਹਾਂ ਸਾਰੇ ਨਿਬੰਧਾਂ ਦੀ ਅੰਦਰਵਰਤੀ ਆਲੋਚਨਾ ਕਰਕੇ ਦੇਖਦੇ ਹਾਂ ਕਿ ਇਨ੍ਹਾਂ ਨਿਬੰਧਾਂ ਦਾ ਪੰਜਾਬੀ ਵਿਚ ਕੀ ਸਥਾਨ ਹੈ।

### (1) ਪੰਜਾਬੀ ਕਵਿਤਾ ਵਿਚ ਸਰਗੁਣ ਧਾਰਾ

ਲੇਖਕ ਇਥੇ ਨਿਰਗੁਣ ਦੇ ਮੁਕਾਬਲੇ ਸਰਗੁਣ ਨੂੰ ਵਧੇਰੇ ਵਿਹਾਰਕ, ਸੌਖਾ ਤੇ ਆਮ ਲੋਕਾਂ ਦੇ ਮੰਨਣ ਯੋਗ ਸਿੱਧ ਕਰਦੈ। ਗੁਰਬਾਣੀ, ਦਸਮ ਅਵਤਾਰ, ਗੁਆਲ ਦਾਸ, ਮਨੋਹਰ ਦਾਸ, ਸੂਰਦਾਸ, ਭਾਵਨਦਾਸ, ਮਾਧਉਦਾਸ, ਮਸਤ ਰਾਮ, ਕਵੀ ਦੇਵਾ, ਭਗਤ ਗੁਆਲ ਜੀ, ਭਗਵਾਨ, ਦਿਆਲ ਸਿੰਘ ਆਦਿ ਦੇ ਉਦਾਹਰਣ ਦੇਕੇ ਸਗੁਣ ਧਾਰਾ ਦੇ ਸਾਹਿੱਤ ਦੀ ਸੁੰਦਰਤਾ ਸਾਮ੍ਹਣੇ ਲਿਆ ਰਿਹਾ ਹੈ।

Sri Satguru Jagjit Singh Ji Elibrary NamdhariElibrary@gmail.com

ਕ੍ਰਿਸ਼ਨ ਦੀ ਵਿਆਖਿਆ ਦੇਖੋ —"ਪ੍ਰਭੂ ਨੂੰ ਰਿਗਵੇਦ ਵਿਚ ਵੀ ਗੋਵਿੰਦ ਕਹਿਆ ਹੈ। ਗੀਤਾ ਵਿਚ ਅਰਜਨ ਪ੍ਰਭੂ ਨੂੰ ਸ਼ਾਸਵਤ ਧਰਮ, ਗੋਪਤਾ ਕਹਿ ਕੇ ਸਿਫ਼ਤਾਂਦਾ ਹੈ। ਗੋਪ, ਗੋਪਤਾ, ਗੋਵਿੰਦ ਜਾਂ ਗੋਵਿੰਦ ਸਭ ਗੋ ਤੋਂ ਹਨ, ਗੋ ਦੇ ਅਰਥ ਹਨ ਇੰਦਰੀ, ਪਿਰਥਮੀ, ਜੋਤ ਦੀ ਕਿਰਨ, ਗਊ। ਇਹਨਾਂ ਚੌਹਾਂ ਦੀ ਮੂਲ ਕਿਰਿਆਵੀ ਤੇ ਉਤਪਤਨੀ ਸਮਾਨਤਾ ਹੋਣ ਕਰਕੇ ਇਕੋ ਸ਼ਬਦ ਥੱਲੇ ਚੌਹਾਂ ਨੂੰ ਲੈ ਆਂਦਾ ਗਇਆ ਹੈ। ਸਾਡੀਆਂ ਇੰਦਰੀਆਂ ਹਨ, ਅਸੀਂ ਪਿਰਥਮੀ ਤੇ ਰਹਿੰਦੇ ਹਾਂ ਤੇ ਇੰਦਰੀਆਂ ਨੂੰ ਤੇ ਪਿਰਥਮੀ ਨੂੰ ਚੋਗ ਦੇਹ ਕੇ ਜੀਵਨ ਦੀ ਭੁੱਖ ਨੂੰ ਭਰਦੇ ਹਾਂ। ਇਹ ਪਿਰਥਮੀ ਹੀ, ਇਹ ਇੰਦਰੀਆਂ ਹੀ ਸਾਨੂੰ ਉਹ ਜੋਤ-ਗਿਆਨ ਦੇਂਦੀਆਂ ਜੋ ਸਾਡੀ ਸ੍ਵੈ-ਚੇਤੰਨਤਾ ਦਾ ਵੱਖਰ ਤੇ ਵਿਚਲਾ ਹੈ। ਫੇਰ ਭਲਾ ਅਸੀਂ ਆਪਣਾ ਇਸ਼ਟ, ਗੋਪ ਗੋਪਤਾ ਤੇ ਗੋਵਿੰਦ ਨੂੰ ਨ ਬਣਾਈਏ ਤਾਂ ਹੋਰ ਕਿਸਨੂੰ ਬਣਾਈਏ।

(2) ਸਿਰੀ ਗੁਰੂ ਨਾਨਕ ਦੇਵ ਤੇ ਸਾਧਾਰਣ ਜਨਤਾ

ਸਾਧਾਰਣ ਜਨਤਾ ਦੀ ਵਿਸ਼ੇਸ਼ਤਾ ਇੰਞ ਦੱਸਦੇ ਹਨ— "ਸਾਧਾਰਣ ਜਨਤਾ ਵਿਚ ਕੌਣ ਕੌਣ ਆਉਂਦਾ ਹੈ? ਤੀਵੀਂ, ਕਿਰਸਾਣ, ਬਾਣੀਆ, ਹਟਵਾਣੀਆ-ਬਣਜਾਰਾ, ਮਜੂਰ, ਕਲਾਕਾਰ, ਬਿਸੇਖ ਕਰਕੇ ਗਾਇਕ, ਸਾਹਿੱਤਕ, ਨੀਚ ਜਾਤੀਆਂ ਤੇ ਪੇਸ਼ੇ, ਹਿਰਛੇ ਵਾਲੇ, ਸਿਪਾਹੀ, ਤਿਲੰਗੇ, ਮੰਗਤੇ, ਸਾਧ। ਇਹ ਸਾਰੇ ਇਸਦੇ ਵਿਚ ਦੇ ਜੀਵ ਹੁੰਦੇ ਹਨ, ਵਿਚਾਰਿਆਂ ਨੂੰ ਮਰਨ ਦੀ ਵਿਹਲ ਨਹੀਂ ਮਿਲਦੀ, ਵਾਹਿਗੁਰੂ ਪ੍ਰਾਪਤੀ ਦੀ ਤੇ ਆਤਮ ਸਾਖਿਆਤਕਾਰ ਦੀ ਫੁਰਸਤ ਕਿਥੋਂ ਕੱਢਣ। ਸੇਵਾ ਕਰਦੇ ਹਨ ਪਰ ਮੇਵਾ ਨਹੀਂ ਮਿਲਦਾ।"

"ਸਰਬ ਸਾਧਾਰਣ ਦੇ ਸਾਧਾਰਣ ਰੋਗਾਂ ਦਾ ਸਾਧਾਰਣ ਬਾਬੇ ਨੇ ਸਾਧਾਰਣ ਦਾਰੂ ਦੱਸਿਆ। (1) ਸਭ ਤੋਂ ਪਹਿਲੀ ਇਹ ਗੱਲ ਆਖੀ ਕਿ ਦੁਨੀਆਂ ਨੂੰ ਗ੍ਰਹਸਥ ਤੋਂ ਨੱਸਣ ਦੀ ਲੋੜ ਨਹੀਂ (2) ਦੂਜੀ ਗੱਲ ਇਹ ਕਿ ਡਰ ਭੈ ਛੱਡ ਦਿਉ, ਭਾਂਡੇ ਨੇ ਭੱਜਣਾ ਹੀ ਹੈ, ਸਿਰ ਦੇ ਕੇ, ਮਰਕੇ, ਜੀਵਨ ਭੇਤ, ਅਮਰਤਾ ਲਾਭ ਪਾਉਣਾ ਸਿਖੋ।" ਫੇਰ ਗੁਰਬਾਣੀ ਵਿਚੋਂ ਹਵਾਲੇ ਦੇ ਕੇ ਵਿਆਖਿਆ ਕੀਤੀ ਗਈ ਹੈ।

ਡਾ. ਦੀਵਾਨਾ ਦੀ ਸ਼ੈਲੀ ਇਹ ਹੈ ਕਿ ਉਹ ਆਪਣੇ ਵੱਲੋਂ ਆਲੋਚਨਾ ਘਟ ਦਿੰਦੇ ਹਨ ਤੇ ਹਵਾਲੇ ਅਤਿ ਵੱਡੀ ਗਿਣਤੀ ਵਿਚ ਦੇ ਛੱਡਦੇ ਹਨ, ਪਰ ਹਰ ਹਵਾਲੇ ਉੱਤੇ ਇਕ ਢੁਕਵਾਂ ਸਿਰਲੇਖ ਦੇ ਲੈਣ ਦਾ ਗੁਣ ਉਨ੍ਹਾਂ ਵਰਗਾ ਹੋਰ ਕਿਸੇ ਕੋਲ ਨਹੀਂ ਜਿਵੇਂ:

—ਬਾਬੇ ਨੇ ਸਾਨੂੰ ਹਸਾਇਆ, ਇਕ ਬਿਚਿੱਤਰ ਹਾਸਾ, ਫਿਰ ਕਹਿਕੇ
—ਬੀਰਤਾ ਦਿੱਤੀ ਇਉਂ...
—ਪ੍ਰੇਮ ਦਿੱਤਾ, ਇਉਂ...
—ਸਾਡੀਆਂ ਸਾਧਾਰਣ ਭੁੱਖਾਂ ਨੂੰ ਇਉਂ ਕਬੂਲਿਆ ਤੇ ਫੇਰ ਐਉਂ ਸਾਨੂੰ ਰੱਜ ਵੱਲ ਲੈ ਤੁਰੇ ਉਂਗਲੀ ਫੜਕੇ, ਸਹਿ ਪੀੜਤ ਨਾਲ, ਕਲਾ ਕੁਸ਼ਲਤਾ ਨਾਲ।
—ਪਹਿਲਾ ਸਾਧਾਰਣ ਮਨੁੱਖ ਤੀਵੀਂ ਹੈ, ਫੇਰ ਕਿਰਸਾਣ, ਉਦੋਂ ਕੀ ਗੱਲ ਸੀ ਤੇ ਸਤਿਗੁਰ ਦੀ ਦਸ਼ਾ ਲਿਆਉਣਾ ਚਾਹੁੰਦੇ ਸਨ?

Sri Satguru Jagjit Singh Ji Elibrary NamdhariElibrary@gmail.com

ਗੱਲ ਕੀ ਸਿੱਧਾਂਤਕ ਆਲੋਚਨਾ ਜਾਂ ਗੁਰੂ ਸਾਹਿਬ ਦੀ ਦਾਰਸ਼ਨਿਕ ਵਿਆਖਿਆ ਘਟ, ਉਪਦੇਸ਼ਾਤਮਕ ਵਿਆਖਿਆਤਮਕ ਵਿਆਖਿਆ ਵਧੇਰੇ ਕਰਦੇ ਹਨ ਜੋ ਮੁਢਲੀ ਆਲੋਚਨਾ ਦੀ ਵਿਸ਼ੇਸ਼ਤਾ ਸੀ ।

ਅੰਤ ਸਿੱਟਾ ਇਨ੍ਹਾਂ ਸ਼ਬਦਾਂ ਵਿਚ ਕੱਢਦੇ ਹਨ— "ਬਾਬੇ ਦਾ ਜਨ ਸਾਧਾਰਣ ਲਈ ਇਹੋ ਅੰਤਲਾ ਸੁਨੇਹਾ ਹੈ ਕਿ ਜਗਤ ਦੁਖਾਲੈ ਹੈ, ਅਗ ਦਾ ਭੱਠ ਹੈ, ਏਸ ਤੋਂ ਤੁਹਾਨੂੰ ਗੁਰੂ-ਦੱਤ ਨਾਮ ਦੀ ਠੰਢ ਹੀ ਬਚਾ ਸਕਦੀ ਹੈ। ਗੁਰੂ-ਦੱਤ ਅੰਮ੍ਰਿਤ, ਵਾਹਿਗੁਰੂ ਨਾਮ ਦੀ ਮਸਤੀ ਨਾਲ ਹੀ ਤੁਸੀਂ ਪੱਕ ਸਕਦੇ, ਤਗੜੇ ਹੋ ਸਕਦੇ ਹੋ, ਤੁਹਾਡੇ ਤੇ ਰੰਗ ਚੜ੍ਹ ਸਕਦਾ ਹੈ, ਦਿਲ ਨੂੰ ਜਿੱਤ ਸਕਦੇ ਹੋ। ਲੇਖਿਉਂ ਛੁੱਟ ਸਕਦੇ ਹੋ। ਵੇਖੋ ਪਿਆਰੇ ਬਾਬੇ ਨੇ ਕੇਹੇ ਸੋਹਣੇ ਪਿਆਰ ਦੇ ਸ਼ਬਦ-ਸਾਕੇ ਸੰਸਕ੍ਰਿਤ, ਫਾਰਸੀ, ਅਰਬੀ, ਦੇਸੀ ਚਾਲੂ ਸ਼ਬਦ ਵਰਤੇ ਹਨ—ਖੁਦੀ, ਮੁਹੱਬਤ, ਦਰਵੇਸ਼ੀ, ਖੁਨਕ ਇਸ਼ਕ, ਦਿਲਦਰਵਾਨੀ, ਮਸਤਾਨਾ, ਅੰਮ੍ਰਿਤ, ਪ੍ਰੇਮ ।

ਸਭ ਸਮੱਸਿਆ, ਵਿਅਕਤੀਗਤ ਤੇ ਅੰਤਰ ਜਾਤੀ ਸਮੱਸਿਆ ਦਾ ਹੱਲ ਪ੍ਰੇਮ ਹੈ, ਪ੍ਰੇਮ ਦੀ ਭੁੱਖ ਹੋਰ ਹਰੇਕ ਭੁੱਖ ਨੂੰ ਮਾਰਦੀ ਹੈ, ਸਦਾ ਲਈ, ਪ੍ਰੇਮ ਦਾ ਦੁੱਖ ਰੋਗ ਹੋਰ ਸਭ ਸੋਮਾਂ ਰੋਗਾਂ ਨੂੰ ਜੜੋਂ ਵੱਢਦਾ ਹੈ, ਪ੍ਰੇਮ ਮੌਤ ਉੱਤੇ ਵੀ ਵਿਜੈ ਪਾ ਸਕਦਾ ਹੈ, ਪ੍ਰੇਮ ਹੀ ਸਚਾ ਧੰਨ, ਸਚਾ ਬਲ, ਸਚਾ ਗਿਆਨ ਤੇ ਸੱਚੀ ਮਦਰਾ ਹੈ, ਤੇ ਇਹ ਪ੍ਰੇਮ ਮਿਲਦਾ ਹੈ ਰੱਬ ਦੀ ਹਿਕਮਤ, ਹੁਕਮ, ਕੁਦਰਤ, ਸਮੀ ਮਿਹਰ ਤੋਂ। ਜਿਵੇਂ ਤੀਜੀ ਪਾਤਸ਼ਾਹੀ ਨੇ ਫੁਰਮਾਇਆ ਹੈ—

ਇਹ ਪਿਰਮ ਪਿਆਲਾ ਖਸਮ ਕਾ
ਜੈ ਭਾਵੈ ਤਹਿ ਦੇਇ ।

ਤੇ ਇਸ ਪਿਆਲੇ ਦੇ ਪਾਤਰ ਬਣਨ ਲਈ ਓਸ ਵਾਹਿਗੁਰੂ ਉੱਤੇ, ਸਾਥੀਆਂ ਉੱਤੇ, ਸਾਰੀ ਸਿਰਠ ਉੱਤੇ ਵਿਸ਼ਵਾਸ, ਆਭਾਰ ਵਿਸਾਰ ਦਾ, ਸਤਿ ਸੰਗਤ ਦੀ, ਬਾਣੀ ਪ੍ਰੇਮ ਦੀ, ਸਚ ਪਿਆਰ ਦੀ ਕਥਨੀ ਕਰਨੀ ਦੀ ਲੋੜ ਹੈ।"

—ਅਸਲ ਵਿਚ ਡਾ. ਦੀਵਾਨਾ ਦੇ ਲੇਖ ਸਿਰਜਣਾਤਮਕ ਰਚਨਾ ਤੇ ਆਲੋਚਨਾ ਵਿਚਾਲੇ ਦੀ ਇਕ ਕੜੀ ਹਨ ।

—ਬਹੁਤੇ ਲੇਖ ਆਲੋਚਨਾ ਨਾਲੋਂ ਵੀ ਜ਼ਿਆਦਾ ਮਹੱਤਵ ਆਪਣੇ ਖੋਜ-ਪਰਕ ਹੋਣ ਕਰਕੇ ਰਖਦੇ ਹਨ ।

**(3) ਸੰਸਾਰ ਦਾ ਸਾਹਿੱਤ (ਉਪਜਾਈ, ਛਾਣਫਟਕ, ਪਰਭਾਉ)**

ਡਾ. ਸਾਹਿਬ ਦੀ ਭਾਸ਼ਾ ਆਪਣੇ ਹੀ ਕਿਸਮ ਦੀ ਹੈ, ਹਰ ਪਲ ਬਦਲਦੀ, ਹਰ ਥਾਂ ਨਵਾਂ ਹੀ ਰੂਪ, ਨਵਾਂ ਹੀ ਸ਼ਬਦ ਜੋੜ, ਨਵੀਂ ਹੀ ਸ਼ੈਲੀ ਹੈ—ਸ਼ਬਦ-ਘਾੜਤ ਵਿਚ ਕੋਈ ਨੇਮ ਕੰਮ ਕਰਦਾ ਨਜ਼ਰ ਨਹੀਂ ਪੈਂਦਾ ਸਗੋਂ ਲੱਗਦੀ ਲਾਉਂਦੇ ਹਨ ਤੇ ਚਲਦੀ ਚਲਾਉਂਦੇ ਹਨ। ਪਹਿਲਾਂ ਬਹੁਤ ਸੁੰਦਰ ਪਰਿਭਾਸ਼ਾ ਹੈ ਸਾਹਿੱਤ ਦੀ, ਦੇਖੋ : "ਸੰਸਕ੍ਰਿਤ ਸ਼ਬਦ ਸਾਹਿੱਤ ਦੇ ਅਰਥ ਹਨ, ਜੋ ਹਿਤਕਰ ਹੋਵੇ, ਜਿਸ ਤੋਂ ਕਲਿਆਣ

Sri Satguru Jagjit Singh Ji Elibrary NamdhariElibrary@gmail.com

ਹੋਵੇ। ਆਪਣੇ ਲਈ ਹਿਤਕਰ ਤੇ ਸੰਸਾਰ ਲਈ, ਸਮਾਜ ਲਈ; ਆਪਣਾ ਕਲਿਆਣ ਹੋਵੇ ਤੇ ਦੂਜਿਆਂ ਦਾ, ਪਹਿਲਾ ਆਪਣਾ; ਜਿਸਦਾ ਮਰਮ ਇਹ ਹੈ ਕਿ ਸਾਹਿੱਤ ਉੱਤੇ ਕਰਤਾ, ਰਚਿਅਤਾ ਦੇ ਨਿਜੀ ਅਨੁਭਵ ਦੀ ਮੁਹਰ ਛਾਪ ਹੋਵੇ, ਉਹ ਉਸਦੇ ਆਪਣੇ ਸਰੀਰ-ਮਨ-ਬੁਧ-ਆਤਮਾ ਦੇ ਕਾਰਖਾਨੇ ਵਿਚੋਂ ਨਿਕਲਿਆ, ਢਲਿਆ ਹੋਇਆ ਗਹਿਣਾ ਹੋਵੇ। ਐਧਰੋਂ ਓਧਰੋਂ ਕੱਠੇ ਕੀਤੇ ਮਸਾਲੇ ਨੂੰ ਬਿਨਾਂ ਆਪਣੀ ਕੁਠਾਲੀ ਗਾਲੀ, ਆਪਣੇ ਪਹਾਰੇ ਘੜੇ, ਆਪਣੇ ਮੱਟ ਵਿਚ ਰੰਗੇ ਹੋਰਨਾਂ ਦੇ ਹਵਾਲੇ ਨ ਕਰ ਦਿੱਤਾ ਗਇਆ ਹੋਵੇ। ਹਿਤੁ ਪਿਆਰ ਹੈ ਭਲਿਆਈ ਹੈ, ਕਲਿਆਣ ਹੈ। ਤੇ ਪਿਆਰ ਸਰੀਰ ਤੋਂ ਲੈਕੇ ਆਪਨੇ ਤੀਕ ਵਿਗਸਿਆ, ਖਿਲਰਿਆ, ਪੁੰਗਰਿਆ, ਉਚਾਇਆ ਹੋਵੇ।

ਫ਼ਾਰਸੀ-ਈਰਾਨੀ ਸ਼ਬਦ ਅਦਬ-ਤਾਦੀਬ ਦਸਦੇ ਹਨ ਕਿ ਸਾਹਿੱਤ ਇਕ ਪਾਸੇ ਸੰਜਮ ਦਾ ਫਲ ਸਰੂਪ ਹੈ ਤੇ ਦੂਜੇ ਪਾਸੇ ਆਦਰ ਜੋਗ ਵਸਤਾਂ ਦਾ ਆਦਰ-ਦਿਖਾਵਾ ਹੈ ਤੇ ਤੀਸਰੇ ਪਾਸੇ, ਪਾਪਾਂ, ਕੋਝਾਂ, ਕੋਮਲਤਾਂ, ਤਰੁਟੀਆਂ ਲਈ ਇਕ ਪ੍ਰਕਾਰ ਦੀ ਸਜ਼ਾ ਹੈ, ਤਾੜਨਾ (ਤਾਦੀਬ) ਹੈ।"

"ਹਰੇਕ ਚੀਜ਼ ਜੋ ਲਿਖ ਦਿੱਤੀ ਜਾਂਦੀ ਹੈ ਜਾਂ ਬੋਲ ਦਿੱਤੀ ਜਾਂਦੀ ਹੈ ਉਹ ਸਾਹਿੱਤ ਨਹੀਂ ਹੈ। ਕੇਵਲ ਉਹੀ ਸਾਹਿੱਤ ਹੈ ਜਿਸ ਵਿਚ ਕਲਿਆਨ ਦੀ ਸਾਮੱਗਰੀ ਹੋਵੇ, ਉਸ ਸਾਮੱਗਰੀ ਦੀ ਵਰਤੋਂ ਰਸ ਤੇ ਧੁਨੀ ਉਪਜਾਣ ਵਾਲੀ ਹੋਵੇ ਉਹ ਆਪ ਰਸ ਤੇ ਧੁਨੀ ਨਾਲ ਭਰੀ ਹੋਵੇ। ਰਸ ਸਾਡਿਆਂ ਭਾਵਾਂ, ਉਦਗਾਰਾਂ ਨੂੰ ਖਿੜਾਉਂਦਾ ਹੈ ਤੇ ਧੁਨੀ ਸਾਡੀ ਆਤਮਾ ਨੂੰ ਜੋ ਅਨਾਹਤ ਸ਼ਬਦ ਤੇ ਪਲਦੀ ਹੈ, ਵਿਗਸਾਂਦੀ ਹੈ। ਰਸ ਇੰਦਰੀਆਂ ਲਈ ਹੈ ਤੇ ਧੁਨੀ ਆਤਮਾ ਲਈ ਹੈ ਰਸ ਮਨ ਲਈ, ਧੁਨੀ ਬੁੱਧੀ ਲਈ।"

ਮੋਰੀਘਟ,—ਅੰਜੀਲ (ਪੁਰਾਣੀ ਤੇ ਨਵੀਂ) ਕੁਰਆਨ ਸ਼ਰੀਫ, ਸ਼ਾਹ-ਨਾਮਾ ਸਿਕੰਦਰਨਾਮਾ, ਬਾਰੇ ਅਧਿਐਨ ਹੈ।

ਲੇਖਕ ਨੇ ਇਕ ਕਬਿੱਤ ਵਿਚ ਸਾਹਿੱਤ ਦੇ ਸਾਰੇ ਲੱਛਣ ਬੰਨ੍ਹ ਦੇਣ ਦਾ ਯਤਨ ਕੀਤਾ ਹੈ :

ਸਾਹਿਤ ਹੈ ਹਿਤਕਰ, ਪੂਰਣ ਮਨੁਖ ਲਈ
ਰਿਦੇ, ਬੁਧ, ਆਤਮਾ ਦਾ ਨਾਦ, ਲਿਸ਼ਕਾਰ ਵੀ।
ਨਿਜੀ-ਹੰਝੂ ਨਿਜੀ-ਹਾਸੇ, ਬੀਜੇ ਸੰਜਮ, ਪ੍ਰੇਮ ਵਿਚ,
ਸ਼ਬਦ ਬੂਟਾ ਫੁਲ ਫਲ, ਚਿੱਤਰ ਵੀ ਸ਼ਿੰਗਾਰ ਵੀ।
ਭੂਤ ਤੇ ਭਵਿਖ ਦਾ ਸੰਜੋਆ ਵਰਤਮਾਨ ਵਿਚ,
ਆਪਣੀ ਵੀ ਲਭਤ ਕਾਢ, ਪਰ ਤੋਂ ਉਧਾਰ ਵੀ।
ਮੇਲ ਅਤੇ ਟਾਕਰਾ ਸੰਕੇਤਨ ਰਸ-ਧੁਨੀ ਗੁੰਧੇ :
ਸਾਹਿੱਤ ਸਰਿੱਠਾ ਮਾਨੋ ਕਿਰਤ ਵੀ ਕਰਤਾਰ ਵੀ।
ਕਾਮ ਕਰੋਧ ਨੂੰ ਚਾਬਕ ਲਾਣੀ ਸਾਹਿੱਤਕ ਦਾ ਕੰਮ ਨਹੀਂ
ਸਾਡੇ ਹਿਤਕਾਰੀ ਦੁਨੀਆਂ ਵਿਚ ਨਿਪਟ ਹੱਡ ਤੇ ਚੰਮ ਨਹੀਂ
ਜੀਵਨ ਦਾ ਆਭਾਰ ਮਨੁਖ ਲਈ ਖਾਸ ਨਹੀਂ ਬਸ ਸੰਮ ਨਹੀਂ
ਬਾਬਾ ਆਖੇ ਕਰਮ ਨ ਚੰਗਾ, ਜੇ ਨਿਸ਼ਕਾਮ ਕਰੱਮ ਨਹੀਂ।

ਉਦਾਹਰਣ ਹੋਮਰ ਦੀ ਓਡੀਸੀ, ਵਰਜਿਲ ਦੀ ਐਨੀਜ਼ ਦੀ ਕਹਾਣੀ, ਇਤਾਲਵੀ ਕਵੀ ਡਾਂਟੇ ਦੀ 'ਡੀਵਾਇਨ ਕਾਮੇਡੀ', ਮਿਲਟਨ ਦੇ ਅਧਿਐਨ ਨਾਲ ਪੇਸ਼ ਕੀਤੇ—ਯੂਨਾਨ ਤੋਂ ਰੋਮ, ਰੋਮ ਤੋਂ ਇਟਲੀ ਨੇ, ਇਟਲੀ ਤੋਂ ਇੰਗਲਸਤਾਨ ਨੇ ਤਕੜਾ ਪ੍ਰਭਾਵ ਗ੍ਰਹਿਣ ਕੀਤਾ।

ਲੇਖਕ ਨੂੰ ਭਾਰਤੀ ਸਾਹਿੱਤ ਬਾਰੇ ਨਾਜ਼ ਹੈ, ਦੇਖੋ "ਸਾਰੇ ਪੱਛਮੀ ਪਾਰਖ ਯੂਨਾਨ ਨੂੰ ਸਾਹਿੱਤ ਦਾ ਪਿਤਾਮਾ ਵੱਡਕਾ ਮੰਨਦੇ ਹਨ। ਪਰ ਯੂਨਾਨੀ ਨਾਟਕਕਾਰ; ਮਹਾਂ ਕਵੀਆਂ ਤੇ ਸਿੱਧਾਂਤਕਾਂ, ਦਰਸ਼ਨਾਚਾਰੀਆਂ ਦੇ ਸਿਰ ਮਿਸਰ ਦਾ ਢੇਰ ਰਿਣ ਸੀ ਤੇ ਹੋਰ ਵੀ ਵਧੇਰੇ ਰਿਣੀ ਕਰਜ਼ਾਈ ਸਨ ਯੂਨਾਨ ਤੇ ਮਿਸਰ ਦੋਵੇਂ ਸਾਡੇ ਭਾਰਤ ਦੇ, ਇਥੋਂ ਦਿਆਂ ਰਿਸ਼ੀਆਂ ਮੁਨੀਆਂ ਮੰਤਰੀਆਂ ਕਵੀਆਂ, ਜੋਤਸ਼ੀਆਂ, ਗਣਤੀਆਂ, ਜੋਗੀਆਂ, ਉਸਾਰਕਾਂ, ਵੇਦਾਂ ਦੇ।"

"ਭਾਰਤ ਤੋਂ ਬਾਦ ਅਧਿਆਤਮਿਕ ਸਾਹਿੱਤ ਵਿਚ ਬੇਬੀਲੋਨ, ਅਸੀਰੀਆਂ, ਮਾਇਆ ਸਭਿਅਤਾ ਦਾ ਨੰਬਰ ਆਉਂਦਾ ਹੈ ਤੇ ਫੇਰ ਚੀਨ ਦਾ। ਚੀਨ ਦੇ ਲਾਉ ਤ੍ਰ ਤੇ ਕਨਫੂਸੀਅਸ ਪਹੁੰਚੇ ਰਿਸ਼ੀ ਤਪੀ ਹੋਏ ਹਨ, ਛੇਵੀਂ ਸਦੀ ਪੂਰਬ ਮਸੀਹ ਦੇ।" ਸਾਹਿੱਤ ਦੀ ਵੰਡ ਕੀਤੀ ਹੈ :

(ਕ) (1) ਸ਼ੁੱਧ ਸਾਤਵਿਕ, (2) ਸ਼ੁੱਧ ਰਾਜਸਿਕ, (3) ਸ਼ੁੱਧ ਤਾਮਸਿਕ

(ਖ) (1) ਪਰਵਿਰਤੀ ਵਾਲਾ, (2) ਨਿਵਿਰਤੀ ਵਾਲਾ

(ਗ) (1) ਸਾਹਿਤ ਆਨੰਦ ਤੋਂ ਉਗਮਦਾ ਹੈ ਤੇ ਆਨੰਦ ਉਪਜਾਂਦਾ ਹੈ ਜਿਵੇਂ ਜੀਵਨ ; ਦੋਹਾਂ ਦਾ ਨਿਕਾਸ ਤੇ ਮਨੋਰਥ ਇਕੋ ਹੈ, ਆਨੰਦ ਤਿੰਨ ਪ੍ਰਕਾਰ ਦਾ ਹੈ—ਗਿਆਨਾਨੰਦ ਜਾਂ ਸਤਿਆਨੰਦ, ਸ਼ਕਤਾਨੰਦ ਤੇ ਪ੍ਰੇਮਾਨੰਦ।

(ਘ) (1) ਨਾਦ ਪ੍ਰਧਾਨ ਸਾਹਿਤ, (2) ਧੁਨੀ ਪ੍ਰਧਾਨ, (3) ਓਜ, (4) ਕਾਤੀ, (5) ਜੋਤ ਪ੍ਰਧਾਨ ਜਾਂ ਰਸ ਬਿੰਦ ਪ੍ਰਧਾਨ।

(ਙ) (1) ਜਾਗਰਤ ਦਾ, (2) ਸੁਪਨ ਦਾ, (3) ਸੁਖੱਪਤ,
|
ਕਥਾ-ਬਿਰਤਾਂਤ ਬਗਨ | ਭਵਿੱਖ ਉਸਾਰੂ | ਰੋਮਾਂਟਿਕ ਸਾਹਿੱਤ

(4) ਤੁਰੀਆ ਦਾ ਅਧਿਆਤਮਿਕ
|
ਅਧਿਆਤਮਿਕ

(ਚ) (1) ਹਥ ਦਾ ਸਾਹਿੱਤ, (2) ਚੇਤੇ ਦਾ ਸਾਹਿੱਤ, (3) ਹਿਰਦੇ ਦਾ ਸਾਹਿੱਤ, (4) ਬੁੱਧੀ ਦਾ ਸਾਹਿੱਤ, (5) ਛੋਹ ਦਾ ਸਾਹਿੱਤ, (6) ਕੰਨ ਦਾ ਸਾਹਿੱਤ, ਅੱਖ ਦਾ ਸਾਹਿੱਤ, ਸੰਘ ਦਾ ਸਾਹਿੱਤ, ਚਖਣ ਦਾ ਸਾਹਿੱਤ।

(ਛ) ਧਰਮ ਦਾ, ਅਰਥ ਦਾ ਕਾਮ ਦਾ ਤੇ ਮੋਖ ਦਾ।

"ਮੁਕਦੀ ਗੱਲ ਇਹ ਕਿ ਸਾਹਿੱਤ ਦੇ ਓਨੇ ਰੂਪ ਹਨ ਜਿੰਨੇ ਜੀਵਨ ਦੇ। ਜੀਵਨ ਵਾਂਗ ਉਹ ਦੇਸ਼, ਕਾਲ, ਕਾਰਨ ਉੱਤੇ ਉਸਰਦਾ ਹੈ ਤੇ ਦੇਸ਼ ਕਾਲ ਕਾਰਨ ਨੂੰ ਗਤੀ, ਪਰ

Sri Satguru Jagjit Singh Ji Elibrary NamdhariElibrary@gmail.com

ਗਤੀ ਦਿੰਦਾ ਹੈ । ਪਾਰਖ, ਤੋਲੇ, ਧੜਵਾਈ, ਨਿਆਈਂ, ਪੰਚ ਵਿਚ 10 ਗੁਣ ਹੋਣੇ ਚਾਹੀਦੇ ਹਨ :

(1) ਭਾਵੁਕਤਾ, ਕਲਪਨਾਤਮਿਕਤਾ, ਪ੍ਰਬੁਧਤਾ, ਸਰਬ ਅਦਾਰਤਾ, ਸਿਰਜਨਾਤ-ਮਿਕਤਾ, ਨਿਆਇਕਾਰਤਾ, ਵਿਦਿਆ-ਪਰਪੱਕਤਾ, ਗਿਆਨ-ਵਿਗਿਆਨ ਬਹੁਲਤਾ, ਸਚਰਿਤਰਤਾ, ਅਧਿਆਤਮਿਕਤਾ :

ਭਾਵਨਾ ਸੰਕਲਪ ਤੇ ਸਮਬੰਧ ਨਾ ਜੇ ਹੋਇ ਪੱਲੇ
ਤੋਲੀਏ ਨੇ ਮਾਲ ਟਾਲ ਸੁਧ ਕਦੋਂ ਤੋਲਣਾ,
ਕਰਮ, ਧਰਮ, ਸਰਮ ਸੰਦੇ ਮਰਮ ਦਾ ਜੋ ਨਾਹੀਂ ਗਿਆਤਾ
ਲਾਠੀਆਂ ਦੇ ਨਾਲ ਓਸ ਜੰਦਰਿਆਂ ਨੂੰ ਖੋਹਲਣਾ,
ਬੋਲੇ ਸਾਹਵੇਂ ਬੀਣ ਅਤੇ ਅੰਨ੍ਹੇ ਅੱਗੇ ਨਾਚ ਬਸ,
ਗੀਤ ਕਾਵਿ ਦੇਵ ਬਾਣੀ ਮੰਤੀ ਘੱਟੇ ਰੋਲਣਾ,
ਏਵਡ ਨ ਊਚਾ ਹੋਵੇ, ਉਚੇ ਨੂੰ ਕੀ ਜਾਣ ਪਾਵੈ,
ਮਾਰੂ ਬਣੇ ਬਾਝ ਹੱਥ ਆਉਂਦਾ ਨਾ ਢੋਲਣਾ ।
ਜਿੰਨਾ ਡੂੰਘਾ ਅਨੁਭਵ ਹੁੰਦਾ, ਓਨਾ ਥਿਰ ਆਨੰਦ ।
ਨਵਾਂ ਨੂਰ ਨਵਿਆਂ ਨੂੰ ਦਿੰਦਾ, ਨਵਾਂ ਪੂਰਨਿਮਾ ਚੰਦ ।

(4) ਗੋਬਿੰਦ ਗੀਤਾ :

ਗੋਬਿੰਦ ਗੀਤਾ ਗ੍ਰੰਥ ਦਾ ਟੀਕਾਕਾਰ ਲੇਖਕ ਦਸਮ ਪਾਤਸ਼ਾਹ ਨੂੰ ਮੰਨਦਾ ਹੈ ।

—ਇਸ ਗ੍ਰੰਥ ਦੀ ਭਾਸ਼ਾ ਦੇ ਜੋ ਉਦਾਹਰਣ ਦਿੱਤੇ ਹਨ ਉਨ੍ਹਾਂ ਤੋਂ ਜਾਪਦਾ ਨਹੀਂ ਕਿ ਇਹ 10ਵੇਂ ਗੁਰੂ ਦੀ ਰਚਨਾ ਹੈ ।

— ਜਿੰਨਾ ਚਿਰ ਇਸ ਗ੍ਰੰਥ ਦਾ ਸਰੋਤ ਨਾ ਪਤਾ ਚਲੇ ਪਾਠਕ ਮੂਲ ਤੇ ਅਸਲ ਬਾਰੇ ਕੀ ਜਾਣ ਸਕਦੇ ਹਨ ।

ਇਸ ਲੇਖ ਵਿਚ ਬ੍ਰਹਮ ਦਾ ਸਰੂਪ ਨਿਰਧਾਰਿਤ ਕੀਤਾ ਹੈ ਅਤੇ ਵੇਦਾਂਤ ਵਿਚਾਰ ਤੋਂ ਅੱਗੇ ਜਾ ਕੇ ਗੁਰਮਤਿ ਅਨੁਸਾਰ ਬ੍ਰਹਮ ਦੇ ਨਿਰਾਕਾਰ ਸਾਕਾਰ ਸਰੂਪ ਦਾ ਵਰਣਨ ਕੀਤਾ ਗਿਆ ਹੈ । ਦਸਮ ਪਿਤਾ ਦੀ ਇਕ ਚੋਪਈ ਦੇ ਕੇ ਉਹ ਸਪੱਸ਼ਟ ਕਰਦੇ ਹਨ :

"ਅਕਾਲ ਪੁਰਖ ਕੀ ਦੇਹ ਮੋਂ ਕੋਟਕ ਬਿਸ਼ਨ ਮਹੇਸ਼ ।
ਕੋਟ ਇੰਦ੍ਰ ਬ੍ਰਹਮਾ ਕਿਤੇ, ਰਵਿ ਸਸ ਕੋਟ ਜਲੇਸ ।।"

ਹਰ ਤਰ੍ਹਾਂ ਦੀ ਦੁਵੰਦਤਾ ਤੋਂ ਪਰੇ ਹੁੰਦਾ ਹੋਇਆ ਵੀ ਉਹ ਕਰਤਾ ਪੁਰਖ, ਸਤਿਨਾਮ, ਸ਼ਬਦ ਬ੍ਰਹਮ, ਅਨੰਦ ਸਰੂਪ ਆਪਣੀ ਇਕ ਅਕਾਲ ਮੂਰਤੀ ਰਖਦਾ ਹੈ ਜਿਸ ਨੂੰ ਅਸੀਂ ਸਿਮਰ, ਕੀਰਤਨ ਦੁਆਰਾ ਆਪਣੇ ਆਤਮੇਂ ਵਿਚ ਵਸਾ ਸਕਦੇ ਹਾਂ । ਓਸ ਮੂਰਤ ਦਾ ਸਾਡੇ ਖਿਆਲ-ਵਿਚਾਰ ਤੇ ਇਤਿਹਾਸ ਭਾਉ ਨਾਲ ਕੋਈ ਸਨਬੰਧ ਨਹੀਂ ।"

ਇਸੇ ਪ੍ਰਸੰਗ ਵਿਚ ਗੋਬਿੰਦ ਗੀਤਾ ਦਾ ਦਸਮ ਪਾਤਸ਼ਾਹ ਵਲੋਂ ਕੀਤਾ ਟੀਕਾ ਵਿਚਾਰਿਆ ਗਿਆ ਹੈ ਪਰ ਡਾ. ਸਾਹਿਬ ਨੇ ਕਿਧਰੇ ਇਹ ਨਹੀਂ ਦੱਸਿਆ ਕਿ ਇਹ ਗੋਬਿੰਦ

Sri Satguru Jagjit Singh Ji Elibrary NamdhariElibrary@gmail.com

ਗੀਤਾ ਕਿਹੜੀ ਹੈ, ਕਿੱਥੋਂ ਛਪੀ ਹੈ, ਇਸਦੀ ਪ੍ਰਮਾਣਿਕਤਾ ਕੀ ਹੈ।

ਲੇਖਕ ਵਾਰ ਵਾਰ ਟੀਕਾਕਾਰ ਦਸਮ ਪਿਤਾ ਨੂੰ ਮੰਨਦੇ ਹਨ—ਜਿਵੇਂ :

"ਪਰ ਦਸਮ ਪਿਤਾ ਗੀਤਾ ਦੇ ਅੰਤਲੇ, 18ਵੇਂ ਧਿਆ ਵਿਚ ਆਪਣੇ ਹੱਥੀਂ ਝੁੰਡ ਚੁੱਕਦੇ ਹਨ।"

("ਮੂਲ ਮੰਤਰ ਦੱਸਣ ਵਾਲੇ ਆਦਿ ਗੁਰੂ ਜੀ ਦੇ ਗੱਦੀ ਨਸ਼ੀਨ ਭਲਾ 'ਕਰਤਾ ਪੁਰਖ' ਲਫ਼ਜ਼ ਕਿਵੇਂ ਨ ਭਗਵਾਨ ਦੇ ਮੂੰਹੋਂ ਨਿਕਲਵਾਉਂਦੇ।")

"ਕਮਾਲ ਤਾ 4ਥੇ ਧਿਆ ਵਿਚ ਕੀਤਾ ਹੈ ਟੀਕਾਕਾਰ ਸਤਿਗੁਰ ਜੀ।"

"ਉਤਲੇ ਸਲੋਕਾਂ ਦਾ ਉੱਲਥਾ ਸਤਿਗੁਰੂ ਜੀ ਨੇ ਐਉਂ ਕੀਤਾ। ਵੇਖੋ ਕਿਵੇਂ ਗੋਬਿੰਦ ਗੀਤਾ ਸਿੱਖੀ ਦੇ ਗੁੱਝੇ ਤੋਂ ਗੁੱਝੇ ਰਹੱਸ ਪ੍ਰਗਟਾਂਦੀ ਹੈ :

ਅਧਿਆਤਮ ਬਿਦਿਆ ਕੇ ਮਾਂਹਿ, ਸਭ ਜਗੁ ਕੋ ਹਰਿ ਰੂਪ ਬਤਾਹਿ।
ਚੌਰਾਸੀ ਜੋ ਜਗਤ ਦਿਖਾਵੈ, ਸੋ ਪ੍ਰਭ ਹੈ ਯੋ ਨਿਗਮ ਬਤਾਵੈ।
ਸਭ ਵਿਦਿਆ ਮੈ ਚਤ੍ਰ ਸਰੂਪ, ਜੋ ਅਧਿਆਤਮ ਮੇਰੋ ਰੂਪ।
ਚਰਚਾ ਕਰਨਹਾਰਿਓਂ ਮਾਂਹਿ, ਬ੍ਰਹਮ ਚਰਚਾ ਕਰ ਮੁਝ ਕੋ ਪਾਹਿ।
ਉਹ 'ਗੋਸ਼ਟਿ' ਹੈ ਮੇਰੋ ਰੂਪ, 'ਅਕਾਰ' 'ਅਖਰ' ਹੈ ਮੋਹਿ ਸਰੂਪ।

ਜੇ ਇਹ ਭਾਸ਼ਾ ਦੇਖੀਏ ਤਾ ਨਾ ਤਾਂ ਇਹ ਦਸਮ ਗ੍ਰੰਥ ਦੀ ਹੀ ਸ਼ੈਲੀ ਹੈ ਤੇ ਨ ਚੰਡੀ ਦੀ ਵਾਰ ਦੀ ਸ਼ੈਲੀ—ਇਹ ਭਾਸ਼ਾ ਕਿਸੇ ਨਿਰਮਲੇ ਸੰਤ ਦੀ ਭਾਸ਼ਾ ਜਾਪਦੀ ਹੈ।

## (5) ਜਪੁ-ਦਰਸ਼ਨ-ਫੁਲਵਾੜੀ :

ਵਿਦਵਾਨ ਲੇਖਕ ਨੇ ਪਹਿਲਾਂ ਕੁੰਜੀ-ਸ਼ਬਦ (ਕੀ ਵਰਡਜ਼) ਲੱਭੇ ਹਨ "ਭਲਾ ਕਿਹੜੇ ਕੁੰਜੀ-ਸ਼ਬਦ ਹਨ ਅਨਾਹਤ ਨਾਦ ਵਜਾਣ ਵਾਲੇ ਜਪੁ ਵਿਚ ਜਿਹਨਾਂ ਦੀ ਗੂੰਜ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਨਿਰਤ ਕਰਦੀ ਦੀਂਹਦੀ ਹੈ :

ਕੁੱਲ 30 ਸ਼ਬਦ ਲੱਭੇ ਹਨ—ਹੁਕਮ, ਕੁਦਰਤ, ਨਦਰ, ਕਰਮ, ਦਰ, ਹਦੂਰ, ਜਿਨਸ—ਇਹ ਸੱਤ ਸ਼ਬਦ ਫ਼ਾਰਸੀ ਦੇ, ਸੱਚ, ਧਿਆਨ, ਗੁਰੂ, ਪਵਨ, ਨਾਮ, ਮਾਇਆ, ਧਰਮ ਸਾਲ, ਖੰਡ ਮਡਲ, ਆਨੰਦ, ਅੰਮ੍ਰਿਤ, ਨਿਰੰਕਾਰ, ਜਗਤ ਆਦਿ 13 ਸ਼ਬਦ ਸੰਸਕ੍ਰਿਤ ਦੇ ਤਤਸਮ ਹਨ, ਗਾਵੀਐ, ਸੁਣੀਐ, ਵਡਿਆਈ, ਵੀਚਾਰ, ਮੰਨੈ, ਭਾਉ, ਮਾਈ, ਵਰਭੰਡ ਆਦਿ 8 ਸ਼ਬਦ ਅਪਭ੍ਰੰਸ਼ ਹਨ, ਦੋ ਦੇਸਜ ਹਨ—ਖੇਲ ਅਤੇ ਸੋ।"

ਇਨ੍ਹਾਂ ਸ਼ਬਦਾਂ ਨੂੰ ਆਧਾਰ ਬਣਾਕੇ ਇਨ੍ਹਾਂ ਦੇ ਚਾਰ ਪ੍ਰਸ਼ਨਾਂ ਦਾ ਹੱਲ ਲੱਭਾ ਹੈ—(1) ਇਸਦਾ ਪਰਮ ਪੁਰਖ ਕਿਹੋ ਜਿਹਾ ਹੈ ? (2) ਇਸਦੇ ਅਨੁਸਾਰ ਮਨੁੱਖ ਦਾ ਪਰਮ ਅਰਥ ਪਦ ਕੀ ਹੈ ? (3) ਪ੍ਰਾਪਤੀ ਦੇ ਸਾਧਨ ਕੀ ਹਨ ? (4) ਜਗਤ ਜਾਂ ਕੁਦਰਤ ਸਨਬੰਧੀ ਇਹ ਦਰਸ਼ਨ ਕੀ ਕਹਿੰਦਾ ਹੈ। ਚਾਰੇ ਪ੍ਰਸ਼ਨਾਂ ਦੀ ਬਹੁਤ ਸੁੰਦਰ ਵਿਆਖਿਆ ਉਪਰੰਤ ਸਿੱਟਾ ਕੱਢਦੇ ਹਨ :

"ਆ ਗਏ ਸਭ ਸੁਆਲ ਜੁਆਬ 30 ਸ਼ਬਦਾਂ ਵਿਚ 30ਆਂ ਤੇ 40 ਕਰ ਲੋ ਤਾਂ ਕੀ ਹਰਜ ਹੈ। ਪਰ ਵੇਖਣ ਜੋਗੀ ਤਾਂ ਇਹ ਗੱਲ ਹੈ ਕਿ ਇਨ੍ਹਾਂ 30, 33 ਸ਼ਬਦਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਆਰਜ ਦਰਸ਼ਨਾਂ ਦਾ ਸੋਮਰਸ਼ ਵੀ ਆ ਗਿਆ ਤੇ ਪੂਰਨ ਕਰਦੇ ਜਾਂ ਹੋਰ ਖੋਹਲਦੇ, ਨਸ਼ਿਆਦੇ ਸਾਮੀ ਦਰਸ਼ਨਾਂ ਸਿੱਧਾਂਤਾਂ ਦਾ ਅਤਰ ਵੀ। ਤੇ ਦਾਤ ਹੈ ਇਹ ਇਲਾਹੀ ਜੋ ਇਕ ਵਿਅਕਤੀ ਬਿਸੇਖ—ਨਾਨਕ ਨਿਰੰਕਾਰੀ ਨੂੰ ਨਿਰੰਕਾਰੋਂ ਮਿਲੀ ਤੇ ਸਾਨੂੰ ਗੁਰੂ ਦਾਤੇ ਨੇ ਆਪਣੀ ਮੁਹਰ ਲਾਕੇ ਦਿੱਤੀ, ਆਪਣੇ ਪਹਾਰੇ ਵਿਚ ਘੜਕੇ।"

"ਇਕ ਤੁਕ ਜਪੁ ਵਿਚ ਮਾਨੋ ਦੋ ਵਾਰੀ ਆਈ ਹੈ, ਮੈਨੂੰ ਤਾਂ ਉਹੀ ਜਪੁ-ਸਾਰ ਵਜੋਂ ਬਸ ਕਾਫ਼ੀ ਪਰਤੀਤ ਹੁੰਦੀ ਹੈ।"

ਗਾਵੀਐ ਸੁਣੀਐ ਮਨਿ ਰਖੀਐ ਭਾਉ ।—5
ਸੁਣਿਆ ਮੰਨਿਆ ਮਨਿ ਕੀਤਾ ਭਾਉ ॥—21

ਭਾਸ਼ਾ ਦੇ ਕੁਝ ਸ਼ਬਦ ਖਾਸ ਧਿਆਨ ਮੰਗਦੇ ਹਨ ਅਨੁਸਨਧਾਨੀਏ (ਖੋਜੀ) ਹਭ ਵਗਲਦੇ ਪਰਸ਼ਨ ਆਦਿ ।

**ਵਿਵਰਣਾਤਮਕ ਨਿਬੰਧ** : ਜਿਤਿੰਦਰ ਸਾਹਿੱਤ ਸਰੋਵਰ ਦੇ ਤਿੰਨ ਨਿਬੰਧਾਂ ਨੂੰ ਅਸੀਂ ਵਿਵਰਣਾਤਮਕ ਨਿਬੰਧਾਂ ਦਾ ਨਾਂ ਦੇਣਾ ਉਚਿਤ ਸਮਝਿਆ ਹੈ। ਇਹ ਹਨ (1) ਕਹਾਣੀ-ਗੱਪ, (2) ਨਾਟਕ ਅਤੇ ਖੇਡ, (3) ਪਰਖ ਆਦਰਸ਼ ਤੇ ਗੱਦ ਗੁਣ। ਪਹਿਲੇ ਨਿਬੰਧ ਵਿਚ 'ਗਲਪ' ਲਈ ਇਨ੍ਹਾਂ ਨੇ ਗੱਪ ਅਪਭ੍ਰੰਸ਼ ਕਰ ਦਿੱਤਾ ਹੈ ਅਤੇ ਇੰਞ ਇਕ ਦੂਹਰਾ ਅਰਥ ਵੀ ਉਜਾਗਰ ਕਰ ਲਿਆ ਹੈ। ਜਿਵੇਂ ਕਿ ਆਮ ਰਾਇ ਹੈ ਕਿ ਕਹਾਣੀ ਜਾਂ ਨਾਵਲ ਨਿਰੀ ਗੱਪ ਹੁੰਦੀ ਹੈ। ਲੇਖਕ ਨੇ ਇਹ ਭੁਲੇਖਾ ਦੂਰ ਕਰਨ ਦਾ ਯਤਨ ਕੀਤਾ ਹੈ ਅਤੇ ਪਰਾ-ਇਤਿਹਾਸ, ਕਥਾ ਤੇ ਆਖਿਆਨ ਆਦਿ ਨਾਲੋਂ ਭੇਦ ਵੀ ਕੀਤਾ ਹੈ। 'ਵੱਡ ਕਥਾ' ਦਾ ਜ਼ਿਕਰ ਕਰਕੇ ਕਹਾਣੀ ਅਤੇ ਗਲਪ ਵਿਚਲਾ ਅੰਤਰ ਵੀ ਸਪੱਸ਼ਟ ਕੀਤਾ ਹੈ। ਪਹਿਲਾ ਨਿਬੰਧ ਹੈ ਜਿਸ ਵਿਚ ਲੇਖਕ ਅਮਰੀਕਾ ਤੇ ਇੰਗਲੈਂਡ ਦੇ ਲੇਖਕਾਂ ਦੇ ਹਵਾਲੇ ਦੇਕੇ ਉਨ੍ਹਾਂ ਦੀ ਰਾਇ ਨੂੰ ਇਥੇ ਲਿਆਉਂਦਾ ਹੈ। ਲੇਖਕ ਭਿੰਨ ਭਿੰਨ ਕਥਾ ਰੂਪਾਂ ਦਾ ਵਿਵਰਣ ਤੇ ਵਿਆਖਿਆ ਦਿੰਦਾ ਦਿੰਦਾ ਵਿਅਕਤੀਗਤ ਕਹਾਣੀ ਤੇ ਆ ਜਾਂਦਾ ਹੈ ਅਤੇ ਆਪਣੀ ਕਹਾਣੀ ਲਿਖਣ ਦਾ ਹਾਲ ਖੁਲ੍ਹ ਕੇ ਦਰਜ ਕਰਦਾ ਹੈ. ਜਿਸਦਾ ਕੁਝ ਹਿੱਸਾ ਅਸੀਂ ਸਾਰ ਰੂਪ ਵਿਚ ਇਥੇ ਦਿੱਤਾ ਵੀ ਹੈ ਇਸੇ ਤਰ੍ਹਾਂ 'ਨਾਟਕ ਅਤੇ ਖੇਲ' ਤੇ 'ਪਰਖ ਆਦਰਸ਼ ਗੱਦ ਗੁਣ' ਲੇਖਾਂ ਵਿਚ ਵੀ ਕ੍ਰਮਵਾਰ ਨਾਟਕ ਤੇ ਨਾਟਕ ਦੇ ਵਿਭਿੰਨ ਰੂਪਾਂ ਅਤੇ ਗੱਦ ਤੇ ਗੱਦ ਦੇ ਵਿਭਿੰਨ ਰੂਪਾਂ ਦਾ ਅਧਿਅਨ ਅਤੇ ਆਪਣੀਆਂ ਕਲਾ ਕਿਰਤਾਂ ਬਾਰੇ ਵੇਰਵਾ ਦਿੱਤਾ ਗਿਆ ਹੈ। ਤੀਜੇ ਨਿਬੰਧ ਵਿਚ ਤਾਂ ਸ੍ਰੀ ਗੁਰਦਿਆਲ ਸਿੰਘ ਖੋਸਲਾ ਦਾ ਲਿਖਿਆ ਬਹੁਤ ਵੱਡਾ ਲੇਖ ਦਰਜ ਹੈ ਜਿਸ ਵਿਚ ਖੋਸਲਾ ਜੀ ਨੇ ਡਾ. ਦੀਵਾਨਾ ਦੇ ਜੀਵਨ ਤੇ ਸਾਹਿੱਤ ਬਾਰੇ ਵੇਰਵਾ ਦਿੱਤਾ ਹੈ। ਇਸਨੂੰ ਡਾਕਟਰ ਸਾਹਿਬ ਇਕ 'ਪਰਖ ਆਦਰਸ਼' ਦਾ ਨਾਂ ਦਿੰਦੇ ਹਨ। ਮਗਰੋਂ ਇਨ੍ਹਾਂ ਨੇ ਖੁਦ ਖੋਸਲਾ ਜੀ ਬਾਰੇ ਟਿੱਪਣੀ ਦਰਜ ਕੀਤੀ ਹੈ, ਜਿਸ ਵਿਚੋਂ ਦੋਵਾਂ ਦੇ ਹੋਏ ਨਿਜੀ ਸਮਝੌਤੇ ਦੇ ਵੇਰਵੇ ਵੀ ਲੱਭਦੇ ਹਨ 'ਕਿ ਮੈਂ ਤੈਨੂੰ ਮੁੱਲਾਂ ਕਹਿਣਾ ਹਾਂ ਤੂੰ ਮੈਨੂੰ ਕਾਜ਼ੀ ਕਹਿ' ਉਂਝ, ਅੰਤਮ ਪੱਤਰਿਆਂ ਵਿਚ 'ਗੱਦ ਦੀ ਚੰਗੀ ਪਰਿਭਾਸ਼ਾ, ਗੱਦ-ਪ੍ਰਕਾਰ, ਇੰਨ੍ਹਾਂ ਪ੍ਰਕਾਰਾਂ ਦਾ ਪਰਸਪਰ ਸੰਬੰਧ, ਪੰਜਾਬੀ ਗੱਦ ਦਾ ਸੰਖਿਪਤ ਵਿਕਾਸ ਅਤੇ ਚੰਗੀ ਗੱਦ-ਸ਼ੈਲੀ ਦੇ ਗੁਣ ਵੀ ਦੱਸੇ ਗਏ ਹਨ ਜਿਨ੍ਹਾਂ ਤੋਂ ਡਾ. ਦੀਵਾਨਾ

Sri Satguru Jagjit Singh Ji Elibrary NamdhariElibrary@gmail.com

ਦੀ ਵਿਦਵੱਤਾ ਦੇ ਝਲਕਾਰੇ ਮਿਲਦੇ ਹਨ। ਹੁਣ ਇਨ੍ਹਾਂ ਨਿਬੰਧਾਂ ਬਾਰੇ ਵਿਚਾਰ ਪੇਸ਼ ਕਰਦੇ ਹਾਂ :

(1) ਕਹਾਣੀ-ਗੱਪ : ਗੱਪ ਲੇਖਕ ਗਲਪ ਲਈ ਵਰਤ ਗਿਆ ਹੈ।

"ਭਾਰਤ ਵਿਚ ਪੁਰਾ-ਇਤਿਹਾਸ, ਕਥਾ, ਆਖਿਆਨ, ਵੈਦਿਕ ਕਾਲ ਤੋਂ ਚਲੀਆਂ ਆਉਂਦੀਆਂ ਹਨ, ਜਿਵੇਂ ਰਿਗਵੇਦ ਵਿਚ ਉਰਵਸ਼ੀ, ਪੁਰੂਰਵਾ ਦੀ ਕਹਾਣੀ ਵੱਲ ਸੰਕੇਤ ਹੈ। ਗੁਣਾਢੈ ਦੀ ਪਿਸ਼ਾਚੀ ਅਪਭ੍ਰੰਸ਼ (ਪਰਾਚੀਨ ਪੰਜਾਬੀ ਵਿਚ 'ਬੱਡ ਕਹਾ' ਸੀ।) ਸੰਸਕ੍ਰਿਤ......

ਇਉਂ ਸੰਖੇਪ ਇਤਿਹਾਸ ਦੇਣ ਪਿਛੋਂ ਲੇਖਕ ਕਥਾ-ਕਹਾਣੀ ਤੇ ਗਲਪ-ਗੱਪ ਵਿਚ ਅੰਤਰ ਸਪੱਸ਼ਟ ਕਰਦਾ ਹੈ। ਫੇਰ ਕਹਾਣੀ ਦੀ ਪਰਿਭਾਸ਼ਾ ਦੇ ਕੇ ਤੱਤ ਦੱਸਦਾ ਹੈ :

ਪਹਿਲੀ ਚੀਜ਼ ਤੇ ਕਹਾਣੀ ਵਿਚ 'ਕਹਾਣੀ' ਹੈ, ਚੰਗੀ ਤੇ ਸੁਆਦਲੀ ਗੱਲ (ਗਲਪ) ਜਾਂ (1) ਕਹਣ (ਕਥਨ) ਜੋਗ ਘਟਨਾ (2) ਚੀਜ਼ ਇਹ ਕਿ ਕਹਾਣੀ ਸਮੁੱਚੇ ਤੌਰ ਤੇ ਮੰਨਣ ਜੋਗ ਵੀ ਹੋਵੇ। ਫੇਰ ਉਹ (3) ਸਾਡਾ ਮਨ ਪਰਚਾਉਣ ਲਈ, ਸਾਡੀ ਕਲਪਨਾ ਨੂੰ ਮਚਾਉਣ ਲਈ ਤੇ ਸਾਡੇ ਰਿਦੇ ਨੂੰ ਤੜਪਾਉਣ ਲਈ ਆਪਣੇ ਅੰਦਰ ਨਕਸ਼ੇ, ਮੂਰਤਾਂ ਰਖਦੀ ਹੋਵੇ, (4) ਉਸ ਕਹਾਣੀ ਉਤੇ ਲੇਖਕ ਦੀ ਨਿਜੀ ਕਲਪਣਾ ਜਾਂ ਅਨੁਭਵ ਖੇਤੀ ਵਿਚੋਂ ਵਸਤ ਉਪਜਾਈ ਹੈ। ਫੇਰ (5) ਕਹਾਣੀ ਵਿਚ ਮਨੁੱਖ ਜਾਤੀ ਦੇ ਸਾਧਾਰਣ ਸਭ ਤੋਂ ਬਹੁਤ ਦੂਰ ਦੀ ਗੱਪ, ਤੇ ਮਨੁੱਖ ਪਹੁੰਚ ਤੇ ਚੜ੍ਹ-ਲੱਥ ਤੋਂ ਬਹੁਤ ਪਰੇਰੇ, ਹੇਠਾਂ ਦੀ ਕੋਈ ਕਹਾਣੀ ਤੇ ਕਹਿਣੀ ਨਾ ਹੋਵੇ। ਮਗਰੋਂ ਕੁਝ ਅੰਗ੍ਰੇਜ਼ੀ ਵਾਕਾਂ ਰਾਹੀਂ ਕਹਾਣੀ ਦਾ ਸਰੂਪ ਨਿਸ਼ਚਿਤ ਕੀਤਾ ਗਿਆ ਹੈ :

(1) A good story to tell (2) On the whole, a credible story, (3) A distinct interest in characterization, (4) A story personal colouring and a mark of individual authority (5) Figures human, (6) Criticism of the manners of the day, (7) Revealing characters through a minimum of illustration & significant detail, (8) Unity of Time & Place, (9) Setting a vital factor in stories.

"ਕਹਾਣੀ-ਗੱਪ, ਅਨੁਭਵ ਜਾਂ ਕਲਪਣਾ ਤੇ ਉਸਰੀ ਸੰਜਮ ਨਾਲ ਵਰਣਨ ਕੀਤੀ ਹੋਈ ਨਖੇੜੇ, ਬਿਰਤਾਂਤ, ਮੂਰਤਕਾਰੀ, ਸੁਹਾਕਾਰੀ ਵਜੋਂ ਬਚ ਬਚ ਕੇ ਤੁਰਦੀ ਜਾਂਦੀ।... ਚੰਗੇ ਚੰਗੇ ਉਪਨਿਆਸ ਨਾਵਲ-ਲਿਖਾਰੀ ਚੰਗੀ ਕਹਾਣੀ, ਨਿਕੀ ਕਹਾਣੀ, ਨਹੀਂ ਰਚ ਸਕਦੇ, ਕੁੱਜੇ ਵਿਚ ਸਮੁੰਦਰ ਬੰਦ ਕਰਨਾ ਕਿਸੇ ਟਾਂਵੇ ਬੀਰ ਰਿਸ਼ੀ ਦਾ ਹੀ ਕੰਮ ਹੁੰਦਾ ਹੈ, ਵਿਰਾਟ ਨੂੰ ਬਾਵਨ ਕਰਨਾ, ਸਮਸ਼ਟੀ ਨੂੰ ਵਿਅਸ਼ਟੀ।

ਫੇਰ ਅਮਰੀਕੀ ਤੇ ਇਗਲਸਤਾਨੀ ਫਰਾਂਸੀਸੀ ਤੇ ਰੂਸੀ ਲੇਖਕਾਂ ਦੇ ਹਵਾਲੇ ਲੈਕੇ ਗੱਲ ਦੀ ਵਿਆਖਿਆ ਕੀਤੀ ਹੈ। ਵਿਲੀਅਮਸ, ਸਟੀਵਨਸਨ, ਪੋ, ਡਰੀਉ, ਰਿਚਰਡ

Sri Satguru Jagjit Singh Ji Elibrary NamdhariElibrary@gmail.com

ਚਰਚ, ਮੋਪਾਸਾਂ, ਆਦਿ ਦੇ ਭਰਪੂਰ ਹਵਾਲੇ ਦੇਣ ਦੇ ਨਾਲ ਨਾਲ, ਆਪਣੇ ਵੱਲੋਂ ਤਕੜੀਆਂ ਟਿੱਪਣੀਆਂ, ਵਿਆਖਿਆ ਦਿੱਤੀ ਗਈ ਹੈ।

ਇਸੇ ਲੇਖ ਵਿਚ ਲੇਖਕ ਆਪਣੀ ਕਹਾਣੀ ਬਾਰੇ ਲਿਖਦਾ ਹੈ "ਸਭ ਤੋਂ ਪਹਿਲੀ ਕਹਾਣੀ ਮੈਂ ਉਰਦੂ ਵਿਚ 'ਜੋਗੀ' ਨਾਂ ਦੀ 1915 ਵਿਚ ਲਿਖੀ ਸੀ। ਸਾਧਾਂ ਸੰਤਾਂ ਨਾਲ ਮੈਨੂੰ ਮੁੱਢ ਤੋਂ ਸ਼ਰਧਾ ਸੀ ਤੇ ਜੀਵਨ ਦੀਆਂ ਅਸਹਿ ਮਾਰਾਂ ਤੋਂ ਨੱਸ ਕੇ ਸ਼ਰਨ ਲੈਣ ਲਈ ਸਾਧਗੀਰੀ ਨੂੰ ਹੀ ਇਕ ਮਾਤਰ ਢੋਈ ਸਮਝਦਾ ਸਾਂ, ਉਸ ਤੋਂ ਬਾਅਦ ਮੈਨੂੰ ਯਾਦ ਪੈਂਦਾ ਹੈ ਕਿ ਮੈਂ ਉਰਦੂ ਵਿਚ ਹੀ "ਵੈਰਾਨ ਮੰਦਰ" ਕਹਾਣੀ ਲਿਖੀ 1917 ਵਿਚ। ਇਹ ਅਸਫਲ ਪ੍ਰੇਮ ਦੇ ਕ੍ਰੋਧ ਵਿਚ ਕਿਸੇ ਜੀਵ ਦੀ ਹੱਤਿਆ ਕਰਨ ਵਾਲੇ ਦੀ ਪ੍ਰਤਿਕ੍ਰਿਆ ਦਾ ਪਾਪ ਫਲ ਸਹਿਣ ਉੱਤੇ ਰੱਬ ਵੱਲੋਂ ਮਜ਼ੂਬ ਕੀਤੇ ਜਾਣ ਦਾ ਦ੍ਰਿਸ਼ ਸੀ। ਹੋਰ ਵੀ ਬਹੁਤ ਕਹਾਣੀਆਂ ਉਰਦੂ ਵਿਚ ਲਿਖੀਆਂ। 1925-32 ਦੇ ਵਿਚਕਾਰ ਮੈਂ ਹਿੰਦੀ ਵਿਚ ਕਈ ਤਰ੍ਹਾਂ ਦੀਆਂ ਕਹਾਣੀਆਂ ਲਿਖੀਆਂ ਜਿਨ੍ਹਾਂ ਦੀ ਮੇਰੀ ਆਸ਼ਾ ਤ੍ਰਿਸ਼ਨਾ ਤੋਂ ਵੀ ਵੱਧ ਪ੍ਰਸੰਸਾ, ਸਲਾਹਤ ਸਿਫ਼ਤ ਹੋਈ। ਪ੍ਰੇਮ ਚੰਦ ਜੀ, ਸੁਦਰਸ਼ਨ ਜੀ ਤੇ ਕੋਸ਼ਲ ਜੀ, ਪਦਮ ਲਾਲ ਪੰਨਾ ਲਾਲ, ਬਖਸ਼ੀ ਜੀ, ਮੋਹਨ ਲਾਲ ਜੀ ਮਹਤੋ ਜੀ, ਬਨਾਰਸੀ ਦਾਸ ਚਤੁਰਵੇਦੀ ਜੀ, ਵਿਨੋਦ ਸ਼ੰਕਰ ਭਿਆਸ ਜੀ, ਕਨਹੈਈਆ ਲਾਲ ਜੀ, ਗਣੇਸ਼ ਸ਼ੰਕਰ ਵਿਦਿਆਰਥੀ ਜੀ, ਸੁਮਨ ਅਤੇ ਹੋਰ ਲੇਖਕਾਂ ਪਾਰਖਾਂ ਨੇ ਮੁਕਤ ਕੰਠ ਨਾਲ ਕਹਾਣੀਆਂ ਦੀ ਭਾਸ਼ਾ, ਗੋਂਦ, ਆਦਿ ਅੰਤ, ਸ਼ੈਲੀ-ਚਿੱਤਰ ਚਿਤਰਮਈ, ਨਖੇਤ-ਫਰੱਲ, ਏਕਤਾ, ਰਸ-ਧੁਨੀ, ਗੱਲਬਾਤ ਦੀ ਗੰਭੀਰਤਾ, ਉਪਯੋਗਿਤਾ ਤੇ ਢੁੱਕ-ਠੁੱਕ ਦੇ ਨਵਾਪੇ ਤੇ ਨਿਜਤਾ ਨੂੰ ਪਸੰਦ ਕੀਤਾ। ਪ੍ਰੇਮ ਚੰਦ ਜੀ ਨੇ 'ਮਾਧੁਰੀ' ਵਿਚ ਲਿਖਿਆ ਕਿ ਦੀਵਾਨਾ ਸਾਹਿਬ ਸੰਕੇਤ ਕਲਾ ਵਿਚ ਸਿੱਧਹਸਥ ਹਨ ਪਰ ਨਾਲ ਹੀ ਕਿਹਾ ਕਿ ਅਜੇ ਭਾਰਤੀ ਸਮਾਜ ਨੂੰ ਬੁਰਿਆਂ ਦੀ ਬੁਰਿਆਈ ਨੂੰ ਨੰਗਾ ਕਰਨ ਵਾਲੀਆਂ ਕਹਾਣੀਆਂ ਦੀ ਲੋੜ ਨਹੀਂ। ਇਹ ਉਨ੍ਹਾਂ ਹਿੰਦੀ ਕਹਾਣੀਆਂ ਨੇ ਮੇਰੇ ਪਹਿਲੇ ਸੰਗ੍ਰਹਿ 'ਸਦਾ ਗੁਲਾਬ' (ਬਾਰੇ ਕਿਹਾ ਸੀ)। ਪਿੱਛੋਂ ਲਿਖੀਆਂ ਕਹਾਣੀਆਂ ਦਾ ਮਸਾਲਾ ਕਚਹਿਰੀ ਦਿਆਂ ਮੁਕੱਦਮਿਆਂ ਤੋਂ ਨਹੀਂ ਸੀ ਲਿਆ ਗਿਆ, ਅਤੇ ਉਨ੍ਹਾਂ ਦਾ ਵਾਹ ਅਨੁਭਵ ਨਾਲ ਜਾਂ ਕਲਪਣਾ ਨਾਲ ਸੀ। ਪਿੱਛੋਂ ਪ੍ਰੇਮ ਚੰਦ ਜੀ ਆਪ 'ਪ੍ਰੋਗ੍ਰੈਸਿਵ' ਅਗਾਂਹਵਧੂ ਹੋ ਗਏ ਤੇ ਕਲਾਕਾਰਾਂ ਨੂੰ ਸੜਾਈ ਦੇ ਦਰੋਗੇ ਬਣਨ ਲਈ ਚੁੱਕਣ ਤੇ ਵੰਗਾਰਣ ਵਾਲੇ ਗੁਣ ਸਨ। ਪੰਜਾਬੀ ਵਿਚ ਪਹਿਲੀ ਕਹਾਣੀ ਮੈਂ ਸ਼ਾਇਦ 1934 ਵਿਚ ਲਿਖੀ ਸੀ।

"ਮੈਨੂੰ ਕਿਸੇ ਦੋਰੇ ਹਲਕੇ ਵਿਚ ਬੰਦ ਰਹਿਣਾ ਚੰਗਾ ਨਹੀਂ ਲੱਗਦਾ। ਮੇਰੀ ਰੁਚੀ ਚੌਪਾਸੇ ਨਜ਼ਰ ਦੁੜਾਨ ਦੀ ਹੈ। ਫੇਰ ਮੈਂ ਸਮਝਦਾ ਹਾਂ ਕਿ ਹਰੇਕ ਸਰੀਰ ਵਿਚ ਆਤਮਾ ਬਿਰਾਜਮਾਨ ਹੈ ਜਿਸ ਦਾ ਅਰਥ ਇਹ ਹੈ ਕਿ ਕੋਈ ਜੀਵ ਸਾਡੀ ਘਿਰਣਾ, ਸਾਡੇ ਅਨਾਦਰ, ਸਾਡੀ ਤਲਵਾਰ ਬੰਦੂਕ ਦਾ, ਘੱਟ ਤੋਂ ਘੱਟ ਮੂਲੋਂ, ਪਾਤਰ ਨਹੀਂ, ਉਹ ਸਾਡੀ ਸਹਾਇਤਾ, ਸਾਡੀ ਹਮਦਰਦੀ, ਸਾਡੀ ਪਨਾਹ ਦਾ, ਸਾਡੇ ਤਰਸ ਦਾ ਪਾਤਰ ਹੈ। ਤੀਜੀ ਗੱਲ ਕਿ ਮੈਂ ਕਹਾਣੀ ਨੂੰ ਫੁੱਲ ਵਾਂਗ ਇਕ ਲਹੁਕੀ ਚੀਜ਼ ਮੰਨਦਾ ਹਾਂ ਤੇ ਇਸਨੂੰ ਜਾਂ ਤਿੱਤਰੀ ਬਣ ਉੱਡਦੀ ਵੇਖਣ ਤੋਂ ਰਾਜ਼ੀ ਖ਼ੁਸ਼ ਹਾਂ ਜਾਂ ਬੀਰ ਬਹੁਟੀ ਜਾ ਧੱਬੀ ਬਣ ਕੇ ਹੇਠਾਂ ਤੁਰਦੀਆਂ।...ਮਨੁੱਖ ਦੀ ਕ੍ਰਿਤ ਮਨੁੱਖਤਾ ਦੀ ਸੀਮਾ ਵਿਚ ਰਹੇ, ਵਿਅਕਤਿਤਵ ਕੰਮ ਰਖੇ,

Sri Satguru Jagjit Singh Ji Elibrary NamdhariElibrary@gmail.com

ਤੇ ਹਰ ਹਾਲਤ ਵਿਚ ਉਚਾਣ ਵਲ, ਸਮਤਾ ਵਲ, ਸੰਤੋਖ ਵਲ, ਵਿਸਾਹ ਵਲ, ਬਿਰਹਾ ਦਰਦ-ਦਾਰੂ ਵੱਲ ਸਾਡੀ ਸੁਰਤ-ਲਿਵ ਨੂੰ ਪਰੇਰੇ ।

...ਇਨ੍ਹਾਂ ਕਹਾਣੀਆਂ ਵਿਚ ਰੰਗ ਰੰਗ ਦੇ ਤਮਾਸ਼ੇ ਹਨ, ਪਰ ਸਭ ਤਮਾਸ਼ਿਆਂ ਦਾ ਜੀਅ ਪਰਾਨ ਨਿੱਤ ਦਾ ਸਧਾਰਣ ਜੀਵਨ ਹੈ । ਤੇ ਜੀਵਨ, ਤੁਸੀਂ ਜਾਣਦੇ ਹੀ ਹੋ ਅਨੁਭਵ ਤੋਂ ਬੜਾ ਰਲਗੱਡ ਜਹਿਆ ਮਾਮਲਾ ਤੇ ਕਿੱਸਾ ਹੈ । ਕਦੀ ਨਾ ਪੁੱਜਣ ਵਾਲਾ, ਅਨਾਦੀ, ਅਨੰਤ ਤੇ ਸਭ ਥਾਂ ਤੇ ਇਕੋ ਜਿਹਾ, ਜਿਵੇਂ ਸਮੁੰਦਰ ਦੇ ਕਿਸ ਭਾਗ ਚੋਂ ਪਾਣੀ ਲੌ, ਖਾਰਾ ਹੀ ਹੋਵੇਗਾ ...ਜੀਵਨ ਦਾ ਪਰਿਓਜਨ, ਲੱਖ, ਜੀਉਣਾ ਹੈ ਤੇ ਠੰਢੇ ਸਾਹ ਭਰਦਿਆਂ ਵੀ ਜੀਵੀ ਜਾਈਦਾ ਹੈ ਤੇ ਹਿਰ ਹਿਰ ਕਰਦੇ ਦੰਦ ਅੜਦਿਆਂ ਵੀ, ਚਾਬਕ ਖਾਂਦਿਆਂ ਵੀ ਤੇ ਚਾਬਕਾਂ ਮਾਰਦਿਆਂ ਵੀ । ਮੇਰੀਆਂ ਬੱਤਰੀ ਕਹਾਣੀਆਂ ਜੀਵਨ ਦੇ ਰਲ ਗੱਡ, ਢਹਿ ਉੱਚ, ਸਚ-ਝੂਠ, ਚੰਗ-ਮੰਦ ਨੂੰ ਉਂਗਲੀ ਨਾਲ ਵਿਖਾ ਕੇ ਤੁਹਾਨੂੰ ਜੀਵਨ ਦੇ ਹੋਰ ਨੇੜੇ, ਆਪਣੇ ਆਤਮੇ ਦੇ ਹੋਰ ਕੋਲ ਲਿਜਾਉਂਦੀਆਂ ਹਨ ।

ਇਹ ਤੁਹਾਡੀਆਂ ਹੀ ਕਹਾਣੀਆਂ ਹਨ । ਸਿਰਫ਼ ਏਸ ਖਾਤਰ ਕਲਾ ਜੁਗਤ ਸੁਣਾਈਆਂ ਗਈਆਂ ਕਿ ਤੁਸੀਂ ਆਪਣੇ ਲੁੱਕੇ ਨੂੰ ਉਘੜਿਆ ਵੇਖਕੇ ਆਪਣੇ ਕੇਂਦਰ ਤੋਂ ਹਟਣ ਦੀ ਥਾਂ ਤੇ ਉਸ ਉੱਤੇ ਕੈਮ ਹੋ ਜਾਓ ਤੇ ਆਪਣੇ ਨੂੰ ਵੱਖਰਾ, ਵੱਡਾ ਵਿਰੋਧੀ, ਵਿਗਾੜੂ ਬਣਾਣ ਦੀ ਬਜਾਏ-ਵਾਸੁਦੇਵਾਹ ਸਰਵਮ ਇਤੀ— ਦਾ ਪਰਮ-ਅਰਥ ਜਾਣ ਕੇ, ਸਭ ਦੇ ਪ੍ਰੇਮੀ, ਹਿਤੂ, ਸਭ ਦੇ ਬਰਾਬਰ, ਸਭ ਦੇ ਮਿੱਤਰ ਤੇ ਸਭ ਦੇ ਉਸਾਰੀਏ ਹੋਣ ਦਾ ਜਤਨ ਕਰੋ ।"

ਇਂਵ ਇਹ ਲੇਖ ਵਿਸ਼ੇਗਤ ਤੇ ਵਿਸ਼ਈਗਤ ਪ੍ਰਕਾਰਾਂ ਦਾ ਸੁੰਦਰ ਸੁਮੇਲ ਹੈ ।

## (2) ਨਾਟਕ ਅਤੇ ਖੇਲ

ਸਭ ਤੋਂ ਪਹਿਲਾਂ ਨਾਟਕ ਤੇ ਖੇਲ (ਡਰਾਮਾ ਤੇ ਪਲੇ) ਵਿਚ ਅੰਤਰ ਕੀਤਾ ਹੈ ਕਿ ਨਾਟਕ ਵਿਚ 3, 5, 7 ਜਾਂ 9 ਦਰਸ਼ (ਦ੍ਰਿਸ਼ ਨਹੀਂ ਲਿਖਿਆ) ਹੁੰਦੇ ਹਨ ਤੇ ਖੇਡ ਵਿਚ 3, 5, 7 ਜਾਂ 9 ਝਾਕੀਆਂ ਹੁੰਦੀਆਂ ਹਨ ।" ਅਸਲੀ ਫਰਕ ਅੰਤਰ ਨਾਟਕ ਅਤੇ ਖੇਲ ਵਿਚ ਦੇਸ਼ ਤੇ ਕਾਲ ਦਾ ਹੈ । ਖੇਲ ਖਲਿਆਰ ਨਹੀਂ ਖਲਾਰਦਾ, ਥੋੜੀ ਗੱਲ ਥੋਹੜੇ ਸਮੇਂ ਵਿਚ ਥੋੜਿਆਂ ਪਾਤਰਾਂ ਨਾਲ ਥੋੜੀ ਗੁੰਝਲ ਪਾਇਆਂ ਥੋਹੜੀ ਥਾਂ ਵਿਚ ਪਸਰੀ, ਕਰ ਦਿਖਾਉਂਦਾ ਹੈ । ਬਾਕੀ ਰਹੇ ਅੰਗ, ਸੋ ਛੇ ਸੱਤ ਅੰਗ ਓਹਦੇ ਤੇ ਇਹਦੇ ਸਾਂਝੇ ਹਨ, ਤੇ ਕੀ ਨਾਟਕ ਤੇ ਕੀ ਖੇਲ, ਦੋਹਾਂ ਦੀਆਂ ਕਿਸਮਾਂ ਉਹੀ ਹਨ । ਜੋ ਫਰਕ ਨਾਵਲ ਤੇ ਕਹਾਣੀ ਦਾ ਹੈ ਉਹੀ ਨਾਟਕ ਤੇ ਖੇਲ ਦਾ ।"

ਪਰਕਾਰ ਵੰਡ—ਘਟਨਾ ਪਰਧਾਨ, ਪਾਤਰ ਪਰਧਾਨ, ਵਿਚਾਰ ਪਰਧਾਨ ।

ਅਪਨੇ ਸੁਭਾਉ ਅਨੁਸਾਰ ਡਾ. ਮੋਹਨ ਸਿੰਘ ਆਪਣੀ ਆਲੋਚਨਾ ਵੀ ਖੁਦ ਹੀ ਕਰਦੇ ਹਨ, ਇਥ ਵੀ ਨਾਟਕ ਖੇਤਰ ਦੀ ਆਪਣੀ ਦੇਣ ਬਾਰੇ ਇਉਂ ਦੱਸਦੇ ਹਨ—" ਹਿੰਦੀ ਵਿਚ ਸਭ ਤੋਂ ਪਹਿਲਾ ਸਮੱਸਿਆ ਖੇਲ (ਪਰਾਬਲਮ ਪਲੇ) ਮੈਂ ਹੀ ਲਿਖੇ ਸਨ, ਖੁਦਾ ਔਰ ਸ਼ੈਤਾਨ, ਨਇਆ ਅਵਤਾਰ, ਨਈ ਗੀਤਾ । ਨਇਆ ਅਵਤਾਰ ਉਰਦੂ ਵਿਚ ਵੀ ਛਾਪਿਆ ।

ਪੰਜਾਬੀ ਵਿਚ 4 ਖੇਲ ਲਿਖੇ। (ਦੋ ਖਿਲੰਦੜ ਤੇ ਦੋ ਪੜ੍ਹੰਦੜ) ਭੁੱਖ, ਸੁਅਰਗ, ਗੁਰੂ, ਭਗਤਣ। ਇਹ ਪੰਖੜੀਆਂ ਨਾਂ ਨਾਲ ਛਾਪੇ ਗਏ ਸਨ ਤੇ ਹਿੰਦੀ ਵਾਲੇ ਸੁਰਾਵਲੀ ਨਾਂ ਹੇਠਾਂ। ਹਿੰਦੀ ਤੇ ਅੰਗ੍ਰੇਜ਼ੀ ਵਿਚੋਂ ਉਲਟਾਏ ਖੇਲਾਂ ਦਾ ਸੰਗ੍ਰਹ ਮੈਂ 'ਪੰਜ ਇਕਾਂਕੀ' ਨਾਂ ਹੇਠ ਛਾਪਿਆ ਸੀ। ਪੰਖੜੀਆਂ ਵਿਚ ਨਾਟਕ, ਖੇਲ ਸਾਂਗ ਸਨਬੰਧੀ ਪੂਰੀ ਵਿਆਖਿਆ ਦਿੱਤੀ। ਭੁਖ ਤੇ ਸੁਮਾਰਗ ਵਿਚਾਰ-ਪਰਧਾਨ ਖੇਲ ਸਨ। (ਆਈਡੀਆਂ ਪਲੇਜ਼) ਅਤੇ ਗੁਰੂ ਤੇ ਭਗਤਣ, ਪਾਤਰ ਪਰਧਾਨ। ਦੋ ਸਵੱਹੀਏ ਮੇਰੇ ਹਨ, ਏਸ ਬਾਰੇ ਸਵੱਈਏ ਨਾਟਕਕਾਰ ਦੀਵਾਨਾ ਵਿਚ ਆ ਹੀ ਚੁੱਕੇ ਹਨ, ਇਸ ਲਈ ਇਥੇ ਦੁਹਰਾਉਣਾ ਠੀਕ ਨਹੀਂ)।

## (3) ਪਰਖ ਆਦਰਸ਼ ਤੇ ਗੱਦ ਗੁਣ

ਮੁੱਢ ਵਿਚ ਸ੍ਰੀ ਗੁਰਦਿਆਲ ਸਿੰਘ ਖੋਸਲਾ ਵਲੋਂ ਲਿਖਿਆ ਇਕ ਨਿਬੰਧ ਦਿੱਤਾ ਹੈ ਜਿਸ ਵਿਚ ਡਾ ਦੀਵਾਨਾ ਦੀ ਸਾਹਿੱਤ ਸਾਧਨਾ ਦੇ ਕਈ ਉੱਤਮੀ ਪੱਖਾਂ ਨੂੰ ਉਘਾੜਿਆ ਗਿਆ ਹੈ। ਫੇਰ ਲੇਖਕ ਇਸ ਬਾਰੇ ਆਪਣਾ ਤਬਸਰਾ ਕਰਕੇ ਗੱਦ ਦੇ ਵੇਰਵਿਆਂ ਦਾ ਜ਼ਿਕਰ ਕਰਦਾ ਹੈ। ਇਕ ਤਰ੍ਹਾਂ ਨਾਲ ਇਸ ਨਿਬੰਧ ਨੂੰ 'ਪਰੈਕਟੀਕਲ ਕ੍ਰਿਟੀਸਿਜ਼ਮ' ਦਾ ਸੁੰਦਰ ਨਮੂਨਾ ਕਿਹਾ ਜਾ ਸਕਦਾ ਹੈ। ਲੇਖਕ ਦੇ ਵਿਚਾਰ ਦੇਖੋ—" ਸਰਦਾਰ ਗੁਰਦਿਆਲ ਸਿੰਘ ਜੀ ਖੋਸਲਾ ਦਾ ਇਹ ਲੰਮਾ ਨਿਬੰਧ ਮੈਂ ਇਸ ਲਈ ਦਿੱਤਾ ਹੈ ਕਿ ਇਹ ਆਦਰਸ਼ ਪਰਖ, ਛਾਣ ਪੁਣ ਦੀ ਉੱਤਮ ਵੰਨਗੀ ਹੈ ਨਾਲੇ ਉੱਤਮ ਗੱਦ ਦਾ ਨਮੂਨਾ। ਪਰਖ ਆਦਰਸ਼ ਹੈ ਕਿ ਲੇਖਕ ਦੇ ਮਨ, ਉਸਦੇ ਹੁਨਰ, ਉਸਦੀ ਪੁਜ ਤੇ ਉਸਦੀ ਅਪੁਜ ਦਾ ਵੇਰਵਾ ਦਿਤਾ ਜਾਏ, ਹਮਦਰਦੀ-ਸਹਾਨੁਭੂਤੀ ਨਾਲ, ਸਮਤਾ ਨਾਲ, ਡਿੱਠ ਡੂੰਘ ਨਾਲ, ਲੇਖਕ ਦੇ ਆਪਣੇ ਤੁਲ ਉੱਤੇ ਬਹਿ ਕੇ, ਲੇਖਕ ਨੂੰ ਇਕ ਵਿਗਾਸਦਾ, ਵਧਦਾ, ਪਕਦਾ ਫੁਲ ਰਲ ਸਮਝ ਕੇ, ਉਸਦੀ ਸਾਰੀ ਕਰਣੀ ਕਹਿਣੀ ਨੂੰ ਇਕ ਲੜੀ ਜਾਣ ਕੇ, ਲੇਖਕ ਦੀ ਨਿਜਤਾ ਨੂੰ ਆਪਣੀ ਨਿਜਤਾ ਦੇ ਤਰੱਕੜ ਉੱਤੇ ਤੋਲ ਕੇ।

ਤੇ ਗਦ ਦੇ ਗੁਣ ਇਹ ਹਨ ਕਿ ਉਸ ਦੇ ਰਾਹੀਂ ਇਕ ਪੱਕੀ ਸ਼ੈਲੀ ਦੀ ਪਰਦਰਸ਼ਨੀ ਕਰਾਈ ਜਾਵੇ, ਉਸ ਵਿਚ ਜੁਗਤੀ, ਦਲੀਲ-ਹੁਜਤ ਹੋਵੇ ਉਸ ਵਿਚ ਇਕ-ਰਸਤਾ ਹੋਵੇ, ਸੂਤਰ-ਪਰੋਤ ਹੋਵੇ, ਉਸ ਵਿਚ ਉਦਾਹਰਣ ਮਿਸਾਲਾਂ ਪਰਮਾਣ ਹੋਣ, ਉਸ ਵਿਚ ਸ਼ੀਲ, ਠਰੰਮ੍ਹੇ, ਨਖੇੜ ਵਾਲੇ ਸ਼ਬਦ ਵਿਚਾਰ ਹੋਣ। ਅਜੇਹੀ ਗਦ ਪਦ ਨਾਲੋਂ ਬਹੁਤ ਕਠਿਨ ਹੁੰਦੀ ਹੈ ਲਿਖਣੀ।

Good prose is far more difficult to write than good poetry. Great prose is as much inspired as great poetry and both are characterized by depth, balance analytical and synthetic genius integration, reasoning explicit or implicit, personal touch and style, chosen vocabulary, fresh realized imagery and a universal out look.

ਲੇਖਕ ਗੱਦ ਲਿਖਣ ਵਾਲੇ ਕੁਝ ਮੁਢਲੇ ਲੇਖਕਾਂ ਬਾਰੇ ਬਹੁਤ ਸੰਖੇਪ ਪਰ ਢੁਕਵੀਂ ਮੁੱਲਾਂਕਣ ਵਿਧੀ ਅਪਣਾਉਂਦਾ ਹੋਇਆ ਲਿਖਦਾ ਹੈ: "ਸਾਡੀ ਗੱਦ ਦੇ ਉਭਾਰੂ, ਨਿਖਾਰੂ

ਤੇ ਉਸਾਰੀਏ ਏਸ ਕਾਲ ਵਿਚ (ਰਣਜੀਤ ਸਿੰਘ ਕਾਲ ਤੋਂ ਪਿਛੋ) ਹੋਏ ਤੇ ਹਨ, ਭਾਈ ਦਿੱਤ ਸਿੰਘ, ਭਾਈ ਮੋਹਨ ਸਿੰਘ, ਸਰਧਾ ਰਾਮ, ਭਾਈ ਵੀਰ ਸਿੰਘ, ਭਾਈ ਸੇਵਾ ਸਿੰਘ, ਸਰਦਾਰ ਚਰਨ ਸਿੰਘ, ਸਰਦਾਰ ਗੁਰਬਖ਼ਸ਼ ਸਿੰਘ ਕਪੂਰ, ਭਾਈ ਜੋਧ ਸਿੰਘ, ਆਜ਼ਾਦ ਤੇ ਖੋਸਲਾ ਜੀ। ਮੈਂ ਪੂਰਣ ਸਿੰਘ ਹੋਰਾਂ ਦੀ ਗੱਦ ਤੇ ਪਦ ਦੋਹਾਂ ਨੂੰ ਇਕ ਤਜਰਬਾ, ਮਸ਼ਕ ਸਮਝਦਾ ਹਾਂ, ਪਰਾਪਤੀ ਨਹੀਂ (Experiment, not achievement) ਉਹਨਾਂ ਵਿਚ ਜੁਗਤੀ, ਪਰਮਾਣ, ਸੂਤਰ-ਬਧਤਾ, ਸ਼ਬਦ ਚੋਣ ਤੇ ਬਿਠਾਲ, ਠਰ੍ਹੰਮਾ ਨਹੀਂ ਸੀ। ਦਿੱਤ ਸਿੰਘ ਵਿਚ ਜੁਗਤੀ ਤਰਕ ਸੀ, ਵੈਦ ਜੀ ਵਿਚ ਸਪਸ਼ਟਤਾ-ਸਰਲਤਾ, ਸਰਧਾ ਰਾਮ ਵਿਚ ਸ਼ਬਦ-ਬਣਾਓ। ਵੀਰ ਸਿੰਘ ਵਿਚ ਰਸ ਤੇ ਰੰਗ, ਸੇਵਾ ਸਿੰਘ ਵਿਚ ਜ਼ੋਰ ਤੇ ਵਹਾਉ, ਕਪੂਰ ਜੀ ਵਿਚ ਨਖੇੜ, ਜੋਧ ਸਿੰਘ ਜੀ ਵਿਚ ਵਿਅਕਤੀਗਤ ਛੋਹ, ਪਰੀਤ-ਪਰਚਾਰਕ ਵਿਚ ਅਸਫਲ ਵਰਗਲਾਈ, ਅਜ਼ਾਦ ਵਿਚ ਉੱਚੀ ਸੂਚਨਾਤਮਿਕਤਾ ਤੇ ਖੋਸਲਾ ਜੀ ਵਿਚ ਸਾਰਿਆਂ ਲੋੜੀਂਦਿਆਂ ਗੁਣਾਂ ਦਾ ਪੜਤਾਲੀ ਕੰਮ ਸਨਬਧੀ ਇਕੱਠ।

ਉੱਤਮ (great) ਗੱਦ ਵਿਚ ਉੱਤਮ-ਕਾਵਿ ਰਚਨਾ ਨਾਲੋਂ ਵੱਧ ਮਿਹਨਤ, ਸੋਚ ਲੱਗਦੀ ਹੈ। ਹਾਲੀ ਦਾ ਇਕ ਸ਼ੇਅਰ ਹੈ;

ਫਰਿਸ਼ਤੇ ਸੇ ਬਿਹਤਰ ਹੈ ਇਨਸਾਨ ਬਨਨਾ
ਮਗਰ ਇਸ ਮੇਂ ਪੜਤੀ ਹੈ ਮਿਹਨਤ ਜ਼ਿਆਦਾ

ਅੱਜ ਦੇ ਬਹੁਤ ਸਾਰੇ ਅਖੌਤੀ ਕਵੀ, ਚੰਗੇ ਕਵੀ ਤਾਂ ਕਿਥੇ, ਭੈੜੇ ਗੱਦ-ਲਿਖਾਰੀ ਹਨ। ਉਹਨਾਂ ਦੀ ਅਖੌਤੀ ਕਵਿਤਾ ਗੱਦ ਤੋਂ ਵੀ ਗਈ ਗੁਜ਼ਰੀ ਹੈ।

ਗੱਦ ਵਿਚ, ਵਿਗਸਦੀ ਗੱਦ ਵਿਚ, ਸ਼ਬਦ ਸਿਰਜਨਾ ਦਾ ਕੰਮ ਬਹੁਤ ਲੋੜੀਂਦਾ ਹੋਣ ਕਰਕੇ ਸਿਰਜਨਾਤਮਕ ਲੇਖਕ ਹੀ ਇਸ ਨੂੰ ਸਿਰੇ ਚਾੜ੍ਹ ਸਕਦਾ ਹੈ; ਫੇਰ ਨਿਜੀ ਸ਼ੈਲੀ ਪਰਾਪਤ ਕਰਨ ਵਾਸਤੇ ਢੇਰ ਚਿਰ, ਢੇਰ ਪਾਸੇ ਮਸ਼ਕ ਦੀ, ਪਰੀਸ਼ਰਮ ਦੀ ਲੋੜ ਹੁੰਦੀ ਹੈ। ਕਵਿਤਾ ਵਿਚ ਚਾਲੂ ਸ਼ੈਲੀ (style) ਸ਼ਬਦਾਵਲੀ (diction) ਤੇ ਵਿਚਾਰਾਵਲੀ (ideas) ਬਿੰਬਾਵਲੀ ਤੋਂ ਕੰਮ ਲਈਦਾ ਹੈ। ਸਾਡੇ 'ਨਵੇਂ' ਕਵੀ ਪਰਾਇਆ ਆਮ ਸਾਧਾਰਣ ਬੇਂਤ ਬਾਜ਼ਾਂ, ਕਿਸੇ-ਬਾਜ਼ਾਂ, ਗੀਤਕਾਰਾਂ ਵਾਂਗ ਹੀ ਹਨ, ਇਕ ਦਾ ਦੂਜੇ ਨਾਲੋਂ ਅੰਤਰ ਲੱਭਦਾ ਹੀ ਨਹੀਂ, ਹੈ ਹੀ ਨਹੀਂ।"

ਆਪ-ਸੂਝ ਆਮ ਖਿਲਰੀ ਹੋਈ ਹੈ ਕਿ ਹਰੇਕ ਪੱਤਰੀਆ, ਅਖ਼ਬਾਰੀਆ, ਕਹਾਣੀਆ ਉਪਨਿਆਸੀ, ਨਾਟਕੀਆ, ਗੱਦ-ਲੇਖਕ ਹੈ ਤੇ ਇਕ ਹੁੰਦਾ ਦੂਜੀਆਂ ਸਾਰੀਆਂ ਸਾਹਿੱਤ-ਮੱਦਾਂ ਦੀ ਛਾਣ-ਪੁਣ, ਤੋਲ-ਨਾਪ ਕਰ ਸਕਦਾ ਹੈ। ਏਸ ਭੁਲੇਖੇ ਨੂੰ ਮਨੋਂ ਕੱਢਣਾ ਚਾਹੀਦਾ ਹੈ। ਚੰਗੇਰਾ ਗੱਦ ਲੇਖਕ ਬਣਨ ਲਈ ਚੰਗੇਰਾ ਕਵੀ ਬਣਨਾ ਜ਼ਰੂਰੀ ਹੈ ਤੇ ਚੰਗਾ ਕਵੀ ਬਣਨ ਲਈ ਚੰਗਾ ਗੱਦ ਲੇਖਕ ਬਣਨਾ ਹੋਰ ਵੀ ਜ਼ਰੂਰੀ। ਸਾਹਿੱਤ ਪਰਖ ਲਈ ਤਾਂ ਮਾਨੋਂ ਪਾਰਖੂ ਨੂੰ ਸਰਬੰਗੀ ਬੁਧ-ਰਿਦੇ-ਕਲਪਨਾ ਦਾ ਕਥਨ ਕਿਰਤ ਵਜੋਂ ਸੁਆਮੀ ਹੋਣਾ ਚਾਹੀਦਾ ਹੈ।"

ਅੱਗੋਂ ਗੱਦ ਦੇ ਪ੍ਰਕਾਰ ਦੱਸਦੇ ਹੋਏ ਚੰਗੀ ਗੱਦ ਦੇ ਗੁਣ ਜਾਂ ਗੱਦ-ਸ਼ੈਲੀ ਬਾਰੇ ਵਿਚਾਰ

Sri Satguru Jagjit Singh Ji Elibrary NamdhariElibrary@gmail.com

ਸਾਂਝੇ ਕੀਤੇ ਗਏ ਹਨ :— 'ਗੱਦ ਮਾਨੋਂ ਪੱਕੀ ਕਸੌਟੀ ਹੈ। ਇਸ ਤੋਂ ਵਿਅਕਤਿਤ੍ਵ ਦੇ ਢੋਲ ਦਾ ਪੋਲ ਖੁਲ੍ਹਦਾ ਹੈ ਭਾਰ ਗੌਰ ਉਘੜਦਾ ਹੈ, ਕਲਪਨਾ ਤੇ ਵਿਚਾਰ ਸ਼ਕਤੀ ਨੰਗੀ ਹੋ ਜਾਂਦੀ ਹੈ, ਪੱਦ ਨੂੰ ਗੱਦ ਵਿਚ ਕੀਤਿਆਂ ਪੱਦ ਦਾ ਕਚ ਸਚ, ਹੋਲਾਪਨ, ਬੇ-ਢਵਗੀ ਝਟ ਪਰਗਟ ਹੋ ਜਾਂਦੀ ਹੈ।

ਚੰਗੀ ਗੱਦ ਵਿਚ ਸਾਂਵਾਂਪਨ, ਫਿਕਰਿਆਂ ਦਾ, ਬੜਿਆਂ ਜਤਨਾਂ ਨਾਲ ਹੀ ਲਿਆਇਆ ਜਾ ਸਕਦਾ ਹੈ। ਉਮਾਹੂ ਦਿਲ ਦਿਮਾਗ ਗੱਦ ਵਿਚ ਨਿੱਖਰ ਪੁੰਘਰ ਸਕਦੇ ਤੇ ਉਸ ਦੇ ਰਾਹੀਂ ਪਰਭਾਉ ਪਾ ਸਕਦੇ ਹਨ। ਗੱਦ ਦਾ ਲਿਖਣਾ ਵਾਰ, ਕਿੱਸੇ ਵਾਂਗੂੰ ਸਰਬਾਂਗਤਾ ਚੁਪਾਸੜਤਾ ਮੰਗਦਾ ਹੈ। ਵਡੇਰੇ ਹੁੰਨਰ ਦੀ ਕਰਾਮਾਤ ਚਾਹੁੰਦਾ ਹੈ।"

ਉੱਤਮ ਗੱਦ ਵਿਚ ਕਿਤੇ ਗੱਲ ਬਾਤ ਚਾਹੀਦੀ ਹੈ, ਕਿਤੇ ਵਿਚਾਰ ਰਸ, ਕਿਤੇ ਦਲੀਲ ਕਿਤੇ ਕਹਾਣੀ; ਸ਼ਬਦ ਸਾਧਾਰਣ ਵੀ ਚਾਹੀਦੇ ਹਨ ਤੇ ਨਵੇਂ ਵੀ; ਨਹੀਂ ਤੇ ਦਿਲ ਕਾਹਲਾ ਪੈ ਜਾਂਦਾ ਹੈ ਤੇ ਨਿਰ-ਰਸਤਾ ਮੂੰਹ ਭੁੰਆਂ ਦੇਂਦੀ ਹੈ। ਗੱਦ ਅਸੀਂ ਓਸੇ ਦੀ ਪੜ੍ਹਦੇ ਹਾਂ ਜਿਸ ਦੀ ਸ਼ੈਲੀ, ਵਿਚਾਰਧਾਰਾ, ਕਲਾਤਮਿਕਤਾ, ਸਿਰਜਨਾਤਮਿਕਤਾ, ਵਿਅਕਤਿਤ ਡਾਹਡੇ ਤੇ ਪਰਬਲ, ਛਾ ਜਾਣ ਵਾਲੇ ਹੁੰਦੇ ਹਨ। ਗੱਦ ਵਿਚ ਤਿੱਖ, ਸੰਜੋਗ ਵਹਿਣ, ਕਿਸੇ ਮਰਦ ਦਾ ਹੀ ਕਮਾਈ-ਫਲ ਹੈ। ਸਧਾਰਣ ਗੱਦ ਪੱਤਰ-ਅਖ਼ਬਾਰ ਤਲ ਤੋਂ ਉੱਚੀ ਨਹੀਂ ਉਠਦੀ। ਫੇਰ ਗੱਦ ਵਿਚ ਜਿੰਨੀ ਨਿਜਤਾ ਨਿਰਭੈ ਬੋਲ ਬੁਲਾਈ, ਸਚਿਆਰਤਾ, ਚਿਤਰਕਾਰੀ, ਮਹੀਨ ਕਸੀਦਾ ਤੇ ਫੁਲਕਾਰੀ, ਨਿਗਰ ਘਾੜਤ ਹੋਵੇਗੀ ਉੱਨੀ ਹੀ ਉਹ ਸਫ਼ਲੀ ਭੂਤ ਪਰਮਾਣਿਕ ਹੋਵੇਗੀ। ਨਿੱਕੇ ਵੱਡੇ ਸ਼ਬਦ ਤੇ ਵਾਕ, ਵਾਕ ਦੀ ਵਿੰਗਟੇਢ ਤੇ ਵਿਚਾਰ ਵਿਚ ਜੋੜ ਅਜੋੜ, ਪੁਰਾਣੀ ਜਾਣ ਤੇ ਨਵੀਂ ਪਛਾਣ, ਇਹ ਗੱਦ ਦੇ ਗੁਣ-ਸ਼ਿੰਗਾਰ ਹਨ।"

ਇੰਞ, ਅਸੀਂ ਦੇਖਦੇ ਹਾਂ ਕਿ ਭਾਵੇਂ ਇਸ ਨਿਬੰਧ ਵਿਚ ਬਹੁਤਾ ਭਾਗ ਕਿਸੇ ਦੂਜੇ ਲੇਖਕ ਦਾ ਹੈ ਪਰ ਗੱਦ ਤੇ ਗੱਦ ਦੇ ਰੂਪਾਂ ਬਾਰੇ ਜੋ ਟੀਕਾ ਟਿੱਪਣੀ ਇਥੇ ਮਿਲਦੀ ਹੈ, ਉਹ ਡਾ ਮੋਹਨ ਸਿੰਘ ਦੀਵਾਨਾ ਦੀ ਮੌਲਿਕ ਸੂਝ, ਨਰੋਈ ਸੋਚ, ਤੁਲਨਾਤਮਕ ਅਧਿਐਨ ਅਤੇ ਸਟੀਕ ਕਥਨ ਦੀ ਬਹੁਤ ਵਧੀਆ ਮਿਸਾਲ ਹੈ।

ਮੀਆਂ ਮੌਲਾ ਬਖ਼ਸ਼ ਕੁਸ਼ਤਾ ਆਪਦੀ ਸਾਹਿੱਤ ਸੇਵਾ ਵਿਚੋਂ 'ਖੋਜ' ਦੇ ਕੰਮ ਨੂੰ ਵਧੇਰੇ ਮਹੱਤਾ ਦਿੰਦੇ ਹੋਏ ਲਿਖਦੇ ਹਨ— "ਮਾਤ ਬੋਲੀ ਦੇ ਸਦੀਆਂ ਤੋਂ ਮਿੱਟੀ ਵਿਚ ਮਿਲੇ ਮੋਤੀਆਂ ਨੂੰ ਫਰੋਲ ਕੇ ਤੇ ਲਿਸ਼ਕਾ ਬਣਾਕੇ ਦੁਨੀਆ ਦੇ ਸਾਮ੍ਹਣੇ ਰਖਣ ਤੇ ਮਾਤ-ਬੋਲੀ ਦਾ ਮਾਨ ਵਧਾਣ ਲਈ ਨਿੱਗਰ ਸੇਵਾ ਕਰਨ ਵਾਲੇ ਟੀਸੀ ਦੇ ਉਸਾਰੂ ਤੇ ਉਹਨਾਂ ਗਿਣਤੀ ਦੇ ਉੱਘੇ ਕਵੀਆਂ ਤੇ ਸਾਹਿਤਕਾਰਾਂ ਚੋਂ ਹਨ ਜਿਨ੍ਹਾਂ ਆਪਣੇ ਜੀਵਨ ਦਾ ਮਕਸਦ ਮਾਤ ਬੋਲੀ ਦੀ ਸੇਵਾ ਸਮਝਿਆ ਤੇ ਮੁਕਦੀ ਗੱਲ ਦੀਵਾਨੇ ਦੇ ਕੰਮ ਉੱਤੇ ਵੱਡੇ ਵੱਡੇ ਅਕਲਾਂ ਵਾਲੇ ਤੇ ਫ਼ਰਜ਼ਾਨੇ ਮਾਨ ਕਰਦੇ ਹਨ।"[1]

**ਵਰਣਨਾਤਮਕ ਨਿਬੰਧ**

(1) ਕਾਵਿ-ਅਧਿਐਨ (2) ਬੁਝਾਰਤਾਂ, (3) ਮਰਾਠੀ ਅਤੇ ਹਿੰਦੀ ਸਾਹਿੱਤ, ਅਤੇ (4) ਰੂਪਰਾਣੀ ਸ਼ਕੁੰਤਲਾ) ਆਪਦੇ ਚਾਰ ਹੋਰ ਨਿਬੰਧ ਹਨ ਜਿਨ੍ਹਾਂ ਨੂੰ ਵਰਣਨਾਤਮਕ

1. ਪੰਜਾਬੀ ਸ਼ਾਇਰਾ ਦਾ ਤਜ਼ਕਰਾ, ਪੰਨਾ

Sri Satguru Jagjit Singh Ji Elibrary NamdhariElibrary@gmail.com

ਨਿਬੰਧਾਂ ਦਾ ਨਾਂ ਦਿੱਤਾ ਜਾ ਸਕਦਾ ਹੈ। ਇਨ੍ਹਾਂ ਨਿਬੰਧਾਂ ਵਿਚੋਂ ਦੋ ਨਿਬੰਧ ਨਿਰੇ ਪੁਸਤਕ ਰੀਵੀਊ ਮਾਤਰ ਹਨ। ਇਨ੍ਹਾਂ ਦਾ ਅਧਿਐਨ ਪੇਸ਼ ਕਰਦੇ ਹਾਂ :

(1) ਕਾਵਿ ਅਧਿਐਨ

ਇਸ ਲੇਖ ਦਾ ਸਿਰਲੇਖ ਤੇ ਆਰੰਭ ਦੱਸਦਾ ਹੈ ਕਿ ਲੇਖਕ ਨੇ ਕਾਵਿ-ਅਧਿਐਨ ਦੇ ਸਿੱਧਾਂਤਾਂ ਬਾਰੇ ਜ਼ਰੂਰ ਕੋਈ ਸਿੱਧਾਂਤਕ ਵਿਆਖਿਆ ਕੀਤੀ ਹੋਵੇਗੀ, ਪਰ ਨਹੀਂ ਇਸ ਵਿਚ ਸੀਹਰਫੀ ਜਾਂ ਪੱਟੀ ਸਾਹਿਬ ਜੈ ਸਿੰਘ ਜੀ ਰਾਇ 'ਨਾਨਕ ਸ਼ਾਹੀਏ' ਦੀ ਕਿਰਤ ਬਾਰੇ ਤਬਸਰਾ ਨੁਮਾ ਅਧਿਐਨ ਹੀ ਪੇਸ਼ ਹੈ।

ਨਮੂਨਾ ਦੇਖੋ— "ਕਾਵਿ ਰੂਪ ਦੇਖੋ : ਜਪ, 38 ਪੌੜੀਆਂ, ਬਾਵਨ ਅਛਰੀ ਪਹਿਲੀ ਤੇ ਦੂਜੀ, ਉਸਤਤ ਇਸ ਤੋਂ ਇਹ ਟੋਹ ਲਗਾ ਕਿ ਗੁਰਿਆਈ ਦੇ ਦਾਹਵੇਦਾਰ ਹਨ—

ਸਵੱਈਏ ਲਿਖੇ ਮਲੂਮ ਹੋਇਆ ਕਿ ਭਾਈ ਗੁਰਦਾਸ ਜੀ ਦੀ ਰਚਨਾ ਦੇਖ ਪਰਖ ਚੁੱਕੇ ਸਨ ਫੇਰ ਲਿਖੇ— ਪੰਜੇ, ਛਕੇ, ਹੋਰੀਆ, ਝੂਲਣੇ, ਮਾਝਾ, ਰੇਖਤੇ, ਸੋਰਠੇ.

ਫੇਰ ਲਿਖੇ ਕਾਵਿ ਪ੍ਰਬੰਧ— ਜਪ ਤੇ ਬਾਵਨ ਅੱਖਰੀ ਤੋਂ ਛੁੱਟ ਫਕਰਨਾਮਾ, ਆਤਮ ਗਿਆਨ ਉਪਦੇਵ ਅੰਗ, ਆਤਮ ਜੀ ਦਾ ਭੇਦ।

ਫੇਰ ਲਿਖੇ ਬਾਰਾਂ ਮਾਹ, ਸੀਹਰਫੀ—ਪਤਾ ਚੱਲਿਆ ਕਿ ਆਪ ਸ਼ਾਹਜਹਾਨੀ ਕਾਲ ਵਿਚ ਹੋਏ ਤੇ ਵਲੀਰਾਮ ਦਿਆਂ ਝੂਲਦਿਆਂ ਤੇ ਰੇਖਤਿਆਂ ਤੋਂ ਜਾਣੂ ਸਨ। ਸ਼ੈਦ ਔਰੰਗਜ਼ੇਬ ਦੇ ਵੇਲੇ, ਪਰ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਹੋਏ ਕਿਉਂ ਜੋ ਏਸ ਸੀਹਰਫੀ ਦਾ ਤੋਲ ਸੁਲਤਾਨ ਬਾਹੂ ਦੀ ਸੀਹਰਫੀ ਦਾ ਤੋਲ ਹੈ।"

**ਵਿਸ਼ੇਸ਼**

ਇਉਂ ਜਾਪਦਾ ਹੈ ਕਿ ਡਾ. ਦੀਵਾਨਾ ਕਿਸੇ ਕਵੀ ਦੀ ਕਵਿਤਾ ਨੂੰ ਸਾਮ੍ਹਣੇ ਰਖਕੇ ਸਿਖਾਂਦਰੂ ਲੋਕਾਂ ਨੂੰ ਕਵਿਤਾ ਦੀ ਪਰਖ ਕਰਨ ਦੇ ਗੁਰ ਸਿਖਾ ਰਹੇ ਹਨ। ਪਰ ਇਸਦਾ ਨੁਕਸਾਨ ਹੈ ਕਿ :

(1) ਕੋਈ ਬੱਝਵਾਂ ਪ੍ਰਭਾਵ ਨਹੀਂ ਪੈਂਦਾ

(2) ਸਿੱਟਾ ਨ ਕੱਢਣ ਕਾਰਨ ਕੀਤੀ ਮਿਹਨਤ ਵੀ ਪਾਠਕ ਦੇ ਪੱਲੇ ਨਹੀਂ ਪੈਂਦੀ।

(3) ਆਲੋਚਨਾ ਵਿਚ ਕੋਈ ਤਾਲਮੇਲ, ਵਿਵਸਥਾ ਤੇ ਵਿਧੀ ਨ ਹੋਣ ਕਾਰਨ ਨ ਲੇਖਕ ਬਾਰੇ ਹੀ ਪੂਰੀ ਵਾਕਫੀਅਤ ਮਿਲਦੀ ਹੈ ਨ ਕਾਵਿ-ਅਧਿਐਨ ਸੰਬੰਧੀ ਸਿਧਾਂਤ ਹੀ ਸਪੱਸ਼ਟ ਹੁੰਦੇ ਹਨ।

(2) ਬੁਝਾਰਤਾਂ

ਕਹਾਣੀ, ਗੀਤ ਮਗਰੋਂ ਬੁਝਾਰਤ ਦੀ ਮਹੱਤਾ ਅਤੇ ਲਾਭ ਦੱਸਕੇ, ਪਰਿਭਾਸ਼ਾ ਤੇ ਲੱਛਣ ਦਿੱਤੇ ਗਏ ਹਨ, ਮਗਰੋਂ ਵੱਖ ਵੱਖ ਪੇਸ਼ਿਆਂ, ਸਮਿਆਂ ਨਾਲ ਸੰਬੰਧਤ ਬੁਝਾਰਤਾਂ ਦੀ ਲੰਮੀ ਸੂਚੀ ਦਿੱਤੀ ਗਈ ਹੈ। ਮਹੱਤਾ ਇਨ੍ਹਾਂ ਸ਼ਬਦਾਂ ਵਿਚ, "ਦੂਜੀ ਚੀਜ਼ ਜੋ ਬੱਚਿਆਂ ਨੂੰ ਆਰਾਮ ਵੇਲੇ, ਠਰੰਮੇ ਨਾਲ ਸੁਣਾਈ ਜਾਂਦੀ ਹੈ ਉਹ ਹੈ ਬੁਝਾਰਤ। ਬੱਚੇ ਧਿਆਨ ਲਾਕੇ ਸੁਣਦੇ ਹਨ, ਇਕਾਗਰ ਚਿੱਤ ਹੋ ਕੇ, ਆਰਾਮ ਦੀ ਦਸ਼ਾ ਵਿਚ, ਖੂਬ ਸੋਚਦੇ ਹਨ ਉਸਨੂੰ, ਤੇ ਉੱਤਰ ਸੁਣਕੇ ਰੱਜਕੇ ਹੱਸਦੇ ਹਨ।

Sri Satguru Jagjit Singh Ji Elibrary NamdhariElibrary@gmail.com

ਬੁਝਾਰਤ ਤੋਂ ਲਾਭ—(1) ਹਾਸੇ ਟਿਚਕਰ ਦੀ ਰਗ ਉਭਰਦੀ ਹੈ। (2) ਬਿਸਮੈ ਦਾ ਰੰਗ, (3) ਸਮਾਨਤਾ ਤੇ ਵਿਰੋਧਤਾ ਦੀ ਜਾਚ, (4) ਰੂਹ, ਤੋਲ, ਅਨੁਪ੍ਰਾਸ ਤੇ ਕਾਫੀਏ ਰਦੀਫ ਦੀ ਸੋਝੀ, (5) ਨਾ, ਥਾਂ ਤੇ ਗਿਆਨ ਕੋਸ਼ ਵਿਚ ਵਾਧਾ, (6) ਸੋਚ ਸ਼ਕਤੀ ਮਘਦੀ ਹੈ, (7) ਚੁਗਿਰਦੇ ਦੀ ਸੂਝ, (8) ਵਿਸ਼ੇ ਗਿਆਨ, ਇਤਿਹਾਸ ਗਿਆਨ ਵੱਧਦਾ ਹੈ, (9) ਜੀਵਨ ਗੰਢਾਂ ਖੋਲ੍ਹਣ ਦਾ ਚਸਕਾ, (10) ਸ਼ਬਦਾਂ ਦੇ ਸ਼ੁੱਧ ਉਚਾਰਨ ਵੀ ਲੱਭਦੇ ਹਨ।

ਸੰਸਕ੍ਰਿਤ ਵਿਚ ਇਸਨੂੰ ਕੂਟਸਥ ਕਹਿੰਦੇ ਸਨ। ਕੂਟ ਜਾਂ ਕੂੜ ਦੀ ਬਹੁਤ ਸੁੰਦਰ ਵਿਆਖਿਆ ਹੈ। ਪੰਜਾਬੀ ਵਿਚ ਚੇਤੰਨ ਤੌਰ ਤੇ ਦੋ ਕਵੀਆਂ ਨੇ ਬੁਝਾਰਤਾਂ ਸਾਜੀਆਂ।

(1) ਜਲੰਧਰ ਦੇ ਜੰਮ (1524 ਈ.) ਬਾਜੀਦ ਪਠਾਣ—ਬਾਜੀਦ ਤੋਂ ਪਹਿਲਾਂ ਖੁਸਰੋ ਨੇ ਕੁਝ ਬੁਝਾਰਤਾਂ ਨਵੀਆਂ ਘੜੀਆਂ ਤੇ ਕਵੀਆਂ ਦੀ ਜ਼ਬਾਨ ਬਦੀਲੀ।''

(2) ਬੁਧ ਸਿੰਘ (1750 ਈ. ਦੇ ਲਗਭਗ)

ਵੰਡ ਕੀਤੀ ਹੈ— (1) ਹਿੰਦੂਆਣੀ ਬੁਝਾਰਤਾਂ, (2) ਮੁਸਲਮਾਣੀ ਬੁਝਾਰਤਾਂ (3) ਆਧਨਿਕ ਬੁਝਾਰਤਾਂ, ਇਕ ਹੋਰ ਤਰ੍ਹਾਂ ਦੀ ਵੰਡ ਇਸ ਤਰ੍ਹਾਂ ਹੈ—(1) ਹੋਰ ਜੂਨਾਂ ਸੰਬੰਧੀ, (2) ਮਨੁੱਖ ਦੇ ਸਰੀਰ ਸੰਬੰਧੀ, (3) ਬਨਸਪਤੀ ਸੰਬੰਧੀ, (4) ਮਨੁੱਖੀ ਵਰਤੋਂ ਦੀਆਂ ਵਸਤਾਂ, (5) ਕਿਰਸਾਨੀ ਸੰਬੰਧੀ, (6) ਹੋਰ ਪੇਸ਼ਿਆਂ ਹਿਰਫਿਆਂ ਸੰਬੰਧੀ, (7) ਆਕਾਸ਼, ਜਲ, ਵਾਯੂ, ਪਿਰਥਮੀ, ਅੱਗ ਸੰਬੰਧੀ, ਦੇਸ਼-ਕਾਲ ਸੰਬੰਧੀ, (8) ਗੱਲਾਂ, ਘਟਨਾਵਾਂ।

ਪੰਜਾਬੀ ਅਪਭ੍ਰੰਸ਼ ਵਿਚ ਪਹਿਲਾਂ ਹੀ ਕਹਿ-ਮੁਕਰੀਆਂ ਮੌਜੂਦ ਸਨ—ਢੇਰ ਸੂਚੀ ਹੈ

ਕੁਝ ਨਮੂਨੇ—(1) ਇਕ ਮੈਂ ਵੇਖਿਆ ਐਸਾ ਜੱਟ, ਬੱਤੀ ਧੀਆਂ ਤੇ ਪੁੱਤਰ ਅੱਠ (ਦਿਨ ਤੇ ਰਾਤ)

(2) ਥਾਲੀ ਭਰੀ ਪਤਾਸ਼ਿਆਂ, ਕੋਈ ਗਿਣ ਨਾ ਸਕੇ—(ਤਾਰੇ)

(3) ਪਾਰੋਂ ਆਇਆ ਬਾਬਾ ਲਸ਼ਕਰੀ
ਜਾਂਦਾ ਜਾਂਦਾ ਕਰ ਗਿਆ ਮਸ਼ਕਰੀ—(ਡੇਹਮੂ)

(4) ਇਕ ਜਾਨ ਡਿੱਠੀ ਬੇਜਾਨ
ਬੋਲੇ ਹੈ ਪਰ ਨਹੀਂ ਜ਼ਬਾਨ—
ਵਿਚ ਬਜ਼ਾਰਾਂ ਕਰੇ ਬਪਾਰ
ਸੱਚ ਝੂਠ ਉਹ ਕਰੇ ਨਿਤਾਰ
ਦਿਨੇ ਰਾਤ ਉਹ ਕਦੇ ਨਾ ਡਰਦੀ
ਸੱਚੀ ਗੱਲ ਹਮੇਸ਼ਾਂ ਕਰਦੀ—(ਤੱਕੜੀ)

(3) ਮਰਾਠੀ ਤੇ ਹਿੰਦੀ ਸਾਹਿੱਤ

ਡਾ. ਦੀਵਾਨਾ ਜੋ ਨਿਰਣਾ ਦਿੰਦੇ ਹਨ ਪੂਰੇ ਅਧਿਕਾਰ ਨਾਲ ਦਿੰਦੇ ਹਨ। ਜਿਵੇਂ ਪੰਨਾ 222 ਤੇ

Sri Satguru Jagjit Singh Ji Elibrary NamdhariElibrary@gmail.com

"ਮਰਾਠੀ ਭਾਖਾ, ਮਹਾਰਾਸ਼ਟਰੀ ਪ੍ਰਾਕ੍ਰਿਤ ਵਿਚੋਂ ਨਿਕਲੀ ਹੈ ਅਤੇ (ਪੱਛਮੀ) ਹਿੰਦੀ ਸ਼ੌਰਸੈਨੀ ਪ੍ਰਾਕ੍ਰਿਤੀ ਵਿਚੋਂ, (ਪੰਜਾਬੀ ਆਭੀਰ ਜਾਂ ਪਿਸ਼ਾਚੀ ਜਾਂ ਭੂਤ ਅਪਭ੍ਰੰਸ਼ ਹੈ ਅਤੇ ਇਸਦਾ ਨਿਕਾਸ ਸਥਾਨੀ, ਉੱਤਰੀ ਪ੍ਰਾਕ੍ਰਿਤ ਹੈ)। ਫਿਰ ਵੀ ਮਰਾਠੀ ਤੇ ਹਿੰਦੀ ਦੋਹਾਂ ਵਿਚ 40 ਫੀਸਦੀ (ਪ੍ਰਤਿਸ਼ਤ) ਤਤਸਮ ਤਦਭਵ ਸ਼ਬਦ ਇਕੋ ਜਿਹੇ ਹਨ—ਦੋਵੇਂ ਨਾਗਰੀ ਲਿਪੀ ਵਿਚ ਹੀ ਲਿਖੀਆਂ ਜਾਂਦੀਆਂ ਹਨ।" ਫੇਰ ਪੰਨਾ—224 ਤੇ ਲਿਖਦੇ ਹਨ—"ਮਰਾਠੀ ਦਾ ਪਹਿਲਾ ਕਵੀ ਮੁਕੰਦ ਰਾਇ 1188 ਈ. ਦੇ ਨੇੜੇ ਤੇੜੇ ਹੋਇਆ, ਹਿੰਦੀ ਦਾ ਪਹਿਲਾ ਕਵੀ ਸ਼ੰਭੂ 680 ਈ. ਦੇ ਲਾਗੇ ਚਾਗੇ। ਦੋਹਾਂ ਦੇ ਕਾਵਿ ਦਾ ਵਿਸ਼ਾ ਅਧਿਆਤਮਕ ਹੈ। ਮੇਰੇ ਖਿਆਲ ਵਿਚ ਪਹਿਲਾ ਹਿੰਦੀ ਕਵੀ ਕੋਈ ਹੋਰ ਸੀ ਜਿਸਨੇ ਸੱਸੀ ਪੁੰਨੂੰ ਦੇ ਕਿੱਸੇ ਨੂੰ ਦੋਹਿਆਂ ਵਿਚ ਲਿਖਿਆ।"

ਵਾਰਕਾਰੀ ਸੰਪ੍ਰਦਾਇ ਨੂੰ ਡਾ. ਦੀਵਾਨਾ 'ਕਰਕਰੀ ਸੰਪਰਦਾ' ਕਰਕੇ ਲਿਖਦੇ ਹਨ—"ਮਹਾਰਾਸ਼ਟਰ ਵਿਚ ਕਰਕਰੀ ਸੰਪਰਦਾ ਸੀ ਤੀਰਥ ਜਾਤਰੂਆਂ ਦੀ ਤੇ ਭਜਨੀਕ ਭਗੌਤੀਆਂ ਦੀ। ਉਸ ਵਿਚ ਸਭਨਾਂ ਜਾਤਾਂ ਦੇ ਭਗਤ ਸ਼ਾਮਲ ਹੋਏ ਸਨ। ਸਾਰੀ ਪਰੰਪਰਾ ਜਨਵਾਦੀ ਸੀ। ਕੁਝ ਸੰਤਾਂ ਦੇ ਨਾਉਂ ਸੁਣੋ—ਨਾਮਦੇਵ ਦਰਜ਼ੀ (ਛੀਂਬਾ), ਜਨਾਬਾਈ (ਨਾਮਦੇਵ ਜੀ ਦੀ ਨੌਕਰਾਣੀ) ਗੋਰਾ ਕੁਮਿਹਾਰ, ਸਾਵਤਾ ਮਾਲੀ, ਵਿਸੋਬਾ ਖੇਚਰ, ਨਰਹਰੀ ਸੁਨਿਆਰ, ਬੰਕਾ ਮਹਿਰਾ (ਮਹਾਰ) ਚੋਖਾ ਮੇਲਾ, ਸੇਨਾ ਨਾਈ, ਸਜਨ (ਸਦਨਾ) ਕਸਾਈ, ਕਾਨ੍ਹਾਂ ਪਤੁਰੀਆਂ।"

ਇੰਞ ਮੁੱਢ ਤੋਂ ਲੈ ਕੇ ਆਧੁਨਿਕ ਕਾਲ ਤੱਕ ਦੋਵੇਂ ਸਾਹਿੱਤਾਂ ਦੇ ਮੁੱਖ ਮੁੱਖ ਕਵੀਆਂ ਤੇ, ਕਾਵਿ ਪ੍ਰਵਿਰਤੀਆਂ ਦਾ ਬੜਾ ਸੁੰਦਰ ਤੇ ਵਾਕਫ਼ੀ ਭਰਪੂਰ ਵਰਣਨ ਅਤੇ ਮੁੱਲਾਂਕਣ ਕੀਤਾ ਗਿਆ ਹੈ। ਜਿਵੇਂ ਉਪਰੋਕਤ ਟੂਕਾਂ ਵਿਚ ਅਸੀਂ ਦੇਖਿਆ ਹੈ, ਉਹ ਨਾਲ ਨਾਲ ਪੰਜਾਬੀ ਸਾਹਿੱਤ ਦਾ ਵੀ ਕੁਝ ਨ ਕੁਝ ਮੂੰਹ ਮੱਥਾ ਸੁਆਰਦੇ ਹੋਏ ਚਲਦੇ ਹਨ। ਇਸ ਲੇਖ ਦਾ ਮੰਤਵ ਭਾਰਤੀ ਭਾਸ਼ਾਵਾਂ ਵਿਚ ਇਕ ਸੁੰਦਰ ਸਾਂਝ ਸਥਾਪਤ ਕਰਨਾ ਜਾਪਦਾ ਹੈ। ਸਿੱਟਾ ਇਉਂ ਕੱਢਦੇ ਹਨ :

"ਹਿੰਦੀ ਤੇ ਪੰਜਾਬੀ ਦੇ ਆਧੁਨਿਕ ਕਾਲ ਦਿਆਂ ਲੇਖਕਾਂ ਦਾ ਵਰਣਨ ਏਥੇ ਦੇਣ ਦੀ ਲੋੜ ਨਹੀਂ। ਕੇਵਲ ਇਤਨਾ ਹੀ ਦਸਦੇ ਹਾਂ ਕਿ ਸਾਰੀਆਂ ਭਾਰਤੀ ਭਾਸ਼ਾਂ ਕਰੀਬ ਕਰੀਬ ਸਾਂਝੇ ਅਸਰਾਂ ਹੇਠਾਂ ਜਾਮੇ ਬਦਲਦੀਆਂ ਆ ਰਹੀਆਂ ਹਨ ਅਤੇ ਇਹ ਗੱਲ ਭਾਰਤੀ ਤੇਹਿਜ਼ੀਬ ਦੀ ਮਾਨਸਿਕ ਤੇ ਅਧਿਆਤਮਿਕ ਏਕਤਾ ਦਾ ਪਰਮਾਣ ਹੈ।" ਲੇਖਕ ਦਾ ਇਹੋ ਲਕਸ਼ ਵੀ ਹੈ।

### (4) ਰੂਪ ਰਾਣੀ

ਵਿਧਾਤਾ ਸਿੰਘ ਤੀਰ ਦੀ ਰਚਨਾ 'ਰੂਪਰਾਣੀ ਸ਼ਕੁਤਲਾ ਦਾ ਮੁੱਲਾਂਕਣ ਹੈ; ਪਰ ਨਾਲ ਹੀ ਆਧੁਨਿਕ ਪੰਜਾਬੀ ਕਵੀਆਂ ਬਾਰੇ ਵੀ ਚੰਗੀ ਟਿੱਪਣੀ ਹੈ।

ਬੜੀ ਭਾਵੁਕ ਸ਼ੈਲੀ ਵਿਚ ਲਿਖਿਆ ਹੈ— ਦੇਖੋ—"ਬੈਂਤ ਨੂੰ ਨਿਬਾਹੁਣਾ ਓੜਾ ਹੀ ਔਖਾ ਹੈ ਜਿੱਡਾ ਸਕੁੰਤਲਾ ਵਰਗੇ ਮਹਾਨ, ਸਰਬੰਗੀ ਸੰਗੀਤ-ਨਾਟ-ਸਿਧਾਂਤ-ਚਿੱਤਰ-ਨੀਤੀ ਭਰੇ ਵਿਸ਼ੇ ਨੂੰ। ਬੈਂਤ ਵਿਚ ਵਡਿਆਂ ਵਡਿਆਂ ਰੁਸਤਮਾਂ, ਫਿਰਦੋਸੀਆਂ, ਕਿੱਕਰ ਸਿੰਘਾਂ, ਗਾਮਿਆਂ

Sri Satguru Jagjit Singh Ji Elibrary NamdhariElibrary@gmail.com

ਨੂੰ ਢਾਹੁਣ ਲਈ ਸ਼ਕਤੀ ਹੈ। ਹਾਂ ਪਰ ਬੈਂਤ ਨੂੰ ਘਰ ਜਿੱਤ ਕੇ ਵਸਾ ਲੈਣ ਵਾਲੇ ਆ ਹੀ ਜਾਂਦੇ ਹਨ ਦਰਗਾਹੋਂ ਦਰਬਾਰੋਂ

ਤੇ ਸ਼ਕੁੰਤਲਾ ਦੀ ਕਹਾਣੀ ਵਿਚ ਤਾਂ ਚਿਹਨਾਤਮਕ ਕਥਾ, ਰਹੱਸਵਾਦ-ਭੰਡਾਰ ਹੋਣ ਦੀ ਅਨੰਤ ਸ਼ਕਤੀ ਹੈ ਹੀ। ਕਾਲੀਦਾਸ ਨੇ ਸਭ ਕੁਝ ਨਹੀਂ ਨਚੋੜ ਲਇਆ। ਸਾਡੇ ਤੀਰ ਨੇ ਪਹਿਲਾ ਕਾਰੀ ਤੀਰ ਤਾਂ ਮਾਰਿਆ ਹੈ ਰੂਪ ਰਾਣੀ ਨਾਂ ਧਰ ਕੇ ਜਾ ਵਿਸ਼ੇਸ਼ਣ ਘੜਕੇ।

"ਕਿੰਨਾ ਕੁ ਲਿਖਾਂ ? ਮੋਤੀ ਹੀ ਮੋਤੀ ਨੇ, ਰੂਪ ਹੀ ਰੂਪ ਹੈ ਸਤ ਹੀ ਸਤ ਹੈ, ਕਲਾ ਹੀ ਕਲਾ ਹੈ, ਉਸਤਾਦੀ ਹੀ ਉਸਤਾਦੀ ਹੈ। ਮਹਾ ਕਵੀ ਤੀਰ ਮਹਾਂ ਕਵੀ ਹੈ।" ਇਸ ਰਚਨਾ ਨੂੰ ਭਾਵਾਤਮਕ ਨਿਬੰਧ ਵੀ ਕਿਹਾ ਜਾ ਸਕਦਾ ਹੈ।

ਡਾ. ਰੋਸ਼ਨ ਲਾਲ ਆਹੂਜਾ ਆਪਣੀ ਨਿਬੰਧ ਕਲਾ ਦੇ ਆਧਾਰ ਤੇ ਪੰਜਾਬੀ ਦੇ ਇਸ ਕਾਲ ਨੂੰ ਡਾ. ਮੋਹਨ ਸਿਘ ਦੀਵਾਨਾ ਕਾਲ ਕਹਿਣ ਦੇ ਹੱਕ ਵਿਚ ਹਨ। ਆਪਦਾ ਕਥਨ ਹੈ :

"ਉਸਦੇ ਪੰਜਾਬੀ ਨਿਬੰਧ ਦੀ ਪੂਰਨਤਾ ਦਾ ਜ਼ਿਕਰ ਨਾ ਕੀਤਾ ਜਾਵੇ ਇਹ ਅਸੰਭਵ ਹੈ। ਇਨ੍ਹਾਂ ਨਿਬੰਧਾਂ ਵਿਚ ਸੁੰਦਰਤਾ ਤੇ ਡੂੰਘਾਈ, ਪ੍ਰੇਰਨਾ ਅਤੇ ਸੂਚਨਾ, ਵਿਗਿਆਨਿਕ ਵਿਸ਼ਲੇਸ਼ਣ ਅਤੇ ਅਧਿਆਤਮਿਕ ਅੰਤਰ ਦ੍ਰਿਸ਼ਟੀ, ਯੋਗ ਸ਼ਬਦਾਵਲੀ ਅਤੇ ਨਵੀਨ ਸ਼ਬਦ ਘਾੜਤ ਦਾ ਸੁੰਦਰ ਸੁਮੇਲ ਹੋਇਆ ਹੈ। ਹੁਣ ਤੱਕ ਉਸਦੇ ਆਪਣੇ ਪੁੱਤਰ ਦੇ ਨਾਂ ਤੇ ਰੱਖਿਆ ਗਿਆ ਇਕੋ ਨਿਬੰਧ ਸੰਗ੍ਰਹਿ 'ਜਿਤਿੰਦਰ ਸਾਹਿੱਤ ਸਰੋਵਰ' ਦੇ ਨਾਂ ਹੇਠ ਮਿਲਦਾ ਹੈ ਅਤੇ ਦੋ ਦਰਜਨਾਂ ਤੋਂ ਵਧੀਕ ਨਿਬੰਧ ਵੱਖ ਵੱਖ ਸੰਗ੍ਰਹਿਆਂ ਤੇ ਸੰਪਾਦਿਤ ਪੁਸਤਕਾਂ ਜਿਵੇਂ ਹੀਰ ਵਾਰਿਸ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਆਧੁਨਿਕ ਪੰਜਾਬੀ ਕਵਿਤਾ, ਸ਼ਲੋਕ ਗੁਰੂ ਨਾਨਕ ਦੇਵ, ਗੁਰਮਤਿ ਰਹੱਸ, ਹੀਰ ਦਮੋਦਰ, ਹੀਰ ਮੁਕਬਿਲ ਅਤੇ ਸੱਸੀ ਪੁੰਨੂੰ ਦੇ ਵੱਖ ਵੱਖ ਰੂਪਾਂ ਵਿਚ ਖਿੰਡੇ ਪਏ ਹਨ। ਡਾ. ਸਿੰਘ ਦੇ ਇਸਲਾਮੀ ਸੂਫ਼ੀਵਾਦ, ਹਿੰਦੂ ਭਗਤੀ, ਵੇਦਾਂਤ, ਯੋਗ, ਅਤੇ ਸਿੱਖ ਰਹੱਸਵਾਦ ਆਦਿ ਦਾ ਜੋ ਰੂਪ ਅਨੇਕ ਨਿਬੰਧਾਂ ਵਿਚ ਪ੍ਰਾਪਤ ਹੁੰਦਾ ਹੈ, ਉਸ ਬਾਰੇ ਵੀ ਟਿੱਪਣੀ ਕਰਨੀ ਬਣਦੀ ਹੈ, ਡਾ. ਸਿੰਘ ਨੇ ਇਨ੍ਹਾਂ ਵਿਸ਼ਿਆਂ ਦੇ ਅਨੇਕ ਪੱਖਾਂ ਬਾਰੇ ਨਵਾਂ ਪ੍ਰਕਾਸ਼ ਪਾਇਆ ਹੈ। ਅਨੇਕ ਪੰਜਾਬੀ ਲੇਖਕਾਂ ਨੇ ਡਾ: ਸਿੰਘ ਦੀ ਸ਼ਾਹ ਹੁਸੈਨ, ਕਬੀਰ ਅਤੇ ਨਾਮਦੇਵ ਆਦਿ ਨਾਲ ਤੁਲਨਾ ਕੀਤੀ ਹੈ। ਪੰਜਾਬੀ ਸਾਹਿੱਤ ਦੇ ਬ੍ਰਿਟਿਸ਼ ਕਾਲ ਦਾ ਨਾਂ ਬਦਲ ਕੇ ਮੋਹਨ ਸਿੰਘ ਦੀਵਾਨਾ ਕਾਲ ਰਖਿਆ ਜਾਣਾ ਚਾਹੀਦਾ ਹੈ।"[1]

ਡਾ. ਮੋਹਨ ਸਿੰਘ ਦੀਵਾਨਾ ਇਕ ਪ੍ਰੌਢ ਵਿਅਕਤੀ ਸਨ ਜਿਨ੍ਹਾਂ ਨੇ ਉਰਦੂ, ਅੰਗ੍ਰੇਜ਼ੀ, ਹਿੰਦੀ, ਪੰਜਾਬੀ ਅਤੇ ਹੋਰ ਬਹੁਤ ਸਾਰੇ ਭਾਰਤੀ ਸਾਹਿੱਤਾਂ ਦਾ ਤੁਲਨਾਤਮਕ ਅਧਿਐਨ ਕੀਤਾ ਸੀ ਅਤੇ ਜਿਨ੍ਹਾਂ ਦੀ ਆਲੋਚਨਾਤਮਕ ਪਹੁੰਚ-ਵਿਧੀ ਕਿਸੇ ਇਕ ਘੇਰੇ ਵਿਚ ਬੰਨ੍ਹ ਕੇ ਨਹੀਂ ਵਿਚਾਰੀ ਜਾ ਸਕਦੀ। ਉਨ੍ਹਾਂ ਦੀ ਆਲੋਚਨਾ ਸ਼ਾਸਤਰੀ ਆਲੋਚਨਾ ਵੀ ਹੈ, ਪ੍ਰਭਾਵਵਾਦੀ ਵੀ, ਸਿੱਧਾਂਤਵਾਦੀ ਆਲੋਚਨਾ ਵੀ ਹੈ ਅਤੇ ਤੁਲਨਾਤਮਕ ਆਲੋਚਨਾ ਵੀ। ਸੱਚ ਤਾਂ ਇਹ

1. ਡਾ. ਰੋਸ਼ਨ ਲਾਲ ਆਹੂਜਾ, ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ, ਪੰਨਾ-222-23.

Sri Satguru Jagjit Singh Ji Elibrary NamdhariElibrary@gmail.com

ਹੈ ਕਿ ਡਾ. ਦੀਵਾਨਾ ਨੇ ਕਦੇ ਵੀ ਕਿਸੇ ਇਕ ਪਹੁੰਚ-ਵਿਧੀ ਨੂੰ ਅਪਣਾ ਕੇ ਲਿਖਣ ਦਾ ਦਾਅਵਾ ਨਹੀਂ ਕੀਤਾ। ਉਨ੍ਹਾਂ ਦੀ ਆਲੋਚਨਾ ਮੌਲਿਕ ਸੋਚ, ਦੀਰਘ ਗਿਆਨ ਅਤੇ ਤੁਲਨਾਤਮਕ ਅਧਿਐਨ ਦਾ ਪ੍ਰਭਾਵਵਾਦੀ ਪ੍ਰਗਟਾਉ ਵਧੇਰੇ ਜਾਪਦੀ ਹੈ। ਉਹ ਗੱਦ ਦਾ ਕੋਈ ਵੀ ਰੂਪ ਲਿਖ ਰਹੇ ਹੋਣ, ਉਸ ਵਿਚ ਜਦ ਤੱਕ ਭਾਸ਼ਾਈ ਗਿਆਨ, ਭਾਸ਼ਾ ਵਿਗਿਆਨਿਕ ਦ੍ਰਿਸ਼ਟੀ ਅਤੇ ਅਨੇਕ ਪ੍ਰਕਾਰ ਦੀ ਸ਼ਬਦ ਯੋਜਨਾ, ਵਾਕ-ਬਣਤਰ, ਸਮਾਸ ਬਣਾਉਣ ਦੀ ਸ਼ੈਲੀ ਨ ਅਪਣਾ ਲੈਣ ਤਦ ਤੱਕ ਉਨ੍ਹਾਂ ਦੀ ਕੋਈ ਵੀ ਆਲੋਚਨਾਤਮਕ ਕਿਰਤ ਸੰਪੂਰਨ ਨਹੀਂ ਸਮਝੀ ਜਾਂਦੀ ਸੀ। ਇਸ ਸੰਦਰਭ ਵਿਚ ਅਸੀਂ ਮੁੜ ਡਾ. ਆਹੂਜਾ ਦੀ ਟੂਕ ਦੇਣਾ ਚਾਹਾਂਗੇ :

'ਇਤਿਹਾਸ ਦੇ ਖੇਤਰ ਵਿਚ ਡੀ.ਲਿਟ. ਦੀ ਡਿਗਰੀ ਪ੍ਰਾਪਤ ਕਰਨ ਵਾਲੇ ਪੰਜਾਬੀ ਸਾਹਿੱਤ ਦੇ ਉਹ ਮੋਢੀ ਇਤਿਹਾਸਕਾਰ ਹਨ। ਉਨ੍ਹਾਂ ਦੀ ਆਲੋਚਨਾ ਅੰਤਰ-ਦ੍ਰਿਸ਼ਟੀ ਆਪਣੀ ਸਿਰਜਨਾਤਮਕ ਦ੍ਰਿਸ਼ਟੀ ਜਿੰਨੀ ਹੀ ਮਹਾਨ ਹੈ। ਇਤਿਹਾਸ ਵਿਚ ਉਨ੍ਹਾਂ ਦਾ ਨਾਂ ਇਕ ਮਹਾਨਤਮ ਸਾਹਿੱਤਕਾਰ ਦੇ ਤੌਰ ਤੇ ਅੰਕਿਤ ਹੋਵੇਗਾ। ਉਸਦੀ ਆਲੋਚਨਾ ਦ੍ਰਿਸ਼ਟੀ ਨਿਡਰ, ਸੰਤੁਲਿਤ ਭਲਾਈ ਅਤੇ ਉੱਨਤੀ ਪੱਖੀ, ਅਤਿ ਦਰਜੇ ਦੀ ਸੰਵੇਦਨਾ ਭਰੀ, ਸੂਖਮ ਦਰਸ਼ੀ ਅਤੇ ਬੋਧਿਕ ਪੱਖ ਨੂੰ ਵੀ ਸੌਂਦਰਯ ਬੋਧ ਜਿੰਨੀ ਮਹੱਤਾ ਦੇਣ ਵਾਲੀ ਹੈ। ਉਸ ਦੀਆਂ ਦਿੱਤੀਆਂ ਸਾਹਿੱਤਕ ਰਾਵਾਂ ਸਦੀਵੀ ਹਮੇਸ਼ਾ ਹਮੇਸ਼ਾ ਲਈ ਮੰਨਣਯੋਗ ਰਹਿਣਗੀਆ।'[1]

ਪੰਜਾਬੀ ਸਾਹਿੱਤ-ਆਲੋਚਨਾ ਅਤੇ ਇਤਿਹਾਸ-ਲੇਖਣ ਵਿਚ ਡਾ. ਮੋਹਨ ਸਿੰਘ ਦੀਵਾਨਾ ਦਾ ਨਾਂ ਹਮੇਸ਼ਾਂ ਲਈ ਅਮਰ ਰਹੇਗਾ, ਉਹ ਇਸਦੇ ਮੋਢੀ ਵੀ ਹਨ ਅਤੇ ਸਿਖਰ ਵੀ। ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਹੋ ਜਿਹਾ ਪ੍ਰਖਰ ਵਿਅਕਤਿਤ੍ਵ ਅਜੇ ਤੱਕ ਕੋਈ ਹੋਰ ਨਹੀਂ ਪੈਦਾ ਹੋਇਆ।

## ਸੰਪਾਦਕ-ਆਲੋਚਕ ਡਾ. ਮੋਹਨ ਸਿੰਘ ਦੀਵਾਨਾ

'ਜਿਤਿੰਦਰ ਸਾਹਿੱਤ ਸਰੋਵਰ' ਉਨ੍ਹਾਂ ਦਾ ਨਿਰੋਲ ਸਾਹਿੱਤਕ ਆਲੋਚਨਾਤਮਕ ਨਿਬੰਧਾਂ ਦਾ ਸੰਗ੍ਰਹਿ ਹੈ। ਇਸ ਆਲੋਚਨਾ ਤੋਂ ਇਲਾਵਾ ਵੀ ਆਪਨੇ ਬਹੁਤ ਵਧੀਆ ਆਲੋਚਨਾ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਨੂੰ ਅਸੀਂ ਸੰਪਾਦਿਤ ਪੁਸਤਕਾਂ, ਆਲੋਚਨਾਤਮਕ ਪੁਸਤਕਾਂ, ਮੁਖ ਬੰਧਾਂ, ਪੁਸਤਕ-ਰੀਵੀਊਜ਼, ਪੱਤਰ-ਪੱਤਰਕਾਵਾਂ ਵਿਚ ਛਪੇ ਲੇਖਾਂ, ਸੈਮੀਨਾਰਾਂ ਵਿਚ ਵਾਚੇ ਗਏ ਸ਼ੋਧ-ਪੱਤਰਾਂ ਆਦਿ ਦੇ ਰੂਪ ਵਿਚ ਵੀ ਵਿਚਾਰ ਸਕਦੇ ਹਾਂ। ਡਾ. ਦੀਵਾਨਾ 'ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ' ਦੇ ਮੁਖਬੰਧ ਵਿਚ ਦੱਸਦੇ ਹਨ :

ਮੈਂ ਆਪਣੇ ਥੀਸਸ ਦੇ ਮੁਖਬੰਧ ਵਿਚ ਵਾਅਦਾ ਕੀਤਾ ਸੀ ਕਿ ਜਦ ਵੀ ਕਦੇ ਮੌਕਾ ਲਗਿਆ ਮੈਂ ਬਰਾਊਣ ਲਿਖਿਤ "ਦੇ ਪਰਸ਼ੀਅਨ ਐਂਥਾਲੋਜੀ" ਦੀ ਸੁੰਦਰ ਮਿਸਾਲ ਦੇ ਆਧਾਰ ਤੇ ਇਕ ਵੱਖਰੀ ਜਿਲਦ ਵਿਚ "ਦੇ ਪੰਜਾਬੀ ਐਂਥਾਲੋਜੀ' ਛਪਵਾਵਾਂਗਾ। 1933 ਮਗਰੋਂ ਇਹ ਬਚਨ ਖਾਸੀ ਹੱਦ ਤਕ ਪੂਰਾ ਕੀਤਾ ਹੈ ਭਾਵੇਂ ਘੱਟ ਤਨਖਾਹ ਤੋਂ ਵੀ ਅੱਧੇ ਤੇ

1. ਡਾ. ਰੋਸ਼ਨ ਲਾਲ ਆਹੂਜਾ, ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ, ਪੰਨਾ 223.

Sri Satguru Jagjit Singh Ji Elibrary NamdhariElibrary@gmail.com

ਗੁਜ਼ਾਰਾ ਕਰਨਾ ਪਿਆ, ਤੇ ਉਹ ਵੀ ਹੱਥ ਲਿਖਤਾਂ ਖਰੀਦਣ ਤੇ ਅਨ-ਉਪਲਬਧ ਪ੍ਰਕਾਸ਼ਿਤ ਪੁਸਤਕਾਂ ਖਰੀਦਣ ਤੇ ਖਰਚ ਹੁੰਦਾ ਰਿਹਾ ਹੈ। ਕਿਤੇ ਕਿਤੇ ਤਾਂ ਕਿਸੇ ਰਚਨਾ ਦੀ ਕੇਵਲ ਇਕੋ ਇਕ ਕਾਪੀ ਹੀ ਹੁੰਦੀ ਸੀ। ਮੈਂ 'ਸੂਫੀਆਂ ਦਾ ਕਲਾਮ' ਨਾਂ ਹੇਠ ਸਭ ਤੋਂ ਵੱਡਾ ਸੰਕਲਨ ਛਾਪਿਆ ਹੈ ਜਿਸ ਵਿਚ ਜੀਵਨ ਦੇ ਹਾਲਾਤ, ਪੁਸਤਕ-ਸੂਚੀ ਅਤੇ ਆਲੋਚਨਾਤਮਕ ਟਿੱਪਣੀਆਂ ਵੀ ਸ਼ਾਮਲ ਹਨ। ਹੁਣ ਤਕ ਸਾਡੀ ਜਾਣਕਾਰੀ ਤੋਂ ਵਿਰਵੇ ਰਹੇ ਰਾਮ-ਕਾਵਿਕਾਰ ਅਤੇ ਕ੍ਰਿਸ਼ਣ ਕਾਵਿਕਾਰ ਅਤੇ ਨਿਰਗੁਣ ਤੇ ਸਿੱਖ ਗੁਰੂਆਂ ਨਾਲ ਸੰਬੰਧਤ ਹਿੰਦੂ ਭਗਤੀ ਕਾਵਿ ਦਾ ਇਕ ਸੰਕਲਨ ਪੰਜਾਬੀ ਭਗਤੀ ਕਾਵਿ' ਨਾਂ ਹੇਠ ਛਾਪਿਆ ਹੈ। 'ਆਧੁਨਿਕ ਪੰਜਬੀ ਕਵਿਤਾ' ਨਾਂ ਦਾ ਸਭ ਤੋਂ ਵੱਡਾ ਅਤੇ ਪ੍ਰਤਿਨਿਧੀ ਸੰਗ੍ਰਹਿ ਛਾਪਿਆ ਹੈ ਜਿਸ ਵਿਚ ਭਰੇ ਪੂਰੇ ਨੋਟਸ ਦਿਤੇ ਗਏ ਹਨ, ਅਤੇ ਡੇਢ ਸੌ ਪੰਨਿਆਂ ਦੀ ਭੂਮਿਕਾ ਹੈ, ਹਿੰਦੀ ਕਵਿਤਾ, ਆਧੁਨਿਕ ਉਰਦੂ ਕਵਿਤਾ, ਅੰਗ੍ਰੇਜ਼ੀ ਰੋਮਾਨੀ ਲਹਿਰ, ਅਤੇ ਕਵਿਤਾ ਲਿਖਣ ਤੇ ਮੁੱਲਾਂਕਣ ਕਰਨ ਦੀ ਕਲਾ ਤੇ ਵਿਗਿਆਨ ਆਦਿ ਦਾ ਅਧਿਐਨ ਸ਼ਾਮਲ ਹੈ, ਮੇਰੇ ਕੋਲ ਪਏ ਜਾਂ ਮੈਨੂੰ ਉਪਲਬਧ ਹੱਥ-ਲਿਖਤ ਗ੍ਰੰਥਾਂ ਵਿਚੋਂ ਲੈ ਕੇ ਪੰਜਾਬੀ ਵਾਰਤਕ ਦਾ ਸਭ ਤੋਂ ਵੱਡਾ ਸੰਕਲਨ 'ਪੰਜਾਬੀ ਅਦਬ ਦੀ ਮੁਖਤਸਿਰ ਤਾਰੀਖ' ਨਾਂ ਹੇਠ ਉਰਦੂ ਵਿਚ ਛਾਪਿਆ ਹੈ ਜਿਸ ਵਿਚ ਅਜਿਹੇ ਅਣਜਾਣੇ ਲੇਖਕਾਂ ਦੀ ਨਵੀਂ ਖੋਜੀ ਕਵਿਤਾ ਵੀ ਸ਼ਾਮਲ ਹੈ ਜਿਸ ਨੂੰ ਮੈਂ ਸੂਫੀ, ਭਗਤੀ ਜਾਂ ਆਧੁਨਿਕ ਕਾਵਿ ਸੰਕਲਨਾਂ ਵਿਚ ਸ਼ਾਮਲ ਨਹੀਂ ਕਰ ਸਕਿਆ ਸਾਂ। ਇਸ ਰਚਨਾ ਦਾ ਗੁਰਮੁਖੀ ਰੂਪ ਵੀ ਮੈਂ ਤਕੜੇ ਖਰਚ ਨਾਲ ਛਪਵਾਇਆ ਹੈ। ਦੋ ਹੋਰ ਸੰਕਲਨ ਵੀ ਮੈਂ ਦਿੱਤੇ ਹਨ—ਪੰਜਾਬੀ ਕਹਾਣੀਆਂ ਦਾ ਸੰਕਲਨ 'ਉੱਤਮ ਕਹਾਣੀਆਂ' ਨਾਂ ਹੇਠ ਅਤੇ ਪੰਜਾਬੀ ਵਾਰਤਕ ਤੇ ਕਵਿਤਾ ਦਾ ਪ੍ਰਤਿਨਿਧੀ ਸੰਕਲਨ 'ਨਵੀਨ ਦੀਪਮਾਲਾ' ਨਾਂ ਹੇਠ ਜਿਸ ਵਿਚ ਆਲੋਚਨਾਤਮਕ ਤੇ ਸੂਚਨਾ ਪਰਕ ਟਿੱਪਣੀਆਂ ਵੀ ਸ਼ਾਮਲ ਹਨ।"

ਉਪਰੋਕਤ ਵਿਚ ਡਾ. ਸਿੰਘ ਵਲੋਂ ਸੰਪਾਦਿਤ ਪੁਸਤਕਾਂ ਇਸ ਤਰ੍ਹਾਂ ਹਨ—ਸੂਫੀਆਂ ਦਾ ਕਲਾਮ, ਪੰਜਾਬੀ ਭਗਤੀ ਕਾਵਿ, ਆਧੁਨਿਕ ਪੰਜਾਬੀ ਕਵਿਤਾ, ਉੱਤਮ ਕਹਾਣੀਆਂ ਅਤੇ ਅਤੇ ਨਵੀਨ ਦੀਪਮਾਲਾ ਇਨ੍ਹਾਂ ਵਿਚੋਂ 'ਆਧੁਨਿਕ ਕਵਿਤਾ' ਸਾਡੇ ਵਿਸ਼ੇਸ਼ ਅਧਿਐਨ ਦੀ ਮੰਗ ਕਰਦੀ ਹੈ। ਇਸ ਪੁਸਤਕ ਵਿਚ 1865 ਤੋਂ ਲੈਕੇ 1940 ਤਕ ਦੀ ਚੋਣਵੀਂ ਪੰਜਾਬੀ ਕਵਿਤਾ ਦੇ ਸੁੰਦਰ ਬੋਲਾਂ ਨੂੰ ਚੁਣਕੇ ਸ਼ਾਮਲ ਕੀਤਾ ਗਿਆ ਹੈ। ਵਿਸ਼ੇਸ਼ਤਾ ਇਹ ਹੈ ਕਿ ਲੇਖਕ ਪਹਿਲਾਂ ਹਰ ਪ੍ਰਵਿਰਤੀ ਦੀਆਂ ਵਿਸ਼ੇਗਤ ਤੇ ਸ਼ੈਲੀਗਤ ਵਿਸ਼ੇਸ਼ਤਾਵਾਂ ਦੱਸਦਾ ਹੈ, ਚੁਣੇ ਗਏ ਕਵੀਆਂ ਦੇ ਪਾਏ ਯੋਗਦਾਨ ਦੀ ਗੱਲ ਕਰਦਾ ਹੈ ਅਤੇ ਫੇਰ ਚੋਣਵੀਂ ਕਵਿਤਾ ਦੇ ਦਿੰਦਾ ਹੈ।

ਸਪੱਸ਼ਟ ਹੈ ਕਿ ਲੇਖਕ ਨੇ ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢ 1860 ਤੋਂ ਸਵੀਕਾਰ ਕੀਤਾ ਹੈ। ਮੁੱਢ ਵਿਚ 'ਆਧੁਨਿਕ ਪੰਜਾਬੀ ਕਵਿਤਾ ਦੇ ਗੁਣ ਦੋਸ਼ਾਂ ਬਾਰੇ ਸਟੀਕ ਮੁੱਲਾਂਕਣ ਦਰਜ ਹੈ। ਕਵਿਤਾ ਦੇ ਅਧਿਐਨ ਲਈ ਲੇਖਕ ਨੇ ਇਹ ਵਿਸ਼ੇ ਗਿਣਾਏ ਹਨ—ਕਵੀ ਤੇ ਕਵਿਤਾ, ਆਤਮਾ ਤੇ ਪਰਮਾਤਮਾ (ਵੇਦਾਂਤ, ਭਗਤੀ, ਜੋਗ) ਕਾਦਰ ਤੇ

Sri Satguru Jagjit Singh Ji Elibrary NamdhariElibrary@gmail.com

ਕੁਦਰਤ ਜਾਂ ਪਰਕਿਰਤੀ ਵਰਣਨ, ਮਨੁਖ ਜਾਤੀ, ਤੀਵੀਂ, ਪ੍ਰੀਤ ਤੇ ਸੁੰਦਰਤਾ, ਸਮਾਜ ਸੁਧਾਰ, ਦੇਸ਼ ਦੀ ਰਾਜਨੀਤਿਕ ਉੱਨਤੀ ਦੀ ਚਾਹ (ਦੇਸ਼ ਭਗਤੀ) ਉਸਤਤ ਤੇ ਨਿੰਦਿਆ, ਮਖੌਲ ਤੇ ਚੋਭਾਂ, ਮਾਦਰੀ ਬੋਲੀ—ਪੰਜਾਬੀ, ਅਸਥਾਨਿਕ ਰੰਗ, ਵਿਅਕਤੀਗਤ, ਇਤਿਹਾਸ (ਜੰਗ ਆਦਿ), ਕਿੱਸੇ ਕਹਾਣੀਆਂ (ਕਲਪਿਤ, ਆਦਰਸ਼-ਪੂਜਕ, ਬੀਰ ਰਸ ਯੁਕਤ), ਤਰਜਮੇ। ਲੇਖਕ ਦੋ ਘਾਟਿਆਂ ਵੱਲ ਖਾਸ ਧਿਆਨ ਖਿੱਚਦਾ ਹੈ—(1) ਇਕ ਕਵੀ ਨੂੰ ਲੈ ਕੇ ਉਸਦੇ ਕਮਾਲ ਦਾ ਵੇਰਵਾ ਦੇਣ ਦਾ ਸਮਾਂ ਅਜੇ ਨਹੀਂ ਆਇਆ, (2) ਅਜੇ ਕੋਈ ਵੀ ਓਨਾ ਮਹਾਕਵੀ ਤੇ ਮਹਾਕਾਵਯ ਨਹੀਂ ਦ੍ਰਿਸ਼ਟਮਾਨ ਹੋਇਆ ਜਿਸਦੀ ਕਲਾ ਨਾਲ ਘੋਲੀਆ ਪੜਤਾਲ ਕਰ ਸਕੇ। ਮੁੜ ਆਧੁਨਿਕ ਕਵਿਤਾ ਦੀਆਂ 10 ਵਿਸ਼ੇਸ਼ਤਾਵਾਂ ਨੂੰ ਪੂਰੇ ਮੌਲਿਕ ਅਰਥਾਂ ਵਿਚ ਪ੍ਰਗਟਾਇਆ ਗਿਆ ਹੈ ਜਿਵੇਂ ਕਿ ਵਿਸ਼ੇ ਵਿਅਕਤਿਕ ਤੇ ਸਮਾਜਿਕ, ਆਲੇ ਦੁਆਲੇ ਦਾ ਚਿਤ੍ਰਣ, ਕੁਦਰਤ-ਵਰਣਨ, ਪੁਰਾਤਨ ਕਥਾਵਾਂ ਦੇ ਨਵੀਨ ਅਰਥ ਕੱਢਣੇ, ਦੁਖ ਸੁੱਖ ਦੇ ਵਧੇਰੇ ਵੇਰਵੇ, ਮੰਤਵ ਨੂੰ ਛੱਡ ਕੇ ਰਾਹ ਦੇ ਦ੍ਰਿਸ਼ ਚਿਤ੍ਰਣ ਦੀ ਰੁਚੀ, ਦੁਖ ਗਰੀਬੀ ਕੁਰੂਪਤਾ ਨੂੰ ਧੱਕੇ ਨਹੀਂ ਪੈਂਦੇ, ਆਮ ਆਦਮੀ ਦੀ ਗੱਲ ਵਧੇਰੇ, ਅਟਲ ਜੀਵਨ ਸਦਾਏ ਲੱਭਣ ਦੀ ਥੁੜ-ਚਿਰੇ ਦ੍ਰਿਸ਼ਾਂ ਤੇ ਦ੍ਰਿਸ਼ਟੀ, ਕਾਹਲਾ ਤੇ ਥੁੜ ਪੂੰਜੀਆਂ ਜੀਵਨ ਹੈ ਤੇ ਇਹੋ ਜਿਹੀ ਕਵਿਤਾ ਹੈ। ਜੇ ਦੇਖਿਆ ਜਾਵੇ ਤਾਂ ਇਨ੍ਹਾਂ ਦੱਸ ਸਿਰਲੇਖਾਂ ਤੋਂ ਬਾਹਰ ਹੋਰ ਕੋਈ ਅਜਿਹੀ ਗੱਲ ਬਾਕੀ ਨਹੀਂ ਬਚੀ ਰਹਿੰਦੀ ਜਿਸਨੂੰ ਆਧੁਨਿਕ ਪੰਜਾਬੀ ਕਵਿਤਾ ਦੀ ਵਿਸ਼ੇਸ਼ਤਾ ਕਿਹਾ ਜਾ ਸਕੇ। ਇਨ੍ਹਾਂ ਅਰਥਾਂ ਵਿਚ ਡਾ. ਮੋਹਨ ਸਿੰਘ ਦੀਵਾਨਾ ਦੀ ਪਕੜ, ਉਨ੍ਹਾਂ ਦਾ ਵਿਸ਼ਲੇਸ਼ਣ ਤੇ ਕੱਢੇ ਜਾਂਦੇ ਸਿੱਟੇ ਮੌਲਿਕ, ਮੰਨਣ ਯੋਗ ਅਤੇ ਸਟੀਕ ਹਨ। ਇਹੋ ਗੱਲ 'ਮਹਾਕਵੀ ਤੇ ਮਹਾਕਾਵਯ' ਸਿਰਲੇਖ ਹੇਠ ਕੀਤੀ ਗਈ ਵਿਚਾਰ ਬਾਰੇ ਕਹੀ ਜਾ ਸਕਦੀ ਹੈ। ਅਗਲੇ ਕੁਝ ਅਧਿਆਇ ਇਸ ਤਰ੍ਹਾਂ ਹਨ— "ਆਧੁਨਿਕ ਉਰਦੂ ਕਵਿਤਾ" 'ਪੰਜਾਬੀ ਭਾਖਾ ਤੇ ਸ਼ਬਦ ਕੋਸ਼', 'ਆਧੁਨਿਕ ਹਿੰਦੀ ਕਵਿਤਾ', ਖੜੀ ਬੋਲੀ ਤੇ ਉਰਦੂ, ਗੱਦ ਤੇ ਪੱਦ ਦੀ ਭਾਖਾ ਦਾ ਅੰਤਰ, ਆਧੁਨਿਕ ਕਵਿਤਾ ਉੱਤੇ ਪਏ ਪ੍ਰਭਾਵ, ਪੰਜਾਬੀ ਕਵਿਤਾ ਦੀਆਂ ਵੰਡਾਂ (ਪੰਜਾਬੀ ਸਾਹਿੱਤ ਦੀ ਇਤਿਹਾਸਵਾਚੀ ਕਾਲ-ਵੰਡ ਦੇ ਕੇ ਹੋਰ ਆਲੋਚਕਾਂ ਵਲੋਂ ਕੀਤੀ ਕਾਲ ਵੰਡ ਦੇ ਦੋਸ਼ ਦੱਸੇ ਗਏ ਹਨ ਤੇ ਇਕ ਆਦਰਸ਼ਕ ਕਾਲ-ਵੰਡ ਪੇਸ਼ ਕੀਤੀ ਗਈ ਹੈ), ਪੰਜਾਬੀ ਕਾਵਯਧਾਰਾਵਾਂ, ਕਵੀ ਦੀ ਪਰਖ (ਆਲੋਚਨਾ ਦੇ ਸੁੰਦਰ ਤੇ ਸਵਸਥ ਮਾਪਦੰਡ ਥਾਪੇ ਗਏ ਹਨ), ਪੰਜਾਬੀ ਕਾਵਯ ਪਰੰਪਰਾ, ਸ਼ਬਦ ਯੋਜਨਾ ਤੇ ਵਾਕ੍ਹਨਿਖੇੜ, ਅਰਬੀ ਫਾਰਸੀ ਉਰਦੂ ਦਾ ਪੰਜਾਬੀ ਉੱਤੇ ਪ੍ਰਭਾਵ, ਪ੍ਰਤਯਯ ਤੇ ਵਿਭਕਤੀਆਂ, ਰੋਮੈਂਟਿਕ ਲਹਿਰ, ਆਦਿ।

ਵਿਸ਼ੇ-ਸੂਚੀ ਦੇਖਕੇ ਪਤਾ ਚਲਦਾ ਹੈ ਕਿ ਵਿਦਵਾਨ ਆਲੋਚਕ ਨੇ ਕਵਿਤਾ ਦਾ ਕੋਈ ਪੱਖ ਨਹੀਂ ਛੱਡਿਆ ਜਿਸ ਤੇ ਵਿਚਾਰ ਨ ਕੀਤਾ ਗਿਆ ਹੋਵੇ। ਪਹਿਲਾਂ ਉਰਦੂ, ਹਿੰਦੀ ਆਦਿ ਹੋਰ ਉੱਨਤ ਬੋਲੀਆਂ ਨਾਲ ਤੁਲਨਾ ਕੀਤੀ ਗਈ ਹੈ, ਫ਼ਾਰਸੀ ਤੇ ਅੰਗ੍ਰੇਜ਼ੀ ਪ੍ਰਭਾਵ ਅਤੇ ਕਵਿਤਾ ਦੇ ਮਾਪਦੰਡਾਂ ਬਾਰੇ ਵਿਚਾਰ ਕੀਤਾ ਗਿਆ ਹੈ। ਇਹੋ ਨਹੀਂ, ਲੇਖਕ ਨੇ ਆਪਣੇ ਵੱਲੋਂ ਕਾਵਿ-ਆਲੋਚਨਾ ਦੇ ਜੋ ਨਵੇਂ ਨਰੋਏ ਮਾਪਦੰਡ ਸਥਾਪਿਤ ਕੀਤੇ ਹਨ, ਉਹ ਕਿਸੇ ਵੀ ਨਵ ਲੇਖਕ ਲਈ ਸਹਾਇਕ ਸਿੱਧ ਹੋ ਸਕਦੇ ਹਨ। ਕਾਵਿ-ਆਲੋਚਨਾ ਦੇ

Sri Satguru Jagjit Singh Ji Elibrary NamdhariElibrary@gmail.com

ਛੰਦਾਂ ਦੀ ਵਰਤੋਂ ਕਿਵੇਂ ਕੀਤੀ ਜਾਵੇ, ਦੱਸ ਕੇ ਲੇਖਕ ਨੇ ਸਾਡੇ ਲਈ ਪੰਜਾਬੀ ਦਾ ਇਕ ਨਵਾਂ ਕਾਵਿ-ਸ਼ਾਸਤਰ ਥਾਪਣ ਦਾ ਵਧੀਆ ਵਸੀਲਾ ਇਸ ਪੁਸਤਕ ਨੂੰ ਬਣਾਇਆ ਹੈ।

ਸੰਕਲਨ-ਭਾਗ ਵਿਚ ਸਭ ਤੋਂ ਪਹਿਲਾਂ ਕੁਝ ਚੋਣਵੇਂ ਪਰ ਪ੍ਰਤਿਨਿਧੀ ਕਾਵਿ ਅਨੁਵਾਦਾਂ ਦਾ ਸੰਕਲਨ ਕੀਤਾ ਗਿਆ ਹੈ। ਜਿਨ੍ਹਾਂ ਕੁਝ ਕਾਵਿ ਅਨੁਵਾਦਕਾਂ ਬਾਰੇ ਆਪ ਨੇ ਟਿੱਪਣੀ ਕੀਤੀ ਹੈ ਉਹ ਹਨ—ਅਮਰ ਨਾਥ, ਸਰਦਾਰ ਲਾਭ ਸਿੰਘ, ਹਜ਼ਾਰਾ ਸਿੰਘ, ਖੁਸ਼ੀ ਰਾਮ ਬ੍ਰਜਬੱਲਭ ਸਿੰਘ ਬੇਦੀ ਸ਼ਾਹਦੀਨ, ਪੀਰ ਇਮਾਮ ਸ਼ਾਹ, ਅਮਰ ਸਿੰਘ ਮਨਸੂਰ ਅਤੇ ਲੇਖਕ ਖੁਦ। 'ਨਵੀਨ ਕਵਿਤਾ' ਵਿਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ ਅਤੇ ਜੋਸ਼ੂਆ ਫਜ਼ਲਦੀਨ—ਇਨ੍ਹਾਂ ਚਾਰ ਕਵੀਆਂ ਦੀ ਚੋਣਵੀਂ ਕਵਿਤਾ ਦਰਜ ਕੀਤੀ ਗਈ ਹੈ ਤੇ 'ਨਵੀਨ ਕਵੀ' ਸਿਰਲੇਖ ਹੇਠ ਇਨ੍ਹਾਂ ਚੋਹਾਂ ਦੀ ਕਵਿਤਾ ਦਾ ਬਹੁਤ ਵਧੀਆ ਮੁੱਲਾਂਕਣ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿਚ ਨਿਰੀ ਭਰਤੀ ਨਹੀਂ ਸਗੋਂ ਹਰ ਵਾਕ ਇਕ ਇਕ ਪੱਖ ਦਾ ਸੰਤੁਲਿਤ ਮੁੱਲਾਂਕਣ ਪੇਸ਼ ਕਰਦਾ ਹੈ। ਉਦਾਹਰਣ ਲਈ ਭਾਈ ਵੀਰ ਸਿੰਘ ਦੀ ਕਵਿਤਾ ਦੇ ਜੀਵਨ-ਆਦਰਸ਼, ਮਹਾਕਾਵਯ ਰਾਣਾ ਸੂਰਤ ਸਿੰਘ, ਛੋਟੀਆਂ ਕਵਿਤਾਵਾਂ, ਰੁਬਾਈਆਂ ਆਦਿ ਦਾ ਪੂਰਾ ਵੇਰਵਾ ਦੇਣ ਪਿੱਛੋਂ ਆਲੋਚਕ ਇਨ੍ਹਾਂ ਸ਼ਬਦਾਂ ਵਿਚ ਸਮਾਲੋਚਨਾ ਕਰਦਾ ਹੈ—"ਆਪ ਦੀ ਸਾਰੀ ਕਵਿਤਾ ਇਕੋ ਹੀ ਸੰਦੇਸ਼ ਨੂੰ ਬਾਰ ਬਾਰ ਨਵੇਂ ਰਾਗ ਤੇ ਨਵੀਂ ਬਣਤਰ ਤੇ ਨਵੇਂ ਰੰਗ-ਢੰਗ ਨਾਲ ਦੇਂਦੀ ਹੈ ਉਹ ਹੈ ਡੋਲੋ ਨਹੀਂ, ਇਕ ਰਸ ਰਹੋ, ਕਾਰਜ ਤੋਂ ਕਾਰਨ ਵੱਲ ਧਾਈ ਕਰੋ, ਡਿੱਠ ਅਣਡਿੱਠ ਤੀਕ ਪੁੱਜਣ ਲਈ ਸੁੰਦਰਤਾ ਨੂੰ, ਬਿਰਹਾ ਨੂੰ, ਸੱਤ ਨੂੰ, ਕਲਾ ਨੂੰ ਆਪਣੇ ਆਗੂ ਬਣਾਉ। ਧੁਰ ਕੀ ਬਾਣੀ, ਅਕਾਲੀ ਬਾਣੀ ਦਾ ਇਹੋ ਉਦੇਸ਼ ਹੈ, ਸਥੂਲ ਤੇ ਸੁਖਾਂਤ ਤੋਂ ਕਾਰਨ ਮੰਡਲਾਂ ਵੱਲ ਮੁੜਨਾ ਹੀ ਸਾਡਾ ਵਿਗਾਸ ਤੇ ਉੱਨਤੀ ਹੈ।"[1]

'ਕਿੱਸੇ' ਸਿਰਲੇਖ ਅਧੀਨ ਕਿਸ਼ਨ ਸਿੰਘ ਆਰਿਫ਼, ਦੌਲਤ ਰਾਮ ਅਤੇ ਫ਼ਕੀਰ ਸੱਯਦ ਮੀਰ, ਹੁਸੈਨ ਦਾ ਕਲਾਮ ਦਰਜ ਹੈ ਅਤੇ 'ਕਿੱਸਾ-ਨਵੀਸ' ਵਿਚ ਪੰਜਾਬੀ ਕਿੱਸਾ ਕਾਵਿ ਦਾ ਮੰਨਣਯੋਗ ਮੁੱਲਾਂਕਣ ਕੀਤਾ ਗਿਆ ਹੈ। ਆਪ ਦਾ ਮੱਤ ਹੈ ਕਿ 'ਇਕ ਮਹਾਕਵੀ ਹੀ ਕਿੱਸੇ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਨਿਭਾ ਸਕਦਾ ਹੈ। ਕਿੱਸੇ ਵਿਚ ਕੀ ਹੁੰਦਾ ਹੈ—ਜਾਤੀਯ ਜਾਂ ਕੌਮੀ ਇਤਿਹਾਸ, ਕਾਲਪਨਿਕ ਮਸਾਲਾ, ਧਰਮ, ਰਾਜਨੀਤੀ, ਮਨੋਵਿਗਿਆਨਿਕ ਵਿਸ਼ਲੇਸ਼ਣ, ਨਾਟਕੀ ਗੱਲਬਾਤ, ਦੈਵੀ ਸਹਾਇਕ ਤੇ ਸਹਾਇਤਾ, ਸਾਮਿਅਕ ਵਾਸਤਵਿਕਤਾ, ਸਮਾਜ ਸੁਧਾਰ, ਦ੍ਰਿਸ਼ ਵਰਣਨ, ਲਿਰਿਸਿਜ਼ਮ ਜਾਂ ਮਾਰਮਿਕ ਤੇ ਸਾਰ-ਗਰਭਿਤ ਉਬਾਲਾਂ ਦਾ ਚਿਤਰਣ।"[2] ਮੁਲਾਂਕਣ ਕਰਨ ਵਗੈਰੋਂ ਆਧੁਨਿਕ ਕਾਲ ਵਿਚ ਲਿਖੇ ਗਏ 43 ਹੋਰ ਕਿੱਸਿਆਂ ਦੀ ਸੂਚੀ ਦਰਜ ਕੀਤੀ ਗਈ ਹੈ।

'ਇਤਿਹਾਸ ਤੇ ਪੁਰਾਣ' ਸਿਰਲੇਖ ਹੇਠ ਪੰ. ਮਾਨ ਸਿੰਘ ਕਾਲੀਦਾਸ, ਬਿਸ਼ਨ ਸਿੰਘ,

1. ਆਧੁਨਿਕ ਪੰਜਾਬੀ ਕਵਿਤਾ, ਪੰਨਾ-194.
2. -ਉਹੀ-, ਪੰਨਾ-293.

Sri Satguru Jagjit Singh Ji Elibrary NamdhariElibrary@gmail.com

ਕਰਤਾਰ ਸਿੰਘ ਦੇ ਧਾਰਮਿਕ ਕਿੱਸਿਆਂ ਚੋਂ ਚੋਣ ਦਿੱਤੀ ਗਈ ਹੈ, 'ਇਤਿਹਾਸਿਕ ਤੇ ਪੌਰਾਣਿਕ ਕਵੀ' ਵਿਚ ਇਸ ਧਾਰਾ ਦੇ ਕਿੱਸਿਆਂ ਦਾ ਮੁੱਲਾਂਕਣ ਹੈ, ਮੁਤ ਹਿੰਦੂ ਧਰਮ ਨਾਲ ਸੰਬੰਧਤ 19, ਸਿੱਖ ਧਰਮ ਨਾਲ ਸੰਬੰਧਤ 21 ਅਤੇ ਮੁਸਲਮਾਨਾਂ ਨਾਲ ਸੰਬੰਧਤ 14 ਰਚਨਾਵਾਂ ਦੀ ਸੂਚੀ ਤੇ ਹੋਰ ਜਾਣਕਾਰੀ ਦਰਜ ਕੀਤੀ ਗਈ ਹੈ, 4 ਜੰਗਨਾਮੇ 'ਅੰਗ੍ਰੇਜ਼-ਪਠਾਣ ਯੁੱਧ' ਨਾਲ ਸੰਬੰਧਤ ਦੱਸੇ ਗਏ। ਫੇਰ ਕਾਫ਼ੀਆਂ, ਸੀਹਰਫ਼ੀਆਂ, ਬਾਰਾਂਮਾਹ, ਬਿਸ਼ਨਪਦਾ ਤਥਾ ਭਜਨ, ਸਤਵਾਰਾ, ਥਿਤਾਂ, ਦੋਹੜਾ, ਚੌਬਰਗਾ, ਚਿੱਠੀ ਆਦਿ ਸਰੋਦੀ ਕਾਵਿ ਰੂਪਾਂ ਦਾ ਚੋਣਵਾਂ ਸੰਕਲਨ ਕਰਕੇ ਇਸ ਕਾਵਿਧਾਰਾ ਦਾ ਮੁੱਲਾਂਕਣ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ—"ਬਾਰਾਂਮਾਹ ਆਦਿ ਨਵੀਨ ਕਵਿਤਾ ਦੀ ਬੁਨਿਆਦ ਹਨ। ਇਨ੍ਹਾਂ ਦੀ ਗਿਣਤੀ ਲਿਰਿਕ ਜਾਂ ਸਰੋਦੀ ਕਵਿਤਾ ਵਿਚ ਹੈ ਜਿਸ ਵਿਚ (ੳ) ਬਿਰਹਾ, (ਅ) ਰਹੱਸਵਾਦ ਤੇ (ੲ) ਗਿਆਨ ਗੋਸ਼ਟ ਦੁਆਰਾ ਸਮਾਜੀ ਕਵਿਤਾ ਦਾ ਪ੍ਰਦਰਸ਼ਨ, ਤਿੰਨੇ ਹੀ ਉਪਸਥਿਤ ਹਨ।"[1] ਇਸ ਵੰਨਗੀ ਦੇ 55 ਸੰਗ੍ਰਹਾਂ ਦੀ ਸੂਚੀ ਵੀ ਦਰਜ ਹੈ। ਇਨ੍ਹਾਂ ਸੂਚੀਆਂ ਸਦਕਾ ਇਹ ਪੁਸਤਕ ਡਾ. ਦੀਵਾਨਾ ਦੇ ਇਤਿਹਾਸ-ਲੇਖਣ ਦੀ ਹੀ ਇਕ ਮਹੱਤਵਪੂਰਨ ਕੜੀ ਹੋ ਨਿਬੜਦੀ ਹੈ। ਇਸ ਪਿੱਛੋਂ 'ਹਾਸਯ ਰਸ' ਦੀ ਵੰਨਗੀ ਦਿੱਤੀ ਗਈ ਹੈ। ਚਰਨ ਸਿੰਘ ਸ਼ਹੀਦ 'ਸੁਥਰਾ', ਦੀ ਕਵਿਤਾ ਦਾ ਨਮੂਨਾ ਦੇਕੇ ਉਸਦੀ ਕਵਿਤਾ ਦਾ ਮੁੱਲਾਂਕਣ ਵੀ ਕੀਤਾ ਗਿਆ ਹੈ।

'ਪੰਜਾਬੀ ਕਵਿਤਾ ਦਾ ਭਵਿੱਖ', ਮਹਾਂਕਾਵਯ ਤੇ ਪ੍ਰਬੰਧ ਕਾਵਯ, ਕਾਵਯ ਕੀ ਹੈ, ਆਦਿ ਹੋਰ ਵਿਸ਼ੇ ਇਹੋ ਸੁਝਾਉਂਦੇ ਹਨ ਕਿ ਡਾ. ਮੋਹਨ ਸਿੰਘ ਦੀਵਾਨਾ ਦੀ ਆਲੋਚਨਾ ਦ੍ਰਿਸ਼ਟੀ ਵਿਚ ਸਿੱਧਾਂਤਕ ਆਲੋਚਨਾ ਦੀ ਪਰਖ ਕਰਨ ਅਤੇ ਪੰਜਾਬੀ ਦੀ ਆਲੋਚਨਾ ਵਿਧੀ ਤਿਆਰ ਕਰਕੇ ਇਕ ਨਵਾਂ ਆਲੋਚਨਾ-ਸ਼ਾਸਤਰ ਸਿਰਜਣ ਦੀ ਇੱਛਾ ਅਤੇ ਪ੍ਰਤਿਭਾ ਕਿੰਨੀ ਪ੍ਰਬਲ ਸੀ।

ਸੰਪਾਦਿਤ ਪੁਸਤਕਾਂ ਵਿਚੋਂ ਡਾ. ਮੋਹਨ ਸਿੰਘ ਦੀਵਾਨਾ ਦੀ ਇਕ ਹੋਰ ਮਹੱਤਵਪੂਰਨ ਆਲੋਚਨਾ-ਪੁਸਤਕ 'ਹੀਰ ਵਾਰਿਸ ਸ਼ਾਹ' ਹੈ ਜਿਸ ਵਿਚ ਇਨ੍ਹਾਂ ਨੇ ਬੜੀ ਮਿਹਨਤ, ਲਗਨ ਅਤੇ ਖੋਜ ਨਾਲ ਹੀਰ ਵਾਰਿਸ ਦਾ ਪ੍ਰਮਾਣਿਕ ਪਾਠ ਲੱਭਣ ਦਾ ਯਤਨ ਕੀਤਾ ਹੈ। ਡਾ. ਜੀਤ ਸਿੰਘ ਸੀਤਲ ਨੇ ਇਨ੍ਹਾਂ ਦੀ ਅਗਵਾਈ ਵਿਚ ਇਸੇ ਪਾਠ ਨੂੰ ਆਧਾਰ ਬਣਾਕੇ ਪੀ. ਐਚ. ਡੀ. ਕੀਤੀ ਹੈ। 'ਸ਼ਲੋਕ ਫ਼ਰੀਦ', 'ਸਲੋਕ ਗੁਰੂ ਤੇਗ ਬਹਾਦਰ ਜੀ', 'ਸਲੋਕ ਗੁਰੂ ਨਾਨਕ ਦੇਵ ਜੀ' ਆਪ ਦੇ ਹੋਰ ਗ੍ਰੰਥ ਹਨ ਜਿਨ੍ਹਾਂ ਤੋਂ ਆਪ ਦੀ ਸੰਪਾਦਨ ਕਲਾ ਅਤੇ ਵਿਦਵੱਤਾ ਭਰਪੂਰ ਆਲੋਚਨਾ ਦ੍ਰਿਸ਼ਟੀ ਦਾ ਪਤਾ ਚਲਦਾ ਹੈ। ਸੂਫ਼ੀਆਂ ਦੇ ਕਲਾਮ ਵਿਚ ਜਿੱਥੇ ਬਹੁਤ ਸਾਰੇ ਸੂਫ਼ੀ ਕਵੀਆਂ ਦਾ ਕਲਾਮ ਇਕੱਠਾ ਕੀਤਾ ਹੈ, ਉਥੇ 'ਕਲਾਮ ਸ਼ਾਹ ਹੁਸੈਨ', 'ਬੁਲ੍ਹੇ ਸ਼ਾਹ' ਆਦਿ ਰਚਨਾਵਾਂ ਆਪਦੀ ਉਤਕ੍ਰਿਸ਼ਟ ਆਲੋਚਨਾ, ਸੰਪਾਦਨ ਕਲਾ ਅਤੇ ਖੋਜ-ਪਰਖ ਦੇ ਸੁੰਦਰ ਨਮੂਨੇ ਗਿਣੇ ਜਾ ਸਕਦੇ ਹਨ। ਪ੍ਰੋ. ਪ੍ਰੀਤਮ ਸਿੰਘ ਇਸ ਬਾਰੇ

1. ਆਧੁਨਿਕ ਪੰਜਾਬੀ ਕਵਿਤਾ, ਪੰਨਾ-393.

Sri Satguru Jagjit Singh Ji Elibrary NamdhariElibrary@gmail.com

ਲਿਖਦੇ ਹਨ—"ਉਪਰ ਦਿੱਤੀ ਸੂਚੀ ਨੂੰ ਪੜ੍ਹਕੇ ਕੋਈ ਨਿਰਪੱਖ ਪਾਠਕ ਇਸ ਨਤੀਜੇ ਉੱਤੇ ਪਹੁੰਚੇ ਬਿਨਾਂ ਨਹੀਂ ਰਹਿ ਸਕਦਾ ਕਿ ਵੇਦ, ਪੁਰਾਣ, ਗੀਤਾ ਤੇ ਗ੍ਰੰਥ, ਬੁੱਧ, ਗੋਰਖ, ਨਾਮਦੇਵ ਤੇ ਕਬੀਰ; ਨਾਨਕ, ਹੁਸੈਨ, ਬੁਲ੍ਹਾ ਤੇ ਵਾਰਿਸ, ਡਾਕਟਰ ਮੋਹਨ ਸਿੰਘ ਸਭ ਉੱਤੇ ਸਮਾਨ ਪ੍ਰਮਾਣਿਕਤਾ ਨਾਲ ਪ੍ਰਕਾਸ਼ ਪਾਉਂਦਾ ਹੈ ਤੇ ਰੜੇ ਮੈਦਾਨ, ਬੱਕਰੇ ਬੁਲਾ ਕੇ, ਕਹਿੰਦੇ ਕਹਾਉਂਦੇ ਮੱਲਾਂ ਨੂੰ ਵੰਗਾਰ ਪਾਉਂਦਾ ਹੈ ਕਿ ਆਓ ਨਿੱਤਰੋ, ਅਖਾੜੇ ਵਿਚ।" ਅੱਗੇ ਚਲਕੇ ਉਹ ਇਨ੍ਹਾਂ ਉੱਤੇ ਪਈ 'ਮੋਹਨ ਸਿੰਘ' ਛਾਪ ਦੀ ਗੱਲ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ—"ਜੋ ਕੰਮ ਡਾ. ਮੋਹਨ ਸਿੰਘ ਜੀ ਪੰਜਾਬੀ ਵਿਚ ਕਰ ਸਕੇ ਹਨ, ਉਸਨੂੰ ਅਸੀਂ 'ਯਾਦਗਾਰੀ' ਕਹਿ ਸਕਦੇ ਹਾਂ। ਉਨ੍ਹਾਂ ਨੇ ਖੋਜ, ਪਰਖ ਕੀਤੀ ਹੈ, ਕਵਿਤਾ ਕਹੀ, ਅਨੁਵਾਦੀ ਤੇ ਸੰਪਾਦਿਤ ਕੀਤੀ ਹੈ, ਨਾਟਕ ਲਿਖੇ, ਤਰਜਮਾਏ ਹਨ ਤੇ ਕਹਾਣੀਆਂ ਰਚੀਆਂ ਹਨ। ਤੇ ਉਨ੍ਹਾਂ ਦੇ ਸਾਰੇ ਦੇ ਸਾਰੇ ਕੰਮ ਉੱਤੇ 'ਮੋਹਨ ਸਿੰਘੀ' ਛਾਪ ਹੈ—ਮੌਲਿਕਤਾ ਦੀ, ਭਰਪੂਰ ਭਾਸ਼ਾਈ ਕਲਚਰ ਦੀ ਤੇ ਤੁਲਨਾਤਮਕ ਅਧਿਅਨ ਦੀ।"[1]

ਡਾ. ਮੋਹਨ ਸਿੰਘ ਦੀਵਾਨਾ ਦੀ ਇਤਿਹਾਸਕਾਰੀ, ਸੰਪਾਦਨ ਕਲਾ ਤੇ ਅਲੋਚਨਾ ਦ੍ਰਿਸ਼ਟੀ ਬਾਰੇ ਇਥੇ ਅਸੀਂ ਲੇਖਕ ਦੀ ਆਪਣੀ ਰਾਇ ਅਤੇ ਪ੍ਰਸਿੱਧ ਆਲੋਚਕ ਡਾ. ਰੋਸ਼ਨ ਲਾਲ ਆਹੂਜਾ ਦੀ ਰਾਇ ਦੇਣਾ ਚਾਹੁੰਦੇ ਹਾਂ ਜੋ ਇਸ ਤਰ੍ਹਾਂ ਹੈ—ਮੇਰੇ ਮੁਤਲਾਸ਼ੀ ਅਤੇ ਚੇਤੰਨ ਹੱਥਾਂ ਵਿਚ ਹੋਰ ਤੋਂ ਹੋਰ ਮਹੱਤਵਪੂਰਨ ਸੂਚਨਾ ਲਗਦੀ ਰਹੀ ਅਤੇ ਮੈਂ ਆਪਣੇ ਆਲੋਚਨਾਤਮਕ ਮੁੱਲਾਂਕਣ ਦਾ ਘੇਰਾ ਹੋਰ ਵਿਸ਼ਾਲ ਕਰਦਾ ਰਿਹਾ। ਫਲਸਰੂਪ ਬਹੁਤ ਸਾਰੇ ਲੇਖ ਅੰਗ੍ਰੇਜ਼ੀ ਮਾਸਿਕਾਂ, ਸਪਤਾਹਿਕਾਂ ਅਤੇ ਦੈਨਿਕਾਂ ਵਿਚ ਛਾਪੇ ਗਏ, ਆਪਨੇ ਨੌਜਵਾਨ ਸਮਕਾਲੀਆਂ ਦੀਆਂ ਕਹਾਣੀਆਂ, ਨਾਟਕਾਂ ਤੇ ਕਵਿਤਾ-ਸੰਗ੍ਰਿਹਾਂ ਦੇ ਦਰਜਨ ਦੇ ਲਗਭਗ ਮੁੱਖਬੰਧ ਲਿਖੇ। ਅੰਤ ਵਿਚ ਸਾਹਿੱਤਕ ਵਿਆਖਿਆਤਮਕ ਅਤੇ ਸੂਚਨਾਪਰਕ ਨਿਬੰਧਾਂ ਦਾ 'ਮੇਰਾ ਆਪਣਾ ਸੰਗ੍ਰਹਿ' 'ਜਿਤਿੰਦਰ ਸਾਹਿੱਤ ਸਰੋਵਰ' ਨਾਂ ਹੇਠ ਛਪਿਆ ਜਿਸ ਬਾਰੇ ਡਾ. ਰੋਸ਼ਨ ਲਾਲ ਆਹੂਜਾ ਨੇ ਬੰਬਈ ਦੇ ਪੀ. ਈ. ਐਫ. ਮਾਸਿਕ ਵਿਚ ਇੰਵ ਲਿਖਿਆ ਸੀ :

"ਇਹ ਵਿਚਾਰਾਤਮਕ ਤੇ ਆਲੋਚਨਾਤਮਕ ਨਿਬੰਧਾਂ ਦਾ ਸੰਗ੍ਰਹਿ ਹੈ ਜੋ ਗਿਆਨ ਅਤੇ ਸਿੱਖਿਆ ਦਾ ਬਹੁਤ ਵੱਡਾ ਖੇਤਰ ਸਾਂਭੀ ਬੈਠਾ ਹੈ ਜਿਵੇਂ ਕਿ ਪੰਜਾਬੀ ਦਾ ਵਿਕਾਸ, ਪੰਜਾਬੀ ਸਾਹਿੱਤ ਦੀਆਂ ਚਾਰ ਧਾਰਾਂ, ਪੰਜਾਬੀ ਸਾਹਿੱਤ ਦੇ ਵਿਸ਼ੇਸ਼ ਲੱਛਣ ਆਦਿ। ਵਿਚਾਰਾਤਮਕ ਤੇ ਆਲੋਚਨਾਤਮਕ ਵਾਰਤਕ ਕਲਾ ਦੇ ਇਹ ਮਾਸਟਰ ਪੀਸ ਆਖੇ ਜਾ ਸਕਦੇ ਹਨ। ਇਹ ਗੱਲ ਵਿਸ਼ੇ ਦੀ ਚੋਣ ਅਤੇ ਉਨ੍ਹਾਂ ਦੀ ਸ਼ੈਲੀ ਦੋਵਾਂ ਤੋਂ ਹੀ ਸਪੱਸ਼ਟ ਹੈ। ਇਨ੍ਹਾਂ ਨਿਬੰਧਾਂ ਦੇ ਲੱਛਣ ਸਾਦੀ ਤੇ ਪ੍ਰਤੱਖ ਸ਼ੁਰੂਆਤ, ਸੋਚ ਦਾ ਸਰਲ ਪਰ ਤਰਕਪੂਰਨ ਵਿਕਾਸ, ਵਿਚਾਰਾਂ ਦੀ ਸਪੱਸ਼ਟਤਾ ਅਤੇ ਅਮੀਰੀ; ਉਦਾਹਰਣਾਂ ਅਤੇ ਸੁਝਾਵਾਂ ਦੀ ਸੰਪੰਨਤਾ ਅਤੇ ਪ੍ਰਗਟਾਉ ਦੀ ਤਰਲਤਾ। ਇਨ੍ਹਾਂ ਨਿਬੰਧਾਂ ਵਿਚ ਡਾ. ਸਿੰਘ ਦੀ ਡੂੰਘੀ ਵਿਦਵੱਤਾ ਅਤੇ ਵਿਸ਼ਲੇਸ਼ਣੀ

1. ਡਾ. ਮੋਹਨ ਸਿੰਘ, ਮਹਿਕਮਾ ਪੰਜਾਬੀ, ਪਟਿਆਲਾ, 1955, ਪੰਨਾ 40 ਅਤੇ 42.

Sri Satguru Jagjit Singh Ji Elibrary NamdhariElibrary@gmail.com

ਸ਼ਕਤੀ ਦੀ ਛਾਪ ਸਪੱਸ਼ਟ ਹੈ ਜਿਵੇਂ ਕਿ ਲੋਫਾਕਾਡੀਓ ਹੈਰਨ, ਹਡਸਨ, ਗ੍ਰੀਅਰਸਨ ਅਤੇ ਆਲੀਵਰ ਐਲਟਨ ਦੇ ਨਿਬੰਧਾਂ ਵਿਚ ਹੁੰਦਾ ਹੈ। ਜਾਪਦਾ ਹੈ ਪੱਛਮੀ ਵਿਦਵੱਤਾ ਵਿਚਲਾ ਉਸਦਾ ਅਧਿਅਨ ਤੇ ਸਿਖਿਆ ਉਸਦੇ ਆੜੇ ਆਇਆ ਹੈ ਅਤੇ ਵਿਚਾਰਾਤਮਕ ਤੇ ਆਲੋਚਨਾਤਮਕ ਵਾਰਤਕ ਦੀ ਨਵੀਨ ਪਰੰਪਰਾ ਨੂੰ ਪੂਰਨਤਾ ਦੇ ਵੱਧ ਤੋਂ ਵੱਧ ਨੇੜੇ ਲਿਆਉਣ ਵਿਚ ਸਹਾਇਕ ਸਿੱਧ ਹੋਈ ਹੈ।"

## ਟੀਕਾਕਾਰ ਡਾ. ਮੋਹਨ ਸਿੰਘ ਦੀਵਾਨਾ

ਡਾ. ਮੋਹਨ ਸਿੰਘ ਦੀਵਾਨਾ ਵਿਦਵਾਨ ਆਲੋਚਕ ਤੇ ਕੁਸ਼ਲ ਸੰਪਾਦਕ ਹੀ ਨਹੀਂ ਸਨ ਸਗੋਂ ਸੁਲਝੇ ਹੋਏ ਬਾਣੀ ਵਿਆਖਿਆਕਾਰ ਵੀ ਸਨ। ਗੁਰੂ ਘਰ ਦੇ ਅਨਿੰਨ ਸੇਵਕ ਹੋਣ ਦੇ ਨਾਤੇ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਰਚਨਾ ਨਾਲ ਅਤਿ ਦਰਜੇ ਦਾ ਅਨੁਰਾਗ ਸੀ ਅਤੇ ਬਹੁਤ ਸਾਰੀਆਂ ਦੇਸ਼ੀ-ਵਿਦੇਸ਼ੀ ਜ਼ਬਾਨਾਂ ਦੇ ਮਾਹਰ ਹੋਣ ਸਦਕਾ ਉਨ੍ਹਾਂ ਨੂੰ ਸ਼ਬਦਾਂ ਦੀ ਘੋਖ-ਪਰਖ ਕਰਨ, ਸੁਚੱਜੀ ਚੋਣ ਕਰਨ ਤੇ ਨਵੇਂ ਨਵੇਂ ਸ਼ਬਦ ਘੜਣ ਤੇ ਸਮਾਸ ਬਣਾਉਣ ਦੀ ਵਿਧੀ ਆਉਂਦੀ ਸੀ ਅਤੇ ਸਿਰਜਨਸ਼ੀਲ ਪ੍ਰਤਿਭਾ ਸਦਕਾ ਉਹ ਬਾਣੀ ਤੇ ਭਗਤ ਬਾਣੀ ਦੇ ਨਵੇਂ ਨਵੇਂ ਅਰਥ ਕਰਕੇ ਅਭਿਧਾ ਅਰਥਾਂ ਤੋਂ ਲੱਛਣਾ ਅਰਥਾਂ ਤੇ ਵਿਅੰਜਨਾ ਅਰਥਾਂ ਤਕ ਪਹੁੰਚ ਰਖਦੇ ਸਨ। ਉਨ੍ਹਾਂ ਦੀ ਇਸ ਪ੍ਰਵਿਰਤੀ ਦੇ ਦਰਸ਼ਨ ਉਨ੍ਹਾਂ ਦੀ ਟੀਕਾਕਾਰੀ ਤੋਂ ਭਲੀ ਭਾਂਤ ਹੁੰਦੇ ਹਨ। ਡਾ. ਦੀਵਾਨਾ ਨੇ ਪਰੰਪਰਾਗਤ ਤੇ ਸੰਪ੍ਰਦਾਈ ਟੀਕਾ ਪੱਧਤੀ ਦੀ ਥਾਂ ਵਿਦਵੱਤਾ ਭਰਪੂਰ ਤੇ ਕਾਵਿ ਗੁਣ ਸੰਪੰਨ ਟੀਕਾਕਾਰੀ ਦੀ ਨਿੱਗਰ ਨੀਂਹ ਰਖੀ, ਜਿਸ ਤੋਂ ਲਾਭ ਉਠਾਕੇ ਕੋਈ ਵੀ ਬਾਣੀ ਰਸੀਆ ਸੱਚੇ ਅਰਥਾਂ ਵਿਚ ਗੁਰੂ ਵਾਲਾ ਹੋ ਸਕਦਾ ਹੈ ਤੇ ਗੁਰਮੁਖ ਦੇ ਲੱਛਣ ਪਛਾਣਦਾ ਹੋਇਆ ਪਰਮਾਰਥ ਸਾਧ ਸਕਦਾ ਹੈ।

ਟੀਕਾਕਾਰੀ ਦੇ ਖੇਤਰ ਵਿਚ ਆਪ ਦੀਆਂ ਦੋ ਰਚਨਾਵਾਂ ਹਨ, 'ਪੰਜਾਬੀ ਭਾਖਾ ਤੇ ਛੰਦਾਬੰਦੀ-ਜਪੁਜੀ', ਅਤੇ 'ਭਾਖਾ ਵਿਗਿਆਨ ਤੇ ਗੁਰਮਤਿ ਗਿਆਨ'। ਇਨ੍ਹਾਂ ਵਿਚੋਂ ਦੂਜੀ ਪੁਸਤਕ ਦੀ ਚਰਚਾ ਅਸੀਂ ਰਤਾ ਵਿਸਤਾਰ ਨਾਲ ਕਰਾਂਗੇ।

### ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ[1]

ਪੁਸਤਕ ਦੇ ਦੋ ਭਾਗ ਹਨ ਪਹਿਲੇ ਭਾਗ ਵਿਚ ਜਪੁਜੀ ਸਾਹਿਬ ਦਾ ਟੀਕਾ ਤੇ ਵਿਆਖਿਆ ਹੈ। ਦੂਜੇ ਭਾਗ ਵਿਚ ਜਪੁ ਅਉਤਰਨ, ਜਪੁਜੀ ਛੰਦਾ ਬੰਦੀ, ਭਾਖਾ, ਸ਼ਬਦਾਵਲੀ ਪੱਟੀ, ਅਖਰਾਵਲੀ, ਲਿਖਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਨਸਰ, ਟਿੱਪੀ ਤੇ ਬਿੰਦੀ। ਸਿੱਧ ਗੋਸ਼ਟਿ ਸਟੀਕ, ਗਾਥਾ ਆਦਿ ਬਾਰੇ ਵਿਸਤ੍ਰਿਤ ਵਿਚਾਰ ਕੀਤੀ ਗਈ ਹੈ। ਡਾ. ਮੋਹਨ ਸਿੰਘ ਦੀਵਾਨਾ ਭੂਮਿਕਾ ਵਿਚ 'ਜਪੁਜੀ ਸਾਹਿਬ' ਦੀ ਟੀਕਾ ਪਰੰਪਰਾ ਤੇ ਉਸ ਵਿਚ ਉਨ੍ਹਾਂ ਦੇ ਆਪਣੇ ਯੋਗਦਾਨ ਦੀ ਗੱਲ ਇਨ੍ਹਾਂ ਸ਼ਬਦਾਂ ਵਿਚ ਦੱਸਦੇ ਹਨ।

"ਮੈਂ ਆਪਣੀ ਨਿਤਾਂਤ ਖੋਜ ਦਾ ਨਵਾਂ ਨਵਾਂ ਸਿੱਟਾ ਸਮੇਂ ਸਮੇਂ ਆਪ ਦੇ ਸਾਹਮਣੇ

1. ਕਸਤੂਰੀ ਲਾਲ ਐਂਡ ਸੰਨਜ਼, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, ਪਹਿਲੀ ਵਾਰ, 1962.

Sri Satguru Jagjit Singh Ji Elibrary NamdhariElibrary@gmail.com

ਰਖਦਾ ਚੱਲਿਆ ਆਉਂਦਾ ਹਾਂ। ਪਿਛਲਿਆਂ ਕੁਝ ਸਾਲਾਂ ਤੋਂ ਮੈਂ ਇਹ ਸੋਚ ਰਹਿਆ ਹਾਂ ਕਿ ਜਪੁਜੀ ਸਾਹਿਬ ਦੇ ਸਾਰਿਆਂ ਟੀਕਿਆਂ ਵਿਚ ਅਸੁਧੀਆਂ ਹਨ, ਕਿਸੇ ਵਿਚ ਥੋਹੜੀਆਂ ਕਿਸੇ ਵਿਚ ਬਹੁਤ। ਆਪਣੇ ਏਸ ਟੀਕੇ ਵਿਚ ਮੈਂ ਸਭ ਅਸ਼ੁੱਧੀਆਂ ਦੂਰ ਕਰ ਦਿੱਤੀਆਂ ਹਨ ਜੋ ਅਗਲਿਆਂ ਵਿਚ ਸਨ।

ਜਪੁਜੀ ਦਾ ਸਭ ਤੋਂ ਪੁਰਾਣਾ ਟੀਕਾ ਹੈ 1701 ਈ. ਵਿਚ ਨਕਲਿਆ ਸਿਭੂ ਨਾਥ ਬ੍ਰਾਹਮਣ ਦੀ ਹਥੀਂ, ਤੇ ਸਿੱਧ ਗੋਸਟਿ ਦਾ 1713 ਈ. ਵਿਚ ਰਚਿਆ, ਜਸਵੰਤ ਰਾਇ ਸਿਆਲਕੋਟੀ ਹੱਥੀਂ ।..''ਸੱਚ ਖੰਡ ਕੋਈ ਖੰਡ ਨਹੀਂ ਉਹ ਤਾਂ ਸ੍ਵੈ-ਆਨੰਦ-ਸਰੂਪਤਾ ਹੈ ਜੋ ਘਟ ਘਟ ਵਿਚ ਬਿਰਾਜਮਾਨ ਹੈ।''

''ਪੰਜਾਬੀ ਗੁਰਮੁਖੀ-ਭਾਖਾ ਵਿਗਿਆਨ ਬਾਰੇ ਮੈਨੂੰ ਬਹੁਤ ਕੁਝ ਮਲੂਮ ਹੈ ਜੋ ਚਿਤ ਤਾਂ ਕਰਦਾ ਹੈ ਤੁਰਤ ਤੋਂ ਤੁਰਤ ਸਾਰੇ ਦਾ ਸਾਰਾ ਭੇਟਾ ਕਰ ਦਿਆਂ ਪਰ ਕਈਆਂ ਕਾਰਣਾਂ ਕਰਕੇ ਅਜੇ ਥੋੜਾ ਥੋੜਾ ਕਰਕੇ ਹੀ ਪੇਸ਼ ਕਰਨ ਦਾ ਔਸਰ ਮਿਲਿਆ ਹੈ।''

ਅਰਥਾਤ ਡਾ. ਮੋਹਨ ਸਿੰਘ ਅਨੁਸਾਰ ਉਨ੍ਹਾਂ ਦਾ ਇਹ ਟੀਕਾ ਲਿਖਣ ਦਾ ਮੰਤਵ ਦੂਹਰਾ ਸੀ, ਇਕ ਤਾਂ ਇਹ ਕਿ ਗੁਰਮਤਿ, ਗੁਰੂ ਸਾਹਿਬਾਨ ਤੇ ਉਨ੍ਹਾਂ ਦੀਆਂ ਕਿਰਤਾਂ ਤੇ ਮਾਨਤਾਵਾਂ ਬਾਰੇ ਪਾਈਆਂ ਜਾਂਦੀਆਂ ਗ਼ਲਤ ਫਹਿਮੀਆਂ ਨੂੰ ਦੂਰ ਕੀਤਾ ਜਾਵੇ, ਦੂਜਾ ਇਹ ਕਿ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਤੇ ਇਸ ਦੇ ਵਿਆਕਰਣ ਨੂੰ ਭਾਸ਼ਾ ਵਿਗਿਆਨਿਕ ਆਧਾਰ ਦੇ ਕੇ ਵਧੇਰੇ ਪ੍ਰਮਾਣਿਕ ਬਣਾਇਆ ਜਾਵੇ ਤੇ ਟੀਕਾ ਲਿਖਣ ਦੀ ਇਕ ਨਵੀਂ ਸ਼ੈਲੀ ਵਿਕਸਿਤ ਕੀਤੀ ਜਾਵੇ। ਇਹ ਸ਼ੈਲੀ ਸੀ ਭਾਸ਼ਾ ਆਧਾਰਤ ਭਾਵ-ਭੂਮੀ ਨੂੰ ਪਛਾਨ, ਪੁੱਜਣ ਤੇ ਸਾਮ੍ਹਣੇ ਲਿਆਉਣ ਦੀ।

ਮੁੱਢ ਵਿਚ ਮੂਲ ਜਪੁਜੀ ਦਰਜ ਹੈ ਤੇ ਫੇਰ ਟੀਕਾ ਆਰੰਭ ਹੁੰਦਾ ਹੈ। ਇਥੇ ਡਾ. ਦੀਵਾਨਾ ਨੇ ਢੁਕਵੇਂ ਫਬਵੇਂ ਅਰਥਾਂ ਵਿਚ ਆਪਣੀ ਟੀਕਾਕਾਰੀ ਦੀ ਵਿਉਂਤ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ—''ਸੇਵਕ ਨੇ ਮੂਲ, ਅਰਥ, ਪਰਮਾਰਥ, ਪਰਸੰਗ ਤੇ ਉਦਾਹਰਣ ਘੋਖ ਵਿਚਾਰ ਕੇ ਇਹ ਸਰਬਦਾ ਸੁਧ, ਸਰਲ, ਸਪੱਸ਼ਟ ਸੰਪੂਰਨ ਟੀਕਾ ਤਿਆਰ ਕੀਤਾ ਹੈ।'' ਲੇਖਕ ਨੇ ਆਪਣੇ ਅਰਥ ਕਰਨ ਵੇਲੇ ਹੋਰਨਾਂ ਟੀਕਾਕਾਰਾਂ ਦੀ ਰਾਇ, ਹੋਰ ਗੁਰੂ ਸਾਹਿਬਾਂ ਤੇ ਬਾਣੀਆਂ ਦੇ ਪ੍ਰਮਾਣ ਵੀ ਫੁਟ ਨੋਟ ਵਿਚ ਦਿੱਤੇ ਹਨ ਜਿਸ ਨਾਲ ਇਹ ਟੀਕਾ ਪੂਰੀ ਤਰ੍ਹਾਂ ਖੋਜ ਪਰਕ ਤੇ ਗੰਭੀਰ ਰੂਪ ਧਾਰ ਜਾਂਦਾ ਹੈ।

10 ਪੰਨਿਆਂ ਦੀ ਮੂਲ ਬਾਣੀ ਦਾ 148 ਪੰਨਿਆਂ ਵਿਚ ਟੀਕਾ ਦੇਣ ਮਗਰੋਂ ਲੇਖਕ ਨੇ ਜਪੁਜੀ ਵਿਚ ਆਏ ਖਾਸ ਸ਼ਬਦਾਂ ਨੂੰ 'ਕੁਝ ਲਫਜ਼' ਸਿਰਲੇਖ ਹੇਠ ਰਖਕੇ ਵਿਚਾਰਿਆ ਹੈ ਤੇ ਇਨ੍ਹਾਂ ਦੇ ਭਾਸ਼ਾ ਵਿਗਿਆਨਿਕ ਅਰਥ ਉਜਾਗਰ ਕੀਤੇ ਹਨ।

ਦੂਜੇ ਭਾਗ ਵਿਚ ਪਹਿਲਾਂ 1701 ਈ. ਦੀ ਹੱਥ-ਲਿਖੀ 'ਜਪੁ ਰਚਨਾ ਤੇ ਅਉਤਰਨ' (ਲੇਖਕ ਸਿਭੂ ਨਾਥ) ਦਾ ਕੁਝ ਭਾਗ ਅਤੇ ਭਾਈ ਗੁਰਦਾਸ ਦੀ ਇਕ ਪੌੜੀ ਦੇ ਕੇ ਸਿੱਧ ਕੀਤਾ ਹੈ ਕਿ ''ਜਪੁ, ਸੋਦਰੁ ਆਰਤੀ ਦਾ ਪਾਠ ਤੇ ਗਾਣ ਕਰਤਾਰਪੁਰ ਵਿਚ ਹੁੰਦਾ ਸੀ ਜਦੋਂ ਗੁਰਦੇਵ ਉਦਾਸੀ ਭੇਖ ਉਤਾਰ ਕੇ ਉਥੇ ਆ ਵੱਸੇ ਸਨ। ਪਰ ਇਹ ਨਹੀਂ ਖੁਲ੍ਹਦਾ ਕਿ ਜਪੁ ਬਾਣੀ ਉਥੇ ਕਰਤਾਰਪੁਰ ਵਿਚ ਉਚਾਰੀ ਗਈ ਜਾਂ ਉਤਰ ਤਾਂ ਪਹਿਲੀ ਚੁੱਕੀ ਸੀ,

ਪਰ ਉਥੇ ਪਰਗਟ ਕੀਤੀ ਗਈ, ਸੰਗਤਾਂ ਦਾ ਉਧਾਰ ਕਰਨ ਲਈ।"

ਇਸ ਪਿਛੋਂ ਜਪੁਜੀ ਵਿਚ ਆਏ ਛੰਦਾਂ ਦੇ ਅਰਥ ਸਪੱਸ਼ਟ ਕੀਤੇ ਹਨ, ਤੇ ਉਨ੍ਹਾਂ ਨੂੰ ਪਰਿਭਾਸ਼ਾ ਬੱਧ ਕੀਤਾ ਹੈ ਜਿਵੇਂ ਸਲੋਕ, ਵਾਰ, ਛੰਦ, ਚਉਪਦਾ, ਅਸ਼ਟਪਦੀ, ਛੰਤ, ਭਾਖਾ, ਆਦਿ। ਨਾਲ ਹੀ ਛੰਦ-ਰੂਪਾਂ ਤੇ ਕਾਵਿ-ਰੂਪਾਂ ਦੀ ਸੂਚੀ ਦਰਜ ਕੀਤੀ ਹੈ ਜੋ ਇਸ ਤਰ੍ਹਾਂ ਹੈ ਛੰਦ-ਰੂਪ—ਸ਼ਬਦ, ਅਸ਼ਟਪਦੀ, ਸਲੋਕ, ਪਉੜੀ, ਚਉਪਦਾ, ਦੁਪਦਾ, ਛੰਤ, ਇਕ ਤੁਕੀ, ਕਾਫ਼ੀ, ਦੱਖਣੀ, ਚਉਤੁਕਾ, ਦੁਤੁਕਾ, ਪੰਚਪਦਾ, ਤ੍ਰਿਤੁਕੀ, ਛੰਤ ਦੱਖਣੀ, ਸਬਦੁ, ਸੋਹਲਾ, ਸਲੋਕ ਸਹਸਕ੍ਰਿਤੀ ਆਦਿ। ਅਤੇ ਕਾਵਿ-ਰੂਪ ਇਸ ਤਰ੍ਹਾਂ ਹਨ : ਸੋਦਰ, ਸੋਹਿਲਾ, ਪਹਰੇ, ਵਾਰ, ਪੱਟੀ ਅਲਾਹਣੀ, ਆਰਤੀ, ਕੁਚੱਜੀ, ਸੁਚੱਜੀ ਗੁਣਵੰਤੀ, ਥਿਤੀਂ, ਜਤਿ, ਗੋਸਟਿ, ਬਾਰਹਮਾਹ। ਇਹ ਸੂਚੀ "ਆਦ ਗੁਰੂ ਜੀ ਦੀ ਸਾਰੀ ਬਾਣੀ' ਦੇ ਆਧਾਰ ਤੇ ਬਣਾਈ ਹੈ। ਫਰ ਸ਼ਬਦਾਵਲੀ, ਪੱਟੀ, ਅਖਰਾਵਲੀ ਤੇ ਲਿਖਾਈ ਬਾਰੇ ਵਿਚਾਰ ਕੀਤਾ ਹੈ। ਨਾਲ ਹੀ 'ਗੁਰੂ ਗ੍ਰੰਥ ਸਾਹਿਬ ਵਿਚ ਆਈ ਨਸਰ', ਟਿੱਪੀ ਤੇ ਬਿੰਦੀ, ਬਾਰੇ ਟਿੱਪਣੀ ਲਿਖੀ ਗਈ ਹੈ।

ਜਪੁਜੀ ਦੀ ਤਰ੍ਹਾਂ ਹੀ ਸਿੱਧ ਗੋਸ਼ਟਿ ਦਾ ਟੀਕਾ ਵੀ ਪੁਸਤਕ ਵਿਚ ਦਰਜ ਹੈ। ਸਿੱਧ ਗੋਸ਼ਟਿ ਬਾਰੇ ਪਾਏ ਭੁਲੇਖੇ ਦੂਰ ਕਰਨ ਦੀ ਗਰਜ਼ ਨਾਲ ਛੋਟੀ ਜਿਹੀ ਭੂਮਿਕਾ ਦਰਜ ਹੈ ਜਿਸਦਾ ਸਾਰ ਇਸ ਤਰ੍ਹਾਂ ਹੈ—"ਇਹ ਗੋਸ਼ਟਿ ਕਿਸੇ ਸਿਧ ਮੰਡਲੀ ਨਾਲ ਨਹੀਂ ਹੋਈ। ਗੋਸ਼ਟਿ (ਸੰ.) ਦੇ ਅਰਥ ਹਨ : ਸਭਾ, ਸੁਹਬਤ, ਸੰਗਤ। ਸੰਗਤ ਵਿਚ ਸੁਆਲ ਜੁਆਬ ਹੁੰਦੇ ਹਨ ਤੇ ਸ਼ੰਕਾ ਨਿਵਿਰਤੀ, ਇਸ ਤਰ੍ਹਾਂ ਗੋਸ਼ਟਿ ਦੇ ਅਰਥ ਹੋ ਗਏ ਸੁਹਬਤ ਵਿਚ ਬੈਠ ਕੇ ਕੀਤੇ ਗਏ ਸੁਆਲ ਜੁਆਬ, ਗੁਰੂਦੇਵ ਤੋਂ ਪਹਿਲਾਂ ਦਰਜਨਾਂ ਗੋਸ਼ਟਾ ਸੰਸਕ੍ਰਿਤ ਤੇ ਪ੍ਰਾਕਿਤ ਤੇ ਅਪਭ੍ਰੰਸ਼ ਵਿਚ ਲਿਖੀਆਂ ਜਾ ਚੁੱਕੀਆਂ ਸਨ ਜਿਨ੍ਹਾਂ ਵਿਚੋਂ ਦੱਤ ਗੋਰਖ ਗੋਸ਼ਟ, ਮਛੰਦਰ ਗੋਰਖ ਗੋਸ਼ਟ, ਮਛੰਦਰ ਰਤਨ ਨਾਥ ਗੋਸ਼ਟ, ਗੋਰਖ ਕਬੀਰ ਗੋਸ਼ਟ, ਸ਼ਿਵ ਗੋਰਖ ਗਸ਼ਟ ਬਹੁਤ ਪ੍ਰਸਿੱਧ ਹਨ। ਇਨ੍ਹਾਂ ਗੋਸ਼ਟਾਂ ਰਾਹੀਂ ਲੇਖਕ ਆਪਣੇ ਇਸ਼ਟ ਦਿਆ ਸਿੱਧਾਂਤਾਂ ਨੂੰ ਪਰਚਾਰਦਾ, ਪੱਕੇ ਕਰਦਾ ਤੇ ਕਬੂਲਕੇ ਵਿਖਾਲਦਾ ਸੀ ਤੇ ਇਕ ਪੱਖ ਨੂੰ ਗੁਰੂ ਤੁਲ ਤੇ ਦੂਜੇ ਨੂੰ ਸਿੱਖ ਤੁਲ ਕਰਕੇ ਵਰਨਨਦਾ ਸੀ।...ਗੁਰੂਦੇਵ ਹੀ ਸਭ ਕੁਝ ਹੈ ਤੇ ਗੁਰਮੁਖਿ ਬਣਿਆਂ, ਗੁਰੂ ਦੇ ਸਨਮੁਖ ਹੋਇਆਂ, ਈਸਰ, ਗੋਰਖ, ਬਰਮਾ, ਪਾਰਬਤੀ ਸਭ ਨਾਲ ਗੋਸ਼ਟ ਹੋ ਸਕਦੀ ਹੈ, ਸਭ ਦੇ ਦਰਸ਼ਨ ਹੋ ਸਕਦੇ ਹਨ। ਸੋ, ਗੁਰੂਦੇਵ ਨੇ ਗੁਰਮੁਖ ਹੋਕੇ (ਵਾਹਿਗੁਰੂ ਦੇ ਨਾਮ ਵਿਚ ਰੱਤ ਕੇ) ਸਿੱਧਾਂ ਨਾਲ ਗੋਸ਼ਟਿ ਕਰ ਲਈ ਤੇ ਸਿਧ ਗੋਸ਼ਟਿ ਵਿਚ ਹੀ ਇਹ ਸਪੱਸ਼ਟ ਕਰ ਦਿੱਤਾ ਕਿ "ਨਾਮ ਰਤੇ ਸਿੱਧ ਗੋਸਟਿ ਹੋਈ।" ਸੋ, ਇਹ ਇਕ Literary convention (ਸਾਹਿੱਤਕ ਪਰੰਪਰਾ) ਵਜੋਂ ਇਕ Imagery dialogue (ਫਰਜ਼ੀ ਵਾਰਤਾਲਾਪ) ਹੈ; ਇਸਦੀ ਇਕ Achievement (ਪ੍ਰਾਪਤੀ) ਅਤੇ Privilege ਹੈ ਗੁਰਮੁਖ ਦਾ ਨਾਮ ਵਿਚ ਰੱਤੇ ਦਾ।" 73 ਬੰਦਾਂ ਵਾਲੀ ਇਸ ਬਾਣੀ ਦੀ ਟੀਕਾ ਪੂਰੇ 106 ਪੰਨਿਆਂ ਵਿਚ ਦਿੱਤੀ ਗਈ ਹੈ, ਜੋ ਬਹੁਤ ਸੁੰਦਰ ਭਾਸ਼ਾ ਤੇ ਚੁਸਤ ਸ਼ੈਲੀ ਵਿਚ ਦਿੱਤੀ ਗਈ ਹੈ।

**ਗਾਥਾ, ਬਾਰੇ ਡਾ. ਮੋਹਨ ਸਿੰਘ ਦੀਵਾਨਾ ਇੰਞ ਵਿਆਖਿਆ ਕਰਦੇ ਹਨ :**

ਗਾਥਾ ਬਾਰੇ ਕਾਤਰੇ ਲਿਖਦਾ ਹੈ—We Can still enlarge the meaning

of this word (Prakrit) to include several varieties of incorrect Sanskrit", one of which, used by Mahayana Budhists in their Sanskrit works, has been known by the term Gatha dialect but all of which we may call unrefined Sanskrit."

"ਗੁਰੂ ਨਾਨਕ ਦੇਵ ਜੀ ਨੇ ਵੀ ਗਾਥਾ ਬੋਲੀ ਵਿਚ ਬਾਣੀ ਲਿਖੀ ਹੈ ਜਿਸ ਦਾ ਛੰਦ ਵਿਸ਼ੇਸ਼ ਸੰਸਕ੍ਰਿਤੀ ਛੰਦ ਹੈ. ਵੇਖੋ ਰਾਗ ਗੁਜਰੀ ਪਰ 'ਗਾਥਾ' ਸ਼ਬਦ ਮਹਲਾ 5 ਨੇ ਆਪਣੀ ਬਾਣੀ ਉੱਤੇ ਵਰਤਿਆ ਹੈ ਗੁਰੂ ਨਾਨਕ ਦੇਵ ਜੀ ਨੇ ਸਹਸਕ੍ਰਿਤੀ ਸ਼ਬਦ ਹੀ ਵਰਤਿਆ ਹੈ, ਭਾਵੇਂ, ਉਹ ਗਾਥਾ ਬੋਲੀ ਹੈ। ਗਾਥਾ ਅਸ਼ੁਧ ਸੰਸਕ੍ਰਿਤ ਹੈ ਜਾਂ ਇਕ ਪ੍ਰਕਾਰ ਦੀ ਪ੍ਰਾਕ੍ਰਿਤ।"

(ਪੰ. ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰ. 219).

ਆਪਣਾ ਇਹ ਅਧਿਐਨ ਅਸੀਂ ਡਾ. ਮੋਹਨ ਸਿੰਘ ਦੀਵਾਨਾ ਦੇ ਆਪਣੇ ਵਾਕਫੀ ਭਰਪੂਰ ਕਥਨ ਤੇ ਆਤਮ-ਵਿਸ਼ਲੇਸ਼ਣ ਰਾਹੀਂ ਕਰਨਾ ਚਾਹਾਂਗੇ —

ਅੰਤ ਵਿਚ ਮੈਂ ਪੰਜਾਬੀ ਭਾਸ਼ਾ ਬਾਰੇ ਕੀਤੇ ਆਪਣੇ ਕੰਮ ਬਾਰੇ ਕਹਿਣ ਲੱਗਾ ਹਾਂ। ਪਿਛਲੇ ਇਕ ਹਜ਼ਾਰ ਵਰ੍ਹੇ ਦੌਰਾਨ ਪੰਜਾਬੀ ਸਾਹਿੱਤ ਅਤੇ ਲੋਕ-ਕਵਿਤਾ ਕੇਂਦਰੀ, ਪ੍ਰਮੁੱਖ ਸ਼ਹਿਰਾਂ ਵਿਚ ਬੈਠੇ ਅਤੇ ਪ੍ਰਗਟਾਉ-ਸ਼ੈਲੀ ਦੇ ਪੱਧਰ ਬਾਰੇ ਚੇਤੰਨ 'ਪੜ੍ਹੇ-ਲਿਖੇ' ਲੇਖਕਾਂ ਨੇ ਪੈਦਾ ਨਹੀਂ ਕੀਤੀ ਹੈ, ਸਗੋਂ ਦੂਰ ਵਰਤੀ ਪਿੰਡਾਂ ਤੇ ਕਸਬਿਆਂ ਵਿਚ ਖਿੰਡਰੇ ਹੋਏ ਸਥਾਨਕ ਬੋਲਚਾਲ ਜਾਂ ਉਪਭਾਸ਼ਾ ਬੋਲਦਿਆਂ, ਸ਼ਬਦਾਂ ਦੀਆਂ ਚੁਸਕੀਆਂ ਲੈਂਦਿਆਂ ਅਤੇ ਨਵੀਆਂ ਸ਼ਬਦ-ਘੜਤਾਂ ਘੜਦਿਆਂ ਅਤੇ ਆਪਣੀਆਂ ਰਚਨਾਵਾਂ ਲੋਕ-ਬੁਲ੍ਹਾਂ ਵਿਚ ਤਾਰਦਿਆਂ ਬਹੁਭਾਸ਼ੀ ਸੰਤਾਂ, ਘੁਮੱਕੜ ਲੋਕ-ਗਾਇਕਾਂ ਅਤੇ ਅਨਪੜ੍ਹ ਭੱਟਾਂ ਨੇ ਸਹਿਜੇ ਹੀ ਰਚ ਦਿੱਤੀ ਹੈ। ਇਹੋ ਜਿਹੇ ਪ੍ਰਕਾਸ਼ਿਤ ਅਤੇ ਹੱਥ ਲਿਖਤ ਗ੍ਰੰਥਾਂ ਤਕ ਰਸਾਈ ਕਰਕੇ ਮੈਂ ਪੋਠੋਹਾਰੀ, ਧੰਨਈ, ਹਿੰਦਕੋ, ਪੇਸ਼ਾਵਰੀ, ਡੇਰਾਜ਼ਾਤੀ, ਮੁਲਤਾਨੀ, ਬਹਾਵਲਪੁਰੀ, ਹਰਿਆਣਵੀ, ਲਾਹੌਰੀ, ਮਾਝੀ, ਮਲਵਈ, ਮਰਾਠੀ ਜਾਂ ਦੇਸ਼ੀ ਹਿੰਦੁਸਤਾਨੀ, ਦੇਹਲਵੀ, ਪਹਾੜੀ, ਪੁੰਛੀ, ਡੋਗਰੀ, ਸਵਾਨੀ, ਸਾਹਿੱਤਕ ਪਰੰਪਰਾ ਦੀ ਸੰਤ ਭਾਖਾ ਅਤੇ ਪੰਜਾਬੀ-ਫਾਰਸੀ, ਪੰਜਾਬੀ-ਉਰਦੂ, ਪੰਜਾਬੀ ਬੁਜ਼ੀ ਆਦਿ ਦੀ ਪੁਰਾਣੀ ਤੇ ਨਵੀਂ, ਸ਼ਬਦਾਵਲੀ ਉੱਤੇ ਮਾਸਟਰੀ ਪ੍ਰਾਪਤ ਕੀਤੀ। ਮੈਂ ਆਪਣੇ ਇਸ ਭਾਖਾਈ ਸਮੱਗਰੀ ਅਤੇ ਅਧਿਐਨ ਦੀ ਵਰਤੋਂ ਆਪਣੀ ਪੁਸਤਕ 'ਪੰਜਾਬੀ ਦਾ ਨਿਕਾਸ ਤੇ ਵਿਕਾਸ (ਅੰਗ੍ਰੇਜ਼ੀ) ਅਤੇ 480 ਪੰਨਿਆਂ ਤੋਂ ਵਧੀਕ ਨਾਨਕ ਦਾ ਜਪੁਜੀ ਜਾਂ 15ਵੀਂ 16ਵੀਂ ਸਦੀ ਦੀ ਪੰਜਾਬੀ ਭਾਖਾ ਤੇ ਛੰਦਾ-ਬੰਦੀ (ਪੰਜਾਬੀ) ਅਤੇ ਅਨੇਕ ਹੋਰ ਸੰਕਲਨਾਂ ਵਿਚ ਕੀਤੀ। ਮੈਂ ਦਸ ਹਜ਼ਾਰ ਤੋਂ ਉਪਰ ਪੋਠੋਹਾਰੀ ਸ਼ਬਦ ਅਤੇ ਸ਼ਬਦ-ਰੂਪ ਵੀ ਇਕੱਤਰ ਕਰ ਚੁੱਕਾ ਹਾਂ। ਅਤੇ ਉਨ੍ਹਾਂ ਵਿਚੋਂ ਕੁਝ ਹਿੱਸਾ ਪੰਜਾਬ ਯੂਨੀਵਰਸਿਟੀ ਸ਼ਿਮਲਾ ਵਿਖੇ ਜਮ੍ਹਾ ਕਰ ਚੁੱਕਾ ਹਾਂ।"[1]

ਡਾ. ਮੋਹਨ ਸਿੰਘ ਦੀਵਾਨਾ ਦੀ ਆਲੋਚਨਾ ਦ੍ਰਿਸ਼ਟੀ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ

1. ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ, ਭੂਮਿਕਾ।

Sri Satguru Jagjit Singh Ji Elibrary NamdhariElibrary@gmail.com

ਲਈ ਅਸੀਂ ਉਨ੍ਹਾਂ ਦੀ ਆਲੋਚਨਾ ਵਿਚੋਂ ਤਿੰਨ ਭਾਗ ਇਥੇ ਪੇਸ਼ ਕਰ ਰਹੇ ਹਾਂ ਜਿਨ੍ਹਾਂ ਤੋਂ ਉਨ੍ਹਾਂ ਦੀ ਤਿੱਖੀ ਤੇ ਡੂੰਘੀ ਨੀਝ, ਨਿਰਪੱਖ ਤੇ ਬੇਲਾਗ ਟੀਕਾ-ਟਿੱਪਣੀ ਅਤੇ ਵਿਚਾਰਧਾਰਾ ਦਾ ਪਤਾ ਚੱਲਦਾ ਹੈ। ਡਾ. ਮੋਹਨ ਸਿੰਘ ਗੋਬਿੰਦ ਗੀਤਾ ਲੇਖ ਵਿਚ ਬਹੁਤ ਸੁੰਦਰ ਢੰਗ ਨਾਲ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਦੇ ਹਨ—'ਮੇਰੇ ਪਿਤਾ ਸੁਰਗੀ ਮੁਨਸ਼ੀ ਸ਼ੇਰ ਸਿੰਘ ਜੀ ਵੇਦਾਂਤੀ ਸਨ। ਸਤਿਗੁਰ ਦੀ ਸ਼ਰਣ ਆਏ। ਮੈਂ ਬਹੁਤ ਸਾਰਾ ਬੋਧ ਉਹਨਾਂ ਕੋਲੋਂ ਵਿਰਸੇ ਵਿਚ ਪਾਇਆ। ਪਰ ਨਾ ਮੈਨੂੰ ਨਾ ਉਹਨਾਂ ਨੂੰ ਇਹ ਸਮਝ ਕਿ ਨਿਰਗੁਣ ਨਾਲ ਸਰਗੁਣ ਨੂੰ ਕਿਵੇਂ ਮਿਲਾਈਦਾ ਹੈ ਤੇ ਵਾਹਿਗੁਰੂ ਦਾ ਆਪਣਾ ਸਤਿ ਸਰੂਪ ਕੀ ਹੈ। ਇਹ ਕਹਿਣ ਨਾਲ ਕਿ ਉਹ ਵਦਾਂਤ ਵਾਕ ਅਨੁਸਾਰ ਨਿਰਾਕਾਰ ਹੈ ਤੇ ਉਸਦੀ ਸਾਕਾਰਤਾ ਮਾਇਆ-ਜੁਗਤ ਹੈ, ਤਸੱਲੀ ਨਹੀਂ ਸੀ ਹੁੰਦੀ। ਕਿਵੇਂ ਗਿਆਨ, ਆਨੰਦ ਤੇ ਜੀਵਨ ਮਾਮੂਲ ਤਰੈਗੁਣੀ-ਮਾਇਆਵੀ 'ਗੁਣ' ਹੋ ਸਕਦੇ ਹਨ। ਮੈਂ ਵੱਡਾ ਹੋ ਕੇ ਗੀਤਾ ਉੱਤੇ, ਖਾਸ ਕਰਕੇ ਪੁਰਖੋਤਮ ਸਨਬੰਧੀ, ਅਰਬਿੰਦੂ ਘੋਸ਼ ਦੇ ਲੇਖ ਪੜ੍ਹੇ ਪਰ ਤਸੱਲੀ ਨਾ ਹੋਈ। ਮੇਰੇ ਦੋਸਤ ਸ੍ਰੀ ਕ੍ਰਿਸ਼ਨ ਪ੍ਰੇਮ ਨੇ ਮੇਰੀ ਗੀਤਾ ਵਾਲੀ ਪੁਸਤਕ (ਦੇ ਨਿਊ ਲਾਈਟ ਆਨ ਸ੍ਰੀ ਕ੍ਰਿਸ਼ਣ) ਲਈ ਇਕ ਭੂਮਿਕਾ ਲਿਖੀ ਜਿਸ ਨੇ ਮੈਨੂੰ ਡੋਲਾ ਦਿੱਤਾ ਤੇ ਮੈਂ ਰਸਮੀ ਵੇਦਾਂਤ ਤੋਂ ਵੀ ਉੱਚੇ ਸਿੱਖੀ ਦੇ ਦਿਠ-ਕੋਨ ਵੱਲ ਝੁਕਿਆ ਪਰ ਜਦ ਮੈਂ ਸਤਿਗੁਰ ਗੋਬਿੰਦ ਸਿੰਘ ਜੀ ਦੀ ਸਾਖੀ ਗੋਬਿੰਦ ਗੀਤਾ ਵਿਚ ਵੇਖੀ, ਬਸ ਤਦ ਹੀ ਮੈਨੂੰ ਪੂਰਣ ਬੋਧ ਹੋਇਆ ਤੇ ਨਿਰਾਕਾਰਤਾ ਸਾਕਾਰਤਾ, ਸੁਨਿਅਤਾ ਤੋਂ ਪਰੇ ਦੀ ਹੋਂਦ ਮੇਰੀ ਸੂਝਤ ਵਿਚ ਜੁੜੀ। ਜੋ 'ਗੁਣ' ਮੂਲਮੰਤ੍ਰ ਵਿਚ ਦੱਸੇ ਹਨ ਉਹ ਸਭ ੧ ਓਂਕਾਰ ਵਿਚ ਵੇਖੇ ਤੇ ਪੰਜਵੇਂ ਪਾਤਸ਼ਾਹ ਦੇ ਵਾਕ ਸਰਗੁਣ ਨਿਰਗੁਣ ਨਿਰੰਕਾਰ ਸੁੰਨ ਸਮਾਧੀ ਆਪ' ਦੀ ਸਮਝ ਆਈ, ਨਾਲੇ ਸੋਦਰ ਦੀ, ਅਨੰਦ ਸਾਹਿਬ ਦੀ, ਨਾਲੇ ਬਾਰ ਬਾਰ ਆਉਂਦੇ ਜੁੱਟਾਂ ਸੈਭੰ, ਜਗਜੀਵਨ, ਜੋਤੀ ਸਰੂਪ ਦੀ।

ਭੇਤ ਦਸਮ ਪਾਤਸ਼ਾਹ ਨੇ ਇਹ ਖੋਹਲਿਆ ਹੈ ਕਿ ਨਿਰਗੁਣ ਤੇ ਨਿਰਾਕਾਰ ਦੇ ਅਰਥ ਏਨੇ ਹੀ ਹਨ ਜਦ ਚਾਹੇ ਉਹ ਤਰੈਗੁਣ ਮਾਇਆ ਤੋਂ ਅਤੀਤ ਹੋ ਸਕਦਾ ਹੈ। ਇਹ ਨਿਰਗੁਣਤਾ ਤੇ ਨਿਰਾਕਾਰਤਾ ਵੀ ਇਕ ਲੀਲਾ ਮਾਤਰ ਹੈ ਉਸਦੀ ਜਿਵੇਂ ਸਾਕਾਰਤਾ। ਨਿਰਗੁਣਤਾ ਵਰਗਾ ਹੀ ਇਕ ਰੰਗ ਹੈ ਉਸਦਾ-ਸੁੰਨਤਾ, ਸਮਾਧਿਸ਼ਠਤਾ, ਮਾਇਆ ਤੋਂ ਵਿਰਕਤ, ਪਰੇ ਜੋ ਉਸਦਾ ਸਰੂਪ ਹੈ ਉਹ ਏਕਤਾ, ਓਂਕਾਰਤਾ, ਕਰਤਾਰਤਾ, ਸਤਿਨਾਮਤਾ ਦਾ ਹੈ, ਪੁਰਖੋਤਮਤਾ ਦਾ ਹੈ। ਅਕਾਲ ਮੂਰਤਤਾ ਦਾ ਹੈ। ਉਹ ਅਜੂਨੀ ਹੈ, ਸੈਭਉ ਹੈ। ਹੁਣ ਪਤਾ ਲਗਾ ਕਿ ਉਹ ਆਪਣੇ ਵਿਚ ਅਕਾਲ ਪੁਰਖ ਹੈ, ਨਿਰਾ ਇਕ Principle, Category, Final, Philosophical, Principle and Category ਤੇ realized emotional experience ਨਹੀਂ ਜੇਹੋ ਕਿ ਵੇਦਾਂਤ ਤੇ ਨਿਆਇ ਦੇ ਪੱਕੇ ਵਿਸ਼ਵਾਸੀ ਕਹਿੰਦੇ ਹਨ।'[1]

ਇਹ ਨਿਰਪੱਖ ਆਲੋਚਨਾ ਦਾ ਨਮੂਨਾ ਹੈ। ਕਿਸਦੀ ਹਿੰਮਤ ਸੀ ਕਿ ਉਸ ਵੇਲੇ

1. ਗੋਬਿੰਦ ਗੀਤਾ, ਜਿਤੇਂਦਰ ਸਾਹਿਤ ਸਰੋਵਰ, ਪੰਨਾ 268-69.

Sri Satguru Jagjit Singh Ji Elibrary NamdhariElibrary@gmail.com

ਭਾਈ ਵੀਰ ਸਿੰਘ ਬਾਰੇ ਐਨੀ ਸਾਫ਼ ਬਿਆਨੀ ਤੋਂ ਕੰਮ ਲਵੇ ।* "ਸੁੰਦਰ ਸਿੰਘ ਮਜੀਠੀਆ ਦੇ ਪਿਤਾ ਦੇ ਨੇੜੇ, ਜੋਗਿੰਦਰ ਸਿੰਘ, ਸ. ਲਖਮੀਰ ਸਿੰਘ, ਸੁੰਦਰ ਸਿੰਘ, ਉਮਰਾਓ ਸਿੰਘ ਮਜੀਠੀਆ—ਚੀਫ਼ ਖਾਲਸਾ ਦੀਵਾਨ, ਸਿੱਖ ਐਜੂਕੇਸ਼ਨਲ ਕਾਨਫਰੇਂਸ, ਅਖ਼ਬਾਰ ਨਾਲ, ਐਜੂਕੇਸ਼ਨ ਨਾ ਹੋਣ ਕਰਕੇ, ਪਿਉ ਦੀ ਗੱਦੀ ਤੇ ਹੋਣ ਕਰਕੇ, ਪਬਲਿਸਿਟੀ ਤੋਂ ਗੁਰੇਜ਼ ਵੀ ਕਰਨਾ ਤੇ ਲੋੜ ਵੀ ਮਹਿਸੂਸ ਕਰਨਾ ।

ਮੁਸ਼ਾਇਰੇ ਅਟੈਂਡ ਨਹੀਂ ਕੀਤੇ, ਜਿਸ ਕਾਰਨ ਵਿਦਿਆਰਥੀਆਂ ਨੂੰ ਇਨ੍ਹਾਂ ਦੀਆਂ ਕਵਿਤਾ ਦੀਆਂ ਲਾਈਨਾਂ ਯਾਦ ਨਹੀਂ—ਇਨ੍ਹਾਂ ਦੀ ਕਵਿਤਾ ਆਮ ਜਨਤਾ ਤੀਕ ਨਹੀਂ ਪੁੱਜੀ, ਰਿਲੀਜਨ ਦੇ ਮਾਧਿਅਮ ਨਾਲ ਬੱਝੀ ਰਹੀ ।

ਅੰਗ੍ਰੇਜ਼ੀ, ਹਿੰਦੀ ਜਾਂ ਉਰਦੂ ਦੀ ਕੋਈ ਪੱਕੀ ਬੈਕ ਗਰਾਉਂਡ ਨਹੀਂ ਸੀ । ਇਨ੍ਹਾਂ ਭਾਸ਼ਾਵਾਂ ਦੇ ਲੇਖਕਾਂ ਨਾਲ ਕੋਈ ਬਹੁਤੇ ਲਿੰਕ ਵੀ ਨਹੀਂ ਸਨ ।

ਕੇਵਲ ਸਿੱਖੀ ਦੇ ਵਿਚਾਰ ਹਨ ।

ਸਿਰਫ਼ ਉਰਦੂ ਦੀ ਨੇਚੁਰਲ ਸ਼ਾਇਰੀ ਦਾ ਅਸਰ ਹੈ । ਸੁਧਾਰ, ਕੁਦਰਤ (ਭਾਵੇਂ ਇਸਦੀ ਅਸਲ ਕੀਮਤ ਕੁਝ ਵੀ ਨਹੀਂ) ਕੁਝ ਮੌਲਿਕ ਭਾਵਾਤਮਕ ਜਜ਼ਬੇ ਅਵੱਸ਼ ਹਨ, ਜਾਗੀਰਦਾਰੀ ਐਸਥੈਟਿਕ ਸੈਂਸ ਹੈ, ਕੁਝ ਹੱਦ ਤੱਕ ਵਿਅਕਤੀਗਤ ਸੌਂਦਰਯ ਬੋਧ ਵੀ ਹੈ ।

ਸਿੱਖਾਂ ਨੂੰ ਸਾਹਿੱਤਕ ਨੇਤਾ ਦੀ ਲੋੜ ਸੀ, ਜੋ ਭਾਈ ਵੀਰ ਸਿੰਘ ਵਿਚ ਪੂਰੀ ਹੋ ਗਈ । ਕੋਸ਼ਕਾਰੀ ਜਾਂ ਸਿੱਖ ਹਿਸਟਰੀ ਦੀ ਨਾ ਕੋਈ ਵਧੇਰੇ ਸਮਝ ਹੀ ਸੀ ਤੇ ਨਾ ਵਧੇਰੇ ਯਥਾਰਥ ਗਿਆਨ ਹੀ ਸੀ ।

ਗੱਦ ਬਹੁਤ ਵਧੀਆ ਲਿਖੀ ਹੈ, ਪਰ ਉਹ ਵੀ ਕੁਝ ਬਾਈਂ ਪੂੱਛੈਕ ਬਣ ਜਾਂਦੀ ਹੈ ।

ਵਾਰਾਂ ਦਾ ਮੀਟਰ ਲਿਆ—ਕਵਿਤਾ ਦੀ ਇਕ ਪੰਗਤੀ ਦੂਜੀ ਪੰਗਤੀ ਵਿਚ ਸਫਰ ਨਹੀਂ ਕਰਦੀ, ਪਸਰਦੀ ਨਹੀਂ ।

ਜਜ਼ਬੇ ਵਧੀਆ ਗਲਪ ਨੂੰ ਜਨਮ ਦਿੰਦੇ ਹਨ । ਗਲਪ ਦੇ ਵਿਸਤਾਰ ਵਿਚ ਜਾਂਦਿਆਂ ਇਹ ਜਜ਼ਬੇ ਦੀ ਤੇਜ਼ੀ ਵੀ ਘਟ ਜਾਂਦੀ ਹੈ ।"

Sri Satguru Jagjit Singh Ji Elibrary NamdhariElibrary@gmail.com

ਅਧਿਆਇ ਸੱਤਵਾਂ

# ਅਧਿਆਤਮ-ਸਰੂਪੀ ਡਾ. ਮੋਹਨ ਸਿੰਘ ਦੀਵਾਨਾ

ਡਾ. ਮੋਹਨ ਸਿੰਘ ਦੀਆਂ ਛਪੀਆਂ ਕੁਝ ਅੰਗ੍ਰੇਜ਼ੀ ਪੁਸਤਕਾਂ ਉਹ ਹਨ ਜਿਨ੍ਹਾਂ ਦੇ ਛਪਣ ਤੇ ਵਿਦਵਾਨਾਂ ਵਿਚ ਚੰਗੀ ਖਾਸੀ ਬਹਿਸ ਨੇ ਜਨਮ ਲਿਆ। ਇਸ ਬਾਰੇ ਸਵਾਲ ਪੁੱਛੇ ਜਾਣ ਤੇ ਆਪਨੇ ਉੱਤਰ ਦਿੱਤਾ ਸੀ—"ਮੈਂ ਆਪਣੀ ਕਿਤਾਬ Kabir and the Bhakti Movement part-I,—Kabir, his Biography) ਵਿਚ ਹਮੇਸ਼ਾ ਲਈ ਇਹ ਸਾਬਤ ਕਰ ਦਿੱਤਾ ਸੀ ਕਿ ਭਗਤ ਕਬੀਰ, ਰਵਿਦਾਸ ਅਨੁਸਾਰ, ਜਿਨ੍ਹਾਂ ਦੀ ਬਾਣੀ ਆਦਿ ਗ੍ਰੰਥ ਵਿਚ ਹੈ, ਜੰਮਾਦਰੂ ਤੌਰ ਤੇ ਮੁਸਲਮਾਨ ਸਨ। 1440 ਵਿਚ ਉਨ੍ਹਾਂ ਦੇ ਦੇਹਾਂਤ ਦਾ ਸੰਨ ਹੈ। ਗੁਰੂ ਨਾਨਕ ਦੇਵ ਦੇ ਜਨਮ ਦਾ ਸੰਨ 1469 ਦਾ ਹੈ। ਇਹ ਗੱਲ ਖੁਦ ਐਫ. ਈ. ਕੇ (F. E. Keay) ਸਾਹਿਬ ਨੇ ਮੰਨ ਲਈ ਹੈ। ਉਨ੍ਹਾਂ ਮੇਰੇ ਤੋਂ ਪਹਿਲਾਂ ਲਿਖੀ ਆਪਣੀ ਕਿਤਾਬ (Kabir and his followers) ਵਿਚ ਕਬੀਰ ਸਾਹਿਬ ਨੂੰ ਗੁਰੂ ਨਾਨਕ ਦੇਵ ਜੀ ਨਾਲ ਆ ਜੋੜਿਆ ਸੀ। ਏਸੇ ਤਰ੍ਹਾਂ ਮੈਂ ਗੋਰਖ ਨਾਥ ਦੀ ਤਾਰੀਖ ਨੌਵੀਂ ਤੇ ਦਸਵੀਂ ਸਦੀ ਸਾਬਤ ਕੀਤੀ ਹੈ ਤੇ ਬ੍ਰਿਗਜ਼ ਨੇ ਇਹ ਗੱਲ ਮੰਨ ਲਈ। ਉਸਨੇ ਖ਼ੁਦ ਵੀ ਗੋਰਖ ਤੇ ਪੁਸਤਕ ਲਿਖੀ ਹੈ। ਮੈਂ ਇਹ ਵੀ ਸਾਬਤ ਕਰ ਦਿੱਤਾ ਕਿ ਗੋਰਖ ਤੇ ਹੋਰ ਨਾਥ ਹਠ ਯੋਗੀ ਨਹੀਂ ਸਨ, ਆਤਮ ਯੋਗੀ ਸਨ। ਚਰਪਟ ਨਾਥ ਜੋ ਚੰਬੇ ਰਿਆਸਤ ਦੇ ਵਾਲੀ ਰਾਜਾ ਸਾਹਿਲ ਵਰਮਾ ਦਾ ਗੁਰੂ ਸੀ—ਕਹਿੰਦਾ ਹੈ—'ਆਤਮ ਯੋਗੀ ਚਰਪਟ ਨਾਉ' ਇਸੇ ਤਰ੍ਹਾਂ ਮੈਂ ਸਾਬਤ ਕੀਤਾ ਸੀ ਕਿ ਬਾਬਾ ਫਰੀਦ ਸ਼ਕਰਗੰਜ ਤੇ ਗੁਰੂ ਨਾਨਕ ਦੇਵ ਤੋਂ ਪਹਿਲਾਂ ਹੋਇਆਂ ਸੰਤਾਂ ਦਾ ਕਲਾਮ ਖ਼ੁਦ ਗੁਰੂ ਜੀ ਨੇ ਇਕੱਠਾ ਕੀਤਾ ਤਾਂ ਜੋ ਉਨ੍ਹਾਂ ਨੂੰ Project ਗ੍ਰੰਥ ਵਿਚ ਰਾਗ ਰਾਗਨੀਆਂ ਹੇਠ ਚਾੜ੍ਹਿਆ ਜਾਏ। ਉਨ੍ਹਾਂ ਹੀ ਰਾਗਾਂ ਰਾਗਨੀਆਂ ਵਿਚ ਥੋੜ੍ਹੇ ਬਹੁਤ ਘਾਟੇ ਵਾਧੇ ਨਾਲ ਗੁਰੂ ਸਾਹਿਬ ਨੇ ਖ਼ੁਦ ਬਾਣੀ ਰਚੀ ਤੇ ਉਨ੍ਹਾਂ ਦੀ ਤਾਬਿਆ ਵਿਚ ਨਾਨਕ ਮੂਰਤੀ ਗੁਰੂਆਂ ਨੇ ਬਾਣੀ ਰਚੀ ਹੁਕਮ ਅਨੁਸਾਰ। "ਉਪਰੋਕਤ ਦੋਵੇਂ ਪੁਸਤਕਾਂ ਭਾਵੇਂ ਅੰਗ੍ਰੇਜ਼ੀ ਵਿਚ ਲਿਖੀਆਂ ਹੋਈਆਂ ਹਨ, ਪਰ ਇਹ ਪੰਜਾਬੀ ਦੇ ਪਾਠਕਾਂ ਲਈ ਬਹੁਤ ਲਾਹੇਵੰਦ ਰਹੀਆਂ ਹਨ, ਇਸ ਲਈ ਇਨ੍ਹਾਂ ਬਾਰੇ ਕੁਝ ਰਾਵਾਂ ਵੇਖਦੇ ਹਾਂ: **ਕਬੀਰ ਐਂਡ ਦਾ ਭਗਤੀ ਮੂਵਮੈਂਟ**—ਬੰਗਾਲੀ ਸਾਹਿੱਤ ਦੇ ਪਹਿਲੇ ਇਤਿਹਾਸਕਾਰਾਂ ਡਾ. ਡੀ. ਸੀ. ਸੈਨ, ਮਦਰਾਸ ਯੂਨੀਵਰਸਿਟੀ ਦੇ ਪ੍ਰੋ. ਰੰਗਾਚਾਰੀਆ ਅਤੇ ਮਾਨਯੋਗ ਕੀਅ ਸਾਹਿਬ ਤੇ ਹੋਰਾਂ ਨੇ ਇਸ ਪੁਸਤਕ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਕਬੀਰ ਬਾਰੇ ਬਹੁਤ ਵਧੀਆ ਪੁਸਤਕ ਲਿਖਣ ਵਾਲੇ ਮਾਨਯੋਗ ਕੀਅ ਨੇ 'ਦਾ ਯੰਗ ਮੈਨ ਆਫ਼ ਇੰਡੀਆ' ਵਿਚ ਇਸਦਾ ਰੀਵੀਊ ਕਰਕੇ ਮੇਰਾ ਮਾਣ ਵਧਾਇਆ। ਕਹਿਣ ਦੀ ਲੋੜ ਨਹੀਂ ਕਿ ਗੋਰਖ ਤੇ

Sri Satguru Jagjit Singh Ji Elibrary NamdhariElibrary@gmail.com

ਕਬੀਰ ਦਾ ਆਧੁਨਿਕ ਭਾਰਤੀ ਸਾਹਿੱਤਾਂ ਉਤੇ ਪ੍ਰਭਾਵ ਸਭ ਤੋਂ ਵਧੀਕ ਹੈ ਅਤੇ ਉਨ੍ਹਾਂ ਲਈ ਪਿਆਰ ਤੇ ਸ਼ਰਧਾ ਦਾ ਸਥਾਨ ਬਣਿਆ ਹੋਇਆ ਹੈ। ਮੈਂ ਸਭ ਤੋਂ ਪਹਿਲਾਂ ਮਛੰਦਰ ਤੇ ਰਤਨ ਵਿਚਕਾਰ ਉਪਨਿਸ਼ਦਾਂ ਵਾਂਗਰ ਹੋਈਆਂ ਗੋਸ਼ਟਾਂ ਦੇ ਰੂਪ ਵਿਚ ਗੋਰਖ ਤੇ ਚਰਪਟ ਦੀ ਬਾਣੀ ਪਹਿਲੀ ਵਾਰੀ ਪ੍ਰਕਾਸ਼ ਵਿਚ ਲਿਆਂਦੀ। ਇਹ ਵੀ ਇਕ ਸਬੱਬ ਹੀ ਹੈ ਕਿ ਮੈਂ ਪਹਿਲੀ ਦਾਰਾ ਸ਼ਿਕੋਹ ਤੇ ਖੱਤਰੀ ਸੰਤ ਬਾਬਾ ਲਾਲ ਵਿਚਾਲੇ ਹੋਈ ਗੋਸ਼ਟਿ ਇਕ ਅਨ-ਉਪਲਬਧ ਹੱਥ ਲਿਖਤ ਵਿਚੋਂ ਲੈ ਕੇ ਪਹਿਲੀ ਵਾਰੀ ਪ੍ਰਕਾਸ਼ਿਤ ਕੀਤੀ। ਮੈਂ 1655 ਈ. ਵਿਚ ਦਾਰਾ ਸ਼ਿਕੋਹ ਵਲੋਂ ਉਪਨਿਸ਼ਦਾਂ ਦੇ ਫ਼ਾਰਸੀ ਅਨੁਵਾਦ ਤੋਂ 1719 ਈ. ਵਿਚ ਪ੍ਰਹਿਲਾਦ ਵਲੋਂ ਅਨੇਕ ਉਪਨਿਸ਼ਦਾਂ ਦੇ ਕੀਤੇ ਹਿੰਦਵੀ ਅਨੁਵਾਦਾਂ ਦੀਆਂ ਮਿਲਦੀਆਂ ਹੱਥ ਲਿਖਤਾਂ ਦੀ ਦੱਸ ਪਾਈ ਸੀ। ਕਿਸੇ ਵੀ ਆਧੁਨਿਕ ਭਾਰਤੀ ਭਾਸ਼ਾ ਵਿਚ ਕੀਤੇ ਜਾਣ ਵਾਲਾ ਇਹ ਪਹਿਲਾ ਅਨੁਵਾਦ ਹੈ।

ਗੋਰਖਨਾਥ ਐਂਡ ਮਿਡੀਵਲ ਹਿੰਦੂ ਮਿਸਟੀਸਿਜ਼ਮ—ਜੋ 1937 ਵਿਚ ਛਪੀ। ਡਾ. ਮੋਹਨ ਸਿੰਘ ਖ਼ੁਦ ਇਸ ਪੁਸਤਕ ਦੇ ਲੇਖਣ ਦੇ ਉਦੇਸ਼ ਬਾਰੇ ਲਿਖਦੇ ਹਨ—"1935-36 ਈ. ਦੀਆਂ ਸਰਦੀਆਂ ਦੇ ਆਪਣ ਯੂਰਪ ਨਿਵਾਸ ਦੌਰਾਨ, ਮੈਂ ਨਾਦ-ਸਹਿਜ ਸ਼ਾਖਾ ਦੇ ਭਾਰਤੀ ਯੋਗ ਦੇ ਪਿਤਾ, ਉੱਤਰੀ ਭਾਰਤ ਦੀਆਂ ਭਾਰਤੀ ਦੇਸ਼ੀ ਭਾਖ਼ਾਵਾਂ ਦੀ ਰਹੱਸਾਤਮਕ ਕਵਿਤਾ ਦੇ ਮੋਢੀ ਅਤੇ ਦੇਸ਼ ਭਰ ਦੇ ਪਰਵਰਤੀ ਲੇਖਕਾਂ ਉਤੇ ਸੱਬਰਘੱਤਾ, ਸੁਖਾਵਾਂ ਅਤੇ ਸਰਵ ਪ੍ਰਵਾਨਿਤ ਪ੍ਰਭਾਵ ਪਾਉਣ ਵਾਲੇ ਗੋਰਖ ਨਾਥ ਦੇ ਜੀਵਨ, ਰਚਨਾ ਤੇ ਪ੍ਰਭਾਵ ਬਾਰੇ ਪਹਿਲਾਂ ਮੁਸੋਦਾ ਤਿਆਰ ਕਰ ਲਿਆ ਸੀ। ਡਾ. ਏ. ਬੀ. ਕੀਥ ਲਿਖਦਾ ਹੈ—"ਰਿਸ਼ੀ ਗੋਰਖਨਾਥ ਦੇ ਦ੍ਰਿਸ਼ਟੀਕੋਣ ਨੂੰ ਸਾਨੂੰ ਸਮਝਾਉਣ ਦਾ ਆਪ ਦਾ ਯਤਨ ਹੋਰ ਵੀ ਲਾਹੇਵੰਦ ਹੈ। ਆਪਦੀ ਉਪਯੋਗੀ ਅਤੇ ਦਿਲਚਸਪ ਰਚਨਾ ਉਤੇ ਵਧਾਈਆਂ ਸਵੀਕਾਰ ਕਰੋ।

ਪੰਜਾਬ ਯੂਨੀਵਰਸਿਟੀ ਲਾਹੌਰ ਦੇ ਸਾਬਕਾ ਕੁਲਪਤੀ ਬਿਸ਼ਨ ਬਾਰਟਨ ਦੀ ਰਾਇ ਹੈ ਕਿ 'ਇਹ ਅਤਿ ਵਿਦਵੱਤਾ ਪੂਰਨ ਅਤੇ ਸਟੀਕ ਪੁਸਤਕ ਹੈ।"

ਡਾ. ਐਮ. ਵਿੰਟਰਨਿਟਜ਼ ਨੇ ਲਿਖਿਆ ਸੀ—ਯੋਗਿਕ ਸਾਹਿੱਤ ਨੂੰ ਇਹ ਇਕ ਮੁੱਲਵਾਨ ਦੇਣ ਹੈ।" ਓਸਲੋ ਦੇ ਡਾ. ਸਟੇਨ ਕੋਨੋ ਨੇ ਲਿਖਿਆ—"ਇਹ ਪੁਸਤਕ ਤਕੜੀ ਸੋਚ ਅਤੇ ਡੂੰਘੀ ਹਮਦਰਦੀ ਨਾਲ ਲਿਖੀ ਗਈ ਹੈ। ਆਪਨੂੰ ਪਾਠਕ ਨੂੰ ਆਪਣੇ ਨਾਲ ਲੈਕੇ ਚੱਲਣ ਦਾ ਵੱਲ ਆਉਂਦਾ ਹੈ।"

ਇਸ ਪੁਸਤਕ ਨੂੰ ਅਮਰੀਕਾ ਦੀ ਓਗਲਥਰੋ ਯੂਨੀਵਰਸਿਟੀ ਨੇ ਹਿੰਦੁਸਤਾਨ ਦੀਆਂ ਉਨ੍ਹਾਂ ਛੇ ਕਿਤਾਬਾਂ ਵਿਚ ਦੱਸਿਆ ਜੋ ਸਾਂਭ ਕੇ ਰੱਖੀਆਂ ਜਾਣਗੀਆਂ ਅਤੇ ਸੰਨ 2500 ਵਿਚ ਖੋਲ੍ਹੀ ਜਾਵੇਗੀ। ਡਾ. ਦੀਵਾਨਾ ਦੱਸਦੇ ਹਨ "ਅਮਰੀਕਾ ਦੀ ਓਗਲਥਰੋ (Oglethrope University) ਨੇ ਮੈਨੂੰ ਲਿਖਿਆ ਕਿ ਅਸੀਂ ਕਈ ਅਰਬ ਖਰਬ ਰੁਪਏ ਲਾਕੇ ਇਕ Cript of Ciyilization ਬਣਾਈ ਹੈ ਜਿਸ ਵਿਚ ਦੁਨੀਆਂ ਦੀਆਂ ਚੋਣਵੀਆਂ ਪੁਸਤਕਾਂ ਦੇ ਮਾਈਕਰੋ ਫਿਲਮੀ ਫੋਟੋ ਸੰਭਾਲ ਕੇ ਰੱਖੇ ਜਾਣਗੇ ਤੇ ਉਹ Crypt ਸੰਨ

2500 ਵਿਚ ਖੋਲ੍ਹੀ ਜਾਵੇਗੀ। ਤੁਹਾਡੀ ਕਿਤਾਬ ਪੁਰਾਣੇ ਨਵੇਂ ਹਿੰਦੁਸਤਾਨ ਦੀਆਂ ਚੋਣਵੀਆਂ ਛੇ ਕਿਤਾਬਾਂ ਵਿਚੋਂ ਇਕ ਹੈ। ਅਸੀਂ ਤੁਹਾਨੂੰ ਇਸ ਗੱਲ ਦਾ ਇਕ ਸਰਟੀਫ਼ਿਕੇਟ ਆਫ਼ ਆਨਰ ਭੇਜ ਰਹੇ ਹਾਂ।"[1]

ਡਾ. ਮੋਹਨ ਸਿੰਘ ਦੀਵਾਨਾ ਮੂਲਕ ਤੌਰ ਤੇ ਇਕ ਦਰਸ਼ਨ-ਸ਼ਾਸਤਰੀ, ਵੇਦਾਂਤ ਅਤੇ ਗੁਰਮਤਿ ਦਾ ਸਮਨਵੈ ਕਰਨ ਵਾਲੇ ਚਿੰਤਕ ਅਤੇ ਸਹਿਜ ਯੋਗ ਮਾਰਗ ਦੇ ਪ੍ਰਚਾਰਕ ਸਨ। ਉਨ੍ਹਾਂ ਦੇ ਯੋਗ ਅਤੇ ਅਧਿਆਤਮ ਦੇ ਵਿਦਿਆਰਥੀ ਪੰਜਾਬ ਅਤੇ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਅਮਰੀਕਾ, ਕੈਨੇਡਾ, ਜਰਮਨੀ, ਜਾਪਾਨ, ਇੰਗਲੈਂਡ ਤੇ ਫ਼ਰਾਂਸ ਆਦਿ ਮੁਲਕਾਂ ਵਿਚ ਵੀ ਵੱਡੀ ਸੰਖਿਆ ਵਿਚ ਪਾਏ ਜਾਂਦੇ ਹਨ। ਡਾ. ਮੋਹਨ ਸਿੰਘ ਪੰਜਾਬੀ ਦੇ ਲੇਖਕ-ਆਲੋਚਕ ਹੀ ਨਹੀਂ ਸਗੋਂ 'ਗੁਰੂ ਜੀ' ਹਨ, ਇਹ ਗੱਲ ਉਨ੍ਹਾਂ ਦੇ ਨਿਕਟ ਸੰਪਰਕ ਵਿਚ ਆਉਣ ਨਾਲ ਪ੍ਰਗਟ ਹੋ ਜਾਂਦੀ ਸੀ। ਡਾ. ਦੀਵਾਨਾ ਦਾ ਨਿੱਤ ਪ੍ਰਤਿ ਕਾਰ ਵਿਹਾਰ ਡਾਕਖ਼ਾਨੇ ਤੋਂ ਚਿੱਠੀਆਂ ਲੈਣ ਤੇ ਚਿੱਠੀਆਂ ਪਾਉਣ ਨਾਲ ਸ਼ੁਰੂ ਹੁੰਦਾ ਸੀ। ਉਹ ਹਰ ਰੋਜ਼ ਦਰਜਨਾਂ ਖ਼ਤ ਆਪਣੇ ਜਿਗਿਆਸੂ ਸ਼ਿਸ਼ਾਂ ਨੂੰ ਲਿਖਿਆ ਕਰਦੇ ਸਨ ਜਿਨ੍ਹਾਂ ਰਾਹੀਂ ਯੋਗ, ਵੇਦਾਂਤ, ਗੁਰਮਤਿ ਅਤੇ ਅਧਿਆਤਮ-ਦਰਸ਼ਨ ਨਾਲ ਸੰਬੰਧਤ ਅਨੇਕਾਂ ਪ੍ਰਸ਼ਨਾਂ, ਗੁੱਥੀਆਂ ਤੇ ਪੁੱਛਾਂ ਦਾ ਯੋਗ ਉੱਤਰ ਦਿੱਤਾ ਜਾਂਦਾ ਸੀ। ਡਾ. ਸੱਤਪਾਲ ਦੁੱਗਲ ਅਤੇ ਉਨ੍ਹਾਂ ਦੀ ਪਤਨੀ ਡਾ. ਸ੍ਰੀਮਤੀ ਪ੍ਰਕਾਸ਼ਵਤੀ, ਡਾ. ਦੀਵਾਨਾ ਦੇ ਸੈਂਕੜੇ ਹੋਰ ਦੇਸੀ-ਵਿਦੇਸ਼ੀ ਅਧਿਆਤਮਿਕ ਸ਼ਿਸ਼ਾਂ ਵਿਚੋਂ ਹਨ। ਡਾ. ਦੁੱਗਲ ਉਨ੍ਹਾਂ ਨੂੰ ਸੰਬੋਧਨ ਕਰਦੇ ਹਨ—"ਗੁਰੂਦੇਵ ਆਤਮਯੋਗੀ ਡਾ. ਮੋਹਨ ਸਿੰਘ ਦੀਵਾਨਾ"। ਸ਼ੰਕਰਾਚਾਰੀਆ ਨੇ ਉਨ੍ਹਾਂ ਦੀਆਂ ਪੁਸਤਕਾਂ ਪੜ੍ਹਕੇ ਉਨ੍ਹਾਂ ਨੂੰ ਅਧਿਆਤਮ ਸਰੂਪੀ ਦੀ ਉਪਾਧੀ ਦਿੱਤੀ ਸੀ। ਡਾ. ਓ. ਪੀ. ਕਾਹੋਲ ਨੇ ਉਨ੍ਹਾਂ ਨੂੰ 'ਯੋਗੀਰਾਜ ਮਹਾ ਸਿੱਧ ਮੋਹਨ ਸਿੰਘ' ਕਰਕੇ ਸੰਬੋਧਨ ਕੀਤਾ ਹੈ।

ਅਧਿਆਤਮਿਕ ਖੇਤਰ ਵਿਚ ਉਨ੍ਹਾਂ ਨੇ ਅਨੇਕ ਉੱਘੀਆਂ ਪੁਸਤਕਾਂ ਅੰਗ੍ਰੇਜ਼ੀ ਵਿਚ ਲਿਖੀਆਂ ਹਨ। 'ਰੀ-ਡਿਸਕਵਰੀ ਆਫ਼ ਗੌਡ ਐਂਡ ਸੈਲਫ਼ ਥਰੂ ਮੈਡੀਟੇਸ਼ਨ' ਨੂੰ ਉਨ੍ਹਾਂ ਨੇ 'ਸਹਿਜ ਧਿਆਨ ਯੋਗ ਸੂਤਰਾਂ' ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਪੁਸਤਕ ਦੇ ਦੋ ਭਾਗ ਹਨ। ਪਹਿਲੇ ਭਾਗ ਵਿਚ ਡਾ. ਦੀਵਾਨਾ ਵਲੋਂ ਲਿਖੇ 444 ਧਿਆਨ ਯੋਗ ਸੂਤਰ (ਨੁਸਖੇ) ਹਨ ਜਿਨ੍ਹਾਂ ਦਾ ਮਹੱਤਵ ਬ੍ਰਹਮ ਸੂਤਰਾਂ ਨਾਲੋਂ ਕਿਸੇ ਵੀ ਗਲੋਂ ਘੱਟ ਨਹੀਂ ਹੈ। ਉਦਾਹਰਣ ਲਈ ਅਸੀਂ ਉਨ੍ਹਾਂ ਦੇ ਚੋਣਵੇਂ ਸੱਤ ਸੂਤਰ ਜਾਂ ਫ਼ਾਰਮੂਲੇ ਇਥੇ ਮੂਲ ਰੂਪ ਵਿਚ ਦੇ ਰਹੇ ਹਾਂ :

1. God is the Super-value, the world is only a utility.
2. Objects and events are the vocabulary and the grammar of God.

---

1. ਜਾਗ੍ਰਤੀ (ਪੰਜਾਬੀ) ਜੁਲਾਈ 1981, ਪੰਨਾ 28.

Sri Satguru Jagjit Singh Ji Elibrary NamdhariElibrary@gmail.com

3. God is ever young, ever new, ever fresh to His lovers.
4. Do not look for reward beyond the joy and pride of having done a human or a divine act.
5. Under the Divine will/order, good arises out of evil and evil out of good.
6. Life's gains are spiritual, its losses are material and mental.
7. Repeat every morning, O Lord, May Thou enter me and may I then enter thee.

ਇਸ ਪੁਸਤਕ ਦੇ ਦੂਜੇ ਭਾਗ ਵਿਚ ਉਨ੍ਹਾਂ ਦੇ ਕੁਝ ਸਾਧਕਾਂ ਸ਼ਿਸ਼ਾਂ ਦੇ ਧਿਆਨ ਸੰਬੰਧੀ ਵਿਚਾਰ ਅਤੇ ਅਨੁਭਵ ਸ਼ਾਮਲ ਹਨ। ਇਨ੍ਹਾਂ ਦੀ ਗਿਣਤੀ 661 ਹੈ। ਅਧਿਆਤਮ ਮਾਰਗ ਅਤੇ ਸੱਚ ਦੇ ਮੁਤਲਾਸ਼ੀ ਲਈ ਇਹ ਵਿਚਾਰ ਤੇ ਅਨੁਭਵ ਬਹੁਤ ਹੀ ਲਾਹੇਵੰਦ ਹੋਣਗੇ। ਇਸੇ ਤਰ੍ਹਾਂ ਹੀ ਇਕ ਹੋਰ ਪੁਸਤਕ 'ਮਾਈ ਸਪਿਰਿਚੂਅਲ ਐਕਸਪਲੋਰੀਐਂਸਜ਼' ਹੈ ਜਿਸ ਵਿਚ ਉਪਨਿਸ਼ਦਾ ਅਤੇ ਆਦਿ ਗੁਰੂ ਗ੍ਰੰਥ ਸਾਹਿਬ ਦੇ ਆਧਾਰ ਤੇ ਅਨੇਕ ਉਲਝਣਾਂ ਦੇ ਉੱਤਰ ਲੱਭੇ ਗਏ ਹਨ। ਇਨ੍ਹਾਂ ਜਵਾਬਾਂ ਦਾ ਧੁਰਾ ਦੋ ਸਵਾਲਾਂ ਦੁਆਲੇ ਘੁੰਮਦਾ ਹੈ—(1) ਕੀ ਮਨੁੱਖ ਅਧਿਆਤਮਿਕ ਹੈ ? (2) ਕੀ ਮਨੁੱਖ ਅਮਰ ਹੈ ?

ਜਪੁਜੀ ਸਾਹਿਬ ਦਾ ਅੰਗ੍ਰੇਜ਼ੀ ਵਿਚ ਤਰਜਮਾ ਕੀਤਾ ਹੈ ਤਾਂ ਉਸਦਾ ਨਾਂ ਵੀ 'ਦਾ ਮਿਸਟਿਕ ਲੈਡਰ' ਰਖਿਆ ਗਿਆ ਹੈ। ਇਸਦੀ ਭੂਮਿਕਾ ਵਿਚ ਜਪੁਜੀ ਬਾਰੇ ਜੋ ਵਿਚਾਰ ਦਿੱਤੇ ਗਏ ਹਨ ਉਹ ਸਮੁੱਚੇ ਗੁਰਮਤਿ ਸਾਹਿੱਤ ਬਾਰੇ ਇਕ ਮਹੱਤਵਪੂਰਨ ਕੁੰਜੀ ਦਾ ਕੰਮ ਦਿੰਦੇ ਹਨ। ਵੇਦਾਂਤ ਤੇ ਗੁਰਬਾਣੀ ਬਾਰੇ ਹੀ ਨਹੀਂ, ਡਾ. ਸਿੰਘ ਨੇ ਬੁੱਧ ਮੱਤ ਬਾਰੇ ਅਤੇ ਈਸਾਈ ਮੱਤ ਦੇ ਧਰਮ ਗ੍ਰੰਥਾਂ ਦੇ ਅਧਿਆਤਮਿਕ ਅਰਥਾਂ ਨੂੰ ਸਮਝਣ ਬਾਰੇ ਵੀ ਚੋਖਾ ਕੰਮ ਕੀਤਾ ਹੈ। 'ਲਿਟਰੇਚਰ ਐਂਡ ਰੇਵੇਲੇਸ਼ਨ' ਵਿਚ ਉਨ੍ਹਾਂ ਨੇ ਓਲਡ ਟੈਸਟਾਮੈਂਟ ਅਤੇ ਨਿਊ ਟੈਸਟਾਮੈਂਟ ਵਿਚ ਆਏ ਵਿਚਾਰਾਂ ਦੀ ਤੁਲਨਾ ਰਿਗਵੇਦ, ਉਪਨਿਸ਼ਦਾਂ, ਮਤਸਯ ਪੁਰਾਣ, ਭਗਵਤ ਗੀਤਾ, ਜ਼ੋਰੈਸਟ੍ਰੀਅਨ ਲਿਖਤਾਂ, ਕੁਰਾਨ ਸ਼ਰੀਫ਼, ਆਦਿ ਗ੍ਰੰਥ, ਚੀਨੀ ਅਤੇ ਮਿਸਰੀ ਲਿਖਤਾਂ ਨਾਲ ਕੀਤੀ ਹੈ ਅਤੇ ਤੁਲਨਾਤਮਕ ਧਰਮ-ਗਿਆਨ ਦੇ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਹੇਠਾਂ ਅਸੀਂ ਉਨ੍ਹਾਂ ਦੀਆਂ ਕੁਝ ਉਹ ਰਚਨਾਵਾਂ ਦਿੰਦੇ ਹਾਂ ਜਿਹੜੀਆਂ ਅੰਗ੍ਰੇਜ਼ੀ ਵਿਚ ਹਨ ਅਤੇ ਕੁਝ ਦਾ ਸੰਬੰਧ ਉਰਦੂ ਅਦਬ ਨਾਲ ਹੈ ਅਤੇ ਬਾਕੀ ਪੁਸਤਕਾਂ ਨਿਰੋਲ ਅਧਿਆਤਮਿਕ ਅਨੁਭਵ ਤੇ ਸਾਧਨਾ ਵਾਲੀਆਂ ਹਨ। ਸਭ ਤੋਂ ਪਹਿਲੀ ਪੁਸਤਕ ਆਪ ਵਲੋਂ ਕਲਕੱਤਾ ਯੂਨੀਵਰਸਿਟੀ ਵਿਖੇ ਪੇਸ਼ ਕੀਤਾ ਪੀ. ਐਚ. ਡੀ. ਦਾ ਥੀਸਸ ਹੈ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਪੁਸਤਕਾਂ ਅੱਜਕਲ੍ਹ ਦੁਰਲਭ ਹੋ ਗਈਆਂ ਹਨ, ਇਸ ਲਈ ਸਾਨੂੰ ਉਨ੍ਹਾਂ ਦੇ ਕੁਝ ਰੀਵੀਊਜ਼ ਤੇ ਵਿਦਵਾਨਾਂ ਵੱਲੋਂ ਦਿੱਤੀਆਂ ਕੀਮਤੀ ਰਾਵਾਂ ਉੱਤੇ ਹੀ ਨਿਰਭਰ ਕਰਨਾ ਪੈ ਰਿਹਾ ਹੈ। ਸਵਾਲ ਪੈਦਾ ਹੋ ਸਕਦਾ ਹੈ ਕਿ ਇਸ ਤਰ੍ਹਾਂ ਕਰਨ ਦਾ ਕੀ ਲਾਭ ? ਲਾਭ ਇਹੋ ਹੈ ਕਿ ਇਨ੍ਹਾਂ ਰਚਨਾਵਾਂ ਦੀ ਸਮੱਗਰੀ ਬਾਰੇ ਮੋਟੀਆਂ ਮੋਟੀਆਂ ਗੱਲਾਂ ਜਾਣੇ ਬਿਨਾਂ ਸਾਡੇ ਅਧਿਅਨ ਦੇ ਕੇਂਦਰ ਡਾ. ਦੀਵਾਨਾ ਦੀ ਸ਼ਖ਼ਸੀਅਤ

ਅਤੇ ਰਚਨਾਤਮਕ ਪ੍ਰਾਪਤੀ ਅਧੂਰੀ ਹੀ ਰਹੇਗੀ। ਇਨ੍ਹਾਂ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕਰਨ ਦਾ ਕੇਵਲ ਇਹੋ ਇਕੋ ਇਕ ਮਾਰਗ ਹੈ।

(1) ਮਾਡਰਨ ਉਰਦੂ ਪੋਇਟਰੀ ਕੈਰੈਕਟੈਰਿਸਟਿਕਸ ਐਂਡ ਟੈਂਡੇਸੀਜ਼ :

ਕਲਕੱਤਾ ਯੂਨੀਵਰਸਿਟੀ ਦੇ ਇਸਲਾਮੀ ਹਿਸਟਰੀ ਤੇ ਕਲਚਰ ਵਿਭਾਗ ਦੇ ਪ੍ਰੋ. ਐਸ. ਖੁਦਾਬਖ਼ਸ਼ ਲਿਖਦੇ ਹਨ—"ਡਾ. ਮੋਹਨ ਸਿੰਘ ਦਾ ਥੀਸਸ ਨਿਰਸੰਦੇਹ ਸਰਵੋਚ ਕਿਸਮ ਦੀ ਪ੍ਰਾਪਤੀ ਹੈ। ਜਿਥੋਂ ਤੀਕ ਮੈਨੂੰ ਪਤਾ ਹੈ ਅੰਗ੍ਰੇਜ਼ੀ ਵਿਚ ਇਹ ਆਪਣੇ ਕਿਸਮ ਦੀ ਇਕੋ ਇਕ ਰਚਨਾ ਹੈ। ਲੇਖਕ ਨੇ ਉਰਦੂ ਕਵਿਤਾ ਦੇ ਹਰ ਪੱਖ ਬਾਰੇ ਕਲਮ ਚਲਾਈ ਹੈ ਜਿਵੇਂ ਨਾਟਕੀ, ਰਹੱਸਵਾਦੀ, ਵਰਣਨਾਤਮਕ, ਪ੍ਰਗੀਤਕ, ਮਹਾਂਕਾਵਿ ਅਤੇ ਵਿਵਰਣਾ-ਤਮਕ, ਧਾਰਮਿਕ ਤੇ ਸਮਾਜਿਕ। ਇਹ ਗੱਲ ਵਰਣਨਯੋਗ ਹੈ ਕਿ ਉਨ੍ਹਾਂ ਦੇ ਨਿਭਾਉ ਵਿਚ ਸਪਰਸ਼ ਦੀ ਨਿਸ਼ਚਿਤਤਾ ਅਤੇ ਵਿਆਖਿਆ ਦੀ ਸਪੱਸ਼ਟਤਾ ਹੈ। ਨਵੀਂ ਤੇ ਪੁਰਾਣੀ ਕਵਿਤਾ ਵਿਚਲੇ ਅੰਤਰ ਨੂੰ ਬਹੁਤ ਸੋਹਣੀ ਤਰ੍ਹਾਂ ਉਜਾਗਰ ਕੀਤਾ ਗਿਆ ਹੈ। ਉਹ ਆਪਣੇ ਨੁਕਤੇ ਦਲੀਲਾਂ ਨਾਲ ਪੇਸ਼ ਕਰਦਾ ਹੈ, ਜੋ ਇਕਦਮ ਪ੍ਰੇਰਨਾਦਾਇਕ ਤੇ ਮੰਨਣਯੋਗ ਹੁੰਦੇ ਹਨ। ਰਚਨਾ ਦੀ ਹਰ ਪੰਗਤੀ ਉਸ ਦੇ ਵਿਸ਼ਾਲ ਅਧਿਅਨ ਅਤੇ ਡੂੰਘੀ ਸੋਚ ਦੀ ਲਖਾਇਕ ਹੈ। ਉਸਦੀ ਪਹੁੰਚ-ਵਿਧੀ ਤੁਲਨਾਤਮਕ ਹੈ। ਉਹ ਅਣਥੱਕ ਮਿਹਨਤ ਕਰਕੇ ਵਿਚਾਰ-ਅਧੀਨ ਕਵੀਆਂ ਦੀਆਂ ਲੱਛਣਗਤ ਕਮਜ਼ੋਰੀਆਂ ਨੂੰ ਸਾਮ੍ਹਣੇ ਲਿਆਉਂਦਾ ਹੈ। ਪਰ ਇਸ ਵਿਚ ਇਕ ਨੁਕਸ ਵੀ ਹੈ, ਜੋ ਇਹ ਨੁਕਸ ਨਾ ਦੱਸਿਆ ਜਾਵੇਗਾ ਤਾਂ ਨਿਰੀ ਤਾਰੀਫ਼ ਵੀ ਆਪਣਾ ਮੁੱਲ ਖੋ ਦੇਵੇਗੀ। ਉਸਨੇ ਆਧੁਨਿਕ ਉਰਦੂ ਕਵਿਤਾ ਵਿਚ ਚਲਦੀ ਰਾਸ਼ਟਰੀ ਲਹਿਰ ਬਾਰੇ ਘੱਟ ਵਿਚਾਰ ਕੀਤਾ ਹੈ, ਸੰਭਵ ਹੈ ਮਗਰੋਂ ਉਹ ਇਸ ਬਾਰੇ ਹੋਰ ਵਿਚਾਰ ਦੇ ਲਵੇ।"

ਯੂ. ਪੀ. ਹਿੰਦੁਸਤਾਨੀ ਅਕਾਦਮੀ ਦੇ ਜਨਰਲ ਸਕੱਤਰ ਡਾ. ਤਾਰਾ ਚੰਦ ਲਿਖਦੇ ਹਨ—"ਆਪਦੀ ਅਤਿ ਦਿਲਚਸਪ ਰਚਨਾ ਵਾਚਕੇ ਮੈਂ ਅਤਿਅੰਤ ਪ੍ਰਭਾਵਿਤ ਹੋਇਆ ਹਾਂ। ਜਾਪਦੈ ਆਪ ਨੇ ਨ ਕੇਵਲ ਉਰਦੂ ਕਵਿਤਾ ਨੂੰ ਹੀ ਨਿੱਠ ਕੇ ਵਾਚਿਆ ਹੈ ਸਗੋਂ ਆਪ ਨੇ ਅੰਗ੍ਰੇਜ਼ੀ ਕਵਿਤਾ ਅਤੇ ਸਾਹਿੱਤ-ਆਲੋਚਨਾ ਦੀ ਪੁੱਠ ਚਾੜ੍ਹਕੇ ਇਸ ਦਾ ਸਹੀ ਸਹੀ ਮੁੱਲਾਂਕਣ ਵੀ ਕੀਤਾ ਹੈ, ਤੁਸੀਂ ਉਰਦੂ ਕਵਿਤਾ ਦੇ ਭਿੰਨ ਭਿੰਨ ਰੂਪਾਂ ਦੇ ਲੱਛਣਾਂ ਦਾ ਉਦਾਹਰਣ ਸਹਿਤ ਵਿਸ਼ਲੇਸ਼ਣ ਵੀ ਕੀਤਾ ਹੈ ਅਤੇ ਇਸਦੇ ਰੂਪ ਤੇ ਕੱਥ ਦਾ ਸਰਵੇਖਣ ਵੀ ਕੀਤਾ ਹੈ। ਆਪ ਦੇ ਉਰਦੂ ਗਜ਼ਲ ਅਤੇ ਡਰਾਮੇ ਦੇ ਆਪ ਦੇ ਸੰਤੁਲਿਤ ਮੁੱਲਾਂਕਣ ਨੇ ਮੈਨੂੰ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕੀਤਾ ਹੈ, ਅਤੇ ਮੈਂ ਸਮਝਦਾ ਹਾਂ ਕਿ ਆਪ ਨੇ ਇਨ੍ਹਾਂ ਰੂਪਾਂ ਦੇ ਦੋਸ਼ਾਂ ਵੱਲ ਧਿਆਨ ਦੁਆ ਕੇ ਸਾਹਿੱਤ ਦੀ ਅਨਿੰਨ ਸੇਵਾ ਕੀਤੀ ਹੈ। ਮੈਂ ਆਪਦੀ ਇਸ ਰਾਇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਰਵਾਇਤ ਨੇ ਉਰਦੂ ਪ੍ਰਗੀਤ ਦੀ ਜਿੰਦ-ਜਾਨ ਨੂੰ ਸੁਕਾ ਛੱਡਿਆ ਹੈ ਅਤੇ ਹੁਣ ਇਹ ਆਪਦੇ ਸ਼ਬਦਾਂ ਵਿਚ ਮਿਊਂਸਪਿਲ ਕਮੇਟੀ ਦਾ ਆਮ ਨਲਕਾ ਬਣ ਗਿਆ ਹੈ। ਇਹ ਇਕ ਪ੍ਰਸ਼ੰਸਾਯੋਗ ਸਾਹਿੱਤਕ ਰਚਨਾ ਹੈ ਜਿਸ ਲਈ ਮੈਂ ਇਕ ਵਾਰ ਫੇਰ ਆਪ ਨੂੰ ਵਧਾਈ ਦਿੰਦਾ ਹਾਂ।

(2) ਆਪ ਦੀ ਪੁਸਤਕ 'ਨਿਊ ਲਾਈਟ ਆਨ ਦਾ ਬੁੱਧਾਜ਼ ਫ਼ਸਟ ਸਰਮਨ' ਬਾਰੇ

Sri Satguru Jagjit Singh Ji Elibrary NamdhariElibrary@gmail.com

ਸਮਕਾਲੀ ਪਰਚਿਆਂ ਵਿਚ ਛਪੇ ਕੁਝ ਰੀਵਿਊ ਇਸ ਤਰ੍ਹਾਂ ਹਨ :

ਦਾ ਮਾਰਚ ਆਫ਼ ਇੰਡੀਆ, ਦਿੱਲੀ ਲਿਖਦਾ ਹੈ—ਬੁੱਧ ਦੇ ਪਹਿਲੇ ਪ੍ਰਵਚਨ ਦਾ ਇਹ ਤਾਜ਼ਾ ਅਨੁਵਾਦ ਅਤੇ ਮੌਲਿਕ ਵਿਆਖਿਆ ਹੈ। ਬਨਾਰਸ ਵਿਚ ਦਿੱਤੇ ਇਸ ਪ੍ਰਵਚਨ ਵਿਚ ਅਸ਼ਟ ਮਾਰਗ ਦੀ ਵਿਆਖਿਆ ਹੈ। ਪੁਸਤਿਕਾ ਵਿਚ ਪ੍ਰਵਚਨ ਅਤੇ 'ਭਗਵਤ ਗੀਤਾ' ਦੀ ਤੁਲਨਾ ਵੀ ਕੀਤੀ ਗਈ ਹੈ। ਲੇਖਕ ਨੇ ਤਿੰਨ ਨੁਕਤੇ ਉਠਾਏ ਹਨ—ਪਹਿਲਾ; ਸਮ ਸ਼ਬਦ ਦੇ ਅੰਗ੍ਰੇਜ਼ੀ ਸ਼ਬਦ 'ਰਾਈਟ' ਵਿਚ ਅਸਲ ਅਰਥ ਉਜਾਗਰ ਨਹੀਂ ਹੁੰਦੇ, ਇਸ ਦੀ ਥਾਂ ਤੇ ਸੰਤੁਲਿਤ, ਨਿਰਪੱਖ ਅਤੇ ਸਮਤੱਲ ਆਦਿ ਸ਼ਬਦ ਸੁਝਾਏ ਗਏ ਹਨ। ਦੂਜਾ, ਬੁੱਧ ਦੀ ਘੋਸ਼ਣਾ ਕਿ "ਮੈਂ ਆਪਣੇ ਅੰਦਰ ਵਰਤ ਰਹੀ transcedence ਦੇ ਸਰਵੱਚ ਸੱਚ ਨਾਲ ਇਕ ਸੁਰ ਹਾਂ' ਦੇ ਅਰਥ ਉਨ੍ਹਾਂ ਦੇ ਰੱਬ ਦੀ ਜ਼ਾਤ ਤੋਂ ਮੁਨਕਰ ਹੋਣਾ ਨਹੀਂ ਮੰਨਿਆ ਜਾ ਸਕਦਾ; ਇਸਦੇ ਉਲਟ ਇਹ ਮੁਕਤ ਆਤਮਾ ਦੀ ਬ੍ਰਹਮ-ਪ੍ਰਾਪਤੀ ਅਤੇ ਆਤਮਾ ਤੇ ਬ੍ਰਹਮ ਦੀ ਬੁਨਿਆਦੀ ਏਕਤਾ ਵਿਚ ਵਿਸ਼ਵਾਸ ਹੋਣਾ ਜ਼ਾਹਰ ਕਰਦਾ ਹੈ। ਤੀਜਾ, ਸਮਤਾ ਦਾ ਸਿੱਧਾਂਤ ਭਗਵਤ ਗੀਤਾ ਵਿਚ ਪਹਿਲਾਂ ਹੀ ਆ ਚੁੱਕਾ ਹੈ ਜਿਸ ਨੂੰ ਉਥ 'ਸਮਬੁੱਧ' ਕਿਹਾ ਗਿਆ ਹੈ। ਲੇਖਕ ਦੀ ਮਾਣਤਾ ਹੈ ਕਿ ਗੌਤਮ ਨੇ ਬੁੱਧ ਅਤੇ ਸਮਬੁੱਧ ਦਾ ਉਪਾਧੀ ਅਤੇ ਧਰਮ ਚੱਕਰ ਦਾ ਇਹ ਸੱਚ ਸਨਾਤਨ ਗੁਣ ਭਾਗਵਤ ਗੀਤਾ ਤੋਂ ਪ੍ਰਾਪਤ ਕੀਤਾ ਹੈ। ਲੇਖਕ ਵਲੋਂ 'ਨਿਰਵਾਨ' ਲਈ ਸੁਝਾਏ ਨਵੇਂ ਪ੍ਰਯਾਸ ਵੀ ਬੜੇ ਦਿਲਚਸਪ ਹਨ।"

ਹਿਊਮ ਅਫੇਅਰਜ਼, ਮਦ੍ਰਾਸ : "ਪਹਿਲੇ ਪ੍ਰਵਚਨ ਦਾ ਸਿਰਲੇਖ ਹੈ 'ਧੰਮ ਚੱਕ ਪਵੱਤਨ ਸੁੱਤ' ਵਿਦਵਾਨਾਂ ਤੇ ਰਹੱਸਵਾਦੀਆਂ ਦੋਵਾਂ ਲਈ ਹੀ ਇਹ ਪ੍ਰਵਚਨ ਤੁਲਨਾਤਮਕ ਅਧਿਐਨ ਤੇ ਵਿਚਾਰ ਦਾ ਅਵਸਰ ਪ੍ਰਦਾਨ ਕਰਦਾ ਹੈ। ਡਾ. ਸਿੰਘ ਵਲੋਂ ਆਲ ਇੰਡੀਆ ਓਰੀਐਂਟਲ ਕਾਨਫਰੰਸ ਸਾਮ੍ਹਣੇ ਇਸ ਪ੍ਰਵਚਨ ਦੀ ਭਗਵਤ ਗੀਤਾ ਅਤੇ ਗੁਰੂ ਨਾਨਕ ਦੇ 'ਜਪੁਜੀ' ਨਾਲ ਕੀਤੀ ਸਮਤਾ ਅਤੇ ਤੁਲਨਾ ਸਰੋਤਿਆਂ ਨੂੰ ਸੰਸਾਰ ਭਰ ਦੇ ਦਰਸ਼ਨਾਂ ਤੇ ਧਰਮਾਂ ਦੇ ਵਿਵਿਧ ਖੇਤਰਾਂ ਵਿਚ ਲੈ ਗਈ ਅਤੇ ਰਹੱਸਵਾਦੀ ਸਾਹਿੱਤ ਨੂੰ ਪ੍ਰਾਚੀਨ ਤੋਂ ਆਧੁਨਿਕ ਸਮੇਂ ਵਿਚ ਲੈ ਆਦਾ।"

'ਹਿੰਦੁਸਤਾਨ ਰੀਵੀਊ' ਪਟਨਾ : ਇਹ ਵਿਚਾਰ-ਉਤੇਜਕ ਕਿਤਾਬ ਸਾਰਨਾਥ ਵਿਖੇ ਦਿੱਤੇ ਬੁੱਧ ਦੇ ਪਹਿਲੇ ਪ੍ਰਵਚਨ ਦੀ ਵਿਦਵੱਤਾ ਪੂਰਨ ਵਿਆਖਿਆ ਹੈ। ਇਸ ਵਿਚ ਸਦੀਆਂ ਤੋਂ ਓਠਾਏ ਗਏ ਵਿਦਵਾਨਾਂ ਦੇ ਪ੍ਰਸ਼ਨਾਂ ਦਾ ਹੱਲ ਸੁਝਾਇਆ ਗਿਆ ਹੈ।"

ਵੇਦਾਂਤ ਕੇਸਰੀ, ਮਦਰਾਸ : "ਡਾ. ਸਿੰਘ ਦਾ ਕਥਨ ਹੈ ਕਿ ਸੱਚਾ ਬੋਧੀ 'ਅਵਧੂਤ', 'ਅਲਿਪਤ' ਹੁੰਦਾ ਹੈ, ਵਿਮੁਕਤ ਪ੍ਰਾਣੀ ਜਾਂ ਬੇਲਾਗ ਪ੍ਰਾਣੀ ਹੁੰਦਾ ਹੈ। ਡਾ. ਸਿੰਘ ਸਭ ਧਰਮਾਂ ਨੂੰ ਸਮਝਣ ਦੀ ਪਹੁੰਚ ਵਿਧੀ ਸਮਤਾ ਦੇ ਸਿਧਾਂਤ ਨੂੰ ਮੰਨਦਾ ਰਿਹਾ ਹੈ—ਬੁੱਧ ਨੂੰ ਨਾਮ ਦਾ ਹੀ ਨਹੀਂ ਸਗੋਂ ਅਸਲ ਵਿਚ ਹੀ ਇਕ ਅਵਤਾਰ ਮੰਨਕੇ, ਅਤੇ ਉਸਦੇ ਉਪਦੇਸ਼ਾਂ ਨੂੰ ਡਾ. ਸਿੰਘ ਵਾਂਗਰ ਹੀ ਨਿਮਰਤਾ ਅਤੇ ਸ਼ਰਧਾ ਸਹਿਤ ਅਪਣਾ ਕੇ, ਭਾਰਤੀ ਏਕਤਾ ਦੇ ਟੀਚੇ ਨੂੰ ਬਲ ਮਿਲੇਗਾ।"

ਪ੍ਰਬੁੱਧ ਭਾਰਤ, ਕਲਕੱਤਾ : "ਸੁਭਾਗੀਂ ਇਸਦਾ ਲੇਖਕ ਕੁਝ ਗਿਣੇ ਚੁਣੇ ਪਤਵੰਤਿਆਂ

Sri Satguru Jagjit Singh Ji Elibrary NamdhariElibrary@gmail.com

ਵਿਚੋਂ ਹੈ, ਨਿਰਸੰਦੇਹ ਡਾ. ਮੋਹਨ ਸਿੰਘ ਨੇ ਰਹੱਸਵਾਦੀ ਚਿੰਤਨ ਵਿਚ ਗੋਤਾ ਲਾਇਆ ਹੈ ਅਤੇ ਫਲਸਰੂਪ ਆਪਣੀਆਂ ਮਹੱਤਵਪੂਰਨ ਰਚਨਾਵਾਂ ਰਾਹੀਂ ਧਰਮ ਤੇ ਦਰਸ਼ਨ ਬਾਰੇ ਲਿਖਕੇ ਧਾਰਮਿਕ ਸਾਹੱਤ ਦੇ ਭੰਡਾਰ ਭਰਪੂਰ ਕੀਤੇ ਹਨ।"

ਇਹ ਪੁਸਤਕ ਅਤਿ ਸੁਝਾਊ ਅਤੇ ਵਿਚਾਰ-ਉਤੇਜਕ ਹੈ। ਲੇਖਕ ਦਾ ਆਪਣਾ ਦ੍ਰਿਸ਼ਟੀਕੋਣ ਸਰਲ ਸ਼ੈਲੀ ਅਤੇ ਤਾਜ਼ਗੀ ਭਰੇ ਢੰਗ ਨਾਲ ਪ੍ਰਗਟ ਕਰਨ ਦਾ ਇਹ ਰਾਹ ਬਹੁਤ ਪ੍ਰਸੰਸਾ ਯੋਗ ਹੈ ਅਤੇ ਇਸ ਪੁਸਤਿਕਾ ਉਤੇ ਉਸਦੇ ਵਿਅਕਤਿਤ੍ਵ ਦੀ ਛਾਪ ਸਪੱਸ਼ਟ ਹੈ, ਜੋ ਇਕ ਤਕੜੇ ਤੇ ਨਿਸ਼ਠਾਵਾਨ ਅਧਿਆਤਮਿਕ ਜਗਿਆਸੂ ਦਾ ਆਪਾ ਹੈ। ਇਸ ਲਈ ਹਿੰਦੂ ਧਰਮ ਤੇ ਬੋਧ ਧਰਮ ਦੋਵਾਂ ਲਈ ਸਮਾਨ ਰੂਪ ਵਿਚ ਮਹੱਤਵਪੂਰਨ ਇਸ ਸਮੱਸਿਆ ਦਾ ਅਧਿਆਤਮਿਕ ਮੁੱਲਾਂ ਦੇ ਕਦਰਦਾਨ ਲੋਕਾਂ ਵਲੋਂ ਨੇੜਲਾ ਅਧਿਐਨ ਕੀਤਾ ਜਾਣਾ ਯੋਗ ਹੈ।

ਡਾ. ਮੋਹਨ ਸਿੰਘ ਦੀ ਇਕ ਹੋਰ ਪੁਸਤਕ 'ਨਿਊ ਲਾਈਟ ਆਨ ਸ੍ਰੀ ਕ੍ਰਿਸ਼ਣ ਐਂਡ ਗੀਤਾ" ਬਾਰੇ ਸ੍ਰੀ ਗੁਰਦਿਆਲ ਮਲਿਕ ਦੀ ਰਾਇ ਦੇਖਣ ਵਾਲੀ ਹੈ—"ਡਾ. ਸਿੰਘ ਨੇ ਆਪਣੀ ਵਿਆਖਿਆ ਰਾਹੀਂ ਸੱਚ ਦੀ ਅਖੰਡਤਾ ਤੀਕ ਅਪੜਣ ਦਾ ਉਪਰਾਲਾ ਕੀਤਾ ਹੈ। ਫਲਸਰੂਪ ਉਸਦੀ ਵਿਆਖਿਆ ਬਹੁ ਪੱਖੀ ਹੈ ਕਿਉਂਕਿ ਇਹ ਬਹੁ-ਧਰਮੀ ਹੈ। ਇਸ ਆਸ਼ੇ ਲਈ ਮਿਥ, ਇਤਿਹਾਸ, ਧਰਮ-ਦਰਸ਼ਨ, ਜੋਤਸ਼ ਸ਼ਾਸਤਰ, ਭੌਤਿਕਿ, ਜੀਵਾਣੂ ਸ਼ਾਸਤਰ, ਭੂ-ਵਿਗਿਆਨ ਅਤੇ ਹੋਰ ਵਿਗਿਆਨਾਂ ਨੂੰ ਇਸ ਲੇਖਕ ਨੇ ਚੰਗੀ ਦੇਣ ਪ੍ਰਦਾਨ ਕੀਤੀ ਹੈ।"

ਡਾ. ਬਿਸ਼ੇਸ੍ਰ ਪ੍ਰਸਾਦ ਲਿਖਦੇ ਹਨ—"ਇਹ ਅਤਿ ਵਿੱਦਵਤਾਪੂਰਨ ਰਚਨਾ ਹੈ, ਇਹੋ ਜਿਹੇ ਨਾਜ਼ਕ ਵਿਸ਼ੇ ਦਾ ਨਿਭਾਉ ਮੌਲਿਕ ਰੂਪ ਨਾਲ ਕੀਤਾ ਗਿਆ ਹੈ। ਆਸ ਹੈ ਇਹ ਪੁਸਤਕ ਦੇਸ਼ ਤੇ ਵਿਦੇਸ਼ ਦੇ ਅਨੇਕ ਦਿਲਾਂ ਵਿਚ ਠੰਢ ਵਰਤਾਏਗੀ।"

ਸ੍ਵਾਮੀ ਵਿਸ਼ੁੱਧਾਨੰਦ ਲਿਖਦੇ ਹਨ—"ਡਾ. ਸਿੰਘ ਦਾ ਇਹ ਕਿਤਾਬਚਾ ਇਕ ਮਹਾਨ ਪੁਸਤਕ ਹੈ ਅਤੇ ਇਸਦੇ ਹਰ ਸ਼ਬਦ ਦਾ ਅਧਿਅਨ ਕੀਤਾ ਜਾਣਾ ਚਾਹੀਦਾ ਹੈ। ਵੇਦ ਮੰਤਰਾਂ ਵਾਂਗ, ਇਸਦੇ ਹਰ ਅਧਿਆਇ, ਹਰ ਵਾਕ, ਸਗੋਂ ਹਰ ਸ਼ਬਦ ਵਿਚ ਵਿਚਾਰਾਂ ਦਾ ਹੜ੍ਹ ਆਉਂਦਾ ਦਿਸਦਾ ਹੈ। ਦੱਤ ਚਿੱਤ ਹੋਕੇ ਅਤੇ ਅੰਤਰ ਦ੍ਰਿਸ਼ਟੀ ਨਾਲ ਇਸ ਪੁਸਤਕ ਦਾ ਪਾਠ ਕਰਨ ਨਾਲ ਪਾਠਕ ਨੂੰ ਸ੍ਰੀ ਕ੍ਰਿਸ਼ਣ ਮਹਾਰਾਜ ਆਪਣੇ ਵਿਰਾਟ ਰੂਪ ਵਿਚ ਨਜ਼ਰ ਆਵੇਗਾ।"

**'ਦਾ ਸੀਕ੍ਰਿਟਸ ਆਫ਼ ਸਪਿਰਿਚੂਅਲ ਲਾਈਫ਼'** ਬਾਰੇ ਪ੍ਰੋ. ਈ. ਸੀ. ਡਿਕਿੰਨਸਨ ਲਿਖਦੇ ਹਨ "ਇਸਦੇ ਕੁਝ ਪੰਨੇ ਪ੍ਰਤੀਕਾਤਮਕ ਵਿਆਖਿਆ ਨਾਲ ਭਰੇ ਹੋਏ ਹਨ।"

ਸ੍ਰੀ ਪੀ. ਕੇ. ਗੌਂਡ ਲਿਖਦੇ ਹਨ ਕਿ 'ਇਹ ਇਕ ਆਧੁਨਿਕ ਉਪਨਿਸ਼ਦ' ਹੈ। ਡਾ. ਸੀ. ਕੁਨ੍ਹਾਨ ਰਾਜਾ ਦਾ ਮਤ ਹੈ ਕਿ—"ਸਾਰੀ ਪੁਸਤਕ ਸੱਚ ਦੇ ਉੱਚਤਮ ਪੱਖਾਂ ਬਾਰੇ ਹੈਰਾਨੀਜਨਕ ਅੰਤਰ ਦ੍ਰਿਸ਼ਟੀ ਪੇਸ਼ ਕਰਦੀ ਹੈ। ਇਹ ਇਸ ਗੱਲ ਦੀ ਸ਼ਾਹਦੀ ਵੀ ਭਰਦੀ ਹੈ ਕਿ ਪ੍ਰਾਚੀਨ ਭਾਰਤੀ ਰਿਸ਼ੀਆਂ ਵਾਲੀ ਪ੍ਰਤਿਭਾ ਭਾਰਤ ਵਿਚ ਅਜੇ ਵੀ ਵਰਤਮਾਨ ਹੈ।"

ਡਾ. ਵੀ. ਐਮ. ਆਪਟੇ ਦਾ ਕਥਨ ਹੈ—"ਅਧਿਆਤਮ ਵਿਦਿਆ ਦੇ ਦਾਰਸ਼ਨਿਕ

Sri Satguru Jagjit Singh Ji Elibrary NamdhariElibrary@gmail.com

ਸੱਚ ਨੂੰ ਨਤਾਰ ਕੇ ਸਾਹਮਣੇ ਲਿਆਉਣਾ ਵਿਆਸ, ਗੌਤਮ ਤੇ ਜੈਮਿਨੀ ਦੇ ਵੇਲਿਆਂ ਦੇ ਬੁੱਧੀਮਾਨ ਭਾਰਤੀ ਵਿਚਾਰਕਾਂ ਦੀ ਖ਼ਾਸੀਅਤ ਹੈ। ਉਸੇ ਪਰੰਪਰਾ ਦਾ ਅਨੁਸਰਨ ਕਰਕੇ ਡਾ. ਸਿੰਘ ਨੇ ਇਸ ਪੁਸਤਕ ਵਿਚ ਅਧਿਆਤਮਿਕ ਜੀਵਨ ਨਾਲ ਸੰਬੰਧਤ 400 ਸੂਤਰ ਪ੍ਰਸਤੁਤ ਕੀਤੇ ਹਨ।''

ਡਾ. ਕੇ. ਸੀ. ਵਰਦਾਚਾਰੀ ਲਿਖਦੇ ਹਨ—''ਮੈਂ ਪੂਰੀ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ ਕਿ ਭਾਰਤ ਨੂੰ ਆਪ ਵਲੋਂ ਅਪਣਾਈਆਂ ਗਈਆਂ ਜਾਂ ਉਸ ਨਾਲ ਮਿਲਦੀਆਂ ਜੁਲਦੀਆਂ ਲੀਹਾਂ ਤੇ ਵੈਦਿਕ ਪੁਨਰ-ਖੋਜ ਕਰਨ ਦੀ ਲੋੜ ਹੈ, ਅਤੇ ਇਸ ਸਦੀ ਦੇ ਦੂਜੇ ਦਹਾਕੇ ਵਿਚ ਸ੍ਰੀ ਅਰਵਿੰਦ ਨੇ ਵੀ ਇਨ੍ਹਾਂ ਲੀਹਾਂ ਤੇ ਯੋਜਨਾ ਬਣਾਈ ਸੀ।''

ਪ੍ਰੋ. ਆਰ. ਪੀ. ਨਿਕਸਨ ਲਿਖਦਾ ਹੈ—''ਦਰਸ਼ਨ-ਸ਼ਾਸਤਰ ਦੇ ਸਭ ਪੁਸਤਕਾਲਿਆਂ ਨਾਲੋਂ ਵੀ ਇਸਦਾ ਮਹੱਤਵ ਵਧਕੇ ਹੈ।''

ਪਾਲ ਬ੍ਰੇਟਨ ਲਿਖਦਾ ਹੈ—''ਪੁਸਤਕ ਵਿਚੋਂ ਰਹੱਸਵਾਦੀ ਅਤੇ ਪਰਾ-ਭੌਤਿਕ ਵਿਸ਼ਿਆਂ ਬਾਰੇ ਮੌਲਿਕ ਪਹੁੰਚ ਦੇ ਦਰਸ਼ਨ ਹੁੰਦੇ ਹਨ, ਜਦ ਕਿ ਇਸਦੀ ਕੇਂਦਰੀ ਸੂਤ ਸੰਚਾਰ-ਵਿਧੀ ਵਿਚਾਰ ਦੀਆਂ ਡੂੰਘਾਣਾਂ ਨੂੰ ਪ੍ਰਗਟ ਕਰਨ ਵਾਲੀ ਹੈ।''

**ਮਾਈ ਸਪਿਰਿਚੂਅਲ ਐਕਸਪੀਰੀਐਂਸਜ਼ :** ਪੁਸਤਕ ਦੇ ਪ੍ਰਭਾਵ ਬਾਰੇ ਦੱਸਦੇ ਹੋਏ ਡਾ. ਦੀਵਾਨਾ ਲਿਖਦੇ ਹਨ—''ਕਿਤਾਬ ਨੂੰ ਪੜ੍ਹਕੇ ਆਦਿ ਸ਼ੰਕਰਾਚਾਰੀਆ ਨੇ, ਜੋ ਕੁੰਭਕੋਣਮ ਵਿਚ ਸਨ, ਮੈਨੂੰ 'ਅਧਿਆਤਮ ਸਰੂਪੀ' ਦੀ ਉਪਾਧੀ ਦਿੱਤੀ। ਮੈਨੂੰ ਬੜਾ ਨਸ਼ਾ ਆਇਆ, ਤੇ ਬੜੀ ਹੈਰਾਨੀ ਵੀ ਹੋਈ ਕਿ ਮੈਂ ਤਾਂ ਇਸ ਕਿਤਾਬ ਵਿਚ ਉਪਨਿਸ਼ਦਾਂ ਦੀ ਟੀਕਾ ਟਿੱਪਣੀ ਕੀਤੀ ਸੀ। ਸਾਫ਼ ਸਾਫ਼ ਆਖਿਆ ਸੀ ਕਿ ਮਰ ਕੇ ਕੀ ਹੁੰਦਾ ਹੈ ਦੂਜਾ ਜਨਮ ਲੈਣ ਤੋਂ ਪਹਿਲਾਂ। ਇਸ ਬਾਰੇ ਉਪਨਿਸ਼ਦਾਂ ਵਿਚ ਮਤਭੇਦ ਹੈ। ਕਿਸੇ ਕੁਝ ਲਿਖਿਆ ਹੈ, ਕਿਸੇ ਕੁਝ।''[1]

'ਦਾ ਮਿਸਟਿਸਿਜ਼ਮ ਆਫ਼ ਟਾਈਮ ਇਨ ਰਿਗਵੇਦ'—ਦਾ ਰੀਵੀਊ ਕਰਦਿਆਂ ਮਦਰਾਸ ਤੋਂ ਛਪਣ ਵਾਲ਼ੇ 'ਹਿੰਦੂ' ਦੇ 'ਲਿਟਰੇਰੀ ਐਡੀਸ਼ਨ' ਵਿਚ ਮਦਰਾਸ ਯੂਨੀਵਰਸਿਟੀ ਦੇ ਸੰਸਕ੍ਰਿਤ ਦੇ ਮੁਖੀ ਨੇ ਲਿਖਿਆ ਸੀ ਕਿ—**For the first time the basis of Vedic thought has been exposed** ਜਿਸ ਦਾ ਭਾਵ ਇਹ ਹੈ ਕਿ ਪਹਿਲੀ ਵਾਰ ਵੈਦਿਕ ਵਿਚਾਰ ਦੇ ਦਰਸ਼ਨ ਕਰਾਏ ਗਏ ਹਨ। ਹਾਂ, ਇਹ ਮੇਰੇ ਲਈ ਕਾਫ਼ੀ ਮਾਣ ਅਤੇ ਇਨਾਮ ਸੀ ਤੇ ਹੈ।

"ਮਿਸਟਿਸਿਜ਼ਮ ਆਫ਼ ਟਾਈਮ ਇਨ ਦਾ ਰਿਗਵੇਦ" ਬਾਰੇ ਡਾ. ਐਸ. ਸਿਨਹਾ ਲਿਖਦੇ ਹਨ—''ਇੰਞ, ਇਹ ਪੁਸਤਕ ਵੈਦਿਕ ਅਧਿਐਨ ਦੇ ਸਾਹਿੱਤਾਂ ਲਈ ਇਕ ਮਹੱਤਵਪੂਰਣ ਦੇਣ ਹੈ।''

''ਜਰਮਨ ਜ਼ਬਾਨ ਵਿਚ ਮੇਰੀਆਂ ਦੋ ਕਿਤਾਬਾਂ ਸੁਇਟਜ਼ਰਲੈਂਡ ਤੋਂ ਛਪ ਚੁੱਕੀਆਂ ਹਨ—'ਸਿੱਖ ਮਿਸਟਿਸਿਜ਼ਮ' ਅਤੇ 'ਮੈਸੇਜ ਆਫ਼ ਦੇ ਯੋਗੀ'। ਉਨ੍ਹਾਂ ਦੇ ਜਰਮਨ ਟਾਈਟਲ

1. ਜਾਗ੍ਰਤੀ, ਜੁਲਾਈ, 1981, ਪੰਨਾ 28.

Sri Satguru Jagjit Singh Ji Elibrary NamdhariElibrary@gmail.com

ਮੈਂ ਇਥੇ ਨਹੀਂ ਦਿੱਤੇ। (Botschaft eines Yogi)

**ਹੂ ਐਮ ਆਈ :** ਡਾ. ਕੈਲਾਸ਼ ਨਾਥ ਕਾਟਜੂ ਅਨੁਸਾਰ "ਇਹ ਇਕ ਚੁਣੌਤੀ ਭਰੀ ਪੁਸਤਕ ਹੈ", ਉਸ ਵੇਲੇ ਦੇ ਉੱਤਰ ਪ੍ਰਦੇਸ਼ ਦੇ ਮੁਖ ਮੰਤਰੀ ਡਾ. ਸੰਪੂਰਨਾਨੰਦ ਨੇ ਲਿਖਿਆ ਸੀ—"ਕਾਵਿਕ ਗੱਦ ਵਿਚ ਲਿਖੇ ਲਘੂ ਲੇਖਾਂ ਦਾ ਇਹ ਸੰਗ੍ਰਹਿ, ਪ੍ਰਭਾਵਸ਼ਾਲੀ ਭਾਸ਼ਾ ਵਿਚ ਵੇਦਾਂਤ ਦੇ ਕੁਝ ਮਹੱਤਵਪੂਰਣ ਪੱਖਾਂ ਨੂੰ ਉਜਾਗਰ ਕਰਦੀ ਹੈ।" ਸ੍ਰੀ ਸੀ. ਪੀ. ਰਾਮਾਸੁਆਮੀ ਅੱਯਰ ਅਨੁਸਾਰ, "ਇਹ ਕਿਤਾਬਚਾ ਵਿਚਾਰ-ਉੱਜਕ ਅਤੇ ਸੁਝਾਊ ਹੈ।" ਡਾ. ਕੇ. ਸੀ. ਵਰਦਾਚਾਰੀ ਇਸਨੂੰ "ਇਕ ਪਲਟਾ ਕੇ ਰਖ ਦੇਣ ਵਾਲੀ ਪੁਸਤਕ" ਕਹਿੰਦੇ ਹਨ। ਡਾ. ਐਸ. ਕੇ. ਸਕਸੈਨਾ ਅਨੁਸਾਰ "ਉਸਦੀ ਵਿਆਖਿਆ ਵਿਧੀ ਨਿਰੋਲ ਮੌਲਿਕ ਹੈ, ਉਸਦੀ ਭਾਸ਼ਾ ਉਪਦੇਸ਼ਾਤਮਕ ਹੈ ਅਤੇ ਉਸਦੀਆਂ ਲਿਖਤਾਂ ਉੱਤੇ ਉਸਦੀ ਸ਼ਖ਼ਸੀਅਤ ਦੀ ਛਾਪ ਹੈ, ਤੇ ਇਹ ਸ਼ਖ਼ਸੀਅਤ ਇਕ ਅਧਿਆਤਮਿਕ ਸਾਧਕ ਦੀ ਹੈ। ਉਸਦੀ ਸ਼ੈਲੀ ਸਪੱਸ਼ਟ ਅਤੇ ਵਿਧੀ ਬਹੁਤ ਹੀ ਤਾਜ਼ਗੀ ਭਰੀ ਹੈ। ਉਸਨੇ ਬ੍ਰਹਮ ਵਿਦਿਆ ਦੇ ਇਸ ਵਿਗਿਆਨ ਨੂੰ ਆਧੁਨਿਕ ਵਿਗਿਆਨ ਅਤੇ ਕਲਾਵਾਂ ਦੀਆਂ ਬੁਨਿਆਦੀ ਲੱਭਤਾਂ ਨਾਲ ਇਕਸੁਰ ਕਰਨ ਦਾ ਯਤਨ ਕੀਤਾ ਹੈ।"

Sri Satguru Jagjit Singh Ji Elibrary NamdhariElibrary@gmail.com

ਅਧਿਆਇ ਅੱਠਵਾਂ

# ਡਾ. ਮੋਹਨ ਸਿੰਘ ਦੀਵਾਨਾ : ਕੁਝ ਸੰਸਮਰਨ

ਡਾ. ਮੋਹਨ ਸਿੰਘ ਦੀਵਾਨਾ ਬਹੁਤ ਵਧੀਆ ਗੱਦਕਾਰ ਸਨ। ਉਨ੍ਹਾਂ ਨੇ ਆਪਣੇ ਇਕ ਲੇਖ ਵਿਚ ਵਧੀਆ ਵਾਰਤਕ ਦੇ ਕੁਝ ਗੁਣਾਂ ਵੱਲ ਇਸ਼ਾਰਾ ਕੀਤਾ ਹੈ ਜੋ ਇਸ ਤਰ੍ਹਾਂ ਹਨ—"ਗੱਦ ਦੇ ਗੁਣ ਇਹ ਹਨ ਕਿ ਉਸਦੇ ਰਾਹੀਂ ਇਕ ਪੱਕੀ ਸ਼ੈਲੀ ਦੀ ਪਰਦਰਸ਼ਨੀ ਕਰਾਈ ਜਾਵੇ, ਉਸ ਵਿਚ ਜੁਗਤ, ਦਲੀਲ, ਹੁੱਜਤਾਂ ਹੋਣ, ਉਸ ਵਿਚ ਇਕਸਾਰਤਾ ਹੋਵੇ, ਸੂਤਰ ਪਰੋਤ ਹੋਵੇ, ਉਸ ਵਿਚ ਉਦਾਹਰਣ ਮਿਸਾਲਾਂ ਪਰਮਾਣ ਹੋਣ, ਉਸ ਵਿਚ ਸ਼ੀਲ, ਠਰ੍ਹਮੇ, ਨਖੇੜ ਵਾਲੇ ਸ਼ਬਦ ਵਿਚਾਰ ਹੋਣ। ਅਜਿਹੀ ਗੱਦ ਪੱਦ ਨਾਲੋਂ ਲਿਖਣੀ ਬਹੁਤ ਕਠਿਨ ਹੁੰਦੀ ਹੈ।"

ਡਾ. ਦੀਵਾਨਾ ਨੇ ਨਾਵਲ ਨੂੰ ਛੱਡ ਕੇ ਗੱਦ ਦੇ ਸਾਰੇ ਰੂਪਾਂ ਵਿਚ ਸਫਲਤਾ ਸਹਿਤ ਕਲਮ ਅਜ਼ਮਾਈ ਹੈ—ਨਿਬੰਧ, ਆਲੋਚਨਾ, ਸਫਰਨਾਮਾ, ਇਤਿਹਾਸਕਾਰੀ, ਟੀਕਾਕਾਰੀ, ਕਹਾਣੀ, ਨਾਟਕ, ਜੀਵਨੀ ਤੇ ਸੰਪਾਦਨ, ਮੁਖਬੰਧ, ਰੀਵੀਊ ਆਦਿ। ਜੀਵਨ ਦੇ ਆਖਰੀ ਦਿਨਾਂ ਵਿਚ ਉਨ੍ਹਾਂ ਨੇ ਆਪਣੇ ਕੁਝ ਸੰਸਮਰਨ ਵੀ ਲਿਖ ਕੇ ਛਪਵਾਏ ਸਨ ਜਿਨ੍ਹਾਂ ਵਿਚੋਂ ਉਨ੍ਹਾਂ ਦੇ ਜੀਵਨ ਤੇ ਸ਼ਖਸੀਅਤ ਬਾਰੇ, ਉਨ੍ਹਾਂ ਦੀ ਸਾਹਿੱਤ ਸਾਧਨਾ ਬਾਰੇ, ਉਨ੍ਹਾਂ ਦੇ ਜੀਵਨ ਵਿਚ ਆਏ ਸਾਹਿਤਕਾਰਾਂ; ਕਵੀਆਂ ਤੇ ਮਹਾਂਪੁਰਸ਼ਾਂ ਬਾਰੇ; ਕੰਮ ਕਰਨ ਦੀਆਂ ਥਾਵਾਂ ਬਾਰੇ ਤੇ ਜੀਵਨ ਵਿਚ ਆਏ ਹੋਰ ਅਨੇਕ ਉਤਾਰਾਂ, ਚੜ੍ਹਾਵਾਂ ਬਾਰੇ ਪਤਾ ਚਲਦਾ ਹੈ। ਇਨ੍ਹਾਂ ਸੰਸਮਰਣਾਂ ਵਿਚੋਂ ਸਾਨੂੰ ਡਾ. ਮੋਹਨ ਸਿੰਘ ਦੀ ਬਹੁਮੁਖੀ ਪ੍ਰਤਿਭਾ ਅਤੇ ਰਚਨਾ-ਧਰਮ ਦੇ ਵੀ ਦਰਸ਼ਨ ਹੁੰਦੇ ਹਨ। ਇਸ ਲਈ ਉਨ੍ਹਾਂ ਸੰਸਮਰਣਾਂ ਵਿਚੋਂ ਅਸੀਂ ਇਥੇ ਕੇਵਲ ਛੇ ਸੰਸਮਰਣ ਪੇਸ਼ ਕਰ ਰਹੇ ਹਾਂ ਤਾਂ ਜੋ ਅਸੀਂ ਆਪਣੇ ਵਿਸ਼ੇ ਨੂੰ ਹੋਰ ਵੀ ਨੇੜਿਉਂ ਹੋ ਕੇ ਦੇਖ ਸਕੀਏ। ਇਨ੍ਹਾਂ ਲਈ ਉਨ੍ਹਾਂ ਨੇ ਬਹੁਤ ਹੀ ਢੁਕਵਾਂ ਨਾਂ ਦਿੱਤਾ ਹੈ—'ਕੁਝ ਹੱਡ ਬੀਤੀ, ਕੁਝ ਜੱਗ ਬੀਤੀ।'

**ਕਾਨਪੁਰ 'ਚ ਗੁਚਾਰੇ ਦਿਨ***

ਰੰਗੂਨ ਨੂੰ ਅਲਵਿਦਾ ਆਖੀ ਤੇ ਕਲਕੱਤੇ ਜਾ ਕੇ ਇਮਤਿਹਾਨ ਦਿੱਤਾ। ਯੂਨੀਵਰਸਿਟੀ ਵਿਚ ਛੇਵੀਂ ਪੁਜ਼ੀਸ਼ਨ ਆਈ; 1924 ਅਕਤੂਬਰ, ਨਵੰਬਰ ਵਿਚ। 1925 ਵਿਚ ਮੈਂ ਕਾਨਪੁਰ ਲੈਕਚਰਰ ਅੰਗਰੇਜ਼ੀ ਦਾ ਸਨਾਤਨ ਧਰਮ ਕਾਲਜ ਵਿਚ ਲਗ ਗਿਆ। ਆਪੇ ਹੀ ਵਿਧਾਤਾ ਨੇ ਦਿਲੀਓਂ ਖਿੱਚ ਕੇ ਰੰਗੂਨ ਲੈ ਆਂਦਾ; ਫੇਰ ਰੰਗੂਨ ਦੇ ਸਕੂਲੋਂ ਭੇਜਾ

*ਪੰਜਾਬੀ ਟ੍ਰਿਬਿਊਨ, 6-12-1981.

Sri Satguru Jagjit Singh Ji Elibrary NamdhariElibrary@gmail.com

ਕੇ ਦੋਭਾਸ਼ੀਆ ਬਣਾਇਆ। ਜਿਸ ਪੰਦਰਾਂ ਦਿਨਾਂ ਲਈ ਖਾਲੀ ਆਸਾਮੀ ਵਿਚ ਮੈਨੂੰ ਰਖਾਇਆ, ਉਸ ਦਾ ਐਮਪਲਾਈ ਪੰਦਰਾਂ ਦਿਨ ਦੀ ਛੁਟੀਓਂ ਮੌਤ ਦੇ ਮੂੰਹ ਵਿਚ ਚਲਾ ਗਿਆ; ਨੌ ਮਹੀਨੇ ਹੋਰ ਛੁੱਟੀ ਲੈ ਕੇ। ਮੈਂ ਉਥੇ ਪੱਕਾ ਹੋ ਗਿਆ। ਮਹਾਰਾਜ ਨੇ ਸੱਚ ਕਿਹਾ ਹੈ; ਜਹਾਂ ਦਾਣਾ ਤਹਾਂ ਖਾਣਾ ਕਿਰਤ ਧੱਕੇ ਦਏ।

ਕਾਨਪੁਰ ਪਹਿਲੀ ਰਾਤ ਗੁਰਦੁਆਰੇ ਵਿਚ ਕੱਟੀ। ਸਵੇਰੇ ਪੁੱਛਿਆ ਸੁਚੇਤੇ ਜਾਣਾ ਹੈ। ਭਾਈ ਨੂੰ ਮੇਰੀ ਖਤਰਸੀ ਕਲਚਰ ਦੀ ਜ਼ਬਾਨ ਸਮਝ ਨਾ ਆਈ। ਮੈਂ ਕਿਹਾ ਟੱਟੀ ਜਾਣਾ ਹੈ। ਕਹਿਣ ਲਗਾ; ਇਧਰ ਜਾਓ ਬਾਹਰ ਥੰਮ ਪੁਲੀਸ ਪੁਛ ਲੇਨਾ। ਹੁਣ ਮੈਂ ਕੁਝ ਨਾ ਸਮਝਿਆ ਯੂ. ਪੀ. ਦੀ ਇਸ ਕਲਚਰਲ ਭਾਸ਼ਾ ਨੂੰ ਅਖੀਰ ਦੋ ਚਾਰ ਬੰਦਿਆਂ ਤੋਂ ਪੁੱਛਦਾ ਗਿਛਦਾ ਟੀਨ ਦੀਆਂ ਟੱਟੀਆਂ ਦੀ ਲੰਮੀ ਕਤਾਰ ਤੇ ਤਰੰਾਣੇ ਕਾਹਲੀ ਟੱਟੀ ਦੇ ਉਮੀਦਵਾਰਾਂ ਦੀ ਕਤਾਰ ਵੇਖੀ; ਕਾਲਜ ਸ਼ਹਿਰ ਤੋਂ ਤਿੰਨ ਮੀਲ ਦੂਰ ਸੀ ਤੇ ਧੱਕੇ ਜਾਂਦੇ ਸਨ ਜਿਸ ਨੂੰ ਅਸੀਂ ਲਾਹੌਰੀਏ ਟਮਟਮ ਕਹਿੰਦੇ ਸਾਂ। ਮੇਰਾ ਦਿਲ ਹਿੱਸ ਜਿਹਾ ਗਿਆ। ਕਿਥੇ ਗੌਰਮਿੰਟ ਕਾਲਜ ਲਾਹੌਰ ਤੇ ਕਿਥੇ ਸਨਾਤਨ ਧਰਮ ਕਾਲਜ, ਨਵਾਬ ਗੰਜ। ਔਖਾ ਜਿਹਾ ਰਹਿਣ ਲੱਗਾ। ਭਲਾ ਹੋਵੇ ਪ੍ਰਿੰਸੀਪਲ ਚੰਪਤੇ ਦਾ, ਪ੍ਰੀਤਮ ਸਿੰਘ ਬਹਾਈ ਦਾ ਤੇ ਇੰਦਰ ਮੋਹਨ ਕਪੂਰ ਦਾ। ਤਿੰਨ ਸਾਲ ਰਾਜ਼ੀ ਬਾਜ਼ੀ ਕੱਟ ਲਏ। ਉਧਰ ਮੈਂ ਦੱਸੂਤੀਪੋਸ਼ ਕਾਂਗਰਸੀ ਸਮਝਿਆ ਜਾਣ ਲੱਗਾ ਭਾਵੇਂ ਮੈਂ ਚਵਾਨੀ ਦੇ ਕੇ ਕਦੀ ਮੈਂਬਰ ਨਹੀਂ ਸੀ ਬਣਿਆ, ਏਧਰ ਉਰਦੂ ਦੀ ਉਥੇ ਇਕ ਅੰਜੁਮਨ ਦਾ ਸਕੱਤਰ ਬਣ ਗਿਆ। ਗੁਰੂ ਨਾਨਕ ਜੀ ਦਾ ਜਨਮ ਦਿਨ ਆਇਆ ਤਾਂ ਮੈਂ ਕਾਨਪੁਰ ਦੀ ਤਾਰੀਖ ਵਿਚ ਪਹਿਲੀ ਵੇਰ ਸਨਾਤਨੀਆਂ, ਮੁਸਲਮਾਨਾ ਤੇ ਸਿੱਖਾਂ ਨੂੰ ਇਕ ਮੇਜ਼ ਤੇ ਇਕੱਠੇ ਕਰ ਕੇ ਚਾਹ ਪਿਲਾਈ ਤੇ ਗੁਰੂ ਨਾਨਕ ਦੇਵ ਜੀ ਸੰਬੰਧੀ ਹਿੰਦੀ ਵਿਚ ਇਕ ਟਰੈਕਟ ਲਿਖ ਕੇ ਵੰਡਿਆ। ਉਰਦੂ ਵਿਚ ਦੋਸ਼ੀਜਾ ਨਜ਼ਮੀ ਸੰਗ੍ਰਹਿ ਛਾਪਿਆ ਤੇ ਹਿੰਦੀ ਵਿਚ ਸਦਾ ਗੁਲਾਬ ਪੰਜ ਕਹਾਣੀਆਂ ਦਾ ਸੰਗ੍ਰਹਿ। ਹੋਰ ਵੀ ਬਥੇਰਾ ਕੁਝ ਕੀਤਾ। ਬਥੇਰਿਆਂ ਨੂੰ ਮਿਲਿਆ। ਹੇਠਲੀਆਂ ਚਾਰ ਗੱਲਾਂ ਅਜੇ ਵੀ ਦਿਲ ਦੀ ਤਖਤੀ ਤੇ ਉਕਰੀਆਂ ਹੋਈਆਂ ਹਨ। ਗੰਗਾ ਵਿਚ ਚਮੜੇ ਦੇ ਕਾਰਖਾਨੇ ਦਾ ਸਾਰਾ ਗੰਦ ਬਲਾ ਪੈਂਦਾ ਸੀ। ਕਲੈਕਸ ਨੂੰ ਕੋਣ ਟਹੀਂ ਜਾਣਦਾ। ਲਾਹੌਰ ਦਾ ਭੌਲਾ ਵੱਡਾ ਏਜੰਟ ਸੀ। ਦੋਖੀਆਂ ਨੇ ਲਾਹੌਰ ਇਸ਼ਤਿਹਾਰ ਲਾਏ ਸਨ ਕੰਧਾਂ ਤੇ। "ਬਸੰਤੀ ਹੱਟੀ ਭੌਲੇ ਦੀ, ਖਤਰੀ ਹੋ ਕੇ ਜੁੱਤੀਆਂ ਵੇਚੇ, ਮੱਤ ਮਾਰੀ ਗਈ ਦੱਲੇ ਦੀ।" ਦੂਸਰਾ ਇਕ ਵਾਰੀ ਮੇਰੀ ਹੇਠੀ ਕਰਨ ਨੂੰ ਪ੍ਰੋਫੈਸਰ ਭਟਨਾਗਰ ਕਹਿਣ ਲੱਗਾ ਸਟਾਫ ਰੂਮ ਵਿਚ "ਦੀਵਾਨਾ ਸਾਹਿਬ, ਆਪ ਕਾ ਪੰਜਾਬੀ ਹੋਤੇ ਹੂਏ ਤਲੱਫੁਜ਼ ਅੱਛਾ ਹੈ। ਆਪ ਹੁੱਕਾ ਕਹਿ ਸਕਤੇ ਹੈਂ ?" ਮੈਂ ਹੁੱਕਾ ਜੀਭ ਨੂੰ ਉਤੇ ਥੱਲੇ ਕਰਕੇ ਦੋ ਨੁਕਤਿਆਂ ਵਾਲਾ ਕਾਫ਼ ਉਚਾਰ ਲਿਆ। ਮੈਂ ਕਿਹਾ, ਤੁਸੀ ਜ਼ਰਾ ਚਿੱਭ ਕਹਿਣ ਦੀ ਤਕਲੀਫ ਤਾਂ ਫੁਰਮਾਓ। ਉਹ ਤੇ ਕੀ ਉਹਦਾ ਫ਼ਲਕ ਵੀ ਨਹੀਂ ਸੀ ਕਹਿ ਸਕਦਾ, ਬੱਸ ਡਿੱਭ ਡਿੱਭ ਕਰੀ ਜਾਏ। ਤੀਸਰੀ ਗੱਲ ਜੋ ਚੇਤੇ ਹੈ, ਉਹ ਇਹ ਕਿ ਸਾਰੇ ਹੀ ਕਾਨਪੁਰੀ ਹਿੰਦੀ ਸਾਹਿਤੀਏ ਭੰਗ ਦੇ ਇਤਨੇ ਹੀ ਭੂਤਰੇ ਭਗਤ ਸਨ ਜਿਤਨੇ ਉਰਦੂ ਵਾਲੇ ਠੱਰੇ ਤੋਂ ਲੈ ਕੇ ਰਮ ਦੇ ਦੀਵਾਨੇ ਸ਼ੈਦਾਈ। ਭੰਗ ਦੇ ਪਕੌੜੇ, ਘੋਟੀ

Sri Satguru Jagjit Singh Ji Elibrary NamdhariElibrary@gmail.com

ਛਾਣੀ ਭੰਗ, ਪਰ ਸਭ ਤੋਂ ਵੱਧ ਭੰਗ ਦੀ ਬਰਫ਼ੀ, ਅਤੇ ਇਨ੍ਹਾਂ ਦਾ ਕੇਂਦਰੀ ਅਸਥਾਨ ਸੀ ਪੰਡਤ ਬਿਸ਼ੰਭਰ ਨਾਥ ਸ਼ਰਮਾ ਕੌਸ਼ਿਕ ਦਾ ਘਰ, ਠੰਡੀ ਸੜਕ ਤੇ ਫੂਲ ਬਾਗ ਦੇ ਸਾਹਮਣੇ। ਸਾਰਿਆਂ ਨੇ ਬਾਗ ਵਿਚ ਪਏ ਤਿੰਨ ਬੈਂਚਾਂ ਤੇ ਡਟ ਜਾਣਾ ਤੇ ਭੰਗ ਦੇ ਲੋਰ ਵਿਚ ...।

ਚੌਥੀ ਗੱਲ ਇਹ ਹੈ ਕਿ ਪ੍ਰਿੰਸੀਪਲ ਨੇ ਮੇਰੇ ਨਾਲ ਚੰਗਾ ਸਲੂਕ ਨਾ ਕੀਤਾ। ਮੇਰੇ ਸੱਚ ਤੇ ਇਨਸਾਫ਼ ਦੀ ਕਦਰ ਨਾ ਕੀਤੀ, ਮੁੱਲ ਨਾ ਪਾਇਆ। ਮੈਂ ਕੋਈ ਹਮਦਰਦ ਦਿਲ ਲੱਭਦਾ ਲੱਭਦਾ 'ਪ੍ਰਤਾਪ' ਦੇ ਐਡੀਟਰ ਗਨੇਸ਼ ਸ਼ੰਕਰ ਵਿਦਿਆਰਥੀ ਪਾਸ ਸ਼ਹਿਰ ਜਾ ਪੁਜਾ। ਬੈਠੇ ਸਨ, ਮੈਂ ਕਹਾਣੀ ਸੁਣਾਈ। ਬੋਲੇ "ਸਰਦਾਰ ਸਾਹਿਬ ਆਪ ਬਹੁਤ ਭੋਲੇ ਆਦਮੀ ਹੈਂ, ਕਿਆ ਆਪ ਸੱਚ ਔਰ ਨਿਆਇ ਕੋ ਇਤਨੀ ਸਸਤੀ ਵਸਤੂ ਸਮਝਤੇ ਹੈਂ ਕਿ ਹਰ ਕੋਈ ਉਸੇ ਖਰੀਦ ਲੇ ਯਾ ਅਪਨਾ ਲੇ।" ਮੇਰੇ ਕੋਲ ਇਹਦਾ ਕੀ ਜਵਾਬ ਸੀ। ਪਰ ਮੈਂ ਖ਼ੁਸ਼ ਬੜਾ ਹੋਇਆ, ਤਸੱਲੀ ਹੋ ਗਈ ਤੇ ਇਕਬਾਲ ਦਾ ਇਹ ਸ਼ਿਅਰ ਪੜ੍ਹਿਆ।

ਅੱਲਾਹ ਕੇ ਸ਼ੇਰੋਂ ਕੋ ਆਤੀ ਨਹੀਂ ਰੋਬਾਹੀ
ਉਸ ਰਿਜ਼ਕ ਸੇ ਮੌਤ ਅੱਛੀ
ਜਿਸ ਰਿਜ਼ਕ ਸੇ ਆਤੀ ਹੋ ਪਰਵਾਜ਼ ਮੇਂ ਕੋਤਾਹੀ।

ਮੈਂ ਅਸਤੀਫ਼ਾ ਦੇ ਦਿੱਤਾ ਅਤੇ ਇੱਜ਼ਤ ਤੇ ਇਮਾਨ ਸਲਾਮਤ ਲੈ ਕੇ ਲਾਹੌਰ ਆ ਗਿਆ। ਸ. ਸਰਦੂਲ ਸਿੰਘ ਦੀ ਕੋਠੀ। ਰੱਬ ਦਾ ਸ਼ੁਕਰ ਕਰਨਾ ਵੀ ਜ਼ਰੂਰੀ ਹੈ ਜਿਸ ਨੇ ਰੱਖ ਲਿਆ। 1925 ਦੇ ਸ਼ੁਰੂ ਵਿਚ ਕਾਨਪੁਰ ਫ਼ਸਾਦ ਹੋ ਗਿਆ ਸੀ। ਮੈਂ ਫੂਲ ਬਾਗ ਦੇ ਸਾਹਮਣੇ ਇਕ ਜੈਨ ਮੰਦਰ ਦੇ ਕੋਲ ਦੂਜੀ ਛੱਤ ਤੇ ਰਹਿੰਦਾ ਸੀ। ਬਹੁਤ ਹੀ ਅਮੀਰ ਮੰਦਰ ਸੀ। ਸੈਂਕੜੇ ਤੋਲੇ ਸੋਨਾ ਮੂਰਤੀਆਂ ਨੂੰ ਪਾਇਆ ਹੋਇਆ ਸੀ। ਮੈਂ ਤੇ ਮੇਰੇ ਦੋ ਬਚਾਉ ਮੰਗਲ ਸਿੰਘ ਤੇ ਇਕ ਹੋਰ ਹਿੰਦੂ ਵਿਦਿਆਰਥੀ ਤਿੰਨੇ ਬਾਈਸਾਇਕਲਾਂ ਤੇ ਵੱਡੀ ਸੜਕ ਤੋਂ ਗਲੀ ਵਿਚ ਮੁੜੇ, ਬੱਸ ਦੋ ਮਿੰਟ ਪਿਛੋਂ ਇਕ ਹੋਰ ਆਇਆ, ਉਸਨੂੰ ਨੇਜ਼ਾ ਖੋਭ ਦਿੱਤਾ ਗਿਆ। ਠੀਕ ਤੇ ਹੈ, ਮਾਰਨ ਵਾਲੇ ਨਾਲੋਂ ਬਚਾਣ ਵਾਲਾ ਜ਼ਬਰਦਸਤ ਹੈ।

**ਹੋਰ ਲਿਆ ਲਾਹੌਰ***

ਪਹਿਲੀ ਵਾਰੀ ਲਾਹੌਰ ਮੈਂ 1914 ਤੋਂ 1919 ਤਕ ਰਿਹਾ। ਦੂਜੀ ਵਾਰੀ 1928 ਤੋਂ 1947 ਤੀਕ। ਉਦੋਂ ਦਿਆਲ ਸਿੰਘ ਕਾਲਜ ਤੇ ਗੌਰਮਿੰਟ ਕਾਲਜ ਵਿਚ ਪੜ੍ਹ ਕੇ ਬੀ. ਏ. ਕੀਤਾ। ਬਿਜਲੀ ਅਜੇ ਵਰਤੋਂ ਵਿਚ ਪੂਰੀ ਤਰ੍ਹਾਂ ਨਹੀਂ ਸੀ ਆਈ। ਰਾਤੀਂ ਲੈਂਪ ਹੇਠਾਂ ਪੜ੍ਹਦੇ ਸਾਂ। ਹੋਮੋਪੈਥੀ ਉਦੋਂ ਚਲੀ ਹੀ ਸੀ ਤੇ ਕਰਮ ਚੰਦ ਹਿਤੈਸ਼ੀ ਪਹਿਲਾ ਡਾਕਟਰ ਸੀ ਜਿਸ ਪਾਸ ਕਿਤਾਬਾਂ, ਕਾਰਡਾਂ ਦਾ ਡੱਬਾ ਤੇ ਵਲੈਤੀ ਦਵਾਈਆਂ ਹਰ ਵੇਲੇ ਹਾਜ਼ਰ ਸਨ। ਬੜਾ ਖ਼ੁਸ਼ ਖ਼ੁਲਕ, ਮਿਲਣਸਾਰ ਮਿੱਠਾ ਡਾਕਟਰ ਸੀ। ਦਿਆਲ ਸਿੰਘ ਕਾਲਜ ਦਾ ਪ੍ਰਿੰਸੀਪਲ ਟੀ. ਐਲ. ਵਾਸਵਾਨੀ ਸੀ। ਬਰੀਕ ਤਿੱਖੀ ਅਵਾਜ਼ ਛੋਟਿਆਂ ਵਾਲਾ, ਭਾਵ ਭਰਿਆ ਸਿੰਧੀ। ਬ੍ਰਹਮੋ ਸਮਾਜ ਦਾ ਥੰਮ ਪਰ ਦੋ ਤਿੰਨ ਮਹੀਨੇ ਮਗਰੋਂ ਹੀ ਪਟਿਆਲੇ ਚਲਾ ਗਿਆ।

*ਪੰਜਾਬੀ ਟ੍ਰਿਬਿਊਨ, 15. 11. 1981.

Sri Satguru Jagjit Singh Ji Elibrary NamdhariElibrary@gmail.com

1928 ਵਿਚ ਮੈਂ ਓਰੀਐਂਟਲ ਕਾਲਜ ਵਿਚ ਪੰਜਾਬੀ ਦਾ ਖੋਜ ਲੈਕਚਰਾਰ ਬਣ ਕੇ ਆਇਆ। ਆਉਂਦਿਆਂ ਹੀ ਮੈਨੂੰ ਹੀਰ ਦੀ ਖੋਜ ਤੇ ਲਾ ਦਿੱਤਾ। ਪਰਾਇਆਂ ਨੇ ਸੋਚਿਆ ਸੀ ਕਿ ਇਸ ਭੜੂਏ ਨੂੰ ਅਸਫਲ ਕਰ ਦਿਆਂਗੇ। ਪਰ ਮੈਂ ਪੂਰਾ ਜਿੰਨ; ਚੌਂਹ ਮਹੀਨਿਆਂ ਵਿਚ ਚਾਰ ਲੈਕਚਰ ਹੀਰ ਤੇ ਟਾਈਪ ਕਰਾ ਕੇ ਅੰਗਰੇਜ਼ੀ ਵਿਚ ਵੂਲਨਰ ਦੀ ਮੇਜ਼ ਤੇ ਰੱਖ ਦਿੱਤੇ। ਪਹਿਲਾਂ ਹੀਰ ਦੇ ਕਿੱਸੇ ਵਿਚ ਆਏ ਟੱਬਰ, ਕਬੀਲੇ ਤੇ ਸ਼ਹਿਰ। ਦੂਜਾ ਅਰਬੀ, ਫ਼ਾਰਸੀ, ਰਾਜਸਥਾਨੀ, ਉਰਦੂ ਲਹਿੰਦੀ, ਲਾਹੌਰੀ, ਮੁਲਤਾਨੀ, ਹਿੰਦੀ, ਸਿੰਧੀ ਵਿਚ ਦੀਆਂ ਹੀਰਾਂ, ਸਾਰੀਆਂ ਦੀਆਂ ਕਹਾਣੀਆਂ ਦਾ ਖ਼ੁਲਾਸਾ। ਤੀਜਾ ਅਸਲ ਕਹਾਣੀ ਕੀ ਸੀ ਤੇ ਉਸ ਕਹਾਣੀ ਦੇ ਮੋਟਿਫ ਕੀ ਸਨ। ਚੌਥਾ ਪੰਜਾਬੀ ਹੀਰਾਂ ਵਿਚ ਲੋਕ ਤੱਤ, ਰਸਮਾਂ, ਵਹਿਮ, ਭਰਮ ਆਦਿਕ। ਸਰ ਸ਼ਹਾਬੁਦੀਨ, ਸਰ ਜੋਗਿੰਦਰ ਸਿੰਘ, ਰਾਏਬਹਾਦੁਰ ਦੁਰਗਾਦਾਸ ਤੇ ਡਾਕਟਰ ਖ਼ਲੀਫ਼ਾ ਸੁਜਾਉਦੀਨ ਨੇ ਸਦਾਰਤ ਕੀਤੀ। 'ਟ੍ਰਿਬਿਊਨ' ਵਿਚ ਪੂਰੀ ਰਿਪੋਰਟ ਨਿਕਲੀ (ਦਸੰਬਰ 1928) ਧਾਕ ਪੈ ਗਈ। ਕਈਆਂ ਦੇ ਕਲੇਜਿਆਂ ਤੇ ਸੱਪ ਲੇਟਿਆ। ਫਿਰ ਮੈਨੂੰ ਕਿਹਾ ਗਿਆ ਕਿ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਤਿਆਰ ਕਰੋ। ਸਾਲ ਛੇ ਮਹੀਨੇ ਲਾ ਕੇ, ਮੈਂ ਪੁਰਾਣੀਆਂ ਭਰੋਸੇ ਯੋਗ ਹੱਥ-ਲਿਖੀਆਂ ਤੇ ਪੁਰਾਣੀਆਂ ਛਪੀਆਂ ਕਿਤਾਬਾਂ ਤੇ ਸ਼ਬਦ ਸ਼ਲੋਕ ਗ੍ਰੰਥ ਦੀ ਬਿਨਾ ਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਐਡਿਟ ਕੀਤੀਆਂ। ਇਹ ਸੰਪਾਦਨਾਂ ਵਧੀਆ ਤੋਂ ਵਧੀਆ ਨਮੂਨੇ ਦੀ ਪੂਰੀ ਸੂਰੀ ਸੀ। ਦੁਸ਼ਮਣਾਂ ਨੇ ਕਿਹਾ ਕਿ ਦੀਵਾਨਾ ਇਹ ਕੰਮ ਇਟਲੀ ਤੋਂ ਕਿਸੇ ਪ੍ਰੋਫੈਸਰ ਪਾਸੋਂ ਸਿੱਖ ਕੇ ਆਇਆ ਹੈ ਤੇ ਇਟਲੀ ਗਿਆ ਮੈਂ ਸੱਤ ਸਾਲ ਬਾਅਦ। ਕਿਸੇ ਪ੍ਰੋਫੈਸਰ ਨੂੰ ਨਹੀਂ ਮਿਲਿਆ।

ਥੋੜ੍ਹਾ ਜਿਹਾ ਹੋਰ ਕੰਮ ਕਰਕੇ ਜਿਸ ਵਿਚ ਸੱਸੀ ਪੁਨੂੰ ਦਾ ਕਿੱਸਾ ਤੇ ਗੁਰੂ ਨਾਨਕ ਦੇਵ ਜੀ ਦੀ ਸਦਾਚਾਰਕ ਭਾਵਨਾ ਉਤੇ ਲੈਕਚਰ ਸ਼ਾਮਲ ਸਨ, ਮੈਂ ਆਧੁਨਿਕ ਉਰਦੂ ਕਵਿਤਾ ਉਤੇ ਥੀਸਿਸ ਸ਼ੁਰੂ ਕੀਤਾ। ਕਲਕੱਤੇ ਤੋਂ ਪੀ. ਐਚ. ਡੀ. ਲਈ। ਫਿਰ 1933 ਵਿਚ ਪੰਜਾਬੀ ਸਾਹਿੱਤ ਦਾ ਇਤਿਹਾਸ ਲਿੱਖ ਕੇ ਡੀ. ਲਿਟ. ਲਈ। ਇਨ੍ਹਾਂ ਛਿਆਂ ਸਾਲਾਂ ਵਿਚ ਮੈਨੂੰ ਯਕੀਨ ਹੋ ਗਿਆ ਕਿ ਸਰਕਾਰੀ ਨੌਕਰੀ ਕਰਕੇ ਬਜਾਏ ਅਨੰਦ ਲੈਣ ਦੇ, ਉਤੋਂ ਕਮਾਈ ਕਰਨ ਦੇ ਤੇ ਖੁਸ਼ਾਮਦ ਦਰਾਮਦ ਕਰਕੇ, ਤਨਖ਼ਾਹ ਤੇ ਉਚੇਰੀ ਪੋਸਟ ਹਾਸਲ ਕਰਨ ਦੇ, ਚੁੱਪ ਚਾਪ ਕੰਮ ਕਰੀ ਜਾਣਾ ਬੜੀ ਬੇਵਕੂਫ਼ੀ ਹੈ ਤੇ ਪਾਗਲਪਣ। ਦੂਸਰੀ ਗੱਲ ਇਹ ਸਿੱਖੀ ਕਿ ਜਿੰਨਾ ਵਧੀਆ ਕੰਮ ਕਰੋਗੇ ਓਨੇ ਤੁਹਾਡੇ ਵਧੇਰੇ ਦੁਸ਼ਮਣ ਬਣਨਗੇ, ਭਾਵੇਂ ਘਟੀਆ ਕਿਸਮ ਦੇ, ਈਰਖਾ ਕਰਨਗੇ ਲੋਕੀਂ, ਦਾਦ ਨਹੀਂ ਦੇਣਗੇ, ਕਿਉਂਕਿ ਆਮ ਲੋਕੀਂ ਵਧੀਆ ਗੱਲ ਨੂੰ ਸਮਝਦੇ ਹੀ ਨਹੀਂ, ਦਾਦ ਕੀ ਦੇਣ। ਤੀਸਰੀ ਗੱਲ ਇਹ ਕਿ ਜਿਹੜੀ ਵੀ ਨਵੀਂ ਗੱਲ ਕਰੋਗੇ, ਨਵੀਂ ਲੀਹ ਪਾਉਗੇ, ਨਵਾਂ ਮੰਜ਼ਲ ਬਣਾਉਗੇ, ਉਹ ਥੋੜ੍ਹੀ ਦੇਰ ਤਾਂ ਨਿੰਦਿਆ ਜਾਏਗਾ ਫੇਰ ਉਹਦੀ ਨਕਲ ਹੋਣੀ ਸ਼ੁਰੂ ਹੋ ਜਾਏਗੀ। ਚਲਾਕ ਨਕਲੀਏ ਤੁਹਾਡੇ ਤੋਂ ਬਾਜ਼ੀ ਲੈ ਜਾਣਗੇ, ਰੁਪਏ ਕਮਾ ਲੈਣਗੇ। ਪਰ ਨਕਲ ਨੂੰ ਅਕਲ ਕਿੱਥੇ? ਹਾਂ, ਜ਼ਮਾਨਾ ਪਿੱਛੋ ਪੁਣ ਛਾਣ ਕਰਕੇ ਅਸਲ ਤੇ ਨਕਲ ਨੂੰ ਵੱਖਰੇ ਵੱਖਰੇ ਕੰਮ ਤੇ ਲਾ ਦਏਗਾ। ਚੌਥੀ ਗੱਲ ਇਹ ਸਿੱਖੀ ਕਿ ਸਾਹਿਤ ਦਾ ਕੰਮ ਭਾਵੇਂ ਸਿਰਜਣਾ ਹੋਵੇ,

Sri Satguru Jagjit Singh Ji Elibrary NamdhariElibrary@gmail.com

ਭਾਵੇਂ ਪਰਖ, ਤਪ ਨਾਲ, ਪਾਕੀ ਨਾਲ, ਸੰਜਮ ਨਾਲ, ਵਿਰਕਤਤਾ ਨਾਲ ਨੇਪਰੇ ਚੜ੍ਹ ਸਕਦਾ ਹੈ। ਜਿਹੜਾ ਮਾਲ, ਅਯਾਸ਼ੀ ਦਰਜਾ; ਸ਼ੋਖ, ਮਿਲ ਭਿੱਟ; ਢੂੰਡੇ ਉਹਨੂੰ ਸਾਹਿੱਤ ਦੀ ਪੂਛ ਵੀ ਹੱਥ ਨਹੀਂ ਆਉਂਦੀ, ਸਾਹਿੱਤ ਦਾ ਕੋਈ ਖੰਭ ਵੀ ਨਹੀਂ ਮਿਲਦਾ। ਪੰਜਵੀਂ ਗੱਲ ਇਹ ਕਿ ਮੌਲਿਕ ਕੰਮ ਸਾਹਿੱਤ ਵਿਚ ਇਕ ਸਦੀ ਵਿਚ ਦੋ ਤਿੰਨ ਉਸਾਰੂ ਹੀ ਕਰਦੇ ਹਨ। ਬਾਕੀ ਹਟਵਾਣੀਏ, ਦਲਾਲ, ਨਕਲੀਏ, ਸਮਾਂ-ਪੂਜ ਖਟ ਖਾਂਦੇ ਹਨ—ਖੇਹ ਸਵਾਹ। ਕੰਮ ਨੂੰ ਮੈਂ ਇਥੇ ਹੀ ਛੱਡਦਾ ਹਾਂ, ਦੁਨੀਆਂ ਜਾਣੇ ਨਾ ਜਾਣੇ, ਆਪਣੀ ਬੇਨਿਆਜ਼ੀ, ਸਾਦਾ ਜੀਵਨ, ਸਤ ਸੰਤੋਖ ਵਿਚਾਰ ਦੀ ਗੱਲ ਇੰਨੇ ਵਿਚ ਹੀ ਮੁਕਾਂਦਾ ਹਾਂ ਕਿ 11 ਸਾਲ 1934 ਤੋਂ 1945 ਤਕ ਮੈਂ ਚਾਰ ਸੌ ਰੁਪਏ ਹੀ ਤਨਖ਼ਾਹ ਲੈਂਦਾ ਗਿਆ ਤੇ ਮਸਤ ਉੱਡਦਾ ਰਿਹਾ। ਕਈ ਮੈਦਾਨਾਂ ਵਿਚ ਮੱਲ ਮਾਰੀ, ਤਾਰੇ ਤੋੜ ਲਿਆਂਦਿਆ ਤੇ ਖਾਣਾਂ ਚੋਂ ਲਾਲ ਕੱਢ ਲਏ।

ਇਹ ਇਕ ਲਾਹੌਰ ਦੀ ਗੱਲ ਹੈ। ਮੇਰੇ ਦਿਲ ਵਿਚ ਬੜੀ ਜ਼ਿਆਦਾ ਇੱਜ਼ਤ ਹੈ ਤਿੰਨ ਚਾਰ ਆਦਮੀਆਂ ਦੀ, ਅਦਬੀ ਲਾਹੌਰ ਦੇ ਸਿਲਸਿਲੇ ਵਿਚ। ਕਰਨਲ ਭੋਲਾ ਨਾਥ ਆਈ. ਐਮ. ਐਸ. ਨੇ ਰਿਟਾਇਰ ਹੋ ਕੇ 1932 ਜਾਂ 1933 ਵਿਚ ਲਾਹੌਰ ਦੀ ਤਾਰੀਖ਼ ਉਰਦੂ ਅੱਖਰਾਂ ਤੇ ਪੰਜਾਬੀ ਜ਼ਬਾਨ ਵਿਚ ਲਿਖੀ। ਜੋਸ਼ੂਆ ਫ਼ਜ਼ਲਦੀਨ ਨੇ ਲਾਇਲਪੁਰ ਤੋਂ ਪਿੱਛੋਂ ਲਾਹੌਰੋਂ ਉਰਦੂ ਵਿਚ 'ਪੰਜਾਬੀ ਦਰਬਾਰ' ਕੱਢਿਆ। ਅੱਲਾ ਵਾਲੇ ਦੀ ਦੁਕਾਨ ਦੇ ਮਾਲਕ ਨੇ ਕਸ਼ਮੀਰੀ ਬਾਜ਼ਾਰੋਂ ਪੰਜਾਬੀ ਵਿਚ ਫ਼ਾਰਸੀ ਨਜ਼ਮ ਤੇ ਤਰਜਮੇ ਪੰਜਾਬੀ ਨਜ਼ਮ ਵਿਚ ਛਾਪੇ। ਬਹੁਤ ਹੀ ਅਮੁੱਲ ਕੰਮ ਕੀਤਾ।

ਹੁਣ ਮੈਂ ਉਸ ਲਾਹੌਰ ਦਾ ਜ਼ਿਕਰ ਕਰਦਾ ਹਾਂ ਜਿਸ ਵਰਗਾ ਦੁਨੀਆਂ ਵਿਚ ਹੋਰ ਕੋਈ ਨਹੀਂ। ਲਾਹੌਰ ਦੀ ਸੱਭਿਅਤਾ ਇਕੋ ਜਿਹੀ ਸੀ। ਆਮ ਖ਼ਾਸ ਵਿਚ ਇਹ ਪ੍ਰੌਢ ਸੱਭਿਅਤਾ ਸੀ। ਜਿਸ ਨੂੰ ਬਣਦਿਆਂ ਪੱਕਦਿਆਂ ਦੋ ਹਜ਼ਾਰ ਸਾਲ ਹੋ ਗਏ ਸਨ। ਦੂਸਰੀ ਗੱਲ ਇਹ ਕਿ ਸਾਫ਼ ਸਾਫ਼ ਹੱਦਬੰਦੀਆਂ ਹੁੰਦੀਆਂ ਹੁੰਦੀਆਂ ਸਨ। ਇਹ ਅੰਗ੍ਰੇਜ਼ ਦਾ ਲਾਹੌਰ ਹੈ। ਇਹ ਮੁਸਲਮਾਨਾਂ ਦਾ ਲਾਹੌਰ ਹੈ। ਇਹ ਸਿੱਖਾਂ ਦਾ ਲਾਹੌਰ ਹੈ। ਸਭ ਆਪੋ ਆਪਣੀ ਥਾਂ ਰਲਵੇਂ ਰੱਜੇ ਪੁੱਜੇ, ਸੁਖੀ ਤੇ ਸੁਖਾਂਦੇ। ਲਾਹੌਰ ਵਿਚ ਰਹਿ ਕੇ ਇਉਂ ਲੱਗਦਾ ਸੀ ਕਿ ਤਿੱਤਰੀਆਂ ਵਾਂਗੂ, ਪਾਣੀ ਵਿਚ ਬਤਖ਼ਾਂ ਵਾਂਗੂ ਅਸੀਂ ਤਰਦੇ ਪਏ ਹਾਂ। ਇਹ ਭੋਂ ਤੇ ਇਹ ਕਾਰ ਵਿਹਾਰ ਸਾਡੇ ਕਾਬੂ ਵਿਚ ਹੈ। ਦਿੱਲੀ ਜਾਓ, ਬੰਬਈ ਜਾਓ, ਕਲਕੱਤੇ ਜਾਓ, ਇਉਂ ਲੱਗਦਾ ਹੈ ਜਿਉਂ ਅਸੀਂ ਡੁੱਬ ਗਏ ਜਾਂ ਡੁੱਬ ਰਹੇ ਹਾਂ, ਕੋਈ ਬਚਾਉਂਦਾ ਨਹੀਂ। ਢੇਰ ਸਾਰੇ ਦੂਰ ਦੂਰ ਦਿਆਂ ਫ਼ਾਸਲਿਆਂ ਵਿਚ ਅਸੀਂ ਗੁੰਮ ਹੋ ਗਏ ਹਾਂ। ਕਿਸੇ ਕੋਲ ਅਸੀਂ ਨਹੀਂ ਪਹੁੰਚ ਸਕਦੇ। ਕੋਈ ਸਾਡੇ ਕੋਲ ਨਹੀਂ ਪਹੁੰਚ ਸਕਦਾ। ਕਚਹਿਰੀਆਂ ਤੋਂ ਚੱਲ ਕੇ ਲੋਅਰ ਮਾਲ ਲੰਘ ਕੇ ਮਾਲ ਤੋਂ ਹੁੰਦੇ ਲਾਰੰਸ ਗਾਰਡਨ ਤੋਂ ਅੱਗੇ ਨਹਿਰ ਤੇ ਪੁੱਜ ਜਾਓ। ਮੇਰਾ ਲਾਹੌਰ ਪੂਰੇ ਦਾ ਪੂਰਾ ਮੁੱਕ ਗਿਆ। ਜੋ ਕੁਝ ਵੀ ਮੈਨੂੰ ਚਾਹੀਦਾ ਹੈ, ਵਿਚੇ ਆ ਗਿਆ। ਡਾਕ, ਕਾਲਜ, ਹਾਈਕੋਰਟ, ਵਪਾਰੀ, ਲਾਰਡ ਸਾਹਿਬ, ਹੋਟਲ, ਵਾਈ. ਐਮ. ਸੀ. ਏ., ਅਜਾਇਬ ਘਰ, ਚਿੜੀਆ ਘਰ, ਅਨਾਰ ਕਲੀ ਦੀ ਕਬਰ, ਕੌਂਸਲ ਸਭ ਆ ਗਏ। ਅਨਾਰ ਕਲੀ ਬਾਜ਼ਾਰ, ਲਾਹੌਰੀ ਦਰਵਾਜ਼ੇ ਤਕ ਹਰੇਕ ਲੋੜੀਂਦੀ ਸ਼ੈਅ

Sri Satguru Jagjit Singh Ji Elibrary NamdhariElibrary@gmail.com

ਦਾ ਭੰਡਾਰ ਸੀ। ਭਾਵੇਂ ਨਕਦ ਲਵੋ, ਭਾਵੇਂ ਉਧਾਰ-ਮੁੱਲ ਇਕੋ। ਦੁਕਾਨਦਾਰ ਰੱਜੇ ਹੋਏ ਸਨ, ਭੁੱਖੇ ਨਹੀਂ ਸਨ, ਸ਼ਿਕਾਰ ਨਹੀਂ ਸੀ ਭਾਲਦੇ, ਆਉਂਦੇ ਦੀ ਜੇਬ ਨਹੀਂ ਸੀ ਉਲਟਵਾਂਦੇ। ਤੀਵੀਆਂ ਦੀ ਇੱਜ਼ਤ ਸੀ।

ਇਹ ਹੋਰ ਲਾਹੌਰ ਸੀ ਜਿਸ ਵਿਚ ਰੌਸ਼ਨਾਈ ਦਰਵਾਜ਼ਾ, ਸ਼ਾਹੀ ਮਸਜਿਦ, ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ ਤੇ ਸਮਾਧ, ਡੇਹਰਾ ਸਾਹਿਬ, ਗੁਰੂ ਰਾਮ ਦਾਸ ਜੀ ਦਾ ਜਨਮ ਅਸਥਾਨ ਸਨ ਅਤੇ ਸਾਨੂੰ ਅਚੇਤ ਫ਼ਖ਼ਰ ਤੇ ਨਾਜ਼ ਸੀ ਉਹਨਾਂ ਤੇ। ਦੁਨੀਆਂ ਅਨਾਰ ਕਲੀ ਦੀ ਕਬਰ ਨੂੰ ਦੇਖਣ ਆਉਂਦੀ। ਲਾਹੌਰ ਦਾ ਚੱਪਾ ਚੱਪਾ ਸ਼ਾਨਦਾਰ ਜਾਂ ਅੱਥਰੂ-ਵਹਾਊ ਯਾਦ ਅਸਥਾਨਾਂ, ਮਹਾਂਪੁਰਖਾਂ, ਮਹਾਨ ਇਸਤ੍ਰੀਆਂ ਦੀਆਂ ਯਾਦਾਂ ਨਾਲ ਗੂੰਜਦਾ ਸੀ। ਦਰਵਾਜ਼ਿਆਂ ਦਿਆਂ ਨਾਵਾਂ ਦਾ ਹੀ ਸੁਆਦ ਆ ਜਾਂਦਾ ਸੀ। ਚੋਖੀ ਤਾਰੀਖ਼ ਚੋਖਾ ਜੁੱਗ ਰਾਫ਼ੀਆ ਦਿਮਾਗ਼ ਵਿਚ ਬੈਠ ਜਾਂਦਾ ਸੀ। ਲਾਹੌਰੀ ਦਰਵਾਜ਼ਾ, ਅਕਬਰੀ ਦਰਵਾਜ਼ਾ, ਭਾਟੀ ਦਰਵਾਜ਼ਾ, ਮੋਰੀ ਦਰਵਾਜ਼ਾ, ਦਿੱਲੀ ਦਰਵਾਜ਼ਾ, ਕਸ਼ਮੀਰੀ ਬਾਜ਼ਾਰ। ਤੇ ਫੇਰ ਨਾ ਭੁੱਲਣ ਵਾਲੀਆਂ ਇਮਾਰਤਾਂ ਤੇ ਬਾਗ਼, ਜਹਾਂਗੀਰ ਦਾ ਮਕਬਰਾ, ਨੂਰ ਜਹਾਂ ਦਾ ਮਜ਼ਾਰ, ਸ਼ਾਲਾਮਾਰ ਬਾਗ਼ ਤੇ ਆਪਣੀ ਪਿਆਰੀ ਰਾਵੀ। ਤਿਲੋਕ ਚੰਦ ਮਹਰੂਮ ਨੇ ਇਕ ਨਜ਼ਮ ਲਿੱਖੀ ਸੀ ਜਿਸ ਦੇ ਦੋ ਸ਼ਿਅਰ 60 ਸਾਲ ਤੋਂ ਮੇਰੇ ਹਾਫ਼ਜ਼ੇ ਵਿਚ ਸੰਭਾਲੇ ਪਏ ਨੇ :

ਦਿਨ ਕੋ ਭੀ ਜਹਾਂ ਸ਼ਬ ਕੀ ਸਿਆਹੀ ਕਾ ਸਮਾਂ ਹੈ।
ਕੈਹਤੇ ਹੈਂ ਵੋ ਆਰਾਮ-ਗਾਹੇ ਨੂਰੇ-ਜਹਾਂ ਹੈ।
ਐਸੀ ਕਿਸੀ ਜੋਗਨ ਕੀ ਭੀ ਕੁਟੀਆ ਨਹੀਂ ਹੋਤੀ।
ਹੋਤੀ ਹੈ ਮਗਰ ਯੂੰ ਸਰੇ ਸਹਰਾ ਨਹੀਂ ਹੋਤੀ।

ਬਸੰਤ ਨੂੰ ਸਿਆਲਕੋਟ ਦੇ ਸਭ ਤੋਂ ਪਹਿਲੇ ਹਿੰਦੂ ਸ਼ਹੀਦ ਹਕੀਕਤ ਰਾਏ ਦੀ ਸਮਾਧ ਤੇ ਮੇਲਾ ਲੱਗਦਾ ਸੀ। ਸਮਾਧ ਦੇ ਨੇੜੇ ਸ਼ਾਹ ਹੁਸੈਨ ਫ਼ਕੀਰ ਦਾ ਰੌਜ਼ਾ ਸੀ। ਮੈਂ ਇਕ ਪੁਰਾਣੀ ਹੱਥ-ਲਿਖੀ ਨਜ਼ਮ ਹਕੀਕਤ ਰਾਏ ਬਾਰੇ ਲੱਭੀ ਤੇ ਛਾਪੀ ਸੀ। ਸ਼ਾਹ ਹੁਸੈਨ ਦਾ ਅਸਲੀ ਤੇ ਪੂਰਾ ਕਲਾਮ ਲੱਭ ਕੇ ਛਾਪਿਆ ਸੀ। ਸ਼ਾਹ ਹੁਸੈਨ ਦੇ ਅੰਮ੍ਰਿਤ ਬਚਨ ਵੀ ਸੁਣ ਲਵੋ :

"ਸਾਈਂ ਦਾ ਮਿਲਣ ਅਸਾਨ ਬੰਦੇ, ਤੂ ਆਪਣਾ ਆਪ ਪਛਾਣ ਬੰਦੇ।"
"ਮੈਂ ਚੂਹਰੇਟੜੀ ਹਾਂ ਸੱਚੇ ਸਾਹਬ ਦੇ ਦਰਬਾਰ ਦੀ।
ਕਾਮ, ਕਰੋਧ, ਲੋਭ, ਮੋਹ, ਹੰਕਾਰ, ਨਿਤ ਝਾੜਦੀ।"

ਲਾਹੌਰ ਅਨੰਤ ਸ਼ਹਿਰ ਹੈ। ਅੰਮ੍ਰਿਤਸਰ ਵੀ ਅਨੰਤ ਸ਼ਹਿਰ ਹੈ। ਤੁਹਾਨੂੰ ਪਤਾ ਹੀ ਹੈ ਕਿ ਯੂਰਪ ਵਿਚ ਰੋਮ ਨੂੰ ਅਨੰਤ ਸ਼ਹਿਰ ਕਹਿੰਦੇ ਚਲੇ ਆਉਂਦੇ ਹਨ। ਰੋਮ ਦੀ ਕਹਾਣੀ ਲਈ ਥਾਂ ਨਹੀਂ। ਮੈਂ 1935 ਵਿਚ ਰੋਮ ਗਿਆ ਸਾਂ। ਇਹ ਸੱਤਾਂ ਪਹਾੜੀਆਂ ਤੇ ਵੱਸਿਆ ਹੋਇਆ ਹੈ। ਮੈਨੂੰ ਲਾਹੌਰ ਦੀ ਥਾਂ ਤੇ ਦਿੱਲੀ ਨੂੰ ਸ਼ਿਅਰ ਵਿਚ ਬੰਨ੍ਹਣ ਦਾ ਖਿਆਲ ਆ ਗਿਆ ਸੀ ਇਕ ਵਾਰੀ। ਜੋ ਲਾਗੂ ਹੁੰਦਾ ਹੈ ਲਾਹੌਰ ਤੇ, ਰੋਮ ਉਤੇ ਵੀ :

Sri Satguru Jagjit Singh Ji Elibrary NamdhariElibrary@gmail.com

ਦਿੱਲੀ ਮੇਰੇ ਦਿਲ ਕੀ ਹੈ, ਤਵਾਰੀਖ਼ ਮੇਂ ਮਸ਼ਹੂਰ,
ਉਜੜੀ ਹੈ ਕਈ ਬਾਰ, ਕਈ ਬਾਰ ਬਸੀ ਹੈ।

**ਅੰਮ੍ਰਿਤਸਰ—ਸਿਫ਼ਤੀ ਦਾ ਘਰ***

ਸ਼ਿਮਲੇ ਮੈਂ ਕਈ ਹਊਮੈਂ-ਫੁਲਿਆਂ ਦਿਆਂ ਦਿੱੜਾਂ ਵਿਚ ਚੁਭਦਾ ਸਾਂ। ਉਹਨਾਂ ਦੀਆਂ ਅੱਖੀਆਂ 'ਚ ਕੱਖ ਕਾਣ ਤੇ ਰੇਲ ਦੇ ਇੰਜਣ ਦੇ ਕੋਇਲੇ ਵਾਂਗ ਚੁਭਦਾ ਸਾਂ। ਉਹਨਾਂ ਰੋਹੜ ਕੇ ਅੰਮ੍ਰਿਤਸਰ ਘੱਲ ਦਿੱਤਾ। ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਮਹਿਕਮੇ ਦਾ ਹੈੱਡ, ਖ਼ਾਲਸਾ ਕਾਲਜ ਦੇ ਇਕ ਕਮਰੇ ਵਿਚ ਵਾੜ ਦਿੱਤਾ ਗਿਆ ਜਿਸ ਵਿਚ ਇਕ ਪੰਜਵੀਂ ਜਮਾਤ ਦੇ ਮਾਸਟਰ ਦੀ ਟੁੱਟੀ ਫੁੱਟੀ ਕੁਰਸੀ, ਜਿਸ ਦੀ ਸੀਟ ਵਿਚ ਕਿੱਲ ਵੀ ਹੈਗਾ ਸੀ। ਸਾਹਮਣੇ ਤੀਜੀ ਜਮਾਤ ਦੇ ਕੰਮ ਆਉਣ ਵਾਲਾ ਮੇਜ਼ ਜੀਹਦੇ ਤੇ ਇਕ ਥਾਲੀ ਤੇ ਇਕ ਗਲਾਸ ਮਸਾਂ ਟਿਕ ਸਕਦਾ ਸੀ।

ਅਠਾਰਾਂ ਸਤੰਬਰ ਦੀ ਰਾਤ, ਗਾਲਬਨ ਉਹ ਰਾਤ ਸੀ, ਜਦੋਂ ਹੈਦਰਾਬਾਦ ਤੇ ਚੜ੍ਹਾਈ ਕਰਕੇ ਉਹਨੂੰ ਲੈ ਲਿਆ ਗਿਆ। 'ਇਹ ਗੱਲ 1948 ਦੀ ਹੈ। ਮੈਂ ਸਵੇਰੇ ਅੰਮ੍ਰਿਤਸਰ ਟੇਸ਼ਨ' ਤੇ ਲੱਥਾ। ਪਤਾ ਲੱਗਾ ਕਿ ਜਵਾਨ, ਵਹੁਟੀਆਂ ਘਿੰਨ ਕੇ ਬੰਬਈ ਚਲੇ ਗਏ ਨੇ : ਬੁੱਢੇ ਮਕਾਨਾਂ ਦੀ ਰਾਖੀ ਕਰਨਗੇ। ਮੈਂ ਸਾਹਮਣੇ ਦੇ ਹੋਟਲ ਵਿਚ ਗਿਆ। ਜਵਾਬ ਮਿਲਿਆ "ਨੌਕਰ ਸੁੱਤੇ ਪਏ ਨੇ : ਅੱਠ ਵਜੇ ਚਾਹ ਮਿਲੇਗੀ। ਟੱਟੀ, ਉਤੇ ਚਲੇ ਜਾਉ। ਟੱਟੀ ਵਿਚ, ਘੜੇ ਵਿਚ, ਪਾਣੀ ਨਹੀਂ ਸੀ : ਨਲਕਾ ਹੈ ਨਹੀਂ ਸੀ, ਦੂਸਰੀ ਛੱਤ ਸੀ। ਟੀਨ ਦਾ ਲੋਟਾ ਥੱਲੋਂ ਚੋਂਦਾ ਸੀ। ਬੀਵੀ ਦੇ ਦਿੱਤੇ ਹੋਏ ਦੋ ਕੋਰੇ ਲਿਫਾਫੇ ਤੇ ਕਾਗਜ਼ 'ਟਾਇਲਟ ਪੇਪਰ' ਦਾ ਕੰਮ ਦੇ ਗਏ।

ਖਾਲਸਾ ਕਾਲਜ ਵਿਚ ਸਾਲ ਛੇ ਮਹੀਨੇ ਮੈਂ ਨੇਚਰ ਸਟੱਡੀ ਕਰਦਾ ਰਿਹਾ। ਪਤਾ ਲੱਗਾ ਕਿ ਜਿੰਨੇ ਪ੍ਰੋਫੇਸਰ ਨੇ, ਉਸ ਤੋਂ ਦੂਣੀਆਂ ਤੀਣੀਆਂ ਮੱਝਾਂ ਨੇ। ਤੇ ਮੱਝ ਦਾ ਦੁਧ ਪੀਣ ਨਾਲ ਦਿਮਾਗ ਆਪਣੇ ਆਪ ਹੀ ਖੁਲ੍ਹਾ-ਡੁਲ੍ਹਾ, ਪੱਕਾ-ਪੀਡਾ, ਸਿੰਘ ਵਰਗਾ ਹੋ ਜਾਂਦਾ ਹੈ। ਅਠਤਾਲੀ ਤੋਂ ਉਨਾਹਟ ਤੱਕ ਮੈਂ ਪੜ੍ਹਾਉਂਦਾ ਰਿਹਾ। ਐਮ. ਏ. ਪੰਜਾਬੀ, ਪੰਜਾਹ ਵਿਚ ਸ਼ੁਰੂ ਕਰ ਦਿੱਤਾ ਸੀ। ਕੋਈ ਮੇਰਾ ਮਿੱਤਰ ਨਾ ਬਣਿਆ। ਸਿਫਾਰਸ਼ਾਂ ਦੀ ਤੇ ਸਿਫਾਰਸ਼ੀ ਕੰਮਾਂ ਦੀ ਮੇਰੇ ਤੋਂ ਸੇਵਾ ਲੈਂਦੇ ਰਹੇ। ਮੈਨੂੰ ਖਾਲਸਾ ਕਾਲਜ ਦੇ ਸਾਰੇ ਇਲਾਕੇ ਦੇ ਨਜ਼ਾਰਿਆਂ ਵਿਚੋਂ ਸਿਰਫ ਮਾਹਲਾਂ ਪਿੰਡ ਦੇ ਬਾਹਰ ਇਕ ਮਕੱਈ ਭੁੰਨਣ ਵਾਲੀ ਭੜਭੂੰਜਣ ਸਾਹਮਣੇ ਆਉਂਦੀ ਹੈ। ਏਸ ਇਲਾਕੇ ਦਾ ਨਾਂ ਸੀ 'ਪੁਤਲੀ ਘਰ'। ਬੜਾ ਮਚਾ ਆਇਆ। ਸਾਰੀ ਪੱਛਮੀ ਸਭਿਅਤਾ 'ਪੁਤਲੀ ਘਰ' ਐ। ਤਰੱਕੀ ਬੱਸ ਏਨੀ ਹੀ ਹੋਈ ਐ ਕਿ 'ਪੁਤਲੀਆਂ' ਮਾਸ ਹੱਡੀ ਦੀਆਂ ਵੀ ਹਨ ਤੇ ਲੋਹੇ ਦੀਆਂ ਵੀ। ਤੇ ਸਾਰੀ ਅਜੋਕੀ ਦੁਨੀਆਂ ਦੀਆਂ 'ਪੁਤਲੀਆਂ' ਦੇ 'ਚੁੰਡੇ' ਤੇ 'ਪੁਤਲੀਆਂ' ਦੇ ਬੋਦੇ ਚਾਰ ਪੰਜ ਨਚਾਊਆਂ ਦੇ ਹੱਥ ਵਿਚ ਹਨ। ਇਹ ਇਕ ਅੰਮ੍ਰਿਤਸਰ ਹੋਇਆ, ਚੋਂਹ ਅੰਮ੍ਰਿਤਸਰਾਂ ਵਿਚੋਂ।

*ਪੰਜਾਬੀ ਟ੍ਰਿਬਿਊਨ, 7-11-1987.

Sri Satguru Jagjit Singh Ji Elibrary NamdhariElibrary@gmail.com

ਦੂਜਾ ਅੰਮ੍ਰਿਤਸਰ ਮੈਨੂੰ ਅਵਤਾਰ ਸਿੰਘ ਹੱਟੀ ਵਾਲੇ ਨੇ ਵਿਖਾਇਆ ਤੇ ਵਿਖਾਲਦਾ ਰਿਹਾ। "ਸਿਫਤੀ ਦਾ ਘਰ" ਵੇਖਣ ਲਈ ਹਰ ਹਫਤੇ ਅਸ਼ਰੇ, ਨਾਲ ਮੈਂ ਲੈ ਜਾਂਦਾ। ਸਿਹਰੇ ਤੇ ਪ੍ਰਸ਼ਾਦ ਫੜੀ ਰਖਦਾ ਤੇ ਗੱਲਾਂ ਕਰਦਾ ਮੋੜ ਲਿਆਉਂਦਾ। ਸੋਲ੍ਹਾਂ ਸਾਲ, ਅਠਤਾਲੀ ਤੋਂ ਚੌਂਹਠ ਤੱਕ ਉਥੇ ਰਿਹਾ। 'ਪੁੱਤਲੀ ਘਰ ਤੋਂ 'ਟੇਸ਼ਨ, ਟੇਸ਼ਨ ਤੋਂ', ਹਾਲ ਬਜ਼ਾਰ ਤੋਂ ਸਿੱਧਾ ਦਰਬਾਰ ਸਾਹਿਬ। ਜਾਂ 'ਪੁਤਲੀ ਘਰ' ਤੋਂ ਕਿਲ੍ਹੇ ਲੋਹਗੜ੍ਹ ਦੇ ਰਸਤੇ, ਬੱਸ। ਹਾਂ, ਇਕ ਦੋ ਵਾਰੀ ਉਹ ਪਵਿੱਤਰ ਥਾਂ ਵੀ ਦੇਖੀ ਜਿਥੇ 'ਸੁਖਮਨੀ ਸਾਹਿਬ' ਜੀ ਉਚਰੀ ਦੱਸੀ ਜਾਂਦੀ ਹੈ। ਇਹ ਅੰਮ੍ਰਿਤਸਰ, ਅਸੀਂ ਪੰਠੰਹਾਰੀ, ਦਰਬਾਰ ਸਾਹਿਬ ਦੇ ਨਾਂ ਨਾਲ ਅਲਾਉਂਦੇ ਹਾਂ। ਪਾਤਸ਼ਾਹੀ ਦਰਬਾਰ ਹੈ, ਸੁਖਾਂ ਸੁਖਦੇ ਰਹੋ, ਕੁਝ ਪੁਗਣਗੀਆਂ, ਕੁਝ ਅਧੋਗਣੀਆਂ ਕੁਝ ਪੂਰੀਆਂ ਨਹੀਂ ਹੋਣਗੀਆਂ। ਪਰ ਅਸੀਂ ਵੀ ਉਹੀ ਤੇ ਸਾਡਾ ਇਸ਼ਟ ਜ਼ਾਹਿਰ ਜ਼ਹੂਰ ਤੇ ਅਰਾਮ ਵੀ ਉਹੀ। ਜੇ ਮਾਂ-ਪਿਉ ਕੋਈ ਚੀਜ਼ ਨਾ ਦੇਵੇ, ਕਿਸੇ ਕਾਰਨ, ਤਾਂ ਰੁਸਣਾ ਜਾਂ ਸਾਕ ਤੋੜ ਦੇਣਾ ਕੋਈ ਭਲਮਾਣਸੀ ਐ? ਸੋਲ੍ਹਾਂ ਵਰ੍ਹੇ ਮੈਂ ਅਵਤਾਰ ਨੂੰ ਨਹੀਂ ਭੁਲਿਆ। ਉਸ ਦੀ ਸੰਗਤ ਤੋਂ ਨਹੀਂ ਅੱਕਿਆ ਕਿਉਂਕਿ ਉਸ ਪਹਿਲੇ ਦਿਨ ਮੈਨੂੰ ਭਾ ਜੀ ਕਹਿਕੇ ਮੋਹ ਲਿਆ ਸੀ। ਮੈਂ ਦਿਲ ਵਿਚ ਆਖਿਆ ਮੇਰਾ ਕੋਈ ਭਰਾ ਭੈਣ ਨਹੀਂ ਜਮਦਿਆਂ ਤੋਂ। ਸ਼ੁਕਰ ਏ ਮੈਨੂੰ ਕੋਈ ਭਾ ਜੀ ਕਹਿੰਦਾ ਐ। ਫੇਰ ਲੱਗਾ ਕਿ ਇਹ ਭਾ ਜੀ ਤਾਂ ਸਿੱਖੀ ਬਰਾਦਰੀ ਦਾ ਲਖਾਇਕ ਹੈ। ਇਹ ਵੱਡਤ ਹੈ ਜੋ ਸਿੱਖੀ ਵਿਚ ਹੀ ਸਾਫ਼ ਦ੍ਰਿਸ਼ਟਮਾਨ ਹੈ। ਗੁਰੂ ਨਾਨਕ ਦੇਵ ਜੀ ਨੇ 'ਭਾਈ' ਸ਼ਬਦ ਵਰਤਿਆ ਹੈ। ਮੇਰੀ ਨਜ਼ਰਾਂ ਵਿਚ ਕਦੇ ਕੋਈ ਹੋਰ ਮਨੁੱਖ ਲੈਕਚਰ ਜਲਸਾ-ਜਲੂਸ ਨਹੀਂ ਆਇਆ। ਬੱਸ; ਦਰਬਾਰ ਸਾਹਿਬ ਦੇ ਚਾਰੇ ਖੁਲ੍ਹੇ ਦਰਵਾਜ਼ੇ? ਆਪਣੇ ਸੱਚ ਖੰਡ ਤਥਾ ਨਿਰੰਕਾਰ ਦੇ ਮਹੱਲ ਦੀ ਤਸਵੀਰ, 'ਪੁਤਲੀਘਰ' ਤੋਂ 'ਘੰਟਾਘਰ' ਤੱਕ ਤੇ ਵਾਪਸ, ਅੱਖਾਂ ਵਿਚ ਲਿਸ਼ਕਦੀ ਰਹਿੰਦੀ ਸੀ। ਚਾਰੇ ਦਰਵਾਜ਼ੇ ਖੁੱਲ੍ਹੇ ਨੇ। ਦੁਖੀਓ! ਨਿਰਾਸਿਉ! ਕਿਸੇ ਪਾਸਿਉਂ ਵੜ ਆਓ। ਝੋਲੀਆਂ ਭਰ ਕੇ ਲੈ ਜਾਉ। ਅੰਮ੍ਰਿਤ ਖਾਉ ਤੇ ਕੱਪੜ ਲਵੋ। ਇਹ ਰੀਤ ਨਿਰੰਕਾਰ ਨੇ ਚਲਾਈ ਸੀ, ਜਦੋਂ 'ਨਾਨਕ ਢਾਡੀ' ਉਥੇ ਗਿਆ ਤੇ ਕੰਮ ਲੈ ਕੇ ਆ ਗਿਆ, ਕਾਰੇ ਲੱਗ ਗਿਆ।

ਤੀਜਾ ਅੰਮ੍ਰਿਤਸਰ ਕਿਦਾਂ ਦਾ ਸੀ? ਇਕ ਨਿਸ਼ਾਨ ਤਾਂ ਇਹਦਾ ਸੀ ਧੂੰਆਂ— ਜਿਹੜਾ ਮਿਲਾਵਟੀ ਚਾਹ ਦੀ ਇੰਡਸਟਰੀ ਦਾ ਡੰਕਾ ਵਜਾਂਦਾ ਸੀ ਤੇ ਦੂਜਾ ਨਿਸ਼ਾਨ— ਆਪੇ ਬੁਝ ਲਉ, ਐਸ ਤੋਂ। ਮੈਂ 'ਰਕਸ਼ੇ' ਤੇ ਜਾ ਰਿਹਾ ਸਾਂ, ਦਰਬਾਰ ਸਾਹਿਬ। "ਸੁਣਾ ਭਾਈ ਜਾਨਕੀ। (ਜੋ ਜੁਆਕ ਲੰਘ ਰਿਹਾ ਸੀ ਕੋਲੋਂ), ਤੇਰੇ ਭਰਾ ਦਾ ਕੀ ਹਾਲ ਐ?" ਬੋਲਿਆ, "ਰੁਪਏ ਵਿਚੋਂ ਚਾਰ ਆਨੇ ਫਰਕ ਐ।" ਅਗਲੀ ਛੁੱਟੀ ਤੇ ਫਿਰ ਟੱਕਰਿਆ, ਪੁਛਿਆ, "ਸੁਣਿਆ ਤੂੰ ਟੰਗਿਆ ਜਾਣ ਲੱਗਾ ਏਂ।" "ਬੋਲਿਆ, "ਬੱਸ ਰੁਪਏ ਵਿਚੋਂ ਅੱਠ ਆਨੇ। ਅਸੀਂ ਹਾਂ ਕਰ ਦਿੱਤੀ ਹੈ। ਹੁਣ ਕੁੜੀ ਵਾਲੇ ਜਾਣਨ।" ਜਾਨਕੀ ਵਰਗਿਆਂ ਨੇ ਮੇਰੇ ਚੋਖੇ ਪੈਸੇ ਮਾਰ ਲਏ। ਪੈਸੇ ਮਾਰਨੇ ਕੀ ਸਨ, ਕਿਤਾਬਾਂ, ਛਾਪੀਆਂ ਬਹੁਤੀਆਂ, ਵੱਸੀਆਂ ਥੋੜ੍ਹੀਆਂ। ਬਣਦੀ ਰਾਇਲਟੀ ਨਾ ਦਿੱਤੀ। ਉਧਾਰ ਕਿਤਾਬਾਂ ਲੈ ਕੇ ਮੁਕਰ ਗਏ ਤੇ ਹੋਰ ਏਸੇ ਤਰ੍ਹਾਂ ਦੇ "ਬਿਜ਼ਨੈਸ ਮੈਥਡ" ਵਰਤੇ, ਪਰ ਮੋਹਨ ਸਿੰਘ, ਰੋਟੀ ਫੇਰ ਵੀ ਹਜ਼ਾਰਾਂ ਨਾਲੋਂ ਚੰਗੀ ਖਾਂਦਾ ਰਿਹਾ।

ਚੌਥਾ ਅੰਮ੍ਰਿਤਸਰ ਰਿਆਸਤ ਦਾ ਤੇ ਸਮਾਜੀ ਮਿਲਣ ਪਿਟਣ ਦਾ ਅੰਮ੍ਰਿਤਸਰ ਸੀ ਜੋ ਖਿਲਰਿਆ ਹੋਇਆ ਤਾਂ ਸੀ ਪਰ ਮੌਕੇ ਮੌਕੇ ਤੇ ਠੰਡੀ ਸੜਕ ਤੇ ਰਾਮ ਬਾਗ ਦੇ ਹਾਤੇ ਵਿਚ 'ਕੱਠਾ ਹੋ ਜਾਂਦਾ ਸੀ। ਭਾਈ ਵੀਰ ਸਿੰਘ ਨੂੰ ਮੈਂ ਉਹਨਾਂ ਦੇ ਜੀਉਂਦਿਆਂ ਇਕੋ ਵਾਰੀ ਮਿਲਿਆ ਸਾਂ। ਉਹਨਾਂ ਦੇ ਚਲਾਣੇ ਤੇ ਉਹਨਾਂ ਦੀ ਕੋਠੀ ਵਿਚ ਪੁਜਿਆ। ਉਹਨਾ ਦਾ ਸਸਕਾਰ ਕੋਠੀ ਵਿਚ ਹੀ ਕੀਤਾ ਗਿਆ। ਪਤਾ ਨਹੀਂ ਸਮਾਧ ਬਣੀ ਹੈ ਕਿ ਨਹੀਂ। ਧਨੀ ਰਾਮ 'ਚਾਤ੍ਰਿਕ' ਨੂੰ ਰੋਜ਼ ਹੀ ਮਿਲਦਾ ਸਾਂ ਪਰ ਉਹ ਚਲਾਣਾ ਕਰ ਗਏ, ਜਦੋਂ ਮੈਂ ਯੂਰਪ ਗਿਆ ਹੋਇਆ ਸਾਂ। ਪੰਡਤ ਕਿਰਪਾ ਰਾਮ, ਤੇ ਖਾਲਸਾ ਕਾਲਜ ਵਿਚ ਉਰਦੂ-ਫਾਰਸੀ ਪੜ੍ਹਾਨ ਵਾਲੇ ਕਸ਼ਮੀਰੀ ਪੰਡਤ ਵੀ ਮੇਰੇ ਉਥੇ ਹੁੰਦਿਆਂ ਈ ਚਾਲੇ ਪਾ ਗਏ ਸਨ। ਸਿੱਖ ਮੱਤ ਤੇ ਵੇਦ ਦੇ ਲਿਖਾਰੀ ਧਰਮਾਨੰਤ ਸਿੰਘ ਨੂੰ ਵੀ ਦੂਜੇ-ਚੌਥੇ ਮਿਲਦਾ ਸਾਂ, ਕੋਠੜੀ ਵਿਚ। ਦੁਨੀਆਂ ਵਿਚ ਉਹਨਾ ਮੁਜਬ, ਪਹਿਲਾ ਸੁਕਰਾਤ, ਦੂਜਾ ਗੁਰੂ ਨਾਨਕ ਤੇ ਤੀਜਾ ਧਰਮਾਨੰਤ ਸਿੰਘ। ਮਾਸਟਰ ਤਾਰਾ ਸਿੰਘ ਹੁਰਾਂ ਪਾਸ ਜਾਂਦਾ ਜ਼ਰੂਰ, ਪਰ ਚੁਪ ਕਰਕੇ ਬੈਠਿਆ ਰਹਿੰਦਾ। ਉਹਨਾਂ ਨੂੰ ਵੇਖਣ ਨਾਲ ਮੇਰੇ ਵਿਚ ਕੋਈ ਰਗ ਫੜਕਣ ਲੱਗ ਪੈਂਦੀ ਸੀ। ਏਥੇ ਅੰਮ੍ਰਿਤਸਰ ਹੀ ਕਈ ਵਾਰੀ ਸਰਦਾਰ ਬਹਾਦਰ ਬੂਟਾ ਸਿੰਘ ਸ਼ੇਖੂਪੁਰੇ ਵਾਲੇ ਮਿਲੇ। ਬੱਸ ਇਕੋ ਹੋਰ ਯਾਦ ਤੇ ਇਕ ਹੋਰ ਵਾਕਿਆ ਰਹਿ ਗਏ ਹਨ। ਸੰਤ ਸ਼ਾਮ ਸਿੰਘ ਜਿਹਨਾਂ ਦਾ ਸਥਾਨ ਪੱਛਮੀ ਪ੍ਰਕਰਮਾਂ ਵਿਚ ਸੀ, ਉਹਨਾਂ ਦੇ ਮੈਂ ਪਹਿਲੀ ਵਾਰੀ, ਜਦੋਂ ਮੈਂ ਅੰਮ੍ਰਿਤਸਰ ਗਿਆ ਸਾਂ ਤੇ 'ਖਾਲਸਾ ਐਡਵੋਕੇਟ' ਦਾ ਐਡੀਟਰ ਰਿਹਾ ਸਾਂ, ਗਾਲਬਨ ਵੀਹ ਵਿਚ, ਦਰਬਾਰ ਸਾਹਿਬ ਵਿਚ ਦਰਸ਼ਨ ਕੀਤੇ ਸਨ। ਸਿੱਖੀ ਵਿਚ ਨਿੱਕੀ ਤੋਂ ਨਿੱਕੀ ਲਗਾਤਾਰ ਸੇਵਾ, ਖਿਦਮਤ, ਵੱਡੇ ਤੋਂ ਵੱਡੇ ਮਰਤਬੇ ਨੂੰ ਲਿਜਾਣ ਦੀ ਪੌੜੀ ਬਣਦੀ ਹੈ।

ਵਾਕਿਆ ਇਹ ਹੈ ਕਿ ਮਹੰਤ ਸੁਖਦੇਵ ਗਿਰੀ ਜੀ, ਜਿਹਨਾ, ਪਾਸੋਂ ਮੈਂ ਦੀਖਿਆ ਲਈ ਸੀ, ਬੇਸ਼ਬਦੀ ਦੀਖਿਆ (ਵਰਡਲੈਸ) ਡੇਹਰਾਦੂਨ ਵਿਚ। ਜਦ ਮੈਂ ਪੁਛਿਆ, "ਤੁਸੀਂ ਤਾਂ ਏਥੇ ਹੋ, ਮੇਰੀ ਬਦਲੀ ਅੰਮ੍ਰਿਤਸਰ ਹੋ ਗਈ ਹੈ। ਮੇਰੇ ਉਤੇ ਜੇ ਕੋਈ ਔਕੜ ਆ ਬਣੇ, ਬਲ਼ਾ ਆ ਪਵੇ, ਅਚਿੰਤੇ ਬਾਜ਼, ਬਮਾਰੀ ਠਮਾਰੀ ਹੀ ਸਹੀ, ਤਾਂ ਮੈਂ ਕੀ ਕਰਾਂ ?" ਚਾਰ ਪੰਜ ਮਿੰਟ ਚੁੱਪ ਰਹਿ ਕੇ ਬੋਲੇ, "ਵਹਾਂ ਦਕਸ਼ਣ ਮੇਂ। ਏਕ ਬਾਗ ਹੈ, ਮੰਦਿਰ ਹੈ, ਤਲਾਅ ਕੇ ਪਾਸ ਏਕ ਪੇੜ ਹੈ, ਵਹਾਂ ਪਰ ਇਸਨਾਨ ਕਰ ਲੀਆ ਕਰੋ।" ਉਸ ਵੇਲੇ ਮੈਨੂੰ ਏਸ ਟਿਕਾਣੇ ਦਾ ਕੁਝ ਪਤਾ ਨਾ ਸਮਝ ਵਿਚ ਆਇਆ, ਜਾ ਕੇ ਪੁਛ ਲਵਾਂਗਾ। ਕੋਈ ਦੋ ਮਹੀਨੇ ਹਰ ਜੋਗੀ, ਜਪੀ, ਤਪੀ, ਸੰਨਿਆਸੀ ਜੰਗਮ ਕੋਲੋਂ ਪੁੱਛਦਾ। ਕੋਈ ਨਾ ਦੱਸੇ। ਆਖਰ ਇਕ ਨੇ ਕਿਹਾ ਕਿ "ਤਰਨ-ਤਾਰਨ ਜਾਨੇ ਵਾਲੇ ਰਸਤੇ ਕੇ ਪਾਸ ਏਕ 'ਸਕੱਤਰੀ ਬਾਗ ਹੈ'। ਵਹਾਂ ਮੰਦਿਰ ਭੀ ਹੈ ਔਰ ਪੇੜ ਭੀ ਹੈ।" ਜਦੋਂ ਮੈਂ ਗਿਆ ਤਾਂ ਮੰਦਿਰ ਆਖੇ ਕਿ ਮੇਰੇ ਅੰਦਰ ਨਾ ਦੇਵੀ ਹੈ ਨਾ ਦੇਵਤਾ। ਤਲਾਅ ਆਖੇ ਕਿ ਮੇਰੇ ਕੋਲ ਤਾਂ ਮੱਛੀਆਂ ਲਈ ਵੀ ਪਾਣੀ ਨਹੀਂ। ਲਹਿੰਦੇ ਵਲ ਇਕ ਦਰੱਖਤ ਸੀ, ਜਿਹਦੇ ਹੇਠ ਦੋ ਚਾਰ ਅਫੀਮੀ ਜਾਂ ਭੰਗੜ ਖੜ੍ਹੇ-ਬੈਠੇ ਦੂਰੋਂ ਦਿਸੇ। ਮੈਂ ਕਿਹਾ ਇਹ ਨਕਲ ਹੈ ਅਸਲ ਨਹੀਂ। ਦੂਜੇ ਪੰਦਰਾਂਖੇ ਮੈਂ ਡੇਹਰਾਦੂਨ ਸਵਾਮੀ ਜੀ ਤੋਂ ਪੁਛਿਆ "ਮਹਾਰਾਜ ! ਮੈਨੂੰ ਤਾਂ ਉਹ ਥਾਂ ਮਿਲੀ ਨਹੀਂ। ਤੁਸੀਂ ਕਦੀ ਅੰਮ੍ਰਿਤਸਰ ਗਏ ਓ ?" ਬੋਲੇ "ਨਹੀਂ"। ਫੇਰ ਮੈਂ ਕਿਹਾ, ਮੈਂ ਤੁਹਾਨੂੰ

ਵੇਰਵੇ ਨਾਲ ਦੱਸਦਾ ਹਾਂ, "ਏਹੋ ਹੀ ਜਗ੍ਹਾ ਹੈ।" ਮੈਂ ਫੇਰ ਹਰਮੰਦਰ ਸਾਹਿਬ ਤੇ ਬੇਰੀ ਸਾਹਿਬ ਦਾ ਪੂਰਾ ਨਕਸ਼ਾ ਖਿਚ ਸੁਣਾਇਆ।

ਝੱਟ ਬੋਲੇ, "ਹਾਂ ਹਾਂ, ਵੋਹੀ...ਵੋਹੀ।" ਮੈਂ ਸੋਚਾਂ ਗਏ ਹੈ ਨਹੀਂ। ਅੰਤਰ ਧਿਆਨ ਹੋ ਕੇ ਦਿਬ ਦ੍ਰਿਸ਼ਟੀ ਨਾਲ ਸਭ ਕੁਝ ਦੇਖ ਲਿਆ ਹੈ। ਇਹ ਇਕ ਗਵਾਹੀ ਸਿਫਤੀ ਦੇ ਘਰ ਬਾਰੇ ਮੈਨੂੰ ਆਪ ਨੂੰ ਦਈ, ਉਨਵੰਜਾ ਦੇ ਮਾਰਚ-ਅਪਰੈਲ ਵਿਚ। ਗਵਾਹੀ ਦੀ ਲੋੜ ਤਾਂ ਨਹੀਂ ਸੀ ਪਰ ਫੇਰ ਵੀ ਗਵਾਹੀ ਸੁਣ ਕੇ ਸਿਰ ਹੋਰ ਉਚਾ ਹੋ ਗਿਆ ਤੇ ਮਨ ਹੋਰ ਨੀਵਾਂ।

ਮੈਨੂੰ ਅਜੇ ਤੀਕ ਉਹ ਸੂਆ ਨਹੀਂ ਭੁਲਿਆ ਜੀਹਦਾ ਪਾਣੀ ਦਰਬਾਰ ਸਾਹਿਬ ਸਰੋਵਰ ਵਿਚ ਆਉਂਦਾ ਹੈ। ਉਹਦੇ ਆਸੇ ਪਾਸੇ ਗੁਲਾਬ ਦੇ ਢੇਰ ਬਗੀਚੇ ਸਨ। ਕਈ ਵਾਰੀ ਮੈਂ ਗੁਲਾਬ ਦੇ ਨਸ਼ੇ ਵਿਚ ਵੇਰਕਿਉਂ ਹੋ ਮੁੜਿਆ ਹੈ।

**ਚੰਡੀਗੜ੍ਹ-ਰੇਲਵਈ ਕੁਆਰਟਰ***

ਇਸੀ ਖਯਾਲ ਮੇਂ ਬਸਤੀ ਉਜੜ ਗਈ ਅਪਨੀ
ਕੋਈ ਤੋ ਅਪਨੀ ਭੀ ਹਾਲਤ ਕੋ ਦੇਖਤਾ ਹੋ।

ਦੋ ਹੀ ਤੇ ਚੀਜ਼ਾਂ ਨੇ, ਦੁੱਖ ਤੇ ਸੁੱਖ। ਜੇ ਦੁੱਖ ਦਾ ਕਿੱਸਾ ਛੇੜਾਂ ਤਾਂ ਲੋਕੀਂ ਝੱਟ ਕਹਿੰਦੇ ਨੇ : ਕਰਮਾਂ ਨੂੰ ਰੋ : ਜੇ ਸੁੱਖ ਦੀ ਕਹਾਣੀ ਛੋਹਾਂ ਤਾਂ ਲੋਕੀ ਕਹਿੰਦੇ ਨੇ ਪਰੇ ਤੋਂ ਪਰੇ ਸੁਖੀ ਪਏ ਨੇ, ਤੂੰ ਚਾਰ ਪੈਸਿਆਂ ਨਾਲ ਕਿੰਨਾ ਕੁ ਸੁੱਖ ਮਾਣ ਲਿਆ ਹੋਏਗਾ ?

ਚੰਗਾ ਭਲਾ ਅੰਮ੍ਰਿਤਸਰ ਸਤੰਬਰ 1948 ਤੋਂ 1964 ਤਕ ਰਹਿ ਰਿਹਾ ਸਾਂ। ਉਸ ਨਾਲ ਇਕ ਬਹੁਤ ਨੇੜੇ ਦੇ ਭਲੇਮਾਣਸ ਨੇ ਨਾਲੇ ਮੈਨੂੰ ਗਾਲਾਂ ਕੱਢੀਆਂ ਇਕ ਵਾਰੀ ਨਾਲੇ ਦੂਜੀ ਵਾਰੀ ਕਿਹਾ ਕਿ ਮੇਰੇ ਦਫ਼ਤਰ ਵਿਚੋਂ ਨਿਕਲ ਜਾ। ਮੈਂ ਅੰਮ੍ਰਿਤਸਰ ਛੱਡ ਕੇ ਚੰਡੀਗੜ੍ਹ ਆ ਗਿਆ। ਰਸਤੇ ਵਿਚ ਜਲੰਧਰ ਐਵੇਂ ਖਿਲਰਿਆ ਜਿਹਾ ਸ਼ਹਿਰ ਲੱਗਾ ਤੇ ਲੁਧਿਆਣਾ ਰੱਜ ਕੇ ਸ਼ੋਰ ਸ਼ਰਾਬੇ ਵਾਲਾ। ਅੰਬਾਲੇ ਦੀ ਬੋਲੀ ਮੇਰੀ ਬੋਲੀ ਨਹੀਂ। ਛਾਉਣੀ ਚੰਗੀ, ਪਾਣੀ ਵੀ ਚੰਗਾ। ਪਰ ਉਥੇ ਕੋਈ ਜਾਣੂ ਪਛਾਣੂ ਨਹੀਂ ਸਨ। ਨੋਟ ਕਰਨਾ ਕਿ ਬੰਦੇ ਨੂੰ ਇਕ ਪਾਸੇ ਜਾਣੂ ਪਛਾਣੂ ਦੀ ਭੁੱਖ ਤਰੇਹ ਲੱਗੀ ਰਹਿੰਦੀ ਹੈ ਤੇ ਦੂਜੇ ਪਾਸੇ ਜੋ ਮਾਰ ਜਾਣੂ ਪਛਾਣੂ ਮਾਰਦੇ ਹਨ, ਉਸ ਦਾ ਕੋਈ ਇਲਾਜ ਹੀ ਨਹੀਂ। ਚੰਡੀਗੜ੍ਹ ਆਇਆ, ਸੱਠ ਰੁਪਏ ਤੋਂ ਉੱਤੇ ਦੋ ਦੋ ਕਮਰੇ ਤੇ ਰਸੋਈ ਤੇ ਖੁਲ੍ਹਾ ਵਿਹੜਾ ਮਿਲੇ। ਚਾਰ ਮਹੀਨੇ ਬਾਅਦ ਮਕਾਨਦਾਰ ਕਹਿਣ ਲੱਗਾ, ਹੁਣ ਪਝੱਤਰ ਰੁਪਏ ਦਿਓ। ਇਹ ਗੱਲ 1965 ਦੀ ਹੈ। ਫੇਰ ਚਾਰ ਪੰਜ ਮਹੀਨੇ ਲੰਘੇ ਤੇ ਕਹਿਣ ਲੱਗਾ ਕਿ ਨੱਬੇ ਰੁਪਏ ਦਿਓ। ਮੈਂ ਸੋਚਿਆ, ਮੇਰੀ ਪੋਠੋਹਾਰੀ—ਲਾਹੌਰੀ ਕਲਚਰ ਕਹਿੰਦੀ ਹੈ ਕਿ ਹੱਟੀ ਵਾਲੇ ਦਾ ਤੇ ਗਾਹਕ ਦਾ ਰਿਸ਼ਤਾ ਤੇ ਹੁੰਦਾ ਹੈ : ਮਕਾਨਦਾਰ ਤੇ ਕਿਰਾਏਦਾਰ ਦਾ ਇਕ ਪਵਿੱਤਰ ਰਿਸ਼ਤਾ ਹੁੰਦਾ ਹੈ; ਸਵਾਰੀ ਦਾ ਤੇ ਰਿਕਸ਼ੇ-ਟਾਂਗੇ ਵਾਲੇ ਦਾ ਰਿਸ਼ਤਾ ਹੁੰਦਾ ਹੈ; ਗੁਆਂਢੀ-ਗੁਆਂਢੀ ਦਾ ਰਿਸ਼ਤਾ ਹੁੰਦਾ ਹੈ। ਪਰ ਇਥੇ ਆਣ ਤੇ ਪਤਾ ਲੱਗਾ

* ਪੰਜਾਬੀ ਟ੍ਰਿਬਿਊਨ, 25.10.1981

ਕਿ ਕਲਚਰ ਅੱਗੇ ਤਦ ਟੁਰਦੀ ਹੈ ਜੇ ਬੰਦਾ ਤੇ ਚੌਗਿਰਦਾ ਅਟੁੱਟ ਰਹਿਣ। ਦੋਹਾਂ ਵਿਚੋਂ ਇਕ ਵੀ ਬਦਲ ਜਾਏ ਤਾਂ ਹੇਠਲੀ ਉੱਤੇ ਤੇ ਉੱਤਲੀ ਹੇਠਾਂ ਹੋ ਜਾਂਦੀ ਹੈ। ਮੇਰੀ ਤਬੀਅਤ ਏਸ ਤਰ੍ਹਾਂ ਦੀ ਹੈ ਕਿ ਕੁਝ ਇਨਸਾਨੀਅਤ ਦੀਆਂ ਬੁਨਿਆਦੀ ਗੱਲਾਂ ਵਿਚ ਟੁੱਟ ਜਾਣਾ, ਪਰ ਝੁਕਣਾ ਨਹੀਂ। ਮੈਂ ਕਿਹਾ, ਨੱਬੇ ਨਹੀਂ ਦੇਣੇ। ਇਕ ਸੌ ਦਸ ਤੇ ਇਕ ਹੋਰ ਮਕਾਨ ਲੈ ਲਿਆ, ਹੋਰ ਇਕ ਸੌ ਵੀਹਾਂ ਦਾ। ਏਸ ਦੋਸਤ ਨੇ ਤਿੰਨ ਮਹੀਨੇ ਬਾਅਦ ਕਿਹਾ ਕਿ ਇਕ ਸੌ ਪਝੱਤਰ ਲਵਾਂਗਾ। ਏਨੇ ਚਿਰ ਨੂੰ ਮੈਨੂੰ ਸਾਲ ਤੋਂ ਉੱਤੇ ਹੋ ਚੱਲਿਆ ਸੀ।

ਲਾਹੌਰ, ਅੰਮ੍ਰਿਤਸਰ ਵਿਚ ਹੋਰ ਚਾਲ ਸੀ। ਉਥੇ ਉਧਾਰ ਚੱਲਦਾ ਸੀ। ਹਟਵਾਣੀਆ, ਗਾਹਕ ਦਾ ਸਨਮਾਨ ਕਰਦਾ ਸੀ। ਏਥੇ ਗਾਹਕ ਨੂੰ ਹੱਟੀ ਵਾਲਾ ਸ਼ਿਕਾਰ ਸਮਝਦਾ ਹੈ। ਖੰਭ ਖੋਹ ਲਓ। ਰਿਕਸ਼ੇ ਵਾਲਿਆ : "17 ਸੈਕਟਰ ਦੇ ਕਿੰਨੇ ਪੈਸੇ ਲਏਂਗਾ ?" 'ਦੋ ਰੁਪਏ।' "ਕਿਉਂ ਬਈ ?" "ਬਾਬੂ ਜੀ ! ਏਨੀ ਗਰਮੀ ਵਿਚ ਰੁਪਏ ਵਾਸਤੇ ਕੌਣ ਜਾਏ।" "ਅਠਾਰਾਂ ਸੈਕਟਰ ਦਾ ਕੀ ਲਏਂਗਾ ?" "ਤਿੰਨ ਰੁਪਏ।" "ਔਨੇ ?", "ਬਾਬੂ ਜੀ ! ਹਨੇਰਾ ਹੋ ਗਿਆ।" ਰਿਕਸ਼ਾ ਵਾਲੇ ! 23 ਸੈਕਟਰ ਦਾ ਕੀ ਲਏਂਗਾ ?" "ਦੋ ਰੁਪਏ।" "ਕਿਉਂ ਬਈ ?" "ਠੰਢ ਬੜੀ ਹੈ।" ਕਦੀ ਕਹੇਗਾ— ਮੀਂਹ ਪੈ ਰਿਹਾ ਹੈ। ਕਦੀ ਕਹੇਗਾ ਸਵੇਰੇ ਸਵੇਰੇ ਇਕ ਰੁਪਏ ਲਈ ਜਾ ਡੂਢ ਲਈ ਕੌਣ ਜਾਏ। ਨਾ ਇਹਨੂੰ ਸਵਾਰੀ ਦਾ ਕੋਈ ਮੁੱਲ ਐ ਨਾ ਡੂਢ ਰੁਪਏ ਦਾ ਕੋਈ ਮੁੱਲ ਐ। ਪੈਸੇ ਵਾਲਾ ਪੈਸੇ ਨੂੰ ਚੱਟੇ ? ਇਧੋ ਕੋਲ ਤਾਂ ਰਿਕਸ਼ਾ ਹੈ, ਨਿੰਬੂ ਹੈ, ਅੰਬ ਹੈ, ਸਕੂਟਰ ਰਿਕਸ਼ਾ ਹੈ। ਅਮਰੀਕਾ ਤੋਂ ਇਕ ਕੁੜੀ ਆਈ ਹੋਈ ਸੀ। ਉਹ ਬੱਸ ਅੱਡੇ ਤੋਂ 16 ਸੈਕਟਰ ਮੇਰੇ ਘਰ ਆਈ। ਰਿਕਸ਼ੇ ਵਾਲਾ ਸਰਦਾਰ ਉਹਦੇ ਕੋਲੋਂ 10 ਰੁਪਏ ਮੰਗੇ। ਕੁੜੀ ਨੇ ਚੀਕ ਮਾਰ ਕੇ ਮੈਨੂੰ ਅੰਦਰੋਂ ਬੁਲਾ ਲਿਆ। "ਕੀ ਗੱਲ ਐ !" ਕਹਿੰਦੀ, "ਇਹ ਦਸ ਰੁਪਏ ਮੰਗਦਾ ਐ।" ਮੈਂ ਪੁੱਛਿਆ "ਕਾਕਾ ! ਕੋਈ ਕਾਇਦਾ ਕਾਨੂੰਨ ਵੀ ਹੈ ?" ਬੋਲਿਆ, "ਦੁਕਾਨਾ ਵਾਲੇ ਕਾਇਦੇ ਕਾਨੂੰਨ ਨੂੰ ਮੰਨਦੇ ਨੇ ? ਕਾਇਦਾ ਕਾਨੂੰਨ ਸਾਡੇ ਲਈ ਰਹਿ ਗਿਆ ?" ਹੱਥ ਜੋੜੇ, ਪੰਜ ਰੁਪਏ ਦੇ ਕੇ ਜਾਨ ਛੁਡਾਈ।

15 ਸੈਕਟਰ ਵਿਚ ਆਪਣਾ ਮਕਾਨ ਅਰਥਾਤ ਦਸ ਵੀਹ ਹਜ਼ਾਰ ਆਪਣੀਆਂ ਇੱਟਾਂ ਜੁੜੀਆਂ ਹੋਈਆਂ ਖਰੀਦ ਲਈਆਂ। ਇਹ ਖਿਆਲ ਸੀ ਕਿ ਸ਼ਹਿਰ ਵਿਚ ਰਹਿੰਦੇ ਹਾਂ। ਛੇਤੀ ਹੀ ਪਤਾ ਲੱਗਾ ਕਿ ਮੈਂ ਤਾਂ ਹਉਮੈ ਨਗਰ ਵਿਚ ਆ ਗਿਆ ਹਾਂ। ਆਦਮੀ ਕਾਹਦੇ ਨੇ, ਸੈੱਲ ਨੇ। ਹਰੇਕ ਆਪਣੇ ਦੱਸ ਵੀਹ ਮਰਲਿਆਂ ਵਿਚ ਹਜ਼ਾਰ ਡੇਢ ਹਜ਼ਾਰ ਕਿਰਾਏ ਵਿਚ ਆਪਣੀ ਬੀਵੀ ਦੀ, ਧੀ ਦੀ, ਨੌਕਰੀ ਦੇ ਨਸ਼ੇ ਵਿਚ ਗੜੂੰਦ ਐ। ਨਾ ਉਹਨੂੰ ਗਵਾਂਢ ਨਾਲ ਵਾਸਤਾ, ਨਾ ਦੂਜੇ ਸੈਕਟਰ ਨਾਲ, ਨਾ ਆਪਣੇ ਤੋਂ ਥੋੜ੍ਹੀ ਤਨਖ਼ਾਹ ਵਾਲੇ ਨਾਲ। ਸੈਕਟਰਾਂ ਦੀ ਵੰਡ ਬ੍ਰਾਹਮਣ ਸੈਕਟਰ, ਖੱਤਰੀ ਸੈਕਟਰ, ਵੈਸ਼ ਸੈਕਟਰ ਅਤੇ ਸ਼ੂਦਰ ਸੈਕਟਰ। ਚਾਰ ਕਨਾਲ, ਦੋ ਕਨਾਲ, ਇਕ ਕਨਾਲ, ਸਾਢੇ ਸੱਤ ਤੇ ਪੰਜ ਮਰਲੇ। ਨਿਸਬਤ ਸਤਜੁਗ, ਤਰੇਤਾ, ਦੁਆਪਰ ਤੇ ਕਲਜੁਗ ਦੀ ਹੈ। ਜਿਹਨਾਂ ਦੀਆਂ ਉਮਰਾ ਚਾਰ, ਤਿੰਨ, ਦੋ, ਇਕ ਦੀ ਨਿਸਬਤ ਨਾਲ ਹਨ।

ਮੈਂ ਆਪਣੀ ਜਰਮਨੀ ਤੋਂ ਆਈ ਯੋਗ ਸਾਧਨਾ ਦੀ ਜਿਗਿਆਸੂ ਕੁੜੀ ਨੂੰ ਕਿਹਾ

Sri Satguru Jagjit Singh Ji Elibrary NamdhariElibrary@gmail.com

ਤੂੰ ਕੱਪੜੇ ਬਦਲ, ਯੂਨੀਵਰਸਿਟੀ ਚਾਹ ਪੀਣ ਜਾਣਾ ਹੈ। ਤੇ ਮੈਂ ਆਹ ਬਿਜਲੀ ਘਰ ਤੋਂ ਰਸੀਦ ਲੈ ਆਵਾਂ। ਰਸੀਦ ਲੈ ਕੇ ਵੀਰ ਟਰੇਡਿੰਗ ਕੋਲ ਪੁੱਜਾ। ਸੜਕ ਪਾਰ ਕਰਨ ਲੱਗਾ। ਇਕ ਸਿੱਖ ਆਪਣੇ ਸਕੂਟਰ ਤੇ ਸੱਜਿਉਂ ਆ ਰਿਹਾ ਸੀ ਤੇ ਇਕ ਖੱਬਿਉਂ। ਮੇਰੇ ਮਨ ਵਿਚ ਆਵਾਜ਼ ਆਈ, I will be crushed between these two ਮੇਰੇ ਉੱਤੇ ਦੰਦੇ ਚੜ੍ਹ ਜਾਣਗੇ। ਬੇਹੋਸ਼ ਹੋ ਗਿਆ। ਪਤਾ ਨਹੀਂ ਕਿੰਨਾ ਚਿਰ ਪਿਆ ਰਿਹਾ। ਪੱਗੜੀ ਵੱਖ ਐਨਕ ਵੱਖ। ਲਹੂ ਵੱਗ ਰਿਹਾ ਸੀ, ਲੋਕੀ ਆਰਾਮ ਨਾਲ ਬੁੱਢੇ ਸਿੱਖ ਦੀ ਨੀਂਦਰ ਦਾ ਸੁਆਦ ਲੈ ਰਹੇ ਸਨ। ਏਨੇ ਚਿਰ ਨੂੰ ਸਰਦਾਰ ਬਖਸ਼ੀਸ਼ ਸਿੰਘ ਲੰਘੇ। ਸਾਢੇ ਚਾਰ ਦਾ ਵੇਲਾ ਸੀ। ਭੀੜ ਵੇਖੀ, ਪੁਛਿਆ, "ਕੀ ਹੈ ?" "ਇਕ ਬੁੱਢਾ ਸਿੱਖ ਮਰਿਆ ਪਿਆ ਹੈ।" ਉਹਨਾਂ ਵਖਿਆ, ਮੋਹਨ ਸਿੰਘ ਹੈ। ਰਿਕਸ਼ਾ ਬੁਲਾਈ। ਲੋਕੀਂ ਬੋਲੇ ਇਹ ਪੁਲੀਸ ਕੇਸ ਹੈ। ਤੁਸੀਂ ਨਹੀਂ ਇਹਨੂੰ ਲਿਜਾ ਸਕਦੇ। ਇਹ ਤੁਹਾਡਾ ਕੀ ਲੱਗਦਾ ਹੈ?" ਜਿਵੇਂ ਬੰਦਾ, ਬੰਦੇ ਦਾ ਕੁਝ ਨਹੀਂ ਲੱਗਦਾ। ਘਰ ਆਇਆ। ਬੁਰਾ ਹਾਲ। ਮੈਨੂੰ ਅੱਧਾ ਚੰਡੀਗੜ੍ਹ, ਅੱਧਾ ਨਾ ਸਹੀ ਚੋਦਾਂ, ਪੰਦਰਾਂ, ਸੋਲਾਂ, ਬਾਈ, ਤਰੇਈ ਸੈਕਟਰ ਜਾਣਦੇ ਸਨ। ਬੁਰੀ ਖ਼ਬਰ ਛੇਤੀ ਖਿਲਰ ਜਾਂਦੀ ਹੈ। ਪਤਾ ਸਭ ਨੂੰ ਲੱਗ ਗਿਆ। ਪਰ ਨਾ ਕੋਈ ਦੋਸਤ, ਨਾ ਕੋਈ ਰਿਸ਼ਤੇਦਾਰ, ਨਾ ਕੋਈ ਮੇਰੇ ਕੋਲ ਪੜ੍ਹਿਆ, ਨਾ ਕੋਈ ਸੈਰ ਦਾ ਦੋਸਤ, ਪੁੱਜਾ। ਪਿਛੋਂ ਕੋਈ ਕਹੇ, "ਅਸੀਂ ਸਮਝਿਆ ਤੁਸੀਂ ਹਸਪਤਾਲ ਚਲੇ ਗਏ ਹੋਵੋਗੇ।" ਕੋਈ ਕਹੇ, "ਅਸੀਂ ਸਮਝਿਆ ਤੁਸੀਂ ਠੀਕ ਹੋ ਗਏ ਹੋਵੋਗੇ।" ਕੋਈ ਕਹੇ, "ਸਾਡਾ ਆਪਣਾ ਕਾਕਾ ਢਿੱਲਾ ਸੀ।" ਬਹੁਤਿਆਂ ਨੇ ਇਹ ਕਿਹਾ, "ਤੁਸੀਂ ਸਾਨੂੰ ਖ਼ਬਰ ਕਿਉਂ ਨਾ ਕੀਤੀ, ਬੁਲਾ ਲੈਣਾ ਸੀ।" ਸੱਟ ਫੇਟ ਠੀਕ ਹੋ ਗਈ ਪਰ ਇਹ ਯਕੀਨ ਹੋ ਗਿਆ ਕਿ ਏਥੇ ਕੋਈ ਮੇਰਾ ਨਹੀਂ ਐ।

ਮੈਂ ਹੈਰਾਨ ਹੁੰਦਾ ਸੀ ਕਿ ਐਥੋਂ ਦੇ ਲੋਕਾਂ ਦੀ ਕੀ ਜ਼ਹਿਨੀਅਤ ਬਣ ਗਈ ਐ। ਕੀ ਚਾਹੁੰਦੇ ਨੇ ਤੇ ਇਕ ਦੂਸਰੇ ਨੂੰ ਕੀ ਸਮਝਦੇ ਨੇ? ਤੱਤ ਇਹ ਨਿਕਲਿਆ ਕਿ ਇਹਨਾਂ ਦਾ ਪੀਰ ਪੈਸਾ ਹੈ। ਤੇ ਇਉਂ ਜਿਉਂ ਪੈਸਾ ਆਉਂਦਾ ਜਾਂਦਾ ਹੈ, ਦੂਜਾ ਹੋਰ ਵੀ ਦੂਰ ਤੇ ਹੋਰ ਵੀ ਬੇਰਿਸ਼ਤਾ ਨਜ਼ਰ ਆਉਂਦਾ ਹੈ। 12×12 ਦੇ ਦੋ ਕਮਰਿਆਂ ਵਿਚ ਪੰਜ ਆਦਮੀ, ਸੱਤ ਆਦਮੀ ਖੁਸ਼ਹਾਲੀ ਦਾ ਜੀਵਨ ਜਿਉਂਦੇ ਨੇ, ਪੈਸੇ ਦੇ ਸਿਰ ਤੇ। ਚਤੁਰਵੇਦੀ ਬਾਬੂ ਨੇ ਜੋ ਇਥੋਂ ਦੇ ਉਦੋਂ ਚੀਫ ਕਮਿਸ਼ਨਰ ਸਨ, ਦੱਸਿਆ ਸੀ ਕਿ ਚੰਡੀਗੜ੍ਹ ਵਿਚ 84 ਫੀਸਦੀ ਮੀਆਂ-ਬੀਵੀ ਨੌਕਰ ਹਨ। ਜੇ ਕੋਈ ਜਵਾਨ ਪੁੱਤ ਧੀ ਐ, ਉਹ ਵੀ ਨੌਕਰ ਐ। ਉਹਨਾਂ ਨੂੰ ਗੁਆਂਢੀਆਂ ਨਾਲ ਗੱਲਬਾਤ ਦੀ ਫੁਰਸਤ ਈ ਨਹੀਂ। ਰੋਟੀ ਵੀ ਮੁਖਤਸਰ ਜਿਹੀ ਇਕੋ ਵੇਲੇ ਪੱਕਦੀ ਹੈ। ਬਾਕੀ ਜ਼ਬਾਨ ਦੀ ਵੀ ਸਾਂਝ ਨਹੀਂ, ਦਰਦ ਦੀ ਸਾਂਝ ਤੇ ਛੱਡੋ। ਕਹੀ ਕੀ ਈਂਟ ਕਹੀਂ ਕਾ ਰੋੜਾ, ਭਾਨਵਤੀ ਨੇ ਕੁਨਬਾ ਜੋੜਾ।

ਜਦੋਂ ਵੀ ਮੇਰੀਆਂ ਅੱਖਾਂ ਦੀ ਜੋਤੀ ਤਿੰਨ ਚਾਰ ਸਾਲ ਤੋਂ ਗਈ ਐ, ਮੇਰੇ ਲਈ ਮੇਰਾ ਘਰ ਕੁੰਭੀ ਨਰਕ ਬਣਿਆ ਹੋਇਆ ਹੈ। "ਸੁਣਾਓ ਜੀ ਦੀਵਾਨਾ ਜੀ! ਕੋਈ ਨੌਕਰ ਨੌਕਰਾਣੀ ਮਿਲੀ? ਰੋਟੀ ਦਾ ਕੀ ਪ੍ਰਬੰਧ ਐ? ਆਪ ਬਣਾ ਲੈਂਦੇ ਹੋ? ਪੈਨਸ਼ਨ ਤੁਹਾਡੀ ਹੈ ਨਹੀਂ, ਗੁਜ਼ਾਰਾ ਕਿਵੇਂ ਚਲਦਾ ਐ? ਨੌਕਰ ਤਾਂ ਸਾਡੇ ਕੋਲ ਵੀ ਹੈ ਨਹੀਂ। ਮੈਂ

ਕੋਸ਼ਿਸ਼ ਕਰਾਂਗਾ ਕੋਈ ਚਪੜਾਸੀ ਮਿਲ ਜਾਏ। ਤੁਸੀਂ ਐਥੇ ਕੋਈ ਛੋਟਾ ਟੱਬਰ ਕਿਉਂ ਨਹੀਂ ਵਸਾ ਲੈਂਦੇ।" ਜਿੰਨੇ ਮੂੰਹ, ਓਨੀਆਂ ਗੱਲਾਂ। "ਜੇ ਰੋਟੀ ਏਥੇ ਨਹੀਂ ਮਿਲਦੀ ਤਾਂ ਪੁੱਤਰ ਕੋਲ ਕਿਉਂ ਨਹੀਂ ਚਲੇ ਜਾਂਦੇ ? ਬਜ਼ਾਰੋਂ ਖਾ ਲਿਆ ਕਰੋ।" ਹੌਲੀ ਹੌਲੀ ਘਟਦਿਆਂ ਘਟਦਿਆਂ ਮਸਾਂ ਦੂਜੇ ਦਿਨ ਇਕ ਦੋ ਵਿਜ਼ਟਰ ਆ ਜਾਂਦੇ ਨੇ। ਲਿਖ ਪੜ੍ਹ ਨਹੀਂ ਸਕਣਾ। ਪੈਸਾ ਐਨਾ ਏ ਲੋਕਾਂ ਕੋਲ ਕਿ ਸੌ ਦੋ ਸੌ ਰੁਪਿਆ, ਰੋਟੀ, ਰਹਿਣ ਦੀ ਥਾਂ, ਨੌਕਰਾਂ-ਚਾਕਰਾਂ ਨੂੰ ਬਹੁਤ ਘੱਟ ਉਜਰਤ ਜਾਪਦੀ ਹੈ।

ਮਰਨ ਤੋਂ ਪਹਿਲਾਂ ਤਾਂ ਬੰਦਾ ਮਰ ਨਹੀਂ ਸਕਦਾ ਤੇ ਨਾ ਰੱਬ ਤੇ ਮਨੁੱਖ ਉੱਤੇ ਵਿਸ਼ਵਾਸ ਛੱਡਣ ਦਾ ਈ ਹੌਂਸਲਾ ਪੈਂਦਾ ਹੈ। ਬੰਦਾ ਜੋ ਪਏਗੀ ਦੜ ਵੱਟ ਕੇ ਲਵੇਗਾ। ਪਰ ਇਕ ਸ਼ਿਅਰ ਯਾਦ ਆਉਂਦਾ ਹੈ :

ਉਮਰ ਅਪਨੀ ਜੋ ਕਿਸੀ ਤੌਰ ਤੇ ਗੁਜ਼ਰੀ ਗਾਲਿਬ,  
ਹਮ ਭੀ ਕਯਾ ਯਾਦ ਕਰੇਂਗੇ ਕਿ ਖ਼ੁਦਾ ਰਖਤੇ ਥੇ।

ਮੈਂ ਨੌਂ ਹੋਰ ਸ਼ਹਿਰਾਂ ਦਾ ਜ਼ਿਕਰ ਕਰਾਂਗਾ। ਏਸ ਸ਼ਹਿਰ 'ਤੇ ਮੈਨੂੰ ਹਰਜੀਤ ਗਿੱਲ ਦੀ ਟਿੱਪਣੀ ਯਾਦ ਆਉਂਦੀ ਹੈ ਜਦੋਂ ਉਹ ਅਮਰੀਕਾ ਤੇ ਫਰਾਂਸ ਤੋਂ ਹੋ ਕੇ ਵਾਪਸ ਆਇਆ। ਮੈਂ ਪੁੱਛਿਆ, "ਕੀ ਖਿਆਲ ਏ ਤੇਰਾ, ਚੰਡੀਗੜ੍ਹ ਬਾਰੇ ?" ਕਹਿਣ ਲੱਗਾ, 'ਮੈਨੂੰ ਤੇ ਰੇਲਵਈ ਕੁਆਟਰ ਲੱਗਦੇ ਨੇ।' ਤੇ ਦੂਜੀ ਗੱਲ ਕਿ "ਇਸ ਟਾਊਨ ਦਾ ਕੋਈ ਮਾਂ ਪਿਓ ਨਹੀਂ।"

## ਛੇ ਯੂਰਪੀ ਸੰਤਣਾਂ, ਬ੍ਰਹਮਗਿਆਨਣਾਂ

"ਚੰਗਿਆ ਦੇ ਨਾਮ ਦੀ ਪੱਟੀ ਨਾ ਮੇਸ ਤੇਰਾ ਚੰਗਾ ਨਾਮ ਵੀ ਤਾਂ ਜੋ ਚਲੇ" 'ਯਾ ਖ਼ੁਦਾ, ਅੱਜ ਤਿੰਨ ਦਿਨ ਹੋ ਗਏ ਨੇ, ਤੂੰ ਮੇਰੇ ਤੇ ਕੋਈ ਨਵੀਂ ਬਲਾ ਜਾਂ ਮੁਸੀਬਤ ਨਹੀਂ ਉਤਾਰੀ।' ਇਹ ਕਿਹਾ ਤੇ ਲਿਖਿਆ ਹੈ ਰਾਬਿਆ, ਬਸਰੇ ਦੇ ਰਹਿਣ ਵਾਲੀ ਸੂਫ਼ੀ ਇਸਤਰੀ ਨੇ ਆਪਣੀ ਡਾਇਰੀ ਵਿਚ। ਦੁਨੀਆ ਵਿਚ ਕੋਈ ਹੈ ਹੋਰ ਅਜਿਹੇ ਜਿਗਰੇ ਵਾਲਾ ਜਿਸ ਨੇ ਆਪਣੇ ਮਾਬੂਬ ਤੇ ਮਾਬੂਦ ਨੂੰ ਚੁਣੌਤੀ ਦਿੱਤੀ ਹੋਵੇ ਕਿ ਰੱਜ ਕੇ ਰੋਜ਼ ਰੋਜ਼ ਮੈਨੂੰ ਦੁੱਖ ਦੀ ਦਾਤ ਭੇਜ, ਕੋਈ ਦਿਨ ਖਾਲੀ ਨਾ ਜਾਏ। ਤਿੰਨ ਦਿਨ ਖਾਲੀ ਗਏ ਤੇ ਆਪ ਸਿਰ ਨੀਵਾਂ ਕਰਕੇ ਮਾਲਿਕ ਨੂੰ ਯਾਦ ਕਰਾ ਦਿੱਤਾ। 1935 ਤੋਂ ਪਹਿਲਾਂ 7 ਸਾਲ ਮੈਂ ਯੂਨੀਵਰਸਿਟੀ ਵਾਸਤੇ ਬੁਲ੍ਹੇ ਸ਼ਾਹ ਦਾ ਕਲਾਮ ਐਡਿਟ ਕਰ ਚੁੱਕਾਂ ਸਾਂ। ਸੂਫ਼ੀਆਂ ਦਾ ਕਲਾਮ ਸੰਗ੍ਰਹਿ ਛਾਪ ਚੁੱਕਾ ਸਾਂ। ਬਾਬਾ ਫ਼ਰੀਦ 'ਤੇ ਵੀ ਤੇ ਖ਼ਵਾਜਾ ਗ਼ੁਲਾਮ ਫ਼ਰੀਦ ਚਾਚੜਾਂ ਵਾਲੇ ਤੇ ਵੀ ਉਰਦੂ, ਫਾਰਸੀ ਵਿਚ ਮਜ਼ਮੂਨ ਲਿਖ ਚੁੱਕਾ ਸਾਂ। ਸ਼ਾਹ ਹੁਸੈਨ ਦਾ ਕਲਾਮ ਵੀ ਛਾਪ ਚੁੱਕਾ ਸਾ। ਪੰਜਾਬੀ ਕਵਿਤਾ ਵਿਚ ਸੂਫ਼ੀ ਮੱਤ ਉਤੇ ਦੋ ਤਿੰਨ ਲੈਕਚਰ ਵੀ ਦੇ ਚੁੱਕਾ ਸਾਂ ਓਰੀਐਂਟਲ ਕਾਲਜ ਵਲੋਂ। ਪਹਿਲੇ ਲੈਕਚਰ ਦੀ ਪ੍ਰਧਾਨਗੀ ਲਈ ਡਾ. ਮੁਹੰਮਦ ਇਕਬਾਲ ਨੂੰ ਮਿਲਿਆ। ਲਾਂਗੜ ਬੱਧੀ ਹੋਈ ਸੀ। ਹੱਸ ਕੇ ਕਹਿਣ ਲੱਗੇ : "ਮੋਹਨ ਸਿੰਘ ਤੈਨੂੰ ਪਤਾ ਈ ਐ ਮੇਰੇ ਖ਼ਿਆਲ ਸੂਫ਼ੀਆਂ ਬਾਰੇ।" ਮੈਂ ਕਿਹਾ : 'ਹਾਂ ਜੀ' ਤੇ ਪੁੱਠੇ ਪੈਰੀਂ ਮੁੜ ਆਇਆ। ਪੰਜਾਬੀ ਸੂਫ਼ੀ ਕਲਾਮ ਅੰਗ੍ਰੇਜ਼ੀ ਵਿਚ ਉਲਟਾਇਆ ਤੇ

ਜਦੋਂ 1935 ਵਿਚ ਪਹਿਲੀ ਵਾਰੀ ਯੂਰਪ ਗਿਆ ਤੇ ਉਹ ਤਰਜਮਾ ਨਾਲ ਲੈਂਦਾ ਗਿਆ ।

ਰੋਮ ਪੁੱਜਾ । ਉਥੇ 'ਇੰਟਰਨੈਸ਼ਨਲ ਓਰੀਐਂਟਲਿਸਟਸ ਕਾਂਗਰਸ' ਦਾ 19ਵਾਂ ਇਜਲਾਸ ਸੀ । ਭਾਰਤ ਵਿਚੋਂ ਮੈਂ ਸੀ ਤੇ ਲੰਕਾ ਵਿਚੋਂ ਕੋਈ ਹੋਰ ਤੇ ਇਕ ਸੀ ਪੰਜਾਬੀ ਦੀਵਾਨ ਚਮਨ ਲਾਲ, ਜ਼ਿੰਦਾ ਦਿਲ ਤੇ ਜ਼ਿੰਦਾ ਦਿਮਾਗ਼, ਪਿੰਡੀ ਦੇ ਦੀਵਾਨ ਪਿੰਡੀ ਦਾਸ ਦਾ ਸਾਹਿਬਜ਼ਾਦਾ । ਮੈਂ ਉਥੇ ਦੋ ਮਜ਼ਮੂਨ ਪੜ੍ਹੇ, ਬੁੱਧ ਮੱਤ ਅਤੇ ਸਿੱਖ ਮੱਤ ਤੇ, ਦੂਸਰਾ ਹਿੰਦੂ ਦੇਵ ਮਾਲਾ (ਮਿਥਹਾਸ) ਉਤੇ, ਇਕ ਨਵ ਦਿਸ਼ਟਕੋਣ ਤੇ । ਡਾ. ਮੇਰਿਲ ਫਾਕ ਇੰਡੋਆ ਸੈਕਸ਼ਨ ਦੀ ਸਕੱਤਰ ਸੀ । ਮੈਂ ਉਸ ਦੇ ਸਿਰ ਦੇ ਵਾਲਾਂ ਦੀ ਗੁੰਦਾਈ ਉਤੇ ਡੁੱਲ੍ਹ ਪਿਆ ! ਜੀ ਕਰੇ ਇਸ ਨੂੰ ਦੇਖੀ ਜਾਵਾਂ । ਉਸ ਨਾਲ ਕੋਈ ਗੱਲਬਾਤ ਨਹੀਂ ਹੋਈ। ਰੋਮ ਤੋਂ ਪਹਿਲਾਂ ਪੈਰਿਸ ਗਿਆ ਤੇ ਪੈਰਿਸ ਤੋਂ ਲੰਦਨ ਪੁੱਜਾ । ਸੁਭਾਗਵੱਸ ਲੰਦਨ ਵਿਚ 'ਸਕੂਲ ਆਫ ਓਰੀਐਂਟਲ ਸਟੱਡੀਜ਼' ਦੀ ਯੋਗ ਤੇ ਵੇਦਾਂਤ ਦੀ ਲੈਕਚਰਰ ਬੜੇ ਪ੍ਰੇਮ ਨਾਲ ਮਿਲੀ । ਮੈਂ ਉਸ ਦੀਆਂ ਪੁਸਤਕਾਂ ਪੜ੍ਹ ਚੁੱਕਾ ਸਾਂ । "ਦਰਸ਼ਨ ਭੇਟਤ ਹੋਤ ਨਿਹਾਲ ।" ਸੰਤਾਂ ਨਾਲ ਵਾਰਤਾਲਾਪ ਨਹੀਂ ਕਰੀਦਾ । ਉਨ੍ਹਾਂ ਦਾ ਦਰਸ਼ਨ ਅੰਮ੍ਰਿਤ ਤੇ ਉਨ੍ਹਾਂ ਦੀ ਮਿਹਰ ਦੀ ਨਜ਼ਰ ਕਾਫ਼ੀ ਹੁੰਦੀ ਹੈ । ਉਨ੍ਹਾਂ ਦਾ ਨਾਂ ਸੀ ਡਾ. ਮਿਸ ਬੈਂਟੀ ਟਾਈਮਨ । ਇਹ ਦਿਬ ਡਿੱਠ ਰਖਦੀ ਸੀ । ਕਹਿਣ ਲੱਗੀ : 'ਹਿੰਦੂ ਦਿਮਾਗ਼ ਨੇ ਸਭ ਤੋਂ ਵੱਡੀ ਕਾਢ ਜੋ ਕੱਢੀ ਹੈ, ਉਹ ਹੈ ਐਂਬੀਵੇਲੈਂਸ (Ambivalence) ਇਹ ਯਾ ਉਹ ਨਹੀਂ ਠੀਕ, ਇਹ ਵੀ ਤੇ ਉਹ ਵੀ ਠੀਕ ਹੈ ।

'ਸਰਗੁਣ, ਨਿਰਗੁਣ, ਨਿਰੰਕਾਰ, ਸੁੰਨ ਸਮਾਧੀ, ਆਪ' ਤੇ ਨਾਲ ਹੀ ਉਨ੍ਹਾਂ ਨੇ ਜੈਨ ਮੱਤ ਦੇ ਸਯਾਦਵਾਦ ਤੇ ਚਾਨਣਾ ਪਾਇਆ । ਨਾਲੇ ਯੋਗ ਦੀ ਬਿਲਕੁਲ ਨਵੀਂ ਤਸਵੀਰ ਦੱਸੀ । ਮੈਨੂੰ ਦੋਨੋ ਮਜ਼ਮੂਨ ਛਪੇ ਹੋਏ ਬਖ਼ਸ਼ੇ ।

ਮੈਂ ਪੁੱਛਿਆ, "ਡਾ. ਮਿਸ ਮਾਰਗਰੇਟ ਸਮਿਥ ਕਿੱਥੇ ਮਿਲੇਗੀ ?" ਮੇਰੇ ਮੂੰਹ ਵੱਲ ਤੱਕਣ ਲੱਗੀ । "ਤੂੰ ਉਹਨੂੰ ਵੀ ਪੜ੍ਹਿਆ ਹੋਇਆ ਹੈ ?" ਮੈਂ ਕਿਹਾ, "ਮੈਂ ਉਹਦਾ ਵੀ ਪੁਜਾਰੀ ਹਾਂ । ਕਬੀਰ ਜੀ ਨੇ ਫ਼ਰਮਾਇਆ ਹੈ, "ਸਭ ਗੁਰ ਪੀਰ ਹਮਾਰੇ" । ਸਾਰਿਆ ਮੱਤਾਂ ਮਤਾਂਤਰਾਂ ਦੀ ਰੰਗਾ ਰੰਗ ਜਿਣਸੀ ਮਾਇਆ ਮੇਰੇ ਪਿਆਰੇ ਦੀ ਸਜਾਈ ਹੋਈ ਫੁਲਵਾੜੀ ਹੈ । ਕਿਸੇ ਰੰਗ ਦੇ ਕੱਪੜੇ ਪਾਏ ਪਛਾਨਣ ਵਾਲੇ ਉੱਚੇ ਕਦ ਤੋਂ ਮੈਨੂੰ ਪਛਾਣ ਲੈਂਦੇ ਹਨ ।

ਮਿਸ ਸਮਿਥ ਨੂੰ ਜਾ ਕੇ ਮਿਲਿਆ, ਬ੍ਰਿਟਿਸ਼ ਮਿਊਜ਼ੀਅਮ ਵਿਚ । ਅਰਕਾਂ ਦੇ ਥੱਲੇ ਕੱਟ ਤੇ ਵਿਗੜੀ ਜਿਹੀ ਲੱਗੀ ਹੋਈ ਸੀ । ਇਕੱਲੀ ਮੇਜ਼ ਉਤੇ ਚੁਕ ਵਿਚ ਬੈਠੀ ਕੁਝ ਪੜ੍ਹ ਰਹੀ ਸੀ । ਮੈਂ ਕਿਹਾ, ਰਾਬਿਆ ਬਸਰੀ ਨਾਲ, ਸੰਸਾਰ ਦੀ ਜਾਣ-ਪਛਾਣ ਕਰਾਉਣ ਵਾਲੀ, ਅੰਗ੍ਰੇਜ਼ੀ ਕਿਤਾਬ ਦੇ ਰਾਹੀਂ, ਇਹ ਮਿਸ ਰਾਬਿਆ ਹੀ ਦਾ ਇਸ਼ਕ ਤੇ ਉਹਦੇ ਵਰਗਾ ਹੀ ਨੂਰ ਆਪਣੇ ਅੰਦਰ ਰੌਸ਼ਨ ਕਰੀ ਬੈਠੀ ਹੈ । ਕੁਝ ਸਾਲ ਮਗਰੋਂ ਬੰਬਈ ਦੇ ਰਸਾਲੇ (ਆਰੀਅਨ ਪਾਥ) ਵਿਚ ਜਿਸ ਨੂੰ ਸੋਫ਼ੀਆ ਵਾਡੀਆ ਐਡਿਟ ਕਰਦੀ ਸੀ, ਮਿਸ

Sri Satguru Jagjit Singh Ji Elibrary NamdhariElibrary@gmail.com

ਸਮਿਥ ਦਾ ਮਜ਼ਮੂਨ "ਜਯੋਤੀ ਦਾ ਸਿਧਾਂਤ ਇਸਲਾਮ ਵਿਚ" ਲਤੀ ਵਾਰ ਛਪਿਆ। ਕਬੀਰ ਜੀ ਨੇ ਪਹਿਲਾਂ ਹੀ ਗਾਇਆ ਸੀ, "ਏਕ ਨੂਰ ਤੇ ਸਭ ਜੱਗ ਉਪਜਿਆ" ਤੇ ਜਯੋਤ ਨਿਰੰਜਣ ਦਾ ਸਿਧਾਂਤ ਵੀ ਹਿੰਦੁਸਤਾਨ ਤੇ ਮੁਸਲਮਾਨ ਸੂਫੀਆਂ ਵਿਚ ਚਾਲੂ ਸੀ। ਦੁਨੀਆਂ ਦੇ ਸਾਰੇ ਦੁਖੀਆਂ ਦੀ ਠੀਕ ਅਗਵਾਈ ਰਾਬਿਆ ਨੇ ਕੀਤੀ ਹੈ ਤੇ ਮਿਸ ਸਮਿਥ ਨੇ ਰਾਬਿਆ ਦੇ ਚਰਨਾਂ ਤੀਕ ਸਾਨੂੰ ਪਹੁੰਚਾਇਆ ਹੈ। ਦੋਨਾਂ ਨੂੰ ਸੌ-ਸੌ ਵਾਰ ਨਮਸਕਾਰ। ਲੰਡਨ ਉਸ ਸਾਲ ਦਸੰਬਰ ਤੀਕ ਮੈਂ ਇੰਟਰਨੈਸ਼ਨਲ ਫੈਲੋਸ਼ਿਪ ਵਿਚ ਰਿਹਾ ਜੋ ਲੈਨਕੇਸਟਰ ਗੇਟ ਦੇ ਸਾਹਮਣੇ ਸੀ। ਕੇ. ਪੀ. ਐਸ. ਮੈਨਨ ਐਤਵਾਰ ਨੂੰ ਉਥੇ ਆਪਣੇ ਪੱਤਰ "ਇੰਡੀਆ ਲੀਗ" ਵਾਸਤੇ ਆਉਂਦਾ ਹੁੰਦਾ ਸੀ। ਬਿਸ਼ਪ ਐਂਡਰਿਊਜ਼ ਨੇ ਵੀ ਉਥੇ ਲੈਕਚਰ ਦਿੱਤਾ। ਕਲਕੱਤਾ ਦੇ ਇਕ ਬੈਰਿਸਟਰ ਦੀ ਲੜਕੀ ਜੋ ਸਨੇਕ ਡਾਂਸ ਕਰਦੀ ਹੁੰਦੀ ਸੀ, ਉਸ ਨੇ ਵੀ ਉਸ ਕਲੱਬ ਵਿਚ ਨਾਚ ਵਿਖਾਇਆ। ਮੈਂ ਉਹਨੂੰ ਵੀ ਜਾ ਮਿਲਿਆ ਸੀ। ਉਥੇ ਹੀ ਕਲੱਬ ਵਿਚ ਇਕ ਤੀਵੀਂ ਵਿਧਵਾ ਜਵਾਨ 'ਸਟੇਂਡ ਗਲਾਸ ਵਿੰਡੋਜ਼' ਉਤੇ ਤਸਵੀਰਾਂ ਖਿੱਚਣ ਵਾਲੀ ਰਹਿੰਦੀ ਸੀ। ਉਸਦੀ ਮਾਰਫਤ ਮੈਂ ਸੰਸਾਰ ਦੀ ਅਤਿਅੰਤ ਪ੍ਰਸਿੱਧ ਮਿਸਟਿਕ ਲੇਖਿਕਾ ਮਿਸ ਐਵਲਿਨ ਅੰਡਰਹਿੱਲ ਨੂੰ ਮਿਲਿਆ ਸੀ। ਉਸ ਵੇਲੇ ਗ਼ਾਲਬਨ ਉਹ 60 ਤੋਂ ਉਤੇ ਸੀ ਤੇ ਮੈਨੂੰ ਪੱਕਾ ਯਕੀਨ ਸੀ ਕਿ ਉਹ ਅਣਵਿਆਹੀ ਹੋਵੇਗੀ, ਇਨ੍ਹਾਂ ਵਾਂਗਰ। ਜਦੋਂ ਮੈਂ ਲਾਟ ਸਾਹਿਬ ਦੀ ਕੋਠੀ ਦੇ ਵੱਡੇ ਹਾਲ ਦੇ ਬਰਾਬਰ ਡਰਾਇੰਗ ਰੂਮ ਵਿਚ ਪੁੱਜਾ, ਸ਼ਾਮ ਦੇ 8 ਵੱਜ ਚੁੱਕੇ ਸਨ। ਕੀ ਵੇਖਨਾਂ ਕਿ ਚੁੱਲ੍ਹਾ ਭਖ ਰਿਹੈ। ਇਕ ਪਾਸੇ ਇਕ ਬੁੱਢਾ ਬੈਠਾ ਹੈ ਅਤੇ ਇਕ ਪਾਸੇ ਚਿੱਟੇ ਵਾਲਾਂ ਵਾਲੀ ਲੰਮੇ ਕੱਦ ਦੀ ਤੀਵੀਂ, ਅਤੇ ਦੋਹਾਂ ਦੇ ਵਿਚਕਾਰ ਸ਼ੇਰ ਵਰਗਾ, ਬਲਕਿ ਸ਼ੇਰ ਤੋਂ ਵੀ ਉੱਚਾ ਕੁੱਤਾ ਬੈਠਾ ਹੈ। ਉਨ੍ਹਾਂ ਪੁੱਛਿਆ, "ਕਦੋਂ ਆਇਆ ਹੈਂ। ਕਿੰਨਾ ਚਿਰ ਰਹੇਂਗਾ" ਫੇਰ ਨਾ ਉਨ੍ਹਾਂ ਕੋਈ ਗੱਲ ਕੀਤੀ, ਨਾ ਮੈਂ। ਕੋਈ ਸੁਆਲ ਅਹੁੜੇ ਹੀ ਨਾ। ਮੈਨੂੰ ਤਾਂ ਦਰਸ਼ਨ ਦੀ ਭੁੱਖ ਸੀ। ਬੱਸ 10 ਮਿੰਟ ਬਾਅਦ ਬਾਹਰ ਆ ਗਿਆ ਤੇ ਕਹੀ ਜਾਵਾਂ "ਕਮਾਲ ਐ, ਕਮਾਲ ਐ।" ਉਹ ਬੁੱਢਾ ਅੰਡਰਹਿੱਲ ਤੋਂ 15 ਵਰ੍ਹੇ ਤਾਂ ਵਡੇਰਾ ਜ਼ਰੂਰ ਹੋਣੈ ਤੇ ਅੰਡਰਹਿੱਲ ਨੇ ਉਹਨੂੰ "ਮੇਰਾ ਪਤੀ" ਕਹਿ ਕੇ ਜਣਵਾਇਆ ਸੀ। ਮਿਸ ਸਮਿਥ ਛੋਟੇ ਕੱਦ ਦੀ ਨਿਕਚੂ ਜਿਹੀ ਅਤੇ ਮਿਸ ਹਾਈਮਨ ਸੀ ਅਤਿਅੰਤ ਸੋਹਣੀ ਪਰ ਭਾਰੇ ਸਰੀਰ ਦੀ। ਉਹਦੀ ਉਮਰ ਵੀ 50 ਵਰ੍ਹੇ ਦੇ ਲਾਗੇ ਚਾਗੇ ਹੋਵੇਗੀ। ਮਿਸ ਸਮਿਥ ਦੀ ਉਮਰ 50-60 ਦੇ ਵਿਚਕਾਰ ਸੀ। ਇਨ੍ਹਾਂ ਤਿੰਨ ਬ੍ਰਹਮ ਗਿਆਨਣਾਂ ਦੇ ਮਿਲਣ ਨਾਲ ਮੇਰੀ ਭੁੱਖ ਤ੍ਰੇਹ ਹੋਰ ਵੱਧ ਗਈ ਤੇ ਮੈਂ ਸੋਚਣ ਲੱਗਾ ਕਿ ਕਿਸੇ ਤਰ੍ਹਾਂ ਰੋਮ ਵਿਚ ਜਿਹੜੀ ਤੀਵੀਂ ਜਾਲ ਵਰਗੀਆਂ ਮੋਢੀਆਂ ਦੇ ਗਦਾਵੇਂ ਵਾਲੀ ਮਿਲੀ ਸੀ, ਉਸ ਨਾਲ ਕੁਝ ਰਿਸ਼ਤਾ ਟੋਰਾਂ। ਮੈਂ ਚਿੱਠੀ ਲਿਖੀ ਕਿ ਮੈਂ ਗੁਰੂ ਗੋਰਖ ਨਾਥ ਤੇ ਯੋਗ ਬਾਰੇ ਕਿਤਾਬ ਲਿਖ ਰਿਹਾ ਹਾਂ। ਤੁਸੀਂ ਕਿਰਪਾ ਕਰਕੇ ਅਥਰਵ ਵੇਦ ਵਿਚੋਂ ਯੋਗ ਦੀ ਜੋ ਪ੍ਰੀਭਾਸ਼ਾ ਲੱਭੀ ਹੈ, ਉਹ ਲਿਖ ਭੇਜੋ। ਉਨ੍ਹਾਂ ਲਿਖਿਆ : "ਯੋਗ 1/4 ਮੈਨੀਫੈਸਟ (ਪ੍ਰਗਟ) ਤੇ 3/4 ਅਨਮੈਨੀਫੈਸਟ (ਗੁਪਤ) ਦਾ ਮੇਲ ਹੈ।" ਇਸ ਇਕ ਫਿਕਰੇ ਨੇ ਯੋਗ ਨੂੰ ਕਿਤੇ ਦਾ ਕਿਤੇ ਪੁਚਾ ਦਿੱਤਾ।

34 ਵਰ੍ਹੇ ਲੰਘ ਗਏ ਤੇ ਮੈਂ ਅਮਰੀਕਾ ਪੁੱਜਾ। ਉਥੇ ਕੀ ਵੇਖਦਾਂ ਕਿ ਹਾਰਵਰਡ

Sri Satguru Jagjit Singh Ji Elibrary NamdhariElibrary@gmail.com

ਵਿਚ ਮਿਸ ਸ਼ਿਮਨ ਇਸਲਾਮੀ ਖੋਜ ਸੰਸਥਾ ਦੀ ਡਾਇਰੈਕਟਰ ਲਗੀ ਹੋਈ ਹੈ। ਮੈਨੂੰ 1960 ਵਿਚ ਮਿਲੀ ਸੀ। ਉਦੋਂ ਹੀ ਮੈਨੂੰ ਮਿਸ ਹਾਈਮਨ ਦੇ ਤੀਜੀ ਵਾਰੀ ਦਰਸ਼ਨ ਹੋਏ। ਪਹਿਲੀ ਵਾਰੀ 1935 ਵਿਚ ਤੇ ਦੂਜੀ ਵਾਰੀ 1959 ਵਿਚ ਲੰਡਨ ਵਿਚ ਤੇ ਤੀਜੀ ਵਾਰੀ ਮਾਰਬੁਰਗ ਵਿਚ। ਉਥੇ ਇੰਟਰਨੈਸ਼ਨਲ ਐਸੋਸੀਏਸ਼ਨ ਫਾਰ ਦਾ ਹਿਸਟਰੀ "The concept of the history and God in Guru Gobind Singh" (ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਈਸ਼ਵਰ, ਕਾਲ ਅਤੇ ਕਾਲ-ਲੀਲ੍ਹਾ ਬਾਰੇ)। ਉਹ ਗੋਬਿੰਦ ਸਿੰਘ ਬਾਰੇ ਜੋ ਪੁਸਤਕ ਛਾਪੀ ਸੀ, ਉਸ ਵਿਚ ਸ਼ਾਮਿਲ ਕੀਤਾ। ਮਿਸ ਸ਼ਿਮਨ ਨੇ ਉਥੇ ਆਖਰਲੇ ਇਜਲਾਸ ਵਿਚ ਖੋਜ ਭਰਿਆ ਮਜ਼ਮੂਨ ਪੜ੍ਹਿਆ "The concept of time in Iqbal" ਹਜ਼ਾਰਾਂ ਸੁਣਨ ਵਾਲੇ ਦੇਸ਼ ਦੇਸ਼ ਤੋਂ ਦੰਗ ਰਹਿ ਗਏ। ਮਿਸ ਸ਼ਿਮਨ ਤਾਂ ਇਕਬਾਲ ਦੀ ਆਸ਼ਿਕ ਹੈ। ਉਸ ਨੇ ਇਕਬਾਲ ਦੇ ਫ਼ਾਰਸੀ ਦੀਵਾਨ ਦਾ ਜਰਮਨ ਕਵਿਤਾ ਵਿਚ ਸਫਲ ਤਰਜਮਾ ਕੀਤਾ ਹੈ। ਇਹ 20 ਮੁਸਲਮਾਨੀ ਜ਼ਬਾਨਾਂ ਜਾਣਦੀ ਹੈ। ਤੁਰਕੀ, ਫ਼ਾਰਸੀ, ਅਰਬੀ, ਉਰਦੂ, ਪੰਜਾਬੀ, ਸਿੰਧੀ ਵਗੈਰਾ ਵਗੈਰਾ। ਰੱਜ ਕੇ ਸੋਹਣੀ ਵੀ ਹੈ, ਮਿਲਣਸਾਰ, ਉੱਚੇ ਇਖਲਾਕ ਵਾਲੀ, ਸੌ ਫੀਸਦੀ ਭਾਵਨਾ ਨਾਲ ਸੇਵਾ ਕਰਨ ਵਾਲੀ। ਮੇਰੇ ਖਿਆਲ ਵਿਚ ਜਿਤਨਾ ਉਸ ਨੇ ਇਕਬਾਲ, ਮੌਲਾਨਾ ਰੂਮ, ਖਵਾਜ਼ਾ ਖਿਜ਼ਰ ਆਦਿ ਨੂੰ ਸਮਝਿਆ ਹੈ, ਕਿਸੇ ਹੋਰ ਨੇ ਨਹੀਂ ਸਮਝਿਆ।

ਮਿਸ ਮੇਰਿਲ ਫਾਕ ਨੇ ਜਿਸ ਨੂੰ ਮੈਂ ਪਹਿਲੀ ਵਾਰ ਰੋਮ, ਦੂਜੀ ਵਾਰ ਪਹਿਲਗਾਮ ਤੇ ਤੀਜੀ ਵਾਰ ਦਿੱਲੀ ਮਿਲਿਆ ਸੀ, ਜਿਥੇ ਉਸ ਨੇ ਓਰੀਐਂਟਲਲਿਸਟਸ ਕਾਂਗਰਸ ਵਿਚ ਸੰਸਾਰ ਦੀ ਆਯੂ ਬਾਰੇ ਇਕ ਮਜ਼ਮੂਨ ਪੜ੍ਹਿਆ ਸੀ। ਰਿਗਵੇਦ ਤੇ ਅਥਰਵੇਦ ਦਾ 8-9 ਜਿਲਦਾਂ ਵਿਚ ਇਟਾਲਿਅਨ ਜ਼ਬਾਨ ਵਿਚ ਤਰਜਮਾ ਕਰਕੇ ਇਟਲੀ ਦੀ ਸਰਕਾਰ ਨੂੰ ਦੇ ਦਿੱਤਾ ਹੋਇਆ ਸੀ, ਇਹ ਗੱਲ ਉਸ ਨੇ ਮੈਨੂੰ ਦਿੱਲੀ ਦੱਸੀ। ਆਪਣਾ ਮਜ਼ਮੂਨ ਪੜ੍ਹਨ ਤੋਂ ਬਾਅਦ ਉਸ ਨੇ ਏਸ ਚੋਜੁਗੀ ਦਾ ਆਦਿ ਅੱਜ ਤੋਂ 15 ਹਜ਼ਾਰ ਸਾਲ ਪਹਿਲਾਂ ਦੱਸਿਆ ਸੀ।

ਸਰੀਰਾਂ ਦਾ ਕੀ ਪਤਾ ਲਗਦੈ। ਹੁਣ ਇਕ ਹੋਰ ਉੱਚੀ ਆਤਮਾ ਵਾਲੀ ਖੋਜੀ ਇਸਤਰੀ ਦੀ, ਜੋ ਅਜੇ ਜਿਉਂਦੀ ਜਾਗਦੀ ਹੈ, ਗੱਲ ਸੁਣ ਲਓ। 1956 ਵਿਚ ਮੈਂ 'ਆਲ ਇਡੀਆ ਓਰੀਐਂਟਲ ਕਾਂਗਰਸ' (All India Oriental Congress) ਦੇ ਅਹਿਮਦਾਬਾਦ ਹੋਣ ਵਾਲੇ ਇਜਲਾਸ ਦਾ ਸਭਾਪਤੀ ਚੁਣਿਆ ਗਿਆ, ਮਜ਼ਹਬ ਤੇ ਫ਼ਿਲਾਸਫ਼ੀ ਸੈਕਸ਼ਨ ਦਾ। 100 ਸਫੇ ਦਾ ਵੱਡੇ ਆਕਾਰ ਦਾ ਸਦਾਰਤੀ ਲੈਕਚਰ ਛਪਵਾ ਕੇ ਨਾਲ ਲੈ ਗਿਆ ਮੁਫ਼ਤ ਵੰਡਣ ਲਈ। ਨਾਂ ਸੀ ਮਿਸਟੀਸਿਜ਼ਮ, ਫ਼ਿਲਾਸਫ਼ੀ ਐਂਡ ਰਿਲੀਜ਼ਨ" (Mysticism, Philosophy & Religion) ਉਥੇ ਮੈਨੂੰ ਸਕੱਤਰ ਮਿਲੀ ਮਿਸ ਐਸਥਰ ਸੋਲਮਨ। ਉਹ ਡਾਕਟਰੀ ਲਈ ਥੀਸਸ ਜੈਨ ਯੋਗ ਉੱਤੇ ਲਿਖ ਰਹੀ ਸੀ। ਚੋਖੇ ਚਿਰ ਮਗਰੋਂ ਮੈਂ ਅਹਿਮਦਾਬਾਦ ਫਿਰ ਗਿਆ ਤੇ ਉਸ ਨੂੰ ਲੱਭ ਕੇ ਮਿਲਿਆ। ਉਨੇ ਚਿਰ ਵਿਚ ਮੈਨੂੰ ਉਹ ਆਪਣੇ 2-3 ਹੋਰ ਲੇਖ ਭੇਜ ਚੁਕੀ ਸੀ। ਮੈਂ

Sri Satguru Jagjit Singh Ji Elibrary NamdhariElibrary@gmail.com

ਹੈਰਾਨ ਕਿ ਡਾ. ਸੋਲਮਨ ਅਣਵਿਆਹੀ ਈਸਾਈ ਮੱਤ ਦੀ, ਜੈਨ ਧਰਮ ਖਾਸ ਕਰਕੇ ਜੈਨ ਯੋਗ ਵਿਚ ਇਤਨੀ ਮਾਹਿਰ ਨਿਪੁੰਨ ਹੈ ਅਤੇ ਡੂੰਘੀਆਂ ਚੁੱਭੀਆਂ ਮਾਰ ਕੇ ਅਥਾਹ ਦੀ ਥਾਹ ਲਿਆਉਂਦੀ ਹੈ।

## ਪੰਜਾਬੀ ਦੇ ਉਸਰਈਏ*

ਮੇਰੇ ਪਿਤਾ (ਮੈਂ ਉਹਨਾਂ ਨੂੰ ਚਾਚਾ ਕਹਿੰਦਾ ਸੀ) ਦਾ ਪੜ੍ਹਨ ਦਾ ਜ਼ੌਕ ਤੇ ਸ਼ੌਕ ਬੜੇ ਚੋੜੇ ਘੇਰੇ ਵਾਲਾ ਸੀ। ਇਹ 1906-07 ਦੀ ਗੱਲ ਹੈ ਮੈਂ ਉਦੋਂ ਸੱਤ-ਅੱਠ ਵਰ੍ਹਿਆਂ ਦਾ ਸੀ ਤੇ ਜ਼ਿਲ੍ਹਾ ਰਾਵਲਪਿੰਡੀ ਤਹਿਸੀਲ ਗੁੱਜਰਖਾਨ, ਦੇਵੀ ਨਾਂ ਦੇ ਗਰਾਂ ਵਿਚ ਚਾਚਾ ਜੀ ਨਾਲ ਰਹਿੰਦਾ ਸੀ। ਉਹ ਮੁਦਰੱਸ ਵੀ ਸਨ, ਛੋਟੇ ਪੱਸਟ ਮਾਸਟਰ ਵੀ ਤੇ ਇਸ਼ਟਾਮਫਰੋਸ਼ ਵੀ। 1907 ਵਿਚ ਲਾਲਾ ਲਾਜਪਤ ਰਾਏ ਤੇ ਤਿਲਕ ਮਹਾਰਾਜ ਨਾਲ ਜੋ ਹੋਇਆ ਉਹ ਸਭ ਨੇ ਪਿੰਡ ਪਿੰਡ ਸੁਣ ਲਿਆ ਸੀ। "ਪਗੜੀ ਸੰਭਾਲ ਜੱਟਾ" ਵੀ ਗੂੰਜ ਰਿਹਾ ਸੀ। ਲਾਲਾ ਦੀਨਾ ਨਾਥ ਹਾਫਜ਼ਾਬਾਦੀ ਦੀ ਅਖਬਾਰ 'ਹਿੰਦੁਸਤਾਨ' ਜਿਸ ਦਾ ਚੰਦਾ ਰੁਪਈਆ ਡੇਢ ਰੁਪਈਆ ਸਾਲ ਦਾ ਸੀ, ਚਾਚਾ ਜੀ ਨੇ ਲਾਈ। ਪਿੰਡ 'ਚ ਦੋ ਤਿੰਨ ਸਿੱਖ ਤੇ ਦੋ ਰਾਜਪੂਤ, ਮੁਸਲਮਾਨ ਨੰਬਰਦਾਰ ਉਸ ਅਖਬਾਰ ਨੂੰ ਪੜ੍ਹਦੇ ਸਨ।

ਜਿਥੋਂ ਤੱਕ ਮੈਨੂੰ ਯਾਦ ਹੈ ਇਹਨਾਂ ਸਾਲਾਂ ਵਿਚ ਭਾਈ ਮੋਹਨ ਸਿੰਘ ਵੈਦ, ਤਰਨਤਾਰਨ ਵਾਲੇ ਨੇ ਆਪਣਾ ਮਾਹਵਾਰੀ 'ਦੁੱਖਨਿਵਾਰਨ' ਗੁਰਮੁਖੀ 'ਚ ਜਾਰੀ ਕੀਤਾ, ਉਹ ਵੀ ਆਉਣ ਲੱਗ ਪਿਆ। ਮੈਂ ਉਸ ਨੂੰ ਵੀ ਪੜ੍ਹਦਾ ਹੁੰਦਾ ਸੀ ਤੇ ਕੱਲੀਆਂ ਕੱਲੀਆਂ ਚੀਜ਼ਾਂ ਦੇ ਸੌ ਸੌ ਫਾਇਦੇ ਪੜ੍ਹ ਕੇ ਹੈਰਾਨ ਹੁੰਦਾ ਸੀ। ਵੀਹ-ਇੱਕੀ ਸਾਲ ਬਾਅਦ ਜਦੋਂ ਮੈਂ ਲਾਹੌਰ, 1928 ਵਿਚ ਓਰੀਐਂਟਲ ਕਾਲਜ ਵਿਚ ਆ ਗਿਆ ਤਾਂ ਤਰਨਤਾਰਨ ਜਾ ਕੇ ਭਾਈ ਸਾਹਿਬ ਦੇ ਦਰਸ਼ਨ ਕੀਤੇ। ਛੋਟਾ ਕੱਦ ਮਾਮੂਲੀ ਸਰੀਰ ਪਰ ਬੜੀ ਡੂੰਘ ਤੇ ਮੇਰੇ ਵਰਗੇ ਨੌਜਵਾਨ ਲਈ ਵੀ ਬੜਾ ਸਤਿਕਾਰ। ਇਉਂ ਲੱਗਦਾ ਸੀ ਕਿ ਇਹ ਤੇ ਧਨੰਤਰ ਵੈਦ ਨੇ। ਪਰ ਜਦੋਂ ਮੈਂ ਉਨ੍ਹਾਂ ਦੀਆਂ ਪੰਜਾਬੀ ਰਚਨਾਵਾਂ ਉਤੇ ਨਜ਼ਰ ਮਾਰੀ ਤਾਂ ਮੇਰੇ ਅਚੰਭੇ ਦੀ ਹੱਦ ਨਾ ਰਹੀ। ਇਨ੍ਹਾਂ ਪੰਜਾਬੀ ਪ੍ਰਚਾਰ ਦੁਆਰਾਂ ਤੇ ਇਨ੍ਹਾਂ ਦੇ ਵੱਡੇ ਭਰਾ ਸੰਤ ਸੰਪੂਰਨ ਸਿੰਘ ਨੇ ਜੋ ਸਾਧਾਂ ਦਾ ਜੀਵਨ, ਜੀਉਂਦੇ ਸਨ, ਅੰਗ੍ਰੇਜ਼ੀ ਵਿਚੋਂ ਤਰਜਮਿਆਂ ਦੁਆਰਾ ਭਾਈ ਵੀਰ ਸਿੰਘ ਜੀ ਤੋਂ ਵੀ ਵੱਧ ਕੰਮ ਕੀਤਾ ਹੈ। ਉਨ੍ਹਾਂ ਤਾਂ ਕੇਵਲ ਆਪਣੀ ਦਾਨਾਈ, ਆਪਣੇ ਗੁਰੂ ਪ੍ਰੇਮ ਤੇ ਆਪਣੀ ਸ਼ਾਇਰਾਨਾ ਲਹਿਰ ਨਾਲ ਪੰਜਾਬੀ ਰਾਹੀਂ ਸਿੱਖਾਂ ਨੂੰ ਸਿੱਖੀ ਦੇ ਪੁਰਾਨ ਦਿੱਤੇ ਹਨ। ਸਿੱਖੀ ਪ੍ਰਚਾਰ ਲਈ ਨਾਵਲ ਵੀ ਦਿੱਤੇ ਅਤੇ ਰਾਣਾ ਸੂਰਤ ਸਿੰਘ ਰਾਹੀਂ ਕਾਵਿ ਫੁਲਵਾੜੀ ਦੀ ਇਕ ਗੁੱਠ ਮੱਲ ਲਈ। ਪਰ ਭਾਈ ਮੋਹਨ ਸਿੰਘ ਹੋਰਾਂ ਦਾ ਖੇਤਰ ਰੰਗ ਪਰੰਗ ਸੀ। ਮੈਂ ਜਦੋਂ ਆਪਣੀ ਪੁਸਤਕ "A History of Punjabi Literature, Reactions between life and

---

*ਪੰਜਾਬੀ ਟ੍ਰਿਬਿਊਨ, 8.2.1981.

Sri Satguru Jagjit Singh Ji Elibrary NamdhariElibrary@gmail.com

letters" 1933 ਵਿਚ ਛਾਪੀ ਤੇ ਡੀ. ਲਿਟ. ਦੀ ਡਿਗਰੀ ਪਾਈ ਤਾਂ ਭਾਈ ਮੋਹਨ ਸਿੰਘ ਜੀ ਨੇ ਪੂਰੀ ਦਾਦ ਦਿੱਤੀ ਤੇ ਉਨ੍ਹਾਂ ਦੀਆਂ ਕਿਤਾਬਾਂ ਦੀ ਪੂਰੀ ਫਰਿਸਤ ਵੀ। ਉਨ੍ਹਾਂ ਉਤੇ ਕਿਸੇ ਨੇ ਇਕ ਭਰਵੀਂ ਕਿਤਾਬ ਲਿਖੀ ਸੀ ਸ਼ਾਇਦ ਉਨ੍ਹਾਂ ਦੇ ਕਾਲਵੱਸ ਹੋਣ ਪਿੱਛੋਂ। ਪਰ ਸੱਚੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨਾਲ ਇਨਸਾਫ ਨਹੀਂ ਹੋਇਆ। ਮੁੜ ਕੇ ਉਨ੍ਹਾਂ ਦੀਆਂ ਕਿਤਾਬਾਂ ਨਾ ਕਿਸੇ ਛਾਪੀਆਂ, ਨਾ ਛਪੀਆਂ। ਉਹ ਕਿਤਾਬਾਂ ਹੁਣ ਵੀ ਬੜੀ ਅਗਵਾਈ ਕਰ ਸਕਦੀਆਂ ਹਨ, ਸਾਹਿੱਤ ਤੇ ਭਾਸ਼ਾ ਦੋਹਾਂ ਖੇਤਰਾਂ ਵਿਚ।

1933 ਨਵੰਬਰ ਵਿਚ ਮੈਂ ਚਰਨ ਸਿੰਘ ਸ਼ਹੀਦ ਨੂੰ ਅੰਮ੍ਰਿਤਸਰ ਜਾ ਕੇ ਮਿਲਿਆ। ਚੋਖਾ ਕਸੋਹਣਾ ਆਦਮੀ ਸੀ ਪਰ ਦੰਦ ਮੋਤੀਆਂ ਦੇ ਦਾਣੇ, ਹੱਸਦੀ ਦੇ ਡਿੱਗ ਪੈਣਗੇ। ਭਾਰਾ ਸਰੀਰ ਪਰ ਜਿਸ ਵੇਲੇ ਖਾਹ-ਖਾਹ ਕਰਕੇ ਹੱਸਦਾ ਤੇ ਆਪਣੀਆਂ ਮਖੌਲਾਂ, ਠੱਠਿਆਂ ਤੇ ਚੋਭਾਂ, ਚੋਟਾਂ ਦੁਆਰਾ ਸਰੋਤਿਆਂ ਨੂੰ ਮਕਈ ਦੇ ਦਾਣਿਆਂ ਵਾਂਗ ਖਿੜਾਂਦਾ, ਐਉਂ ਲੱਗਦਾ ਸੀ ਕਿ ਉਤਲੇ ਲੋਕ ਦਾ ਆਦਮੀ ਦੁੱਖੀ ਤੇ ਚਿੰਤਾ ਫਿਕਰ ਵਿਚ ਗੜੂੰਦ ਜਾਂ ਆਕੜਖਾਨ ਇਨਸਾਨਾਂ ਨੂੰ ਖੁਸ਼ ਤੇ ਠੀਕ ਕਰਨ ਲਈ ਉਤਰਿਆ ਹੈ। ਅਫ਼ਸੋਸ ਕਿ ਜਲਦੀ ਹੀ ਵਾਪਸ ਆਪਣੇ ਲੋਕ ਵਿਚ ਚਲਾ ਗਿਆ। ਮੇਰੀ ਅੱਖ ਕੁਝ ਹੋਰ ਦੇਖਦੀ ਏ। ਮੈਂ ਪੁੱਛਿਆ ਕਿ ਹਜ਼ੂਰ ਤੁਸੀਂ ਰਾਜਿਆਂ ਮਹਾਰਾਜਿਆਂ ਨਾਲ ਰਹਿ ਕੇ ਸ਼ਰਾਬ ਕੌੜ ਤੋਂ ਕਿਸ ਤਰ੍ਹਾਂ ਬਚ ਗਏ। ਕਹਿਣ ਲੱਗੇ, ਮੇਰੀ ਦਰਿੜ੍ਹਤਾ ਤੇ ਮੇਰੇ ਸੁਥਰੇ ਦਾ ਹੱਠ ਮੈਨੂੰ ਬਚਾ ਗਏ। ਇਕ ਵਾਰੀ ਪਟਿਆਲੇ ਦੇ ਮਹਾਰਾਜੇ ਨੇ ਹੁਕਮ ਦਿੱਤਾ ਕਿ ਇਹਨੂੰ ਢਾਹ ਕੇ ਗੇੜ ਕੇ ਪਿਲਾਓ। ਮੈਂ ਉਦੋਂ ਵੀ ਬਚ ਗਿਆ। ਬੰਦਾ ਵਾਕਈ ਹੀ ਸੁਥਰਾ ਸੀ, ਸੱਚਮੁਚ ਮੌਜੀ ਸੀ। ਇਸ ਤਰ੍ਹਾਂ ਦੇ ਲੋਕ ਹੀ ਮੌਢੀ ਤੇ ਉਸਰਈਏ ਮੰਨੇ ਜਾਂਦੇ ਹਨ ਜਿਨ੍ਹਾਂ ਦਾ ਚਰਿੱਤਰ ਹੋਏ, ਜੋ ਦ੍ਰਿੜ੍ਹ ਹੋਣ, ਜਿਨ੍ਹਾਂ ਨੂੰ ਸਾਮਵਾਰੀ ਦੀ ਭੁੱਖ ਨਹੀਂ, ਪੈਸਾ ਬਟੋਰਨ ਦਾ ਤਪਦਿਕ ਨਹੀਂ। ਆਪਣੇ ਇਕਵਕਤੇ ਲਿਖਾਰੀਆਂ ਨਾਲ ਸਾੜ ਨਹੀਂ। ਜੋ ਸਾਹਿੱਤ ਦੀ ਪੌੜੀ ਨੂੰ ਮਰਤਬੇ ਵਾਸਤੇ ਨਹੀਂ ਵਰਤਦੇ। ਜੋ ਕਰਮਖੰਡ ਦੇ ਜੋਧਮਹਾਬਲ ਸੂਰ ਹਨ। ਅਸਲੀ ਬਾਦਸ਼ਾਹ ਤਾਂ ਸੁਥਰੇ ਦਾ ਨਾਨਕ ਸ਼ਾਹ ਹੈ; ਤੇ ਉਸ ਬਾਦਸ਼ਾਹ ਦਾ ਕੀ ਕਹਿਣਾ ਜਿਸ ਦੇ ਵਿਚ ਵਿਅੰਗ ਚੇਤਨਾ (Sense of humour) ਵੀ ਹੋਵੇ।

ਮੈਂ ਆਪਣੇ ਹੀਰ ਦਿਆਂ ਲੈਕਚਰਾਂ ਦਾ ਸਾਰ 'ਮੌਜੀ' 'ਚ ਛਪਵਾਇਆ ਸੀ। 'ਮੌਜੀ' ਦੇ ਪਹਿਲੇ ਮਾਸਿਕ ਐਡੀਟਰ ਦਾ ਜ਼ਿਕਰ ਆਇਆ ਤਾਂ ਬਖਸ਼ੀਸ਼ ਸਿੰਘ ਹੋਰਾਂ ਦਾ ਜ਼ਿਕਰ ਵੀ ਮੈਂ ਕਰ ਹੀ ਦਿਆਂ। ਜਦੋਂ ਮੈਂ ਖ਼ਾਲਸਾ ਐਡਵੋਕੇਟ ਅੰਮ੍ਰਿਤਸਰ ਦਾ ਐਡੀਟਰ ਸਾਂ ਤਾਂ ਬਖਸ਼ੀਸ਼ ਸਿੰਘ ਦੇ ਪਿਤਾ ਸ. ਮੋਹਨ ਸਿੰਘ "ਸਿੱਖ ਐਂਡ ਸਿੱਖਇਜ਼ਮ" ਅੰਗ੍ਰੇਜ਼ੀ ਦਾ ਹਫ਼ਤਾਵਾਰ ਅਖ਼ਬਾਰ ਕੱਢਦੇ ਸਨ। ਭਾਰਾ ਸਰੀਰ, ਗੋਰੇ ਚਿੱਟੇ ਬੜੇ ਭੱਦਰ ਪੁਰਸ਼ ਲੱਗਦੇ ਸਨ। ਮੈਨੂੰ ਤਾਂ ਉਨ੍ਹਾਂ ਤੋਂ ਡਰ ਲੱਗਦਾ ਸੀ। ਮੈਂ ਬਖਸ਼ੀਸ਼ ਸਿੰਘ ਨਾਲ ਲਾਹੌਰ ਰਿਹਾ। ਉਸ ਨੂੰ ਦਿੱਲੀ ਵੀ ਮਿਲਦਾ ਰਿਹਾ ਤੇ ਜਲੰਧਰ ਵੀ ਜਾ ਫੜਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਚਰਨ ਸਿੰਘ ਸ਼ਹੀਦ ਦੀ ਗੱਦੀ ਤੇ ਬਖਸ਼ੀਸ਼ ਸਿੰਘ ਮੌਜੀ ਬੜੀ ਸ਼ਾਨ ਨਾਲ, ਯੋਗਤਾ ਨਾਲ ਬੈਠਾ ਰਿਹਾ ਹੈ। ਮੈਂ ਜਿੰਨੀ ਕੁ ਦਾਦ ਦੇ ਸਕਦਾ ਸਾਂ, ਬਖਸ਼ੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਨੂੰ ਦਿੱਤੀ। ਇਹ ਵੀ ਆਪਣੀ ਧੁੰਨ ਦਾ ਪੱਕਾ ਬੇਪ੍ਰਵਾਹ, ਦੁਨੀਆਂ ਨੂੰ ਟਿੱਚ ਜਾਣਨ ਵਾਲਾ ਸੂਰਮਾ ਹੈ।

ਜਦੋਂ ਮੈਂ 1928 ਵਿਚ ਲਾਹੌਰ ਆਇਆ, ਧਨੀ ਰਾਮ ਚਾਤ੍ਰਿਕ ਲਾਹੌਰ ਹੀ ਰਹਿੰਦਾ ਸੀ, ਗਨਪਤ ਰੋਡ ਤੇ। ਮੈਂ ਉਹਦੇ ਦਫ਼ਤਰ ਵਿਚ ਉਹਨੂੰ ਜਾ ਕੇ ਮਿਲਿਆ। ਲਗਦਾ ਸੀ ਲਾਲਾ ਜਿਹਾ, ਗੰਭੀਰ ਹਿਸਾਬੀ ਕਿਤਾਬੀ ਸੀ ਪਰ ਦਿਲ ਦੀ ਕਿਸੇ ਗੁੱਠ ਵਿਚ ਦਰਿਆ ਵਗਦਾ ਸੀ। ਚਿਹਰੇ ਮੋਹਰੇ ਤੋਂ ਇਹ ਜਾਪਦਾ ਸੀ ਕਿ ਲਤੀਫ਼ਾਬਾਜ਼ ਹੈ, ਹੱਸਮੁਖ ਹੈ; ਪਰ ਇਹਦੇ ਵਿਚ ਦੁਨੀਆਂ ਦੀ ਸ਼ਰਾਬ ਦੀ ਨਾ ਤੇਜ਼ੀ ਹੈ ਨਾ ਤਲਖੀ। ਤਾਹੀਓਂ ਕਿਸੇ ਨੇ ਕਿਹਾ ਸੀ, "ਯਾ ਰੱਬ ਤੇਰੇ ਕੌਸਰ ਮੇਂ ਨਾ ਤੇਜ਼ੀ ਹੈ ਨਾ ਤਲਖੀ, ਗਰ ਹਮ ਕੋ ਪਿਲਾਨੀ ਹੈ ਤੋ ਦੁਨੀਆਂ ਸੇ ਮੰਗਾ ਦੋ।" ਬਾਹਰੋਂ ਦਾਹੜੀ ਕੱਟਿਆ ਪਰ ਸਿੱਖੀ ਦਾ ਪ੍ਰੇਮ ਤੇ ਸਿੱਖੀ ਦੀ ਸਮਝ ਵਾਹਵਾ। ਜੀਵਨ ਸ਼ੁਰੂ ਕੀਤਾ ਦੋ ਰੁਪਏ ਮਹੀਨੇ ਤੇ ਗੁਰਮੁਖੀ ਦਾ ਕਾਤਿਬ ਬਣ ਕੇ। ਲੱਖਾਂ ਕਮਾਏ ਤੇ ਕੰਮ ਕਾਜ ਵਿਚ ਕਾਫ਼ੀ ਖ਼ਾਨਦਾਨੀ ਸਿਆਣਪ ਦਾ ਤੇ ਪਲੈਨਿੰਗ ਦਾ ਸਬੂਤ ਦਿੱਤਾ। ਸੁੱਕਾ ਜਿਹਾ ਲਗਦਾ ਸੀ ਪਰ ਕ੍ਰਿਸ਼ਨ ਦਾ ਰਸੀਆ, ਰਾਧਾ ਦਾ ਰਸੀਆ ਤੇ ਮੇਲੇ ਵਿਚ ਜੱਟ ਦਾ ਵੰਗਾਰਦਾ ਸਾਥੀ। ਪੇਂਡੂ ਹੁੰਦਾ ਹੋਇਆ ਵੀ ਸ਼ਹਿਰ ਦੀ ਨਫ਼ਾਸਤ ਦਾ ਆੜੀ ਹਿੰਦੂ, ਸਿੱਖ ਕਲਚਰ ਦਾ ਇਕ ਬਹੁਤ ਹੀ ਵਧੀਆ ਨਮੂਨਾ। ਜਦੋਂ 48 ਸਤੰਬਰ ਵਿਚ ਮੈਨੂੰ ਸ਼ਿਮਲਿਉਂ ਹੇਠਾਂ ਡੇਗਿਆ ਗਿਆ ਅੰਮ੍ਰਿਤਸਰ ਵਿਚ ਤਾਂ ਮੈਂ ਸਿੱਧਾ ਚਾਤ੍ਰਿਕ ਦੇ ਘਰ ਪੁੱਜਾ। ਮੈਂ ਉਹਦੇ ਨਾਲ ਨਿਬਾਹ ਦਿੱਤੀ। 'ਚਾਤ੍ਰਿਕ ਅਭਿਨੰਦਨ ਗ੍ਰੰਥ' ਮੇਰਾ ਗਵਾਹ ਹੈ। ਮੇਰਾ ਕਿਰਾਏ ਦਾ ਮਕਾਨ ਵੀ ਇਹਨਾਂ ਦੀ ਕੋਠੀ ਦੇ ਸਾਹਮਣੇ ਵਾਲੀ ਬਾਹੀ ਵਿਚ ਸੀ। ਇਹਨਾਂ ਦੀ ਕੋਠੀ ਵਿਚ ਕਈ ਲੋਕ ਮਿਲੇ ਜਿਹਨਾਂ ਵਿਚੋਂ ਯਾਦਗਾਰੀ ਸਾਹਿਤੀਏ ਸਨ ਕਰਤਾਰ ਸਿੰਘ ਬਲੱਗਣ, ਵਿਧਾਤਾ ਸਿੰਘ ਤੀਰ ਤੇ ਚਾਤ੍ਰਿਕ ਸਾਹਿਬ ਦਾ ਗਵਾਂਢੀ ਐਸ. ਡੀ. ਓ. ਜੋ ਆਪਣੀ ਕਵਿਤਾ ਨੂੰ ਇਉਂ ਲੁਕਾਈ ਰੱਖਦਾ ਸੀ ਜਿਵੇਂ ਕੋਈ ਸਮਗਲ ਕੀਤਾ ਮਾਲ ਹੋਵੇ ਜਿਸਨੂੰ ਦਿਖਾਂਦਿਆਂ ਸ਼ਰਮ ਆਉਂਦੀ ਹੋਵੇ। ਕਵਿਤਾ ਤੇ ਜਵਾਨੀ ਵਾਲੀ ਸੀ ਪਰ ਉਸ ਨੂੰ ਜਵਾਨ ਨਾ ਕਰ ਸਕੀ। ਤੀਰ ਤੇ ਸ਼ਕੁੰਤਲਾ ਮਹਾਂਕਾਵਿ ਦੀ ਜਦੋਂ ਮੈਂ ਢਿੱਡ ਭਰ ਕੇ ਦਾਦ ਦਿੱਤੀ ਤਾਂ ਉਹ ਵੀ ਚਕਰਾ ਗਿਆ। ਹੈਂ, ਇਹ ਤੇ ਕਿਸੇ ਦੀ ਤਾਰੀਫ਼ ਕਰਦਾ ਹੀ ਨਹੀਂ, ਮੇਰੀ ਖੁਲ੍ਹੀ ਦਾੜ੍ਹੀ ਤੇ ਵੱਡੀ ਪੱਗ ਤੇ ਕਿਵੇਂ ਡੁੱਲ ਪਿਆ। ਬਲੱਗਣ ਦੇ ਰਸਾਲੇ 'ਕਵਿਤਾ' ਲਈ ਮੈਂ ਕਈ ਚੰਗੇ ਮਜ਼ਬੂਨ ਲਿਖੇ। ਦੋ ਯਾਦ ਨੇ, ਇਕ ਫ਼ਰੀਦ ਉੱਤੇ ਜੋ ਆਪਣੀ ਕਿਸਮ ਦਾ ਅਨੋਖਾ ਸੀ ਤੇ ਇਕ ਲੋਕ ਗੀਤਾਂ ਦੀ ਕੁੜੀ ਉੱਤੇ ਜਿਸ ਨੂੰ ਜੰਮਦਿਆਂ ਤੋਂ ਹੀ ਸੱਸ ਨਾਲ ਵੈਰ ਸਿਖਾਇਆ ਜਾਂਦਾ ਹੈ "ਹੋ ਮੇਰੀ ਸੱਸ ਦੀਆਂ ਅੱਖੀਆਂ ਆਈਆਂ, ਮੈਂ ਲੱਪ ਭਰ ਮਿਰਚਾਂ ਪਾਈਆਂ।"

'ਬਹਾਦਰ ਸਿੰਘਣੀਆਂ ਦੀ ਪੰਜਾਬੀ ਕਹਾਣੀ ਤੇ ਇਬਾਰਤ ਮੈਨੂੰ ਅਤਿਅੰਤ ਚੰਗੀ ਲੱਗੀ ਤੇ ਮੈਂ ਸੇਵਾ ਸਿੰਘ ਹੋਰਾਂ ਦੇ ਦਰਸ਼ਨ ਕਰਨ ਲਈ ਬੜੇ ਚਾਅ ਨਾਲ ਗਿਆ, ਪਰ ਖੁਸ਼ਕ ਜਿਹੇ-ਬੰਦੇ ਲੱਗੇ ਤੇ ਮੈਨੂੰ 20-25 ਵਰ੍ਹੇ ਪਹਿਲਾਂ ਦੇ 'ਪੰਜਾਬ ਦਰਪਣ' ਦੇ ਐਡੀਟਰ ਸਰਦਾਰ ਚੇਤੇ ਆ ਗਏ। ਕੈਸੇ ਸ਼ਾਨਦਾਰ ਲੋਕ ਸਨ। ਭਾਈ ਵੀਰ ਸਿੰਘ ਬਾਰੇ ਮੈਂ ਬੜਾ

Sri Satguru Jagjit Singh Ji Elibrary NamdhariElibrary@gmail.com

ਕੁਝ ਲਿਖ਼ ਚੁਕਿਆ ਹਾਂ। ਏਨੇ ਵਰ੍ਹਿਆਂ ਮਗਰੋਂ ਮੇਰੇ ਸਾਹਮਣੇ ਬਕਾਇਆ ਉਹ ਇਕ ਸਿਦਕੀ, ਗੁਰ ਸਿੱਖ ਦੀ ਹੈ ਜਿਸ ਨੂੰ ਆਪਣੇ ਗੁਰੂ ਨਾਲ ਇਸ਼ਕ ਸੀ ਤੇ ਆਪਣਾ ਇਸ਼ਕ ਇਕਲਿਆਂ ਹੀ ਕਮਾਂਦਾ ਸੀ, ਗੁਫਾ ਵਿਚ ਬੈਠ ਕੇ, ਉਸੇ ਗੁਫਾ ਵਿਚ ਚਿਤਾ ਬਣੀ। ਕੋਠੀ ਨਹੀਂ ਸੀ, ਗੁਫਾ ਸੀ ਤੇ ਮੈਂ ਵੱਡਿਆਂ ਰਾਣੀ ਖਾਂ ਦਿਆਂ ਸਾਲਿਆਂ ਨੂੰ ਉਹਨਾਂ ਦੇ ਪੈਰਾਂ ਤੇ ਮੱਥਾ ਟੇਕਦਾ ਵੇਖਿਆ। ਮੈਨੂੰ ਯਾਦ ਹੈ ਕਿ ਸਭ ਤੋਂ ਪਹਿਲਾਂ ਉਹਨਾਂ ਮੇਰੀ ਪੁਸਤਕ 'ਆਧੁਨਿਕ ਪੰਜਾਬੀ ਕਵਿਤਾ' ਵਾਸਤੇ ਆਪਣੀਆਂ ਕਵਿਤਾਵਾਂ ਸ਼ਾਮਲ ਕਰਣ ਦੀ ਇਜਾਜ਼ਤ ਦਿੱਤੀ ਤੇ ਫੇਰ ਮੇਰੀ ਉਰਦੂ ਹਰਫਾਂ ਵਿਚ ਪਹਿਲਾਂ ਛਪੀ ਪੁਸਤਕ "ਮਸਤੀ" ਜਿਹੜੀ ਮੇਰੀਆਂ 150-200 ਰੁਬਾਈਆਂ ਦਾ ਸੰਗ੍ਰਹਿ ਸੀ, ਲਈ ਮੁਖਬੰਧ ਦੀ ਅਸੀਸ ਦਿੱਤੀ ; ਉਹਨਾਂ ਦੀ ਸ਼ਖ਼ਸੀਅਤ ਵਿਚ ਮੈਂ ਜੋ ਵੇਖਿਆ ਉਹ ਮੈਨੂੰ ਉਹਨਾਂ ਦੀਆਂ ਕਿਰਤਾਂ ਵਿਚ ਵੀ ਘੱਟ ਦਿਸਿਆ ਹੈ। ਖੈਰ ਗੁਰਮੁਖ ਜਾਣੇ ਤੇ ਗੁਰੂ ਜਾਣੇ। ਉਤਲੇ ਸਾਰੇ ਹੀ ਇਕ ਤਰ੍ਹਾਂ ਦੇ ਪੱਤਰਕਾਰ ਸਨ। ਭਾਈ ਵੀਰ ਸਿੰਘ ਜੀ ਵੀ ਹਫਤਾਵਾਰੀ 'ਖਾਲਸਾ ਸਮਾਚਾਰ' ਤੇ ਮਾਹਵਾਰੀ 'ਨਿਰਗੁਣਿਆਰਾ' ਕੱਢਦੇ ਸਨ। ਮੈਂ ਇਥੇ ਸਰਦਾਰ ਅਮਰ ਸਿੰਘ ਜੋ ਪਹਿਲਾਂ 'ਲਾਇਲ ਗਜ਼ਟ' ਤੇ ਪਿਛੋਂ 'ਸ਼ੇਰੇ ਪੰਜਾਬ' ਦੇ ਐਡੀਟਰ ਸਨ, ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਉਹ ਲਾਲਾ ਦੀਨਾ ਨਾਥ ਜਿਹਨਾਂ ਪਿਛੋਂ ਰੋਜ਼ਾਨਾ 'ਦੇਸ਼' ਅਖ਼ਬਾਰ ਕੱਢੀ, ਦੀ ਪੀੜ੍ਹੀ ਦੇ ਸਨ। ਅੱਟਕ ਜ਼ਿਲ੍ਹੇ ਦੇ ਪਿੰਡੀ ਘੇਬ ਕਸਬੇ ਦੇ ਸਨ। ਮੇਰੇ ਪਿਤਾ ਜੀ ਪਿੰਡੀ ਘੇਬ ਤੇ ਹਜ਼ਰੋਂ ਵਿਚ ਮੁਦੱਰਸ ਰਹਿ ਚੁੱਕੇ ਸਨ। 1914 ਵਿਚ ਮੈਂ ਲਾਹੌਰ ਆਇਆ ਤੇ 19 ਤੱਕ ਰਿਹਾ, ਫੇਰ 28 ਤੋਂ 47 ਤੀਕ। ਅਮਰ ਸਿੰਘ ਹੋਰਾਂ ਨਾਲ ਤੇ 'ਸ਼ੇਰੇ ਪੰਜਾਬ' ਨਾਲ ਰਿਸ਼ਤਾ ਕਦੇ ਨਹੀਂ ਟੁਟਿਆ। ਲੰਬੇ ਭਰੇ ਜਵਾਨ ਖੂਬਸੂਰਤ ਪੱਕੇ ਸਿੱਖ, ਕੱਛ ਦੇ ਪੱਕੇ, ਜੋਸ਼ੀਲੇ, ਕਲਮ ਦੇ ਰਸਤੇ ਇੱਟ ਦਾ ਜਵਾਬ ਪੱਥਰ ਨਾਲ ਦੇਣ ਵਾਲੇ। ਵਿਚਾਰਿਆਂ ਦੀਆ ਅੱਖਾਂ ਦੀ ਬੀਨਾਈ ਘੱਟ ਹੋ ਗਈ ਤੇ ਮੇਰੇ ਵਾਂਗੂੰ ਮੁਥਾਜ ਹੋ ਗਏ। ਫੇਰ ਵੀ ਅਖੀਰ ਦਮ ਤੱਕ ਉਹਨਾਂ ਦਾ ਮੋਟਾ ਡ੍ਰਾਢਾ ਵਿਗੜਿਆਂ ਤਿਗੜਿਆਂ ਦੀ ਯਹੀ ਤਹੀ ਕਰਦਾ ਰਿਹਾ। ਮੈਨੂੰ ਅਜੇ ਵੀ ਉਹ ਖੂਬਸੂਰਤ ਜੋਧਾ ਯਾਦ ਹੈ ਜਿਸਨੇ ਆਪਣੀ ਜ਼ਿੰਦਗੀ ਆਪ ਬੜੇ ਆਲਾ ਪੈਮਾਨੇ ਨਾਲ ਉਚੀ ਸਤਹ ਤੇ ਜੀ ਕੇ ਦੱਸੀ ਤੇ ਮਿਸਾਲ ਕਾਇਮ ਕੀਤੀ। ਉਰਦੂ ਵਿਚ ਸ਼ੇਅਰ ਕਹਿੰਦੇ ਸਨ। ਫਾਰਸੀ ਵਿਚ ਤੇ ਪੰਜਾਬੀ ਵਿਚ ਸ਼ੇਅਰ ਕਹਿਣ ਤੋਂ ਤੇ ਗੁਰਦੁਆਰਿਆਂ ਵਿਚ ਲੈਕਚਰ ਦੇਣ ਤੋਂ ਵੱਡੀ ਗੱਲ ਉਹ ਸ਼ਾਇਰੀ ਜਿਉਂਦੇ ਸਨ ਤੇ ਸਿੱਖੀ ਕਮਾਂਦੇ ਸਨ।

ਪੰਜਾਬੀ ਉਸਤਾਦਾਂ ਦਾ ਜ਼ਿਕਰ ਮੰਗ ਕਰਦਾ ਹੈ ਕਿ ਘੱਟ ਤੋਂ ਘੱਟ 4-5 ਹੋਰ ਨਾਂ ਗਿਣਾਵਾਂ। ਜੋਸ਼ਵਾ ਫਜ਼ਲਦੀਨ, ਫਿਰੋਜ਼ਦੀਨ ਸ਼ਰਫ, ਉਸਤਾਦ ਹਮਦਮ, ਕੁਸ਼ਤਾ ਸਾਹਿਬ ਅੰਮ੍ਰਿਤਸਰੀ ਤੇ ਇਕ ਦੋਸਤ ਗੁੱਜਰਾਂਵਾਲੇ ਜਿਹਨਾਂ ਦਾ ਮੈਂ ਨਾਂ ਭੁਲਦਾ ਹਾਂ। ਪਰ ਸਭ ਤੋਂ ਵੱਧ ਕਰੇਡਿਟ ਅੱਲਾ ਵਾਲੇ ਦੀ ਦੁਕਾਨ ਦੇ ਮੁਹੰਮਦ ਸ਼ਾਹਦੀਨ ਜੀ ਨੂੰ ਜਿਹਨਾਂ ਨੇ ਉਰਦੂ ਅੱਖਰਾਂ ਵਿਚ ਫਾਰਸੀ ਦੇ ਮਹਾਨ ਤੋਂ ਮਹਾਨ ਸੂਫੀਆਂ ਦਾ ਕਲਾਮ ਪੰਜਾਬੀ ਕਵਿਤਾ ਵਿਚ ਉਲਥਾ ਕੇ ਛਾਪਿਆ ਤੇ ਕੋਡੀਆਂ ਦੇ ਭਾਅ ਵੇਚਿਆ। ਮੌਲਾਨਾ ਰੂਮ ਮਸਨਵੀ ਦਾ ਤਰਜਮਾ ਦੀਵਾਨ ਅਲੀ ਸ਼ਾਹ ਕਲੰਦਰ ਦਾ ਤਰਜਮਾ ਹਾਫਿਜ਼ ਦੇ ਦੀਵਾਨ ਦਾ ਤਰਜਮਾ ਤੇ ਹੋਰ

ਕਦੀ ਜਿਹਨਾਂ ਦਾ ਐਸ ਵੇਲੇ ਮੈਨੂੰ ਚੇਤਾ ਨਹੀਂ। ਮੈਂ ਉਹਨਾਂ ਦੀ ਦੁਕਾਨ ਤੇ ਅਕਸਰ ਜਾਂਦਾ ਹੁੰਦਾ ਸਾਂ ਤੇ ਉਹਨਾਂ ਦੇ ਸਿਦਕ, ਯਕੀਨ, ਹੌਸਲੇ, ਉਦਾਰਤਾ ਤੇ ਅਧਿਆਤਮ ਗਿਆਨ ਨੂੰ ਸਰੀਰ ਧਾਰਨ ਕੀਤੀ ਵੇਖ ਕੇ ਸਲਾਹੁੰਦਾ ਸਾਂ। ਨੂਰ ਦਾ ਮੀਂਹ ਵਸਾਣ ਵਾਲਿਆਂ ਵਿਚ ਇਹ ਗਰਮ ਸੀ। ਜੋਸ਼ਵਾ ਫਜ਼ਲਦੀਨ ਲਾਇਲਪੁਰ ਤੋਂ 'ਪੰਜਾਬੀ ਦਰਬਾਰ' ਮਾਹਵਾਰੀ ਰਸਾਲਾ ਕੱਢਦਾ ਸੀ। ਫੇਰ ਉਹ ਰਸਾਲਾ ਲਾਹੌਰ ਆ ਗਿਆ। ਇਕ ਦੋ ਨੰਬਰ ਉਹਦੇ ਮੈਂ ਐਡਿਟ ਕੀਤੇ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com